Chief Reporter
Punjab Vidhan Sabha
Chandigarh

Original with:
Punjab ...
Digitized by:
Panjab Digital Library

Original with;
Punjab Vidhan Sabha
Digitized by;
Panjab Digital Library

150

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*4th April, 1994*

**Vol. VII-No. 19**

**OFFICIAL REPORT**

Chief Reporter,
Punjab Vidhan Sabha
Chandigarh

**CONTENTS**

*Monday, the 4th April, 1994*


| | | Page |
|---|---|---|
| Starred Questions and Answers | .. | (19) 1 |
| Written Answers to Starred Questions laid on the Table of the House under Rule 38 | .. | (19)41 |


Punjab Vidhan Sabha Secretariat, Chandigarh.

Price : Rs. 175-0

Original with;
Punjab Vidhan Sabha
Digitized by;
Panjab Digital Library

Walk-out .. (19)47

**Legislative Business**

Bill (s) —

The Punjab Minerals (Vesting of Rights)————,1994 .. (19)48

The Punjab Cooperative Societies (Amendment)————, 1994 .. (19)55

The Punjab Land Revenue (Amendment)————, 1994 .. (19)60

The Punjab Commercial Crops Cess (Repeal)————,1994 .. (19)62

The Indian Stamp (Punjab Amendment)———,1994 .. (19)64

**Financial Business**

Discussion and Voting on Excess Demands over Grants and Appropriations for the years 1979-80 to 1986-87 .. (19)72

Appendix .. (i)

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Monday, the 4th April, 1994*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 P. M. Mr. Speaker (Shri Harnam Das Johar) in the Chair.*

---

## STARRED QUESTIONS AND ANSWERS

**ਤਹਿਸੀਲ ਗੜ੍ਹਸ਼ੰਕਰ ਵਿਚ ਰਾਸ਼ਨ/ਤੇਲ ਦੇ ਡਿਪੂਆਂ ਦੀ ਗਿਣਤੀ**

***1678. ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ :** ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦਸਣਗੇ ਕਿ--

(ੳ) ਇਸ ਸਮੇਂ ਤਹਿਸੀਲ ਗੜ੍ਹਸ਼ੰਕਰ ਵਿਚ ਚਲ ਰਹੇ ਰਾਸ਼ਨ/ਤੇਲ ਡਿਪੂਆਂ ਦਾ ਵੇਰਵਾ ਅਤੇ ਕੁੱਲ ਗਿਣਤੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਅਜਿਹੇ ਡਿਪੂਆਂ ਦੀ ਗਿਣਤੀ ਕਿੰਨੀ ਹੈ ਜੋ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਪਾਸ ਹਨ ਅਤੇ ਉਨ੍ਹਾਂ ਡਿਪੂਆਂ ਦੀ ਗਿਣਤੀ ਕਿੰਨੀ ਹੈ ਜੋ ਬੀਤ ਦੇ ਇਲਾਕੇ ਵਿਚ ਸਥਿਤ ਹਨ?

**ਸਰਦਾਰ ਲਾਲ ਸਿੰਘ :** (ੳ) ਤਹਿਸੀਲ ਗੜ੍ਹਸ਼ੰਕਰ ਵਿਚ ਕੁੱਲ 163 ਰਾਸ਼ਨ ਡੀਪੂ/ਮਿੱਟੀ ਦੇ ਤੇਲ ਦੇ ਪ੍ਰਚੂਨ ਲਸੰਸੀ ਹਨ। ਇਨ੍ਹਾਂ ਦਾ ਵੇਰਵਾ ਅਨੁੱਲਗ-ੳ ਵਿਚ ਦਿੱਤਾ ਗਿਆ ਹੈ, ਜਿਸ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) 16 ਰਾਸ਼ਨ ਡੀਪੂ ਅਨੁਸੂਚਿਤ ਜਾਤੀਆਂ ਦੇ ਵਿਅੱਕਤੀਆਂ ਪਾਸ ਹਨ, ਤਹਿਸੀਲ ਗੜ੍ਹਸ਼ੰਕਰ ਵਿਚ ਕੋਈ ਬੇਟ ਏਰੀਆ ਨਹੀਂ ਹੈ।

**ਅਨੁਲੱਗ-ੳ**

ਇਸ ਸਮੇਂ ਤਹਿਸੀਲ ਗੜ੍ਹਸ਼ੰਕਰ ਵਿਚ ਚਲ ਰਹੇ ਰਾਸ਼ਨ ਡਿਪੂ/ਮਿੱਟੀ ਦੇ ਤੇਲ ਦੇ ਪ੍ਰਚੂਨ ਲਸੰਸੀਆਂ ਦਾ ਵੇਰਵਾ

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈਜ਼ ਮੰਤਰੀ]

ਸ਼ਹਿਰੀ ਹਲਕਾ

| ਸਸਤੇ ਭਾਅ ਦੀਆਂ ਦੁਕਾਨਾਂ ਦੀ ਕੁੱਲ ਗਿਣਤੀ | ਮਿੱਟੀ ਦੇ ਤੇਲ ਦੇ ਪ੍ਰਚੂਨ ਲਸੰਸੀਆਂ ਦੀ ਕੁੱਲ ਗਿਣਤੀ | ਕੁੱਲ ਜੋੜ | ਇਨ੍ਹਾਂ ਵਿਚੋਂ ਅਨੁ-ਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਅਲਾਟ ਕੀਤੇ ਰਾਸ਼ਨ ਡੀਪੂਆਂ ਦੀ ਕੁੱਲ ਗਿਣਤੀ | ਇਨ੍ਹਾਂ ਵਿਚੋਂ ਅਨੁ-ਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਅਲਾਟ ਕੀਤੇ ਮਿੱਟੀ ਦੇ ਤੇਲ ਦੇ ਪ੍ਰਚੂਨ ਲਸੰਸੀਆਂ ਦੀ ਕੁੱਲ ਗਿਣਤੀ |
|---|---|---|---|---|
| 4 | 1 | 5 | 1 | ਕੋਈ ਨਹੀਂ |

ਪੇਂਡੂ ਹਲਕਾ

| ਸਸਤੇ ਭਾਅ ਦੀਆਂ ਦਕਾਨਾਂ ਦੀ ਕੁੱਲ | ਮਿੱਟੀ ਦੇ ਤੇਲ ਦੇ ਪ੍ਰਚੂਨ ਲਸੰਸੀਆਂ ਦੀ ਕੁੱਲ ਗਿਣਤੀ | ਕੁੱਲ ਜੋੜ | ਇਨ੍ਹਾਂ ਵਿਚੋਂ ਅਨੁ-ਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਅਲਾਟ ਕੀਤੇ ਰਾਸ਼ਨ ਡੀਪੂਆਂ ਦੀ ਕੁੱਲ ਗਿਣਤੀ | ਇਨ੍ਹਾਂ ਵਿਚੋਂ ਅਨੁ-ਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਅਲਾਟ ਕੀਤੇ ਮਿੱਟੀ ਦੇ ਤੇਲ ਦੇ ਡੀਪੂਆਂ ਦੀ ਕੁੱਲ ਗਿਣਤੀ |
|---|---|---|---|---|
| 137 | 21 | 158 | 15 | ਕੋਈ ਨਹੀਂ |

ਰਾਸ਼ਨ ਡੀਪੂ/ਮਿਟੀ ਦੇ ਤੇਲ ਦੇ ਪ੍ਰਚੂਨ ਲਸੰਸੀਆਂ ਦੀ ਕੁੱਲ ਗਿਣਤੀ 163 ਹੈ।

**ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ :** ਸਪੀਕਰ ਸਾਹਿਬ, ਜਵਾਬ ਵਿਚ ਦੱਸਿਆ ਗਿਆ ਹੈ ਕਿ ਤਹਿਸੀਲ ਗੜ੍ਹਸ਼ੰਕਰ ਵਿਚ 163 ਰਾਸ਼ਨ ਡਿਪੂ ਅਲਾਟ ਕੀਤੇ ਗਏ ਹਨ ਜਿਨ੍ਹਾਂ ਵਿਚੋਂ 16 ਰਾਸ਼ਨ ਡਿਪੂ ਅਨੁਸੂਚਿਤ ਜਾਤੀਆਂ ਦੇ ਸਬੰਧਤ ਲੋਕਾਂ ਨੂੰ ਅਲਾਟ ਕੀਤੇ ਗਏ ਹਨ ਔਰ ਬੇਟ ਏਰੀਆ ਬਾਰੇ ਦਸਿਆ ਗਿਆ ਹੈ ਕਿ ਤਹਿਸੀਲ ਗੜ੍ਹਸ਼ੰਕਰ ਵਿਚ ਕੋਈ ਬੇਟ ਏਰੀਆ ਨਹੀਂ ਹੈ ਪਰ ਇਥੇ ਬੇਟ ਏਰੀਆ ਦੇ 25 ਪਿੰਡ ਹਨ ਜਿਥੇ ਕੋਈ ਵੀ ਰਾਸ਼ਨ ਡਿਪੂ ਨਹੀਂ ਦਿੱਤਾ ਗਿਆ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਡਿਪੂ ਅਲਾਟ ਕਰਨ ਬਾਰੇ ਸਰਕਾਰ ਦਾ ਕੀ ਕਰਾਈਟੇਰੀਆ ਹੈ ਔਰ ਇਸ ਦੇ ਵਿਚ ਅਨੁਸੂਚਿਤ ਜਾਤੀ ਦੇ ਸਮਾਜ ਨੂੰ ਰਾਸ਼ਨ ਡਿਪੂ ਦੇਣ ਦੇ ਮਾਮਲੇ ਵਿਚ ਇਗਨੋਰ ਕਿਉਂ ਕੀਤਾ ਗਿਆ ਹੈ ਤਾਂ ਕਿ ਇਨ੍ਹਾਂ ਨੂੰ ਸਮਾਜ ਤੋਂ ਦੂਰ ਰੱਖਿਆ ਜਾ ਸਕੇ ?

**ਸ੍ਰੀ ਸਪੀਕਰ :** ਤੁਸੀਂ ਇਕ ਟਾਈਮ ਦੇ ਵਿਚ ਇਕ ਸਵਾਲ ਕਰ ਸਕਦੇ ਹੋ। ਇਕ ਤੁਸੀਂ ਕਰਾਈਟੇਰੀਆ ਬਾਰੇ ਪੁੱਛ ਲਿਆ ਹੈ ਔਰ ਦੂਸਰਾ ਪੁੱਛਿਆ ਹੈ ਕਿ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਇਗਨੋਰ ਕਿਉਂ ਕੀਤਾ ਗਿਆ ਹੈ। ਇਸ ਕਰਕੇ ਤੁਸੀਂ ਇਕ ਸਪਲੀਮੈਂਟਰੀ ਪੁੱਛੋ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਨੁਸੂਚਿਤ ਜਾਤੀਆਂ ਦੇ ਸਮਾਜ ਨੂੰ ਇਨ੍ਹਾਂ ਨੇ ਕਿਸ ਆਧਾਰ ਤੇ ਇਗਨੋਰ ਕੀਤਾ ਹੈ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਤਹਿਸੀਲ ਗੜ੍ਹਸ਼ੰਕਰ ਬਾਰੇ ਪੁੱਛਿਆ ਸੀ, ਇਸ ਬਾਰੇ ਮੈਂ ਜਵਾਬ ਦੇ ਦਿੱਤਾ ਹੈ। 163 ਰਾਸ਼ਨ ਡਿਪੂ ਤਹਿਸੀਲ ਗੜ੍ਹਸ਼ੰਕਰ ਵਿਚ ਅਲਾਟ ਕੀਤੇ ਗਏ ਜਿਸ ਵਿਚੋਂ 158 ਡਿਪੂ ਪੇਂਡੂ ਇਲਾਕੇ ਵਿਚ ਹਨ ਅਤੇ 5 ਡਿਪੂ ਸ਼ਹਿਰੀ ਇਲਾਕੇ ਵਿਚ ਹਨ। ਇਸ ਤੋਂ ਇਲਾਵਾ 163 ਡਿਪੂਆਂ ਦੇ ਵਿਚੋਂ 59 ਡਿਪੂ ਕੋਆਪਰੇਟਿਵ ਸੋਸਾਇਟੀਆਂ ਨੂੰ ਅਲਾਟ ਕੀਤੇ ਹੋਏ ਹਨ ਅਤੇ 2 ਡਿਪੂ ਪਨਸਪ ਨੂੰ ਅਲਾਟ ਕੀਤੇ ਹੋਏ ਹਨ ਜਿਸ ਉਤੇ ਕੋਈ ਰਿਜ਼ਰਵੇਸ਼ਨ ਲਾਗੂ ਨਹੀਂ ਹੁੰਦੀ ਕਿਉਂਕਿ ਇਹ ਕਿਸੇ ਇਨਡਵੀਜੂਅਲ ਨੂੰ ਨਹੀਂ ਦਿੱਤੇ ਗਏ। ਬਾਕੀ ਰਹਿੰਦੇ 102 ਡਿਪੂਆਂ ਵਿਚੋਂ ਰਿਜ਼ਰਵੇਸ਼ਨ ਦੇ ਮੁਤਾਬਿਕ ਇਨ੍ਹਾਂ ਨੂੰ 13 ਡਿਪੂ ਦੇਣੇ ਬਣਦੇ ਹਨ ਪਰ ਅਸੀਂ ਇਨ੍ਹਾਂ ਨੂੰ 16 ਡਿਪੂ ਅਲਾਟ ਕੀਤੇ ਹੋਏ ਹਨ। ਡਿਸਕਰੀਮੀਨੇਸ਼ਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ : ਸਪੀਕਰ ਸਾਹਿਬ, ਕੀ ਇਨ੍ਹਾਂ ਦੀ ਆਰਥਿਕ ਪੱਧਰ ਨੂੰ ਮੁੱਖ ਰਖਦੇ ਹੋਏ ਇਨ੍ਹਾਂ ਨੂੰ ਹੋਰ ਜ਼ਿਆਦਾ ਡਿਪੂ ਦੇ ਕੇ ਓਬਲਾਈਜ਼ ਕੀਤਾ ਜਾਵੇਗਾ ?

**ਸ੍ਰੀ ਸਪੀਕਰ :** ਬੜਾ ਕਲੀਅਰ ਜਵਾਬ ਦੇ ਦਿੱਤਾ ਹੈ, 13 ਬਣਦੇ ਸਨ ਜਦ ਕਿ ਉਨ੍ਹਾਂ ਨੇ 16 ਦੇ ਦਿੱਤੇ ਹਨ।

---

**ਐਲ.ਪੀ.ਜੀ. ਸਲੰਡਰਾਂ ਲਈ ਬੋਟਲਿੰਗ ਪਲਾਂਟ ਲਗਾਉਣਾ**

*1928 **ਸ੍ਰੀ ਮਦਨ ਮੋਹਨ ਮਿੱਤਲ :** ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਵਿਚ ਐਲ.ਪੀ.ਜੀ. ਗੈਸ ਲਈ ਕੋਈ ਬੋਟਲਿੰਗ ਪਲਾਂਟ ਲਗਾਏ ਗਏ ਹਨ ; ਜੇਕਰ ਅਜਿਹਾ ਹੋਵੇ, ਤਾਂ ਇਹ ਕਿਥੇ-ਕਿਥੇ ਹਨ ਅਤੇ ਇਹ ਪਲਾਂਟ ਕਿਨ੍ਹਾਂ ਕੰਪਨੀਆਂ ਨੇ ਲਗਾਏ ਹਨ ;

(ਅ) ਕੀ ਉਕਤ ਕੰਪਨੀਆਂ ਵਿੱਚੋਂ ਕਿਸੇ ਕੰਪਨੀ/ਕੰਪਨੀਆਂ ਲਈ ਪੈਸਾ ਪੰਜਾਬ ਵਿੱਤ ਕਾਰਪੋਰੇਸ਼ਨ ਨੇ ਲਗਾਇਆ ਹੈ। ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ;

(ੲ) ਕੀ ਉਕਤ ਕੰਪਨੀਆਂ ਵਿਚੋਂ ਕਿਸੇ ਕੰਪਨੀ ਨੇ ਗੈਸ ਭਰਨ ਦਾ ਕੰਮ ਸ਼ੁਰੂ ਕਰ ਦਿਤਾ ਹੈ ਅਤੇ ਇਸ ਦੀ ਸਪਲਾਈ ਸ਼ੁਰੂ ਕਰ ਦਿੱਤੀ ਹੈ ; ਜੇਕਰ ਅਜਿਹਾ ਹੋਵੇ ਤਾਂ ਪ੍ਰਤੀ ਮਹੀਨਾ ਕਿੰਨੀ ਸਪਲਾਈ ਕੀਤੀ ਜਾਂਦੀ ਹੈ ਅਤੇ ਮਾਰਕਿਟ ਵਿਚ ਵਿਕਰੀ ਲਈ ਪ੍ਰਤੀ ਸਲੰਡਰ ਕੀ ਦਰ ਨਿਸ਼ਚਿਤ ਕੀਤਾ ਗਿਆ ਹੈ ?

**ਸਰਦਾਰ ਲਾਲ ਸਿੰਘ :** ਲੋੜੀਂਦੀ ਸੂਚਨਾ ਸਦਨ ਦੀ ਟੇਬਲ ਤੇ ਰੱਖੀ ਜਾਂਦੀ ਹੈ ਜੀ

Original with;
Punjab Vidhan Sabha
Digitized by;
Panjab Digital Library

ੳ(i) ਪੰਜਾਬ ਰਾਜ ਵਿਚ ਸਰਕਾਰੀ ਤੇਲ ਕੰਪਨੀਆਂ ਦੇ ਬਾਟਲਿੰਗ ਪਲਾਂਟਾਂ ਸਬੰਧੀ ਸੂਚਨਾ

| ਲੜੀ ਨੰ: | ਕੰਪਨੀ ਦਾ ਨਾਂ | ਬਾਟਲਿੰਗ ਪਲਾਂਟ ਦੀ ਥਾਂ/ਜ਼ਿਲ੍ਹਾ | ਸਮਰਥਾ ਪ੍ਰਤੀ ਮਹੀਨਾ | ਸਲੰਡਰ ਦਾ ਔਸਤਨ ਭਾਅ | ਵਿੱਤੀ ਕਾਰਪੋਰੇਸ਼ਨ ਤੋਂ ਲਈ ਸਹਾਇਤਾ |
|---|---|---|---|---|---|
| 1 | 2 | 3 | 4 | 5 | |
| 1. | ਭਾਰਤੀ ਤੇਲ ਨਿਗਮ | ਜਲੰਧਰ | 4,50,000 ਸਲੰਡਰ | ਰੁ: 100 ਪ੍ਰਤੀ ਸਲੰਡਰ | ਨਿੱਲ |
| 2. | ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ | ਪਿੰਡ ਦਾਹਾ (ਨਸਰਾਲਾ) ਹੁਸ਼ਿਆਰਪੁਰ | 67,500 " | ਰੁ: 100 ਪ੍ਰਤੀ ਸਲੰਡਰ | ਨਿੱਲ |
| 3. | ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ | ਪਿੰਡ ਗਿੱਲ, ਲੁਧਿਆਣਾ | 48,000 " | ਰੁ: 100 ਪ੍ਰਤੀ ਸਲੰਡਰ | ਨਿੱਲ |
| 4. | ਭਾਰਤ ਪੈਟਰੋਲੀਅਮ ਕਾਰਪੋਰੇਸ਼ਨ | ਪਿੰਡ ਲਾਲੜੂ, ਪਟਿਆਲਾ | 3,00,000 " | ਰੁ: 100 ਪ੍ਰਤੀ ਸਲੰਡਰ | ਨਿੱਲ |
| | | ਜੋੜ | 8,65,500 " | | |

ੳ (ii) ਪ੍ਰਾਈਵੇਟ ਕੰਪਨੀਆਂ ਦੇ ਬਾਟਲਿੰਗ ਪਲਾਂਟ

| | | | | | |
|---|---|---|---|---|---|
| 1. | ਇੰਡੇਜਨ | ਮੈਸ: ਜਨਤਾ ਗੈਸ ਪ੍ਰਾ: ਲਿਮਟਿਡ, ਪਿੰਡ ਖੁਰਾਣਾ, ਸੰਗਰੂਰ | ਬਿਲਡਿੰਗ ਦੀ ਉਸਾਰੀ ਕੀਤੀ ਜਾ ਰਹੀ ਹੈ। | | ਨਿੱਲ |
| 2. | ਗੋਲਫ | ਮੈਸ: ਸਾਹਿਬ ਪੈਟਰੋਲੀਅਮ ਪ੍ਰੋਡ. ਐਂਡ ਬਾਟਲਿੰਗ ਪਲਾਂਟ ਪ੍ਰਾਈਵੇਟ ਲਿਮਟਿਡ, ਪਿੰਡ ਖੇੜੀ, ਸੰਗਰੂਰ | ਮਸ਼ੀਨਰੀ ਦੀ ਫਿਟਿੰਗ ਕਰ ਲਈ ਹੈ। ਸਲੰਡਰਾਂ ਦੀ ਭਰਾਈ ਦਾ ਕੰਮ ਅਜੇ ਸ਼ੁਰੂ ਨਹੀਂ ਹੋਇਆ। | | ਨਿੱਲ |
| 3. | ਏਸ਼ੀਅਨ | ਮੈਸ : ਹੇਮਕੁੰਡ ਗੈਸ ਪ੍ਰਾਈਵੇਟ ਲਿਮਟਿਡ, ਪਿੰਡ ਬਹਿਮਨ ਦਿਵਾਨਾ, ਬਠਿੰਡਾ | 27,000 | 140 ਰੁਪਏ ਪ੍ਰਤੀ ਸਲੰਡਰ | ਨਿੱਲ |

Original with; Punjab Vidhan Sabha Digitized by; Panjab Digital Library

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਪੰਜਾਬ ਵਿਚ ਬਹੁਤ ਸਾਰੀ ਐਲ.ਪੀ.ਜੀ. ਗੈਸ ਬਣਾਉਣ ਵਾਸਤੇ ਪਲਾਂਟ ਲਗਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ ਅਤੇ ਜਵਾਬ ਵਿਚ ਕੁੱਝ ਸੈਮੀ ਗੌਰਮਿੰਟ ਅਤੇ 3 ਪ੍ਰਾਈਵੇਟ ਕੰਪਨੀਜ਼ ਦੀ ਜਾਣਕਾਰੀ ਹਾਊਸ ਵਿਚ ਦਿੱਤੀ ਹੈ ਜਿਸ ਵਿਚ ਦੱਸਿਆ ਗਿਆ ਹੈ ਮੈਸ. ਹੇਮਕੁੰਡ ਗੈਸ ਪ੍ਰਾਈਵੇਟ ਲਿਮਟਿਡ, ਪਿੰਡ ਬਹਿਮਨ ਦਿਵਾਨਾ, ਬਠਿੰਡਾ ਦੀ ਇਕ ਕੰਪਨੀ 'ਏਸ਼ੀਅਨ' 27000 ਗੈਸ ਸਲੰਡਰਾਂ ਦੀ ਪ੍ਰਤੀ ਮਹੀਨੇ ਭਰਾਈ ਕਰੇਗੀ ਅਤੇ ਇਸ ਦਾ ਰੇਟ 140/- ਰੁਪਏ ਪ੍ਰਤੀ ਸਲੰਡਰ ਹੋਵੇਗਾ ਜਦ ਕਿ ਸੈਮੀ ਗੌਰਮਿੰਟ ਕੰਪਨੀਆਂ ਦੇ ਸਲੰਡਰਾਂ ਦਾ ਰੇਟ 100/- ਰੁਪਿਆ ਪ੍ਰਤੀ ਸਲੰਡਰ ਹੈ। ਰੇਟ ਵਿਚ ਇਤਨਾ ਫਰਕ ਕਿਉਂ ਹੈ ਜਦ ਕਿ ਅਸੈਂਸ਼ੀਅਲ ਕਾਮੋਡੀਟੀਜ਼ ਐਕਟ ਇਨ੍ਹਾਂ ਸਾਰਿਆਂ ਤੇ ਲਾਗੂ ਹੁੰਦਾ ਹੈ। ਇਨ੍ਹਾਂ ਦਾ ਰੇਟ ਇਕੋ ਜਿਹਾ ਹੋਣਾ ਚਾਹੀਦਾ ਹੈ। ਕੀ ਇਹ ਇਸ ਗੱਲ ਦਾ ਭਰੋਸਾ ਇਸ ਹਾਊਸ ਵਿਚ ਦੇਣਗੇ ਕਿ ਰੇਟ ਇਕੋ ਜਿਹਾ ਹੀ ਹੋਵੇਗਾ ?

**ਮੰਤਰੀ :** ਸਪੀਕਰ ਸਹਿਬ, ਗੈਸ ਏਜੰਸੀ ਦਾ ਸਾਡੇ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ। ਇਹ ਗੌਰਮਿੰਟ ਆਫ ਇੰਡੀਆ ਨਾਲ ਰੀਲੇਟ ਕਰਦੀ ਹੈ। ਇਸ ਦੇ ਲੈਣ ਲਈ ਕਿਸੇ ਲਾਇਸੈਂਸ ਦੀ ਲੋੜ ਨਹੀਂ ਹੈ ਅਤੇ ਇਸ ਉਤੇ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ। ਇਹ ਇਕ ਗੌਰਮਿੰਟ ਦੇ ਪੈਰਲਲ ਸਿਸਟਮ ਹੈ ਜੋ ਗੈਸ ਦੀ ਘਾਟ ਨੂੰ ਪੂਰਾ ਕਰੇਗਾ। ਜਿਹੜੇ ਲੋਕ ਵੱਧ ਪੈਸੇ ਖਰਚ ਕਰ ਸਕਦੇ ਹਨ, ਉਹ ਇਹ ਗੈਸ ਖਰੀਦ ਸਕਦੇ ਹਨ, ਕਿਸੇ ਉਤੇ ਜ਼ਬਰਦਸਤੀ ਨਹੀਂ ਹੈ। ਗੌਰਮਿੰਟ ਏਜੰਸੀ ਦਾ ਰੇਟ 100/- ਰੁਪਏ ਹੈ ਲੋਕ ਉਥੋਂ ਲੈ ਸਕਦੇ ਹਨ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਦੂਜੀ ਗੱਲ ਇਹ ਹੈ ਕਿ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਪ੍ਰਾਈਵੇਟ ਤਿੰਨ ਕੰਪਨੀਆਂ ਹਨ ਪਰ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਤੋਂ ਇਲਾਵਾ ਹੋਰ ਕੰਪਨੀਆਂ ਵੀ ਫਲੋਟ ਕੀਤੀਆਂ ਗਈਆਂ ਹਨ। ਇਹ ਕੰਪਨੀਆਂ ਸਿਰਫ ਫਲੋਟ ਹੀ ਨਹੀਂ ਕੀਤੀਆਂ ਗਈਆਂ ਸਗੋਂ ਇਨ੍ਹਾਂ ਨੇ ਅੱਗੇ ਗੈਸ ਏਜੰਸੀਆਂ ਵੀ ਦਿੱਤੀਆਂ ਹਨ। ਏਜੰਸੀਆਂ ਤੋਂ ਪ੍ਰੀਮੀਅਮ ਦੀ ਸ਼ਕਲ ਵਿਚ ਜਾਂ ਅਰਨੈਸਟਮਨੀ ਦੀ ਸ਼ਕਲ ਵਿਚ ਇਨ੍ਹਾਂ ਕੰਪਨੀਆਂ ਨੇ ਪੈਸੇ ਇਕੱਠੇ ਕਰ ਲਏ ਹਨ। ਕੀ ਪੰਜਾਬ ਸਰਕਾਰ ਚੈੱਕ ਕਰੇਗੀ ਕਿ ਜਿਨ੍ਹਾਂ ਕੰਪਨੀਆਂ ਵਲੋਂ ਇਹ ਪੈਸਾ ਇਕੱਠਾ ਕੀਤਾ ਗਿਆ ਹੈ, ਇਨ ਦਾ ਨੀਯਰ ਫੀਊਚਰ ਉਹ ਏਜੰਸੀਆਂ/ਕੰਪਨੀਆਂ ਗੈਸ ਸਪਲਾਈ ਕਰਨਗੀਆਂ। ਇਸ ਤੋਂ ਇਲਾਵਾ ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਇਹ ਕੰਪਨੀਆਂ ਜੈਨੂਅਨ ਹਨ, ਬੋਨਾਫਾਈਡ ਕੰਪਨੀਆਂ ਹਨ ਅਤੇ ਕਿਤੇ ਇਹ ਪੈਸਾ ਬਟੋਰ ਕੇ ਦੌੜ ਤਾਂ ਨਹੀਂ ਜਾਣਗੀਆਂ ? ਕੀ ਸਰਕਾਰ ਇਨ੍ਹਾਂ ਕੰਪਨੀਆਂ ਤੇ ਚੈੱਕ ਰਖੇਗੀ ?

**ਸ੍ਰੀ ਸਪੀਕਰ :** ਮਿੱਤਲ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦੇ ਦਿੱਤਾ ਹੈ ਕਿ ਪ੍ਰਾਈਵੇਟ ਏਜੰਸੀਆਂ ਤੇ ਕੰਟਰੋਲ ਸਾਡਾ ਨਹੀਂ ਹੈ ਅਤੇ ਅਸੀਂ ਕੋਈ ਰੇਟ ਫਿਕਸ ਨਹੀਂ ਕਰਦੇ।

**ਸ੍ਰੀ ਮਦਨ ਮੋਹਨ ਮਿੱਤਲ :** ਮੈਂ ਰੇਟ ਬਾਰੇ ਗੱਲ ਨਹੀਂ ਕੀਤੀ। ਮੈਂ ਤਾਂ ਅਗਲੀ ਗੱਲ ਕੀਤੀ ਹੈ ਪੰਜਾਬ ਵਿਚ ਹੋਰ ਕੰਪਨੀਆਂ ਵੀ ਫਲੋਟ ਕੀਤੀਆਂ ਗਈਆਂ ਹਨ। ਉਨ੍ਹਾਂ ਕੰਪਨੀਆਂ ਨੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਮਦਨ ਮੋਹਨ ਮਿੱਤਲ]

ਅਗੇ ਗੈਸ ਏਜੰਸੀਆਂ ਵੀ ਡਿਸਟਰੀਬਿਊਟ ਕਰ ਦਿੱਤੀਆਂ ਹਨ। ਇਕ ਇਕ ਲੱਖ ਰੁਪਿਆ ਏਜੰਸੀਆਂ ਤੋਂ ਲਿਆ ਗਿਆ ਹੈ ਅਤੇ ਕਰੋੜਾਂ ਰੁਪ੍ਰਿਆ ਇਕੱਠਾ ਕਰ ਲਿਆ ਗਿਆ ਹੈ। ਕੀ ਸਰਕਾਰ ਇਨ੍ਹਾਂ ਕੰਪਨੀਆਂ ਤੇ ਨਜ਼ਰ ਰਖੇਗੀ ਔਰ ਇਹ ਕੰਪਨੀਆਂ ਕਿਤੇ ਦੌੜ ਤਾਂ ਨਹੀਂ ਜਾਣਗੀਆਂ ?

**ਮੰਤਰੀ :** ਸਪੀਕਰ ਸਾਹਿਬ, ਸਾਡੇ ਨੋਟਿਸ ਵਿਚ ਤਿੰਨ ਪ੍ਰਾਈਵੇਟ ਕੰਪਨੀਆਂ ਹਨ ਜਿਨ੍ਹਾਂ ਦਾ ਜ਼ਿਕਰ ਇਨ੍ਹਾਂ ਦੇ ਸਾਹਮਣੇ ਆਇਆ ਹੈ। ਇਨ੍ਹਾਂ ਕੰਪਨੀਆਂ ਦੇ ਬਾਟਲਿੰਗ ਪਲਾਂਟ ਲੱਗ ਰਹੇ ਹਨ। ਜੇਕਰ ਇਸ ਤੋਂ ਇਲਾਵਾ ਹੋਰ ਕੋਈ ਕੰਪਨੀ ਇਨ੍ਹਾਂ ਦੇ ਨੋਟਿਸ ਵਿਚ ਹੋਵੇ ਤਾਂ ਇਹ ਲਿਖਤੀ ਤੌਰ ਤੇ ਭੇਜ ਦੇਣ, ਅਸੀਂ ਪੜਤਾਲ ਕਰ ਲਵਾਂਗੇ। ਜਿਥੋਂ ਤੱਕ ਪੰਜਾਬ ਸਰਕਾਰ ਦਾ ਤਾਅਲੁਕ ਹੈ ਅਸੈਨਸ਼ੀਅਲ ਕਮਾਡਿਟੀਜ਼ ਐਕਟ 1955 ਦੇ ਤਹਿਤ ਅਸੀਂ ਸੀਜ਼ਰ ਅਤੇ ਸਰਚ ਕਰ ਸਕਦੇ ਹਾਂ। ਅਸੀਂ ਦੇਖ ਸਕਦੇ ਹਾਂ ਕਿ ਗੈਸ ਪੂਰੀ ਵੰਡੀ ਜਾ ਰਹੀ ਹੈ ਜਾਂ ਪ੍ਰਾਈਸ ਵਿਚ ਕੋਈ ਬਲੈਕ ਤਾਂ ਨਹੀਂ ਕਰ ਰਿਹਾ ਅਤੇ ਡਿਸਟਰੀਬਿਊਸ਼ਨ ਫੇਅਰ ਹੋ ਰਹੀ ਹੈ ਜਾਂ ਨਹੀਂ। ਇਸ ਬਾਰੇ ਅਸੀਂ ਪੂਰੀ ਤਰ੍ਹਾਂ ਸਤਰਕ ਹਾਂ ਅਤੇ ਚੈੱਕ ਕਰਦੇ ਹਾਂ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੰਤਰੀ ਜੀ ਨੇ ਪ੍ਰਾਈਸ ਰੈਗੂਲੇਟ ਕਰਨ ਬਾਰੇ ਦਸਿਆ ਹੈ ਕਿ ਕਰਾਂਗੇ। ਲੇਕਿਨ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪੈਸਾ ਇਨ੍ਹਾਂ ਕੰਪਨੀਆਂ ਨੇ ਇਕੱਠਾ ਕਰ ਲਿਆ ਹੈ, ਕੀ ਉਹ ਪੈਸਾ ਲੈ ਕੇ ਇਹ ਪ੍ਰਾਈਵੇਟ ਕੰਪਨੀਆਂ ਨੱਠ ਤਾਂ ਨਹੀਂ ਜਾਣਗੀਆਂ ?

**ਮੰਤਰੀ :** ਸਪੀਕਰ ਸਾਹਿਬ, ਲਸੰਸ ਸਿਸਟਮ ਹੈ ਨਹੀਂ। ਤਿੰਨ ਪ੍ਰਾਈਵੇਟ ਕੰਪਨੀਆਂ ਹਨ ਜਿਨ੍ਹਾਂ ਵਿਚੋਂ ਇਕ ਕੰਪਨੀ ਦਾ ਬਾਟਰਿੰਗ ਪਲਾਂਟ ਲੱਗ ਗਿਆ ਹੈ ਅਤੇ ਦੋ ਕੰਪਨੀਆਂ ਦਾ ਬਾਟਲਿੰਗ ਪਲਾਂਟ ਲਗ ਰਿਹਾ ਹੈ। ਚੌਥੀ ਜੇਕਰ ਕੋਈ ਹੋਰ ਕੰਪਨੀ ਹੋਵੇ ਤਾਂ ਇਹ ਦੱਸ ਦੇਣ ਅਸੀਂ ਪਤਾ ਕਰਾ ਲਵਾਂਗੇ।

**ਸ੍ਰੀ ਮਦਨ ਮੋਹਨ ਮਿੱਤਲ :** ਸੌਰੀ, ਸਰ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੁੱਝ ਕੰਪਨੀਆਂ ਨੇ ਪੈਸਾ ਇਕੱਠਾ ਕੀਤਾ ਹੈ ਕੀ ਉਹ ਸਰਕਾਰ ਦੇ ਨੋਟਿਸ ਵਿਚ ਹੈ ਅਤੇ ਕੀ ਸਰਕਾਰ ਉਨ੍ਹਾਂ ਕੰਪਨੀਆਂ ਤੇ ਨਜ਼ਰ ਰੱਖੇਗੀ ?

**ਸ੍ਰੀ ਸਪੀਕਰ :** ਉਨ੍ਹਾਂ ਨੇ ਕਿਹਾ ਹੈ ਕਿ ਤੁਸੀਂ ਲਿਖਾ ਦਿਉ ਤਾਂ ਉਹ ਨਜ਼ਰ ਰਖਣਗੇ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਜੇਕਰ ਤੁਹਾਡੀ ਤਸੱਲੀ ਹੋ ਗਈ ਤਾਂ ਠੀਕ ਹੈ। ਪਰ ਮੇਰੀ ਸੈਟਿਸਫੈਕਸ਼ਨ ਨਹੀਂ ਹੋਈ। ਮੈਨੂੰ ਸਾਥੀ ਸਾਹਿਬ ਤੋਂ ਬਾਅਦ ਇਕ ਹੋਰ ਸਵਾਲ ਕਰ ਲੈਣ ਦਿਓ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਕਰ ਲੈਣਾ ਜੀ।

**ਸ੍ਰੀ ਵਿਜੇ ਕੁਮਾਰ ਸਾਥੀ :** ਸਪੀਕਰ ਸਾਹਿਬ, ਇਹ ਮੰਤਰੀ ਜੀ ਦੇ ਨੋਟਿਸ ਵਿਚ ਹੋਵੇਗਾ ਕਿ ਜਿਹੜੀ ਸਬ-ਸਟੈਂਡਰਡ ਗੈਸ ਸਪਲਾਈ ਕੀਤੀ ਜਾ ਰਹੀ ਹੈ, ਇਸ ਦੇ ਨਾਲ ਕਈ ਹਾਦਸੇ ਵੀ ਹੋਏ ਹਨ ਅਤੇ ਕਈ ਲੋਕ ਮਰੇ ਵੀ ਹਨ ਪਰ ਉਹ ਏਜੰਸੀਆਂ ਹਾਲੇ ਵੀ ਸਲੰਡਰ ਵੇਚੀ ਜਾ ਰਹੀਆਂ ਹਨ। ਸਪੀਕਰ ਸਾਹਿਬ, ਇਸ ਦੇ ਨਾਲ ਮਨੁੱਖੀ ਜੀਵਨ ਨੂੰ ਖਤਰਾ ਵੀ ਹੈ। ਕੀ ਮੰਤਰੀ ਜੀ ਇਹੋ ਜਿਹੀਆਂ ਕੰਪਨੀਆਂ ਜਿਹੜੀਆਂ ਇਹੋ ਜਿਹੇ ਗੈਸ ਸਲੰਡਰ ਵਰਤਦੀਆਂ ਹਨ ਜਿਹੜੇ ਕਿ ਬਲਾਸਟ ਹੋ ਰਹੇ ਹਨ ਅਤੇ ਸਬ-ਸਟੈਂਡਰਡ ਹਨ, ਉਨ੍ਹਾਂ ਬਾਰੇ ਘੋਖ ਕਰਾਉਣ ਦਾ ਵਿਸ਼ਵਾਸ ਦਿਵਾਉਣਗੇ ?

**ਮੰਤਰੀ :** ਜ਼ਰੂਰ ਘੋਖ ਕਰਾਵਾਂਗੇ ਜੀ।

---

**ਬੇਜ਼ਮੀਨੇ ਮਜ਼ਦੂਰਾਂ ਲਈ ਰਿਹਾਇਸ਼ੀ ਕਾਲੋਨੀਆਂ**

***1708. (1) ਸ੍ਰੀ ਮਲਕੀਤ ਸਿੰਘ ਬੀਰਮੀ**
**(2) ਸਰਦਾਰ ਸਰਦੂਲ ਸਿੰਘ** } : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿਚ ਬੇਜ਼ਮੀਨੇ ਮਜ਼ਦੂਰਾਂ ਲਈ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਦੁਆਰਾ ਉਸਾਰੀਆਂ ਗਈਆਂ ਰਿਹਾਇਸ਼ੀ ਕਾਲੋਨੀਆਂ ਅਸਲ ਵਿਚ ਅਲਾਟੀਆਂ ਦੇ ਕਬਜ਼ੇ ਵਿਚ ਨਹੀਂ ਹਨ ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਨ ਕੀ ਹਨ ?

**Master Jagir Singh** : Yes, some colonies have been occupied partially, whereas some have not been occupied. Reasons are mentioned in the Statement which is laid on the Table of the House.

**STATEMENT SHOWING REASONS FOR NOT OCCUPYING THE COLONIES BY THE ALLOTTEES.**

1. Colonies far away from village.
2. Construction of colonies in low lying areas.
3. Poor condition of the colonies.
4. Under unauthorised possession.
5. Smashed.
6. Allottees left the village or died.
7. Refused to fill agreement deeds.

Original with;
Punjab Vidhan Sabha
Digitized by;
Panjab Digital Library

**Shri Malkit Singh Birmi :** I want to ask the Minister from the report that is placed on the Table :

(1) He has said the colonies are far away from the villages. I want to know the names of the villages and the distance of these colonies ?

(2) The colonies are constructed on low lying area. So, can the Minister tell me why these colonies were constructed on low lying areas where people cannot live ?

**ਸ੍ਰੀ ਸਪੀਕਰ :** ਇਕ ਇਕ ਸਵਾਲ ਹੀ ਪੁੱਛੋ । Why you put so much pressure on the Minister ?

**Shri Malkit Singh Birmi :** He has given the answer in this shape. This is the answer. If you want question one by one, I will ask one by one .

Can the Minister tell me the distance of the colonies from the villages and the names of the colonies ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਕੀਮ ਸੀ, ਇਹ ਹਾਊਸਿੰਗ ਡਿਪਾਰਟਮੈਂਟ ਦੀ ਸੀ। 1974 ਵਿਚ ਇਹ ਸਕੀਮ ਪੰਜਾਬ ਵਿਚ ਚਲੀ ਸੀ। ਰੀਸੈਂਟਲੀ ਸਾਨੂੰ ਇਹ ਟਰਾਂਸਫਰ ਹੋਈ ਹੈ।ਜੋ ਮੈਂ ਇਨਫਰਮੇਸ਼ਨ ਲਈ ਹੈ, ਪਤਾ ਕੀਤਾ ਹੈ, ਉਸ ਦੇ ਮੁਤਾਬਿਕ, ਉਸ ਦੇ ਆਧਾਰ ਤੇ 24718 ਹਾਊਸ ਬਣੇ ਹਨ। ਹਾਊਸਿੰਗ ਡਿਵੈਲਪਮੈਂਟ ਬੋਰਡ ਨੇ ਇਹ ਬਣਾਏ ਹਨ।

(ਇਸ ਸਮੇਂ ਮਾਨਯੋਗ ਮੈਂਬਰ ਸ੍ਰੀ ਵਿਜੇ ਕੁਮਾਰ ਸਾਥੀ ਬੈਠੇ ਬੈਠੇ ਕੁਝ ਬੋਲ ਰਹੇ ਸਨ। ) ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਮੈਂ ਤੁਹਾਡੇ ਰਾਹੀਂ ਜਵਾਬ ਦੇ ਰਿਹਾ ਹਾਂ ਪਰ ਇਹ ਸਾਥੀ ਦਾ ਕੀ ਕਰੀਏ।ਤੁਸੀਂ ਕਹਿ ਦਿਓ ਕਿ ਜਿਹੜਾ ਤੁਹਾਡੇ ਕਹੇ ਬਗੈਰ ਬੋਲਦਾ ਹੈ, ਉਸ ਦਾ ਅਸੀਂ ਇਲਾਜ ਕਰ ਲਈਏ । (ਹਾਸਾ) ਚਲੋ ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਦੱਸ ਰਿਹਾ ਹਾਂ ਕਿ ਪੰਜਾਬ ਵਿਚ ਹਾਊਸਿੰਗ ਡਿਪਾਰਟਮੈਂਟ ਨੇ 24718 ਘਰ ਬਣਾਏ ਹਨ ਔਰ ਉਨ੍ਹਾਂ ਵਿਚੋਂ 2308 ਜਿਹੜੇ ਘਰ ਹਨ, ਉਹ 53 ਕਲੋਨੀਆਂ ਵਿਚ, ਪਿੰਡਾਂ ਵਿਚ ਹਨ ਜਿਹੜੇ ਕਿ ਸਕੈਟਰਡ ਪਏ ਹਨ ਅਤੇ ਆਕੂਪਾਈ ਨਹੀਂ ਹੋਏ। ਉਨ੍ਹਾਂ ਦੇ ਕਾਰਨਾਂ ਬਾਰੇ ਮੈਂਬਰ ਸਾਹਿਬ ਪੁੱਛ ਰਹੇ ਹਨ। ਉਹ ਮੈਂ ਲਿਖ ਕੇ ਦੱਸ ਦਿਤੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਘਰ 1974 ਵਿਚ ਬਣੇ ਸਨ। ਉਥੇ ਕਈ ਗਰੀਬ ਲੋਕਾਂ ਨੇ ਕਬਜ਼ਾ ਕਰ ਲਿਆ। ਹੋਰ ਵੀ ਕਈ ਕਾਰਨ ਹਨ ਜਿਸ ਤਰ੍ਹਾਂ ਇਹ ਕਹਿ ਰਹੇ ਹਨ...

**Mr Speaker :** Please excuse me. He has asked you what are the names of the villages and distance of those colonies. Why do you want to give whole statement? He wants only two things. Names of the villages and distance from the village.

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਹ ਜਿਹੜੀ ਇਨਫਰਮੇਸ਼ਨ ਕਹਿ ਦੇਣਗੇ, ਦੋਬਾਰਾ ਮੰਗਵਾ ਲਵਾਂਗੇ। ਅੰਮ੍ਰਿਤਸਰ ਵਿਚ 21 ਪਿੰਡਾਂ ਵਿਚ ਹਨ।

**ਸ੍ਰੀ ਸਪੀਕਰ :** ਉਹ ਛੱਡੋ ਤੁਸੀਂ। ਇਹ ਪੁੱਛਦੇ ਹੀ ਨਹੀਂ ਹਨ। ਤੁਸੀਂ ਜਿਹੜੀ ਇਨ-ਫਰਮੇਸ਼ਨ ਬਾਅਦ ਵਿਚ ਦੇਣੀ ਹੈ, ਉਹ-ਬਾਅਦ ਵਿਚ ਦੇ ਦੇਣਾ। ਬਿਰਮੀ ਜੀ, ਉਹ ਇਨ੍ਹਾਂ ਕੋਲ ਨਹੀਂ ਹੈ। ਬਾਅਦ ਵਿਚ ਦੇ ਦੇਣਗੇ।

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਕਹਿਣਾ ਚਾਹੁੰਦਾ ਹਾਂ ਕਿ ਇਹ ਪੁੱਛ ਰਹੇ ਹਨ, ਉਹ ਸੂਚਨਾ ਸਾਨੂੰ ਲਏ ਨੂੰ ਹਾਲੇ ਥੋੜ੍ਹਾ ਚਿਰ ਹੋਇਆ ਹੈ। ਇਹ ਮੈਨੂੰ ਲਿਖ ਕੇ ਦੇ ਦੇਣ, ਮੈਂ ਮੰਗਵਾ ਲਵਾਂਗਾ।

**Shri Malkit Singh Birmi :** Second, they have answered that the colonies are constructed on low lying areas. Can the Minister tell me why these colonies were constructed on how lying areas when we know that people cannot live there and that the problem of flood and dirty water is at hand and no disposal of dirty water can be made out of these colonies. Can the Minister tell me why they have constructed the colonies at these places ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 1974 ਵਿਚ ਪਿੰਡਾਂ ਦੀਆਂ ਪੰਚਾਇਤਾਂ ਨੇ ਜਿਥੇ ਥਾਂ ਅਵੇਲੇਬਲ ਕੀਤੀ ਸੀ, ਉਥੇ ਉਥੇ ਇਹ ਕਾਲੋਨੀਆਂ ਬਣਾ ਦਿੱਤੀਆਂ ਗਈਆਂ ਸਨ।

**ਕਾਮਰੇਡ ਤਰਸੇਮ ਜੋਧਾਂ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਗਰੀਬ ਲੋਕਾਂ ਵਾਸਤੇ ਮਕਾਨ ਬਣਾਏ ਸੀ ਅਤੇ ਜਿਨ੍ਹਾਂ ਤੇ ਕੁੱਝ ਹੋਰ ਲੋਕਾਂ ਨੇ ਕਬਜ਼ਾ ਕਰ ਲਿਆ ਹੈ, ਕੀ ਸਰਕਾਰ ਉਹ ਨਜਾਇਜ਼ ਕਬਜ਼ੇ ਛੁਡਾ ਕੇ ਉਹ ਮਕਾਨ ਵਾਪਸ ਉਨ੍ਹਾਂ ਹੱਕਦਾਰ ਲੋਕਾਂ ਨੂੰ ਦਿਵਾਉਣ ਦਾ ਯਕੀਨ ਦਿਵਾਏਗੀ ?

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਥੇ ਜਿਥੇ ਨਜਾਇਜ਼ ਕਬਜ਼ੇ ਹਨ, ਉਨ੍ਹਾਂ ਬਾਰੇ ਇਹ ਨੋਟਿਸ ਦੇ ਦੇਣ। ਸਰਕਾਰ ਜ਼ਰੂਰ ਇਹ ਨਜਾਇਜ਼ ਕਬਜ਼ੇ ਛੁਡਾਵੇਗੀ।

---

### ਸਰਕਾਰੀ ਕਾਲਜ, ਟਾਂਡਾ ਦੀ ਅਚਨਚੇਤੀ ਚੈਕਿੰਗ

***1955. ਕਾਮਰੇਡ ਤਰਸੇਮ ਜੋਧਾਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਇਹ ਠੀਕ ਹੈ ਕਿ ਸਿੱਖਿਆ ਵਿਭਾਗ (ਕਾਲਜਿਜ਼) ਦੇ ਦੋਨੋਂ ਡਿਪਟੀ ਡਾਇਰੈਕਟਰਾਂ, ਸਰਵਸ੍ਰੀ ਗੁਲਜ਼ਾਰ ਸਿੰਘ ਅਤੇ ਬੀ.ਸੀ ਵਰਮਾ ਨੇ 22 ਜਨਵਰੀ, 1992 ਨੂੰ ਸਰਕਾਰੀ ਕਾਲਜ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਦੀ ਅਚਨਚੇਤੀ ਚੈਕਿੰਗ ਕੀਤੀ ਸੀ ;

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ]

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੋਵੇ, ਤਾਂ ਛਾਪਾਮਾਰ ਪਾਰਟੀ ਦੁਆਰਾ ਪਤਾ ਲਗਾਈਆਂ ਗਈਆਂ ਬੇਕਾਇਦਗੀਆਂ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਬੇਕਾਇਦਗੀਆਂ ਲਈ ਜ਼ਿੰਮੇਵਾਰ ਕਰਮਚਾਰੀਆਂ ਵਿਰੁੱਧ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

**ਸਰਦਾਰ ਲਖਮੀਰ ਸਿੰਘ ਰੰਧਾਵਾ :** (ੳ) ਹਾਂ ਜੀ । ਇਹ ਠੀਕ ਹੈ ਕਿ ਸਿੱਖਿਆ ਵਿਭਾਗ (ਕਾਲਜਾਂ) ਦੇ ਦੋਨੋਂ ਡਿਪਟੀ ਡਾਇਰੈਕਟਰ ਸਰਵ ਸ੍ਰੀ ਗੁਲਜ਼ਾਰ ਸਿੰਘ ਅਤੇ ਬੀ.ਸੀ. ਵਰਮਾ ਵੱਲੋਂ ਸਰਕਾਰੀ ਕਾਲਜ, ਟਾਂਡਾ ਦੀ ਅਚਨਚੇਤ ਚੈਕਿੰਗ ਮਿਤੀ 20 ਦਸੰਬਰ, 1991 ਨੂੰ ਕੀਤੀ ਗਈ ਨਾ ਕਿ 22 ਜਨਵਰੀ, 1992 ਨੂੰ।

(ਅ) ਅਚਾਨਕ ਚੈਕਿੰਗ ਦੀ ਪੜਤਾਲ ਰਿਪੋਰਟ ਮਿਤੀ 20 ਦਸੰਬਰ, 1991 ਅਨੁਸਾਰ ਉਸ ਵੇਲੇ ਦੇ ਪ੍ਰਿੰਸੀਪਲ ਸ੍ਰੀ ਮਹਿੰਦਰ ਸਿੰਘ ਦੇ ਵਿਰੁੱਧ ਹੇਠ ਦੱਸੀਆਂ ਕੁਤਾਹੀਆਂ ਦਾ ਉਲੇਖ ਕੀਤਾ ਗਿਆ :--

(1) ਡਿਊਟੀ ਤੋਂ ਗੈਰਹਾਜ਼ਰ ਰਹਿਣਾ।

(2) ਪੰਜਾਬ ਯੂਨੀਵਰਸਿਟੀ ਦੇ ਉੜਨ ਦਸਤੇ ਵੱਲੋਂ ਸਾਲਾਨਾ ਪ੍ਰੀਖਿਆਂ ਦੌਰਾਨ ਮਾਰੇ ਗਏ ਛਾਪੇ ਵਿਚ ਪ੍ਰਿੰਸੀਪਲ ਗੈਰ ਹਾਜ਼ਰ ਪਾਏ ਗਏ।

(3) ਲੁਧਿਆਣਾ ਤੋਂ ਟਾਂਡਾ ਵਿਖੇ ਰੋਜ਼ ਆਉਣਾ ਜਾਣਾ ਅਤੇ ਰੇਲਵੇ ਪਾਸ ਬਣਾਇਆ ਹੋਇਆ ਸੀ।

(4) ਇਲਾਕਾ ਨਿਵਾਸੀਆਂ ਦੇ ਬਿਆਨਾਂ ਅਨੁਸਾਰ ਵੀ ਪ੍ਰਿੰਸੀਪਲ ਸਾਹਿਬ ਕਦੇ ਕਦੇ ਕਾਲਜ ਆਉਂਦੇ ਸਨ।

ਇਸ ਰਿਪੋਰਟ ਤੇ ਸ੍ਰੀ ਮਹਿੰਦਰ ਸਿੰਘ ਪ੍ਰਿੰਸੀਪਲ ਦੀ ਜਵਾਬਤਲਬੀ ਕੀਤੀ ਗਈ। ਇਸ ਨੂੰ ਘੋਖਣ ਉਪਰੰਤ ਪੰਜਾਬ ਸਰਕਾਰ ਨੇ 18 ਅਗਸਤ, 1992 ਨੂੰ ਉਸ ਦਾ ਪਰਖ ਸਮਾਂ ਇਕ ਸਾਲ ਲਈ ਵਧਾ ਦਿੱਤਾ।

**ਕਾਮਰੇਡ ਤਰਸੇਮ ਜੋਧਾਂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਪ੍ਰਿੰਸੀਪਲ ਦੇ ਵਿਰੁੱਧ ਇਹ ਜੋ ਦੋਸ਼ ਪਾਏ ਗਏ ਹਨ, ਇਨ੍ਹਾਂ ਤੋਂ ਬਿਨਾਂ ਉਨ੍ਹਾਂ ਦੇ ਖਿਲਾਫ ਕੀ ਕੋਈ ਫੰਡਾਂ ਵਿਚ ਘਪਲੇਬਾਜ਼ੀ ਕਰਨ ਅਤੇ ਇਮਤਿਹਾਨ ਦੌਰਾਨ ਨਕਲ ਕਰਵਾਉਣ ਦਾ ਵੀ ਦੋਸ਼ ਹੈ ; ਅਤੇ ਕੀ ਉਨ੍ਹਾਂ ਦੀ ਪੜਤਾਲ ਕੀਤੀ ਗਈ ਹੈ?

**ਮੰਤਰੀ :** ਫੰਡਾਂ ਬਾਰੇ ਉਸ ਦੇ ਖਿਲਾਫ ਆਡਿਟ ਨੇ ਕੁਝ ਇਤਰਾਜ਼ ਲਾਏ ਸੀ ਜਿਸ ਵਿਚ ਉਹ ਦੋਸ਼ੀ ਗਿਣਿਆ ਜਾਂਦਾ ਸੀ । ਉਸ ਦਾ ਉੱਤਰ ਆਉਣ ਤੇ ਕਾਰਵਾਈ ਕੀਤੀ ਜਾਂਦੀ ਹੈ। ਨਕਲ ਬਾਰੇ ਤਾਂ ਮੈਂ ਇਹ ਦੱਸ ਹੀ ਦਿੱਤਾ ਹੈ ਕਿ ਇਸਤਿਹਾਨਾਂ ਦੇ ਸਮੇਂ ਉਹ ਗੈਰ-ਹਾਜ਼ਰ ਸੀ, ਸ਼ਾਇਦ ਉਸ ਦੀ ਨੀਅਤ ਠੀਕ ਨਹੀਂ ਹੋਵੇਗੀ। ਉਸ ਦੋਸ਼ ਦੀ ਬਿਨਾਅ ਤੇ ਵੀ ਕਾਰਵਾਈ ਕੀਤੀ ਜਾ ਰਹੀ ਹੈ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਤਰਸੇਮ ਜੋਧਾਂ** : ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਕਿਹਾ ਹੈ ਕਿ ਫੰਡਾਂ ਬਾਰੇ ਪੜਤਾਲ ਚਲ ਰਹੀ ਹੈ, ਇਸ ਸਬੰਧ ਵਿਚ ਉਸ ਦੇ ਵਿਰੁੱਧ ਬੜੇ ਇਲਜ਼ਾਮ ਹਨ ਅਤੇ ਉਹ ਸਾਬਤ ਵੀ ਹੋ ਗਏ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਪੜਤਾਲ ਨੂੰ ਸਮਾਂ ਬੱਧ ਕਰਨਗੇ ਕਿ ਐਨੇ ਸਮੇਂ ਤੱਕ ਪੜਤਾਲ ਮੁਕੰਮਲ ਕਰਕੇ ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ ?

**ਮੰਤਰੀ** : ਅੱਡ ਅੱਡ ਇਨਕੁਆਇਰੀਆਂ ਦੇ ਆਧਾਰ ਤੇ ਉਸ ਨੂੰ ਚਾਰਜਸ਼ੀਟਾਂ ਦਿੱਤੀਆਂ ਗਈਆਂ ਹਨ ਇਸ ਤੋਂ ਪਿਛੋਂ ਵੀ ਕਈ ਸ਼ਿਕਾਇਤਾਂ ਆਈਆਂ ਹਨ। ਉਨ੍ਹਾਂ ਦੇ ਉੱਤਰਾਂ ਦੀ ਉਡੀਕ ਕੀਤੀ ਜਾ ਰਹੀ ਹੈ ਇਸ ਬਾਰੇ ਸਰਕਾਰ ਨਿਸ਼ਚਿਤ ਰੂਪ ਵਿਚ ਕਾਰਵਾਈ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1742**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

---

**ਰਾਜ ਵਿਚ ਓਲਡ ਏਜ ਹੋਮਜ਼ ਦੀ ਗਿਣਤੀ**

***1920 (1) ਸ਼੍ਰੀ ਭਗਵਾਨ ਦਾਸ ਅਰੋੜਾ**
**(2) ਸਰਦਾਰ ਦਰਸ਼ਨ ਸਿੰਘ ਬਰਾੜ** } : ਕੀ ਸਮਾਜ ਭਲਾਈ
**(3) ਸਰਦਾਰ ਹਰਮਿੰਦਰ ਸਿੰਘ ਜੱਸੀ**

ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :--

(ੳ) ਰਾਜ ਵਿਚ ਇਸ ਸਮੇਂ ਓਲਡ ਏਜ ਹੋਮਜ਼ ਦੀ ਗਿਣਤੀ ਕਿੰਨੀ ਹੈ ਅਤੇ ਇਹ ਕਿਨ੍ਹਾਂ ਕਿਨ੍ਹਾਂ ਥਾਵਾਂ ਤੇ ਹਨ ;

(ਅ) ਕੀ ਸਰਕਾਰ ਦਾ ਰਾਜ ਦੇ ਸਾਰੇ ਜ਼ਿਲ੍ਹਿਆਂ/ਉਪ-ਮੰਡਲਾਂ ਵਿਖ ਅਜਿਹੇ ਹੋਮਜ਼ ਬਣਾਉਣ ਦਾ ਵਿਚਾਰ ਹੈ ;

(ੲ) ਅਜਿਹੇ ਹੋਮਜ਼ ਵਿੱਚ ਰਹਿ ਰਹੇ ਲੋਕਾਂ ਨੂੰ ਦਿਤੀਆਂ ਜਾਂਦੀਆਂ ਸਹੂਲਤਾਂ ਦਾ ਵੇਰਵਾ ਕੀ ਹੈ ?

**Chaudhary Jagjit Singh** : (a) At present there is only one Government Home for the Aged and infirm running at Ram Colony Camp, Hoshiarpur. Red Cross Society Ludhiana is also

Original with;
Punjab Vidhan Sabha
Digitized by;
Panjab Digital Library

[Minister of State for Social Welfare]

running senior citizen home one at Ludhiana and one at Khanna. One home named Bhai Vir Singh Viradh Ghar, Tarn-Taran in District Amritsar is also in the knowledge of this Department which is getting grant from the Social Welfare Department.

(b) No such proposal exists. However, the Government has a proposal to set-up a Senior Citizen Home at Rajpura Sub-Division in Patiala District.

(c) Free Boarding, Lodging. Medicines and Recreational facilities are provided to the inmates in the Home.

**ਸ੍ਰੀ ਭਗਵਾਨ ਦਾਸ ਅਰੋੜਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਮਾਜ ਭਲਾਈ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਸੰਗਰੂਰ ਦੇ ਵਿਚ ਕਿਤੇ ਵੀ ਓਲਡ ਏਜ ਹੋਮ ਨਹੀਂ ਖੋਲ੍ਹਿਆ ਗਿਆ, ਕੀ ਉਥੇ ਕੋਈ ਬੁੱਢਾ ਹੁੰਦਾ ਹੀ ਨਹੀਂ। (ਹਾਸਾ)

**ਸ੍ਰੀ ਸਪੀਕਰ** : ਜਿਥੇ ਲੋੜ ਹੋਵੇ, ਕੋਈ ਡੀਮਾਂਡ ਕਰੇ, ਕੋਈ ਕੋਸ਼ਿਸ਼ ਕਰੇ ਤਾਂ ਹੀ ਖੁਲ੍ਹਦਾ ਹੈ ਕਿ ਐਵੇਂ ਹੀ ਖੋਲ੍ਹਿਆ ਜਾਵੇ ?

**ਸ੍ਰੀ ਭਗਵਾਨ ਦਾਸ ਅਰੋੜਾ** : ਕੀ ਸਰਕਾਰ ਦਾ ਸੰਗਰੂਰ ਜ਼ਿਲ੍ਹੇ ਦੇ ਵਿਚ ਓਲਡ ਏਜ ਹੋਮ ਖੋਲ੍ਹਣ ਦਾ ਕੋਈ ਵਿਚਾਰ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਰਾਜਪੁਰੇ ਵਾਸਤੇ ਓਲਡ ਏਜ ਹੋਮ ਖੋਲ੍ਹਣ ਦਾ ਸਰਕਾਰ ਦਾ ਵਿਚਾਰ ਹੈ, ਸੰਗਰੂਰ ਵਿੱਚ ਸਾਡਾ ਓਲਡ ਏਜ ਹੋਮ ਖੋਲ੍ਹਣ ਦਾ ਕੋਈ ਵਿਚਾਰ ਨਹੀਂ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1975**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

---

**ਜ਼ਿਲ੍ਹਾ ਮਾਨਸਾ ਵਿਚ ਦਿਹਾਤੀ ਜਲ ਸਪਲਾਈ ਸਕੀਮ ਲਾਗੂ ਕਰਨਾ**

*1878. (1) **ਸਰਦਾਰ ਸ਼ੇਰ ਸਿੰਘ ਗਾਗੋਵਾਲਾ**
(2) **ਸਰਦਾਰ ਕਿਰਪਾਲ ਸਿੰਘ ਮਾਖਾ** } : ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਮਾਨਸਾ ਵਿਚ ਅਜਿਹੇ ਕੁੱਲ ਕਿੰਨੇ ਪਿੰਡ ਹਨ ਜਿਨ੍ਹਾਂ ਵਿਚ ਦਿਹਾਤੀ ਜਲ ਸਪਲਾਈ ਸਕੀਮ ਅਜੇ ਤੱਕ ਲਾਗੂ ਨਹੀਂ ਕੀਤੀ ਗਈ ਹੈ ਅਤੇ ਉਕਤ ਜ਼ਿਲ੍ਹੇ ਦੇ ਇਨ੍ਹਾਂ ਪਿੰਡਾਂ ਵਿਚ ਉਕਤ ਸਕੀਮ ਕਦੋਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ?

Original with;
Punjab Vidhan Sabha
Digitized by;
Punjab Digital Library

**ਸ੍ਰੀ ਸੁਰਿੰਦਰ ਕਪੂਰ :** ਕੋਈ ਨਹੀਂ ਜੀ।

**ਸਰਦਾਰ ਸ਼ੇਰ ਸਿੰਘ ਗਾਗੋਵਾਲਾ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਜ਼ਿਲ੍ਹਾ ਮਾਨਸਾ ਵਿਚ ਅਜਿਹਾ ਕੋਈ ਵੀ ਪਿੰਡ ਨਹੀਂ ਜਿਹੜਾ ਕਿ ਜਲ ਸਪਲਾਈ ਸਕੀਮ ਹੇਠ ਨਾ ਆਇਆ ਹੋਵੇ। ਪਰ, ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਤਿੰਨ ਜਲ ਸਪਲਾਈ ਸਕੀਮਾਂ ਅਜਿਹੀਆਂ ਹਨ । ਪਿੰਡ ਮੱਤੀ ਨਾਲ 7 ਪਿੰਡ ਲਗਦੇ ਹਨ । ਤਿੰਨ ਪਿੰਡਾਂ ਵਿੱਚ ਕਦੇ ਪਾਣੀ ਨਹੀਂ ਪਹੁੰਚਦਾ ਉਥੇ ਪਾਣੀ ਦੀ ਸਪਲਾਈ ਬਹੁਤ ਹੀ ਘੱਟ ਹੈ। ਏਸੇ ਤਰ੍ਹਾਂ ਵੀਰੋ ਖੁਰਦੀ ਜਲ ਸਪਲਾਈ ਸਕੀਮ ਹੈ, ਉਹਦੇ ਤੋਂ ਹੀਰੋਂ ਕਲਾਂ ਪਿੰਡ 8-9 ਕਿਲੋਮੀਟਰ ਪੈਂਦਾ ਹੈ ਉਸ ਦੀ ਕੋਈ 6-7 ਹਜ਼ਾਰ ਦੀ ਆਬਾਦੀ ਹੈ, ਉਥੇ ਵੀ ਪਾਣੀ ਨਹੀਂ ਪਹੁੰਚਦਾ । ਇਕ ਪਿੰਡ ਨੰਗਲ ਖੁਰਦ ਹੈ, ਉਹਦੇ ਵਿਚ 10 ਹਜ਼ਾਰ ਦੀ ਆਬਾਦੀ ਹੈ। ਚਾਰ ਪਿੰਡ ਹੋਰ ਵੀ ਹਨ। ਉਨ੍ਹਾਂ ਦੇ ਵਿਚ ਵੀ ਪਾਣੀ ਨਹੀਂ ਪਹੁੰਚਦਾ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਕੀ ਇਨ੍ਹਾਂ ਪਿੰਡਾਂ ਨੂੰ ਪਾਣੀ ਪਹੁੰਚਾਉਣ ਲਈ ਕੋਈ ਨਵੀਂ ਸਕੀਮ ਦਾ ਵਿਚਾਰ ਰਖਦੇ ਹਨ ?

**ਰਾਜ ਮੰਤਰੀ :** ਵਿਚਾਰ ਕਰ ਲਵਾਂਗੇ ਜੀ।

**ਸਰਦਾਰ ਕਿਰਪਾਲ ਸਿੰਘ ਮਾਖਾ :** ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 6 ਜੁਲਾਈ, 1992 ਨੂੰ ਜੋ ਇਹ ਸਰਦੂਲਗੜ੍ਹ ਵਿਖੇ ਵਾਟਰ ਵਰਕਸ ਬਾਰੇ ਐਲਾਨ ਕਰਕੇ ਆਏ ਸਨ, ਕੀ ਇਹ ਇਨ੍ਹਾਂ ਦੇ ਵਿਚਾਰ ਅਧੀਨ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਲਿਖ ਕੇ ਭੇਜ ਦੇਣ, ਅਸੀਂ ਸਰਵੇ ਕਰਵਾ ਦਿਆਂਗੇ।

**ਸ੍ਰੀ ਸਪੀਕਰ :** ਇਹ ਕਹਿੰਦੇ ਹਨ ਕਿ 6 ਜੁਲਾਈ, 1992 ਨੂੰ ਅਨਾਊਂਸ ਕਰਕੇ ਆਏ ਸਨ ?

**ਰਾਜ ਮੰਤਰੀ :** ਨਹੀਂ ਜੀ।

**ਸਰਦਾਰ ਕਿਰਪਾਲ ਸਿੰਘ ਮਾਖਾ :** ਤੁਸੀਂ (ਵਜ਼ੀਰ ਸਾਹਿਬ ਵੱਲ ਇਸ਼ਾਰਾ) ਆਪਣੀ ਡਾਇਰੀ ਖੋਲ੍ਹ ਕੇ ਦੇਖ ਲਓ, ਤੁਸੀਂ ਐਲਾਨ ਕਰਕੇ ਆਏ ਸੀ।

**ਰਾਜ ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੂੰ ਹਾਲੇ ਵੀ ਭੁਲੇਖਾ ਲੱਗ ਰਿਹਾ ਹੈ ਜੋ ਇਹ ਐਲਾਨ ਕਰਨ ਦੀ ਗੱਲ ਕਰਦੇ ਹਨ। ਉਸ ਵੇਲੇ ਵੀ ਇਹੀ ਕਿਹਾ ਗਿਆ ਸੀ ਕਿ ਇਸ ਦੀ ਅਸੀਂ ਘੋਖ ਕਰਾਂਗੇ ਜੇ ਜ਼ਰੂਰਤ ਹੋਈ ਤਾਂ।

ਪਾਣੀ ਦੀ ਸਪਲਾਈ ਜ਼ਰੂਰੀ ਹੈ ਅਤੇ ਔਗਮੈਂਨਟੇਸ਼ਨ ਵਾਸਤੇ ਸਕੀਮ ਤਿਆਰ ਕੀਤੀ ਜਾ ਰਹੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਕਿਰਪਾਲ ਸਿੰਘ ਮਾਖਾ :** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਥੋਂ ਦੀ ਆਬਾਦੀ ਉਦੋਂ ਦੀ ਆਬਾਦੀ ਨਾਲੋਂ ਹੁਣ ਬਹੁਤ ਵਧ ਗਈ ਹੈ ਔਰ ਜਿਹੜਾ ਵਾਟਰ ਵਰਕਸ ਦਾ ਪਾਣੀ ਦਾ ਟੈਂਕ ਬਣਾਇਆ ਗਿਆ ਸੀ, ਆਬਾਦੀ ਵੱਧਣ ਕਰਕੇ ਹੁਣ ਉਹ ਬਹੁਤ ਛੋਟਾ ਰਹਿ ਗਿਆ ਹੈ, । ਕੀ ਕੋਈ ਨਵੀਆਂ ਪਾਈਪਾਂ ਪਾਉਣਾ ਸਰਕਾਰ ਦੇ ਵਿਚਾਰ ਅਧੀਨ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਜਾਣਕਾਰੀ ਦੇ ਚੁੱਕਾ ਹਾਂ ਕਿ ਇਸ ਦੀ ਔਗਮੈਨਟੇਸ਼ਨ ਵਾਸਤੇ ਨਵਾਂ ਸਰਵੇ ਕਰਵਾਇਆ ਜਾ ਰਿਹਾ ਹੈ। ਜੇ ਜ਼ਰੂਰਤ ਹੋਈ ਤਾਂ ਜ਼ਰੂਰ ਕਰ ਦਿਆਂਗੇ।

**ਸਰਦਾਰ ਸ਼ਮਸ਼ੇਰ ਸਿੰਘ ਰਾਏ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਗੱਲ ਇਨ੍ਹਾਂ ਦੇ ਨੋਟਿਸ ਦੇ ਵਿੱਚ ਹੈ ਕਿ ਕੰਡੀ ਏਰੀਆ ਦੇ ਵਿੱਚ ਇਸ ਡਿਪਾਰਟਮੈਂਟ ਵੱਲੋਂ ਜੋ ਜਲ ਸਪਲਾਈ ਸਕੀਮ ਸ਼ੁਰੂ ਕੀਤੀ ਗਈ ਹੈ, ਉਸ ਦੇ ਵਿੱਚ ਜਿਹੜੇ ਵਾਟਰ ਟੈਪਸ ਪਿੰਡਾਂ ਨੂੰ ਪਾਣੀ ਸਪਲਾਈ ਕਰਦੇ ਹਨ, ਉਹ ਰੈਗੂਲਰਲੀ ਖੁਲ੍ਹੇ ਰਹਿੰਦੇ ਹਨ। ਪਿੰਡਾਂ ਦੇ ਵਿੱਚ ਇਹ ਆਮ ਸ਼ਿਕਾਇਤ ਆਉਂਦੀ ਹੈ। ਕਿ ਕੀ ਇਹ ਇਨ੍ਹਾਂ ਦੇ ਡਿਪਾਰਟਮੈਂਟ ਦੇ ਨੋਟਿਸ ਵਿੱਚ ਹੈ ਕਿ ਪਿੰਡਾਂ ਨੂੰ ਜਿੰਨੇ ਪਾਣੀ ਦੀ ਜ਼ਰੂਰਤ ਹੋਵੇ, ਉਨਾਂ ਹੀ ਦਿੱਤਾ ਜਾਵੇ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਕਈ ਜਗ੍ਹਾਂ ਤੇ ਇਸ ਕਿਸਮ ਦੀਆਂ ਸਟੈਂਡ ਪੋਸਟਾਂ ਹਨ ਜਿਥੇ ਕਿ ਟੂਟੀਆਂ ਵਗੈਰਾ ਖੁਲ੍ਹੀਆਂ ਹੁੰਦੀਆਂ ਹਨ। ਕਈ ਵਾਰੀ ਉਥੋਂ ਲੋਕ ਵੀ ਟੂਟੀ ਲਾਹ ਕੇ ਲੈ ਜਾਂਦੇ ਹਨ। ਹੁਣ ਅਸੀਂ ਮਹਿਕਮੇਂ ਨੂੰ ਅਤੇ ਪੰਚਾਇਤਾਂ ਨੂੰ ਹਦਾਇਤਾਂ ਕੀਤੀਆਂ ਹੋਈਆਂ ਹਨ ਕਿ ਜਿਥੇ ਵੀ ਇਸ ਤਰ੍ਹਾਂ ਪਾਣੀ ਵੇਸਟ ਜਾਂਦਾ ਹੈ, ਉਸ ਨੂੰ ਚੰਗੀ ਤਰ੍ਹਾਂ ਰੋਕਿਆ ਜਾਵੇ।

**ਕਾਮਰੇਡ ਤਰਸੇਮ ਜੋਧਾਂ :** ਸਪੀਕਰ ਸਾਹਿਬ, ਦਿਹਾਤੀ ਜਲ ਸਪਲਾਈ ਸਕੀਮ ਅਧੀਨ ਜਿਹੜੇ ਪਿੰਡਾਂ ਵਿਚ ਪ੍ਰਾਈਵੇਟ ਕੁਨੈਕਸ਼ਨ ਦਿੱਤੇ ਜਾਂਦੇ ਹਨ, ਉਨ੍ਹਾਂ ਕੋਲੋਂ ਕੁਨੈਕਸ਼ਨ ਫੀਸ ਅਤੇ ਸਿਕਿਉਰਟੀ 80/- ਰੁਪਏ ਲਈ ਜਾਂਦੀ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਨੂੰ ਵਧਾਉਣ ਦਾ ਇਰਾਦਾ ਰੱਖਦੀ ਹੈ?

**ਰਾਜ ਮੰਤਰੀ :** ਸਪੀਕਰ ਸਾਹਿਬ, ਸਵਾਲ ਤਾਂ ਕੁਝ ਹੋਰ ਸੀ ਪਰ ਮੈਂਬਰ ਸਾਹਿਬ ਨੇ ਸਪਲੀਮੈਂਟਰੀ ਕੁਝ ਹੋਰ ਪੁੱਛੀ ਹੈ। ਇਹ ਫੀਸ ਦੀ ਗੱਲ ਇਥੇ ਆ ਗਈ ਹੈ। ਫਿਰ ਵੀ ਮੈਂ ਦੱਸ ਦਿੰਦਾ ਹਾਂ ਕਿ ਦੋ ਮਹੀਨੇ ਹੋਏ, ਅਸੀਂ ਕੁਨੈਕਸ਼ਨ ਦੀ ਫੀਸ ਵਧਾ ਦਿੱਤੀ ਹੈ।

**ਸਰਦਾਰ ਈਸ਼ਰ ਸਿੰਘ :** ਸਪੀਕਰ ਸਾਹਿਬ ਦਿਹਾਤੀ ਜਲ ਸਪਲਾਈ ਆਮ ਤੌਰ ਤੇ ਬਲਾਕ ਲੈਵਲ ਤੇ ਦਿੱਤੀ ਜਾਂਦੀ ਹੈ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਜੋ ਬੇਟ ਏਰੀਆ ਹੈ, ਜਿਥੇ ਕਿ ਪੀਣ ਦਾ ਪਾਣੀ ਠੀਕ ਨਹੀਂ ਹੈ, ਕੀ ਦਿਹਾਤੀ ਜਲ ਸਪਲਾਈ ਸਕੀਮ ਦੇਣ ਵਾਸਤੇ ਉਸ ਨੂੰ ਕੋਈ ਪ੍ਰਾਇਰਟੀ ਦਿੱਤੀ ਜਾਵੇਗੀ?

**ਰਾਜ ਮੰਤਰੀ** :ਕੇਂਦਰ ਸਰਕਾਰ ਦੀਆਂ ਹਦਾਇਤਾਂ ਦੇ ਮੁਤਾਬਿਕ ਇਹ ਅਜਿਹੇ ਪਿੰਡ ਦੱਸ ਦੇਣ ਅਸੀਂ ਉਥੇ ਸਰਵੇ ਕਰਵਾ ਲਵਾਂਗੇ। ਜੇਕਰ ਉਹ ਨਾਰਮਜ਼ ਦੇ ਵਿੱਚ ਆਉਣਗੇ ਤਾਂ ਉਨ੍ਹਾਂ ਤੇ ਜ਼ਰੂਰ ਵਿਚਾਰ ਕੀਤਾ ਜਾਵੇਗਾ।

**ਸ੍ਰੀ ਮਲਕੀਤ ਸਿੰਘ ਬੀਰਮੀ** : ਸਪੀਕਰ ਸਾਹਿਬ, ਇਨ੍ਹਾਂ ਤੋਂ ਪਹਿਲੇ ਜਨ ਸਿਹਤ ਮੰਤਰੀ ਜੀ ਨੇ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਢੇਰੀ ਵਿੱਚ ਅਨਾਊਂਸਮੈਂਟ ਕੀਤੀ ਸੀ ਕਿ ਉਥੇ ਜਲਦੀ ਹੀ ਵਾਟਰ-ਵਰਕਸ ਦਾ ਕੰਮ ਸ਼ੁਰੂ ਹੋ ਜਾਵੇਗਾ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਸਕੀਮ ਸਰਕਾਰ ਦੇ ਵਿਚਾਰ-ਅਧੀਨ ਹੈ ਜਾਂ ਕਿ ਮੰਤਰੀ ਦਾ ਪੋਰਟਫੋਲੀਓ ਬਦਲਣ ਦੇ ਨਾਲ ਹੀ ਚਲੀ ਗਈ ਹੈ? ਜੇਕਰ ਉਹ ਸਕੀਮ ਹਾਲੇ ਵੀ ਹੈ ਤਾਂ ਕਦੋਂ ਤੱਕ ਕੰਮ ਸ਼ੁਰੂ ਹੋ ਜਾਵੇਗਾ।?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਇਹ ਚੀਜ਼ ਇਨ੍ਹਾਂ ਦੇ ਧਿਆਨ ਵਿੱਚ ਹੈ ਅਤੇ ਉਥੇ ਅਨਾਊਂਸਮੈਂਟ ਕੀਤੀ ਹੋਈ ਹੈ ਤੇ ਇਸ ਗੱਲ ਤੇ ਜ਼ਰੂਰ ਵਿਚਾਰ ਕੀਤਾ ਜਾਵੇਗਾ।

**ਸਰਦਾਰ ਗੁਰਚੇਤ ਸਿਘ ਭੁੱਲਰ** : ਸਪੀਕਰ ਸਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਹਲਕੇ ਵਲਟੋਹਾ ਦੇ ਪਿੰਡ ਅਮਰਕੋਟ ਵਿੱਚ ਮੁੱਖ ਮੰਤਰੀ ਜੀ ਨੇ ਜੋ ਨੀਂਹ ਪੱਥਰ ਰੱਖਿਆ ਸੀ, ਉਸਨੂੰ ਕਦੋਂ ਤੱਕ ਸ਼ੁਰੂ ਕਰ ਦਿੱਤਾ ਜਾਵੇਗਾ ?

**ਰਾਜ ਮੰਤਰੀ** : ਉਸ ਦਾ ਐਸਟੀਮੇਟ ਤਿਆਰ ਹੋ ਰਿਹਾ ਹੈ। ਜਲਦੀ ਹੀ ਸ਼ੁਰੂ ਕਰ ਦੇਵਾਂਗੇ ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ, ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਜਵਾਬ ਪੂਰਾ ਸਪੱਸ਼ਟ ਨਹੀਂ ਦਿੱਤਾ। ਸਾਡੇ ਇਕ ਸਾਥੀ ਨੇ ਜੋ ਪੁੱਛਿਆ ਸੀ ਕਿ ਪਹਿਲਾਂ ਪਿੰਡਾਂ ਵਿਚ ਪ੍ਰਾਈਵੇਟ ਕੁਨੈਕਸ਼ਨ ਦੀ ਫੀਸ 80/- ਰੁਪਏ ਲਈ ਜਾਂਦੀ ਸੀ, ਇਸ ਵੇਲੇ ਉਨ੍ਹਾਂ ਕੋਲੋਂ 1,000/- ਰੁਪਿਆ ਭਰਵਾਇਆ ਜਾ ਰਿਹਾ ਹੈ। ਅਗਰ ਇਹ ਠੀਕ ਹੈ ਤਾਂ ਕੀ ਮੰਤਰੀ ਜੀ ਇਸ ਦੀ ਕੋਈ ਜਸਟੀਫਿਕੇਸ਼ਨ ਦੇਣਗੇ? ਪਿੰਡਾਂ ਵਿੱਚ ਪਹਿਲਾਂ ਹੀ ਪੀਣ ਦੇ ਪਾਣੀ ਦੀ ਘਾਟ ਹੈ ਅਤੇ ਉਨ੍ਹਾਂ ਦੀ ਲੋੜ ਮੁਤਾਬਿਕ ਪਾਣੀ ਵੀ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਵਾਟਰ-ਵਰਕਸ ਵੀ ਪੁਰਾਣੇ ਹਨ ਅਤੇ ਕਪੈਸਿਟੀ ਵੀ ਘੱਟ ਹੈ ਪਰ ਪਾਣੀ ਦੀ ਡਿਮਾਂਡ ਬਹੁਤ ਵਧ ਗਈ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਕੁਨੈਕਸ਼ਨ ਫੀਸ 80 ਤੋਂ ਸਿੱਧੀ 1,000/- ਰੁਪਏ ਵਧਾਈ ਗਈ ਹੈ, ਕੀ ਇਹ ਜਾਇਜ਼ ਹੈ? 80/- ਤੋਂ 100/- ਜਾਂ 125/- ਰੁਪਏ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਤੱਕ ਤਾਂ ਜਾਇਜ਼ ਹੋ ਸਕਦੀ ਸੀ। ਪਰ ਇਕ ਦਮ ਇਤਨੀ ਜ਼ਿਆਦਾ ਵਧਾਉਣੀ ਜਾਇਜ਼ ਨਹੀਂ ਲਗਦੀ ।

**ਸ੍ਰੀ ਸਪੀਕਰ :** ਮੈਂਬਰ ਸਾਹਿਬ ਨੇ ਪੁੱਛਿਆ ਸੀ ਕਿ ਕੀ ਕੁਨੈਕਸ਼ਨ ਫੀਸ ਵਧਾਈ ਹੈ, ਉਨ੍ਹਾਂ ਨੇ ਜਵਾਬ ਦੇ ਦਿੱਤਾ ਕਿ ਹਾਂ, ਵਧਾਈ ਹੈ ।

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਪਿੰਡਾਂ ਦੇ ਲੋਕਾਂ ਵਿੱਚ ਇਸ ਗੱਲ ਦੀ ਬੜੀ ਰਿਜ਼ੈਂਟਮੈਂਟ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਪਾਸ ਇਸ ਗੱਲ ਦੇ ਕੀ ਰੀਜ਼ਨ ਹਨ ਤਾਂ ਜੋ ਅਸੀਂ ਲੋਕਾਂ ਵਿਚ ਜਾ ਕੇ ਕਹਿ ਸਕੀਏ ?

**ਸ੍ਰੀ ਸਪੀਕਰ :** ਮੰਤਰੀ ਜੀ, ਅਰਸ਼ੀ ਸਾਹਿਬ ਦੇ ਸਵਾਲ ਦਾ ਕੀ ਜਵਾਬ ਹੈ?

**ਰਾਜ ਮੰਤਰੀ :** ਜੇਕਰ ਤੁਸੀਂ ਕਹਿੰਦੇ ਹੋ ਤਾਂ ਮੈਂ ਦੱਸ ਦਿੰਦਾ ਹਾਂ। ਕੁਨੈਕਸ਼ਨ ਫੀਸ ਹੁਣ 80/- ਰੁਪਏ ਤੋਂ 1,000/- ਰੁਪਏ ਵਧਾ ਦਿੱਤੀ ਗਈ ਹੈ। ਹਰਿਆਣਾ ਵਿੱਚ ਇਹ ਫੀਸ 2,000/- ਰੁਪਏ ਹੈ। ਪੀਣ ਵਾਲਾ ਪਿਓਰ ਪਾਣੀ ਬੜਾ ਕੀਮਤੀ ਹੁੰਦਾ ਜਾ ਰਿਹਾ ਹੈ ਅਤੇ ਇਸ ਉਤੇ ਖਰਚਾ ਵੀ ਬਹੁਤ ਜ਼ਿਆਦਾ ਆਉਂਦਾ ਹੈ। ਪਹਿਲਾਂ ਜਿਸ ਨੇ ਕੁਨੈਕਸ਼ਨ ਲੈਣਾ ਹੁੰਦਾ ਸੀ, ਉਸ ਨੂੰ ਪਾਈਪਾਂ ਵਗੈਰਾ ਦਾ ਖਰਚਾ ਵੀ ਆਪ ਕਰਨਾ ਹੁੰਦਾ ਸੀ। ਪਰ ਹੁਣ ਅਸੀਂ ਹਰ ਗਲੀ ਵਿੱਚ ਆਪ ਹੀ ਪਾਈਪ ਪਾਵਾਂਗੇ। ਉਸ ਨੂੰ ਕੇਵਲ ਕੁਨੈਕਸ਼ਨ ਫੀਸ ਹੀ 1,000/- ਰੁਪਏ ਦੇਣੀ ਹੋਵੇਗੀ। ਪਾਣੀ ਦੇ ਚਾਰਜਿਜ਼ ਵੀ ਕੋਈ ਨਹੀਂ ਵਧਾਏ ਗਏ ।

---

### ਨਿਸ਼ਾਨ ਵਾਲਾ ਪ੍ਰਸ਼ਨ ਨੰ: 1954*

**ਸ੍ਰੀ ਸਪੀਕਰ :** ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ। ਅਗਲਾ ਸਵਾਲ।

---

### ਸਿੰਜਾਈ ਵਿਭਾਗ ਵਿਚ ਕਾਰਜਕਾਰੀ ਇੰਜੀਨੀਅਰਾਂ ਦੀ ਮੁਅੱਤਲੀ

*1916. **ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿੰਜਾਈ ਵਿਭਾਗ ਵਿਚ ਉਨ੍ਹਾਂ ਕਾਰਜਕਾਰੀ ਇੰਜੀਨੀਅਰਾਂ ਦੀ ਗਿਣਤੀ ਕਿੰਨੀ ਹੈ ਜੋ ਜਨਵਰੀ, 1992 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਮੁਅੱਤਲ ਕੀਤੇ ਗਏ ਸਨ ਉਨ੍ਹਾਂ ਹਰ ਇਕ ਵਿਰੁੱਧ ਲਗਾਏ ਗਏ ਦੋਸ਼ਾਂ ਦਾ ਵੇਰਵਾ ਕੀ ਹੈ?

**ਸਰਦਾਰ ਜਗਮੋਹਨ ਸਿੰਘ ਕੰਗ** (ਰਾਜ ਮੰਤਰੀ, ਸਿੰਚਾਈ ਅਤੇ ਬਿਜਲੀ) : ਜਨਵਰੀ, 1992 ਤੋਂ ਹੁਣ ਤੱਕ ਸਿੰਚਾਈ ਵਿਭਾਗ ਦੇ 14 ਕਾਰਜਕਾਰੀ ਇੰਜੀਨੀਅਰ ਮੁਅੱਤਲ ਕੀਤੇ ਗਏ ਹਨ। ਇਨ੍ਹਾਂ

*For Starred Question No. 1954 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

ਹਰੇਕ ਵਿਰੁੱਧ ਲਗਾਏ ਗਏ ਦੋਸ਼ਾਂ ਸਬੰਧੀ ਵੇਰਵਾ ਨਾਲ ਨੱਥੀ ਸਟੇਟਮੈਂਟ ਵਿੱਚ ਦਿਤਾ ਜਾਂਦਾ ਹੈ।

**ਜਨਵਰੀ, 1992 ਤੋਂ ਹੁਣ ਤੱਕ ਸਿੰਚਾਈ ਵਿਭਾਗ ਦੇ ਮੁਅੱਤਲ ਕੀਤੇ ਗਏ ਕਾਰਜਕਾਰੀ ਇੰਜੀਨੀਅਰਾਂ ਦੀ ਗਿਣਤੀ ਅਤੇ ਇਨ੍ਹਾਂ ਹਰੇਕ ਵਿਰੁਧ ਲਗਾਏ ਗਏ ਦੋਸ਼ਾਂ ਦੀ ਸਟੇਟਮੈਂਟ**

| ਲੜੀ ਨੰ: | ਕਾਰਜਕਾਰੀ ਇੰਜੀਨੀਅਰ ਦਾ ਨਾਂ | ਦੋਸ਼ | ਵਿਸ਼ੇਸ਼ ਕਥਨ |
|---|---|---|---|
| 1 | 2 | 3 | 4 |
| 1 | ਬੀ.ਆਰ. ਕਸ਼ਯੱਪ | ਆਰ.ਐਸ.ਡੀ.ਸੀ. ਵਿਖੇ ਪੋਸਟਿੰਗ ਵੇਲੇ ਉਚ ਦਰਾਂ ਤੇ ਟੈਂਡਰ ਦੀ ਮੰਜ਼ੂਰੀ | ਮਿਤੀ 4 ਨਵੰਬਰ, 1992 ਨੂੰ ਬਹਾਲ ਕਰ ਦਿੱਤਾ ਹੈ। |
| 2 | ਆਰ.ਐਲ.ਵਿਜ | ਉਹੀ | ਉਹੀ |
| 3 | ਸੁਰਿੰਦਰ ਪਾਲ | ਪੀ.ਐਸ.ਟੀ.ਸੀ. ਮੰਡਲ, ਹੁਸ਼ਿਆਰਪੁਰ ਲਈ ਆਰਡਰ ਨੰ: 1011-15/ਪੀ.ਐਸ.ਟੀ.ਸੀ./ਪੀ.ਆਰ./2 ਭਾਗ 2, ਮਿਤੀ 19 ਦਸੰਬਰ, 1985 ਰਾਹੀਂ ਸਲਾ-ਟਿੰਗ ਮਸ਼ੀਨ ਦੀ ਖਰੀਦ ਲਈ | ਮਿਤੀ 4 ਜੂਨ, 1993 ਨੂੰ ਬਹਾਲ ਕਰ ਦਿੱਤਾ ਹੈ। |
| 4 | ਐਮ.ਐਲ. ਬਾਂਸਲ | ਮਿਤੀ 2 ਸਤੰਬਰ, 1993 ਨੂੰ ਜਾਰੀ ਕੀਤੇ ਗਏ ਬਦਲੀ ਦੇ ਹੁਕਮ ਜਿਸ ਅਨੁਸਾਰ ਉਸ ਨੂੰ ਆਰ.ਐਸ.ਡੀ.ਸੀ., ਸ਼ਾਹਪੁਰਕੰਡੀ ਵਿਖੇ ਜੁਆਇਨ ਕਰਨ ਲਈ ਕਿਹਾ | -- |

Original with;
Punjab Vidhan Sabha
Digitized by;
Panjab Digital Library

| 1 | 2 | 3 | 4 |
|---|---|---|---|
| | | ਗਿਆ ਸੀ, ਦੀ ਹੁਕਮ ਅਦੂਲੀ ਕਰਨ ਲਈ | |
| 5 | ਅਨੋਖ ਸਿੰਘ | ਉਹੀ | ਮਿਤੀ 5 ਨਵੰਬਰ 1992 ਨੂੰ ਬਹਾਲ ਕਰ ਦਿੱਤਾ ਹੈ। |
| 6 | ਰਾਜ ਕ੍ਰਿਸ਼ਨ ਅੱਗਰਵਾਲ | ਉਹੀ | ਉਹੀ |
| 7 | ਗੁਰਦੀਪ ਸਿੰਘ | ਉਹੀ | ਉਹੀ |
| 8 | ਐਨ.ਕੇ. ਭੱਲਾ | ਐਸ.ਵਾਈ.ਐਲ. ਮੁਹਾਲੀ ਵਿਖੇ ਮਿੱਟੀ ਦੇ ਕੰਮ ਸਬੰਧੀ ਕੀਤੀਆਂ ਬੇਕਾਇਦਗੀਆਂ ਅਤੇ ਗਲਤ ਖਰੀਦਾਂ ਕਰਨ ਲਈ | ਮਿਤੀ 23 ਦਸੰਬਰ 1993 ਨੂੰ ਬਹਾਲ ਕਰ ਦਿੱਤਾ ਹੈ। |
| 9 | ਸੁਰਜੀਤ ਸਿੰਘ | ਬੀ.ਬੀ.ਐਮ.ਬੀ. ਵਿਖੇ ਮਿਤੀ 23 ਜੁਲਾਈ, 1992 ਨੂੰ ਕੀਤੇ ਗਏ ਬਦਲੀ ਦੇ ਹੁਕਮਾਂ ਦੀ ਪਾਲਣਾ ਨਾ ਕਰਨਾ | -- |
| 10 | ਮਨਮੋਹਨ ਸਿੰਘ | ਉਹੀ | -- |
| 11 | ਆਰ.ਐਸ. ਪੱਡਾ | ਇੰਮਪਲਾਈਜ਼ ਕੰਡਕਟ ਰੂਲਜ਼, 1966 ਅਧੀਨ ਕਾਰਵਾਈ | |
| 12 | ਕੇ.ਐਲ. ਅਰੋੜਾ | ਮੈਸ: ਸਤਲੁਜ ਕੰਨਸਟਰਕਸ਼ਨ ਕੰਪਨੀ ਨੂੰ ਕੀਤੀ ਗਈ ਜਾਲ੍ਹੀ ਅਦਾਇਗੀ ਕਰਕੇ ਅਨੁਸ਼ਾਸਨੀ ਕਾਰਵਾਈ। | -- |
| 13 | ਟੀ.ਐਲ. ਭੰਡਾਰੀ | ਉਹੀ | -- |
| 14 | ਗੁਰਦੀਪ ਸਿੰਘ | ਆਰਬੀਟਰੇਟਰ ਨੂੰ ਗਲਤ ਸੂਚਨਾ ਦੇਣ ਕਰਕੇ | -- |

Original with;
Punjab Vidhan Sabha
Digitized by;
Panjab Digital Library

**ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ :** ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ 14 ਕਾਰਜਕਾਰੀ ਇੰਜੀਨੀਅਰ, ਜਨਵਰੀ, 1992 ਤੋਂ ਹੁਣ ਤੱਕ ਮੁਅਤਲ ਕੀਤੇ ਗਏ ਹਨ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਮੇਂ ਦੌਰਾਨ ਕੀ ਕੋਈ ਨਿਗਰਾਨ ਇੰਜੀਨੀਅਰ ਵੀ ਸਸਪੈਂਡ ਕੀਤਾ ਗਿਆ ਹੈ ? ਜੇਕਰ ਕੀਤਾ ਗਿਆ ਹੈ, ਤਾਂ ਉਸ ਦੇ ਕੀ ਕਾਰਨ ਸਨ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਐਕਸੀਅਨਜ਼ ਬਾਰੇ ਪੁਛਿਆ ਸੀ, ਉਸ ਦਾ ਮੈਂ ਜਵਾਬ ਦੇ ਦਿਤਾ ਹੈ। ਸੁਪਰਟੈਂਡਿੰਗ ਇੰਜੀਨੀਅਰਜ਼ ਬਾਰੇ ਮੈਂ ਦੱਸ ਸਕਦਾ ਹਾਂ ਕਿ ਸ੍ਰੀ ਰਾਮ ਕ੍ਰਿਸ਼ਨ ਨੂੰ ਮੁਕੇਰੀਆਂ ਹਾਈਡਲ ਤੇ ਬਰੀਚ ਹੋਣ ਕਾਰਨ ਸਸਪੈਂਡ ਕੀਤਾ ਗਿਆ ਸੀ, ਮਿਤੀ 5 ਜੂਨ, 1992 ਨੂੰ।

**ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸ੍ਰੀ ਰਾਮ ਕ੍ਰਿਸ਼ਨ ਐਸ.ਈ. ਮੁਕੇਰੀਆਂ ਹਾਈਡਲ ਪ੍ਰੋਜੈਕਟ ਨੂੰ ਸਕੱਤਰ, ਸਿੰਚਾਈ ਅਤੇ ਬਿਜਲੀ ਦੇ ਹੁਕਮ ਨੰਬਰ 2/7/92/ਆਈ.ਪੀ.ਪੀ. 1/27505 ਮਿਤੀ 5 ਜੂਨ, 1992 ਰਾਹੀਂ ਬਿਨਾਂ ਕਿਸੇ ਪੜਤਾਲ ਤੋਂ ਮੁਅੱਤਲ ਕੀਤਾ ਗਿਆ ਸੀ ਜਦ ਕਿ ਮੁੱਖ ਮੰਤਰੀ ਜੀ ਨੇ ਇੱਥੇ ਬਿਆਨ ਦਿਤਾ ਸੀ ਕਿ ਕਿਸੇ ਵੀ ਕਰਮਚਾਰੀ ਨੂੰ 6 ਮਹੀਨੇ ਤੋਂ ਜ਼ਿਆਦਾ ਸਸਪੈਂਡ ਨਹੀਂ ਰੱਖਿਆ ਜਾਵੇਗਾ, ਜਦ ਕਿ ਇਸ ਨੂੰ ਇਕ ਸਾਲ ਅਤੇ 9 ਮਹੀਨੇ ਸਸਪੈਂਡ ਕੀਤੇ ਨੂੰ ਹੋ ਗਏ ਹਨ। ਕੀ ਮੰਤਰੀ ਜੀ ਵਿਸ਼ਵਾਸ ਦਿਲਾਉਣਗੇ ਕਿ ਕਿੰਨੇ ਸਮੇਂ ਵਿੱਚ ਇਸ ਨੂੰ ਬਹਾਲ ਕਰ ਦਿਤਾ ਜਾਵੇਗਾ ?

**ਰਾਜ ਮੰਤਰੀ :** ਮੁਕੇਰੀਆਂ ਹਾਈਡਲ ਤੇ ਬ੍ਰੀਚ ਹੋਣ ਕਾਰਨ ਸੀਰੀਅਸ ਦੋਸ਼ ਪਾਇਆ ਗਿਆ ਸੀ। ਇਸ ਕਰਕੇ ਇਸ ਅਫਸਰ ਨੂੰ ਸਸਪੈਂਡ ਕੀਤਾ ਗਿਆ ਸੀ ਅਤੇ ਤੁਰੰਤ ਬਹਾਲ ਕਰਨ ਦਾ ਸਵਾਲ ਹੀ ਪੈਂਦਾ ਨਹੀਂ ਹੁੰਦਾ। ਲੇਕਿਨ, ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਸਪੈਨਸ਼ਨ ਕੋਈ ਸਜ਼ਾ ਨਹੀਂ ਹੁੰਦੀ, ਇਹ ਤਾਂ ਅਫਸਰ ਨੂੰ ਝਟਕਾ ਦੇਣ ਦੀ ਗੱਲ ਹੁੰਦੀ ਹੈ। ਅਫਸਰ ਨੂੰ ਸਸਪੈਂਡ ਇਸ ਲਈ ਵੀ ਕੀਤਾ ਜਾਂਦਾ ਹੈ ਤਾਂ ਕਿ ਉਹ ਪਾਵਰ ਵਿੱਚ ਹੁੰਦਾ ਹੋਇਆ ਇਨਕੁਆਇਰੀ ਵਿੱਚ ਕੋਈ ਅੜਚਨ ਜਾਂ ਦਬਾਅ ਨਾ ਪਾ ਸਕੇ ਅਤੇ ਇਨਕੁਆਇਰੀ ਨਿਰਪੱਖ ਹੋ ਸਕੇ। ਇਨਕੁਆਇਰੀ ਮੁਕੰਮਲ ਹੋਣ ਉਪਰੰਤ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ ਮੰਤਰੀ ਜੀ ਨੇ ਦੱਸਿਆ ਹੈ ਕਿ 14 ਐਕਸੀਅਨ ਸਿੰਚਾਈ ਵਿਭਾਗ ਦੇ ਸਸਪੈਂਡ ਹੋਏ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਵਿੱਚ ਐਸ.ਵਾਈ.ਐਲ. ਦਾ ਵੀ ਕੋਈ ਐਕਸੀਅਨ ਹੈ? ਕਿ ਉਨ੍ਹਾਂ ਨੂੰ ਚਾਰਜਸ਼ੀਟਾਂ ਵਗੈਰਾ ਜਾਰੀ ਕਰ ਦਿਤੀਆਂ ਗਈਆਂ ਹਨ ਜਾਂ ਅਜੇ ਪੈਂਡਿੰਗ ਹਨ ?

**ਰਾਜ ਮੰਤਰੀ :** ਹਾਂ ਜੀ, ਸਪੀਕਰ ਸਾਹਿਬ ਇਨ੍ਹਾਂ ਵਿੱਚ ਦੋ ਐਸ.ਵਾਈ.ਐਲ. ਦੇ ਵੀ ਐਕਸੀਅਨ ਹਨ। ਇੱਕ ਹੈ ਐਨ.ਕੇ. ਭੱਲਾ। ਉਸ ਨੂੰ 20 ਅਕਤੂਬਰ 1992 ਨੂੰ ਸਸਪੈਂਡ ਕੀਤਾ ਗਿਆ ਅਤੇ ਦੂਜਾ ਹੈ ਸਰਦਾਰ ਗੁਰਦੀਪ ਸਿੰਘ ਉਸ ਨੂੰ 2 ਫਰਵਰੀ, 1994 ਨੂੰ ਸਸਪੈਂਡ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਐਸ.ਵਾਈ.ਐਲ. ਦੇ ਦੋ ਹੋਰ ਐਕਸੀਅਨ ਵੀ ਸਸਪੈਂਡ ਕੀਤੇ ਗਏ ਹਨ, ਉਨ੍ਹਾਂ ਨੂੰ ਚਾਰਜਸ਼ੀਟਾਂ ਦਿਤੀਆਂ ਜਾ ਰਹੀਆਂ ਹਨ ਅਤੇ ਉਤਰ ਆਉਣ ਉਪਰੰਤ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਗੁਰਦਾਸਪੁਰ ਵਿਚ ਹੋਮਿਓਪੈਥਿਕ ਡਿਸਪੈਂਸਰੀਆਂ

*1660 (1) ਸ੍ਰੀ ਰਘੁਨਾਥ ਸਹਾਏ ਪੁਰੀ
(2) ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ
(3) ਸ੍ਰੀ ਕ੍ਰਿਸ਼ਨ ਕੁਮਾਰ ਕੌਸ਼ਲ
(4) ਸ੍ਰੀ ਕਿਸ਼ਨ ਚੰਦ

: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਜ਼ਿਲ੍ਹਾ ਗੁਰਦਾਸਪੁਰ ਵਿਚ ਇਸ ਸਮੇਂ ਕੁਲ ਕਿੰਨੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਹਨ ;

(ਅ) ਕੀ ਸਰਕਾਰ ਨੇੜੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ?

**Sardar Harcharan Singh Brar** : (a) Seven.

(b) A proposal is under consideratlon for 4 new Homoeopathic Dispensaries at the following places

1. Kalanaur.
2. Sujanpur.
3. Dera Baba Nanak.
4. Kot Santokh Rai.

**ਸ੍ਰੀ ਰਘੁਨਾਥ ਸਹਾਏ ਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹਾਂਗਾ ਅਤੇ ਨਾਲ ਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਬਾਰੇ ਇਹ ਕੋਈ ਸਮਾਂ ਨਿਰਧਾਰਤ ਕਰਨਗੇ?

**ਮੰਤਰੀ** : ਸਪੀਕਰ ਸਾਹਿਬ, 50 ਡਿਸਪੈਂਸਰੀਆਂ ਦੀ ਪ੍ਰੋਪੋਜ਼ਲ ਬਣਾ ਕੇ ਪਲੈਨਿੰਗ ਡਿਪਾਰਟਮੈਂਟ ਨੂੰ ਭੇਜੀ ਗਈ ਸੀ ਜੋ ਕਿ ਉਨ੍ਹਾਂ ਨੇ ਟਰਨ ਡਾਊਨ ਕਰ ਦਿਤੀ ਸੀ। ਦੂਜੀ ਵੇਰ ਫਿਰ ਪ੍ਰੋਪੋਜ਼ਲ ਭੇਜੀ ਗਈ ਪਰ ਉਨ੍ਹਾਂ ਨੇ ਫਿਰ ਟਰਨ ਡਾਊਨ ਕਰ ਦਿੱਤੀ। ਜਦੋਂ ਮਨਜ਼ੂਰ ਕਰਨਗੇ ਤਾਂ ਇਨ੍ਹਾਂ ਦੇ ਇਲਾਕੇ ਵਿੱਚ 4 ਡਿਸਪੈਂਸਰੀਆਂ ਖੋਲ੍ਹ ਦਿਤੀਆਂ ਜਾਣਗੀਆਂ।

**ਸ੍ਰੀ ਉਪਿੰਦਰ ਕੁਮਾਰ ਸ਼ਰਮਾ** : ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਨੂੰ ਇਹ ਦਰਖਾਸਤ ਕਰਨੀ ਚਾਹੁੰਦਾ ਹਾਂ ਕਿ ਇਸ ਦੇ ਲਈ ਪਲੈਨਿੰਗ ਬੋਰਡ ਨੂੰ ਪਰੇਸ ਕਰਨਾ ਚਾਹੀਦਾ ਹੈ। It is a very important portfolio. ਔਰ ਇਹ ਲੋਕਾਂ ਦੀ ਸਿਹਤ ਨਾਲ ਤਾਅਲੁੱਕ

Original with;
Punjab Vidhan Sabha
Digitized by;
Panjab Digital Library

ਰੱਖਦਾ ਹੈ। He should pursue it and press upon the state Planning Board. ਇਸ ਨਾਲ ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਦੇ ਲਈ ਪੈਸੇ ਮਨਜ਼ੂਰ ਕਰਵਾ ਕੇ ਕਦੋਂ ਤੱਕ ਨਵੀਆਂ ਡਿਸਪੈਂਸਰੀਆਂ ਖੋਲ੍ਹੀਆਂ ਜਾਣਗੀਆਂ।

**ਸ੍ਰੀ ਸ਼ਪੀਕਰ :** ਇਨ੍ਹਾਂ ਨੇ ਪਹਿਲਾਂ ਹੀ ਕਿਹਾ ਹੈ ਕਿ ਜਦੋਂ ਬੋਰਡ ਅਪਰੂਵ ਕਰ ਦੇਵੇਗਾ ਤਾਂ ਫਿਰ ਬਣਾਉਣੀਆਂ ਸ਼ੁਰੂ ਹੋਣਗੀਆਂ। ਮੰਤਰੀ ਜੀ, ਤੁਸੀਂ ਦੂਸਰੇ ਸਵਾਲ ਦਾ ਜਵਾਬ ਦੇ ਦਿਓ ਕਿ ਇਸ ਮਾਮਲੇ ਨੂੰ ਪਰਸਿਊ ਕਰੋਗੇ ? (ਵਿਘਨ)

## ਰਾਜ ਵਿਚ ਹੋਮਿਓਪੈਥਿਕ ਕਾਲਜਾਂ ਦੀ ਗਿਣਤੀ

*1629. (1) **ਸਰਦਾਰ ਹਰਨੇਕ ਸਿਘ ਘੜੂੰਆਂ**
(2) **ਸ੍ਰੀ ਕਿਸ਼ਨ ਕੁਮਾਰ ਕੋਸ਼ਲ** } : ਕੀ ਸਿਹਤ ਅਤੇ ਪਰਿਵਾਰ

ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿਚ 31 ਦਸੰਬਰ, 1993 ਨੂੰ ਚੱਲ ਰਹੇ ਮਾਨਤਾ ਪ੍ਰਾਪਤ ਹੋਮਿਓਪੈਥਿਕ ਕਾਲਜਾਂ ਦੀ ਗਿਣਤੀ ਕਿੰਨੀ ਸੀ ਅਤੇ ਉਹ ਕਿਥੇ-ਕਿਥੇ ਹਨ ;

(ਅ) ਅਜਿਹੇ ਹਰ ਇਕ ਕਾਲਜ ਵਿਚ 31 ਦਸੰਬਰ, 1993 ਨੂੰ ਵਿਦਿਆਰਥੀਆਂ ਦੀ ਗਿਣਤੀ ਕਿੰਨੀ-ਕਿੰਨੀ ਸੀ ;

(ੲ) ਕੀ ਅਜਿਹੇ ਸਾਰੇ ਕਾਲਜ ਰਾਜ ਦੀਆਂ ਯੂਨੀਵਰਸਿਟੀਆਂ ਨਾਲ ਸਬੰਧਤ ਹਨ?

**Sardar Harcharan Singh Brar** : (a) Five. Two at Ludhiana and one each at Chandigarh, Abohar and Tarn Taran.

(b) Stated in the Annexure.

(c) No, Sir.

**Annexure**

| Sr. No. | Names of Colleges | | Number of Students |
|---|---|---|---|
| 1 | Homoeopathic Medical College, Chandigarh | .. | 223 |
| 2 | Homoeopathic Medical College, Abohar | .. | 137 |
| 3 | Lord Mahavira Homoeopathic Medical College, Ludhiana | .. | 241 |
| 4 | Kalyan Homoeopathic Medical College, Tarn Taran (New College) | .. | 71 |
| 5 | Sri Guru Nanak Dev Homoeopathic Medical College, Ludhiana, (New College) | .. | 83 |
| | Total | .. | 755 |

**ਸਰਦਾਰ ਹਰਨੇਕ ਸਿੰਘ ਘੜੂੰਆਂ** : ਸਪੀਕਰ ਸਾਹਿਬ, ਮੁਹਾਲੀ ਵਿਖੇ ਇਸ ਤਰ੍ਹਾਂ ਦਾ (ਹੋਮਿਓਪੈਥਿਕ) ਕਾਲਜ ਚੱਲ ਰਿਹਾ ਹੈ। ਕੀ ਸਰਕਾਰ ਉਸ ਨੂੰ ਐਫੀਲੀਏਸ਼ਨ ਦੇਣ ਦਾ ਵਿਚਾਰ ਰੱਖਦੀ ਹੈ?

**ਮੰਤਰੀ** : ਸਪੀਕਰ ਸਾਹਿਬ ਇਸ ਸਬੰਧ ਵਿੱਚ ਆਲ ਇੰਡੀਆ ਹੋਮਿਓਪੈਥਿਕ ਕੌਂਸਲ ਹੈ। ਉਹ ਪਹਿਲਾਂ ਅਪਰੂਵ ਕਰਦੀ ਹੈ ਅਤੇ ਫਿਰ ਅਸੀਂ ਇਜਾਜ਼ਤ ਦਿੰਦੇ ਹਾਂ। ਇਸ ਵਾਸਤੇ ਸ਼ਰਤਨ ਨਾਰਮਜ਼ ਹਨ।

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰੀਵਾਰ ਭਲਾਈ ਮੰਤਰੀ]

ਜਿਹੜੇ ਵੀ ਕਾਲਜ ਇਹ ਨਾਰਮਜ਼ ਪੂਰਾ ਕਰਦੇ ਹਨ, ਉਨ੍ਹਾਂ ਨੂੰ ਅਸੀਂ ਐਫੀਲੀਏਸ਼ਨ ਦੇ ਦਿੰਦੇ ਹਾਂ।

**ਸਰਦਾਰ ਹਰਨੇਕ ਸਿਘ ਘੜੂੰਆਂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਤੋਂ ਪੁੱਛਣਾ ਚਾਹੁੰਦਾ ਹਾਂ ਉਹ ਕਿ ਜਿਹੜੇ ਨਾਰਮਜ਼ ਹਨ ਜਿਨ੍ਹਾਂ ਨੂੰ ਮੁੱਖ ਰੱਖ ਕੇ ਐਫੀਲੀਏਸ਼ਨ ਦਿੱਤੀ ਜਾਂਦੀ ਹੈ ? ਕੀ ਮੰਤਰੀ ਜੀ ਦੱਸਣਗੇ ?

**Minister :** Sir, these are the norms :—

Thirty-three teachers are required,

25 bedded hospital, hospital staff, laboratory and equipment, hospital building (boys and girls).

College building, hospital building.

**ਕਾਮਰੇਡ ਤਰਸੇਮ ਜੋਧਾਂ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਰਾਜ ਵਿਚ ਹੋਮਿਓਪੈਥਿਕ ਸਿਸਟਮ ਨੂੰ ਡਿਵੈਲਪ ਕਰਨ ਵਾਸਤੇ ਇਨ੍ਹਾਂ ਕਾਲਜਾਂ ਨੂੰ ਆਉਣ ਵਾਲੇ ਸਮੇਂ ਵਿਚ ਯੂਨੀਵਰਸਿਟੀ ਨਾਲ ਐਫੀਲੀਏਟਿਡ ਕਰਨ ਦਾ ਅਤੇ ਆਪਣੇ ਵੱਲੋਂ ਸਰਕਾਰੀ ਹੋਮਿਓਪੈਥੀ ਕਾਲਜ ਖੋਲ੍ਹਣ ਦਾ ਸਰਕਾਰ ਕੋਈ ਵਿਚਾਰ ਰੱਖਦੀ ਹੈ ਤਾਂ ਕਿ ਇਸ ਸਿਸਟਮ ਨੂੰ ਪੰਜਾਬ ਵਿਚ ਡਿਵੈਲਪ ਕੀਤਾ ਜਾ ਸਕੇ ?

**ਮੰਤਰੀ :** ਸਪੀਕਰ ਸਾਹਿਬ, ਇਹ ਸਾਰੇ ਕਾਲਜ ਪ੍ਰਾਈਵੇਟ ਹਨ। ਇਨ੍ਹਾਂ ਵਿਚੋਂ ਕੋਈ ਵੀ ਕਾਲਜ ਪੰਜਾਬ ਦੀਆਂ ਯੂਨੀਵਰਸਿਟੀਆਂ ਨਾਲ ਸਬੰਧਤ ਨਹੀਂ ਹੈ। ਸਾਡੇ ਕੋਲ ਫੰਡਜ਼ ਦੀ ਸ਼ਾਰਟੇਜ ਹੈ। ਜਦੋਂ ਹੋਣਗੇ ਤਾਂ ਕਾਲਜ ਖੋਲ੍ਹਾਂਗੇ।

**ਸ਼੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਹੋਮਿਓਪੈਥਿਕ ਕਾਲਜ ਦੱਸੇ ਹਨ, ਉਨ੍ਹਾਂ ਦੀ ਵਨ ਆਫ ਦੀ ਕੰਡੀਸ਼ਨਜ਼ ਇਹ ਦਸੀ ਹੈ ਕਿ ਇਨ੍ਹਾਂ ਦੇ ਆਪਣੇ ਹਸਪਤਾਲ ਹੋਣੇ ਚਾਹੀਦੇ ਹਨ। ਕੀ ਇਨ੍ਹਾਂ ਸਾਰੇ ਕਾਲਜਾਂ ਦੇ ਹਸਪਤਾਲ ਹਨ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਵਿੱਚੋਂ ਤਿੰਨ ਐਸੇ ਹਨ ਜਿਨ੍ਹਾਂ ਦੇ ਹਸਪਤਾਲ ਹਨ ਔਰ ਦੋ ਐਸੇ ਹਨ ਜਿਨ੍ਹਾਂ ਦੇ ਹਸਪਤਾਲ ਨਹੀਂ ਹਨ।

**श्रीमती लक्ष्मी कांता चावला :** अध्यक्ष महोदय, आप के सामने उत्तर आया है कि नार्मज़ के मुताबिक कालेज का अस्पताल होना चाहिए लेकिन बिना अस्पताल के भी कुछ कालेज चल रहे हैं। यह किस की आज्ञा से चल रहे हैं? क्या उन पर नार्मज लागू नहीं होते ?

**ਮੰਤਰੀ :** ਨਹੀਂ ਜੀ, ਇਜਾਜ਼ਤ ਕਿਸੇ ਨੇ ਨਹੀਂ ਦਿੱਤੀ ਬਲਕਿ ਕੌਂਸਲ ਨੇ ਡੀਰੀਕੋਗਨਾਈਜ਼ ਕੀਤੇ। (ਵਿਘਨ) ਉਹ ਹਾਈ ਕੋਰਟ ਚਲੇ ਗਏ। ਕੇਸ ਪੈਂਡਿੰਗ ਹੈ। ਹਾਈ ਕੋਰਟ ਦਾ ਡਿਸੀਜ਼ਨ ਹੋਣਾ ਹੈ।

**श्रीमती लक्ष्मी कांता चावला :** उन को क्यों खोला गया है ?

**ਮੰਤਰੀ :** ਪਹਿਲਾਂ ਜਵਾਬ ਦੇ ਚੁੱਕੇ ਹਾਂ। (ਵਿਘਨ)

Original with;
Punjab Vidhan Sabha
Digitized by;
Panjab Digital Library

**श्रीमती लक्ष्मी कांता चावला** : जो दो अस्पताल चल रहे हैं वह कैसे चल रहे हैं ?

**ਮੰਤਰੀ** : ਕੀ ਸਵਾਲ ਹੈ ?

**ਸ੍ਰੀ ਸਪੀਕਰ** : ਇਨ੍ਹਾਂ ਨੇ ਪੁਛਿਆ ਹੈ ਕਿ ਜੇਕਰ ਹਸਪਤਾਲ ਨਹੀਂ ਸਨ ਤਾਂ ਫਿਰ ਰੀਕੋਗਨੀਸ਼ਨ ਕਿਉਂ ਦਿੱਤੀ ਗਈ ?

**ਮੰਤਰੀ** : ਮੈਂ ਤੇ ਕਿਹਾ ਜੀ, ਰਿਕੋਗਨੀਸ਼ਨ ਦਿੱਤੀ ਨਹੀਂ (ਵਿਘਨ)

**ਸ੍ਰੀ ਮਤੀ ਲਕਸ਼ਮੀ ਕਾਂਤਾ ਚਾਵਲਾ** : ਤਿੰਨਾਂ ਨੂੰ ਦਿੱਤੀ ਹੈ ਦੋ ਜਿਹੜੇ ਰਹਿੰਦੇ ਹਨ.....

**ਸ੍ਰੀ ਸਪੀਕਰ** : ਇਹ ਕਹਿ ਰਹੇ ਹਨ ਕਿ ਰਿਕੋਗਨਾਈਜ਼ਡ ਨਹੀਂ ਹਨ।

**ਸ੍ਰੀ ਵਿਜੇ ਕੁਮਾਰ ਸਾਥੀ** : ਸਪੀਕਰ ਸਾਹਿਬ, ਸਿਹਤ ਮੰਤਰੀ ਜੀ ਨੇ ਜਵਾਬ ਵਿੱਚ ਹੁਣੇ-ਹੁਣੇ ਦੱਸਿਆ ਹੈ ਕਿ ਜਦੋਂ ਫੰਡਜ਼ ਰੇਜ਼ ਕੀਤੇ ਜਾਣਗੇ ਜਾਂ ਫੰਡਾਂ ਦਾ ਉਪਬੰਧ ਹੋ ਜਾਵੇਗਾ ਤਾਂ ਉਦੋਂ ਇਹ ਕਾਲਜ ਖੋਲ੍ਹਣ ਦਾ ਪ੍ਰਬੰਧ ਕਰਨਗੇ। ਸਰਕਾਰੀ ਰਿਕਾਰਡ ਦੇ ਮੁਤਾਬਿਕ ਸਿਹਤ ਸੇਵਾਵਾਂ ਤੇ ਸਿਰਫ ਸਵਾ ਪ੍ਰਤੀਸ਼ਤ ਫੰਡ ਰੱਖੇ ਗਏ ਯਾਨੀ ਕਿ 1.25 ਪ੍ਰਤੀਸ਼ਤ। ਕੀ ਮੰਤਰੀ ਜੀ ਇਹ ਵਿਸ਼ਵਾਸ ਦਿਵਾਉਂਦੇ ਹਨ ਕਿ ਜਿਹੜੀ ਦਿੱਲੀ ਵਿੱਚ ਮੀਟਿੰਗ ਹੋਈ, ਉਸ ਦੇ ਮੁਤਾਬਿਕ 5 ਪ੍ਰਤੀਸ਼ਤ ਫੰਡ ਰੱਖੇ ਜਾਣਗੇ ?

**Mr. Speaker** : Please sit down.

**ਸ੍ਰੀ ਵਿਜੇ ਕੁਮਾਰ ਸਾਥੀ** : ਸਪੀਕਰ ਸਾਹਿਬ, ਇਹ ਸਾਰੀਆਂ ਗੱਲਾਂ ਸਿਹਤ ਨਾਲ ਤਾਅਲੁੱਕ ਰਖਦੀਆਂ ਹਨ ......

**Mr. Speaker** : Please sit down. ਇਸ ਸਵਾਲ ਦੇ ਨਾਲ ਇਸ ਦਾ ਕੋਈ ਤਾਅਲੁਕ ਨਹੀਂ ਹੈ। This is no supplementary.

**ਸ੍ਰੀ ਮਲਕੀਤ ਸਿੰਘ ਬੀਰਮੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਬੋਲ ਰਹੇ ਸੀ ਤੁਸੀਂ ਦੋ ਵਾਰੀ ਕਿਹਾ ਕਿ ਇਹ ਸਪਲੀਮੈਂਟਰੀ ਨਹੀਂ ਫਿਰ ਵੀ ਉਨ੍ਹਾਂ ਆਪਣਾ ਭਾਸ਼ਣ ਸ਼ੁਰੂ ਕਰ ਦਿਤਾ ਪਰ ਉਨ੍ਹਾਂ ਨੂੰ ਤੁਸੀਂ ਪੁੱਛਿਆ ਨਹੀਂ।

**Mr. Speaker** : Do not disturb, please.

---

## ਰਾਜ ਸਰਕਾਰ ਦੀਆਂ ਕਾਰਪੋਰੇਸ਼ਨਾਂ/ਬੋਰਡਾਂ ਦੀਆਂ ਇਮਾਰਤਾਂ

*1991. **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਵਿਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਰਾਜ ਸਰਕਾਰ ਦੀਆਂ ਉਨ੍ਹਾਂ ਕਾਰਪੋਰੇਸ਼ਨਾਂ ਅਤੇ ਬੋਰਡਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਦੀਆਂ ਆਪਣੀਆਂ ਇਮਾਰਤਾਂ ਹਨ ਅਤੇ ਇਹ ਕਿਥੇ ਕਿਥੇ ਹਨ ?

**Doctor Kewal Krishan** : List of Public Undertakings/Corporation/Boards having their own building is attached.

Original with;
Punjab Vidhan Sabha
Digitized by;
Panjab Digital Library

[Finance Minister]

**List**

| Sr. No. | Name of PSU/Board | Location of Building owned by PSUs/Board |
|---|---|---|
| 1 | 2 | 3 |
| 1. | Punjab State Industrial Development Corporation. | .. A portion of building No. 18, Himalaya Marg, Sector 17, Chandigarh. |
| 2. | Punjab Small Industries and Export Corporation. | .. A portion of Building No. 18, Himalaya Marg, Sector 17, Chandigarh. |
| 3. | Punjab State Leather Development Corporation. | 1. Hide Flaying and Carcass Utilisation Centre, Ferozepur. |
| | | 2. Ditto Hoshiarpur. |
| | | 3. Ditto Bhatinda. |
| | | 4. Ditto Malout (Faridkot) |
| | | 5. Ditto Samana (Patiala) |
| | | 6. Ditto Kalanaur (Gurdaspur) |
| | | 7. Ditto Amritsar |
| | | 8. Ditto Malerkotla |
| | | 9. Ditto Jalandhar City |
| | | TANNING CENTRES |
| | | 1. Tanning Centre, Banga. |
| | | 2. Ditto Malerkotla |
| | | 3. Ditto Kotkapura |
| | | 4. Ditto Amritsar. |
| | | & also Lands of two subsidiary units namely Punjab Tanneries Ltd. Jalandhar and Punjab Footwears Ltd., Jalandhar City. |

Original with;
Punjab Vidhan Sabha
Digitized by;
Panjab Digital Library

| 1 | 2 | 3 |
|---|---|---|
| 4. | Goindwal Industries and Investment Corporation | .. Executive Engineer Office Building at Goindwal Sahib. |
| 5. | Punjab State Hosiery and Knitwear Development Corporation. | .. Leased building at A—10, Phase V, Focal Point, Ludhiana. |
| 6. | Punjab State Electronics Development and Production Corporation. | .. A portion of building No. 18, Himalaya Marg, Sector, 17, Chandigarh. |
| 7. | Punjab Khadi and Village Industries Board. | .. District Office Complex of Khadi Sewa Sangh, near Railway Goods Office Jalandhar City. |
| 8. | Punjab Financial Corporation. | .. S. C. O. No. 95—98, Sector 17-B, Chandigarh. |
| 9. | Punjab Agro Industries Corporation | .. 1. Plot No. 2-A, Sector 28-A, Madhya Marg, Chandigarh. |
| | | 2. Salem Tabri, Ludhiana. |
| | | 3. Ladowali Road, Jalandhar. |
| | | 4. Pathankot Road, Gurdaspur. |
| | | 5. Mehlon Road, Sangrur. |
| | | 6. Village Kang Mai (Kinnow Grading Centre) Dasuya Road, District Hoshiarpur. |
| 10. | Punjab Land Development and Reclamation Corporation. | .. Branch Office, Salem Tabri, G.T. Road, Ludhiana. |
| 11. | Punjab State Forest Development Corporation. | .. —Nil— |
| 12. | Punjab State Seeds Corporation. | 1. Seed Processing Complex, Dhandari Kalan, Ludhiana. |
| | | 2. Seed Processing Complex, Kishangarh Road, Kartarpur. |
| | | 3. Seed Processing Complex, Industrial Focal Point, Kotkapura. |

Original with;
Punjab Vidhan Sabha
Digitized by;
Panjab Digital Library

[Finance Minister]

| 1 | 2 | 3 |
|---|---|---|
| 13. | Punjab Mandi Board. | S. C. O. No. 149—152, Sector 17-C, Chandigarh. |
| 14. | Punjab Energy Development Agency | —Nil— |
| 15. | Punjab Backward Classes Land and Development Finance Corporation. | —Nil— |
| 16. | Punjab Scheduled Castes Land Development and Finance Corporation. | —Nil— |
| 17. | Punjab Women and Children Development and Welfare Corporation. | Plot No. C-115, Industrial Area, Phase-VII, S. A. S., Nagar. |
| 18. | Punjab State Tubewell Corporation | —Nil— |
| 19. | Punjab State Warehousing Corporation | S. C. O. No. 74-75, Sector 17-A, Chandigarh. |
| 20. | Punjab Housing Development Board. | 1. S. C. O. No. F. I—12, Phase-I, Mohali.<br>2. S. C. O. 41, Ladowali Road, Jalandhar. |
| 21. | Punjab Tourism Development Corporation | 1. Near Bus Stand, Amritsar.<br>2. National Highway No. 1, Near Village Bhattian, Ludhiana.<br>3. Ludhiana Chandigarh Highway, on the bank of Sirhind Canal Neelon, District Ludhiana.<br>4. National Highway No. 1, Bhakhra Main Line Canal, Sirhind.<br>5. Pathankot—Jammu Highway, on the bank of Upper Bari Doab, Madhopur.<br>6. Boat Club, Ropar.<br>7. Simla Pahadi, Mission Road, Pathankot. |

Original with; Punjab Vidhan Sabha Digitized by; Panjab Digital Library

| 1 | 2 | 3 |
|---|---|---|
| | | 8. On the Road Joining Keshgarh Sahib, Anandgarh Fort, Anandpur Sahib. |
| | | 9. Near Main Market, Nangal. |
| | | 10. National Highway No. 1, Kartarpur. |
| | | 11. On Ambala-Rajpura Road Shambu (Kachnar Tourist Complex) |
| | | 12. Wagha Border (Neem Chameli Tourist Complex) |
| | | 13. G. T. Road, Phagwara (Blue Bell Tourist Complex) |
| | | 14. National Highway No. 1, Near Village Bhattian, Ludhiana. |
| | | 15. Dabwali Road, Malout, on the bank of Sirhind Feeder Canal. |
| | | 16. Patiala-Patran-Nirwana Road, on the bank of Bhakhra Main Canal, Khanauri. |
| | | 17. Mussoorie (U. P.) (Sapling Estate Holiday Resort) |
| | | 18. Niremar, Panjam, (Goa) (Sohni Holiday Resort) |
| | | 19. Yole Road, Dharmshala (H. P.) (Pb. Tourism Holiday Resort) |
| 22. | Punjab Water Supply and Sewerage Board. | .. Plot No. 1-B, Sector 27-A, Madhya Marg, Chandigarh. |
| 23. | Punjab Police Housing Corporation | .. —Nil— |
| 24. | Punjab State Civil Supplies Corporation | .. —Nil— |
| 25. | Punjab Poultry Development Corporation | .. Meat Processing Plant, Kharar. |
| 26. | Punjab Ex-Servicemen Corporation. | .. Nil. |
| 27. | Pepsu Road Transport Corporation | 1. Nabha Road, Patiala; 2. Sirhind Gate, Patiala; 3. Bus Stand, Patiala.; 4. Bathinda.; 5. Sangrur; 6. Kapurthala.; 7. Faridkot.; 8. Budhlada.; 9. Ludhiana.; 10. Chandigarh.; 11. Phagwara; 12. Ahmedgarh.; 13. Barnala.; 14. Kothi No. 1594, Sector 34, Chandigarh. |
| 28. | Punjab Film and News Corporation. | .. —Nil— |
| 29. | Council of Science and Technology. | .. —Nil— |
| 30. | Rural Development Board. | .. —Nil— |

Original with; Punjab Vidhan Sabha Digitized by; Panjab Digital Library

**ਸਰਦਾਰ ਨਿਰਮਲ ਸਿੰਘ ਨਿੰਮਾ.** ਮਾਨਯੋਗ ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਟੇਬਲ ਤੇ ਲਿਸਟ ਰੱਖੀ ਹੈ, ਕਾਰਪੋਰੇਸ਼ਨਾਂ ਤੇ ਬੋਰਡਾਂ ਦੀਆਂ ਬਿਲਡਿੰਗਾਂ ਬਾਰੇ, ਉਸ ਦੇ ਵਿਚ 30 ਕਾਰਪੋਰੇਸ਼ਨਾਂ/ ਬੋਰਡਾਂ ਦੇ ਨਾਂ ਦਿਤੇ ਹਨ। ਇਕ ਤਾਂ ਇਸ ਵਿਚ ਤਰੁੱਟੀ ਇਹ ਸੀ ਕਿ ਇਸ ਵਿਚ ਐਜੂਕੇਸ਼ਨ ਤੇ ਬਿਜਲੀ ਬੋਰਡ ਦਾ ਵੇਰਵਾ ਨਹੀਂ ਦਿਤਾ। ਦੂਸਰੀ ਗੱਲ ਇਹ ਹੈ ਕਿ 11 ਕਾਰਪੋਰੇਸ਼ਨਾਂ/ ਬੋਰਡਾਂ ਦੀ ਆਪਣੀ ਇਮਾਰਤ ਨਹੀਂ। ਇਸ ਦੇ ਕੀ ਕਾਰਨ ਹਨ? ਇਸ ਤੋਂ ਇਲਾਵਾ, ਐਸ.ਸੀ. ਕਾਰਪੋਰੇਸ਼ਨ ਦੇ ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਸਮੇਂ ਤੋਂ ਇਹ ਕਿਰਾਏ ਤੇ ਚਲ ਰਹੀ ਹੈ? ਕੀ ਉਸ ਦਾ ਆਪਣਾ ਕੋਈ ਪਲਾਟ ਪਰਚੇਜ਼ ਕੀਤਾ ਹੋਇਆ ਹੈ ਜਿਸਤੇ ਬਿਲਡਿੰਗ ਉਸਾਰੀ ਜਾਣੀ ਹੈ ਅਤੇ ਜੇਕਰ ਹੁਣ ਤਕ ਨਹੀਂ ਉਸਾਰੀ ਗਈ ਤਾਂ ਉਸ ਦੇ ਕੀ ਕਾਰਨ ਹਨ ? ਹਾਊਸ ਨੂੰ ਇਸ ਬਾਰੇ ਜਾਣੂ ਕਰਵਾਇਆ ਜਾਵੇ।

**ਸ਼੍ਰੀ ਸਪੀਕਰ :** ਹਾਊਸ ਨੇ ਜਾਣਕਾਰੀ ਲੈਣੀ ਹੈ ਕਿ ਤੁਸੀਂ ਜਾਣਕਾਰੀ ਲੈਣੀ ਹੈ? ਏਨੇ ਸਵਾਲ ਪੁੱਛੇ ਹਨ ਕੀ ਐਫ.ਐਮ. ਸਾਹਿਬ ਕਨਫਿਊਜ਼ ਨਹੀਂ ਹੋਣਗੇ? ਤੁਸੀਂ ਜੋ ਪੁੱਛਣਾ ਚਾਹੁੰਦੇ ਹੋ ਪੁੱਛੋ।

**ਸਰਦਾਰ ਨਿਰਮਲ ਸਿੰਘ ਨਿੰਮਾ :** ਐਸ.ਸੀ. ਕਾਰਪੋਰੇਸ਼ਨ ਬਿਲਡਿੰਗ ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਰਾਏ ਤੇ ਹੈ; ਉਸ ਦੀ ਆਪਣੀ ਜ਼ਮੀਨ ਖਰੀਦੀ ਹੋਈ ਹੈ ਪਰ ਉਸ ਦੀ ਬਿਲਡਿੰਗ ਅਜੇ ਤਕ ਕਿਉਂ ਨਹੀਂ ਉਸਾਰੀ ? ਇਸ ਦੇ ਕੀ ਕਾਰਨ ਹਨ?

**ਮੰਤਰੀ :** ਸਪੀਕਰ ਸਾਹਿਬ ਪੰਜਾਬ ਸ਼ਡਿਊਲਡ ਕਾਸਟਸ ਐਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ ਕੋਲ ਇਕ ਏਕੜ ਜ਼ਮੀਨ ਹੈ, ਐਸ.ਏ.ਐਸ. ਨਗਰ ਦੇ ਵਿਚ ਔਰ ਉਹ ਪਰ-ਪੋਜ਼ਲ ਬਣਾ ਰਹੇ ਹਨ ਕਿ ਬਿਲਡਿੰਗ ਉਸਾਰੀ ਜਾਵੇ। ਜਿਸ ਵੇਲੇ ਉਨ੍ਹਾਂ ਵਾਸਤੇ ਫੰਡ ਉਪਲਬਧ ਹੋਣਗੇ ਉਹ ਜ਼ਰੂਰ ਬਿਲਡਿੰਗ ਬਣਾਉਣਗੇ।

**ਸਰਦਾਰ ਨਿਰਮਲ ਸਿੰਘ ਨਿੰਮਾ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਦਸਿਆ ਕਿ ਇਨ੍ਹਾਂ ਕੋਲ ਜ਼ਮੀਨ ਤਾਂ ਹੈ ਪਰ ਜਦੋਂ ਫੰਡ ਉਪਲਬਧ ਹੋਣਗੇ ਤਾਂ ਉਹ ਜ਼ਰੂਰ ਬਿਲਡਿੰਗ ਬਣਾਉਣਗੇ। ਕੀ ਇਸ ਦੇ ਵਿਚ ਕਿਸੇ ਅਧਿਕਾਰੀ ਦਾ ਹੱਥ ਤਾਂ ਨਹੀਂ ਕਿ ਜਦੋਂ ਵੀ ਇਸ ਦਾ ਕੇਸ ਤਿਆਰ ਕੀਤਾ ਜਾਂਦਾ ਹੈ ਉਸ ਨੂੰ ਕੁਝ ਕਾਰਨਾਂ ਕਰਕੇ ਸਰਕਾਰ ਕੋਲ ਨਹੀਂ ਭੇਜਿਆਂ ਜਾਂਦਾ ? ਕੀ ਮੰਤਰੀ ਜੀ ਇਸ ਦੀ ਇਨਕੁਆਇਰੀ ਕਰਾਉਣਗੇ ?

**ਮੰਤਰੀ :** ਕੋਈ ਇਸ ਤਰ੍ਹਾਂ ਦੀ ਸ਼ਿਕਾਇਤ ਮਿਲੇਗੀ ਤਾਂ ਜ਼ਰੂਰ ਇਨਕੁਆਇਰੀ ਕਰਵਾਵਾਂਗੇ।

**ਸਰਦਾਰ ਗੁਰਚੇਤ ਸਿੰਘ ਭੁੱਲਰ :** ਸਪੀਕਰ ਸਾਹਿਬ, ਕਰਾਈਟੇਰੀਆਂ ਕੀ ਹੈ ਜਿਨ੍ਹਾਂ ਖਾਸ ਬੰਦਿਆਂ ਨੂੰ ਤੁਸੀਂ ਸਪਲੀਮੈਂਟਰੀ ਦੀ ਰਿਆਇਤ ਦਿੰਦੇ ਹੋ ?

**ਸ਼੍ਰੀ ਸਪੀਕਰ :** ਜਿਸ ਦਾ ਮੇਰੇ ਨਾਲ ਨੇੜ ਹੋਵੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਚੇਤ ਸਿੰਘ ਭੁੱਲਰ :** ਉਨ੍ਹਾਂ ਦੇ ਨਾਮ ਦਸ ਦਿਉ।

**ਸ੍ਰੀ ਸਪੀਕਰ :** ਇਕ ਤਾਂ ਭੁੱਲਰ ਸਾਹਿਬ ਹੀ ਹਨ।

ਸਰਦਾਰ ਗੁਰਚੇਤ ਸਿੰਘ ਭੁੱਲਰ : ਤੁਸੀਂ ਨਾਮ ਦਸ ਦਿਉ, ਮਾੜਾ ਜਿਹਾ ਪਤਾ ਲਗ ਜਾਵੇਗਾ।

**ਸ੍ਰੀ ਸਪੀਕਰ :** ਅਗਲਾ ਸਵਾਲ।

### ਕੀਟ ਨਾਸ਼ਕ ਦਵਾਈਆਂ ਦਾ ਪ੍ਰਯੋਗਸ਼ਾਲਾ ਟੈਸਟ

*1913. ਸ੍ਰੀ ਮਦਨ ਮੋਹਨ ਮਿੱਤਲ : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ --

(ੳ) ਸਾਲ 1990-91, 1991-92, 1992-93 ਅਤੇ 1993-94 (ਮਿਤੀ ਅੰਤ ਤੱਕ) ਦੇ ਦੌਰਾਨ ਰਾਜ ਵਿਚ ਰਸਾਇਣਕ ਟੈਸਟਾਂ ਲਈ ਕੀਟ ਨਾਸ਼ਕ ਦਵਾਈਆਂ ਦੇ ਕਿੰਨੇ ਸੈਂਪਲ ਭਰੇ ਗਏ ਅਤੇ ਉਨ੍ਹਾਂ ਕੀਟ ਨਾਸ਼ਕ ਦਵਾਈਆਂ ਨੂੰ ਤਿਆਰ ਕਰਨ ਵਾਲੀਆਂ ਕੰਪਨੀਆਂ ਦੇ ਨਾਂ ਕੀ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸੈਂਪਲਾਂ ਵਿਚੋਂ ਉਨ੍ਹਾਂ ਸੈਂਪਲਾਂ ਦੀ ਗਿਣਤੀ ਅਤੇ ਵੇਰਵੇ ਕੀ ਕੀ ਹਨ ਜੋ ਉਕਤ ਸਮੇਂ ਦੇ ਦੌਰਾਨ ਰਾਜ ਪ੍ਰਯੋਗਸ਼ਾਲਾ ਵਿਚ ਪਰਖੇ ਗਏ ਸਨ;

(ੲ) ਕੀ ਉਪਰੋਕਤ ਭਾਗ (ਅ) ਵਿਚ ਵਰਣਿਤ ਸੈਂਪਲ ਸੈਂਟਰਲ ਇਨਸੈਕਟੀਸਾਈਡ ਲਬੋਰਟਰੀ ਨੂੰ ਵੀ ਟੈਸਟ ਲਈ ਭੇਜੇ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਟੈਸਟਾਂ ਦੇ ਕੀ ਸਿਟੇ ਨਿਕਲੇ ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ :** (ੳ)

(i)

| ਸਾਲ | ਕੈਮੀਕਲ ਟੈਸਟ ਲਈ ਲਏ ਗਏ ਕੁਲੱ ਸੈਂਪਲਾਂ ਦੀ ਗਿਣਤੀ |
|---|---|
| 1990-91 | 1229 |
| 1991-92 | 1478 |
| 1992-93 | 1761 |
| 1993-94 | 2247 (31 ਜਨਵਰੀ, 1994 ਤੱਕ) |

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

(ii) ਸਟੇਟਮੈਂਟ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਅ) ਭਾਗ (ੳ) ਵਿਚੋਂ ਸਾਲ 1990-91 ਤੋਂ 1993-94 ਦੌਰਾਨ ਰਾਜ ਕੀਟ-ਨਾਸ਼ਕ ਟੈਸਟਿੰਗ ਲਬਾਰਟਰੀਆਂ ਰਾਹੀਂ ਟੈਸਟ ਕੀਤੇ ਪੈਸਟੀਸਾਈਡਜ਼ ਸੈਂਪਲਾਂ ਦਾ ਵੇਰਵਾ ਹੇਠ ਅਨੁਸਾਰ ਹੈ :--

| ਸਾਲ | ਸੈਂਪਲਾਂ ਦੀ ਗਿਣਤੀ | ਫੇਲ੍ਹ ਪਾਏ ਸੈਂਪਲਾਂ ਦੀ ਗਿਣਤੀ |
|---|---|---|
| 1990-91 | 902 | 89 |
| 1991-92 | 1,143 | 187 |
| 1992-93 | 1,326 | 204 |
| 1993-94 | 1,881 | 159 |

(ੲ) ਹਾਂ ਜੀ। ਟੈਸਟਾਂ ਦੇ ਨਤੀਜੇ ਹੇਠ ਅਨੁਸਾਰ ਹਨ :--

| ਸਾਲ | ਰੀਟੈਸਟਿੰਗ ਲਈ ਕੁੱਲ ਭੇਜੇ ਗਏ ਸੈਂਪਲ | ਪਾਸ ਪਾਏ ਸੈਂਪਲਾਂ ਦੀ ਗਿਣਤੀ | ਫੇਲ ਪਾਏ ਗਏ ਸੈਂਪਲਾਂ ਦੀ ਗਿਣਤੀ | ਨਤੀਜੇ ਨਾ ਪ੍ਰਾਪਤ ਹੋਏ ਸੈਂਪਲਾਂ ਦੀ ਗਿਣਤੀ |
|---|---|---|---|---|
| 1990-91 | 11 | 11 | ... | .. |
| 1991-92 | 51 | 43 | 8 | ... |
| 1992-93 | 76 | 42 | 10 | 24 |
| 1993-94 | 56 | 5 | .. | 51 |

## STATEMENT

**Names of the manufacturing companies of pesticides whose samples have been drawn during 1990-91 to 1993-94**

| Sr. No. | Name of manufacturing company |
|---|---|
| 1 | Crop Health Products Pvt. Ltd., Gaziabad. |
| 2 | Sumax Chemicals Ltd., Bombay. |

Original with;
Punjab Vidhan Sabha
Digitized by;
Panjab Digital Library

| Sr. No. | Name of Manufacturing Company |
|---|---|
| 3 | Searle India Ltd., Bombay. |
| 4 | Modern Agro Supply Corporation Ltd., now Modern Insecticides Ltd., Ludhiana. |
| 5 | Monsento Chemicals of India Ltd., Bombay. |
| 6 | Goika Industries Ltd., Jaipur. |
| 7 | Kissan Chemicals, Chandigarh. |
| 8 | Hindustan Pulverising Mills, Delhi. |
| 9 | Gharda Chemicals, Bombay. |
| 10 | Sunbeam Agro-Chemicals, Ludhiana. |
| 11 | Gujrat Agro Industries Corporation Ltd. |
| 12 | National Farms Chemicals, Scandrabad |
| 13 | Punjab Salt Petre, Ferozepur. |
| 14 | Shiv Shakti Pipe Industries, Muzaffar Nagar. |
| 15 | Somanil Chemicals, Muzaffar Nagar. |
| 16 | Sudarshan Chemicals Industries, Bombay. |
| 17 | S. N. Chemicals Industries, now Anu Products, Sonipat. |
| 18 | Insecticides and Allied Chemicals, Madras. |
| 19 | Northern Minerals Ltd., Gurgaon. |
| 20 | Bharat Pesticides Manufacturing Co. Delhi. |
| 21 | G. N. V. F. Ltd., Gujrat. |
| 22 | Avid and Co. Chemicals, Ahmedabad. |
| 23 | Herbicides India, Jaipur. |
| 24 | Pesticides India, Udaipur. |
| 25 | Bharti Minerals Pvt. Ltd., Scandrabad. |
| 26 | Bharat Pesticides Ltd., Delhi. |
| 27 | Unique Farmaid Pvt. Ltd., Delhi. |
| 28 | Shivalik Agro Chemicals, Mohali . |
| 29 | Trilo Agro Industries Pvt. Ltd., Jharmari, District Patiala. |
| 30 | Hoechst India Ltd., Delhi. |

Original with;
Punjab Vidhan Sabha
Digitized by;
Panjab Digital Library

[Agriculture and Forests Minister]

| Sr. No. | Name of Manufacturing Company |
|---|---|
| 31 | Kissan Agro Chemicals, Merrut. |
| 32 | Pesto Chem. India, Delhi. |
| 33 | Sulpher Mills, Bombay. |
| 34 | Rallies India Ltd., Bombay. |
| 35 | Lupin Agro Chemicals, Bombay. |
| 36 | Hindustan Insecticides Ltd., Delhi. |
| 37 | Montari Industries Ltd., Ropar. |
| 38 | NOCIL, Bombay. |
| 39 | Punjab Agro-Industries Corporation Ltd., Chandigarh. |
| 40 | Jainson Minerals Ltd., Delhi. |
| 41 | Amba Chemical Industries, Baroda. |
| 42 | Micro Agro Chemicals, Muzaffar Nagar. |
| 43 | Coromandal Indigo Products Ltd., |
| 44 | Heema Pesticides, Delhi. |
| 45 | Muscot Agro Chemical, Bangalore. |
| 46 | Crop Care Chemical, Sonepat. |
| 47 | Jai Chemicals, Faridabad. |
| 48 | Excel Industries, Bombay. |
| 49 | Gyatri Pesti Chem, Bombay. |
| 50 | Indofil Chemical Ltd., Bombay. |
| 51 | Bayer India Ltd., Bombay. |
| 52 | Agro-more, Bangalore. |
| 53 | Cynamid India Ltd., Delhi. |
| 54 | Ately Laboratory, Bathinda. |
| 55 | Limited Phosphorus Ltd., |
| 56 | Jai Shri Agro-Industries. |
| 57 | Thakar Chemicals. |

Original with;
Punjab Vidhan Sabha
Digitized by;
Panjab Digital Library

| Sr. No. | Name of manufacturing company |
|---|---|
| 58 | Sandoz India Ltd., |
| 59 | Markfed, Punjab. |
| 60 | AMCC, Delhi. |
| 61 | Swastic Chemicals Ltd. Rohtak. |
| 62 | Vallabh Pesticides, Bombay. |
| 63 | Hyderabad Chemicals Supplies, Hyderabad. |
| 64 | Khatau Jankar Ltd., Bombay. |
| 65 | Tropical Agro System, Madras. |
| 66 | Agro-Chemical Industries, Jaipur. |
| 67 | Kam Dhenu Pesticides, Delhi. |
| 68 | E. I. D. Parry, Delhi. |
| 69 | Goyal Agro Industries, Delhi. |
| 70 | Siris India Ltd., Delhi. |
| 71 | Goyal Chemicals (India) Jaitu. |
| 72 | Super Industries. |
| 73 | Bahar Agro Chemicals. |
| 74 | Bharat Pulverising Mills. |
| 75 | J. & K. Pesticides, Delhi. |
| 76 | Indian Pest. Control, Delhi. |
| 77 | Shakti Industries, Bahadurgarh. |
| 78 | New Chem. Industries, Jaipur. |
| 79 | Vantach Pesticides, Madras. |
| 80 | Gupta Chemicals, Jaipur. |
| 81 | Hindustan Ciba Giegy, Bombay. |
| 82 | United Pesticides, Haryana. |
| 83 | Shaw Wallace and Co., Delhi. |
| 84 | Konkon Pesticides, Bombay. |
| 85 | Rajhans Chemicals, Bombay. |

Original with;
Punjab Vidhan Sabha
Digitized by;
Panjab Digital Library

[Agriculture and Forests Minister]

| Sr. No. | Name of Manufacturing Company |
|---|---|
| 86 | Unikil Pesticides, Vidusha. |
| 87 | All India Medical Corporation, Vidusha. |
| 88 | M. L. Industries, Gaziabad. |
| 89 | Cashew Agri. Chemicals, Scandrabad. |
| 90 | Bharat Insecticides Ltd., Delhi. |
| 91 | Bhaskar Agro Chemicals, Hyderabad. |
| 92 | Agrimas Chemicals, Pvt., Ltd., Delhi. |
| 93 | BASF India Ltd., Delhi. |
| 94 | A. C. I., Bombay. |
| 95 | Sanvin Laboratories, Bombay. |
| 96 | Omega Agro Pvt., Ltd., Bombay. |
| 97 | Chemist Chemical. |
| 98 | Amalgated Chemical Pvt. Ltd., Madras. |
| 99 | Jyoti Pestiicides, Saharanpur. |
| 100 | Madhu Sudan Industries, Madras. |
| 101. | Union Pesticides Pvt. Ltd., Delhi. |
| 102 | Devi Dayal Agro Chemicals, Delhi. |
| 103 | Ajay Fertix Chem, (Bombay) Ltd., Nalagarh. |
| 104 | Kilpest Pvt. Ltd., Bhopal. |
| 105 | Pooja Minerals and Chemicals, Delhi. |
| 106 | Godrej Soaps Ltd., Bombay. |
| 107 | Solar Syndicate now Solar Farm Chemicals Ltd. |
| 108 | Sunrey Agro Chemicals. |
| 109. | B. L. Industries. |
| 110 | Jayco Chemicals. |
| 111 | J. K. B. M. Ltd. |
| 112 | Green Gold Chemicals. |

Original with;
Punjab Vidhan Sabha
Digitized by;
Panjab Digital Library

| Sr. No. | Name of Manufacturing Company |
|---|---|
| 113 | Neelam Agro Industries. |
| 114 | Safax Chemicals. |
| 115 | Tas Chemicals and Pesticides. |
| 116 | J. U. Pesticides and Chemicals. |
| 117 | Indian Manufacturing Co., |
| 118 | Vimal Pesticides. |
| 119 | Singhal Pesticides. |
| 120 | Punjab Pesticides Industrial Coop. Society Ltd., Khanpur. |
| 121 | President Industries, Ahmedabad. |
| 122 | Bhopal Pesticides Ltd. |
| 123 | Chemico Pesticides Combine. |
| 124 | Inikemex India Ltd. |
| 125 | Sardar Patel Industries, Ahmedabad. |
| 126 | Gautam Udyog, Delhi. |
| 127 | South Asian Agro System. |
| 128 | ALFA Chemicals. |
| 129 | Avid Pharmaceuticals. |
| 130 | Delta Insecticides. |
| 131 | Gujrat Pesticides. |
| 132 | Apex Minerals Pvt. Ltd., Sikandrabad. |
| 133 | Bharat Rasayan, New Delhi. |
| 134 | Singhal Minerals, Gaziabad. |
| 135 | Cith Chemicals Pvt. Ltd. |
| 136 | Neel Kanth Agro Chemicals. |
| 137 | Atul Pesticides. |
| 138 | Parul Chemicals, Gujrat. |
| 139 | Swastik Chemicals and Pesticides, Muzaffarnagar. |
| 140 | Bangalore Pesticides. |
| 141 | Kavyug Industries. |
| 142 | Parikh Enterprises, Delhi. |

Original with;
Punjab Vidhan Sabha
Digitized by;
Panjab Digital Library

[Agriculture and Forests Minister]

| Sr. No. | Name of Manufacturing Company |
|---|---|
| 143 | Krishi Rasayan, Orissa. |
| 144 | Swarup Chemicals Pvt. Ltd., Lucknow. |
| 145 | Rhone, Polunk, Delhi. |
| 146 | K. P. Industries, Madras. |
| 147 | Teenal Chemicals, Saharanpur. |
| 148 | Paramount Pesticides, Delhi. |
| 149 | Orient Agro Chemicals. |
| 150 | Crop Chemicals India. |
| 151 | T. Stane and Co. Ltd. |
| 152 | Vithaj Agro Chemical Industries Pvt. Ltd. |
| 153 | Hindustan Chemical Industries. |
| 154 | Vijay Laxmi Insecticides and Pesticides. |
| 155 | Voltas Ltd., |
| 156 | Agronules Industries, Bombay. |
| 157 | Pineer Pesticides, Delhi. |
| 158 | Growell Agri. Products, Delhi. |
| 159 | Nagar Juna Fertilizer and Chemicals, Hyderabad. |
| 160 | Moti Lal Pesticides India Pvt. Ltd. |
| 161 | Dhanuka Pesticides, Pvt. Ltd. |
| 162 | Pineer Agro Industries, Thane. |
| 163 | Indo Gulf and Chemicals. |
| 164 | Poshak Ltd. |
| 165 | Standard Pesticides Pvt. Ltd. |
| 166 | Travancore Chemicals. |
| 167 | Evergreen Products. |
| 168 | Aero Agro Vet Industries Pvt. Ltd. |
| 169 | Eagle Chemicals, Pvt. Ltd. |
| 170 | Gonika Industries. |

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਸੂਚਨਾ ਦਿੱਤੀ ਹੈ ਉਸ ਦੇ ਮੁਤਾਬਿਕ ਉਨ੍ਹਾਂ ਨੇ ਦੱਸਿਆ ਹੈ ਕਿ ਸਾਲ 1990-91 ਵਿੱਚ 1229 ਸੈਂਪਲ ਲਏ ਗਏ, 1991-92 ਵਿੱਚ 1478 ਸੈਂਪਲ ਲਏ ਗਏ, 1992-93 ਵਿੱਚ 1761 ਸੈਂਪਲ ਲਏ ਗਏ ਔਰ 1993-94 ਵਿੱਚ 2247 ਸੈਂਪਲ ਲਏ ਗਏ ਲੇਕਿਨ ਜੋ ਸੈਂਪਲ ਟੈਸਟ ਵਾਸਤੇ ਭੇਜੇ ਗਏ, ਉਨ੍ਹਾਂ ਦੀ ਗਿਣਤੀ ਇਨ੍ਹਾਂ ਨੇ ਸਾਲ 1990-91 ਦੀ 902 ਦੱਸੀ ਹੈ, 1991-92 ਵਿੱਚ 1143 ਸੈਂਪਲ ਟੈਸਟ ਵਾਸਤੇ ਭੇਜੇ ਗਏ, 1992-93 ਵਿੱਚ 1326 ਸੈਂਪਲ ਟੈਸਟ ਵਾਸਤੇ ਭੇਜੇ ਗਏ ਔਰ 1993-94 ਵਿੱਚ 1881 ਸੈਂਪਲ ਟੈਸਟ ਵਾਸਤੇ ਭੇਜੇ ਗਏ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਸੈਂਪਲ ਲਏ ਗਏ ਹਨ, ਉਹ ਵਧੱ ਹਨ ਅਤੇ ਟੈਸਟ ਵਾਸਤੇ ਜੋ ਸੈਂਪਲ ਭੇਜੇ ਗਏ ਹਨ, ਉਹ ਘੱਟ ਹਨ। ਕੀ ਮੰਤਰੀ ਜੀ ਇਸ ਦੀ ਵਜ੍ਹਾ ਦੱਸਣਗੇ ਕਿ ਬਾਕੀ ਦੇ ਸੈਂਪਲ ਟੈਸਟ ਵਾਸਤੇ ਕਿਉਂ ਨਹੀਂ ਭੇਜੇ ਗਏ, ਕਿਸ ਕਾਰਨ ਉਹ ਵਿਦਹੋਲਡ ਕੀਤੇ ਗਏ ?

**ਮੰਤਰੀ** : ਮੈਨੂੰ ਤਾਂ ਸਵਾਲ ਫਿਰ ਸਮਝਾਓ ਜ਼ਰਾ।

**ਸ਼੍ਰੀ ਮਦਨ ਮੋਹਨ ਮਿੱਤਲ** : ਮੈ ਇਹ ਕਿਹਾ ਹੈ ਕਿ ਜਿਹੜੇ ਸੈਂਪਲ 1990-91 ਵਿੱਚ ਭਰੇ ਗਏ, ਉਹ 1229 ਹਨ ਔਰ ਜੋ ਟੈਸਟ ਵਾਸਤੇ ਭੇਜੇ ਗਏ, ਉਹ 902 ਹਨ-ਯਾਨੀ ਜਿਹੜੇ ਲੈਬਾਰਟਰੀ ਵਿੱਚ ਟੈਸਟ ਲਈ ਭੇਜੇ ਗਏ ਹਨ ਉਹ ਘੱਟ ਹਨ। ਬਾਕੀ ਦੇ 327 ਕਿਥੇ ਚਲੇ ਗਏ ? ਇਸੇ ਤਰ੍ਹਾਂ ਹਰ ਸਾਲ ਜਿਹੜੇ ਸੈਂਪਲ ਭਰੇ ਗਏ ਹਨ, ਉਹ ਵਧੱ ਹਨ ਅਤੇ ਜਿਹੜੇ ਟੈਸਟ ਵਾਸਤੇ ਭੇਜੇ ਗਏ ਹਨ, ਉਹ ਘੱਟ ਹਨ। ਕੀ ਕੋਈ ਬਗਲਿੰਗ ਹੈ ਜਾਂ ਕੋਈ ਰਿਪਲੇਸ ਹੋ ਗਏ ਹਨ? What is the reason?

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਸੈਂਪਲ ਭਰੇ ਜਾਂਦੇ ਹਨ, ਉਨ੍ਹਾਂ ਵਿਚੋਂ ਜਿਹੜੇ ਸਮਝਦੇ ਹਾਂ ਕਿ ਇਹ ਬਹੁਤ ਖਰਾਬ ਹਨ, ਇਸ ਦੇ ਵਿੱਚ ਕਾਫੀ ਹੇਰਾਫੇਰੀ ਹੈ, ਉਹ ਅਸੀਂ ਟੈਸਟ ਵਾਸਤੇ ਭੇਜਦੇ ਹਾਂ। ਬਹੁਤ ਸਾਰੇ ਸੈਂਪਲ ਠੀਕ ਹੁੰਦੇ ਹਨ, ਉਨ੍ਹਾਂ ਨੂੰ ਭੇਜਣ ਦੀ ਜ਼ਰੂਰਤ ਨਹੀਂ ਹੁੰਦੀ।

**ਸ਼੍ਰੀ ਸਪੀਕਰ** : ਤੁਹਾਨੂੰ ਕਿਵੇਂ ਪਤਾ ਲਗਦਾ ਹੈ ਕਿ ਇਹ ਬਹੁਤ ਖਰਾਬ ਹੈ? (ਵਿਘਨ)

**ਸ਼੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਹੈ ਕਿ ਜਿਹੜਾ ਸੈਂਪਲ ਡਰਾਅ ਹੁੰਦਾ ਹੈ How were they satisfied about that ਮੰਤਰੀ ਜੀ ਨੇ ਕਿਹਾ ਹੈ ਕਿ ਕੁਝ ਸੈਂਪਲ ਆਪਣੀ ਮਰਜ਼ੀ ਨਾਲ ਸੈਂਪਲ ਡਰਾਅ ਕਰਨ ਵਾਲੇ ਰੱਖ ਲੈਂਦੇ ਹਨ। ਕੀ ਐਸੀਆਂ ਕੋਈ ਹਦਾਇਤਾਂ ਹਨ ਜਾਂ ਇਹ ਕੋਈ ਐਸਾ ਰੂਲ ਡਿਪਾਰਟਮੈਂਟ ਦਾ ਕੋਟ ਕਰ ਸਕਦੇ ਹਨ ਜਿਸ ਵਿਚ ਸੈਂਪਲ ਡਰਾਅ ਕਰਨ ਵਾਲੇ ਨੂੰ ਇਹ ਪਾਵਰਾਂ ਦਿੱਤੀਆਂ ਗਈਆਂ ਹੋਣ ਕਿ ਇਹ ਸੈਂਪਲ ਭੇਜਣਾ ਹੈ ਅਤੇ ਇਹ ਸੈਂਪਲ ਨਹੀ ਭੇਜਣਾ?

**ਮੰਤਰੀ** : ਸਪੀਕਰ ਸਾਹਿਬ, ਕੁਝ ਲੈਬਾਰਟਰੀਜ਼ ਸਾਡੀਆਂ ਆਪਣੀਆਂ ਵੀ ਹਨ ਪੰਜਾਬ ਵਿੱਚ, ਬਿਨਾਂ ਵਜ੍ਹਾਂ ਅਸੀਂ ਕਿਸੇ ਨੂੰ ਪ੍ਰੇਸ਼ਾਨ ਨਹੀਂ ਕਰਦੇ। ਜਿਥੇ ਅਸੀਂ ਸਮਝਦੇ ਹਾਂ ਕਿ ਵਾਕਈ ਇਹ ਸੈਂਪਲ ਫੇਲ੍ਹ ਹੈ, ਉਥੇ ਅਸੀਂ ਕੋਰਟ ਨੂੰ ਭੇਜਦੇ ਹਾਂ, ਦੂਸਰੇ ਨਹੀਂ ਭੇਜਦੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੇਰੇ ਪ੍ਰਸ਼ਨ ਦਾ ਉੱਤਰ ਮੰਤਰੀ ਜੀ ਨੇ ਨਹੀਂ ਦਿੱਤਾ। ਮੇਰਾ ਪ੍ਰਸ਼ਨ ਇਹ ਸੀ ਕਿ ਜਿਹੜੇ ਸੈਂਪਲ ਇੰਸਪੈਕਟਰਜ਼ ਨੇ ਭਰ ਲਏ ਉਨ੍ਹਾਂ ਵਿਚੋਂ 327 ਸੈਂਪਲਜ਼ ਇਕ ਪਰਟੀਕੁਲਰ ਸਾਲ ਵਿੱਚ ਲੈਬਾਰਟਰੀਜ਼ ਵਿੱਚ ਟੈਸਟ ਕਰਨ ਵਾਸਤੇ ਕਿਉਂ ਨਹੀਂ ਭੇਜੇ ? ਇਹ ਕਹਿੰਦੇ ਹਨ ਕਿ ਸਾਡੀਆਂ ਆਪਣੀਆਂ ਲੈਬਾਰਟਰੀਜ਼ ਹਨ, ਉਨ੍ਹਾਂ ਵਿੱਚ ਟੈਸਟ ਕਰ ਲਏ । ਮੈਂ ਤਾਂ ਇਹ ਪੁੱਛਿਆ ਹੈ ਕਿ ਜਿਹੜੇ ਟੈਸਟ ਕਰਨ ਵਾਸਤੇ ਸੈਂਪਲ ਨਹੀਂ ਗਏ ਉਨ੍ਹਾਂ ਬਾਰੇ ਕੀ ਇਨਸਪੈਕਟਰਜ਼ ਨੂੰ ਜਾਂ ਸੈਂਪਲ ਡਰਾਅ ਕਰਨ ਵਾਲਿਆਂ ਨੂੰ ਕੋਈ ਪਾਵਰਾਂ ਦਿੱਤੀਆਂ ਹਨ, ਉਨ੍ਹਾਂ ਨੂੰ ਕੋਈ ਅਥਾਰਿਟੀ ਦਿੱਤੀ ਹੈ ਕਿ ਉਹ ਕਿਹੜੇ ਸੈਂਪਲ ਟੈਸਟ ਲਈ ਭੇਜਣਗੇ ਅਤੇ ਕਿਹੜੇ ਸੈਂਪਲ ਟੈਸਟ ਲਈ ਨਹੀਂ ਭੇਜਣਗੇ ? ਕੀ ਇਸ ਦੇ ਲਈ ਕੋਈ ਡਿਪਾਰਟਮੈਂਟ ਦੀਆਂ ਹਦਾਇਤਾਂ ਹਨ ਜਾਂ ਕੋਈ ਕੋਡ ਵਿੱਚ ਐਸਾ ਪ੍ਰੋਵੀਜ਼ਨ ਕੀਤਾ ਗਿਆ ਹੈ ਜਿਸ ਨਾਲ ਉਨ੍ਹਾਂ ਨੂੰ ਇਹ ਅਥਾਰਟੀ ਹੈ ਕਿ ਉਹ ਕਿਹੜੇ ਟੈਸਟ ਲਈ ਸੈਂਪਲ ਭੇਜਣ ਅਤੇ ਕਿਹੜੇ ਨਾ ਭੇਜਣ ? Can he quote any rule for that ?

**ਮੰਤਰੀ :** ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਦਾ ਸਵਾਲ ਸੀ ਕਿ 1990-91 ਵਿੱਚ ਕਿੰਨੇ ਸੈਂਪਲ ਭਰੇ ਗਏ, ਮੈਂ ਦੱਸਿਆ ਹੈ ਕਿ 1229 ਟੈਸਟ ਲਈ ਭੇਜੇ ਗਏ ਸੈਂਪਲਾਂ ਦੀ ਗਿਣਤੀ ਮੈਂ ਦਸੀ ਹੈ 902, ਉਨ੍ਹਾਂ ਵਿਚੋਂ 79 ਫੇਲ੍ਹ ਹੋਏ। ਫੇਲ੍ਹ ਹੋਣ ਤੋਂ ਬਾਅਦ ਲੋਕ ਕੋਰਟ ਵਿਚ ਜਾਂਦੇ ਹਨ ਔਰ ਫਿਰ ਸੈਂਟਰਲ ਲੈਬਾਰਟਰੀ ਵਿਚ ਕੇਸ ਰੈਫਰ ਕੀਤੇ ਜਾਂਦੇ ਹਨ।

**ਸ੍ਰੀ ਸਪੀਕਰ :** ਉਨ੍ਹਾਂ ਨੇ ਪੁਛਿਆ ਹੈ ਕਿ ਜੇ 100 ਸੈਂਪਲ ਭਰੇ ਹਨ ਔਰ ਉਨ੍ਹਾਂ ਵਿਚ 75 ਟੈਸਟ ਲਈ ਭੇਜੇ ਤਾਂ ਜਿਹੜੇ 25 ਨਹੀਂ ਭੇਜੇ, ਉਸ ਦਾ ਕੀ ਕਾਰਣ ਹੈ?

**ਮੰਤਰੀ :** ਉਹ ਕੇਸ ਭੇਜੇ ਜਾਂਦੇ ਹਨ ਜਿਸ ਵਿਚ ਅਸੀਂ ਸਮਝਦੇ ਹਾਂ ਕਿ ਇਹ ਫੇਲ੍ਹ ਹੋਏ ਹਨ, ਅਦਰਵਾਈਜ਼ ਸਾਰੇ ਨਹੀਂ ਭੇਜਦੇ।

**ਸ੍ਰੀ ਸਪੀਕਰ :** ਇਸ ਵਾਸਤੇ ਕੋਈ ਪ੍ਰੀਲਿਮਨਰੀ ਟੈਸਟ ਹੈ ?

**ਮੰਤਰੀ :** ਹਾਂ ਜੀ, ਇਸ ਵਾਸਤੇ ਸਟੇਟ ਲੈਵਲ ਤੇ ਵੀ ਲੈਬਾਰਟਰੀਜ਼ ਹਨ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ ਮੇਰਾ ਸਵਾਲ ਬੜਾ ਕਲੀਅਰ ਸੀ ਔਰ ਤੁਸੀਂ ਵੀ ਉਹੀ ਗੱਲ ਕੀਤੀ ਹੈ ਕਿ ਜੇ 100 ਸੈਂਪਲ ਭਰੇ ਗਏ ਉਨ੍ਹਾਂ ਵਿਚੋਂ 70 ਭੇਜ ਦਿੱਤੇ ਬਾਕੀ 30 ਟੈਸਟ ਵਾਸਤੇ ਕਿਉਂ ਨਹੀਂ ਭੇਜੇ? ਕੀ ਕੋਈ ਰੂਲ ਹੈ ਜਿਸ ਅਨੁਸਾਰ ਇਹ ਡਿਸਕ੍ਰੀਸ਼ਨ ਦਿੱਤੀ ਗਈ ਹੋਵੇ ? Which is the competent authority to exclude those 30 samples. When you have drawn hundred samples and all those have not been sent to the laboratory, than why 30 have been withheld ?

**ਮੰਤਰੀ :** ਸਪੀਕਰ ਸਾਹਿਬ, ਮੈਂ ਬਿਲਕੁਲ ਕਲੀਅਰ ਕਿਹਾ ਹੈ ਕਿ ਅਸੀਂ ਸਾਰੇ ਸੈਂਪਲ ਕੋਰਟ ਨੂੰ ਨਹੀਂ ਭੇਜਦੇ। ਜਿਨ੍ਹਾਂ ਤੇ ਸਾਨੂੰ ਸ਼ੱਕ ਹੁੰਦਾ ਹੈ ਉਨ੍ਹਾਂ ਨੂੰ ਪਹਿਲਾਂ ਆਪਣੀ ਲਬਾਰਟਰੀ ਵਿਚ ਟੈਸਟ ਕਰਕੇ ਫਿਰ ਅੱਗੇ ਕੋਰਟ ਨੂੰ ਭੇਜਦੇ ਹਾਂ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਮੈਂ ਬੜਾ ਸਿੰਪਲ ਪੁੱਛਿਆ ਹੈ ਕਿ ਕਿੰਨੇ ਸੈਂਪਲ ਭਰੇ। The Minister has given the figure of the samples which have been drawn. ਜਿਹੜੇ ਸੈਂਪਲ ਮਰਜ਼ੀ ਨਾਲ ਛੱਡ ਦਿੱਤੇ ਗਏ, ਉਹ ਫਿਗਰ ਨਹੀਂ ਆਈ ਮੈਂ ਪੁੱਛਦਾ ਹਾਂ ਕਿ ਸਾਰਿਆਂ ਦਾ ਟੈਸਟ ਕਿਉਂ ਨਹੀਂ ਹੋਇਆ? ਕੀ ਸੈਂਪਲ ਛੱਡਣ ਦਾ ਕਰਾਈਟੇਰੀਆਂ ਹੈ ? ਕਿਸ ਅਥਾਰਿਟੀ ਨਾਲ ਉਹ ਸੈਂਪਲ ਛੱਡੇ ਗਏ ?

**ਮੰਤਰੀ** : ਮੈਂ ਪਹਿਲਾਂ ਦਸ ਚੁੱਕਾ ਹਾਂ ਕਿ 3-4 ਲਿਬਾਰਟਰੀਜ਼ ਹਨ ਸਟੇਟ ਲੈਵਲ ਤੇ ਅਤੇ ਇਕ ਵੈਨ ਵੀ ਹੈ। ਅਸੀਂ ਵਪਾਰੀ ਨੂੰ ਬਿਨ੍ਹਾਂ ਵਜ੍ਹਾ ਪਰੇਸ਼ਾਨ ਨਹੀਂ ਕਰਦੇ। ਜਿਸ ਦਾ ਰਿਕਾਰਡ ਠੀਕ ਨਹੀਂ ਹੁੰਦਾ ਉਸ ਦਾ ਹੀ ਸੈਂਪਲ ਟੈਸਟ ਵਾਸਤੇ ਭੇਜਿਆ ਜਾਂਦਾ ਹੈ।

**ਸ਼੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਕੀ ਤੁਹਾਨੂੰ ਕਲੀਅਰ ਹੋ ਗਿਆ ਹੈ ?

**ਸ਼੍ਰੀ ਸਪੀਕਰ** : ਇਸ ਸਵਾਲ ਵਿਚ ਏਨਾ ਦਸਣਾ ਹੈ ਕਿ ਜਿਹੜੇ ਸੈਂਪਲ ਭਰੇ ਜਾਂਦੇ ਹਨ ਉਹ ਸਾਰੇ ਟੈਸਟ ਹੋਣੇ ਚਾਹੀਦੇ ਹਨ ਆਪਣੀ ਲਿਬਾਰਟਰੀ ਵਿਚ ਜਾਂ ਸੈਂਟਰਲ ਲਿਬਾਰਟਰੀ ਵਿਚ। ਕਿਸੇ ਨੂੰ ਕੋਈ ਡਿਸਕ੍ਰੀਸ਼ਨ ਨਹੀਂ ਹੈ ਕਿ ਉਹ ਸੈਂਪਲ ਨਾ ਭੇਜੇ ?

**ਮੰਤਰੀ** : ਜੀ ਹਾਂ, ਸਪੀਕਰ ਸਾਹਿਬ, ਇਸ ਵਿਚ ਕੋਈ ਐਸੀ ਗੱਲ ਨਹੀਂ ਹੈ। ਜਿਹੜੇ ਸੈਂਪਲ ਅਸੀਂ ਭਰਦੇ ਹਾਂ ਉਹ ਆਪਣੀ ਲਿਬਾਰਟਰੀਜ਼ ਵਿਚ ਟੈਸਟ ਹੁੰਦੇ ਹਨ। ਜਿਹੜੇ ਫੇਲ੍ਹ ਹੋ ਜਾਂਦੇ ਹਨ ਉਹ ਫਿਰ ਵੱਡੀ ਲਿਬਾਰਟਰੀ ਵਿਚ ਭੇਜੇ ਜਾਂਦੇ ਹਨ। ਉਥੋਂ ਉਹ ਕੋਰਟ ਵਿਚ ਜਾਂਦੇ ਹਨ ਅਤੇ ਫਿਰ ਸੈਂਟਰਲ ਲਿਬਾਰਟਰੀ ਵਿਚ ਰੈਫਰ ਵੀ ਕੀਤੇ ਜਾਂਦੇ ਹਨ।

**ਸ਼੍ਰੀ ਸਪੀਕਰ** : ਸੈਂਪਲ ਤਾਂ ਸਾਰੇ ਟੈਸਟ ਹੁੰਦੇ ਹਨ either in your own laboratory or of the centre.

**ਸ਼੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਤੁਹਾਡੀ ਜ਼ਿੰਮੇਵਾਰੀ ਹੈ। ਮੇਰੀ ਸਪਲੀਮੈਂਟਰੀ ਦਾ ਰਿਪਲਾਈ ਨਹੀਂ ਆ ਰਿਹਾ ਹੈ।

**Mr. Speaker** : It has taken a lot of time. I request you to get clarification from him personally. ਮੰਤਰੀ ਜੀ ਇਹ ਤੁਹਾਨੂੰ ਮਿਲ ਕੇ ਕਲੀਅਰ ਕਰ ਲੈਣਗੇ। ਇਨ੍ਹਾਂ ਨੂੰ ਕਲੈਰੀਫਾਈ ਕਰ ਦੇਣਾ।

**ਮੰਤਰੀ** : ਸਪੀਕਰ ਸਾਹਿਬ, ਮੈਂ ਕਿਹਾ ਸੀ ਕਿ ਅਸੀਂ ਸੈਂਪਲ ਲੈਂਦੇ ਹਾਂ ਅਤੇ ਉਨ੍ਹਾਂ ਨੂੰ ਆਪਣੀ ਲਿਬਾਰਟਰੀ ਵਿਚ ਦੇਖਦੇ ਹਾਂ, ਦੇਖਣ ਤੋਂ ਬਾਅਦ ਜਿਹੜਾ ਕੇਸ ਖਰਾਬ ਹੋਵੇ ਉਸ ਨੂੰ ਅਸੀਂ ਕੋਰਟ ਵਿਚ ਦੇ ਦਿੰਦੇ ਹਾਂ ਅਤੇ ਕੋਰਟ ਵਿਚ ਦੇਣ ਤੋਂ ਬਾਅਦ ਜੋ ਕੋਰਟ ਦਾ ਹੁਕਮ ਹੁੰਦਾ ਹੈ ਉਸ ਅਨੁਸਾਰ ਫੇਰ ਅਸੀਂ ਸੈਂਟਰਲ ਲਿਬਾਰਟਰੀ ਵਿਚ ਭੇਜ ਦਿੰਦੇ ਹਾਂ

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਮੰਤਰੀ ਜੀ, ਤੁਹਾਡੀ ਗੱਲ ਨਾਲ ਇਨ੍ਹਾਂ ਦੀ ਤਸੱਲੀ ਨਹੀਂ ਹੋਈ। ਇਨ੍ਹਾਂ ਨੂੰ ਸੈਟਿਸਫਾਈ ਕਰੋ। ਤੁਸੀਂ ਕਲ੍ਹ ਇਨ੍ਹਾਂ ਨੂੰ ਦਸ ਦੇਣਾ।

**ਮੰਤਰੀ :** ਸਪੀਕਰ ਸਾਹਿਬ, ਕਲ੍ਹ ਦੀ ਗੱਲ ਬਾਅਦ ਵਿਚ ਹੈ। ਪਹਿਲੇ ਇਹ ਦੱਸਣ, ਇਹ ਪੁੱਛਣਾ ਕੀ ਚਾਹੁੰਦੇ ਹਨ।

**ਸ੍ਰੀ ਸਪੀਕਰ :** ਮਿੱਤਲ ਸਾਹਿਬ ਦਾ ਸਵਾਲ ਬੜਾ ਕਲੀਅਰ ਹੈ। ਤੁਸੀਂ ਆਪਸ ਵਿਚ ਮਿਲ ਕੇ ਕਲੀਅਰ ਕਰ ਲਵੋ The answer is not clear. I request you to satisfy him on some other day.

**ਸਰਦਾਰ ਧਨਵੰਤ ਸਿੰਘ :** ਸਪੀਕਰ ਸਾਹਿਬ, ਸਟੇਟ ਲੈਵਲ ਤੇ ਕੁਝ ਲਿਬਾਰਟੀਜ਼ ਹਨ ਜਿਥੇ ਇਹ ਆਪ ਟੈਸਟ ਕਰਦੇ ਹਨ। ਉਨ੍ਹਾਂ ਤੋਂ ਇਲਾਵਾ ਜਿਨ੍ਹਾਂ ਨੂੰ ਸਾਡੀਆਂ ਲਿਬਾਟਰੀਆਂ ਚੈਕ ਨਹੀਂ ਕਰਦੀਆਂ ਜਾਂ ਨਹੀਂ ਕਰ ਸਕਦੀਆਂ, ਉਨ੍ਹਾਂ ਸੈਂਪਲਾਂ ਨੂੰ ਸਾਨੂੰ ਸੈਂਟਰਲ ਲਿਬਾਰਟਰੀ ਵਿਚ ਭੇਜਣਾ ਪੈਂਦਾ ਹੈ। ਅਗਰ ਇਹ ਸਾਰੇ ਸੈਂਪਲ ਸਟੇਟ ਲਿਬਾਟਰੀਜ਼ ਵਿਚ ਟੈਸਟ ਹੋ ਜਾਣ ਤਾਂ ਇਹ ਗੁੰਝਲ ਹੀ ਨਾ ਰਹੇ। ਕੀ ਇਹ ਇਸ ਦਾ ਪ੍ਰਬੰਧ ਸਟੇਟ ਲਿਬਾਰਟਰੀਜ਼ ਵਿਚ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਹੁਣ ਇਹ ਚੰਡੀਗੜ੍ਹ ਸੈਂਟਰਲ ਲਿਬਾਰਟਰੀ ਵਿਚ ਕਰਵਾਉਂਦੇ ਹਾਂ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਦਸਿਆ ਹੈ ਕਿ ਕੁਝ ਸਟੇਟ ਲਿਬਾਰਟਰੀ ਵਿਚ ਟੈਸਟ ਕਰਦੇ ਹਾਂ ਅਤੇ ਜਿਹੜੇ ਇਸ ਲਿਬਾਰਟਰੀ ਵਿਚ ਫੇਲ੍ਹ ਹੋ ਜਾਂਦੇ ਹਨ ਉਨ੍ਹਾਂ ਨੂੰ ਅਸੀਂ ਸੈਂਟਰਲ ਲਿਬਾਰਟਰੀ ਵਿਚ ਭੇਜਦੇ ਹਾਂ। 1990-91 ਵਿਚ 1229, 1991-92 ਵਿਚ 1478, 1992-93 ਵਿਚ 1761 ਅਤੇ 1993-94 ਵਿਚ 2247 ਸੈਂਪਲ ਭਰੇ ਗਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 1990-91 ਦੇ 1229 ਕੇਸਿਜ਼ ਵਿਚੋਂ 902 ਸੈਂਪਲ ਸਟੇਟ ਲਿਬਾਰਟਰੀ ਵਿਚ ਗਏ ਅਤੇ ਉਨ੍ਹਾਂ ਵਿਚੋਂ 79 ਫੇਲ੍ਹ ਹੋ ਗਏ। ਬਾਕੀ ਦੇ 300 ਕੇਸਿਜ਼ ਕਿਥੇ ਚਲੇ ਗਏ ? ਕੀ ਇਹ ਕੇਸਿਜ਼ ਲੈ ਕੇ ਖਤਮ ਕਰ ਦਿੱਤੇ ਜਾਂ ਕਿਸੇ ਦੀ ਅਥਾਰਿਟੀ ਦੇ ਨਾਲ ਇਹ ਰੋਕੇ ਗਏ ਜਾਂ ਮਨਿਸਟਰ ਦੀ ਅਥਾਰਿਟੀ ਨਾਲ ਰੋਕੇ ਗਏ, ਇਸ ਬਾਰੇ ਦਸਿਆ ਜਾਵੇ। ਜਿਨ੍ਹਾਂ ਨੂੰ ਤੁਸੀਂ ਟੈਸਟ ਵਾਸਤੇ ਨਹੀਂ ਭੇਜਿਆ, ਉਨ੍ਹਾਂ ਬਾਰੇ ਦਸਿਆਂ ਜਾਵੇ ?

**ਮੰਤਰੀ :** ਸਪੀਕਰ ਸਾਹਿਬ, ਇਸ ਗੱਲ ਨੂੰ ਮੈਂ ਕਿੰਨੀ ਵਾਰ ਕਲੀਅਰ ਕਰ ਚੁੱਕਾਂ ਹਾਂ। 1229 ਕੇਸਿਜ਼ ਵਿਚੋਂ 902 ਕੇਸਿਜ਼ ਸੈਂਪਲ ਵਾਸਤੇ ਭੇਜੇ ਗਏ ਅਤੇ 79 ਫੇਲ੍ਹ ਹੋ ਗਏ। ਬਾਕੀ ਸੈਂਪਲ ਸੈਂਟਰਲ ਲਿਬਾਰਟਰੀ ਨੂੰ ਜਾਂਦੇ ਹਨ।

**ਸ੍ਰੀ ਸਪੀਕਰ :** ਬਾਕੀ ਦੇ ਜਿਹੜੇ 300 ਕੇਸਿਜ਼ ਰਹਿ ਗਏ, ਉਨ੍ਹਾਂ ਬਾਰੇ ਕਲੀਅਰ ਕਰੋ। ਉਹ ਕਿਸ ਅਥਾਰਿਟੀ ਦੇ ਆਰਡਰ ਨਾਲ ਰੋਕੇ ਗਏ ਜਾਂ ਨਹੀਂ ਭੇਜੇ। ਕਿਥੇ ਰਹਿ ਗਏ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੀ ਤਸੱਲੀ ਨਹੀਂ ਹੋਣੀ। ਮੈਂ ਤੁਹਾਡੀ ਤਸੱਲੀ ਕਰਵਾ ਦਿੰਦਾ ਹਾਂ। ਜਿਹੜੇ ਸੈਂਪਲ ਵਿਚ ਨੁਕਸ ਪਾਇਆ ਜਾਂਦਾ ਹੈ, ਉਹ ਕੇਸਿਜ਼ ਹੀ ਟੈਸਟ ਵਾਸਤੇ ਭੇਜਦੇ ਹਾਂ, ਦੂਜੇ ਨਹੀਂ ਭੇਜਦੇ।

**Mr. Speaker :** Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha.

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਮਾਛੀਵਾੜਾ ਮਾਈਨਰ ਦਾ ਨਿਰਮਾਣ

*2005. **ਸਰਦਾਰ ਇੰਦਰਜੀਤ ਸਿੰਘ ਜ਼ੀਰਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਿਰੋਜ਼ਪੁਰ ਵਿਚ ਨਵੀਂ ਮਾਛੀਵਾੜਾ ਮਾਈਨਰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਬੇਅੰਤ ਸਿੰਘ :** ਹਾਂ ਜੀ।

---

### ਪਿੰਡ ਕਨਕਵਾਲ ਭੱਗੂਆਂ ਵਿਖੇ ਗ੍ਰਿਡ ਸਬ-ਸਟੇਸ਼ਨ ਬਣਾਉਣਾ

*1983. **ਸ੍ਰੀ ਭਗਵਾਨ ਦਾਸ ਅਰੋੜਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡ ਕਨਕਵਾਲ ਭੱਗੂਆਂ, ਜ਼ਿਲ੍ਹਾ ਸੰਗਰੂਰ ਵਿਖੇ 66 ਕੇ.ਵੀ. ਸਬ-ਸਟੇਸ਼ਨ (ਗ੍ਰਿਡ) ਦੀ ਉਸਾਰੀ ਦਾ ਕੰਮ ਕਿਸ ਤਾਰੀਕ ਨੂੰ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਦੇ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ?

**ਸਰਦਾਰ ਬੇਅੰਤ ਸਿੰਘ :** 66 ਕੇ.ਵੀ. ਸਬ ਸਟੇਸ਼ਨ ਕਨਕਵਾਲ ਭੱਗੂਆਂ ਦੇ ਸਿਵਲ ਨਿਰਮਾਣ ਦਾ ਕੰਮ ਨਵੰਬਰ, 1992 ਵਿਚ ਸ਼ੁਰੂ ਕੀਤਾ ਜਾ ਚੁੱਕਾ ਹੈ ਅਤੇ ਮਈ, 1994 ਵਿਚ ਇਸ ਦੇ ਚਾਲੂ ਹੋਣ ਦੀ ਸੰਭਾਵਨਾ ਹੈ।

---

### ਰਾਜ ਵਿਚ ਨਵੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਖੋਲ੍ਹਣਾ

*1626. 1. **ਸਰਦਾਰ ਹਰਨੇਕ ਸਿੰਘ**
2. **ਸ੍ਰੀ ਕ੍ਰਿਸ਼ਨ ਕੁਮਾਰ ਕੌਸ਼ਲ**
: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ 31 ਦਸੰਬਰ, 1993 ਨੂੰ ਕੰਮ ਕਰ ਰਹੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਦੀ ਗਿਣਤੀ ਕਿੰਨੀ ਸੀ ;

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਨੇਕ ਸਿੰਘ]

(ਅ) ਕੀ ਸਰਕਾਰ ਦੀ ਰਾਜ ਵਿਚ ਹੋਰ ਨਵੀਆਂ ਅਜਿਹੀਆਂ ਡਿਸਪੈਂਸਰੀਆਂ ਖੋਲ੍ਹਣ ਦੀ ਕੋਈ ਤਜਵੀਜ਼ ਹੈ ; ਜੇਕਰ ਅਜਿਹਾ ਹੈ, ਤਾਂ ਉਸਦੇ ਵੇਰਵੇ ਕੀ ਹਨ ?

**ਸਰਦਾਰ ਹਰਚਰਨ ਸਿੰਘ ਬਰਾੜ :** (ੳ) ਇੱਕ ਸੌ ਪੰਜ।

(ਅ) ਅਨੁਲੱਗ ਤੇ ਦੱਸੀਆਂ 50 ਥਾਵਾਂ ਤੇ ਨਵੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਲਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ।

ਅਨੁਲੱਗ

1. ਅਜਨਾਲਾ
2. ਚੋਲਾ ਸਾਹਿਬ
3. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
4. ਤਰਸਿੱਕਾ
5. ਗੁਰੂਸਰ ਸੈਣੇਵਾਲ
6. ਅੰਨਾਂ ਬੰਨਾਂ
7. ਗਲੀ ਨੰ: 5 ਜਨਤਾ ਨਗਰ, ਬਠਿੰਡਾ
8. ਫਿਰੋਜ਼ੇਵਾਲ ਵਾਢਾ
9. ਭੁੱਲਰ
10. ਖਰੀਵਾਲਾ
11. ਗੁਰੂ ਕੀ ਢਾਬ
12. ਲੰਬੀ
13. ਬੀਰ ਹਾਓਕੇ
14. ਕੋਟ ਭਾਈ
15. ਕਲਾਨੌਰ
16. ਡੇਰਾ ਬਾਬਾ ਨਾਨਕ
17. ਸੁਜਾਨਪੁਰ
18. ਕੋਟ ਸੰਤੋਖ ਰਾਏ
19. ਸਹੂੰਦੜਾ
20. ਹਜਾਤਪੁਰ
21. ਸੰਧਵਾਲ
22. ਕੋਟਲੀ ਖ਼ਾਸ
23. ਭਾਈ ਦਿੱਤ ਸਿੰਘ ਨਗਰ, ਜਲੰਧਰ
24. ਆਦਮਪੁਰ
25. ਬੰਗਾ
26. ਪਾਤੜਾਂ
27. ਜ਼ੀਰਕਪੁਰ
28. ਬਨੂੜ

Original with;
Punjab Vidhan Sabha
Digitized by;
Panjab Digital Library

29. ਰਿਓਨਾਂ ਭੋਲ
30. ਫਤਿਹਗੜ੍ਹ ਸਾਹਿਬ
31. ਅਮਲੋਹ
32. ਬੱਸੀ ਪਠਾਣਾਂ
33. ਮੰਡੀ ਗੋਬਿੰਦਗੜ੍ਹ
34. ਮੋਤੀ ਨਗਰ, ਲੁਧਿਆਣਾ
35. ਢੋਲੇਵਾਲ
36. ਦੋਰਾਹਾ
37. ਲੌਂਗੋਵਾਲ
38. ਲਹਿਰਾਗਾਗਾ
39. ਬਰਨਾਲਾ
40. ਭਦੌੜ
41. ਮੇਖਾ
42. ਫੱਤੂ ਢੀਂਗਾ
43. ਗੋਪੀਪੁਰ
44. ਸਹੋੜਾਂ
45. ਸਿਵਲ ਹਸਪਤਾਲ ਫੇਸ-6, ਮੋਹਾਲੀ
46. ਝੱਲੀਆਂ ਕਲਾਂ
47. ਬੁਢਲਾਡਾ
48. ਸਰਦੂਲਗੜ੍ਹ
49. ਝੂਨੀਰ
50. ਬਰੇਟਾ

---

## ਨਾਈਟ ਬੱਸ ਸਰਵਿਸ ਬਹਾਲ ਕਰਨਾ

*1707. 1. ਸ੍ਰੀ ਮਲਕੀਤ ਸਿੰਘ ਬੀਰਮੀ
2. ਸਰਦਾਰ ਸਰਦੂਲ ਸਿੰਘ

: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਵੱਖ-ਵੱਖ ਰੂਟਾਂ ਤੇ ਨਾਈਟ ਬਸ ਸਰਵਿਸ ਬਹਾਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਕਦੋਂ ?

ਸਰਦਾਰ ਬੇਅੰਤ ਸਿੰਘ : ਨਹੀਂ ਜੀ।

---

Original with;
Punjab Vidhan Sabha
Digitized by;
Panjab Digital Library

**Starred Question No. 1771**

(Extension has been asked for in respect of Starred question No. *1771

## ਲਿੰਕ ਸੜਕਾਂ ਦੀ ਮੁਰੰਮਤ

*1661. (1) ਸ੍ਰੀ ਰਘੂਨਾਥ ਸਹਾਏ ਪੁਰੀ
(2) ਸਰਦਾਰ ਤ੍ਰਿਪਤ ਰਾਜਿੰਦਰ ਸਿੰਘ
(3) ਸ੍ਰੀ ਕ੍ਰਿਸ਼ਨ ਕੁਮਾਰ ਕੌਸ਼ਲ
(4) ਸ੍ਰੀ ਕਿਸ਼ਨ ਚੰਦ ਬੈਂਸ
} : ਕੀ ਮੁੱਖ ਮੰਤਰੀ ਕਿਰਪਾ

ਕਰਕੇ ਦੱਸਣਗੇ ਕਿ—

(ੳ) ਵਿੱਤੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਵਿਚ ਲਿੰਕ ਸੜਕਾਂ ਦੀ ਮੁਰੰਮਤ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ;

(ਅ) ਵਿੱਤੀ ਸਾਲ 1994-95 ਦੇ ਦੌਰਾਨ ਉਕਤ ਜ਼ਿਲ੍ਹੇ ਵਿਚ ਲਿੰਕ ਸੜਕਾਂ ਦੀ ਮੁਰੰਮਤ ਲਈ ਕਿੰਨੀ ਰਕਮ ਖਰਚ ਕਰਨ ਦੀ ਤਜਵੀਜ ਹੈ ?

**ਸਰਦਾਰ ਬੇਅੰਤ ਸਿੰਘ :** (ੳ) ਮਿਤੀ 1 ਅਪ੍ਰੈਲ, 1993 ਤੋਂ 28 ਫਰਵਰੀ, 1994 ਤੱਕ 993.64 ਲੱਖ ਰੁਪਏ ਖਰਚ ਕੀਤੇ ਗਏ ਹਨ।

(ਅ) ਅਗਲੇ ਵਿੱਤੀ ਸਾਲ ਲਈ 1001.23 ਲੱਖ ਰੁਪਏ ਖਰਚ ਕੀਤੇ ਜਾਣ ਦੀ ਤਜਵੀਜ਼ ਹੈ।

---

**ਸਰਦਾਰ ਨਿਰਮਲ ਸਿੰਘ ਨਿੰਮਾ :** ਸਪੀਕਰ ਸਾਹਿਬ, ਮੈਂ 28 ਫਰਵਰੀ ਦੀ ਇਕ ਘਟਨਾ ਜਿਹੜੀ ਕਿ ਪਿੰਡ ਖੁਡੀ ਕਲਾਂ ਦੀ ਹੈ, ਬਾਰੇ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਪੰਜਾਬ ਦੇ ਹਾਲਾਤ ਜਿਸ ਤਰੀਕੇ ਦੇ ਨਾਲ ਚੇਂਜ ਹੋ ਰਹੇ ਹਨ ਉਸ ਵਿਚ ਪੰਚਾਂ ਅਤੇ ਸਰਪੰਚਾਂ ਨੂੰ ਸਰਕਾਰ ਵਲੋਂ ਵੱਧ ਅਧਿਕਾਰ ਦੇਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਲੇਕਿਨ ਸਬ ਡਵੀਜ਼ਨਲ ਅਫਸਰ ਬਰਨਾਲਾ ਵਲੋਂ ਇਕ ਭਾਰੀ ਇਕੱਠ ਵਿਚ ਇਸ ਪਿੰਡ ਦੇ ਸਰਪੰਚ ਦੀ ਬੇਇਜ਼ਤੀ ਕੀਤੀ ਗਈ। ਉਸ ਨੇ ਸ਼ਰੇਆਮ ਸਰਪੰਚ ਨੂੰ ਗਾਲ੍ਹਾਂ ਕਢੀਆਂ ਅਤੇ ਹੋਰ ਬੁਰਾ ਭਲਾ ਕਿਹਾ। ਸਪੀਕਰ ਸਾਹਿਬ, ਉਸ ਸਰਪੰਚ ਨੂੰ ਫੰਕਸ਼ਨ ਕਰਨ ਵਾਸਤੇ ਕਿਹਾ ਗਿਆ ਸੀ। ਉਸ ਫੰਕਸ਼ਨ ਵਿਚ ਸਰਪੰਚ ਨੂੰ ਖਰਾਬ ਕੀਤਾ ਗਿਆ ਕਿ ਇਕੱਠ ਘੱਟ ਕਿਉਂ ਹੈ। ਕੀ ਸਰਕਾਰ ਵਲੋਂ ਐਸ.ਡੀ.ਐਮ. ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ? ਐਸ.ਡੀ.ਐਮ. ਵੱਲੋਂ ਲੋਕਾਂ ਦੇ ਨਾਲ ਵਰਤਾਉ ਵੀ ਠੀਕ ਨਹੀਂ ਹੈ ਅਤੇ ਛੋਟੇ ਮੁਲਾਜ਼ਮਾਂ, ਅਫਸਰਾਂ ਦੇ ਨਾਲ ਵੀ ਉਸ ਦਾ ਵਰਤਾਉ ਠੀਕ ਨਹੀਂ ਹੈ। ਸਪੀਕਰ ਸਾਹਿਬ, ਕੀ ਪੰਜਾਬ ਸਰਕਾਰ ਵੱਲੋਂ ਉਸ ਦੇ ਖਿਲਾਫ ਕਾਰਵਾਈ ਕੀਤੀ ਜਾਏਗੀ ?

**श्रीमती लक्ष्मी कांता चावला :** अध्यक्ष महोदय, मैं सरकार का ध्यान पंजाब के उस वर्ग की समस्याओं की ओर जिस का आतंकवाद की लड़ाई लड़ने में बहुत हाथ है, आकर्षित करना चाहती हूं। इस वर्ग ने उग्रवाद के विरुद्ध संघर्ष में महत्वपूर्ण कार्य

*For Starred Question No. 1771 and reply thereto, Please see Appendix to this Debate.

Original with;
Punjab Vidhan Sabha
Digitized by;
Punjab Digital Library

उग्रवाद के काले दिनों में पंजाब पुलिस ने एस.पी.ओज़. की भर्ती की जिन्होंने संकट की घड़ी में डटकर काम किया। आज उनको 40 रुपए रोजाना बिना पूरी यूनीफार्म के, 16-16 घंटे काम लिया जाता है। उनके वेतन बढ़ाने चाहिए। उनको रैगुलर करना चाहिए और यूनीफार्म सरकार को देनी चाहिए। उन्होंने दिन रात काम किया है। उनमें से कुछ मुलाजमों को नौकरी से निकाल भी दिया गया है। उनके वेतन बढ़ाये जायें और उन्हें छुट्टियां भी नियमानुसार दी जायें। उनकी हालत पर सरकार विचार करे और पुलिस कांस्टेबल के रूप में उन को भर्ती कर उन्हें पूरा वेतन दिया जाए।

मुख्य मन्त्री साहिब, इस वक्त हाउस में बैठे नहीं हैं। उनकी जगह में जो मंत्री साहब बैठे हैं, वह उनके विषय में सदन में जवाब दें।

**ਸ਼੍ਰੀਮਤੀ ਵਿਮਲਾ ਡਾਂਗ** : ਸਪੀਕਰ ਸਾਹਿਬ, ਜੋ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਜੀ ਨੇ ਹਾਊਸ ਵਿਚ ਐਸ.ਪੀ.ਓਜ਼. ਅਤੇ ਹੋਮ ਗਾਰਡਜ਼ ਦਾ ਇਸ਼ੂ ਰੇਜ਼ ਕੀਤਾ ਹੈ, ਉਸ ਦਾ ਮੈਂ ਵੀ ਸਮਰਥਨ ਕਰਦੀ ਹਾਂ। ਫਰਵਰੀ ਅਤੇ ਮਾਰਚ ਦੀਆਂ ਤਨਖਾਹਾਂ ਵੀ ਉਨ੍ਹਾਂ ਨੂੰ ਨਹੀਂ ਮਿਲੀਆਂ।

ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਕਿ ਰੂਲਜ਼ ਦੇ ਮੁਤਾਬਿਕ ਜਿਹੜੇ ਬਿਲਜ਼ ਆਏ ਹਨ, ਉਨ੍ਹਾਂ ਤੇ ਅੱਜ ਹਾਊਸ ਨੇ ਬਹਿਸ ਕਰਨੀ ਹੈ। ਇਨ੍ਹਾਂ ਬਿਲਾਂ ਦਾ ਪੰਜਾਬੀ ਵਿਚ ਅਨੁਵਾਦ ਮਿਲਣਾ ਚਾਹੀਦਾ ਸੀ ਤਾਂ ਕਿ ਮੈਂਬਰ ਸਾਹਿਬਾਨ ਸਟੱਡੀ ਕਰ ਸਕਣ ਅਤੇ ਤਰਮੀਮਾਂ ਵਗੈਰਾ ਬਣਾ ਸਕਣ। ਬਿੱਲ ਬਹੁਤ ਹੀ ਲੇਟ ਮਿਲੇ ਹਨ। ਜਿਹੜੇ ਬਿੱਲ ਪਹਿਲਾਂ ਮਿਲੇ ਹਨ, ਉਹ ਅੰਗਰੇਜ਼ੀ ਵਿਚ ਮਿਲੇ ਹਨ ਅਤੇ ਪੰਜਾਬੀ ਵਿਚ ਨਹੀਂ ਮਿਲੇ। ਇਹ ਛੋਟੇ ਛੋਟੇ ਬਿਲ ਹਨ, ਪੰਚਾਇਤ ਐਕਟ ਬਾਰੇ, ਕਾਰਪੋਰੇਸ਼ਨ ਐਕਟ ਬਾਰੇ, ਇਨ੍ਹਾਂ ਬਿਲਾਂ ਨੂੰ ਸਟੱਡੀ ਕਰਕੇ ਅਮੈਂਡਮੈਂਟਾਂ ਵੀ ਬਨਾਉਣੀਆਂ ਹਨ ਪਰ ਇਹ ਬਿੱਲ ਪੰਜਾਬੀ ਵਿਚ ਸਰਕੂਲੇਟ ਨਹੀਂ ਕੀਤੇ ਗਏ। ਇਹ ਬਹੁਤ ਵੱਡੀ ਬੇਇਨਸਾਫੀ ਹੈ ਕਿਉਂਕਿ 50 ਪ੍ਰਤੀਸ਼ਤ ਤੋਂ ਜ਼ਿਆਦਾ ਮੈਂਬਰ ਅੰਗਰੇਜ਼ੀ ਸਮਝ ਨਹੀਂ ਸਕਦੇ। ਸਪੀਕਰ ਸਾਹਿਬ, ਇਹ ਸਾਰੇ ਬਿੱਲ ਪੰਜਾਬੀ ਵਿਚ ਸਰਕੂਲੇਟ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਦੇ ਨਾਲ ਮੈਂਬਰਾਂ ਨੂੰ ਮੌਕਾ ਨਾ ਦੇ ਕੇ ਅਸੀਂ ਜਮਹੂਰੀ ਤਰੀਕੇ ਦੇ ਨਾਲ ਬਿੱਲ ਡਿਸਕਸ ਨਹੀਂ ਕਰ ਸਕਦੇ। ਸਪੀਕਰ ਸਾਹਿਬ, ਤੁਹਾਨੂੰ ਡੈਮੋਕਰੇਸੀ ਬਹਾਲ ਕਰਨੀ ਚਾਹੀਦੀ ਹੈ। ਇਸ ਚੀਜ਼ ਨੂੰ ਤੁਸੀਂ ਸਖ਼ਤੀ ਦੇ ਨਾਲ ਲਾਗੂ ਕਰਾਓ।

**ਕਾਮਰੇਡ ਤਰਸੇਮ ਜੋਧਾਂ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਸਰਕਾਰ ਦਾ ਧਿਆਨ ਇਕ ਬਹੁਤ ਹੀ ਮਹੱਤਤਾ ਰੱਖਣ ਵਾਲੀ ਸਮੱਸਿਆ ਵੱਲ ਦਿਵਾਉਣਾ ਚਾਹੁੰਦਾ ਹਾਂ। ਹਾੜੀ ਦੀ ਕਟਾਈ ਸ਼ੁਰੂ ਹੋ ਗਈ ਹੈ। ਮੈਂ ਤੁਹਾਡਾ ਧਿਆਨ ਠੀਕਰੀ ਪਹਿਰੇ ਦੀ ਸ਼ਿਕਾਇਤ ਵੱਲ ਦਿਵਾਉਂਦਾ ਹਾਂ। ਰਾਤ ਨੂੰ 10-10 ਬੰਦੇ ਠੀਕਰੀ ਪਹਿਰੇ ਤੇ ਲਗਾਏ ਜਾਂਦੇ ਹਨ ਜਿਸਦੇ ਨਾਲ ਜਿਹੜੇ ਖੇਤੀ ਮਜ਼ਦੂਰ ਹਨ, ਜਿਨ੍ਹਾਂ ਨੇ ਇਨ੍ਹਾਂ ਦਿਨਾਂ ਵਿਚ ਮਿਹਨਤ ਕਰਕੇ, ਠੇਕੇ ਤੇ ਕਣਕ ਵਢਾਉਣੀ ਹੈ, ਦਾਣੇ ਬਣਾਉਣੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾ]

ਹਨ, ਉਨ੍ਹਾਂ ਨਾਲ ਜ਼ਬਰਦਸਤੀ ਕੀਤੀ ਜਾ ਰਹੀ ਹੈ। ਉਹ ਦਿਨੇ ਤਾਂ ਕਣਕ ਵਢਦੇ ਹਨ ਅਤੇ ਰਾਤ ਨੂੰ ਠੱਕ ਕੇ ਪਹਿਰਾ ਦੇਂਦੇ ਹੋਏ ਸੌਂ ਜਾਂਦੇ ਹਨ। ਫਿਰ ਉਨ੍ਹਾਂ ਦਾ ਪੁਲਿਸ ਕੁਟਾਪਾ ਚਾੜ੍ਹਦੀ ਹੈ। ਪੁਲਿਸ ਰਾਤ ਨੂੰ ਲੋਕਾਂ ਦੇ ਟਰਕਟਰ ਅਤੇ ਹਥਿਆਰ ਵੀ ਲੈ ਕੇ ਜਾਂਦੀ ਹੈ। ਇਨ੍ਹਾਂ ਗੱਲਾਂ ਕਰਕੇ ਪੰਜਾਬ ਦੇ ਲੋਕਾਂ ਵਿਚ ਬੇਚੈਨੀ ਪਾਈ ਜਾ ਰਹੀ ਹੈ। ਇਕ ਪਾਸੇ ਤਾਂ ਸਰਕਾਰ ਦਾਅਵਾ ਕਰਦੀ ਹੈ ਕਿ ਪੰਜਾਬ ਵਿਚ ਅਮਨ ਚੈਨ ਅਤੇ ਸ਼ਾਂਤੀ ਦੀ ਸਥਾਪਨਾ ਹੋ ਗਈ ਹੈ। ਫਿਰ ਇਨ੍ਹਾਂ ਡਾਂਗਾਂ ਵਾਲੇ ਪਹਿਰਿਆਂ ਦੀ ਕੀ ਲੋੜ ਹੈ ? ਹੁਣ ਦੇ ਦਿਨਾਂ ਵਿਚ ਲੋਕਾਂ ਨੂੰ ਦਾਣਾ ਫੱਕਾ ਇਕੱਠਾ ਕਰਨ ਦਿਉ ਤਾਂਕਿ ਲੋਕ ਮਜ਼ਦੂਰੀ ਕਰਕੇ ਚਾਰ ਪੈਸੇ ਬਣਾਉਣ, ਉਹ ਦਾਣੇ ਬਣਾ ਸਕਣ। ਇਥੇ ਸਰਕਾਰ ਸ਼ਾਂਤੀ ਦਾ ਢੰਡੋਰਾ ਪਿੱਟ ਰਹੀ ਹੈ ਅਤੇ ਦੂਜੇ ਪਾਸੇ ਠੀਕਰੀ ਪਹਿਰੇ ਲਾਏ ਜਾ ਰਹੇ ਹਨ। ਇਨ੍ਹਾਂ ਪਹਿਰਿਆਂ ਨੂੰ ਬੰਦ ਕੀਤਾ ਜਾਵੇ ਤਾਂਕਿ ਪੰਜਾਬ ਦੇ ਲੋਕਾਂ ਦੇ ਵਿਚੋਂ ਬੇਚੈਨੀ ਦੂਰ ਹੋ ਸਕੇ।

**Mr. Speaker** : Please resume your seat.

**ਸ੍ਰੀ ਵਿਜੈ ਕੁਮਾਰ ਸਾਥੀ** : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਤੁਹਾਡੇ ਰਾਹੀਂ ਇਕ ਬੜੇ ਅਹਿਮ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ। ਜ਼ਿਲ੍ਹਾ ਫਰੀਦਕੋਟ ਵਿਚ ਇਸ ਵੇਲੇ ਇਹ ਇਕ ਗੰਭੀਰ ਮਸਲਾ ਹੈ। ਸਿਹਤ ਮੰਤਰੀ ਜੀ ਇਥੇ ਬੈਠੇ ਹਨ। ਮੁਕਤਸਰ ਵਿਚ ਇਕ ਦਲਿਤ ਪਰਿਵਾਰ ਦੇ ਵਿਜੇ ਕੁਮਾਰ ਨਾਂ ਦੇ ਬਾਲਮੀਕ ਨੂੰ ਅਗਵਾ ਕੀਤਾ ਗਿਆ। ਉਹ ਵੈਨ ਨੰਬਰ 9717 ਵਿਚ ਡਰਾਈਵਰ ਸੀ। ਅੱਜ ਫਰੀਦਕੋਟ ਜ਼ਿਲ੍ਹੇ ਵਿਚ ਜਿਹੜੇ ਸਾਰੇ ਸਫਾਈ ਕਰਮਚਾਰੀ ਹਨ, ਉਹ 15 ਦਿਨਾਂ ਤੋਂ ਹੜਤਾਲ ਤੇ ਹਨ ਅਤੇ ਸਾਰੇ ਜ਼ਿਲ੍ਹੇ ਵਿਚ ਇਸ ਕਾਰਣ ਬੀਮਾਰੀ ਫੈਲਣ ਦਾ ਡਰ ਹੈ। ਮੇਰੇ ਕੋਲ ਐਫ.ਆਈ.ਆਰ. ਵੀ ਹੈ ਅਤੇ ਆਲ ਇੰਡੀਆ ਸਫਾਈ ਮਜ਼ਦੂਰ ਦੀ ਸਵੀਪਰਜ਼ ਯੂਨੀਅਨ ਦੇ ਕਾਗਜ਼ਾਤ ਵੀ ਹਨ ਜਿਹੜੇ ਕਿ ਸਰਕਾਰ ਕੋਲ ਵੀ ਆਏ ਹੋਏ ਹਨ। ਅੱਜ ਜ਼ਿਲ੍ਹਾ ਫਰੀਦਕੋਟ ਦਾ ਇਹ ਹਾਲ ਹੈ ਪਰ ਦੂਜੇ ਪਾਸੇ ਉਸ ਨੌਜਵਾਨ ਦੀ ਕੋਈ ਭਾਲ ਨਹੀਂ ਕੀਤੀ ਜਾ ਰਹੀ ਅਤੇ ਨਾ ਹੀ ਵੈਨ ਲਭੀ ਜਾ ਰਹੀ ਹੈ। ਉਸ ਦੇ ਪਰਿਵਾਰ ਨਾਲ, ਕੁਨਬੇ ਨਾਲ ਜ਼ਿਆਦਤੀ ਹੋ ਰਹੀ ਹੈ। ਦੂਜੇ ਪਾਸੇ ਸਾਰੇ ਫਰੀਦਕੋਟ ਜ਼ਿਲ੍ਹੇ ਵਿਚ ਵੀ ਬੀਮਾਰੀ ਫੈਲਣ ਦਾ ਡਰ ਹੈ। ਮੈਂ, ਸਪੀਕਰ ਸਾਹਿਬ, ਸਰਕਾਰ ਦੇ ਕੰਨਾਂ ਵਿਚ ਆਵਾਜ਼ ਪਹੁੰਚਾਉਣੀ ਚਾਹੁੰਦਾ ਹਾਂ ਕਿ ਜੇ ਘੋਖ ਨਾ ਕਰਵਾਈ ਗਈ ਅਤੇ ਮਸਲੇ ਨੂੰ ਨਾ ਸੰਭਾਲਿਆ ਗਿਆ ਤਾਂ ਕਈ ਮੌਤਾਂ ਬੀਮਾਰੀ ਕਾਰਣ ਹੋ ਜਾਣਗੀਆਂ। ਮੈਂ ਅਗਲੀ ਗੱਲ......

**Mr. Speaker** : Please resume your seat.

**ਸ੍ਰੀ ਵਿਜੇ ਕੁਮਾਰ ਸਾਥੀ** : ਸਪੀਕਰ ਸਾਹਿਬ, ਇਹ ਜਿਹੜਾ ਪੰਚਾਇਤਾਂ ਦਾ ਮਤਾ ਲੈ ਕੇ ਆਏ ਹਨ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਸ ਮਸਲੇ ਬਾਰੇ ਦੱਸਣਾ ਚਾਹੁੰਦਾ ਹਾਂ ......

**Mr. Speaker** : Please resume your seat.

**ਸ੍ਰੀ ਵਿਜੇ ਕੁਮਾਰ ਸਾਥੀ** : ਸਪੀਕਰ ਸਾਹਿਬ, ਮੇਰੀ ਬੇਨਤੀ ਹੈ, ਕੋਈ ਜ਼ਿਆਦਤੀ ਵਾਲੀ ਗੱਲ ਨਹੀਂ ਹੈ......

Original with;
Punjab Vidhan Sabha
Digitized by;
Panjab Digital Library

**Mr. Speaker** : I allowed your only one point of order. Resume your seat.

**ਸ੍ਰੀ ਵਿਜੇ ਕੁਮਾਰ ਸਾਥੀ :** ਸਪੀਕਰ ਸਾਹਿਬ, ਮੇਰੀ ਦੂਜੀ ਬੇਨਤੀ ਹੈ ਕਿ ਪਿੰਡਾਂ ਵਿਚ ਜਿਹੜੇ ਟਰੈਕਟਰਾਂ ਵਾਲੇ ਲੋਕ ਹਨ, ਉਨ੍ਹਾਂ ਨੂੰ, ਪੰਚਾਂ ਨੂੰ, ਸਰਪੰਚਾਂ ਨੂੰ ਅਤੇ ਹਥਿਆਰਾਂ ਵਾਲੇ ਲੋਕਾਂ ਨੂੰ ਧੱਕੇ ਨਾਲ ਪੁਲਿਸ ਤੋਰਦੀ ਹੈ। ਪੁਲਿਸ ਦਾ ਤਸ਼ੱਦਦ ਸ਼ੁਰੂ ਹੋ ਗਿਆ......

**ਸ੍ਰੀ ਸਪੀਕਰ:** ਸਾਥੀ ਜੀ, ਤੁਸੀਂ ਬੈਠ ਜਾਓ।

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਮੈਡਮ ਨੇ ਜੋ ਇਸ਼ੂ ਰੇਜ਼ ਕੀਤਾ ਹੈ, ਉਸ ਦਾ ਜ਼ਰੂਰ ਜਵਾਬ ਦੇਣਾ ਚਾਹੀਦਾ ਹੈ। ਪੰਜਾਬੀ ਵਿਚ ਬਾਕੀ ਦੇ ਬਿੱਲ ਨਹੀਂ ਦਿੱਤੇ ਗਏ। ਪਹਿਲਾਂ ਤਾਂ ਸਾਨੂੰ ਬਿੱਲ 10 ਦਿਨ ਪਹਿਲਾਂ ਦੇਣੇ ਚਾਹੀਦੇ ਹਨ ਪਰ ਕੋਈ ਵੀ ਬਿਲ 2 ਦਿਨ ਪਹਿਲਾਂ ਤੱਕ ਵੀ ਨਹੀਂ ਮਿਲਿਆ। ਅਸੀਂ ਪੰਜਾਬੀ ਭਾਸ਼ਾ ਤੇ ਜ਼ੋਰ ਦੇ ਰਹੇ ਹਾਂ ਅਤੇ ਹਾਊਸ ਵਿਚ ਵੀ ਪੰਜਾਬੀ ਭਾਸ਼ਾ ਤੋਂ ਬਿਨਾਂ ਦੂਸਰੀ ਭਾਸ਼ ਬਹੁਤ ਸਾਰੇ ਮੈਂਬਰ ਸਾਹਿਬਾਨ ਨਹੀਂ ਸਮਝ ਸਕਦੇ। ਕੋਈ ਵੀ ਮੇਜਰ ਬਿੱਲ ਪੰਜਾਬੀ ਭਾਸ਼ਾ ਵਿਚ ਨਹੀਂ ਦਿੱਤੇ ਗਏ।

**ਸ੍ਰੀ ਸਪੀਕਰ :** ਤੁਸੀਂ, ਅਰਸ਼ੀ ਜੀ, ਕੋਈ ਨਵੀਂ ਗੱਲ ਨਹੀਂ ਦੱਸ ਰਹੇ। ਜੋ ਮੈਡਮ ਨੇ ਕਿਹਾ ਹੈ, ਉਹੀ ਕਹਿ ਰਹੇ ਹੋ। ਪੰਜਾਬੀ ਵਿਚ ਬਿੱਲ ਹਰੇਕ ਨੂੰ ਮਿਲਣਗੇ। ਜਦੋਂ ਸਰਕਾਰ ਵਲੋਂ ਆਉਂਦੇ ਹਨ ਉਦੋਂ ਤੁਹਾਡੇ ਕੋਲ ਪਹੁੰਚ ਜਾਂਦੇ ਹਨ।

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਬਿੱਲ ਪੰਜਾਬੀ ਵਿਚ ਮਿਲਣੇ ਚਾਹੀਦੇ ਹਨ।

**ਵਿੱਤ ਮੰਤਰੀ (ਬੈਠੇ ਬੈਠੇ) :** ਉਹ ਕਹਿੰਦੇ ਹਨ ਕਿ ਪੰਜਾਬੀ ਵਿਚ ਦੇਣਗੇ।

**ਸ੍ਰੀ ਸੱਤਪਾਲ ਗੋਸਾਂਈ :** ਸਪੀਕਰ ਸਾਹਿਬ, ਲੁਧਿਆਣਾ ਵਿਚ 7 ਐਸੀਆਂ ਗੁੰਜਾਨ ਆਬਾਦੀਆਂ ਹਨ, ਜਿਨ੍ਹਾਂ ਵਿਚੋਂ ਤੁਹਾਡੀ ਕਾਂਸਟੀਚੂਐਂਸੀ ਅਬਦੁਲਾਪੁਰ ਵੀ ਹੈ, ਨਿਊ ਸੁਭਾਸ਼ ਨਗਰ, ਸ਼ਿਮਲਾ ਪੁਰੀ ਨੂਰਾਵਾਲਾ ਰੋਡ ਆਦਿ 7 ਐਸੀਆਂ ਜਗ੍ਹਾ ਹਨ। ਜਿਥੇ ਸ਼ਰਾਬ ਦੇ ਠੇਕੇ ਅਲਾਟ ਕੀਤੇ ਗਏ ਹਨ। ਉਥੇ ਲੋਕਾਂ ਵਿਚ ਬੜੀ ਰਿਜ਼ੈਂਟਮੈਂਟ ਹੈ। ਲੋਕ ਉਥੇ ਧਰਨਾ ਲਾ ਕੇ ਬੈਠੇ ਹਨ। ਉਥੇ ਕੀਰਤਨ ਮੰਡਲੀ ਵਾਲੇ ਬੈਠੇ ਹਨ, ਭੈਣਾਂ ਵੀ ਬੈਠੀਆਂ ਹਨ ਅਤੇ ਹੋਰ ਲੋਕ ਵੀ ਬੈਠੇ ਹਨ। ਕੀ ਸਰਕਾਰ ਇਸ ਗੱਲ ਦਾ ਜਵਾਬ ਦੇਵੇਗੀ ਕਿ ਇਹ ਠੇਕੇ ਬੰਦ ਕਰ ਦਿੱਤੇ ਜਾਣਗੇ ਜਾਂ ਇਸੇ ਤਰ੍ਹਾਂ ਹੀ ਰੱਖਣੇ ਹਨ

## WALK—OUT

(At this stage, some hon. members from opposition benches were standing to raise their points of order. Since they were not allowed by the Chair, the members belonging to BSP, CPI (M) and JD present in the House staged a walk-out.They were raisings longans ***)

**Mr. Speaker** : These slogans are not to be recorded.

**Not recorded as ordered by the Chair.

Original with;
Punjab Vidhan Sabha
Digitized by;
Panjab Digital Library

## LEGISLATIVE BUSINESS

## THE PUNJAB MINERALS (VESTING OF RIGHTS) BILL, 1994

**Finance Minister (Doctor Kewal Krishan)** : Sir, I beg to introduce the Punjab Minerals (Vesting of Rights) Bill.

**Sir,** I also beg to move—

That the Punjab Minerals (Vesting of Rights) Bill be taken into consideration at once.

**Mr. Speaker** : Motion moved—

That the Punjab Minerals (Vesting of Rights) Bill be taken into consideration at once.

Discussion please, Mittal Sahib, do you want to participate?

**ਸ੍ਰੀ ਮਦਨ ਮੋਹਨ ਮਿੱਤਲ (ਨੰਗਲ)**: ਸਪੀਕਰ ਸਾਹਿਬ, ਇਹ ਜੋ ਪੰਜਾਬ ਮਿਨਰਲਜ਼ (ਵੈਸਟਿੰਗ ਆਫ ਰਾਈਟਸ) ਬਿੱਲ, 1994 ਇਥੇ ਇੰਟਰੋਡਿਊਸ ਕੀਤਾ ਗਿਆ ਹੈ, ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਹਿਲਾ ਇਸ ਐਕਟ ਵਿਚ ਕਾਫੀ ਫਲਾਅ ਸੀ ਅਤੇ ਉਸ ਦੀ ਵਜ੍ਹਾ ਕਰ ਕੇ ਬਹੁਤ ਸਾਰੇ ਡਿਸਪਿਊਟ ਚਲਦੇ ਰਹਿੰਦੇ ਸੀ—between the proprietor and the Goverment agencies which were allocating the rights to remove the minerals ਔਰ ਬਹੁਤ ਸਾਰੇ ਡਿਸਪਿਊਟ ਕੋਰਟ ਵਿਚ ਚਲਦੇ ਹਨ। ਇਸ ਐਕਟ ਵਿਚ ਜਿਹੜਾ ਹੁਣ ਸੈਕਸ਼ਨ 4 ਇੰਟਰੋਡਿਊਸ ਕੀਤਾ ਗਿਆ ਹੈ, ਇਸ ਦੇ ਨਾਲ ਉਨ੍ਹਾਂ ਦੀ ਵੈਲਿਊਏਸ਼ਨ ਅਸੈੱਸ ਕੀਤੀ ਜਾ ਸਕੇਗੀ। If the parties are not satisfied with the rights fixed by the Collector they can move the court, as provided under the Land Acquisition Act. ਇਹ ਮੈਂ ਸਮਝਦਾ ਹਾਂ ਕਿ ਇਕ ਅੱਛਾ ਉਪਰਾਲਾ ਕੀਤਾ ਹੈ। ਲੇਕਿਨ ਜੋ ਮਾਈਨਰ ਮਿਨਰਲਜ਼ ਦੀ ਵਰਕਿੰਗ ਦਾ ਕੰਮ ਡਿਪਾਰਟਮੈਂਟ ਕਰ ਰਿਹਾ ਹੈ, ਉਸ ਦੇ ਵਿਚ ਬਹੁਤ ਸਾਰੀਆਂ ਖਾਮੀਆਂ ਹਨ। ਇਸ ਕੰਮ ਵਿਚ ਮਨਾਪਲੀ ਬਣੀ ਹੋਈ ਹੈ। ਇਸ ਕੰਮ ਵਿਚ ਠੀਕ ਤਰੀਕੇ ਦੇ ਨਾਲ ਅਲਾਟਮੈਂਟ ਨਹੀਂ ਹੁੰਦੀ। ਜਦ ਅਲਾਟਮੈਂਟ ਹੁੰਦੀ ਹੈ ਅਤੇ ਬੋਲੀ ਹੁੰਦੀ ਹੈ ਤਾਂ ਉਥੇ ਪਾਰਟੀਆਂ ਫਿਕਸ ਹੋਈਆਂ ਹੋਈਆਂ ਹੁੰਦੀਆਂ ਹਨ। ਦੇਣ ਵਾਲੀਆਂ ਵੀ ਅਤੇ ਲੈਣ ਵਾਲੀਆਂ ਵੀ ਏਜੰਸੀਆਂ ਫਿਕਸ ਹੋਈਆਂ ਹੁੰਦੀਆਂ ਹਨ, ਜਿਸ ਕਰਕੇ ਬਹੁਤ ਹੀ ਘਟ ਦਰ ਤੇ ਇਹ ਬੋਲੀਆਂ ਹੋ ਜਾਂਦੀਆਂ ਹਨ। ਇਨ੍ਹਾਂ ਦੀ ਰਿਟਰਨ ਬਹੁਤ ਘਟ ਵਿਖਾਈ ਜਾਂਦੀ ਹੈ ਜਿਸ ਨਾਲ ਸਟੇਟ ਐਕਸਚੈਕਰ ਨੂੰ ਵੀ ਬਹੁਤ ਘਾਟਾ ਪੈਂਦਾ ਹੈ। ਇਸ ਐਕਟ ਵਿਚ ਇਹ ਕੋਈ ਪਰੋਵੀਜ਼ਨ ਨਹੀਂ ਰੱਖੀ ਗਈ ਕਿ ਐਕਚੂਅਲੀ ਕਿਤਨਾ ਮੈਟੀਰੀਅਲ ਐਕਸਟਰੈਕਟ ਕੀਤਾ ਗਿਆ ਹੈ ਕਿਉਂਕਿ ਜਿਤਨਾ ਮੈਟੀਰੀਅਲ ਐਕਸਟਰੈਕਟ ਹੋਣਾ ਹੈ, ਉਸ ਦੀ ਰਿਟਰਨ ਫਾਈਲ ਹੁੰਦੀ ਹੈ। ਉਸ ਰਿਟਰਨ ਦੇ ਵਿਚ ਕੋਈ ਵੀ ਠੀਕ ਕੀਮਤ, ਠੀਕ ਮੈਟੀਰੀਅਲ ਜੋ ਐਕਸਟਰੈਕਟ ਕੀਤਾ ਗਿਆ ਹੈ, ਕਢ ਕੇ ਨਹੀਂ ਦਿੰਦਾ। ਇਸ ਕਰਕੇ ਮੈਂ ਸਮਝਦਾ ਹਾਂ ਕਿ ਇਸ ਐਕਟ ਦੇ ਵਿਚ ਇਸ ਤਰ੍ਹਾਂ ਦਾ ਕੋਈ

Original with;
Punjab Vidhan Sabha
Digitized by;
Panjab Digital Library

ਉਪਰਾਲਾ ਹੋਣਾ ਚਾਹੀਦਾ ਸੀ ਤਾਂ ਕਿ ਕੋਈ ਏਜੰਸੀਆਂ ਉਨ੍ਹਾਂ ਨੂੰ ਚੈੱਕ ਕਰਨ ਅਤੇ ਜੋ ਪੂਰਾ ਮੈਟੀਰੀਅਲ ਐਕਸਟਰੈਕਟ ਹੁੰਦਾ ਹੈ, ਉਸ ਦਾ ਰਿਕਾਰਡ ਪੂਰੀ ਤਰ੍ਹਾਂ ਮੇਨਟੇਨ ਹੋਵੇ। ਇਸ ਤਰ੍ਹਾਂ ਨਾ ਹੋਣ ਨਾਲ ਜਿਹੜੀ ਇਨਕਮ ਕੰਟਰੈਕਟ ਡਰਾਅ ਕਰਦਾ ਹੈ, ਉਸ ਨਾਲ ਇਨਕਮ ਟੈਕਸ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਦਾ ਨਿਪਟਾਰਾ ਨਹੀਂ ਸੀ ਹੁੰਦਾ। ਇਹ ਇਸ ਐਕਟ ਦੇ ਵਿਚ ਇਕ ਫਲਾਅ ਸੀ। ਇਸ ਫਲਾਅ ਨੂੰ ਰਿਮੂਵ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਔਰ ਮੈਂ ਇਸ ਦੇ ਨਾਲ ਸਹਿਮਤ ਹਾਂ ਪਰ ਇਸ ਦੇ ਵਿਚ ਜਿਹੜਾ 10 ਪ੍ਰਤੀਸ਼ਤ ਮੁਆਵਜ਼ਾ ਰੱਖਿਆ ਗਿਆ ਹੈ, ਇਹ ਬਹੁਤ ਹੀ ਘਟ ਹੈ। ਜੋ ਪ੍ਰੋਪ੍ਰਾਈਟਰ ਹਨ, ਕਈ ਜਗ੍ਹਾ ਤੇ ਪੰਚਾਇਤ ਇਸ ਦੇ ਮਾਲਕ ਹਨ ਅਤੇ ਕਈ ਜਗ੍ਹਾ ਤੇ ਪ੍ਰਾਈਵੇਟ ਲੈਂਡ ਹੋਲਡਰਜ਼ ਹਨ, ਉਨ੍ਹਾਂ ਨੂੰ 10 ਪ੍ਰਤੀਸ਼ਤ ਕੀਮਤ ਦੇ ਕੇ you give the other man a licence ਕਿ ਜਿਤਨੀ ਮਰਜ਼ੀ ਗਹਿਰਾਈ ਤੱਕ ਐਕਸਟਰੈਕਟ ਕਰ ਲਓ। ਇਸ ਨਾਲ ਜਿਥੇ ਸਰਕਾਰ ਨੂੰ ਪੂਰੀ ਰਿਟਰਨ ਦੇ ਕੇ ਪੂਰੀ ਇਨਕਮ ਨਹੀਂ ਹੁੰਦੀ, ਉਥੇ ਜਿਹੜਾ ਮਾਲਕ ਹੈ ਉਸ ਨੂੰ ਵੀ ਪੂਰਾ ਮੁਆਵਜ਼ਾ ਨਹੀਂ ਮਿਲਦਾ। ਇਹ ਪਹਿਲਾਂ 1/3 ਸੀ ਜਿਹੜਾ ਕਿ ਹੁਣ 10 ਪ੍ਰਤੀਸ਼ਤ ਕਰ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਇਹ 10 ਪ੍ਰਤੀਸ਼ਤ ਦੀ ਬਜਾਏ 1/3 ਹੀ ਹੋਣਾ ਚਾਹੀਦਾ ਹੈ। ਜਿਸ ਦੀ ਪ੍ਰਾਪਰਟੀ ਵਿਚੋਂ ਇਹ ਰਾਈਟਸ ਐਕਸਟਰੈਕਟ ਹੋਣੇ ਹਨ, ਉਸ ਨੂੰ ਕੁਝ ਵੀ ਨਹੀਂ ਮਿਲਿਆ ਔਰ ਸਾਰੇ ਪੈਸੇ ਕੰਟਰੈਕਟਰ ਔਰ ਸਰਕਾਰ ਲੈ ਗਈ। ਮੈਂ ਤਾਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਇਸ ਬਿੱਲ ਦੇ ਵਿਚ ਜਿਹੜਾ ਸ਼ੇਅਰ ਆਫ ਦੀ ਪ੍ਰੋਪ੍ਰਾਈਟਰ ਹੈ, ਉਸ ਨੂੰ ਵਧਾਇਆ ਜਾਣਾ ਚਾਹੀਦਾ ਹੈ। ਇਹ ਮੇਰੀ ਸਬਮਿਸ਼ਨ ਹੈ।

**ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ):** ਸਪੀਕਰ ਸਾਹਿਬ ਇਹ ਜਿਹੜਾ ਬਿੱਲ ਲਿਆਂਦਾ ਹੈ ਜਨਰਲੀ ਤਾਂ ਸੀ.ਪੀ.ਆਈ. ਗਰੁੱਪ ਵੱਲੋਂ ਮੈਂ ਇਸ ਦੀ ਪੂਰੀ ਸਪੋਰਟ ਕਰਦਾ ਹਾਂ। ਠੀਕ ਹੈ, ਪ੍ਰਾਫਿਟ ਦੀ ਜਿਹੜੀ ਨਜਾਇਜ਼ ਵਰਤੋਂ ਹੋ ਰਹੀ ਹੈ, ਉਸ ਨੂੰ ਸਰਕਾਰ ਨੇ ਆਪਣੀ ਮਾਲਕੀ ਦੇ ਹੇਠ ਲੈ ਆਂਦਾ ਹੈ ਲੇਕਿਨ ਅਸੀਂ ਆਪਣੇ ਗਰੁੱਪ ਵਲੋਂ ਵੀ ਇਸ ਵਿਚ ਕੁਝ ਅਮੈਂਡਮੈਂਟਸ ਲਿਆਂਦੀਆਂ ਹਨ। ਜਿਹੜੀਆਂ ਅਸੀਂ ਕੁਝ ਅਮੈਂਡਮੈਂਟਸ ਇਸ ਦੇ ਵਿੱਚ ਦਿੱਤੀਆਂ ਹਨ, ਉਹ ਇਸ ਨੂੰ ਮਟਰੈਂਥਨ ਕਰਨਗੀਆਂ; ਇਸ ਕਰਕੇ ਉਨ੍ਹਾਂ ਨੂੰ ਵੀ ਜ਼ਰੂਰ ਕਨਸਿਡਰ ਕਰਨਾ ਚਾਹੀਦਾ ਹੈ। ਮਿਸਾਲ ਦੇ ਤੌਰ ਤੇ ਕਿਹਾ ਗਿਆ ਹੈ ਕਿ ਸਰਕਾਰ ਅੱਗੋਂ ਇਸ ਨੂੰ ਆਪਣੇ ਤੌਰ ਤੇ ਦੇਵੇਗੀ, ਉਸ ਦੇਣ ਦੇ ਪ੍ਰੋਸੀਜਰ ਨੂੰ ਪੂਰੀ ਤਰ੍ਹਾਂ ਸਾਫ ਨਹੀਂ ਕੀਤਾ ਹੋਇਆ। ਜਿਸ ਵੇਲੇ ਐਕਟ ਬਣ ਜਾਵੇ ਤਾਂ ਉਸ ਵੇਲੇ ਕੋਈ ਬਾਈ-ਲਾਜ਼ ਬਣਾਉਣ ਵਾਸਤੇ ਜ਼ਰੂਰ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ ਤਾਂ ਕਿ ਕੋਈ ਪਰਾਪਰ ਤਰੀਕਾ ਇਸਤੇਮਾਲ ਕੀਤਾ ਜਾ ਸਕੇ। ਕੋਈ ਟੈਂਡਰ ਕਾਲ ਕੀਤਾ ਜਾਵੇ ਅਤੇ ਉਸ ਦੀਆਂ ਕੋਈ ਟਰਮਜ਼ ਐਂਡ ਕੰਡੀਸ਼ਨਜ਼ ਹੋਣ ਤਾਂ ਕਿ ਅੰਦਰਖਾਤੇ ਕੋਈ ਗੱਲ ਨਾ ਹੋਵੇ। ਇਹ ਚੀਜ਼ ਜ਼ਰੂਰ ਕਿਸੇ ਨਾ ਕਿਸੇ ਰੂਪ ਵਿਚ ਸ਼ਾਮਲ ਕਰਨੀ ਚਾਹੀਦੀ ਹੈ। ਇਸ ਐਕਟ ਦੇ ਨਾਲ ਸਾਡੀ ਪੂਰੀ ਸਪੋਰਟ ਹੈ। ਦੂਸਰਾ ਇਸ ਵਿਚ ਇਕ ਲੈਪਸ ਜ਼ਰੂਰ ਹੈ ਅਤੇ ਸਰਕਾਰ ਨੂੰ ਇਹ ਜ਼ਰੂਰ ਕਨਸਿਡਰ ਕਰਨਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਚਾਹੀਦਾ ਹੈ। ਮਿਸਾਲ ਦੇ ਤੌਰ ਤੇ ਅਸੀਂ ਕਿਸੇ ਪ੍ਰਾਈਵੇਟ ਕੰਟਰੈਕਟਰ ਨੂੰ ਇਹ ਦੇ ਦਿੰਦੇ ਹਾਂ ਅਤੇ ਉਹ ਇਸ ਵਿਚ ਜਿਹੜੀ ਅੱਗੇ ਲੇਬਰ ਰੱਖੇਗਾ ਉਸ ਲੇਬਰ ਦੀ ਸਰਵਿਸ ਦੀ ਸਕਿਉਰਟੀ, ਘੱਟੋ ਘੱਟ ਵੇਜਿਜ਼ ਦਾ ਸਵਾਲ ਜਾਂ ਲੇਬਰ ਦੇ ਹੋਰ ਜਿਹੜੇ ਹੱਕ ਹਨ, ਉਨ੍ਹਾਂ ਦੇ ਬਾਰੇ ਕੁਝ ਲਾਜ਼ ਬਣਨੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਦੀ ਕਿਸੇ ਤਰ੍ਹਾਂ ਐਕਸਪਲਾਇਟੇਸ਼ਨ ਨਾ ਹੋਵੇ। ਇਹ ਦੋ ਤਿੰਨ ਗੱਲਾਂ ਇਸ ਵਿਚ ਸ਼ਾਮਲ ਕਰਨੀਆਂ ਚਾਹੀਦੀਆਂ ਹਨ। ਜਨਰਲੀ ਤਾਂ ਸਾਡੀ ਇਸ ਦੇ ਨਾਲ ਸਹਿਮਤੀ ਹੈ। ਕੋਈ ਬਹੁਤੀ ਡਿਫਰੈਂਸਜ਼ ਵਾਲੀ ਗੱਲ ਨਹੀਂ ਹੈ। ਜੇਕਰ ਇਹ ਦੋ ਤਿੰਨ ਗੱਲਾਂ ਹੋਰ ਐਡ ਹੋ ਜਾਣ ਤਾਂ ਜ਼ਿਆਦਾ ਬੈਟਰ ਹੋਵੇਗਾ ਅਤੇ ਚੰਗੇ ਰਿਜ਼ਲਟ ਨਿਕਲਣਗੇ। ਮੈਨੂੰ ਆਸ ਹੈ ਕਿ ਮਾਨਯੋਗ ਮੰਤਰੀ ਜੀ ਇਨ੍ਹਾਂ ਦੋ ਤਿੰਨ ਗੱਲਾਂ ਨੂੰ ਕਨਸਿਡਰ ਕਰਨਗੇ। ਮੈਂ ਸਮਝਦਾ ਹਾਂ ਕਿ ਫਿਰ ਅਸੀਂ ਠੀਕ ਭਾਵਨਾ ਨਾਲ ਇਸ ਨੂੰ ਲਾਗੂ ਕਰ ਸਕਾਂਗੇ।

**ਵਿੱਤ ਮੰਤਰੀ ( ਡਾਕਟਰ ਕੇਵਲ ਕ੍ਰਿਸ਼ਨ)** : ਸਪੀਕਰ ਸਾਹਿਬ, ਪੰਜਾਬ ਮਿਨਰਲਜ਼ (ਵੈਸਟਿੰਗ ਆਫ ਰਾਈਟਸ) ਬਿਲ, 1994 ਸਦਨ ਦੇ ਅੱਗੇ ਲਿਆਂਦਾ ਗਿਆ ਹੈ। ਇਸ ਦੀ ਬਹੁਤ ਪਹਿਲਾਂ ਜ਼ਰੂਰਤ ਸੀ। 1974 ਦੇ ਵਿੱਚ ਵੀ ਕੋਸ਼ਿਸ਼ ਕੀਤੀ ਗਈ ਔਰ ਬਾਅਦ ਵਿੱਚ 1977 ਵਿੱਚ ਵੀ ਇਹ ਬਿੱਲ ਲਿਆਉਣ ਦੀ ਕੋਸ਼ਿਸ਼ ਕੀਤੀ ਗਈ। ਫਿਰ ਪਰੈਜ਼ੀਡੈਂਟ ਰੂਲ ਦੇ ਵਿੱਚ ਵੀ ਕੋਸ਼ਿਸ਼ ਹੋਈ। ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਹਰਿਆਣਾ ਔਰ ਹਿਮਾਚਲ ਨੇ ਵੀ ਇਸ ਤਰ੍ਹਾਂ ਦਾ ਬਿਲ ਲਿਆ ਕੇ ਪਾਸ ਕਰਵਾ ਲਿਆ ਹੈ। ਮੈਂ ਆਭਾਰੀ ਹਾਂ, ਧੰਨਵਾਦੀ ਵੀ ਹਾਂ, ਮੈਂਬਰ ਸਾਹਿਬਾਨ ਦਾ ਕਿ ਉਨ੍ਹਾਂ ਨੇ ਇਸ ਬਿਲ ਦਾ ਸਮਰਥਨ ਕੀਤਾ ਹੈ ਕਿਉਂਕਿ ਇਸ ਬਿਲ ਦੇ ਨਾ ਆਉਣ ਨਾਲ ਮਿਨਰਲਜ਼ ਵਾਸਤੇ ਗੜ੍ਹੇ ਖੋਦਣਾ, ਜ਼ਮੀਨ ਪੁੱਟਣਾ ਜਾਂ ਜ਼ਮੀਨ ਦਾ ਇਸਤੇਮਾਲ ਕਰਨਾ, ਉਸ ਦੇ ਵਾਸਤੇ ਕੋਈ ਡਸਿਪਲਿਨ ਜਾਂ ਰੈਗੂਲੇਟਿਟੀ ਨਹੀਂ ਸੀ। ਇਸ ਬਿਲ ਦੇ ਰਾਹੀਂ ਸੱਭ ਤੋਂ ਜ਼ਰੂਰੀ ਗੱਲ ਇਹ ਹੋਵੇਗੀ ਕਿ ਹੁਣ ਇਹ ਚੀਜ਼ ਗੌਰਮਿੰਟ ਦੇ ਅੰਡਰ ਹੋਏਗੀ ਭਾਵੇਂ ਕਿ ਜ਼ਮੀਨ ਤਾਂ ਮਾਲਕਾਂ ਦੀ ਹੀ ਹੋਏਗੀ। ਬਹੁਤ ਸਾਰੀ ਜ਼ਮੀਨ ਅਜਿਹੀ ਹੈ ਜਿਹੜੀ 2000 ਭੱਠਿਆਂ ਵਾਸਤੇ ਇਸਤੇਮਾਲ ਹੁੰਦੀ ਹੈ। ਕਿਧਰੇ ਪੱਥਰ ਨਿਕਲਦੇ ਹਨ, ਕਿਤੇ ਬਜਰੀ ਨਿਕਲਦੀ ਹੈ। ਏਥੇ ਨਾ ਕੋਈ ਸੋਨਾ ਨਿਕਲਦਾ, ਨਾ ਕੋਲਾ ਹੁੰਦਾ, ਨਾ ਹੀਰੇ, ਨਾ ਜਵਾਹਰਾਤ, ਅਜਿਹੀ ਕੋਈ ਚੀਜ਼ ਨਹੀਂ ਹੁੰਦੀ ਲੇਕਿਨ ਜ਼ਮੀਨ ਨੂੰ ਖੋਦਣ, ਪੁੱਟਣ ਨਾਲ ਜ਼ਮੀਨ ਦਾ ਨੁਕਸਾਨ ਹੁੰਦਾ ਹੈ, ਜ਼ਮੀਨ ਬਰਬਾਦ ਹੁੰਦੀ ਹੈ। ਜਿਹੜੇ ਪਿੱਛੇ ਜਿਹੇ ਫਲੱਡਜ਼ ਆਏ ਹਨ, ਉਸ ਨਾਲ ਵੀ ਕਾਫੀ ਜ਼ਮੀਨ ਦਾ ਨੁਕਸਾਨ ਹੋਇਆ ਹੈ। ਇਸ ਬਿਲ ਦੇ ਪਾਸ ਹੋਣ ਨਾਲ ਜ਼ਮੀਨ ਮਾਲਕ ਜੋ ਔਕਸ਼ਨ ਕਰੇਗਾ, 10 ਪ੍ਰਤੀਸ਼ਤ ਗੌਰਮਿੰਟ ਨੂੰ ਦੇਵੇਗਾ। ਜਿਹੜਾ ਤੌਖਲਾ ਮਿੱਤਲ ਸਾਹਿਬ ਨੇ ਪ੍ਰਗਟ ਕੀਤਾ ਹੈ, ਉਸ ਲਈ ਵੀ ਅਸੀਂ ਸਾਫ ਲਿਖਿਆ ਹੈ। ਗੌਰਮਿੰਟ ਰੂਲ ਬਣਾਏਗੀ ਕਿ ਇੰਨੇ ਡੂੰਘੇ ਗੱਡੇ ਪੁੱਟੇ ਜਾਣਗੇ ਔਰ ਜੇਕਰ ਜ਼ਮੀਨ ਬਰਬਾਦ ਹੋ ਗਈ, ਸੜਕ ਰੁੜ੍ਹ ਗਈ, ਕਿਤੇ ਕੁਝ ਹੋਰ ਹੋ ਗਿਆ ਤਾਂ ਉਸਦੇ ਬਾਰੇ ਵੀ ਬਕਾਇਦਾ ਰੂਲਜ਼ ਬਣਾਏ ਜਾਣਗੇ। ਜਿਹੜਾ ਵੱਧ ਤੋਂ ਵੱਧ ਪਰਸੈਂਟ ਕਿਹਾ ਗਿਆ ਹੈ, ਮੈਂ ਸਮਝਦਾ ਹਾਂ ਕਿ ਇਹ 10 ਪ੍ਰਤੀਸ਼ਤ ਵੀ ਬਹੁਤ ਘੱਟ ਹੈ। ਹਿਮਾਚਲ ਔਰ ਹਰਿਆਣੇ ਵਿੱਚ ਏਨਾ ਹੀ ਰੱਖਿਆ ਗਿਆ ਹੈ।

Original with;
Punjab Vidhan Sabha
Digitized by:
Panjab Digital Library

ਇਸ ਬਿਲ ਦੀ ਗੌਰਮਿੰਟ ਆਫ ਇੰਡੀਆ ਤੋਂ ਮਨਜ਼ੂਰੀ ਆਉਂਦੀ ਹੈ, ਇਸ ਲਈ ਸਮਾਂ ਜ਼ਰੂਰ ਲਗਦਾ ਹੈ ਲੇਕਿਨ ਉਸ ਤੋਂ ਬਾਅਦ ਰੂਲਜ਼ ਬਨਾਉਣੇ ਹਨ। ਜਿਹੜੇ ਅਰਸ਼ੀ ਸਾਹਿਬ ਨੇ ਤੌਖਲਾ ਜ਼ਾਹਿਰ ਕੀਤਾ ਹੈ ਅਤੇ ਮਿੱਤਲ ਸਾਹਿਬ ਨੇ ਵੀ ਕਿਹਾ ਹੈ, ਉਸ ਬਾਰੇ ਮੈਂ ਮਹਿਸੂਸ ਕਰਦਾ ਹਾਂ ਕਿ ਜਦੋਂ ਅਸੀਂ ਰੂਲਜ਼ ਬਨਾਉਣੇ ਹਨ, ਉਸ ਵੇਲੇ ਉਹ ਵੀ ਜ਼ਰੂਰ ਕਰ ਦੇਵਾਂਗੇ, ਅਸੀਂ ਕੋਈ ਪਰੇਸ਼ਾਨੀ ਪੰਜਾਬ ਦੇ ਲੋਕਾਂ ਨੂੰ ਨਹੀਂ ਹੋਣ ਦਿਆਂਗੇ। ਪੰਜਾਬ ਦੀ ਜ਼ਮੀਨ ਪਹਿਲਾਂ ਹੀ ਹਿੰਦੁਸਤਾਨ ਦੇ ਬਾਕੀ ਸੂਬਿਆਂ ਦੇ ਨਾਲੋਂ ਬਹੁਤ ਘੱਟ ਹੈ, ਏਥੇ ਮਿਨਰਲਜ਼ ਵੀ ਬਹੁਤ ਘੱਟ ਹੈ, ਇਸ ਕਰਕੇ ਸਾਡੀ ਕੋਸ਼ਿਸ਼ ਹੋਵੇਗੀ ਕਿ ਸਾਡੀ ਜ਼ਮੀਨ ਬਰਬਾਦ ਨਾ ਹੋਵੇ, ਉਸ ਦੀ ਹਿਫਾਜ਼ਤ ਹੋਵੇ ਅਤੇ ਜਿੰਨੀ ਗੌਰਮਿੰਟ ਦੀ ਇਜ਼ਾਜ਼ਤ ਹੋਵੇਗੀ, ਉਸ ਨਾਲੋਂ ਜ਼ਿਆਦਾ ਗਹਿਰਾਈ ਤੱਕ ਜ਼ਮੀਨ ਦੀ ਪੁਟਾਈ ਨਾ ਕੀਤੀ ਜਾਵੇ। ਪੱਥਰ ਕੱਢਣ ਵਾਲਿਆਂ ਨੇ, ਮਿੱਟੀ ਕਢਣ ਵਾਲਿਆਂ ਨੇ ਸਾਰੀ ਜ਼ਮੀਨ ਖਰਾਬ ਕਰ ਦਿੱਤੀ ਔਰ ਕਈ ਜਾਨਵਰ ਵੀ ਉਥੇ ਮਰ ਗਏ। ਸਪੀਕਰ ਸਾਹਿਬ, ਭਾਵੇਂ ਇਹ ਬਿਲ ਦੇਰ ਨਾਲ ਲਿਆਂਦਾ ਹੈ ਲੇਕਿਨ ਪੰਜਾਬ ਸਰਕਾਰ ਨੇ ਮਿਨਰਲਜ਼ ਦੇ ਬੈਟਰ ਪ੍ਰਬੰਧ ਲਈ ਇਹ ਲਿਆਂਦਾ ਹੈ। ਮੈਂ ਉਮੀਦ ਕਰਦਾ ਹਾਂ ਕਿ ਇਸ ਸਦਨ ਦੇ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਇਸ ਬਿਲ ਨੂੰ ਸਰਬ-ਸੰਮਤੀ ਨਾਲ ਪਾਸ ਕਰ ਦੇਣਗੇ।

**Mr. Speaker** : Question is—

That the Punjab Minerals (Vesting of Rights) Bill be taken into consideration at once.

*The motion was crried unanimously.*

**Mr. Speaker** : Now the House will proceed to consider the Bill Clause by Clause.

**Clause 2**

**Mr. Speaker** : Question is—

That Clause 2 stand part of the Bill.

*The motion was carried unanimously*

**Clause 3**

**Mr. Speaker** : There is notice of amendment to this Clause by Comrade Ajaib Singh Raunta and Shri Hardev Arshi. Comrade Arshi to please move his amendment.

**Comrade Hardev Arshi** : Sir, I beg to move—

That in sub-clause (2) of Clause 3, in line 2, afrer the word "land" the following shall be added—

"in accordance with the prescribed procedure".

Original with;
Punjab Vidhan Sabha
Digitized by;
Panjab Digital Library

**Mr. Speaker** : Motion moved—

That in sub-clause (2) of Clause 3, in line 2, after the word "land" the following shall be added –

"in accordance with the prescribed procedure"

**Mr. Speaker** : Question is—

That in sub-clause (2) of Clause 3, in line 2, after the word "land" the following shall be added–

"in accordance with the prescribed procedure".

*The motion was lost.*

**Clause 3**

**Mr. Speaker** : Question is—

That Clause 3 stand part of the Bill.

*The motion was carried.*

**Clause 4**

**Mr. Speaker** : Question is—

That Clause 4 stand part of the Bill.

*The motion was carried.*

**Clause 5**

**Mr. Speaker** : Question is—

That Clause 5 stand part of the Bill.

*The motion was carried.*

**Clause 6**

**Mr. Speaker** : Question is—

That Clause 6 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

Clause 7

**Mr. Speaker** : Question is—

That Clause 7 stand part of the Bill.

*The motion was carried.*

Clause 8

**Mr. Speaker** : There is a notice of amendment to this Clause by Comrade Ajaib Singh Raunta and Shri Hardev Arshi. Shri Hardev Arshi may please move his amendment.

**Comrade Hardev Arshi** : Sir, I beg to move—

(i) That in sub-clause (2) of Clause 8, before sub-clause 2(a) add the following sub-clause to be numbered as 2(a) and subsequent parts be re-numbered accordingly :—

"the manner in which the State Government may assign its right to the minerals in any land to any person"

(ii) Before the present sub-clause 2(b) of Clause 8 add the new sub-clause as under and the subsequent part be re-numbered accordingly :—

"the manner in which the State Government will ensure that rights and interest of labour engaged are protected and that no child labour is employed".

**Mr. Speaker** : Motion moved—

(i) That in sub-clause (2) of Clause 8, before sub-clause 2(a) and the following sub-clause to be numbered as 2(a) and subsequent parts be re-numbered accordingly :—

"the manner in which the State Government may assign its right to the minerals in any land to any person".

(ii) Before the present sub-clause 2(d) of Clause 8 add the new sub-clause as under and the subsequent part be re-numbered accordingly:—

"the manner in which the State Government will ensure that rights and interests of labour engaged are protected that no child labour is employed".

**Mr. Speaker** : Question is—

(i) That in sub-clause (2) of Clause 8, before sub-clause 2(a) add the following sub-clause to be numbered as 2(a) and subsequent parts be re-numbered accordingly :—

"the manner in which the State Government may assign its right to the minerals in any land to any person".

Original with;
Punjab Vidhan Sabha
Digitized by;
Panjab Digital Library

[Mr. Speaker]

(ii) Before the present sub-clause 2 (d) of Clause 8 add the new sub-clause as under and the subsequent part be re-numbered accordingly :-

"the manner in which the State Government will ensure that rights and interests of labour engaged are protected and that no child labour is employed".

*The motion was lost.*

**Clause 8**

**Mr. Speaker** : Question is—

That clause 8 stand part of the Bill.

*The motion was carried*

**Clause 1**

**Mr. Speaker** : Question is—

That Clause 1 stand part of the Bill.

*The motion was carried.*

**Title**

**Mr. Speaker** : Question is—

That Title be the Title of the Bill.

*The motion was carried.*

**Finance Minister (Doctor Kewal Krishan)** : Sir, I beg to move

That the Punjab Minerals (Vesting of Rights) Bill be passed.

**Mr. Speaker** : Motion moved—

That the Punjab Minerals (Vesting of Rights) Bill be passed.

**Mr. Speaker** : Question is—

That the Punjab Minerals (Vesting of Rights) Bill be passed.

*The motion was carried unanimously.*

———

Original with;
Punjab Vidhan Sabha
Digitized by;
Punjab Digital Library

## THE PUNJAB CO-OPERATIVE SOCIETIES (AMENDMENT) BILL, 1994

**Co-operation Minister (Shri Sajjan Kumar Jakhar)** : Sir, I beg to introduce the Punjab Co-operative Societies (Amendment) Bill.

**Sir**, I also beg to move—

That the Punjab Co-operative Societies (Amendment) Bill be taken into consideration at once.

**Mr. Speaker** : Motion moved—

That the Punjab Co-operative Societies (Amendment) Bill be taken into consideration at once.

Discussion, if any.

**ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ)**: ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਆਪਣੇ ਗਰੁੱਪ ਵੱਲੋਂ ਜੋ ਅਮੈਂਡਮੈਂਟ ਕੀਤੀ ਗਈ ਹੈ, ਉਸ ਦੀ ਸਪੋਰਟ ਕਰਦਾ ਹਾਂ। ਇਸ ਨਾਲ ਜਿਹੜੇ ਡਿਸਟਰੀਬਿਊਟਰ ਹਨ, ਵਿਸ਼ੇਸ਼ ਕਰਕੇ ਉਨ੍ਹਾਂ ਦਾ ਕੋਆਪਰੇਟਿਵ ਬੈਂਕਾਂ ਵਿਚ ਹੋਰ ਜ਼ਿਆਦਾ ਕਾਨ-ਫੀਡੈਂਸ ਵਧੇਗਾ ਕਿਉਂਕਿ ਪਹਿਲਾਂ ਤਾਂ ਰਕਮ ਜਮ੍ਹਾਂ ਕਰਵਾਉਣੀ ਪੈਂਦੀ ਹੈ ਪਰ ਉਨ੍ਹਾਂ ਨੂੰ ਭੁਗਤਾਨ ਦੀ ਪੂਰੀ ਗਰੰਟੀ ਨਹੀਂ ਸੀ ਹੁੰਦੀ ਕਿਉਂਕਿ ਕਿਸੇ ਦੇ ਪੈਸੇ ਇਧਰ ਉਧਰ ਪੈ ਕੇ ਜਾਰੀ ਹੋ ਗਏ ਸਨ। ਇਸ ਅਮੈਂਡਮੈਂਟ ਨਾਲ ਕਾਰਗੁਜ਼ਾਰੀ ਕਾਫੀ ਅੱਛੀ ਹੋਵੇਗੀ। ਇਸ ਅਮੈਂਡਮੈਂਟ ਦੀ ਮੈਂ ਆਪਣੇ ਗਰੁੱਪ ਵੱਲੋਂ ਪੂਰੀ ਸਪੋਰਟ ਕਰਦਾ ਹਾਂ ਲੇਕਿਨ ਮੈਂ ਦੋ-ਤਿੰਨ ਬੇਨਤੀਆਂ ਜ਼ਰੂਰ ਕਰਨੀਆਂ ਚਾਹੁੰਦਾ ਹਾਂ। ਪਿਛਲੇ ਸੈਸ਼ਨ ਵਿਚ ਵੀ ਇੱਕ ਛੋਟੀ ਜਿਹੀ ਅਮੈਂਡਮੈਂਟ ਲਿਆਂਦੀ ਸੀ, ਹੁਣ ਵੀ ਲਿਆਂਦੀ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦੀ ਜ਼ਿੰਦਗੀ ਵਿਚ ਵਿਸ਼ੇਸ਼ ਕਰਕੇ...

**ਸ੍ਰੀ ਸਪੀਕਰ**: ਇਹ ਅਮੈਂਡਮੈਂਟ ਤੇ ਬੋਲ ਰਹੇ ਹੋ ?

**ਕਾਮਰੇਡ ਹਰਦੇਵ ਅਰਸ਼ੀ** : ਪੰਜਾਬ ਦੇ ਆਰਥਿਕ ਜੀਵਨ ਵਿਚ ਸਹਿਕਾਰੀ ਲਹਿਰ ਦਾ ਬਹੁਤ ਯੋਗਦਾਨ ਹੈ। ਇਹ ਯੋਗਦਾਨ ਹੋਰ ਵੀ ਜ਼ਿਆਦਾ ਵਧਾ ਸਕਦੇ ਹਾਂ ਜੇਕਰ ਸਮੇਂ ਦੇ ਮੁਤਾਬਿਕ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਚੇਂਜਿਜ਼ ਕੀਤੀਆਂ ਜਾਣ। ਪਿੱਛੇ ਜਿਹੇ ਜਲੰਧਰ ਵਿਚ ਸਰਕਾਰ ਦੇ ਬਣਨ ਪਿੱਛੋਂ ਇੱਕ ਸੈਮੀਨਾਰ ਹੋਇਆ ਸੀ, ਉਸ ਵਿਚ ਸੀ.ਐਮ. ਸਾਹਿਬ ਹਾਜ਼ਰ ਸਨ ਔਰ ਉਥੇ ਬਹੁਤ ਗੱਲਾਂ ਪ੍ਰਵਾਨ ਕੀਤੀਆਂ ਗਈਆਂ ਉਥੇ ਐਸਿਓਰੈਂਸ ਦਿੱਤੀ ਗਈ ਸੀ ਆਉਣ ਵਾਲੇ ਸਮੇਂ ਵਿਚ ਇਸ ਵਿਚ ਅਮੈਂਡਮੈਂਟ ਕਰਾਂਗੇ ਔਰ ਅਮੈਂਡਮੈਂਟ ਬਿਲ ਲਿਆਂਦਾ ਜਾਵੇਗਾ ਲੇਕਿਨ ਅਫਸੋਸ ਹੈ ਕਿ ਉਨ੍ਹਾਂ ਵਿਚੋਂ ਸਿਰਫ ਦੋ ਗੱਲਾਂ ਹੀ ਪ੍ਰਵਾਨ ਹੋਈਆਂ। ਮੈਂ ਸਮਝਦਾ ਹਾਂ ਕਿ ਜੋ ਕੋਆਪਰੇਟਿਵ ਮੌਡਲ ਐਕਟ ਪਿਛੇ ਜਿਹੇ ਦੇਸ਼ ਵਿਚ ਸਰਕੂਲੇਟ ਹੋਇਆ ਜੋ ਸ੍ਰੀ ਬ੍ਰਹਮ ਪ੍ਰਕਾਸ਼ ਦੀ ਅਗਵਾਈ ਵਿਚ ਬਣਾਇਆ ਗਿਆ ਸੀ।, ਉਨ੍ਹਾਂ ਗੱਲਾਂ ਨੂੰ ਪੰਜਾਬ ਦੀ ਸਰਕਾਰ ਨੂੰ ਜ਼ਰੂਰ ਲੈਣਾ ਚਾਹੀਦਾ ਹੈ। ਸਾਡੇ ਕੋਆਪਰੇਟਿਵ ਮਨਿਸਟਰ ਸਾਹਿਬ ਬੈਠੇ ਹਨ। ਇਸ ਨਾਲ ਪੰਜਾਬ ਦੀ ਸਹਿਕਾਰੀ ਲਹਿਰ ਹੋਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਜ਼ਿਆਦਾ ਤਕੜੀ ਹੋ ਸਕਦੀ ਹੈ। ਇਸ ਤਰ੍ਹਾਂ ਮੈਂ 2-3 ਬੇਨਤੀਆਂ ਕਰਨੀਆਂ ਚਾਹੁੰਦਾ ਹਾਂ। ਮੈਂ ਜ਼ਿਆਦਾ ਸਮਾਂ ਨਹੀਂ ਲੈਂਦਾ। ਮਿਸਾਲ ਦੇ ਤੌਰ ਤੇ ਇਨ੍ਹਾਂ ਵਿਚ ਡੈਮੋਕਰੈਟਿਕ ਪ੍ਰਾਸੈਸ ਸਮੁੱਚੀ ਸਹਿਕਾਰੀ ਲਹਿਰ ਘਟਦੀ ਜਾ ਰਹੀ ਹੈ ਕਿਉਂਕਿ ਬਿਉਰੋਕਰੇਸੀ ਜਿਵੇਂ ਰਜਿਸਟਰਾਰ ਹੈ, ਉਹ ਕੋਆਪਰੇਟਿਵ ਮਹਿਕਮੇਂ ਵਿਚ ਬੈਠੇ ਹਨ, ਜਿਸ ਕਰਕੇ ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਦਾ ਟਾਰਗੈੱਟ ਜਾਂ ਪ੍ਰਾਪਤੀ ਅਸੀਂ ਉਸ ਲਹਿਰ ਤੋਂ ਚਾਹੁੰਦੇ ਹਾਂ, ਉਹ ਨਹੀਂ ਹੋ ਰਹੀ। ਅਗਲੀ ਗੱਲ ਇਹ ਹੈ ਕਿ ਇਲੈਕਸ਼ਨ ਦਾ ਪ੍ਰਾਸੈੱਸ ਸ਼ੁਰੂ ਹੋ ਜਾਂਦਾ ਹੈ, ਫਾਰਮੈਲਿਟੀਜ਼ ਹੋ ਗਈਆਂ ਹੁੰਦੀਆਂ ਹਨ ਲੇਕਿਨ ਇਲੈਕਸ਼ਨ ਹੋਣ ਦੇ ਉਸੇ ਦਿਨ ਹੀ ਇਲੈਕਸ਼ਨ ਕੈਂਸਲ ਕਰ ਦਿੱਤੀ ਜਾਂਦੀ ਹੈ। ਇਹ ਇਕੱਲੇ ਇਕੱਲੇ ਕੋਆਪਰੇਟਿਵ ਸੈਕਟਰ ਵਿਖੇ ਹੀ ਵਾਪਰਦਾ ਹੈ। ਉਥੇ ਰਜਿਸਟਰਾਰ ਨੂੰ ਪਾਵਰਾਂ ਹਨ ਕਿ ਉਹ ਸੇਮ ਡੇ ਇਲੈਕਸ਼ਨ ਕੈਂਸਲ ਕਰ ਸਕਦਾ ਹੈ। ਸੋ, ਇਸ ਤਰ੍ਹਾਂ ਜੋ ਅਨਡਿਊ ਪਾਵਰਾਂ ਦਿੱਤੀਆਂ ਹੋਈਆਂ ਹਨ, ਉਸ ਨਾਲ ਡੈਮੋਕਰੇਸੀ ਕਰੈਸ਼ ਹੁੰਦੀ ਹੈ। ਸਰਕਾਰ ਨੂੰ ਇਸ ਬਾਰੇ ਧਿਆਨ ਰੱਖਣਾ ਚਾਹੀਦਾ ਹੈ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਾਕੀ ਅਦਾਰਿਆਂ ਵਿਚ ਬਕਾਇਦਾ ਸਮੇਂ ਦੀ ਲਿਸਟ ਹੈ ਕਿ ਕਦੋਂ ਤੱਕ ਨੋ ਕਾਨਫੀਡੈਂਸ ਮੂਵ ਹੋ ਸਕਦਾ ਹੈ। ਕੋਆਪਰੇਟਿਵ ਅਦਾਰਿਆਂ ਵਿਚ ਮੈਂ ਸਮਝਦਾ ਹਾਂ ਕਿ ਇਹ ਚੀਜ਼ ਨਹੀਂ ਹੈ ਜਿਸ ਕਰਕੇ ਕੰਮ ਈਫੈਕਟ ਹੁੰਦਾ ਹੈ। ਇਸ ਕਰਕੇ ਇਹ ਗੱਲ ਵੀ ਸਰਕਾਰ ਨੂੰ ਲੈਣੀ ਚਾਹੀਦੀ ਹੈ। ਇਸ ਦੇ ਲਈ ਸਮਾਂ ਜ਼ਰੂਰ ਨਿਸ਼ਚਿਤ ਕਰ ਦਿਤਾ ਜਾਵੇ। ਅਖੀਰ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਇਲੈਕਸ਼ਨਾਂ ਖਾਸ ਕਰਕੇ ਸਾਡੀਆਂ ਕੋਆਪਰੇਟਿਵ ਮਿੱਲਾਂ, ਸ਼ੂਗਰ ਮਿਲਾਂ, ਸਪੀਨਿੰਗ ਮਿਲਾਂ ਦੀਆਂ ਇਲੈਕਸ਼ਨਾਂ ਸੰਜੀਦਗੀ ਨਾਲ ਨਹੀਂ ਹੁੰਦੀਆਂ। ਚੰਡੀਗੜ੍ਹ ਤੋਂ ਰੇਡੀਮੇਡ ਬਿਓਰੋਕਰੇਟਸ ਭੇਜਦੇ ਹਨ। ਮਿਲਾਂ ਘਾਟੇ ਵਿਚ ਚਲ ਰਹੀਆਂ ਹਨ। ਇਸ ਕਰਕੇ ਕੋਆਪਰੇਟਿਵ ਮਨਿਸਟਰ ਸਾਹਿਬ ਨੂੰ ਅਤੇ ਸਰਕਾਰ ਨੂੰ ਇਹ ਗੱਲ ਜ਼ਰੂਰ ਲੈਣੀ ਚਾਹੀਦੀ ਹੈ। ਕੋਆਪਰੇਟਿਵ ਅਦਾਰਿਆਂ ਨੂੰ ਸਹੀ ਅਰਥਾਂ ਵਿਚ ਕੋਆਪਰੇਟਿਵ ਬਣਾਇਆ ਜਾਵੇ, ਕਮੇਟੀਆਂ ਬਣਾਈਆਂ ਜਾਣ। ਅਖੀਰ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਰਜਿਸ-ਟਰਾਰ ਦੀਆਂ ਜੋ ਪਾਵਰਜ਼ ਹਨ, ਐਸੇ ਬੰਦੇ ਹਨ ਜੇ ਕਿਸੇ ਨੂੰ ਕੋਈ ਗਰੀਵੈਂਸ ਹੋ ਜਾਵੇ, ਡਿਸ-ਬਿਊਟ ਹੋ ਜਾਵੇ ਤਾਂ ਉਸ ਨੂੰ ਕੋਈ ਸੁਣਦਾ ਨਹੀਂ ਰਜਿਸਟਰਾਰ ਦੀਆਂ ਜੋ ਪਾਵਰਜ਼ ਹਨ, ਉਨ੍ਹਾਂ ਨੂੰ ਘਟਾਉਂਦੇ ਹੋਏ ਘਟੋ-ਘੱਟ ਮਹਾਂਰਾਸ਼ਟਰ ਦੇ ਪੈਟਰਨ ਤੇ, ਜਿਹੜਾ ਕਿ ਸਾਰੇ ਹਿੰਦੁਸਤਾਨ ਦੇ ਵਿਚ ਮਿਸਾਲ ਪੇਸ਼ ਕਰਦਾ ਹੈ ਉਸ ਤਰ੍ਹਾਂ ਦਾ ਕੋਆਪਰੇਟਿਵ ਐਕਟ ਜੇ ਇਥੋਂ ਬਣਾਉਂਦੇ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਵਿਚ ਇਸ ਲਹਿਰ ਵਿਚ ਹੋਰ ਸੁਧਾਰ ਹੁੰਦਾ। ਇਸ ਦੇ ਵਿਚ ਜਮਹੂਰੀਕਰਨ ਹੋਰ ਜ਼ਿਆਦਾ ਕਰਨ ਦੀ ਜ਼ਰੂਰਤ ਹੈ। ਏਨੇ ਸ਼ਬਦਾਂ ਨਾਲ ਇਹ ਆਸ ਰਖਦਾ ਹਾਂ ਕਿ ਭਵਿਖ ਵਿਚ ਅਮੈਂਡਮੈਂਟ ਕਰਕੇ, ਇਸ ਨੂੰ ਹੋਰ ਜ਼ਿਆਦਾ ਹੈਲਦੀ ਬਣਾਇਆ ਜਾਵੇ। ਕੋਆਪਰੇਟਿਵ ਐਕਟ ਜਿਹੜਾ ਹੁਣ ਤੁਸੀ ਅਮੈਂਡਮੈਂਟ ਕੀਤਾ ਹੈ, ਇਸ ਦੀ ਮੈਂ ਪੂਰੀ ਤਰ੍ਹਾਂ ਆਪਣੇ ਗਰੁੱਪ ਵਲੋਂ ਸਪੋਰਟ ਕਰਦਾ ਹਾਂ।

**ਕਾਮਰੇਡ ਤਰਸੇਮ ਜੋਧਾ (ਕਿਲਾ ਰਾਇਪੁਰ):** ਮਾਨਯੋਗ ਸਪੀਕਰ ਸਾਹਿਬ, ਸਹਿਕਾਰਤਾ ਮੰਤਰੀ ਜੀ ਵਲੋਂ ਜੋ ਅਮੈਂਡਮੈਂਟ ਇਥੇ ਲਿਆਂਦੀ ਗਈ ਹੈ, ਮੈਂ ਇਸ ਦੀ ਸਪੋਰਟ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਸਹਿਕਾਰੀ ਲਹਿਰ ਹੈ, ਇਸ ਦੇ ਵਿਚ ਬਹੁਤ ਵਡੀਆਂ ਖਾਮੀਆਂ ਹਨ। ਮੈਨੂੰ ਪਤਾ ਹੈ ਕਿ ਪਿੰਡਾਂ ਵਿਚ ਜਦੋਂ ਅਸੀਂ ਜਾਂਦੇ ਹਾਂ ਤਾਂ ਲੋਕੀ...

**ਸ਼੍ਰੀ ਸਪੀਕਰ :** ਲਹਿਰ ਵਿਚ ਖਾਮੀਆਂ ਹਨ ਕਿ ਕਾਨੂੰਨ ਵਿਚ ?

**ਕਾਮਰੇਡ ਤਰਸੇਮ ਜੋਧਾਂ :** ਜਮਹੂਰੀ ਢਾਂਚਾ ਸਪੀਕਰ ਸਾਹਿਬ, ਖਤਮ ਹੋ ਰਿਹਾ ਹੈ ਉਸ ਸਾਧਾਰਣ ਸੈਕਰੇਟਰੀ ਥਲੇ ਚਲਾਇਆ ਜਾਂਦਾ ਹੈ ਔਰ ਜਿਹੜੇ ਇਨਸਪੈਕਟਰ ਹਨ, ਉਹ ਆਪਣੀ ਮਨਮਰਜ਼ੀ ਕਰਦੇ ਹਨ। ਇਸ ਗੈਰ-ਜਮਹੂਰੀ ਢੰਗ ਕਰਕੇ ਸਾਡੇ ਪੰਜਾਬ ਵਿਚ ਜੋ ਲੋਕ ਹਨ, ਉਨ੍ਹਾਂ ਦੇ ਨਾਮ ਉਤੇ ਝੂਠੇ ਪੈਸੇ ਮੜ੍ਹ ਦਿਤੇ ਜਾਂਦੇ ਹਨ। ਉਨ੍ਹਾਂ ਨੇ ਕਰਜ਼ੇ ਵਾਪਸ ਕਰ ਦਿਤੇ ਹੁੰਦੇ ਹਨ, ਫਿਰ ਵੀ ਕਰਜ਼ਾ ਉਨ੍ਹਾਂ ਦੇ ਖਾਤਿਆਂ ਵਿਚ ਖੜਾ ਰਹਿੰਦਾ ਹੈ ਜਿਹੜਾ ਅਰਸ਼ੀ ਸਾਹਿਬ ਨੇ ਕਿਹਾ ਹੈ ਮੈਂ ਉਸ ਦੇ ਨਾਲ ਬਿਲਕੁੱਲ ਸਹਿਮਤ ਹਾਂ ਕਿ ਜਿਹੜੀ ਸ਼ਿਕਾਇਤ ਉਨ੍ਹਾਂ ਕੋਲ ਕੀਤੀ ਜਾਂਦੀ ਹੈ ਉਸ ਦੀ ਕੋਈ ਸੁਣਵਾਈ ਨਹੀਂ ਹੁੰਦੀ ਜਦ ਤਕ ਸਾਰਾ ਢਾਂਚਾ ਹੀ ਵਿਗੜਿਆ ਹੋਇਆ ਹੈ ਕੋਈ ਪੁੱਛਣ ਲਈ ਤਿਆਰ ਨਹੀਂ। ਮੈਂ ਮਾਨਯੋਗ ਸਹਿਕਾਰਤਾ ਮੰਤਰੀ ਜੀ ਨੂੰ ਬਗਰਾਣੇ ਪਿੰਡ ਬਾਰੇ ਦਸਣਾ ਚਾਹੁੰਦਾ ਹਾਂ ਕਿ ਉਥੇ ਸੈਂਕੜੇ ਲੋਕਾਂ ਉਤੇ ਉਥੋਂ ਦੇ ਸੈਕਰੇਟਰੀ ਨੇ ਪੈਸੇ ਮੜ੍ਹ ਦਿਤੇ। ਮੈਂ ਪਿਛਲੇ ਭਾਸ਼ਨ ਵਿਚ ਬੋਲਿਆ ਹਾਂ ਕਿ ਏ.ਆਰ.,ਡੀ.ਆਰ ਆਪ-ਹੁਦਰੇ ਹਨ। ਕੋਈ ਰੂਲਿੰਗ ਪਾਰਟੀ ਦਾ ਬੰਦਾ ਉਨ੍ਹਾਂ ਨੂੰ ਚਿਟ ਭੇਜ ਦੇਵੇ ਕਿ ਕਲ ਜੋ ਚੋਣਾਂ ਹੋ ਰਹੀਆਂ ਹਨ ਉਹ ਪੋਸਟਪੋਨ ਕਰ ਦਿਤੀਆਂ ਜਾਣ ਤਾਂ ਉਹ ਚੋਣਾ ਪੋਸਟਪੋਨ ਕਰ ਦਿਤੀਆਂ ਜਾਂਦੀਆਂ ਹਨ। ਉਹ ਰਤਨ ਪਿੰਡ ਮੇਰੇ ਪਿੰਡ ਦੇ ਨਾਲ ਹੀ ਹੈ। ਉਥੇ ਦੋ-ਤਿੰਨ ਵਾਰ ਇਲੈਕਸ਼ਨਾਂ ਪੋਸਟਪੋਨ ਹੋ ਚੁੱਕੀਆਂ ਹਨ। 30 ਤਰੀਕ ਨੂੰ ਮਾਨਯੋਗ ਮੰਤਰੀ ਜੀ ਨੇ ਚੋਣਾਂ ਕਰਾਈਆਂ ਪਰ 29 ਤਰੀਕ ਦੀ ਰਾਤ ਨੂੰ ਇੰਸਪੈਕਟਰ ਅਤੇ ਇਕ ਸੈਕਰੇਟਰੀ ਨੇ ਉਹ ਪੋਸਟਪੋਨ ਕਰ ਦਿਤੀਆਂ ਕਿ ਇਹ ਲੋਕ ਅਤਵਾਦੀਆ ਨੂੰ ਸ਼ਹਿ ਦਿੰਦੇ ਹਨ। ਇਸ ਕਰਕੇ ਜੋ ਸਹਿਕਾਰਤਾ ਲਹਿਰ ਹੈ, ਇਸ ਵਿਚ ਲੋਕਾਂ ਦਾ ਵਿਸ਼ਵਾਸ ਉਠਦਾ ਜਾ ਰਿਹਾ ਹੈ। ਇਹ ਚੰਗੀ ਅਮੈਂਡਮੈਂਟ ਲਿਆਂਦੀ ਗਈ ਹੈ। ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੇ ਜੇ ਇਸ ਲਹਿਰ ਨੂੰ ਬਚਾਉਣਾ ਹੈ ਤਾਂ ਇਹ ਜਮਹੂਰੀ ਫੰਕਸ਼ਨ ਵਧਾਏ ਅਤੇ ਅਫਸਰਸ਼ਾਹੀ ਦਾ ਗਲਬਾ ਘਟਾਏ ਜਿਹੜੇ ਮੁਲਾਜ਼ਮ ਮਨਮਾਨੀਆਂ ਕਰਦੇ ਹਨ, ਉਨ੍ਹਾਂ ਦੇ ਖਿਲਾਫ ਸਖਤ ਐਕਸ਼ਨ ਲਿਆ ਜਾਵੇ। ਬਿਨ੍ਹਾਂ ਵਜ੍ਹਾਂ ਦੀਆਂ ਜਿਹੜੀਆਂ ਜ਼ਿੰਮੇਵਾਰੀਆਂ ਹਨ, ਉਨ੍ਹਾਂ ਨੂੰ ਘਟਾਇਆ ਜਾਵੇ ਕਿਉਂਕਿ ਜੇਕਰ ਇਹ ਚਲਦੀਆਂ ਰਹਿ ਗਈਆਂ ਤਾਂ ਲੋਕਾਂ ਦਾ ਸਹਿਕਾਰਤਾ ਲਹਿਰ ਵਿਚ ਵਿਸ਼ਵਾਸ ਉਠ ਜਾਏਗਾ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਸ ਲਹਿਰ ਨੂੰ ਮਜ਼ਬੂਤ ਕਰਨਾ ਸਾਡੇ ਪਛੜੇ ਹੋਏ ਦੇਸ਼ ਵਿਚ ਬਹੁਤ ਜ਼ਰੂਰੀ ਹੈ। ਇਸ ਨੂੰ ਮਜ਼ਬੂਤ ਕਰਨ ਵਾਸਤੇ ਸਰਕਾਰ ਨੂੰ ਅਮੈਂਡਮੈਂਟ ਲਿਆਉਣੀਆਂ ਚਾਹੀਦੀਆਂ ਹਨ। ਅਫਸਰਸ਼ਾਹੀ ਦਾ ਗਲਬਾ ਘਟਾਇਆ ਜਾਵੇ ਤਾਂ ਕਿ ਚੁਣੀਆਂ ਹੋਈਆਂ ਜਮਹੂਰੀ ਲਹਿਰਾ ਆਪਣਾ ਫੰਕਸ਼ਨ ਕਰ ਸਕਣ। ਜਿਹੜੀਆਂ ਹੇਰਾਫੇਰੀਆਂ ਹਨ, ਉਹ ਬੰਦ ਕੀਤੀਆਂ ਜਾਣ ਤਾਂ ਕਿ ਲੋਕ ਇਸ ਲਹਿਰ ਦਾ ਫਾਇਦਾ ਲੈ ਸਕਣ। ਇੰਨਾ ਕੁਝ ਕਹਿੰਦਾ ਹੋਇਆ ਮੈਂ ਇਸ ਅਮੈਂਡਮੈਂਟ ਦੀ ਸਪੋਰਟ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**सहकारिता मन्त्री** (श्री सज्जन कुमार जाखड़) : स्पीकर साहिब, जो यह बिल पेश हुआ है, इस पर मेरे साथी मैंबर साहिबान बोले, हैं, वह इसे सपोर्ट कर रहे हैं। यह अमैंडमैंट अच्छी है। अर्शी साहिब ने और हम ने जालन्धर में बैठ कर मीटिंग की थी। उस मीटिंग में यह सारा कुछ तय हुआ था वह सारी बातें इस में आ चुकी हैं। यह सारी बातें यूनानीमसली तय हुई हैं। सो ऐसी कोई दिक्कत वाली बात नही है। जो एडमनिसट्रेटर है, उस का समय चार साल से घटा के एक साल कर दिया है। इसमें ऐसी कोई बात नहीं। जो बातें वहां हुई, वह सारी की सारी इस में लाने की कोशिश की है।

इसलिए इस में कोई ऐसी बात नहीं है। बाकी इन्होंने सोसाईटीज की इलैक्शन की बात बताई है कि शूगर मिल्ज़ के चुनाव नहीं हो रहे। स्पिनिंग मिल्ज़ के चुनाव नहीं हो रहे। मैं अर्शी जी से कहना चाहता हूं कि हर जगह चुनाव हो रहे हैं। जहां डेट डिक्लेअर हो चुकी है, वहां पर चुनाव होंगे। एक, स्पीकर साहिब, रतन गांव की सोसाईटी के बारे में मुझे लिख कर दिया गया था कि वहां चुनाव पोस्टपोन हो रहे हैं उसके लिये मैंने आर्डरज़ कर दिये हैं कि जो डेट अनाऊंस की है, उसी डेट को चुनाव होने चाहिये। अगर कोई भी शिकायत है चुनाव के बारे में जो मेरे नोटिस में लायें, हम उस की पड़ताल करवायेंगे। मेरे कहने का भाव यह है कि अगर मेरे नोटिस में लाया जायेगा कि कोई आदमी गलत काम करता है तो हम उस आदमी के खिलाफ एक्शन लेंगे एक बात मैं आपोजीशन के भाईयों से कहना चाहता हूं कि इन सोसाईटीज़ में सारी की सारी बदमाशी जो है, वह लोग अपने आप करवाते हैं। जो आदमी करजा लेने वाला होता है, उस के पास चैक बुक जो है वह सैक्ट्री को दे देता है। वह उस के नाम पैंसे लिख कर अंगूठा तो पहले ही लगाया होता है, पैसे निकाल लेता है लोग इस गड़बड़ी की तरफ ध्यान नहीं देते जे इस में होती है। इस में सारी गड़बड़ जो है, लोगों की अपनी बेवकूफियों में से होती है। उन को लोग ही शह देते हैं, तभी यह गड़बड़ी होती है। मैं यह विश्वास दिलाना चाहता हूं कि अगर मेरे नोटिस में ऐसी कोई बात आए तो उस के खिलाफ हम एक्शन लेंगे।

**श्रीमती लक्ष्मी कांता चावला** : प्वाइंट आफ आर्डर, सर। अध्यक्ष महोदय, मंत्री जी ने बोलते बोलते एक तो बेवकूफी, और दूसरी 'बदमाशी, इन दो शब्दों का प्रयोग किया है। क्या यह हाऊस की मरियादा के अनुकूल है?

**सहकारिता मन्त्री** : अगर आप को इतराज है तो मैं ये शब्द वापस लेता हूं। (हंसी)

Original with;
Punjab Vidhan Sabha
Digitized by;
Panjab Digital Library

**श्रीमती लक्ष्मी कांता चावला** : यह संसदीय शब्द हैं सही ?

ਆਵਾਜ਼ਾਂ : ਉਨ੍ਹਾਂ ਨੇ ਇਹ ਲਫਜ਼ ਵਾਪਸ ਲੈ ਲਏ ਹਨ।

**ਸ੍ਰੀ ਸਪੀਕਰ** : ਉਨ੍ਹਾਂ ਨੇ ਇਹ ਲਫਜ਼ ਵਿਦਡਰਾਅ ਕਰ ਲਏ ਹਨ। ਉਨ੍ਹਾਂ ਨੇ ਆਪ ਸਮਝਿਆ ਹੈ ਕਿ ਇਹ ਸੰਸਦੀ ਸ਼ਬਦ ਨਹੀਂ ਹਨ, ਤਾਂ ਹੀ ਵਿਦਡਰਾਅ ਕੀਤੇ ਹਨ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਉਸ ਦਿਨ ਮੁੱਖ ਮੰਤਰੀ ਜੀ ਨੇ ਵੀ ਕਿਹਾ ਸੀ ਕਿ ਮੈਂ ਨਹੀਂ ਕਹਿੰਦਾ, ਮੈਂ ਇਹ ਗੱਲ ਕਹਿਣ ਲਈ ਮਾਫ਼ੀ ਮੰਗਦਾ ਹਾਂ ਕਿ ਬਾਜਪਾਈ ਜੀ ਛੜੇ ਹਨ ਪਰ ਉਨ੍ਹਾਂ ਦੇ ਮਾਫ਼ੀ ਮੰਗਣ ਦੇ ਬਾਵਜੂਦ ਵੀ ਇਹ ਲਫਜ਼ ਕਾਰਵਾਈ ਵਿਚ ਲਿਖਿਆ ਹੋਇਆ ਹੈ।

**Mr. Speaker** : Question is—

That the Punjab Co-operative Societies (Amendment) Bill be taken into consideration at once.

*The motion was carried.*

**Mr. Speaker** : Now the House will proceed to consider the Bill clause by clause.

**Sub-Claue (2) of Clause 1**

**Mr. Speaker** : Question is—

That Sub-Clause (2) of Clause 1 stand part of the Bill.

*The motion was carried,*

**Clause 2**

**Mr. Speaker** : Question is—

That Clause 2 stand part of the Bill.

*The motion was carried.*

**Sub-Clause (1) of Clause 1**

**Mr. Speaker** : Question is

That Sub-clause (1) of Clause 1 stand part of the Bill.

*The motion was carried,*

Original with;
Punjab Vidhan Sabha
Digitized by;
Panjab Digital Library

## TITLE

**Mr. Speaker** : Questioi is—

That Title be the Title of the Bill.

*The motion was carried*

**Co-operation Minister (Shri Sajjan Kumar Jakhar) :** Sir, I beg to move—

That the Punjab Co-operative Societies (Amendment) Bill be passed.

**Mr. Speaker :** Motion moved—

That the Punjab Co-operative Societies (Amendment) Bill be passed.

**Mr. Speaker :** Question is—

That the Punjab Co-operative Societies (Amendemtnt) Bill be paased.

*The motion was carried unanimously.*

## THE PUNJAB LAND REVENUE (AMENDMENT) BILL, 1994

**Minister of State for Rural Development and Panchayats (Master Jagir Singh) :** Sir, I beg to introduce the Punjab Land Reveue (Amendment) Bill.

Sir, I also beg to move—

That the Punjab Land Revenue (Amendemnt) Bill, be taken into consideration at once.

**Mr. Speaker:** Motion moved—

That the Punjab Land Revenue (Amendment) Bill be taken into consideration at once.

Discussion.

**ਕਾਮਰੇਡ ਹਰਦੇਵ ਅਰਸ਼ੀ** (ਬੁਢਲਾਡਾ) : ਸਪੀਕਰ ਸਾਹਿਬ, ਇਹ ਜੋ ਅਮੈਂਡ-ਮੈਂਟ ਆਈ ਹੈ, ਇਹ ਨੰਬਰਦਾਰਾਂ ਦੀ ਬੜੀ ਦੇਰ ਤੋਂ ਮੰਗ ਚਲੀ ਆ ਰਹੀ ਸੀ। ਇਹ ਚੰਗਾ ਕੀਤਾ ਹੈ ਕਿ ਹੁਣ 5 ਪ੍ਰਤੀਸ਼ਤ ਤੋਂ 10 ਪ੍ਰਤੀਸ਼ਤ ਪੰਜੋਤਰੇ ਵਿਚ ਵਾਧਾ ਕਰ ਦਿਤਾ ਹੈ। ਮੈ ਇਹ ਕਹਿਣਾ ਚਾਹੁੰਦਾ ਹਾਂ ਕਿ ਇਸੇ ਤਰ੍ਹਾਂ ਦੀ ਇਕ ਪਿੰਡ ਵਿਚ ਹੋਰ ਕਲਾਸ ਹੈ -ਚੌਂਕੀਦਾਰ /ਨੰਬਰਦਾਰ ਤਾਂ ਸਿਰਫ਼ ਹਾੜੀ ਅਤੇ ਸਾਉਣੀ ਵਿਚ ਮਾਲੀਆਂ ਵਗੈਰਾ ਇਕਠਾ ਕਰਨ ਦਾ ਕੰਮ ਹੀ ਕਰਦੇ ਹਨ ਜਾਂ ਕਿਸੇ ਗਵਾਹੀ ਤੇ ਚਲੇ ਜਾਂਦੇ ਹਨ ਪਰ ਇਹ ਜਿਹੜੀ ਚੌਂਕੀਦਾਰਾਂ ਦੀ ਕਲਾਸ ਹੈ, ਇਹ ਤਾਂ 24 ਘੰਟੇ ਹੀ ਕੰਮ ਕਰਦੀ ਹੈ। ਪਟਵਾਰੀ ਨਾਲ ਵੀ ਇਹ ਕੰਮ ਕਰਦੇ ਹਨ, ਪੁਲਿਸ ਨਾਲ ਵੀ ਇਹ ਕੰਮ ਕਰਦੇ ਹਨ, ਕੋਈ ਵੀ

Original with;
Punjab Vidhan Sabha
Digitized by;
Panjab Digital Library

ਕੰਮ ਹੋਵੇ, ਚੌਂਕੀਦਾਰ 24 ਘੰਟੇ ਤਿਆਰ ਰਹਿੰਦਾ ਹੈ। ਔਰ ਉਸ ਦੀ ਆਮਦਨ ਵੀ ਬਹੁਤ ਘਟ ਹੁੰਦੀ ਹੈ। ਉਸ ਨੂੰ ਕਲਾਸ 4 ਦਾ ਦਰਜਾ ਜ਼ਰੂਰ ਦੇ ਦੇਣਾ ਚਾਹੀਦਾ ਹੈ। ਉਹ ਮੋਸਟਲੀ ਅਨੁਸੂਚਿਤ ਜਾਤੀਆਂ ਦੇ ਹੀ ਲੋਕ ਹੁੰਦੇ ਹਨ, ਇਸ ਲਈ ਉਨ੍ਹਾਂ ਦੀ ਜੋ ਡਿਮਾਂਡ ਹੈ, ਉਹ ਵੀ ਮੰਨ ਲੈਣੀ ਚਾਹੀਦੀ ਹੈ।

**ਸ੍ਰੀ ਮਦਨ ਮੋਹਨ ਮਿੱਤਲ** (ਨੰਗਲ): ਸਪੀਕਰ ਸਾਹਿਬ, ਜਿਸ ਤਰ੍ਹਾਂ ਅਰਸ਼ੀ ਸਾਹਿਬ ਨੇ ਨੇ ਕਿਹਾ ਹੈ, ਉਹ ਡਿਮਾਂਡ ਤਾਂ ਜ਼ਰੂਰ ਮੰਨ ਲੈਣੀ ਚਾਹੀਦੀ ਹੈ। ਔਰ ਉਨ੍ਹਾਂ ਦਾ ਕੰਮ ਬਹੁਤ ਹੈ। ਕਲ੍ਹ ਵੀ ਜਿਹੜਾ ਬਿਲ ਆ ਰਿਹਾ ਹੈ, ਉਸ ਵਿਚ ਵੀ ਚੌਂਕੀਦਾਰਾਂ ਦੀ ਡਿਊਟੀ ਹੋਰ ਵਧਾ ਦਿਤੀ ਹੈ। ਜਿਸ ਤਰ੍ਹਾਂ ਨੰਬਰਦਾਰਾਂ ਦਾ ਪੰਜੋਤਰਾ 5 ਪ੍ਰਤੀਸ਼ਤ ਤੋਂ 10 ਪ੍ਰਤੀਸ਼ਤ ਕੀਤਾ ਗਿਆ ਹੈ, ਇਸੇ ਤਰ੍ਹਾਂ ਇਨ੍ਹਾਂ ਚੌਂਕੀਦਾਰਾਂ ਦੀ ਡਿਮਾਂਡ ਵੀ ਮੰਨ ਲੈਣੀ ਚਾਹੀਦੀ ਹੈ। They (Chokidars) have got no other source of income except the money paid by the state Revenue ਸੋ ਮੈਂ ਸਮਝਦਾ ਹਾਂ ਕਿ ਮਾਸਟਰ ਜੀ ਉਨ੍ਹਾਂ ਦੀ ਇਹ ਡਿਮਾਂਡ ਮੰਨ ਲੈਣ। ਡਾਕਟਰ ਸਾਹਿਬ ਵੀ ਇਸ ਨੂੰ ਬੈਠੇ ਬੈਠੇ ਇੰਡੋਰਸ ਕਰ ਰਹੇ ਹਨ। ਇਸ ਲਈ ਇਨ੍ਹਾਂ ਦੇ ਵਾਸਤੇ ਵੀ ਅਮੈਂਡਮੈਂਟ ਲਿਆਉਣੀ ਚਾਹੀਦੀ ਹੈ।

**ਕਾਮਰੇਡ ਤਰਸੇਮ ਜੋਧਾਂ** ((ਕਿਲਾ ਰਾਏਪੁਰ): ਸਪੀਕਰ ਸਹਿਬ, ਮਾਲ ਮੰਤਰੀ ਜੀ ਨੇ ਜਿਹੜੀ ਇਹ ਅਮੈਂਡਮੈਂਟ ਲਿਆਂਦੀ ਹੈ, ਇਸ ਦੀ ਅਸੀਂ ਸ਼ਲਾਘਾ ਕਰਦੇ ਹਾਂ ਔਰ ਹਮਾਇਤ ਕਰਦੇ ਹਾਂ। ਬਾਕੀ ਜੋ ਅਰਸ਼ੀ ਸਾਹਿਬ ਨੇ ਔਰ ਮਿਤਲ ਸਾਹਿਬ ਨੇ ਕਿਹਾ ਹੈ, ਮੈਂ ਉਸ ਤੋਂ ਵੀ ਥੋੜ੍ਹਾ ਅਗੇ ਜਾਂਦਾ ਹਾਂ। ਪਿੰਡ ਦੀਆਂ ਡਿਊਟੀਜ਼ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਡਿਊਟੀਜ਼ ਹੁੰਦੀਆਂ ਹਨ ਅਤੇ ਉਸ ਨਾਲ ਮਿਸਬੀਹੇਵ ਵੀ ਕੀਤਾ ਜਾਂਦਾ ਹੈ। ਉਹ ਇਕ ਲੋਅ ਪੇਡ ਆਦਮੀ ਹੁੰਦਾ ਹੈ। ਪਿੰਡ ਵਿਚ ਹੋਰ ਜਿੰਨੇ ਵੀ ਹਨ, ਕੋਈ ਨਾ ਕੋਈ ਕੰਮ ਕਰ ਲੈਂਦੇ ਹਨ ਪਰ ਚੌਂਕੀਦਾਰ ਕੋਈ ਹੋਰ ਕੰਮ ਵੀ ਨਹੀਂ ਕਰ ਸਕਦਾ। ਉਹ 24 ਘੰਟੇ ਡਿਊਟੀ ਤੇ ਰਹਿੰਦਾ ਹੈ। ਇਸ ਲਈ ਜੋ ਅਰਸ਼ੀ ਸਾਹਿਬ, ਨੇ ਕਿਹਾ ਹੈ, ਉਹ ਮੰਨ ਲੈਣਾ ਚਾਹੀਦਾ ਹੈ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਸ ਵਾਸਤੇ ਵੀ ਅਮੈਂਡ-ਮੈਂਟ ਲਿਆਉਣੀ ਚਾਹੀਦੀ ਹੈ।

**ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾ**(ਮਾਸਟਰ ਜਾਗੀਰ ਸਿੰਘ): ਸਪੀਕਰ ਸਾਹਿਬ, ਸਾਡੇ ਪੰਜਾਬ ਵਿਚ 15000 ਨੰਬਰਦਾਰ ਹਨ ਅਤੇ ਅਸੀਂ 5 ਪ੍ਰਤੀਸ਼ਤ ਤੋਂ 10 ਪ੍ਰਤੀਸ਼ਤ ਇਨ੍ਹਾਂ ਦਾ ਪੰਜੋਤਰਾ ਕਰ ਦਿਤਾ ਹੈ ਅਤੇ 1966 ਵਿਚ 5 ਏਕੜ ਦਾ ਮਾਮਲਾ ਮੁਆਫ ਕਰ ਦਿਤਾ ਸੀ ਪਹਿਲੇ 1887 ਦਾ ਐਕਟ ਸੀ ਅਤੇ ਬਾਦ ਵਿਚ ਇਹ ਐਕਟ 1909 ਦਾ ਹੈ। ਨੰਬਰਦਾਰ ਇਕ ਬੜਾ ਇਜ਼ਤਦਾਰ ਅਹੁਦਾ ਹੈ ਅਤੇ ਆਨਰੇਰੀ ਪੋਸਟ ਹੈ। ਇਸ ਦੀ ਬਹੁਤ ਤਨਖਾਹ ਨਹੀਂ ਹੈ। ਪਹਿਲੇ ਨੰਬਰਦਾਰ ਨੂੰ 117/- ਰੁਪਏ ਮਿਲਦੇ ਸੀ, ਫਿਰ ਅਸੀਂ ਇਨ੍ਹਾਂ ਦੇ 234/- ਰੁਪਏ ਕਰ ਦਿਤੇ, ਜਿਹੜੇ ਚੌਕੀਦਾਰ ਹਨ, ਉਨ੍ਹਾਂ ਦੇ 200/- ਰੁਪਏ ਤੋਂ 250/- ਰੁਪਏ ਕਰ ਦਿਤੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਬਿਲ ਨੂੰ ਸਰਬ ਸੰਮਤੀ ਦੇ ਨਾਲ ਪਾਸ ਕਰ ਦਿਤਾ ਜਾਵੇ।

**Mr. Speaker:** Question is—

That the Punjab Land Revenue (Amendment) Bill be taken into consideration at once.

*The motion was carried.*

Original with;
Punjab Vidhan Sabha
Digitized by;
Panjab Digital Library

**Mr. Speaker:** Now the House will proceed to consider the Bill clause by clause.

**Clause 2**

**Mr. Speaker :** Question is—

That Clause 2 stand part of the Bill.

*The motion was carried.*

**Clause 1**

**Mr. Speaker :** Question is—

**Shri Upinder Kumar Sharma** : You were time and again asking and that is way I wanted to explain.

**Mr. Speaker** : What is your question?

**Shri Upinder Kumar Sharma** : My question is that you time and again.

**Mr. Speaker** : Any way you please resume your seat. Let me clear one thing. One member at a time.

Original with;
Punjab Vidhan Sabha
Digitized by;
Panjab Digital Library

**ਸਰਦਾਰ ਧਨਵੰਤ ਸਿੰਘ** : ਸਰ, ਮੈਂ ਇਕ ਇਕ ਪ੍ਰਸ਼ਨ ਕਰਕੇ ਪੁੱਛਦਾ ਹਾਂ। ਪੰਜਾਬ ਵਿੱਚ ਦੋ ਤਰ੍ਹਾਂ ਦੇ ਪ੍ਰਾਇਮਰੀ ਸਕੂਲ ਹਨ । ਪ੍ਰਾਇਮਰੀ ਸਕੂਲ ਦਾ ਮਤਲਬ ਹੈ-ਮੁਢਲੀ ਵਿਦਿਆ । ਇਹ ਮੁਢਲੀ ਵਿਦਿਆ ਇਕ ਤਾਂ ਸਰਕਾਰੀ ਪ੍ਰਾਇਮਰੀ ਸਕੂਲਾਂ ਰਾਹੀਂ ਦਿੱਤੀ ਜਾਂਦੀ ਹੈ। ਦੂਸਰਾ, ਪ੍ਰਾਈਵੇਟ ਮਾਡਲ ਸਕੂਲਾਂ ਜਾਂ ਹੋਰ ਸਕੂਲਾਂ ਰਾਹੀਂ ਵੀ ਇਹ ਦਿੱਤੀ ਜਾਂਦੀ ਹੈ। ਉਹ ਸਕੂਲ ਵੀ ਪੰਜਾਬ ਸਰਕਾਰ ਦੇ ਅੰਡਰ ਹੀ ਆਉਂਦੇ ਹਨ ਅਤੇ ਬਾਅਦ ਵਿੱਚ ਪੰਜਾਬ ਸਕੂਲ ਸਿਖਿਆ ਬੋਰਡ ਨਾਲ ਐਫੀਲੀਏਟਿਡ ਹੁੰਦੇ ਹਨ। ਵਰਲਡ ਹੈਲਥ ਐਕਟ ਦੇ ਮੁਤਾਬਿਕ ਅਸੀਂ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਸਕੂਲ ਵਿਚ ਦਾਖਲ ਨਹੀਂ ਕਰਵਾ ਸਕਦੇ। ਪਰ ਜਿਹੜੇ ਇਹ ਪ੍ਰਾਈਵੇਟ ਮਾਡਲ ਜਾਂ ਹੋਰ ਸਕੂਲ ਹਨ, ਉਥੇ ਇਹ ਐਕਟ ਲਾਗੂ ਨਹੀਂ ਹੁੰਦਾ। ਇਹ ਸਾਡੇ ਬੱਚਿਆਂ ਨਾਲ ਡਿਸਕਰੀ-ਮੀਨੇਸ਼ਨ ਹੋ ਰਿਹਾ ਹੈ। ਉਥੇ ਤਾਂ ਦੋ-ਢਾਈ ਸਾਲ ਦੇ ਬੱਚੇ ਨੂੰ ਹੀ ਇੰਗਲਿਸ਼ ਪੜ੍ਹਾਈ ਜਾਂਦੀ ਹੈ। ਜਦੋਂ ਕਿ ਸਰਕਾਰੀ ਸਕੂਲਾਂ ਵਿਚ ਛੇਵੀਂ ਕਲਾਸ ਤੋਂ ਅੰਗਰੇਜ਼ੀ ਪੜ੍ਹਾਈ ਜਾਂਦੀ ਹੈ। ਉਸ ਵੇਲੇ ਬੱਚਾ 11 ਸਾਲ ਦਾ ਹੋ ਜਾਂਦਾ ਹੈ। 11 ਸਾਲ ਦੇ ਬੱਚੇ ਦੀ ਤਾਂ ਜੀਭ ਉਲਟਣੀ ਸ਼ੁਰੂ ਹੋ ਜਾਂਦੀ ਹੈ। ਕੀ ਮੰਤਰੀ ਜੀ ਇਹ ਸਿਲੇਬਸ ਇਕੋ ਜਿਹੇ ਕਰਨਗੇ ਜਾਂ ਨਹੀਂ ?

**ਸ੍ਰੀ ਸਪੀਕਰ** : ਉਹ ਪੁੱਛਦੇ ਹਨ ਕਿ ਇਹ ਪ੍ਰਾਈਵੇਟ ਸਕੂਲ ਬੰਦ ਕਰਨੇ ਹਨ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਐਜੂਕੇਸ਼ਨ ਪੰਜਾਬ ਸਰਕਾਰ ਨੇ ਅਡਾਪਟ ਕੀਤੀ ਹੋਈ ਹੈ। ਇਕ ਤਾਂ ਹੈ ਪ੍ਰਾਇਮਰੀ ਸਿਸਟਮ, ਉਸ ਤੋਂ ਉਪਰ ਐਲੀਮੈਂਟਰੀ, ਉਸ ਤੋਂ ਬਾਅਦ ਮੈਟ੍ਰਿਕ, ਉਸ ਤੋਂ ਉਪਰ +2 ਅਤੇ ਉਸ ਤੋਂ ਉਪਰ ਯੂਨੀਵਰਸਿਟੀ ਐਜੂਕੇਸ਼ਨ ਹੈ। ਪ੍ਰਾਇਮਰੀ ਤੋਂ ਥੱਲੇ ਦੀ ਐਜੂਕੇਸ਼ਨ ਜਿਹੜੀ ਐਜੂਕੇਸ਼ਨ ਹੁੰਦੀ ਹੈ, ਉਸ ਨੂੰ ਪ੍ਰੀ-ਪ੍ਰਾਇਮਰੀ ਜਾਂ ਨਰਸਰੀ ਐਜੂਕੇਸ਼ਨ ਵੀ ਕਹਿੰਦੇ ਹਾਂ। ਇਹ ਕਈ ਕਿਸਮ ਦੇ ਸਕੂਲਾਂ ਵਿਚ ਚਲਦੀ ਹੈ। ਮੌਨਟੈਸਰੀ ਸਕੂਲ ਜਾਂ ਕਿੰਡਰ ਗਾਰਟਨ ਜਾਂ ਹੋਰ ਪਬਲਿਕ ਸਕੂਲਾਂ ਦੇ ਨਾਂ ਤੇ ਇਹ ਸਕੂਲ ਚਲ ਰਹੇ ਹਨ। ਇਹ ਸਕੂਲ ਪ੍ਰਾਇਮਰੀ ਐਜੂਕੇਸ਼ਨ ਵਿਚ ਨਹੀਂ ਆਉਂਦੇ। ਇਨ੍ਹਾਂ ਨੂੰ ਪ੍ਰੀ-ਪ੍ਰਾਇਮਰੀ ਜਾਂ ਪ੍ਰੀ-ਨਰਸਰੀ ਸਕੂਲ ਕਹਿੰਦੇ ਹਨ। ਵੈਸੇ ਤਾਂ ਮਾਪਿਆਂ ਦੀ ਮਰਜ਼ੀ ਹੈ ਕਿ ਉਹ ਜਿਸ ਏਜ ਤੋਂ ਬੱਚੇ ਨੂੰ ਪੜ੍ਹਾਉਣਾ ਚਾਹੁਣ, ਪੜ੍ਹਾ ਸਕਦੇ ਹਨ। ਉਹ ਪ੍ਰਾਈਵੇਟ ਪ੍ਰਬੰਧ ਵੀ ਕਰ ਸਕਦੇ ਹਨ। ਉਸ ਉਤੇ ਅਸੀਂ ਕੰਟਰੋਲ ਨਹੀਂ ਕਰ ਸਕਦੇ। ਸਾਡੀ ਐਜੂਕੇਸ਼ਨ ਜਿਹੜੀ ਹੈ, ਉਸ ਪ੍ਰਾਇਮਰੀ ਤੋਂ ਚਲਦੀ ਹੈ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਮਹੋਦਯ, ਪਹਿਲਾ ਮੈਂ ਜ਼ਿਲ੍ਹਾ ਅੰਮ੍ਰਿਤਸਰ ਬਾਰੇ ਪ੍ਰਸ਼ਨ ਪੁੱਛਾਂਗੀ। ਜਿਹੜੇ ਪ੍ਰਾਇਮਰੀ ਸਕੂਲ ਨਵੇਂ ਖੋਲ੍ਹੇ ਜਾਣੇ ਹਨ, ਉਨ੍ਹਾਂ ਵਿਚੋਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਕਿਤਨੇ ਖੋਲ੍ਹੇ ਜਾਣੇ ਹਨ? ਇਸ ਦੇ ਨਾਲ ਹੀ ਮੰਤਰੀ ਜੀ ਇਹ ਵੀ ਦੱਸ ਦੇਣ ਕਿ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਕਿਤਨੇ ਐਸੇ ਪਿੰਡ ਹਨ ਜਿਥੇ ਅਜੇ ਤੱਕ ਪ੍ਰਾਇਮਰੀ ਸਕੂਲ ਨਹੀਂ ਖੋਲ੍ਹੇ ਗਏ ?

**ਮੰਤਰੀ** : ਇਹ ਤਾਂ ਗਿਣਤੀ ਦਾ ਸਵਾਲ ਹੈ। ਇਹ ਅੱਡ ਪ੍ਰਸ਼ਨ ਦੇ ਦੇਣ। ਮੈਂ ਉਨ੍ਹਾਂ ਨੂੰ ਗਿਣਤੀ ਦੱਸ ਦੇਵਾਂਗਾ।

Original with;
Punjab Vidhan Sabha
Digitized by;
Panjab Digital Library

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਮੇਰਾ ਪ੍ਰਸ਼ਨ ਹੈ ਕਿ ਜਿਹੜੇ ਨਵੇਂ ਪ੍ਰਾਇਮਰੀ ਸਕੂਲ ਖੋਲ੍ਹੇ ਜਾਣੇ ਹਨ, ਉਨ੍ਹਾਂ ਵਿਚੋਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਕਿਤਨੇ ਖੋਲ੍ਹੇ ਜਾਣੇ ਹਨ ?

**ਮੰਤਰੀ :** ਸਰ, ਇਸ ਦਾ ਜਵਾਬ ਮੈਂ ਪਹਿਲਾਂ ਹੀ ਦੇ ਚੁੱਕਾ ਹਾਂ ਕਿ ਅਜੇ ਤੱਕ ਜ਼ਿਲ੍ਹੇਵਾਰ ਸਕੂਲ ਖੋਲ੍ਹਣ ਦਾ ਕੋਈ ਨਿਰਣਾ ਨਹੀਂ ਲਿਆ ਗਿਆ।

**श्रीमती लक्ष्मी कांता चावला :** स्पीकर साहिब, मैं जानना चाहती हूं कि पंजाब में शिक्षा विभाग की क्या कोई ऐसी योजना है कि पांच साल की आयु के जितने भी बच्चे शिक्षा प्राप्त करते हैं, वे एक ही ढंग की शिक्षा प्राप्त करें। ऐसा न हो कि सरकारी स्कूलों के बच्चों को अनाथ आश्रम के बच्चे समझा जाए और दूसरों को वरिष्ठ समझा जाए। क्या सरकार का ऐसा कोई विचार है ?

**ਮੰਤਰੀ:** ਐਸਾ ਨਹੀਂ ਹੈ ਜੀ।

**ਸਰਦਾਰ ਈਸ਼ਰ ਸਿੰਘ :** ਸਪੀਕਰ ਸਾਹਿਬ, ਮੈਂ ਮਾਨਯੋਗ ਸਿੱਖਿਆ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪ੍ਰਾਇਮਰੀ ਸਕੂਲਾਂ ਵਿੱਚ ਦਾਖਲੇ ਲਈ ਉਮਰ 5 ਸਾਲ ਦੀ ਰੱਖੀ ਹੈ, ਕੀ ਉਸਨੂੰ ਘਟਾਉਣ ਦਾ ਕੋਈ ਵਿਚਾਰ ਹੈ ? ਜੇ ਹੈ, ਤਾਂ ਕਦੋਂ ਤੱਕ ਘਟਾਈ ਜਾਵੇਗੀ ?

**ਸ੍ਰੀ ਸਪੀਕਰ:** ਤੁਸੀਂ ਕਿਤਨੀ ਚਾਹੁੰਦੇ ਹੋ ?

**ਸਰਦਾਰ ਈਸ਼ਰ ਸਿੰਘ :** ਕੀ 5 ਤੋਂ 4 ਸਾਲ ਕਰਨ ਦਾ ਕੋਈ ਵਿਚਾਰ ਹੈ ?

**ਮੰਤਰੀ :** ਸਰਕਾਰ ਵਿਚਾਰ ਕਰ ਰਹੀ ਹੈ ਕਿ ਸਾਢੇ ਚਾਰ ਸਾਲ ਕੀਤੀ ਜਾਵੇ ਲੇਕਿਨ ਸਾਈਕਾਲੋਜੀ ਐਕਸਪਰਟਸ ਦੀ ਰਾਏ ਲੈਣੀ ਬਾਕੀ ਹੈ।

————

## ਵਿਕਾਸੀ ਕੰਮਾਂ ਲਈ ਅਚੇਤਤਾ ਫੰਡ

*2042. **ਸ੍ਰੀ ਸਤਨਾਮ ਸਿੰਘ ਕੈਂਥ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਯੋਜਨਾਬੰਦੀ ਬੋਰਡ ਰਾਹੀਂ ਦਿੱਤੀਆਂ ਜਾਂਦੀਆਂ ਗ੍ਰਾਂਟਾਂ ਵਿੱਚੋਂ ਪਿੰਡਾਂ ਵਿੱਚ ਵਿਕਾਸ ਦੇ ਕੰਮਾਂ ਲਈ ਕੋਈ ਅਚੇਤਤਾ ਫੰਡ ਵੱਖਰਾ ਰੱਖਿਆ ਜਾਂਦਾ ਹੈ; ਜੇਕਰ ਰੱਖਿਆ ਜਾਂਦਾ ਹੈ, ਤਾਂ ਕਿੰਨੇ ਪ੍ਰਤੀਸ਼ਤ ;

(ਅ) ਸਾਲ 1993-94 ਦੇ ਦੌਰਾਨ ਰੱਖੇ ਗਏ ਅਚੇਤਤਾ ਫੰਡਾਂ ਦੇ ਵੇਰਵੇ ਕੀ ਹਨ ?

**Master Jagir Singh :** (a) No Sir.

(b) Question does not arise.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਤਨਾਮ ਸਿੰਘ ਕੈਂਥ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਕੋਈ ਸਵਾਲ ਹੀ ਨਹੀਂ ਉਠਦਾ। ਇਨ੍ਹਾਂ ਦੇ ਮੁਤਾਬਿਕ ਪੰਜਾਬ ਸਰਕਾਰ ਦੀ ਪਾਲਿਸੀ ਹੈ ਕਿ ਕੰਟਨ-ਜੈਂਸੀ ਫੰਡ ਨਹੀਂ ਕਟਿਆ ਜਾਂਦਾ, ਲੇਕਿਨ ਜ਼ਿਲ੍ਹਾ ਪਲਨਿੰਗ ਬੋਰਡਾਂ ਨੂੰ ਜੋ ਪੈਸੇ ਦਿਤੇ ਗਏ ਹਨ, ਉਨ੍ਹਾਂ ਵਿਚੋਂ ਕੰਟਨਜੈਂਸੀ ਫੰਡ ਕਟਿਆ ਗਿਆ ਹੈ। ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਇਕ ਜਿਨ੍ਹਾਂ ਅਧਿਕਾਰੀਆਂ ਨੇ ਇਹ ਫੰਡ ਕੱਟਿਆ ਹੈ, ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ ਅਤੇ ਜਿਹੜਾ ਪਸਾ ਕੱਟਿਆ ਗਿਆ ਹੈ ਅਤੇ ਖਜ਼ਾਨੇ ਵਿੱਚ ਜਮ੍ਹਾਂ ਕਰਵਾਇਆ ਗਿਆ ਹੈ, ਕੀ ਪਿੰਡਾਂ ਦੀ ਡਿਵੈਲੱਪਮੈਂਟ ਲਈ ਉਸ ਦੀ ਦੁਬਾਰਾ ਅਦਾਇਗੀ ਕੀਤੀ ਜਾਵੇਗੀ?

**ਸ਼੍ਰੀ ਸਪੀਕਰ** : ਇਸ ਦਾ ਜਵਾਬ ਪਹਿਲਾਂ ਵੀ ਆ ਚੁੱਕਿਆ ਹੈ, ਫਿਰ ਵੀ ਮੰਤਰੀ ਜੀ ਦੱਸ ਦਿਓ।

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਜਵਾਬ ਦੇ ਚੁੱਕਾ ਹਾਂ। ਅਗਰ ਕੋਈ ਗੱਲ ਇਨ੍ਹਾਂ ਦੇ ਨੋਟਿਸ ਵਿੱਚ ਹੈ ਤਾਂ ਇਹ ਮੇਰੇ ਨੋਟਿਸ ਵਿੱਚ ਲਿਆ ਦੇਣ, ਅਸੀਂ ਦੇਖ ਲਵਾਂਗੇ।

**ਸ਼੍ਰੀ ਰਮੇਸ਼ ਦੱਤ ਸ਼ਰਮਾ** : ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿੰਨੀਆਂ ਗਰਾਂਟਾਂ ਪੰਚਾਇਤੀ ਰਾਜ ਨੂੰ ਦਿੱਤੀਆਂ ਹਨ ਉਨ੍ਹਾਂ ਵਿਚੋਂ ਡੀਪਾਰਟਮੈਂਟਲ ਚਾਰਜਿਜ਼ ਕੱਟੇ ਹਨ ਅਤੇ ਕੰਟਿਨਜੈਂਸੀ ਫੰਡ ਵੀ 3 ਪ੍ਰਤੀਸ਼ਤ ਕੱਟੇ ਹਨ। ਕੀ ਮੰਤਰੀ ਜੀ ਭਰੋਸਾ ਦਿਵਾਉਣਗੇ ਕਿ ਜਿਨ੍ਹਾਂ ਅਧਿਕਾਰੀਆਂ ਨੇ ਇਹ ਫੰਡ ਕੱਟੇ ਹਨ, ਇਹ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ, ਜੇਕਰ ਇਨ੍ਹਾਂ ਦੇ ਨੋਟਿਸ ਵਿੱਚ ਲਿਆ ਦੇਈਏ ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਇਸਦਾ ਜਵਾਬ ਕਈ ਵਾਰ ਦੇ ਚੁੱਕਾ ਹਾਂ। ਕੋਈ ਗੱਲ ਮੇਰੇ ਨੋਟਿਸ ਵਿੱਚ ਲਿਆਉਣ ਤਾਂ ਦੇਖ ਲਵਾਂਗੇ।

**ਸ਼੍ਰੀ ਰਮੇਸ਼ ਦੱਤ ਸ਼ਰਮਾ** : ਸਪੀਕਰ ਸਾਹਿਬ, ਇਨ੍ਹਾਂ ਨੂੰ ਦੱਸ ਵੀ ਦਿਆਂਗੇ। ਪਰ ਜੋ ਗਰਾਂਟਾਂ ਪਿੰਡਾਂ ਨੂੰ ਦਿੱਤੀਆਂ ਗਈਆਂ ਹਨ ਅਤੇ ਪੰਚਾਇਤੀ ਰਾਜ ਨੂੰ ਫੰਡ ਦਿਤੇ ਜਾਂਦੇ ਹਨ, ਉਨ੍ਹਾਂ ਵਿਚੋਂ 3 ਪ੍ਰਤੀਸ਼ਤ ਕੰਟਿਨਜੈਂਸੀ ਫੰਡ ਅਤੇ 12 ਪ੍ਰਤੀਸ਼ਤ ਡੀਪਾਰਟਮੈਂਟਲ ਚਾਰਜਿਜ਼ ਕੱਟੇ ਜਾਂਦੇ ਹਨ। ਸਪੀਕਰ ਸਾਹਿਬ, ਮੰਤਰੀ ਜੀ ਇਹ ਯਕੀਨ ਦਿਵਾਉਣ ਕਿ ਜਿਨ੍ਹਾਂ ਅਧਿਕਾਰੀਆਂ ਨੇ ਇਹ ਕੱਟੇ ਹਨ, ਉਨ੍ਹਾਂ ਦੇ ਖਿਲਾਫ ਇਹ ਐਕਸ਼ਨ ਲੈਣਗੇ।

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਕਹਿ ਰਿਹਾ ਹਾਂ ਕਿ ਇਹ ਲਿਖ ਕੇ ਦੇਣ, ਉਸ ਤੋਂ ਬਾਅਦ ਅਸੀਂ ਦੇਖ ਲਵਾਂਗੇ।

**ਸ਼੍ਰੀ ਰਮੇਸ਼ ਦੱਤ ਸ਼ਰਮਾ**: ਸਪੀਕਰ ਸਾਹਿਬ, ਇਹ ਹਾਊਸ ਨੂੰ ਯਕੀਨ ਦਿਵਾਉਣ ਕਿ ਇਹ ਐਕਸ਼ਨ ਲੈਣਗੇ।

**ਸ਼੍ਰੀ ਸਪੀਕਰ**: ਤੁਸੀਂ ਲਿਖ ਕੇ ਦਿਓ, ਇਹ ਇਨਕੁਆਇਰੀ ਕਰਕੇ ਐਕਸ਼ਨ ਲੈ ਲੈਣਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਤਨਾਮ ਸਿੰਘ ਕੈਂਥ** : ਸਪੀਕਰ ਸਾਹਿਬ, ਦਿੱਤੀਆਂ ਜਾਂਦੀਆਂ ਗਰਾਂਟਾਂ ਵਿਚੋਂ ਕੰਟਿਨ-ਜੈਂਸੀ ਫੰਡ ਕੱਟਿਆ ਜਾਂਦਾ ਹੈ ਅਤੇ ਡੀਪਾਰਟਮੈਂਟਲ ਚਾਰਜਿਜ਼ ਵੀ ਲਏ ਜਾਂਦੇ ਹਨ। ਖਾਸ ਕਰਕੇ ਜਲੰਧਰ ਜ਼ਿਲ੍ਹੇ ਵਿੱਚ ਇਹ ਫੰਡ ਕੱਟੇ ਜਾਂਦੇ ਹਨ। ਕੀ ਮੰਤਰੀ ਜੀ ਇਹ ਯਕੀਨ ਦਿਵਾਉਣਗੇ ਕਿ ਇਹ ਫੰਡ ਨਹੀਂ ਕੱਟੇ ਜਾਣਗੇ ਕਿਉਂਕਿ ਇਹ ਸਾਰੇ ਐਮ.ਐਲ.ਏ. ਸਾਹਿਬਾਨ ਦੀ ਡੀਮਾਂਡ ਹੈ ? ਸਪੀਕਰ ਸਾਹਿਬ, ਇੱਕ ਲੱਖ ਦੇ ਚੈੱਕ ਪਿਛੇ ਤਿੰਨ ਹਜ਼ਾਰ ਰੁਪਏ ਕੱਟ ਕੇ 97,000—97,000 ਰੁਪਏ ਦੇ ਚੱਕ ਬਣਾਏ ਜਾਂਦੇ ਹਨ ਔਰ 50,000 ਪਿੱਛੇ ਪੰਜ ਪਰਸੈਂਟ ਕੱਟਿਆ ਜਾਂਦਾ ਹੈ। ਇਹ ਬੜਾ ਵੱਡਾ ਫਰਾਡ ਹੈ। ਇਹ ਲੋਕਲ ਅਧਿਕਾਰੀਆਂ ਨੇ ਕੀਤਾ ਹੈ ਅਤੇ ਗੌਰਮਿੰਟ ਦੀ ਇੱਛਾ ਦੇ ਖਿਲਾਫ ਕੀਤਾ ਹੈ। ਕੀ ਮੰਤਰੀ ਜੀ ਹਾਊਸ ਨੂੰ ਅਸ਼ਿਓਰ ਕਰਵਾਉਣਗੇ ਕਿ ਸਾਰੇ ਪੰਜਾਬ ਵਿਚ ਇਨਕੁਆਇਰੀ ਕੀਤੀ ਜਾਵੇਗੀ ਔਰ ਐਕਸ਼ਨ ਲਿਆ ਜਾਵੇਗਾ ?

**ਸ੍ਰੀ ਸਪੀਕਰ** : ਹਾਂ ਜੀ, ਮੰਤਰੀ ਜੀ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਹ ਪਿਛਲੀਆਂ ਗੱਲਾਂ ਕਰਦੇ ਹਨ। ਮੈਂ ਕਹਿ ਰਿਹਾ ਹਾਂ ਕਿ ਇੰਸਟਰੱਕਸ਼ਨਜ਼ ਜਾਰੀ ਹੋ ਚੁੱਕੀਆਂ ਹਨ ਅਤੇ ਕੋਈ ਨਹੀਂ ਕੱਟਿਆ ਜਾਂਦਾ। (ਵਿਘਨ) ਨਵੀਆਂ ਇੰਸਟਰੱਕਸ਼ਨਜ਼ ਜਾਰੀ ਹੋ ਚੁੱਕੀਆਂ ਹਨ। ਕਿਰਪਾ ਕਰਕੇ ਸਭ ਪੜ੍ਹ ਲੈਣ।

**ਸ੍ਰੀ ਸਪੀਕਰ** : ਇਹ ਪੁੱਛਦੇ ਹਨ ਕਿ ਇੰਸਟਰੱਕਸ਼ਨਜ਼ ਜਾਰੀ ਹੋਣ ਉਪਰੰਤ ਵੀ ਪੈਸੇ ਕੱਟੇ ਜਾਂਦੇ ਹਨ। ਕੀ ਤੁਸੀਂ ਸੰਬੰਧਿਤ ਅਧਿਕਾਰੀਆਂ ਖਿਲਾਫ ਐਕਸ਼ਨ ਲਵੋਗੇ ?

**ਰਾਜ ਮੰਤਰੀ** : ਬਿਲਕੁਲ ਜੀ। ਇਹ ਮੇਰੇ ਨੋਟਿਸ ਵਿਚ ਲਿਆ ਦੇਣ, ਬਿਲਕੁਲ ਲਵਾਂਗੇ। . . . (ਵਿਘਨ) (ਸ਼ੋਰ)

**ਸ੍ਰੀ ਸਤਨਾਮ ਸਿੰਘ ਕੈਂਥ** : ਸਪੀਕਰ ਸਾਹਿਬ, ਅਸੀਂ ਮਾਨਯੋਗ ਮੰਤਰੀ ਜੀ ਦੀ ਰਿਸਪੈਕਟ ਕਰਦੇ ਹਾਂ। ਇਨ੍ਹਾਂ ਨੇ ਕਿਹਾ ਹੈ ਕਿ ਕਮੀਨੀਆਂ ਗੱਲਾਂ ਕਰਦੇ ਹਨ। ਇਨ੍ਹਾਂ ਨੂੰ ਇਹ ਲੈਂਗੂਏਜ ਨਹੀਂ ਵਰਤਣੀ ਚਾਹੀਦੀ। ਇਨ੍ਹਾਂ ਨੂੰ ਇਹ ਸ਼ਬਦ ਵਾਪਸ ਲੈਣੇ ਚਾਹੀਦੇ ਹਨ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਮੈਨੂੰ ਸਮਝ ਨਹੀਂ ਲੱਗੀ, ਇਹ ਦੁਬਾਰਾ ਕਹਿਣ।

**ਸ੍ਰੀ ਸਪੀਕਰ** : ਤੁਸੀਂ ਕੋਈ ਐਸੀ ਗੱਲ ਕਹੀ ਹੈ—ਕਮੀਨੀਆਂ ਗੱਲਾਂ ਕਰਦੇ ਹਨ।

**ਰਾਜ ਮੰਤਰੀ** : ਮੈਂ ਤਾਂ ਅਜਿਹਾ ਨਹੀਂ ਕਿਹਾ ਪਰ ਜੇ ਕੋਈ ਮਾੜੀ ਗੱਲ ਕਹੀ ਹੈ ਤਾਂ ਮੈਂ ਵਾਪਸ ਲੈਂਦਾ ਹੈ।

**ਸ੍ਰੀ ਸਪੀਕਰ** : ਅਗਲਾ ਸਵਾਲ, ਵੀਰ ਪਵਨ ਕੁਮਾਰ ਜੀ।

**ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ** : ਸਪੀਕਰ ਸਾਹਿਬ, ਮੈਂ ਸਵਾਲ ਤੋਂ ਪਹਿਲਾਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਪਰਾਪਰ ਜਵਾਬ ਦਿਵਾਓ, ਗਲਤ ਜਵਾਬ ਨਾ ਦਿਵਾਓ। ਜੇ ਮੰਤਰੀ ਜੀ ਤਸੱਲੀ ਕਰਵਾ ਸਕਦੇ ਹਨ ਤਾਂ ਜਵਾਬ ਦੇਣ, ਨਹੀਂ ਤਾਂ ਨਾਂਹ ਕਰ ਦੇਣ।

**ਸ੍ਰੀ ਸਪੀਕਰ** : ਮੰਤਰੀ ਜੀ ਦਾ ਕੰਮ ਹੈ, ਤਸੱਲੀ ਕਰਵਾਉਣਾ। ਉਹ ਠੀਕ ਜਵਾਬ ਦਿੰਦੇ ਹਨ ਅਤੇ ਦੇਣਗੇ।

---

Original with;
Punjab Vidhan Sabha
Digitized by;
Panjab Digital Library

ਦਿਹਾਤੀ ਵਿਕਾਸ ਸਕੀਮ ਅਧੀਨ ਫੰਡ ਰੱਖਣੇ

*2025. ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਕੀ ਦਿਹਾਤੀ ਵਿਕਾਸ ਅਤੇ ਪੰਚਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਦਿਹਾਤੀ ਵਿਕਾਸ ਖੇਤਰ-ਫੰਡ ਸਕੀਮ ਹੇਠ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਅੰਮ੍ਰਿਤਸਰ ਲਈ ਰੱਖੀ ਗਈ ਰਕਮ ਦੇ ਸਕੀਮ-ਵਾਰ ਅਤੇ ਬਲਾਕ-ਵਾਰ ਵੇਰਵੇ ਕੀ ਹਨ ਅਤੇ ਉਸ ਰਕਮ ਦੇ ਵੇਰਵੇ ਕੀ ਹਨ ਜਿਹੜੀ ਅਸਲ ਵਿੱਚ ਹਰ ਇਕ ਬਲਾਕ ਨੂੰ ਦਿੱਤੀ ਗਈ ਹੈ ?

**Master Jagir Singh :** During the year 1993-94 Rs. 807.59 lacs were earmarked to the District Planning and Development Board, Amritsar under Unnat Gram Scheme. District Planning and Development Board, Amritsar released Rs. 540.30 lacs to the blocks, details of which is laid on the table of the House. Balance of Rs. 267.29 lacs is yet to be released. In addition Rs. 213.84 lacs earmarked for missing links is yet to be released.

**Statement showing Blockwise Funds disbursed for Amritsar District under Rural Development Funds during the year, 1993-94**

| Serial No. | Name of Block | | Amount (Rs. in lacs) |
|---|---|---|---|
| 1. | Ajnala | .. | 48·45 |
| 2. | Chogawan | .. | 47·37 |
| 3. | Patti | .. | 31·87 |
| 4. | Valtoha | .. | 22·90 |
| 5. | Bhikhiwind | .. | 41·35 |
| 6. | Rayya | .. | 37·40 |
| 7. | Tarikka | .. | 30·705 |
| 8. | Taran Taran | .. | 50·00 |
| 9. | Khadoor Sahib | .. | 56·74 |
| 10. | Naushehra Panwan | .. | 21·22 |
| 11. | Chohla Sahib | .. | 26·98 |
| 12. | Gandiwind | .. | 28·50 |
| 13. | Verka | .. | 27·35 |
| 14. | Jandiala | .. | 35·635 |
| 15. | Majitha | .. | 33·825 |
| | | .. | 540·30 |

Original with;
Punjab Vidhan Sabha
Digitized by;
Panjab Digital Library

**ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ**: ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਸ ਮੱਦ ਅਧੀਨ, ਕਿਸ ਮੇਜਰ ਹੈੱਡ ਅਧੀਨ ਅਤੇ ਕਿਸ ਸਕੀਮ ਅਧੀਨ ਬਲਾਕਾਂ ਨੂੰ ਪੈਸੇ ਦਿੱਤੇ ਗਏ ਹਨ ? ਇਸ ਤੋਂ ਇਲਾਵਾ ਜਿਹੜੀ ਬਲਾਕ-ਵਾਈਜ਼ ਇਨ੍ਹਾਂ ਨੇ ਗਿਣਤੀ ਦਿੱਤੀ ਹੈ, ਉਨ੍ਹਾਂ ਵਿਚ ਜ਼ਿਲ੍ਹੇ ਨੂੰ ਕਿੰਨੇ ਪੈਸੇ ਦਿੱਤੇ ਗਏ ਹਨ ਅਤੇ ਜਿਹੜੇ ਬਕਾਇਆ ਹਨ, ਪਹਿਲੀ ਸਕੀਮ ਅਧੀਨ .. ..

**ਸ੍ਰੀ ਸਪੀਕਰ**: ਤੁਸੀਂ ਹੁਣ ਸਿਰਫ ਇੱਕ ਸਵਾਲ ਪੁੱਛੋ। I will give you time.

**ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ**: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੈਸੇ ਸਾਨੂੰ ਮਿਲੇ ਹਨ ਉਹ ਕਿਸ ਮੱਦ ਅਧੀਨ, ਕਿਸ ਮੇਜਰ ਹੈੱਡ ਅਧੀਨ ਅਤੇ ਕਿਸ ਸਕੀਮ ਅਧੀਨ ਦਿੱਤੇ ਗਏ ਹਨ ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਤਾਂ ਬੜਾ ਵਧੀਆ ਜਵਾਬ ਦਿੱਤਾ ਹੈ। ਜੋ ਇਨ੍ਹਾਂ ਨੇ ਪੁੱਛਿਆ ਸੀ, ਮੈਂ ਉਸ ਦਾ ਜਵਾਬ ਦੇ ਦਿੱਤਾ ਹੈ ਅਤੇ ਲਿਖ ਕੇ ਡਿਟੇਲ ਵੀ ਭੇਜ ਦਿੱਤੀ ਹੈ। ਫਿਰ ਵੀ ਮੈਂ ਦੁਬਾਰਾ ਪੜ੍ਹ ਦਿੰਦਾ ਹਾਂ। ਅਜਨਾਲਾ ਵਿਚ 48.45 ਲੱਖ, ਚੌਗਾਵਾਂ ਵਿਚ 47.37 ਲੱਖ, ਪੱਟੀ ਵਿਚ 31.87 ਲੱਖ, ਵਲਟੋਹਾ ਵਿੱਚ 22.90 ਲੱਖ, ਭਿੱਖੀਵਿੰਡ ਵਿਚ 41.35 ਲੱਖ, ਰਈਆ ਵਿਚ 37.40 ਲੱਖ, ਤਰਸਿੱਕਾ ਵਿਚ 30.705 ਲੱਖ, ਤਰਨਤਾਰਨ ਵਿੱਚ 50 ਲੱਖ, ਖਡੂਰ ਸਾਹਿਬ ਵਿਚ 56.74 ਲੱਖ, ਨੌਸ਼ਹਿਰਾ ਪੰਨੂਆਂ ਵਿਚ 21.22 ਲੱਖ, ਚੋਹਲਾ ਸਾਹਿਬ ਵਿਚ 26.98 ਲੱਖ, ਗੰਡੀਵਿੰਡ ਵਿਚ 28.50 ਲੱਖ, ਵੇਰਕਾ ਵਿਚ 27.35 ਲੱਖ, ਜੰਡਿਆਲਾ ਵਿਚ 35.635 ਲੱਖ, ਮਜੀਠਾ ਵਿਚ 33.825 ਲੱਖ ਅਤੇ ਕੁੱਲ 540.30 ਲੱਖ ਹੈ। ਬੜਾ ਕਲੀਅਰ ਲਿਖ ਕੇ ਦਿੱਤਾ ਹੈ । ਪੜ੍ਹ ਲੈਣ।

**ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ**: ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਇਹ ਜਿਹੜੇ ਪੈਸੇ ਦਿੱਤੇ ਗਏ ਹਨ, ਇਹ ਕਿਸ-ਕਿਸ ਸਕੀਮ ਅਧੀਨ ਦਿੱਤੇ ਹਨ? ਕਿਸ-ਕਿਸ ਸਕੀਮ ਅਧੀਨ ਕਿੰਨਾ-ਕਿੰਨਾ ਪੈਸਾ ਬਲਾਕ ਨੂੰ ਦਿੱਤਾ ਹੈ ? ਜਿਸ ਤਰ੍ਹਾਂ ਕਿ ਸੀ.ਡੀ.ਦਾ ਕਿੰਨਾ ਪੈਸਾ, ਗਲੀਆਂ ਨਾਲੀਆਂ ਦਾ ਕਿੰਨਾ ਪੈਸਾ ਅਤੇ ਜਵਾਹਰ ਰੋਜ਼ਗਾਰ ਯੋਜਨਾ ਆਦਿ ਦਾ ਕਿੰਨਾ-ਕਿੰਨਾ ਪੈਸਾ ਬਲਾਕ ਨੂੰ ਦਿੱਤਾ ਗਿਆ ਹੈ ?

**ਸ੍ਰੀ ਸਪੀਕਰ**: ਮੰਤਰੀ ਜੀ, ਉਨ੍ਹਾਂ ਨੇ ਪੁੱਛਿਆ ਹੈ ਕਿ ਕਿੰਨੇ-ਕਿੰਨੇ ਪੈਸੇ ਦਿੱਤੇ ਹਨ ? ਉਹ ਤੁਸੀਂ ਐਕਸਪਲੇਨ ਕਰੋ।

**ਰਾਜ ਮੰਤਰੀ**: ਸਪੀਕਰ ਸਾਹਿਬ, ਜੋ ਇਨ੍ਹਾਂ ਦਾ ਸਵਾਲ ਹੈ, ਇਹ ਪੜ੍ਹ ਲੈਣ, ਨਹੀਂ ਤਾਂ ਇਹ ਸਕੀਮਵਾਰ ਦੁਬਾਰਾ ਪੁੱਛ ਲੈਣ, ਮੈਂ ਉਹ ਵੀ ਜਵਾਬ ਦੇ ਦੇਵਾਂਗਾ।

**ਸ੍ਰੀ ਸਪੀਕਰ**: ਜਿਹੜਾ ਸਵਾਲ ਇਨ੍ਹਾਂ ਨੇ ਪੁੱਛਿਆ ਹੈ, ਉਹ ਸਕੀਮ-ਵਾਈਜ਼ ਹੈ। ਸਵਾਲ ਵਿੱਚ ਲਿਖਿਆ ਹੈ ਕਿ ਸਕੀਮ-ਵਾਈਜ਼ ਕਿਤਨਾ-ਕਿਤਨਾ ਪੈਸਾ ਰੱਖਿਆ ਗਿਆ ਹੈ ।

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਲਓ ਜੀ, ਮੈਂ ਦੁਬਾਰਾ ਸਕੀਮਵਾਰ ਦੱਸ ਦਿੰਦਾ ਹਾਂ। ਰੂਰਲ ਡਿਵੈਲਪਮੈਂਟ ਵਾਸਤੇ ਅੰਮ੍ਰਿਤਸਰ ਜ਼ਿਲ੍ਹੇ ਲਈ 1993-94 ਵਿੱਚ 807.59 ਲੱਖ ਰੁਪਏ ਰੱਖੇ ਗਏ ਸਨ। 540.30 ਲੱਖ ਰੁਪਏ ਡਿਸਟ੍ਰਿਕਟ ਪਲੈਨਿੰਗ ਬੋਰਡ ਨੂੰ ਦਿੱਤੇ। ਬਾਕੀ ਰੁਪਿਆ ਰਹਿ ਗਿਆ 267.29 ਲੱਖ। ਉਹ ਵੀ ਭੇਜ ਦਿੱਤੇ ਹਨ ਲੇਕਿਨ ਉਹ ਥੋੜ੍ਹਾ ਲੇਟ ਗਏ ਹਨ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 16 ਮਾਰਚ, 1994 ਨੂੰ ਮੀਟਿੰਗ ਨਹੀਂ ਹੋ ਸਕੀ, ਇਸ ਕਰਕੇ ਪਲੈਨਿੰਗ ਬੋਰਡ ਨੂੰ (ਵਿਘਨ) ਡਿਸਟ੍ਰਿਕਟ ਪਲਾਨਿੰਗ ਬੋਰਡ ਨੂੰ ਸੜਕਾਂ ਵਾਸਤੇ ਅਤੇ ਉਨੱਤ ਗਰਾਮ ਸਕੀਮ ਅਧੀਨ ਫਿਰਨੀਆਂ ਆਦਿ ਵਾਸਤੇ 213.84 ਲੱਖ ਰੁਪਏ ਗਿਆ ਹੈ ਜਿਹੜਾ ਕਿ ਡੀ.ਸੀ. ਕੋਲ ਵੰਡਣ ਵਾਸਤੇ ਪਿਆ ਹੈ। ਇਹ ਮੀਟਿੰਗ ਹਾਲੇ ਹੋਣੀ ਹੈ, ਜਿਸ ਵਿੱਚ ਐਮ.ਐਲ.ਏ. ਸਾਹਿਬਾਨ ਵੀ ਹੁੰਦੇ ਹਨ। ਇਹ ਆਪ ਹੀ ਵੰਡਣ ਵਾਲੇ ਹਨ ਅੌਰ ਆਪ ਹੀ ਹੁਣ ਪੁੱਛਦੇ ਹਨ। ਮੈਂ ਤਾਂ ਹੈਰਾਨ ਹਾਂ।

**Mr. Speaker** : The question is very simple. First thing he has asked is schemewise and block-wise amount. ਉਸ ਬਾਰੇ ਤੁਸੀਂ ਦੱਸ ਦਿਓ। ਦੂਸਰੇ ਵਿੱਚ ਪੁੱਛਿਆ ਹੈ ਕਿ ਉਨ੍ਹਾਂ ਵਿੱਚ ਜਿਹੜਾ ਰੁਪਿਆ ਲੱਗਿਆ ਹੈ, ਉਸ ਦਾ ਟੋਟਲ ਦੱਸ ਦਿਓ।

ਰਾਜ ਮੰਤਰੀ: ਉਹ ਟੋਟਲ ਮੈਂ, ਸਪੀਕਰ ਸਾਹਿਬ, ਦੱਸਿਆ ਹੈ। 213.84 ਲੱਖ ਜਿਹੜਾ ਹੈ ਉਹ ਅਜੇ ਨਹੀਂ ਲੱਗਾ, ਅਜੇ ਵੰਡਣ ਵਾਲਾ ਪਿਆ ਹੈ। ਬੋਰਡ ਦੀ ਮੀਟਿੰਗ ਨਹੀਂ ਹੋਈ। (ਵਿਘਨ)... ਇੱਕ ਮਿੰਟ ਜੀ, ਪਹਿਲਾਂ ਮੈਨੂੰ ਦੱਸ ਲੈਣ ਦਿਓ। (ਵਿਘਨ)... 267.29 ਲੱਖ ਵੀ ਅਜੇ ਵੰਡਣ ਵਾਲਾ ਪਿਆ ਹੈ, ਕਿਉਂਕਿ ਮੀਟਿੰਗ ਨਹੀਂ ਹੋ ਸਕੀ, ਲੇਟ ਹੋ ਗਈ।

**Mr. Speaker** : Now Vir Pawan Kumar Ji.

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਸਪਲੀਮੈਂਟਰੀ, ਸੋਰ

**Mr. Speaker** : Let him ask. It is his question.

**ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ**: ਸਪੀਕਰ ਸਾਹਿਬ, ਇਹ ਜਿਹੜਾ 267.29 ਲੱਖ ਅਤੇ 213.84 ਲੱਖ ਰੁਪਿਆ ਹੈ, ਇਹ 1993-94 ਦਾ ਪੈਸਾ ਸੀ ਅਤੇ ਇਹ 31 ਮਾਰਚ ਤੱਕ ਖ਼ਰਚ ਹੋਣਾ ਚਾਹੀਦਾ ਸੀ। 31 ਮਾਰਚ ਲੰਘ ਗਈ ਹੈ। ਇਹ ਜਿਹੜਾ ਪੈਸਾ ਹੈ, ਇਹ ਮਨਜ਼ੂਰ ਤਾਂ ਕਰ ਦਿੱਤਾ ਹੈ ਲੇਕਿਨ ਇਹ ਖ਼ਰਚ ਨਹੀਂ ਹੋਇਆ, ਇਸ ਕਰਕੇ ਇਹ ਲੈਪਸ ਹੋਵੇਗਾ। ਮੰਤਰੀ ਜੀ ਇਸ ਬਾਰੇ ਹਾਊਸ ਨੂੰ ਦੱਸ ਦੇਣ।

ਰਾਜ ਮੰਤਰੀ: ਸਪੀਕਰ ਸਾਹਿਬ, ਡੀ.ਸੀ. ਨੇ ਇਹ ਰੁਪਿਆ ਕਢਾ ਲਿਆ ਹੈ, ਲੈਪਸ ਨਹੀਂ ਹੋਵੇਗਾ ਅਤੇ ਹੁਣ ਇਹ ਵੰਡ ਲੈਣਗੇ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ**: ਇਨ੍ਹਾਂ ਨੇ ਕਲੀਅਰ ਕਰ ਦਿੱਤਾ ਹੈ ਕਿ ਇਹ ਜੋ ਰੁਪਿਆ ਅਲਾਟ ਕੀਤਾ ਹੈ, ਇਹ ਲੈਪਸ ਨਹੀਂ ਹੋਵੇਗਾ।

**ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ**: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਜੋ ਬਲਾਕ ਹਨ, ਉਨ੍ਹਾਂ ਸਾਰਿਆਂ ਦੇ ਵਿੱਚ ਇਹ ਪੈਸਾ ਵੰਡਿਆ ਜਾਵੇਗਾ ਜਾਂ ਇਕ ਬਲਾਕ ਨੂੰ ਹੀ ਸਾਰਾ ਰੁਪਿਆ ਦਿੱਤਾ ਜਾਵੇਗਾ?

**ਸ਼੍ਰੀ ਸਪੀਕਰ**: ਇਨ੍ਹਾਂ ਨੇ ਸਕੀਮ-ਵਾਈਜ਼ ਅਤੇ ਬਲਾਕ-ਵਾਈਜ਼ ਜਵਾਬ ਦੇ ਦਿੱਤਾ ਹੈ।

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਜਵਾਬ ਦੇ ਦਿੱਤਾ ਹੈ ਕਿ ਡਿਸਟ੍ਰਿਕਟ ਪਲੈਨਿੰਗ ਬੋਰਡ ਨੇ ਪੈਸਾ ਵੰਡਣਾ ਹੈ, ਮੈਂ ਤਾਂ ਨਹੀਂ ਵੰਡਣਾ। ਮੈਨੂੰ ਵੰਡਣ ਤੇ ਲਾ ਦਿਓ ਤਾਂ ਮੈਂ ਵੰਡ ਦਿੰਦਾ ਹਾਂ। (ਵਿਘਨ) (ਹਾਸਾ)

(ਇਸ ਵਕਤ ਮਾਨਯੋਗ ਮੈਂਬਰ ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਬੋਲਣ ਲਈ ਖੜੇ ਸਨ) ਇਹ ਬੀਬੀ ਵੀ ਪਲੈਨਿੰਗ ਬੋਰਡ ਦੇ ਵਿਚ ਹੀ ਹੈ। (ਵਿਘਨ) ਅਜੇ ਤੁਹਾਨੂੰ ਇਜਾਜ਼ਤ ਨਹੀਂ ਦਿੱਤੀ, ਮੈਂ ਖੜ੍ਹਾ ਹਾਂ, ਸਪੀਕਰ ਸਾਹਿਬ, ਬੀਬੀ ਮੇਰੀ ਗੱਲ ਨਹੀਂ ਮੰਨਦੀ। (ਹਾਸਾ)

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਮੈਂ ਤੁਹਾਡੀ ਗੱਲ ਮੰਨ ਕੇ ਨਰਕਾਂ ਵਿੱਚ ਨਹੀਂ ਜਾਣਾ। (ਹਾਸਾ) ਮਾਸਟਰ ਜੀ, ਮੈਂ ਤੁਹਾਡਾ ਕਹਿਣਾ ਮੰਨ ਕੇ ਲੈਂਡ ਗਰੈਬਿੰਗ ਨਹੀਂ ਕਰਨੀ, ਗੋਲੀ ਨਹੀਂ ਚਲਾਉਣੀ।

अध्यक्ष महोदय, मैं आप के द्वारा मन्त्री जी से पूछना चाहती हूं कि अगर अमृतसर के योजना बोर्ड का ही 5 करोड़ रुपया एक वर्ष में खर्च नहीं हुआ तो सारे पंजाब की स्थिति क्या होगी। (विघन) डी० सी० की क्या जुरअत है कि डराफ्ट न मंगवाये और पैसे न खर्चे। यह भी बताएं कि नोशहरा पंनुआं को 52 लाख रुपया और क्यों दे दिया गया है। (विघन) केवल अमृतसर में ही अगर 5 करोड़ रुपया एक वर्ष में खर्च नहीं हुआ तो बाकी पंजाब की स्थिति क्या होगी। तीसरा, मैं यह पूछना चाहती हूं. . . . .

**ਸ਼੍ਰੀ ਸਪੀਕਰ**: ਇਕ ਹੀ ਸਵਾਲ ਪੁੱਛੋ। You have already asked two questions...(Interruption) ਤੁਸੀ ਨੌਸ਼ਹਿਰਾ ਪੰਨੂਆਂ ਬਾਰੇ ਪੁੱਛਿਆ ਹੈ।

**ਰਾਜ ਮੰਤਰੀ**: ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਸ ਬੀਬੀ ਨੂੰ ਹਮੇਸ਼ਾ ਡਰ ਹੀ ਰਹਿੰਦਾ ਹੈ। ਪਲੈਨਿੰਗ ਬੋਰਡ ਵਿੱਚ ਪੈਸੇ ਤਾਂ ਆਪ ਵੰਡਦੇ ਹਨ ਤੇ ਪੁੱਛਦੇ ਮੈਨੂੰ ਹਨ।

Original with;
Punjab Vidhan Sabha
Digitized by;
Panjab Digital Library

**श्रीमती लक्ष्मी कांता चावला :** अध्यक्ष महोदय इन्होंने अपने घर की सड़क बनाने के लिये पैसा दे दिया है । मैं इन से यह पूछना चाहती हूं कि इन्होंने अपने घर की सड़क बनवाने के लिये अलग पैसे क्यों दिये हैं ? इतने लाख रुपए घर की सड़क बनाने के लिये क्यों दिये गए हैं ? (विघन) मीटिंग के एजन्डा में यह लिखा गया था—मन्त्री जी के घर की सड़क बनाने के लिये सवीकृति ।

**ਸ੍ਰੀ ਸਪੀਕਰ:** ਇਨ੍ਹਾਂ ਦੀਆਂ ਸੜਕਾਂ ਪੰਜਾਬ ਦੇ ਵਿੱਚ ਨਹੀਂ ਹਨ?

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਇਨ੍ਹਾਂ ਨੇ ਕੇਵਲ ਆਪਣੇ ਘਰ ਦੀ ਸੜਕ ਬਣਾਉਣ ਲਈ ਏਜੰਡੇ ਵਿੱਚ ਲਿਖਵਾਇਆ ਹੈ। (ਵਿਘਨ)

ਦੂਸਰਾ, ਪੂਰੇ ਪੰਜਾਬ ਵਿਚ ਸਾਲ 1993-94 ਵਿੱਚ ਕਿੰਨਾ ਪੈਸਾ ਅਜਿਹਾ ਹੈ ਜੋ ਖ਼ਰਚ ਨਹੀਂ ਕੀਤਾ ਗਿਆ? ਅੰਮ੍ਰਿਤਸਰ ਜ਼ਿਲ੍ਹੇ ਦਾ ਤਾਂ ਇਨ੍ਹਾਂ ਨੇ ਦੱਸਿਆ ਹੈ ਕਿ 5 ਕਰੋੜ ਰੁਪਿਆ ਖ਼ਰਚ ਨਹੀਂ ਕੀਤਾ ਗਿਆ।

**ਰਾਜ ਮੰਤਰੀ:** ਸਤਿਕਾਰਯੋਗ ਸਪੀਕਰ ਸਾਹਿਬ, ਇਹ ਇਨ੍ਹਾਂ ਨੂੰ ਪਤਾ ਹੋਵੇਗਾ। ਪਲੈਨਿੰਗ ਬੋਰਡ ਦਾ ਚੇਅਰਮੈਨ ਮੈਂ ਤਾਂ ਹਾਂ ਨਹੀਂ। ਸਤਿਕਾਰਯੋਗ ਮੈਂਬਰ ਸਾਹਿਬ ਆਪ ਪਲੈਨਿੰਗ ਬੋਰਡ ਦੇ ਵਿੱਚ ਮੈਂਬਰ ਹਨ, ਇਨ੍ਹਾਂ ਨੂੰ ਪਤਾ ਹੋਵੇਗਾ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਮੈਂ ਪੂਰੇ ਪੰਜਾਬ ਦਾ ਪੁੱਛਿਆ ਹੈ, ਕੇਵਲ ਅੰਮ੍ਰਿਤਸਰ ਜ਼ਿਲ੍ਹੇ ਦਾ ਨਹੀਂ।

**Mr. Speaker :** No more Supplementary. Next question. Shri Vir Pawan Kumar.

---

## ਪਿੰਡ ਬੁੱਢਾ ਥੇਹ ਲਈ ਵਾਟਰ ਵਰਕਸ ਸਕੀਮ

*2027. **ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ:** ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਪਿੰਡ ਬੁੱਢਾ ਥੇਹ, ਬਲਾਕ ਰੱਈਆ, ਜ਼ਿਲ੍ਹਾ ਅੰਮ੍ਰਿਤਸਰ ਵਿਚ ਵਾਟਰ ਵਰਕਸ ਸਕੀਮ ਅਧੀਨ ਪੀਣ ਵਾਲਾ ਪਾਣੀ ਮੁਹੱਈਆ ਕਰਨ ਲਈ ਕੋਈ ਤਜਵੀਜ਼ ਮਨਜ਼ੂਰ ਕੀਤੀ ਹੈ ? ਜੇਕਰ ਅਜਿਹਾ ਹੋਵੇ, ਤਾਂ ਉਸ ਉਕਤ ਸਕੀਮ ਲਈ ਕਿੰਨੀ ਰਕਮ ਰੱਖੀ ਗਈ ਹੈ ਅਤੇ ਇਸ ਨੂੰ ਅੰਤਿਮ ਰੂਪ ਕਦੋਂ ਤੱਕ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸ੍ਰੀ ਸੁਰਿੰਦਰ ਕਪੂਰ :** ਹਾਂ ਜੀ। ਇਸ ਸਕੀਮ ਲਈ 24.87 ਲੱਖ ਰੁਪਏ ਦੀ ਰਕਮ ਰੱਖੀ ਗਈ ਹੈ ਅਤੇ ਇਸ ਸਕੀਮ ਨੂੰ 31 ਦਸੰਬਰ, 1994 ਤੱਕ ਮੁਕੰਮਲ ਕਰਨ ਦਾ ਟੀਚਾ ਹੈ।

Original with;
Punjab Vidhan Sabha
Digitized by;
Panjab Digital Library

**ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਵਜ਼ੀਰ ਸਾਹਿਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਲੈਨਿੰਗ ਬੋਰਡ ਦੀ ਮੀਟਿੰਗ ਦੇ ਵਿੱਚ ਮਹਿਕਮੇ ਦੇ ਐਸ.ਈ. ਨੇ ਕਿਹਾ ਸੀ ਕਿ 31 ਦਸੰਬਰ, 1993 ਨੂੰ ਇਹ ਪੂਰਾ ਹੋ ਜਾਵੇਗਾ। ਕਾਫੀ ਕੰਮ ਹੋ ਗਿਆ ਹੈ ਪਰ ਹਾਲੇ ਇਹ ਕੰਪਲੀਟ ਨਹੀਂ ਹੋਇਆ। ਅਫਸਰਾਂ ਨੇ ਪਲਾਨਿੰਗ ਬੋਰਡ ਦੀ ਮੀਟਿੰਗ ਵਿਚ ਮੰਨਿਆ ਸੀ ਕਿ 31 ਦਸੰਬਰ 1993 ਤੱਕ ਇਹ ਪੂਰਾ ਕਰ ਦਿਆਂਗੇ ਪਰ ਹੁਣ 1994 ਤੱਕ ਕਹਿ ਦਿੱਤਾ ਹੈ। ਕੀ ਮੰਤਰੀ ਜੀ ਇਸ ਲਈ ਉਨ੍ਹਾਂ ਅਫ਼ਸਰਾਂ ਦੇ ਖਿਲਾਫ਼ ਕੋਈ ਕਾਰਵਾਈ ਕਰਨਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ ਇਸ ਦੀ 15 ਦਸੰਬਰ, 1992 ਨੂੰ ਅਪਰੂਵਲ ਮਿਲੀ ਸੀ। ਉਸ ਤੋਂ ਬਾਅਦ ਟਿਊਬਵੈੱਲ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਪੰਪ ਦਾ ਕੰਮ ਵੀ ਮੁਕੰਮਲ ਹੋ ਚੁੱਕਾ ਹੈ। ਪਿੰਡ ਵਿਚ ਪਾਈਪ ਲਾਈਨ ਦਾ ਕੰਮ ਵੀ ਤਕਰੀਬਨ ਮੁਕੰਮਲ ਹੋ ਚੁੱਕਾ ਹੈ। ਥੋੜ੍ਹਾ ਜਿਹਾ ਰਹਿ ਗਿਆ ਹੈ। ਜਿਹੜਾ ਰਿਜ਼ਰਵਾਇਰ ਬਣਨਾ ਸੀ, ਉਸ ਦੇ ਕਿਉਂਕਿ ਟੈਂਡਰ ਬਹੁਤ ਉਚੇ ਆ ਗਏ ਸਨ, ਇਸ ਕਰਕੇ ਉਹ ਦੋਬਾਰਾ ਟੈਂਡਰ ਇਨਵਾਈਟ ਕੀਤੇ ਹਨ। ਹੁਣ 26 ਅਪ੍ਰੈਲ, 1994 ਨੂੰ ਉਹ ਟੈਂਡਰ ਖੋਲ੍ਹਣੇ ਹਨ। ਉਸ ਤੋਂ ਬਾਅਦ ਰਿਜ਼ਰਵਾਇਰ ਦਾ ਕੰਮ ਛੇਤੀ ਪੂਰਾ ਹੋ ਜਾਵੇਗਾ।

**ਸ੍ਰੀ ਭਗਵਾਨ ਦਾਸ ਅਰੋੜਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸੰਗਰੂਰ ਜ਼ਿਲ੍ਹੇ ਵਿਚ ਧਰਮਗੜ੍ਹ ਜਿਹੜਾ ਵਾਟਰ ਵਰਕਸ ਬਣਿਆ ਸੀ, ਉਸ ਦੀ ਕੋਈ 5-6 ਪਿੰਡਾਂ ਵਿਚ ਸਪਲਾਈ ਜਾਂਦੀ ਹੈ। ਪਰ ਮੈਂ ਮੰਤਰੀ ਸਾਹਿਬ ਦੇ ਧਿਆਨ ਵਿਚ ਪਹਿਲਾਂ ਵੀ ਲਿਆਇਆ ਹਾਂ ਅਤੇ ਹੁਣ ਵੀ ਇਥੇ ਦਸਦਾ ਹਾਂ ਕਿ ਉਹ ਵਾਟਰ ਵਰਕਸ ਬਣੇ ਨੂੰ 10-12 ਸਾਲ ਹੋ ਗਏ ਹਨ ਅਤੇ ਉਸ ਤੇ ਕੋਈ 45 ਲੱਖ ਰੁਪਿਆ ਖ਼ਰਚ ਹੋਇਆ ਸੀ ਪਰ ਹੁਣ ਤੱਕ ਉਨ੍ਹਾਂ ਪਿੰਡਾਂ ਵਿਚ 45 ਵਾਰ ਵੀ ਪਾਣੀ ਨਹੀਂ ਗਿਆ (ਹਾਸਾ)। ਕੀ ਮੰਤਰੀ ਸਾਹਿਬ, ਇਸ ਵਾਟਰ ਵਰਕਸ ਵਿਚ ਕੋਈ ਸੁਧਾਰ ਲਿਆ ਕੇ ਉਨ੍ਹਾਂ ਪਿੰਡਾਂ ਨੂੰ ਪਾਣੀ ਦੇਣ ਦਾ ਪ੍ਰਬੰਧ ਕਰਨਗੇ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਸਵਾਲ ਦਾ ਇਸ ਪ੍ਰਸ਼ਨ ਨਾਲ ਸਬੰਧ ਤਾਂ ਨਹੀਂ ਪਰ ਫਿਰ ਵੀ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਉਥੇ ਅਬਾਦੀ ਕਾਫੀ ਵੱਧ ਗਈ ਹੈ ਜਿਸ ਕਰਕੇ ਆਗੂਮੈਂਟੇਸ਼ਨ ਵਾਸਤੇ ਸਰਵੇ ਕਰਵਾਇਆ ਜਾ ਰਿਹਾ ਹੈ। ਇਸ ਤੋਂ ਬਾਅਦ ਜਦੋਂ ਫੰਡਜ਼ ਉਪਲਬਧ ਹੋ ਜਾਣਗੇ, ਇਹ ਕੰਮ ਕਰਵਾ ਦੇਵਾਂਗੇ।

**ਸ੍ਰੀ ਭਗਵਾਨ ਦਾਸ ਅਰੋੜਾ :** ਸਪੀਕਰ ਸਾਹਿਬ, ਅਬਾਦੀ ਤਾਂ ਹੁਣ ਵਧੀ ਹੈ ਪਰ ਪਾਣੀ ਤਾਂ ਉਥੇ 10-12 ਸਾਲ ਤੋਂ ਨਹੀਂ ਪਹੁੰਚਿਆ।

**ਸ੍ਰੀ ਸਪੀਕਰ :** ਫਿਰ ਸਰਕਾਰ ਵੀ ਤਾਂ ਹੁਣੇ ਆਈ ਹੈ। (ਹਾਸਾ) ਅਗਲਾ ਸਵਾਲ।

---

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ ਪ੍ਰਸ਼ਨ ਨੰ: 1971

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

## ਜ਼ਮੀਨ ਦੀ ਜ਼ਬਰਦਸਤੀ ਹੱਥ-ਬਦਲੀ

*2003. **ਸ਼੍ਰੀ ਜਗਦੀਸ਼ ਸਾਹਨੀ**: ਕੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਾਲ 1976—1977 ਦੌਰਾਨ ਪੰਚਾਇਤ ਸੰਮਤੀ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ ਦੀ 52 ਕਨਾਲ ਅਤੇ 10 ਮਰਲੇ ਜ਼ਮੀਨ ਕੁਝ ਵਿਅਕਤੀਆਂ ਦੁਆਰਾ ਜ਼ਬਰਦਸਤੀ ਹੱਥ-ਬਦਲ ਕਰਵਾ ਲਈ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਗੈਰ-ਕਾਨੂੰਨੀ ਹੱਥ-ਬਦਲੀ ਨੂੰ ਕੈਂਸਲ ਕਰਵਾਉਣ ਲਈ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

**Master Jagir Singh** : No Sir. The Panchayat Samiti Kahnuwan passed a resolution No. 211, dated 30-4-64 to sell the Samiti land for purchasing land for holding cattle fairs. In this regard the Panchaynt Samiti auctioned its land measuring 52 Kanals 10 Marlas for an amount of Rs. 14,800 to Sh. Gurbachan Singh S/o Sh. Mit Singh, Village Kahnuwan.

**ਸ਼੍ਰੀ ਜਗਦੀਸ਼ ਸਾਹਨੀ**: ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 30 ਅਪਰੈਲ, 1964 ਨੂੰ ਪੰਚਾਇਤ ਸੰਮਤੀ ਨੇ ਇਹ ਜ਼ਮੀਨ ਗੁਰਬਚਨ ਸਿੰਘ ਨੂੰ ਵੇਚ ਦਿੱਤੀ ਸੀ। ਪਰ ਜੋ ਰਿਕਾਰਡ ਹੈ, ਉਸ ਤੋਂ ਇਹ ਪਤਾ ਲਗਦਾ ਹੈ ਕਿ ਪੰਚਾਇਤ ਸੰਮਤੀ ਨੇ ਕੋਈ ਜ਼ਮੀਨ ਨਹੀਂ ਵੇਚੀ। ਹੁਣ ਅਤਿਵਾਦ ਦੇ ਦਿਨਾਂ ਵਿਚ ਪੰਚਾਇਤ ਸੰਮਤੀ ਦਾ ਇਕ ਝੂਠਾ ਰੈਜ਼ੋਲਿਊਸ਼ਨ ਪਾਇਆ ਗਿਆ ਹੈ। ਕੋਈ ਕੈਟਲ ਫੇਅਰ ਵਾਸਤੇ ਰੈਜ਼ੋਲਿਊਸ਼ਨ ਪਾਸ ਨਹੀਂ ਹੋਇਆ। ਕੀ ਮੰਤਰੀ ਜੀ ਹਾਊਸ ਵਿਚ ਐਸ਼ੋਰੈਂਸ ਦੇਣਗੇ ਕਿ ਇਹ ਘੋਖ ਕਰਵਾ ਕੇ ਐਕਸ਼ਨ ਲੈਣਗੇ ਕਿਉਂਕਿ ਇਹ ਰੈਜ਼ੋਲਿਊਸ਼ਨ ਨੰਬਰ 211 ਜਾਅਲੀ ਬਣਾਇਆ ਗਿਆ ਔਰ ਇਹ ਲੈਂਡ ਵਿਕੀ ਹੀ ਨਹੀਂ ?

**ਰਾਜ ਮੰਤਰੀ**: ਸਤਿਕਾਰਯੋਗ ਸਪੀਕਰ ਸਾਹਿਬ, ਇਹ 1964 ਦਾ ਰਿਕਾਰਡ ਅਵੇਲੇਬਲ ਨਹੀਂ ਹੈ। ਮੈਂ ਮੈਂਬਰ ਸਾਹਿਬ ਨੂੰ ਗਰੰਟੀ ਦਿੰਦਾ ਹਾਂ ਕਿ ਅਗਰ ਇਹ ਰੈਜ਼ੋਲਿਊਸ਼ਨ ਗਲਤ ਹੋਇਆ ਤਾਂ ਉਨ੍ਹਾਂ ਦੇ ਬਰਖਿਲਾਫ ਐਕਸ਼ਨ ਲਿਆ ਜਾਵੇਗਾ।

**ਸ਼੍ਰੀ ਜਗਦੀਸ਼ ਸਾਹਨੀ**: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਇਨ੍ਹਾਂ ਕੋਲ 1964 ਦਾ ਰਿਕਾਰਡ ਅਵੇਲੇਬਲ ਨਹੀਂ ਹੈ, ਫੇਰ ਇਨ੍ਹਾਂ ਨੂੰ ਰੈਜ਼ੋਲਿਊਸ਼ਨ ਨੰਬਰ 211 ਦੀ ਕਾਪੀ ਕਿਸ ਤਰ੍ਹਾਂ ਮਿਲ

Original with;
Punjab Vidhan Sabha
Digitized by;
Panjab Digital Library

ਗਈ ? ਜਿਹੜੀ ਗਿਰਦਾਵਰੀ 1976-77 ਵਿਚ ਹੋਈ ਉਸ ਦੀ ਅਤੇ 1981-82 ਅਤੇ 1986-87 ਦੀ ਗਿਰਦਾਵਰੀ ਦੀ ਕਾਪੀ ਮੈਂ ਇਨ੍ਹਾਂ ਨੂੰ ਦੇ ਸਕਦਾ ਹਾਂ। ਕੀ ਇਹ ਇਸ ਮਸਲੇ ਸਬੰਧੀ ਇਨ-ਕੁਆਇਰੀ ਕਰਵਾਉਣਗੇ?

**ਸ੍ਰੀ ਸਪੀਕਰ :** ਠੀਕ ਹੈ, ਕਾਪੀ ਦੇ ਦਿਓ। ਮਨਿਸਟਰ ਸਾਹਿਬ ਇਨਕੁਆਇਰੀ ਕਰਵਾ ਲੈਣਗੇ ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, 1964 ਵਿਚ ਫੈਸਲਾ ਹੋ ਗਿਆ ਕਿ ਪੰਚਾਇਤ ਨੇ ਕੈਟਲ ਫੇਅਰ ਵਾਸਤੇ ਜ਼ਮੀਨ ਲੈਣੀ ਹੈ ਪਰ ਇਨ੍ਹਾਂ ਨੇ ਇਹ ਨਹੀਂ ਦਸਿਆ ਕਿ ਆਕਸ਼ਨ ਕਿਹੜੀ ਤਾਰੀਖ ਨੂੰ ਹੋਈ ਸੀ। ਫਿਰ ਇਸ ਲੈਂਡ ਨੂੰ ਪਰਚੇਜ਼ ਕਰਨ ਲਈ ਡਾਇਰੈਕਟੋਰੇਟ ਤੋਂ ਪਰਮਿਸ਼ਨ ਵੀ ਲਈ ਗਈ ਹੋਵੇਗੀ। ਕੀ ਮੰਤਰੀ ਜੀ ਦੱਸਣਗੇ ਕਿ ਕਿਹੜੀ ਤਾਰੀਖ ਨੂੰ ਇਹ ਰੇਜ਼ੋਲਿਊਸ਼ਨ ਡਇਰੈਕਟੋਰੇਟ ਨੂੰ ਭੇਜਿਆ ਸੀ।

**ਰਾਜ ਮੰਤਰੀ:** ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਤਸੱਲੀ ਕਰਵਾ ਦਿੰਦਾ ਹਾਂ ਕਿ ਇਹ ਰੇਜ਼ੋਲਿਊਸ਼ਨ 30 ਅਪਰੈਲ, 1964 ਦਾ ਹੈ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਇਨ੍ਹਾਂ ਨੇ ਤਸੱਲੀ ਹਾਊਸ ਦੀ ਕਰਵਾਉਣੀ ਹੈ ਨਾ ਕਿ ਮੈਂਬਰ ਸਾਹਿਬ ਦੀ ਤਸੱਲੀ ਕਰਵਾਉਣੀ ਹੈ। ਕਲ੍ਹ ਵੀ ਐਗਰੀਕਲਚਰਲ ਮਨਿਸਟਰ ਸਾਹਿਬ ਤਸੱਲੀ ਨਹੀਂ ਕਰਵਾ ਸਕੇ। ਇਹ ਤਿਆਰੀ ਕਰਕੇ ਹਾਊਸ ਵਿਚ ਆਇਆ ਕਰਨ। ਇਹ ਡਿਊਟੀ-ਬਾਊਂਡ ਹਨ ਕਿ ਹਾਊਸ ਵਿਚ ਜਵਾਬ ਤਸੱਲੀਬਖਸ਼ ਦੇਣ। ਇਨ੍ਹਾਂ ਨੇ ਤਸੱਲੀ ਕੀ ਕਰਵਾਉਣੀ ਹੈ।

**ਸ੍ਰੀ ਸਪੀਕਰ :** ਮਿੱਤਲ ਸਾਹਿਬ ਦੀ ਤਸੱਲੀ ਕਰਵਾ ਦਿਓ। ਮੈਂਬਰ ਸਾਹਿਬ ਦੀ ਤਸੱਲੀ ਕਰਵਾਉਣਗੇ ਤਾਂ ਹੀ ਹਾਊਸ ਨੂੰ ਪਤਾ ਲਗੇਗਾ।

**ਰਾਜ ਮੰਤਰੀ:** ਸਪੀਕਰ ਸਾਹਿਬ, ਰੇਜ਼ੋਲਿਊਸ਼ਨ ਨੰਬਰ 211 ਜਿਹੜਾ ਹੈ, ਉਹ 30 ਅਪਰੈਲ, 1964 ਦਾ ਹੈ। ਇਹ ਕੈਟਲ ਫੇਅਰ ਲਈ ਜ਼ਮੀਨ ਖਰੀਦਣ ਦੇ ਲਈ ਕੀਤਾ ਗਿਆ ਸੀ ਔਰ ਇਹ 14,800 ਰੁਪਏ ਦੀ ਜ਼ਮੀਨ 15 ਜੂਨ, 1964 ਨੂੰ ਵਿਕੀ ਹੈ ਅਤੇ ਇਸ ਦਾ ਸੇਲ ਸਰਟੀਫਿਕੇਟ 23 ਅਗਸਤ, 1974 ਨੂੰ ਇਸ਼ੂ ਹੋਇਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਸ ਦੇ ਵਿਚ ਕੋਈ ਗਲਤ ਚੀਜ਼ ਪਾਈ ਗਈ ਤਾਂ ਅਸੀਂ ਉਸ ਦੇ ਖਿਲਾਫ ਐਕਸ਼ਨ ਲਵਾਂਗੇ ਅਤੇ ਇਨਕੁਆਇਰੀ ਵੀ ਕਰਵਾਵਾਂਗੇ ।

**ਸ੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਇਨ੍ਹਾਂ ਨੇ ਰੇਜ਼ੋਲਿਊਸ਼ਨ ਦੀ ਡੇਟ ਦਸ ਦਿੱਤੀ ਹੈ, ਸੇਲ ਸਰਟੀਫਿਕੇਟ ਦੀ ਡੇਟ ਦੱਸ ਦਿੱਤੀ ਹੈ ਪਰ ਇਨ੍ਹਾਂ ਨੂੰ ਮੈਂ ਪੁੱਛਿਆ ਸੀ ਕਿ ਔਕਸ਼ਨ ਕਿਹੜੀ ਤਾਰੀਖ ਦੀ ਹੋਈ ਸੀ ਅਤੇ ਡਾਇਰੈਕਟੋਰੇਟ ਤੋਂ ਅਪਰੂਵਲ ਲਈ ਰੇਜ਼ੋਲਿਊਸ਼ਨ ਕਦੋਂ ਭੇਜਿਆ ਗਿਆ ਸੀ। ਦੂਜੇ ਪਾਸੇ ਇਹ ਕਹਿੰਦੇ ਹਨ ਕਿ 1964 ਦਾ ਰਿਕਾਰਡ ਅਵੇਲੇਬਲ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ: ਸਪੀਕਰ ਸਾਹਿਬ, ਜੋ ਰਿਕਾਰਡ ਮੇਰੇ ਕੋਲ ਅਵੇਲੇਬਲ ਹੈ, ਉਸ ਦੇ ਮੁਤਾਬਿਕ ਮੈਂ ਮੈਂਬਰ ਸਾਹਿਬ ਨੂੰ ਇਨਫਰਮੇਸ਼ਨ ਦੇ ਰਿਹਾ ਹਾਂ। ਰੈਜ਼ੋਲਿਊਸ਼ਨ ਸਾਡੇ ਕੋਲ ਅਵੇਲੇਬਲ ਹੈ। ਸਾਹਨੀ ਸਾਹਿਬ ਉਸ ਜ਼ਿਲ੍ਹੇ ਦੇ ਹਨ। ਇਹ ਹੁਣ ਗੱਲ ਪੁੱਛਣ ਲਗੇ ਹਨ। ਕੀ ਇਹ ਪਹਿਲੇ ਸੁੱਤੇ ਹੋਏ ਸਨ ?

ਸ਼੍ਰੀ ਮਦਨ ਮੋਹਨ ਮਿੱਤਲ : ਸਪੀਕਰ ਸਾਹਿਬ, ਮੰਤਰੀ ਜੀ ਮੈਂਬਰ ਸਾਹਿਬ ਨੂੰ ਕਹਿ ਰਹੇ ਹਨ ਕਿ ਉਹ ਸੁੱਤੇ ਰਹੇ ਹਨ, ਜਾਗਦੇ ਕਿਉਂ ਨਹੀਂ ਰਹੇ। Sir, it is an aspersion on the Hon' ble Member. The question is what the Minister is doing now when the matter has been brought to his notice. What enquiry is held ? He is casting aspersion. Ask him to contain himself. ਇਹ ਕੋਈ ਤਰੀਕਾ ਨਹੀਂ ਹੈ। ਦੂਸਰੇ ਮੈਂਬਰਾਂ ਤੇ ਮੰਤਰੀ ਜੀ ਵਲੋਂ ਇਲਜ਼ਾਮ ਲਗਾਉਣਾ ਠੀਕ ਨਹੀਂ ਹੈ।

ਸ਼੍ਰੀ ਸਪੀਕਰ : ਮਾਸਟਰ ਜੀ ਨੇ ਕਿਹਾ ਹੈ ਕਿ ਇਨਕੁਆਰੀ ਕਰਕੇ ਉਸ ਦੇ ਖਿਲਾਫ ਕਾਰਵਾਈ ਕਰਾਂਗੇ ।

ਸ਼੍ਰੀ ਜਗਦੀਸ਼ ਸਾਹਨੀ : ਸਪੀਕਰ ਸਾਹਿਬ, ਮਿਤੀ 30 ਅਪਰੈਲ, 1964 ਨੂੰ ਮਤਾ ਪਾਸ ਕੀਤਾ ਕਿ ਪੰਚਾਇਤ ਸੰਮਤੀ ਦੀ ਜ਼ਮੀਨ ਵੇਚ ਕੇ ਉਸ ਦੇ ਬਦਲੇ ਪਸ਼ੂ ਮੰਡੀ ਲਗਾਉਣ ਵਾਸਤੇ ਹੋਰ ਜ਼ਮੀਨ ਖਰੀਦੀ ਜਾਵੇ। ਇਹ ਜ਼ਮੀਨ 14,800 ਰੁਪਏ ਦੀ ਨਿਲਾਮੀ ਰਾਹੀਂ ਵੇਚੀ ਗਈ। ਲੈਂਡ ਟਰਾਂਸਫਰ ਹੋਈ ਨੂੰ 12 ਸਾਲ ਹੋ ਗਏ ਹਨ। ਮੰਤਰੀ ਜੀ ਕਹਿੰਦੇ ਹਨ ਕਿ 12 ਸਾਲ ਕਿਉਂ ਨਹੀਂ ਇਤਰਾਜ਼ ਕੀਤਾ। ਮੈਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਕਹਿੰਦੇ ਹਨ ਕਿ ਸੁਤੇ ਰਹੇ, 1964 ਵਿਚ ਮਤਾ ਪਾਸ ਕੀਤਾ ਪਰ ਜਦੋਂ ਪਤਾ ਲੱਗਾ ਤਾਂ ਜਵਾਬ ਦਿਤਾ।

**Mr. Speaker** : Please resume your seat. It has already been directed that enquiry should be carried. Next question. Sardar Sher Singh Gagowal.

---

**ਜ਼ਿਲ੍ਹਾ ਮਾਨਸਾ ਵਿਚ ਹਸਪਤਾਲਾਂ/ਡਿਸਪੈਂਸਰੀਆਂ ਦੀ ਗਿਣਤੀ**

*1867. (1) **ਸਰਦਾਰ ਸ਼ੇਰ ਸਿੰਘ ਗਾਗੋਵਾਲ**<br>(2) **ਸਰਦਾਰ ਕਿਰਪਾਲ ਸਿੰਘ ਮਾਖਾ** } : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਮਾਨਸਾ ਵਿਚ ਇਸ ਸਮੇਂ ਸਰਕਾਰੀ ਹਸਪਤਾਲਾਂ/ਸਿਵਲ ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ?

Original with;
Punjab Vidhan Sabha
Digitized by;
Panjab Digital Library

(ਅ) ਕੀ ਸਰਕਾਰ ਦੀ ਮਾਲੀ ਸਾਲ 1994-95 ਦੇ ਦੌਰਾਨ ਉਕਤ ਜ਼ਿਲ੍ਹੇ ਵਿਚ ਕੋਈ ਨਵੇਂ ਸਰਕਾਰੀ ਹਸਪਤਾਲ/ਸਿਵਲ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

**Sardar Harcharan Singh Brar** : (a) Hospitals : 5
Dispensaries : 37 (Urban 1 + Rural 36)

(b) No, there is no proposal.

### ANNEXURE—I

**List of Hospitals functioning in Mansa District**

**Urban Area**

1. Dr. Inderjit Singh Gill Memorial Government Civil Hospital, Mansa.
2. Women Hospital, Mansa.

**Rural Area:**

1. Rural Hospital, Bareta (Block Bareta)
2. Rural Hospital, Bhikhi (Block Mansa).
3. Bhai Behlo Govt. Rural Hospital, Phaphre Bhai Ke (Block Mansa).

### ANNEXURE - II

**LIST OF DISPENSARIES FUNCTIONING IN MANSA DISTRICT URBAN AREA :**

1. Urban Slum Area Dispensary, Mansa.

**Rural Area:**

**Block Budhlada:**

| | | |
|---|---|---|
| 1. | S.H.C. | Borawala |
| 2. | ,, | Dhadra |
| 3. | ,, | Bachhoana |
| 4. | ,, | Alampur Mandran |
| 5. | ,, | Datewass |
| 6. | ,, | Gobindpur |
| 7. | ,, | Guraddi |
| 8. | ,, | Kahangarh Choblan |
| 9. | ,, | Kanakwal |
| 10. | ,, | Bareb |
| 11. | ,, | Maghanian |
| 12. | ,, | Bakhshiwala |

Original with;
Punjab Vidhan Sabha
Digitized by;
Panjab Digital Library

[Health and Family Welfare Minister]

**Block Jhuner :**

| | | |
|---|---|---|
| 13. | S.H.C. | Dalewala |
| 14. | ,, | Fatta Maluka |
| 15. | ,, | Bajowala |
| 16. | ,, | Ahlupur |
| 17. | ,, | Bhama Kalan |
| 18. | ,, | Kusla |
| 19. | ,, | Makhewala |
| 20. | ,, | Mofar |
| 21. | ,, | Sangha |

**Block Mansa :**

| | | |
|---|---|---|
| 22. | S.H.C. | Aklia |
| 23. | ,, | Dhalewan |
| 24. | ,, | Gehla |
| 25. | ,, | Heron Kalan |
| 26. | ,, | Hodla |
| 27. | ,, | Jassarwal Moharsinghwala |
| 28. | ,, | Barnala |
| 29. | ,, | Khokhar Kalan |
| 30. | ,, | Kishangarh Pharwahi |
| 31. | ,, | Kotli Kalan |
| 32. | ,, | Musa |
| 33. | ,, | Dalel Singhwala |
| 34. | ,, | Maujo |
| 35. | ,, | Ralla |
| 36. | ,, | Makha |

---

**ਸਰਦਾਰ ਕਿਰਪਾਲ ਸਿੰਘ ਮਾਖਾ :** ਸਪੀਕਰ ਸਾਹਿਬ, ਮਾਨਸਾ ਜ਼ਿਲ੍ਹਾ ਪਛੜਿਆ ਹੋਇਆ ਜ਼ਿਲ੍ਹਾ ਹੈ। ਇਹ ਨਵਾਂ ਜ਼ਿਲ੍ਹਾ ਬਣਾਉਣ ਕਰਕੇ ਅਤੇ ਇਸ ਦੀਆਂ ਲੋੜਾਂ ਨੂੰ ਮੁੱਖ ਰਖਦੇ ਹੋਏ ਕੀ ਮੰਤਰੀ ਜੀ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਵਿਧਾਨ ਸਭਾ ਦਾ ਸੈਸ਼ਨ ਚਲਦੇ ਨੂੰ 1 ਮਹੀਨਾ 1 ਦਿਨ ਹੋ ਗਿਆ ਹੈ। ਇਹੀ ਸਵਾਲ ਮੁੜ-ਮੁੜ ਕੇ ਆਉਂਦਾ ਹੈ।

**ਸਰਦਾਰ ਸ਼ੇਰ ਸਿੰਘ ਗਾਗੋਵਾਲਾ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਇਹੀ ਸਵਾਲ ਬਾਰ ਬਾਰ ਉਠਦਾ ਹੈ। ਪਰ ਇਹ ਗੱਲ ਵੀ ਠੀਕ ਹੈ ਕਿ ਹਰ ਇਕ ਬੰਦੇ ਨੂੰ ਇਲਾਜ ਦੀ ਜ਼ਰੂਰਤ ਹੈ। ਇਹ ਪਛੜਿਆ ਹੋਇਆ ਇਲਾਕਾ ਹੈ। ਇਸ ਜ਼ਿਲ੍ਹੇ ਵਿਚ ਪਹਿਲਾਂ ਤਾਂ ਡਿਸਪੈਂਸਰੀਆਂ ਹੀ ਬਹੁਤ ਘੱਟ ਹਨ ਪਰ ਜਿਹੜੀਆਂ ਹਨ, ਉਨ੍ਹਾਂ ਵਿਚ ਵੀ ਡਾਕਟਰ ਨਹੀਂ ਹਨ, ਦਵਾਈਆਂ ਨਹੀਂ ਹਨ। ਇਹ ਮੰਤਰੀ ਜੀ ਦੀ ਡਿਊਟੀ ਬਣਦੀ ਹੈ ਕਿ ਉਥੇ ਡਾਕਟਰ ਅਤੇ ਦਵਾਈਆਂ ਭੇਜਣ ਅਤੇ ਇਸ ਇਲਾਕੇ ਵਿਚ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਉਪਰਾਲਾ ਕਰਨ ਕਿਉਂਕਿ ਇਹ ਬਹੁਤ ਹੀ ਪੱਛੜਿਆ ਹੋਇਆ ਇਲਾਕਾ ਹੈ।

**ਸ੍ਰੀ ਸਪੀਕਰ :** ਮੰਤਰੀ ਜੀ ਨੇ ਇਸ ਬਾਰੇ ਕਹਿ ਦਿਤਾ ਹੈ।

**ਸਰਦਾਰ ਕਿਰਪਾਲ ਸਿੰਘ ਮਾਖਾ :** ਸਪੀਕਰ ਸਾਹਿਬ, ਜੋ ਡਿਸਪੈਂਸਰੀਆਂ ਇਸ ਵੇਲੇ ਚਲ ਰਹੀਆਂ ਹਨ, ਉਨ੍ਹਾਂ ਵਿਚ ਡਾਕਟਰ ਅਤੇ ਦਵਾਈਆਂ ਵੀ ਨਹੀਂ ਹਨ। ਇਨ੍ਹਾਂ ਤੋਂ ਬਗੈਰ ਲੋਕਾਂ ਦਾ ਕੀ ਇਲਾਜ ਹੁੰਦਾ ਹੋਵੇਗਾ ?

**ਮੰਤਰੀ :** ਸਪੀਕਰ ਸਾਹਿਬ, ਡਾਕਟਰ ਤਾਂ ਸਾਰੇ ਹਸਪਤਾਲਾਂ ਵਿਚ ਜ਼ਰੂਰ ਲਾਵਾਂਗੇ ।

**ਸਰਦਾਰ ਦਰਸ਼ਨ ਸਿੰਘ ਬਰਾੜ :** ਸਪੀਕਰ ਸਾਹਿਬ, ਜਿਸ ਤਰ੍ਹਾਂ ਪੰਜਾਬ ਸਰਕਾਰ ਨੇ ਮਾਨਸਾ ਜ਼ਿਲ੍ਹਾ ਬਣਾਇਆ ਹੈ, ਉਸੇ ਤਰ੍ਹਾਂ ਕੀ ਸਰਕਾਰ ਮਾਨਸਾ ਜ਼ਿਲ੍ਹੇ ਵਿਚੋਂ ਕੋਈ ਮਨਿਸਟਰ ਬਣਾਉਣ ਦਾ ਵਿਚਾਰ ਵੀ ਰਖਦੀ ਹੈ ? (ਹਾਸਾ)

---

**ਜ਼ਿਲ੍ਹਾ ਸੰਗਰੂਰ ਵਿੱਚ ਸਰਕਾਰੀ ਹਸਪਤਾਲਾਂ ਡਿਸਪੈਂਸਰੀਆਂ ਦੀ ਗਿਣਤੀ**

*1828. 1. **ਪੰਡਿਤ ਸੋਮ ਦੱਤ ਸ਼ਰਮਾ**
2. **ਸਰਦਾਰ ਜਸਬੀਰ ਸਿੰਘ** } : ਕੀ ਸਿਹਤ ਅਤੇ ਪਰਿਵਾਰ

ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਸੰਗਰੂਰ ਵਿਚ ਇਸ ਸਮੇਂ ਸਰਕਾਰੀ ਹਸਪਤਾਲਾਂ/ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ;

(ਅ) ਕੀ ਸਰਕਾਰ ਅਗਲੇ ਵਿੱਤੀ ਸਾਲ 1994-95 ਦੌਰਾਨ ਉਕਤ ਜ਼ਿਲ੍ਹੇ ਵਿਚ ਕੋਈ ਨਵੇਂ ਸਰਕਾਰੀ ਹਸਪਤਾਲ/ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

Original with;
Punjab Vidhan Sabha
Digitized by;
Panjab Digital Library

**Sardar Harcharan Singh Brar** : (a) Hospital 1 : 13
Dispensaries 103 : (Urban 4 + Rural 99)

(b) Yes. Only one Civil dispensary is proposed to be opened at Barnala, District Sangrur during the next financial year 1994-95.

## ANNEXURE—I

**List of Hospitals functioning in Sangrur District**

**Urban Area:**

1. Civil Hospital, Sangrur
2. Mobile Eye Hospital, Sangrur
3. Civil Hospital, Barnala
4. Civil Hospital, Malerkotla
5. Civil Hospital, Sunam

**Rural Area :**

1. T.B. Hospital, Hermitage, Sangrur (Block Sangrur)
2. Rural Hospital, Thikriwala, (Block Barnala)
3. Rural Hospital, Chhappa (Block Mahal Kalan)
4. Rural Hospital, Dhilwan (Block Shehna)
5. Rural Hospital, Kupkalan, (Block Ahmedgarh)
6. Rural Hospital, Kuthala, (Block Ahmedgarh)
7. Rural Hospital, Moonak (Block Lehragaga)
8. Rural Hospital, Mandvi, (Block Lehragaga)

## ANNEXURE II

**List of Hospitals, functioning in Sangrur District**

**Urban Area :**

1. Urban Slum Area Dispensary, Bazigar Basti, Sangrur
2. Urban Slum Area Dispensary, Malerkotla.
3. Urban Slum Area Dispensary, Dhuri.
4. Urban Slum Area Dispensary, Indra Basti, near Railway Station, Sunam

**Rural Areas**

**Block Sangrur :**

1. S.H.C., Chhatar Sekhwan
2. ,, Kheri

Original with;
Punjab Vidhan Sabha
Digitized by;
Panjab Digital Library

| | | |
|---|---|---|
| 3. | S.H.C. | Duggan |
| 4. | ,, | Badrukhan |
| 5. | ,, | Masturana |
| 6. | ,, | Saboke |
| 7. | ,, | Bhindran |
| 8. | ,, | Sheron |
| 9. | ,, | Namol |
| 10. | ,, | Talewal |
| 11. | ,, | Bugar |

**Block Bhawanigarh :**

| | | |
|---|---|---|
| 12. | S.H.C. | Bharo |
| 13. | ,, | Batrina |
| 14. | ,, | Balial |
| 15. | ,, | Julan |
| 16. | ,, | Kala Jhar |
| 17. | ,, | Kapol |
| 18. | ,, | Majhi |
| 19. | ,, | Nagra |
| 20. | ,, | Gahlon |
| 21. | ,, | Phaguwala |

**Block Barnala :**

| | | |
|---|---|---|
| 22 | S.H.C. | Pakho Kalan |
| 23. | ,, | Aspal Kalan |
| 24. | ,, | Dangarh |
| 25. | ,, | Pharwahi |
| 26 | ,, | Dhaula |
| 27. | ,, | Kot Duna |
| 28. | ,, | Hadiaya |
| 29. | ,, | Karamgarh |
| 30. | ,, | Budhar |

Original with;
Punjab Vidhan Sabha
Digitized by;
Panjab Digital Library

[Health and Family Welfare Minister]

31. S.H.C. Thuliwal
32. ,, Kaleke
33. ,, Dhur Kot
34. ,, Jhalur
35. ,, Bhaini Patta
36. ,, Kattu
37. ,, Fatehgarh Chhana
38. ,, Pandheran
39. ,, Thulawal
40. ,, Bhaini Maharaj
41. ,, Khudi Kalan
42. ,, Sanghera

**Block Mahal Kalan**

43. S.H.C. Bihla
44. ,, Chhiniwal
45. ,, Diwana
46. ,, Jalaldiwal
47. ,, Kalas
48. ,, Kutba
49. ,, Lohgarh
50. ,, Bazid Ke Kalan

**Block Shehna**

51. S.H.C., Pakhoke
52. ,, Mauran Nabha
53. ,, Najoke
54. ,, Nainewal
55. ,, Ghumass

**Block Malerkotla**

56. S.H.C. Bagarian

Original with;
Punjab Vidhan Sabha
Digitized by;
Panjab Digital Library

57. S.H.C. Dhadogil
58. ,, Bhutthala Mandir
59. ,, Rathan
60. ,, Khanpur
61. ,, Lasoi
62 ,, Banbora
63. ,, Narike
64. ,, Ratol
65. ,, Saraud

**Block Dhuri**

66. S.H.C., Ghanauri Kalan
67. ,, Daulatpur
68. ,, Balian
69. ,, Bhaller Heri
70. ,, Katron
71. ,, Rajo Majra
72. ,, Harike
73. ,, Ranike

**Block Ahmedgarh**

74. S.H.C., Budhan
75. ,, Abdulapur
76. ,, Dasaunda Singhwala
77. ,, Mahali Kalan
78. ,, Rurka
79. ,, Sandaur
80. ,, Sherwani Kot
81. ,, Tibba
82. ,, Rurgarh

**Block Sunam**

83. S.H.C. Chatha Nanhera
84. ,, Kamalpur

Original with;
Punjab Vidhan Sabha
Digitized by;
Panjab Digital Library

[Health and Family Welfare Minister]

85. S.H.C. Kheila

86. ,, Mauran

87. ,, Gujran

88. ,, Khadial

89. ,, Khanal Khurd

**Block Lehargaga**

90. S.H.C. Dudian

91. ,, Daska

92. ,, Gidrani

93. ,, Gulhari

94. ,, Bangan

95. ,, Ghorenab

96. ,, Bhulan

97. ,, Lehal Kalan

98. ,, Lehal Khurd

99. ,, Andana

---

**ਪੰਡਿਤ ਸੋਮ ਦੱਤ ਸ਼ਰਮਾ** ਸਪਲੀਮੈਂਟਰੀ, ਸਰ। ਇਨ੍ਹਾਂ ਦਾ ਜਵਾਬ ਮੈਨੂੰ ਸੁਣਿਆ ਤਾਂ ਹੈ ਨਹੀਂ, ਪਰ ਲਿਖਤੀ ਰੂਪ ਵਿਚ ਆ ਗਿਆ ਸੀ। ਮਾਨਯੋਗ ਸਪੀਕਰ ਸਾਹਿਬ ਇਨ੍ਹਾਂ ਨੇ ਜੋ ਲਿਸਟ ਦਿੱਤੀ ਹੈ, ਉਸ ਵਿਚ ਇਹ ਦੱਸਿਆ ਹੈ ਕਿ ਅਗਲੇ ਸਾਲ ਇਕ ਹੋਰ ਡਿਸਪੈਂਸਰੀ ਬਰਨਾਲੇ ਵਿਚ ਬਣਾਵਾਂਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਕੋਲ ਕੀ ਕਰਾਈਟੇਰੀਆ ਹੈ ਜਿਨ੍ਹਾਂ ਦੇ ਤਹਿਤ ਇਹ ਨਵੀਆਂ ਡਿਸਪੈਂਸਰੀਆਂ ਖੋਲ੍ਹਦੇ ਹਨ ਅੌਰ ਅਗਰ ਕੋਈ ਸੋਸ਼ਲ ਅਦਾਰੇ ਸਹਿਯੋਗ ਦੇਣ ਤਾਂ ਉਸ ਕਰਾਈਟੇਰੀਆ ਮੁਤਾਬਿਕ ਇਹ ਲੋੜੀਂਦੀ ਕਾਰਵਾਈ ਉਥੇ ਵੀ ਕਰਨਗੇ? ਪਹਿਲਾਂ ਤਾਂ ਮੈਂ ਕਰਾਈਟੇਰੀਆ ਬਾਰੇ ਪੁੱਛਣਾ ਚਾਹੁੰਦਾ ਹਾਂ।

**ਸ਼੍ਰੀ ਸਪੀਕਰ :** ਕਰਾਈਟੇਰੀਆ ਤਾਂ ਇਹ ਕਈ ਵਾਰ ਦੱਸ ਚੁੱਕੇ ਹਨ।

**ਪੰਡਿਤ ਸੋਮ ਦੱਤ ਸ਼ਰਮਾ :** ਸਪੀਕਰ ਸਾਹਿਬ, ਏਥੇ ਕੁਐਸਚਨ ਤਾਂ ਬੜੇ ਪੈਦਾ ਹੋਏ ਹਨ ਪਰ ਸਵਾਲ ਹੈ ਕਿ ਜਿਹੜਾ ਬੈਕਵਰਡ ਏਰੀਆਂ ਹੈ, ਜਿਥੇ ਪਿਛੇ ਰਾਜਵਾੜਿਆਂ ਦੇ, ਰਾਜਿਆਂ ਦੇ ਜੁਲਮੋ-ਸਿਤਮ ਹੁੰਦੇ ਰਹੇ, ਉਸ ਏਰੀਆਂ ਵਾਸਤੇ ਜਿਵੇਂ ਪਿਛੇ ਜਿਹੇ ਮਨਿਸਟਰ ਸਾਹਿਬ ਵੀ ਉਥੇ ਗਏ ਸੀ, ਸਾਡੇ ਉਥੇ ਸੋਸ਼ਲ ਅਦਾਰਿਆਂ ਨੇ ਬੜੇ ਹਸਪਤਾਲ ਬਣਾਏ ਹਨ। ਬਰਨਾਲੇ ਵਿਚ ਬਣਾਇਆ ਹੈ ਅਤੇ ਸਰਕਾਰ ਤੋਂ ਕੋਈ ਇਮਦਾਦ ਨਹੀਂ ਲਈ। ਚਾਨਨਵਾਲ ਵਿਖੇ ਲੋਕਾਂ ਨੇ 7 ਏਕੜ ਜ਼ਮੀਨ ਦੇ ਕੇ ਬੜੀ ਵੱਡੀ ਬਿਲਡਿੰਗ ਬਣਾਈ ਪਰ ਉਥੇ ਡਾਕਟਰ ਕਈ ਨਹੀਂ। ਉਥੇ ਡਾਕਟਰਾਂ ਨੂੰ ਮਕਾਨ ਵੀ ਬਣਾ ਕੇ ਦਿੱਤੇ ਹਨ, ਚੌਥੇ ਦਰਜੇ ਦੇ ਅਤੇ ਹੋਰ ਸਾਰਿਆਂ ਲਈ ਵੀ ਮਕਾਨ ਬਣਾ ਕੇ ਦਿੱਤੇ ਹਨ। ਮੈਂ ਪੁੱਛਣਾ

Original with;
Punjab Vidhan Sabha
Digitized by;
Panjab Digital Library

ਚਾਹੁੰਦਾ ਹਾਂ ਕਿ ਕਰਾਈਟੇਰੀਆ ਕੀ ਹੈ ਅਤੇ ਕੀ ਬਰਨਾਲੇ ਤੋਂ ਇਲਾਵਾ ਹੋਰ ਵੀ ਤੁਸੀਂ ਡਿਸਪੈਂਸਰੀਆਂ ਖੋਲ੍ਹਣਾ ਚਾਹੁੰਦੇ ਹੋ, ਜੇ ਚਾਹੁੰਦੇ ਹੋ ਤਾਂ ਕਦੋਂ ਤੱਕ ?

**ਮੰਤਰੀ**: ਸਪੀਕਰ ਸਾਹਿਬ, ਮੈਂ ਬਰਨਾਲੇ ਗਿਆ ਸੀ । ਉਥੇ ਬੜਾ ਅੱਛਾ ਹਸਪਤਾਲ ਉਥੋਂ ਦੀ ਸੇਵਾ ਸੰਮਤੀ ਵਾਲਿਆਂ ਨੇ ਬਣਾਇਆ ਹੈ ਅਤੇ ਏਸੇ ਤਰ੍ਹਾਂ ਪੰਡਤ ਜੀ ਨੇ ਚਨਨ ਵਾਲ ਬਾਰੇ ਦੱਸਿਆ ਹੈ। ਜਿਥੇ ਇਸ ਤਰ੍ਹਾਂ ਦੀਆਂ ਬਿਲਡਿੰਗਾਂ ਹੋਣਗੀਆਂ, ਉਥੇ ਡਾਕਟਰ ਵੀ ਭੇਜਾਂਗੇ ਤੇ ਦਵਾਈਆਂ ਵੀ ਭੇਜਾਂਗੇ।

**ਸਰਦਾਰ ਨਿਰਮਲ ਸਿੰਘ ਨਿੰਮਾ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡਾਂ ਦੇ ਵਿਚ ਜਿਥੇ ਡਿਸਪੈਂਸਰੀਆਂ ਨਹੀਂ, ਉਥੇ ਮੁੱਢਲੀ ਸਹਾਇਤਾ ਲਈ ਵਿਭਾਗ ਵਲੋਂ ਕੀ ਕੋਈ ਉਚੇਚੇ ਪ੍ਰਬੰਧ ਕੀਤੇ ਗਏ ਹਨ ?

**ਮੰਤਰੀ**: ਸਪੀਕਰ ਸਾਹਿਬ, ਇਹ ਤਾਂ ਕੋਈ ਸਵਾਲ ਨਹੀਂ ਬਣਦਾ ਜੀ।

**ਸ੍ਰੀ ਸਪੀਕਰ** : ਇਹ ਕੋਈ ਫਸਟ ਏਡ ਬਾਰੇ ਪੁੱਛਦੇ ਹਨ। ਕੀ ਉਥੇ ਫਸਟ ਏਡ ਦੇ ਬਕਸੇ ਰਖਾ ਦਿੱਤੇ ਜਾਣਗੇ ?

**ਸਰਦਾਰ ਨਿਰਮਲ ਸਿੰਘ ਨਿੰਮਾ**: ਸਪੀਕਰ ਸਾਹਿਬ, ਕਲੀਅਰ ਨਹੀਂ ਹੋਇਆ ਜੀ

**ਪੰਡਿਤ ਸੋਮ ਦੱਤ ਸ਼ਰਮਾ** : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ, ਇਸ ਗੱਲ ਤੇ ਕਿ ਉਨ੍ਹਾਂ ਨੇ .........

**ਸ੍ਰੀ ਸਪੀਕਰ** : ਧੰਨਵਾਦ ਵਾਸਤੇ ਟਾਈਮ ਨਹੀਂ ਹੈ ਜੀ। ਤੁਸੀਂ ਇਸ ਤਰ੍ਹਾਂ ਟਾਈਮ ਵੇਸਟ ਕਰਦੇ ਹੋ।

**ਪੰਡਿਤ ਸੋਮ ਦੱਤ ਸ਼ਰਮਾ** : ਸਪੀਕਰ ਸਾਹਿਬ, ਦੋਵੇਂ ਗੱਲਾਂ ਇਕੱਠੀਆਂ ਹਨ। ਇਨ੍ਹਾਂ ਨੇ ਵਿਸ਼ਵਾਸ ਦਿਵਾਇਆ ਹੈ ਕਿ ਸੋਸ਼ਲ ਅਦਾਰਿਆਂ ਵਿਚ ਇਹ ਪੂਰਾ ਸਹਿਯੋਗ ਦੇਣਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਹੋਰ ਸੋਸ਼ਲ ਅਦਾਰੇ ਹਸਪਤਾਲ ਬਣਾ ਕੇ ਦੇਣ, ਤਾਂ ਕੀ ਉਥੇ ਵੀ ਤੁਸੀਂ ਇਸੇ ਤਰ੍ਹਾਂ ਹੀ ਪੂਰਾ ਸਹਿਯੋਗ ਦਿਉਗੇ?

**ਸ੍ਰੀ ਸਪੀਕਰ** : ਇਨ੍ਹਾਂ ਨੇ ਦੱਸ ਤਾਂ ਦਿੱਤਾ ਹੈ।

**ਪੰਡਿਤ ਸੋਮ ਦੱਤ ਸ਼ਰਮਾ** : ਸਪੀਕਰ ਸਾਹਿਬ, ਇਹ ਤਾਂ ਦੋ ਬਾਰੇ ਹੀ ਦੱਸਿਆ ਹੈ।

(ਇਸ ਦਾ ਕੋਈ ਜਵਾਬ ਨਹੀਂ ਆਇਆ।)

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1972**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਤਹਿਸੀਲ ਬਟਾਲਾ ਵਿਚ ਸੀਵਰੇਜ ਸਿਸਟਮ ਦਾ ਕੰਮ ਨਾ ਕਰਨਾ**

*2004. **ਸ੍ਰੀ ਜਗਦੀਸ਼ ਸਾਹਨੀ**: ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਚ ਸੀਵਰੇਜ ਪਾਉਣ ਦਾ ਕੰਮ ਪੰਜਾਬ ਵਾਟਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜਗਦੀਸ਼ ਸਾਹਨੀ]

ਸਪਲਾਈ ਅਤੇ ਸੁਵੀਰੇਜ ਬੋਰਡ ਨੂੰ ਸੌਂਪਿਆ ਗਿਆ ਸੀ ਅਤੇ ਇਸ ਮਕਸਦ ਲਈ 8.70 ਕਰੋੜ ਰੁਪਏ ਦੀ ਰਕਮ ਐਲੋਕੇਟ ਕੀਤੀ ਗਈ ਸੀ: ਜੇਕਰ ਅਜਿਹਾ ਹੋਵੇ ਤਾਂ ਸੀਵਰੇਜ ਸਿਸਟਮ ਦੇ ਠੀਕ ਤਰ੍ਹਾਂ ਨਾਲ ਕੰਮ ਨਾ ਕਰਨ ਦੇ ਕਾਰਣ ਕੀ ਹਨ ?

**Doctor Kewal Krishan** : Yes, against the estimated cost of Rs. 8.70 lac, a sum of Rs. 815.15 lac has been allocated for water supply, sewerage etc. to Punjab Water Supply and Sewerage board so far under the Urban Renewal Project for Batala Town.

Maintenance of sewerage system at Batala has been recently handed over to Punjab Water Supply and Sewerage Board and since then it is reported to be working satisfactorily.

**ਸ਼੍ਰੀ ਜਗਦੀਸ਼ ਸਾਹਨੀ** : ਸਪੀਕਰ ਸਾਹਿਬ, ਮੰਤਰੀ ਜੀ ਨੇ ਦਸਿਆ ਹੈ ਕਿ ਇਹ ਸਿਸਟਮ ਠੀਕ ਠਾਕ ਚਲ ਰਿਹਾ ਹੈ ਲੇਕਿਨ ਮੇਰੀ ਜਾਣਕਾਰੀ ਦੇ ਮੁਤਾਬਿਕ ਪਾਣੀ ਦੀ ਡਿਸਪੋਜ਼ਲ ਹਾਲੇ ਤੱਕ ਨਹੀਂ ਚਲ ਰਹੀ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ 8.70 ਕਰੋੜ ਰੁਪਏ ਦੇ ਵਿਚ ਸਾਰਾ ਬਟਾਲਾ ਸ਼ਹਿਰ ਕਵਰ ਹੋਵੇਗਾ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਪਹਿਲਾ ਅੰਦਾਜ਼ਾ ਇਹ ਸੀ ਕਿ 815.50 ਲੱਖ ਰੁਪਏ ਨਾਲ ਇਹ ਕੰਮ ਹੋ ਜਾਵੇਗਾ ਲੇਕਿਨ ਕਈ ਵਾਰ ਐਸਕਾਲੇਸ਼ਨ ਹੋ ਜਾਂਦੀ ਹੈ। ਇਸੇ ਐਸਕਾਲੇਸ਼ਨ ਦੀ ਵਜ੍ਹਾ ਕਰਕੇ ਹੁਣ ਤੱਕ ਇਸ ਕੰਮ ਲਈ ਫਰਵਰੀ 1994 ਤੱਕ 8 ਕਰੋੜ 81 ਲੱਖ 25 ਹਜ਼ਾਰ ਰੁਪਏ ਦਿੱਤੇ ਜਾ ਚੁਕੇ ਹਨ। ਇਸ ਕੰਮ ਨੂੰ ਮੁਕੰਮਲ ਕਰਨ ਵਾਸਤੇ ਜੇ ਹੋਰ ਵੀ ਜ਼ਰੂਰਤ ਹੋਈ, ਤਾਂ ਉਹ ਪੈਸਾ ਦਿੱਤਾ ਜਾ ਸਕਦਾ ਹੈ। ਜਿਥੋਂ ਤੱਕ ਪਾਣੀ ਦੀ ਡਿਸਪੋਜ਼ਲ ਦਾ ਸਵਾਲ ਹੈ, ਇਹ ਕੰਮ ਬਿਲਕੁਲ ਤਿਆਰ ਹੈ ਅਤੇ 15 ਅਪਰੈਲ ਤੱਕ ਇਸ ਦੇ ਕਮਿਸ਼ਨ ਹੋਣ ਦੀ ਪੂਰੀ ਉਮੀਦ ਹੈ।

**ਸ਼੍ਰੀ ਜਗਦੀਸ਼ ਸਾਹਨੀ** : ਸਪੀਕਰ ਸਾਹਿਬ, ਉਥੇ 3 ਕਾਲੋਨੀਆਂ ਹਨ—ਹਾਥੀ ਗੇਟ, ਕਾਜ਼ੀ ਮੋਰੀ ਅਤੇ ਅਚਲੀ ਗੇਟ। ਅੱਜ ਦੇ ਦਿਨ ਤੱਕ ਇਨ੍ਹਾਂ ਤਿੰਨਾਂ ਕਾਲੋਨੀਆਂ ਵਿਚ ਇਹ ਸਿਸਟਮ ਕੰਮ ਨਹੀਂ ਕਰਦਾ। ਇਸ ਤੋਂ ਇਲਾਵਾ ਜਿਹੜੀ ਰਾਮ ਨਗਰੀ ਆਬਾਦੀ ਹੈ, ਉਹ ਪਾਰਟੀਸ਼ਨ ਤੋਂ ਪਹਿਲਾਂ 1944 ਦੀ ਬਣੀ ਹੋਈ ਹੈ। ਉਥੇ ਸੀਵਰੇਜ਼ ਵਿਛਾਉਣ ਦਾ ਕੰਮ ਹਾਲੇ ਤੱਕ ਨਹੀਂ ਹੋਇਆ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਰਾਮ ਨਗਰੀ ਏਰੀਆ ਵੀ ਇਸ ਸੀਵਰੇਜ ਸਿਸਟਮ ਵਿਚ ਕਦੋਂ ਤੱਕ ਕਵਰ ਹੋ ਜਾਵੇਗਾ ?

**ਸ਼੍ਰੀ ਸਪੀਕਰ** : ਇਨ੍ਹਾਂ ਨੇ ਕਹਿ ਤਾਂ ਦਿੱਤਾ ਹੈ ਕਿ ਜਿਹੜਾ ਕੰਮ ਰਹਿੰਦਾ ਹੈ, ਉਹ ਵੀ ਪੂਰਾ ਕੀਤਾ ਜਾਵੇਗਾ।

**ਸ਼੍ਰੀ ਜਗਦੀਸ਼ ਸਾਹਨੀ** : ਸਪੀਕਰ ਸਾਹਿਬ, ਪਲੈਨਿੰਗ ਬੋਰਡ ਦੀ ਮੀਟਿੰਗ ਵਿਚ ਜਦ ਵੀ ਅਸੀਂ ਪੁੱਛਿਆਂ ਹੈ ਤਾਂ ਸਾਨੂੰ ਕਿਹਾ ਜਾਂਦਾ ਹੈ ਕਿ ਬਟਾਲਾ ਸ਼ਹਿਰ ਸੌ ਫੀ ਸਦੀ ਇਸ ਸਿਸਟਮ ਵਿਚ ਕਵਰ ਹੋ ਚੁਕਾ ਹੈ ਲੇਕਿਨ ਇਨ੍ਹਾਂ ਤਿੰਨਾਂ ਕਾਲੋਨੀਆਂ ਵਿਚ ਇਹ ਸੀਵਰੇਜ ਸਿਸਟਮ ਕੰਮ ਨਹੀਂ ਕਰ ਰਿਹਾ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਰਾਮ ਨਗਰੀ ਵਿਚ ਵੀ ਇਹ ਸੀਵਰੇਜ ਪਾਇਆ ਜਾਵੇਗਾ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਜਿਹੜਾ ਸਿਸਟਮ ਪਹਿਲਾਂ ਲਗਿਆ ਹੈ ਅਤੇ ਜਿਹੜਾ ਕੰਮ ਕੰਪਲੀਟ ਹੋਇਆ ਹੈ, ਉਸ ਤੋਂ ਬਾਹਰ ਵੀ ਜੇ ਕੋਈ ਏਰੀਆ ਰਹਿੰਦਾ ਹੈ ਤਾਂ ਉਸ ਐਸਟੀਮੇਟਿਡ ਏਰੀਏ ਨੂੰ ਅਸੀਂ 100 ਪ੍ਰਤੀਸ਼ਤ ਕਵਰ ਕਰਾਂਗੇ ਅਤੇ ਜਿਹੜੀਆਂ ਨਵੀਆਂ ਕਾਲੋਨੀਆਂ ਇਨ੍ਹਾਂ ਨੇ ਦੱਸੀਆ ਹਨ, ਉਨ੍ਹਾਂ ਬਾਰੇ ਨਵਾਂ ਐਸਟੀਮੇਟ ਬਣਾ ਕੇ ਉਥੇ ਇਸ ਕੰਮ ਨੂੰ ਕੰਪਲੀਟ ਕਰਾਂਗੇ।

## ਕਣਕ ਦਾ ਸਮਰਥਨ ਮੁੱਲ

*1821. (1) ਸਰਦਾਰ ਈਸ਼ਰ ਸਿੰਘ
(2) ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ } : ਕੀ ਖੇਤੀਬਾੜੀ ਅਤੇ

ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 1991-92, 1992-93 ਅਤੇ 1993-94 ਦੌਰਾਨ ਰਾਜ ਸਰਕਾਰ ਦੁਆਰਾ ਕਿਸਾਨਾਂ ਨੂੰ ਕਣਕ ਅਤੇ ਝੋਨੇ ਲਈ ਦਿੱਤੇ ਗਏ ਸਮਰਥਨ ਮੁੱਲ ਦਾ ਵੇਰਵਾ ਕੀ ਹੈ?

**ਸਰਦਾਰ ਦਿਲਬਾਗ ਸਿੰਘ ਨਵਾਂਸ਼ਹਿਰ :**

| ਸਾਲ | ਕਣਕ | ਬੋਨਸ | | ਝੋਨਾ | | |
|---|---|---|---|---|---|---|
| | | ਕੇਂਦਰ ਸਰਕਾਰ | ਪੰਜਾਬ | ਕਾਮਨ ਵਰਾਈਟੀ | ਫਾਈਨ ਵਰਾਈਟੀ | ਸੁਪਰ-ਫਾਈਨ ਵਰਾਈਟੀ |
| | ਰੁ: | ਰੁ: | ਰੁ. | ਰੁ. | ਰੁ: | ਰੁ: |
| 1991-92 | 250 | 25 | 5 | 230 | 240 | 250 |
| ਕੁੱਲ ਸਮਰਥਨ ਮੁੱਲ | 280 | | | | | |
| 1992-93 | 305 | 25 | .. | 270 | 280 | 290 |
| ਕੁੱਲ ਸਮਰਥਨ ਮੁੱਲ | 330 | | | | | |
| 1993-94 | 350 | | | 310 | 330 | 350 |

**ਸਰਦਾਰ ਈਸ਼ਰ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1993-94 ਦਾ ਜਿਹੜਾ ਸਮਰਥਨ ਮੁੱਲ ਨਿਸ਼ਚਿਤ ਕੀਤਾ ਹੈ, ਉਸ ਤੇ ਸਰਕਾਰ ਕੋਈ ਬੋਨਸ ਦੇਣ ਦਾ ਵਿਚਾਰ ਰਖਦੀ ਹੈ?

**ਮੰਤਰੀ:** ਸਪੀਕਰ ਸਾਹਿਬ, ਇਹ ਠੀਕ ਹੈ ਕਿ ਸੁਪਰਫਾਈਨ ਵੈਰਾਈਟੀ ਪੂਸਾ 44 ਤੇ 20 ਰੁਪਏ ਦਾ ਬੋਨਸ ਦੇਣ ਦਾ ਸਰਕਾਰ ਨੇ ਐਲਾਨ ਕੀਤਾ ਸੀ ਅਤੇ ਬਹੁਤ ਸਾਰੇ ਕਿਸਾਨਾਂ ਨੇ ਇਹ ਬੋਨਸ ਲੈ ਵੀ ਲਿਆ ਹੈ। ਬਾਕੀ ਰਹਿੰਦੇ ਕਿਸਾਨਾਂ ਨੂੰ ਇਹ ਬੋਨਸ ਦੇਣ ਵਾਸਤੇ ਵੀ ਮੈਂ ਮੰਤਰੀ ਜੀ ਤੋਂ ਪੁੱਛਿਆ ਹੈ ਅਤੇ ਉਹ ਦੇਣ ਨੂੰ ਤਿਆਰ ਵੀ ਹਨ।

**ਸਰਦਾਰ ਈਸ਼ਰ ਸਿੰਘ :** ਸਪੀਕਰ ਸਾਹਿਬ, ਕਣਕ ਦਾ ਜਿਹੜਾ ਭਾਅ 1994-95 ਵਾਸਤੇ ਨਿਸਚਿਤ ਕੀਤਾ ਹੈ, ਕੀ ਉਸ ਦੇ ਵਾਸਤੇ ਸਰਕਾਰ ਕੋਈ ਬੋਨਸ ਦੇਣ ਦਾ ਵਿਚਾਰ ਰਖਦੀ ਹੈ?

**ਮੰਤਰੀ:** ਇਹ ਸੈਂਟਰ ਦੀ ਸਰਕਾਰ ਨੂੰ ਪਤਾ ਹੈ ਜੀ, ਮੈਨੂੰ ਕੁਝ ਨਹੀਂ ਪਤਾ।

**ਸ਼੍ਰੀ ਸਪੀਕਰ।** 1994-95 ਦਾ ਹਾਲੇ ਫੈਸਲਾ ਨਹੀਂ ਹੋਇਆ ਹੈ।

Original with;
Punjab Vidhan Sabha
Digitized by;
Panjab Digital Library

## ਧਾਨ ਦੇ ਵਿਕਾਸ ਲਈ ਏਕੀਕ੍ਰਿਤ ਪਰੋਗਰਾਮ ਅਧੀਨ ਸਬਸਿਡੀ

*1943. (1) ਸਰਦਾਰ ਦਰਸ਼ਨ ਸਿੰਘ ਬਰਾੜ
(2) ਸਰਦਾਰ ਹਰਮਿੰਦਰ ਸਿੰਘ ਜੱਸੀ } : ਕੀ ਖੇਤੀਬਾੜੀ ਅਤੇ

ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਕ੍ਰਮਵਾਰ ਸਾਲਾਂ 1991-92, 1992-93, ਅਤੇ 1993-94 ਦੇ ਦੌਰਾਨ ਧਾਨ ਦੇ ਵਿਕਾਸ ਲਈ ਏਕੀਕ੍ਰਿਤ ਪ੍ਰੋਗਰਾਮ ਅਧੀਨ ਕਿਸਾਨਾਂ ਨੂੰ ਸਬਸਿਡੀ ਵਜੋਂ ਕੁੱਲ ਕਿੰਨੀ ਰਕਮ ਦਿੱਤੀ ਗਈ ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ :** ਕਿਸਾਨਾਂ ਨੂੰ ਕੁੱਲ ਉਪਦਾਨ ਤੇ ਦਿੱਤੀ ਗਈ ਰਕਮ

(ਰਕਮ ਲੱਖਾਂ ਵਿੱਚ)

| ਸਾਲ | | ਸਬਸਿਡੀ ਦੀ ਰਕਮ |
|---|---|---|
| 1991-92 | .. | 293.54 |
| 1992-93 | .. | 314.27 |
| 1993-94 | .. | 639.36 (ਸੰਭਾਵਿਤ) |

## ਆਈ.ਟੀ.ਆਈ. ਸਮਰਾਲਾ ਦੇ ਸਟੋਰਾਂ ਦੀ ਨਿਲਾਮੀ

*2041. **ਸ੍ਰੀ ਸਤਨਾਮ ਸਿੰਘ ਕੈਂਥ:** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦਸਣਗੇ ਕਿ —

(ੳ) ਕੀ ਉਦਯੋਗਿਕ ਸਿਖਲਾਈ ਸੰਸਥਾਂ, ਸਮਰਾਲਾ ਦੀਆਂ ਕੋਈ ਚੀਜ਼ਾਂ ਦਾ ਜੋ ਵਰਤੋਂ ਦੇ ਯੋਗ ਨਹੀਂ ਸਨ, ਨਿਲਾਮੀ ਰਾਹੀਂ ਨਿਪਟਾਰਾ ਕੀਤਾ ਗਿਆ ਸੀ; ਜੇਕਰ ਕੀਤਾ ਗਿਆ ਸੀ ਤਾਂ ਅਜਿਹੀਆਂ ਚੀਜ਼ਾਂ ਦਾ ਵੇਰਵਾ ਕੀ ਹੈ ਜੋ ਵਰਤੋਂ ਦੇ ਯੋਗ ਨਹੀਂ ਸਨ ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ (ੳ) ਵਿੱਚ ਵਰਣਿਤ ਚੀਜ਼ਾਂ ਤੋਂ ਇਲਾਵਾ ਕੁਝ ਮਸ਼ੀਨਰੀ ਵੀ ਅਫਸਰਾਂ ਦੀ ਮਿਲੀ ਭਗਤ ਨਾਲ ਬਾਹਰ ਵੇਚੀ ਗਈ ਸੀ; ਜੇਕਰ ਅਜਿਹਾ ਹੈ ਤਾਂ ਅਜਿਹੇ ਅਫਸਰਾਂ ਦੇ ਨਾਂ ਕੀ ਕੀ ਹਨ ਅਤੇ ਉਨ੍ਹਾਂ ਦੇ ਵਿਰੁਧ ਕੀਤੀ ਗਈ ਕਾਰਵਾਈ ਦੇ ਵਰਵੇ ਕੀ ਹਨ ?

**ਸ੍ਰੀਮਤੀ ਰਾਜਿੰਦਰ ਕੌਰ ਭੱਠਲ :** (ੳ) ਹਾਂ ਜੀ। ਇਛੱਤ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਸਰਵ ਸ੍ਰੀ ਹਰਦਿਆਲ ਸਿੰਘ, ਪ੍ਰਿੰਸੀਪਲ, ਉਦਯੋਗਿਕ ਸਿਖਲਾਈ ਸੰਸਥਾ, ਘੱਸੀ ਪਠਾਣਾ ਜਿਸ ਪਾਸ ਉਦਯੋਗਿਕ ਸਿਖਲਾਈ ਸੰਸਥਾ, ਸਮਰਾਲਾ ਦਾ ਵਾਧੂ ਚਾਰਜ ਸੀ ਅਤੇ ਕੁਲਦੀਪ ਸਿੰਘ, ਸਟੋਰ-ਕੀਪਰ ਉਦਯੋਗਿਕ ਸਿਖਲਾਈ ਸੰਸਥਾ, ਸਮਰਾਲਾ ਨੇ ਉਸ ਫਾਰਮ ਨੂੰ ਜਿਸ ਦੇ ਹੱਕ ਵਿੱਚ ਭਾਗ 'ੳ' ਵਿੱਚ ਦਰਸਾਈਆਂ ਨਕਾਰਾ ਆਈਟਮਾਂ ਦੇ ਟੈਂਡਰ ਮੰਨਜ਼ੂਰ ਕੀਤੇ ਗਏ ਸਨ, ਨਕਾਰਾ ਆਈਟਮਾਂ ਤੋਂ ਇਲਾਵਾ ਕੁੱਲ ਹੋਰ ਮਸ਼ੀਨਰੀ ਦੀ ਚੁਕਵਾਉਣ ਸਬੰਧੀ ਰਿਪੋਰਟ ਪ੍ਰਾਪਤ ਹੋਈ ਸੀ। ਇਹਨਾਂ ਦੋਹਾਂ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਉਹਨਾਂ ਦੇ ਵਿਰੁੱਧ ਅਨੁਸ਼ਾਸਨੀ ਕਰਵਾਈ ਕੀਤੀ ਜਾ ਰਹੀ ਹੈ। ਇਹ ਮਾਮਲਾ ਚੌਕਸੀ ਵਿਭਾਗ, ਪੰਜਾਬ ਨੂੰ ਪੜਤਾਲ ਕਰਨ ਲਈ ਭੇਜ ਦਿੱਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

## LIST OF OUTDATED UN-SERVICEABLE MACHINERY IN RESPECT OF I.T.I, SAMRALA (LUDHIANA)

| Sr. No. | Name of Machinery | Stock Register & Page | Date of Purchased/ Received | Quantity | Book Value | Assesed Value | Remarks |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| | **MACHINIST (C)** | | | | | | |
| 1. | Slotters 9" Stroke all Geared Motorised with 2-HP Motor & Electric Push Button Starter with 1-KV Belt .. | Main/1/29 | 11-4-64 | 2 No | Rs. 4706·89 | 7200·00 | |
| 2. | A vro Model TRS Grade 1D.G.S.D. Hydraulic Surface Grinder with Standard Accessories with 2-HP Motor .. | Main/21 | 20-8-63 | One No | Rs. 19916·08 | 3600·00 | |
| 3. | Univers al deviding Head with tail stock direct indexing devise with index 24 Plat with 5 gears having 25 mm Holes of 24, 24, 29, 32, 40, 44, 56, 64, 72, 84, 86, 96, 45, 48, 100 two bases for indexing Head three Jaw Chuck with 160 mm dia & ets. .. | Main/20 | 27-3-64 | One No | Rs. 4759-·50 | 950·00 | |
| 4. | Modgil Shapper-12" Strock Grade-1 Shaping Machine with Accessories with 2 HP Motor .. | Main-1/16 | 9-12-63 | One No | Rs. 5758·89 | 4300·00 | |
| 5. | Modgil-16" Strock Grade-1 Shaping Machine with Accessories with 2 H.P. Motor .. | Main-1/17 | 5-2-64 | Two No | Rs. 13235·06 | 11000·00 | |
| 6. | Daulat Lathe Model Student-750 with Accesories with 3 H.P. Motor .. | Main-1/25 | 30-4-68 | One No | Rs. 13946·20 | 9000·00 | |

Original with;
Punjab Vidhan Sabha
Digitized by;
Panjab Digital Library

[Tcchnical Education & Industrlal Training Minister]

| 1 | 2 | 3 | 4 | 5 | 6 | 7 |
|---|---|---|---|---|---|---|
| 7. | Veco Type G. I. Lathe with Norton Gear Box SS&SC Leneth of Bed-1000 mm Centre Distance 1000mm Die-370 mm with accesories with 3 H.P. Motor .. | Main 1/26 | 6-4-68 | One No | Rs. 10263·00 | 7500·00 |
| 8. | Sagar Machine All Yeared Shaping Machine Model SH24-24" Strok Grade-1 Complete with Accesories with 5 H.P. Motor .. | Main 1/19 | 28-3-64 | Two No | Rs. 16431·50 | 19500·00 |
| 9. | Bench Drilling M/C Proga Motor 3/4" with Accessories with 1 H. P. Motor .. | Main 1/20 | 10-4-64 | One No | Rs. 6000·00 | 1500·00 |
| 10. | Rohit Make Bench Grinder 1/2 .H.P. Motor Dauble Bearing Bench Grin-der having 7x1" Grinding .. | Main/5 | 18-5-64 | One No | Rs. 412·58 | 350·00 |
| | | TURNER | | | | |
| 11. | Parmar (Indian) No. 4 Grade I Procesion Lathe 6" with Norton Gear Box with Accessories with 1 H. P. Motor .. | Main/8 | 21-1-64 & 24-1-64 | 4 No | Rs. 28496·23 | 20,000·00 |
| 12. | Invest Lathe L-160 complete with standard equipment and Accessories etc with 2 H.P. Motor .. | Main-2/57 | 3-1-64 3-4-64 | 2 No | Rs. 30218·75 | 10,000·00 |
| 13. | Hero Brand Grade-I SS&SC-Lathe with equare Turret Tools post with Accessories with 3 H.P. Motor .. | Main-2/58 | 20-1-64 | 1 No | Rs. 8974·45 | 5600·00 |
| 14. | I.E.C. Procesion Lathe Gear-I Lathe 6" with Accessories with 1 H.P. Motor .. | Main-2/64 | 18-5-64 | 3 No | Rs. 22624·50 | 15,000·00 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 15. | Indian Make M. K. brand Harihar-MBD-2 lathes Grade-I with Accessories with 1 H. P. Motor .. | Main-2/52 | 2-4 64 | 5 No | Rs. 43744·50 | 25,000·00 |
| 16. | Grinding Wheel Index Type Dimond Grinder for tapped Tools .. | Main 2/60 | 16-4-64 | 1 No | Rs. 4691·59 | 2500·00 |
| 17. | Daulat Lathe Model Students-750 with Accessories .. | Main-1/25 | 30-4-68 | 1 No | Rs. 13946·20 | 9000·00 |
| | | | | | Rs. 2,48,125·83 | Rs. 1,52,000·00 |
| | | | **FITTER** | | | |
| 18. | Indian make (Proga Brand) Grade I Bench Type Drilling Machine with Accessories 1 H.P. Motor .. | M 1/4 | 3-6-64 | 2 No | Rs. 3503·79 | 2800·00 |
| 19. | Heavy duty Self Motorised Power Haxa Machine to out round material upto 6" with accessories 1HP Motor .. | M 1/4 | 18-5-64 | 1 No | Rs. 1104·89 | 1200·00 |
| | | | **CARPENTER** | | | |
| 20. | Jupitor Extra most Heavy duty wood working lathe machine with self motorised attachement size ; long bed with Height of Centre 6" .. | M 1/3 | 18-5-64 | One No | Rs. 989·08 | 800·00 |
| | | | **RADIO / T. V.** | | | |
| 21. | Five Star T. V. receiver set 20" Black & White .. | M 3/140 | 1-10-76 | One No | Rs. 2548·20 | 300·00 |
| | | | **WELDER** | | | |
| 22. | Veeco Transformer Welding Set with Accessories .. | C/32 | 9-1-76 | 3 set | Rs. 45000 00 | 21000·00 |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 | 7 | 8 |
|---|---|---|---|---|---|---|---|
| 23. | Advani Orilkan make Portable Mobile Motor Generator D. C. Welding Set with Accessories .. | C/32 | 6-11-76 | 2 set | Rs. 28900·00 | 15500·00 | |
| | | MOTOR MECHANIC | | | | | |
| 24. | Gear Box with Clutch Drawal bear Parts .. | M 1/37 | 24-4-68 | 1 No. | Rs 5634·14 | 700·00 | |
| 25. | Clutch Unit Parts .. | M 1/37 | 24-4-68 | 1 No | 1097·62 | 40·00 | |
| 26. | Hydrailic Jeck Trolloy Type 5 Ton Capicity .. | R 5/3 | 14-3-69 | 2 No | Rs. 2236·00 | 1600·00 | |
| 27. | Piston of Land Master Engine Parts .. | M/50 | 2-10-69 | 2 No | Rs. 27.00 | 10·00 | |
| 28. | Connecting Food Old Parts .. | R 3/52 | 6-7-69 | 4 No | Rs. 170·00 | 8.00 | |
| 29. | Distribution Engine Parts .. | R 3/52 | 1-8-69 | 1 No | Rs. 192·00 | 4·00 | |
| 30. | Cam Shaft Engine Parts .. | R 3/52 | 3-9-69 | 1 No | Rs. 108·00 | 36·00 | |
| 31. | Oil Pump Engine Parts .. | Do | 5-9-69 | 1 No | Rs. 62·00 | 6·00 | |
| 32. | Water Body Engine Parts .. | Do | 5-9-69 | 1 No | Rs. 56·00 | 5·00 | |
| 33. | Crank Shaft Engine Parts .. | M/58 | 5-3-70 | 1 No | Rs. 384·00 | 140·00 | |
| 34. | Cyllandur Head Engine Part .. | Do | 4-4-70 | 1 No | R. 327·00 | 80·00 | |
| 35. | Presure Plate Different Type Engine Part .. | Do | 5-3-70 | 4 No | R. 455·00 | 150·00 | |
| 36. | Stub Axle Engine Part .. | M/56 | 5-3-68 | 1 No | Rs 221·00 | 150·00 | |
| 37. | Carborator different Type Engine Part .. | Do | 1-4-68 | 4 No | Rs. 370·00 | 80·00 | |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 38. | Wheel Cyllunder Engine Part .. | M/54 | 2-3-68 | 4 No | Rs, 125·00 | 6·00 |
| 39. | Master Cyllunder Engine Part .. | M/70 | 1-1-69 | 2 No | Rs. 142·50 | 12·00 |
| 40. | Gear Box Land Master Engine Part .. | Do | 1-1-69 | 1 No | Rs. 465·00 | 250·00 |
| | | | | | Rs. 3,42,244·05 | Rs. 1,96,877·00 |
| 41. | Model Hydraulic break Sysem Engine part .. | R/120 | 1-4-68 | 1 No | Rs. 660·92 | 100·00 |
| 42. | Connecting Rod with bearing for Ford Jeep .. | R/120 | 4-3-68 | 1 No | Rs. 147·00 | 7·00 |
| 43. | Distributior for Jeep Part .. | Do | 1-1-69 | 1 No | Rs. 115·00 | 6·00 |
| 44. | Oil Pump Engine Part .. | Do | 1-2-68 | 1 No | Rs. 65·00 | 6·00 |
| 45. | Presure Plate for Jeep .. | R/121 | 1-5-68 | 1 No | Rs. 105·00 | 60·00 |
| 46. | Gear Box Master Engine Engine Part .. | Do | 1-5-68 | 1 No | Rs. 355·00 | 250·00 |
| 47. | Engine Cyllunder Block of Villy Jeep .. | Do | 1-3-68 | 1 No | Rs. 495·00 | 500·00 |
| 48. | Cyllunder Head for Villy Jeep .. | Do | 2-4-68 | 1 No | Rs. 345·00 | 80·00 |
| 49. | Crank Shaft-Engine Part .. | R/160 | 1-5-69 | 1 No | Rs. 415·00 | 140·00 |
| 50. | Self Starter-Engine Part .. | Do | 3-7-69 | 1 No | Rs. 165·00 | 150·00 |
| 51. | Carborator-Engine Part .. | Do | 5-3-68 | 1 No | Rs. 110·00 | 20·00 |
| 52. | Dainbow Engine Part .. | R/150 | 5-3-68 | 1 No | Rs. 170·00 | 150·00 |
| 53. | Injector for Lay Land Engine Part .. | Do | 1-2-69 | 1 No | Rs. 70·00 | 3·00 |
| 54. | Injector for Lay Land Engine .. | Do | 1-3-69 | 1 No | Rs. 70·00 | 3·00 |
| 55. | Propeller shaft of different-Engine Part .. | Do | 1-3-69 | 2 No | Rs. 150·00 | 26·00 |
| 56. | Generator Assembly .. | R/125 | 2-3-69 | 1 No | Rs. 177·46 | 150·00 |
| | | | Grand Total | 89 | Rs. 3,45,859·43 | Rs. 1,98,528·00 |

Original with;
Punjab Vidhan Sabha
Digitized by;
Panjab Digital Library

ਸ੍ਰੀ ਸਤਨਾਮ ਸਿੰਘ ਕੈਂਥ: ਮਾਨਯੋਗ ਸਪੀਕਰ ਸਾਹਿਬ, ਮੰਤਰੀ ਸਾਹਿਬਾ ਨੇ ਦੱਸਿਆ ਹੈ ਕਿ ਸਬੰਧਤ ਦੋਸ਼ੀਆਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ ਅਤੇ ਵਿਜੀਲੈਂਸ ਡਿਪਾਰਟਮੈਂਟ ਨੂੰ ਵੀ ਇਨਕੁਆਇਰੀ ਸੌਂਪ ਦਿੱਤੀ ਗਈ ਹੈ। ਮੈਂ ਆਪ ਜੀ ਦੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੁਝ ਬਹੁਤ ਕੀਮਤੀ ਚੀਜ਼ਾਂ ਬੜੀ ਘੱਟ ਕੀਮਤ ਤੇ ਆਕਸ਼ਨ ਕੀਤੀਆਂ ਗਈਆਂ ਅਤੇ ਕੁਝ ਜਿਹੜੀਆਂ ਕਿ ਆਕਸ਼ਨ ਲਿਸਟ ਵਿਚ ਨਹੀਂ ਸਨ, ਉਹ ਵੀ ਆਕਸ਼ਨ ਕਰ ਦਿੱਤੀਆਂ ਗਈਆਂ ਵੇਚ ਦਿੱਤੀਆਂ ਗਈਆਂ। ਇਹ ਮਾਮਲਾ ਸਬੰਧਤ ਅਧਿਕਾਰੀਆਂ ਦੇ ਧਿਆਨ ਵਿਚ ਪਹਿਲਾਂ ਹੀ ਲਿਆ ਦਿੱਤਾ ਗਿਆ ਸੀ। ਫਿਰ ਐਕਸ਼ਨ ਇਤਨੀ ਦੇਰ ਬਾਅਦ ਕਿਉਂ ਹੋਇਆ ? ਸਸਪੈਂਸ਼ਨ ਇਤਨੀ ਦੇਰ ਬਾਅਦ ਕਿਉਂ ਕੀਤੀ ਗਈ ?

ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਇਨ੍ਹਾਂ ਨੂੰ ਕੀਤੀ ਕਾਰਵਾਈ ਦੀ ਐਪਰੀਸ਼ੀਏਸ਼ਨ ਕਰਨੀ ਚਾਹੀਦੀ ਹੈ। ਐਕਸ਼ਨ ਬੜੀ ਤੇਜ਼ੀ ਨਾਲ ਲਿਆ ਗਿਆ ਹੈ ਮੇਰੇ ਤੋਂ ਪਹਿਲਾਂ 1991 ਵਿੱਚ ਇਕ ਪਰੋਸੀਜਰ ਬਣਿਆ ਹੋਇਆ ਸੀ। ਕੰਟਰੋਲਰ ਆਫ ਸਟੋਰਜ਼ ਦਾ ਇਕ ਬੋਰਡ ਬਣਿਆ ਹੋਇਆ ਸੀ। ਉਸ ਬੋਰਡ ਕੋਲ ਐਪਲੀਕੇਸ਼ਨ ਦਿੱਤੀ ਜਾਂਦੀ ਸੀ, ਚੀਜ਼ਾਂ ਦੀ ਕੰਡੈਮਨੇਸ਼ਨ ਵਾਸਤੇ, ਇਹ ਚੀਜ਼ਾਂ ਦੇਖਣ ਤੋਂ ਬਾਅਦ ਉਹ ਬੋਰਡ ਪਰਮਿਸ਼ਨ ਦਿੰਦਾ ਸੀ ਕਿ ਇਨ੍ਹਾਂ ਚੀਜ਼ਾਂ ਦੀ ਆਕਸ਼ਨ ਕਰ ਦਿੱਤੀ ਜਾਵੇ। ਇਹ ਸਾਰਾ ਕੁਝ ਪਰੋਸੀਜ਼ਰ ਦੇ ਮੁਤਾਬਿਕ ਸਾਲ 1992 ਤੱਕ ਹੋਇਆ। ਸਕੱਤਰ, ਟੈਕਨੀਕਲ ਐਜੂਕੇਸ਼ਨ ਜਿਹੜੇ ਕਿ ਨੋਮੀਨੇਟਡ ਡਾਇਰੈਕਟਰ ਹਨ ਉਨ੍ਹਾਂ ਨੇ 22 ਮਾਰਚ, 1993 ਨੂੰ ਆਕਸ਼ਨ ਕਰਨ ਦਾ ਹੁਕਮ ਦਿੱਤਾ। ਜਿਹੜੀ ਆਕਸ਼ਨ ਹੋਈ, ਉਹ ਠੀਕ ਹੋਈ। ਉਸ ਤੋਂ ਬਾਅਦ ਇਕ ਡੈਲੀਗੇਸ਼ਨ ਪਹਿਲੀ ਜਨਵਰੀ, 1994 ਨੂੰ ਮੈਨੂੰ ਮਿਲਿਆ ਅਤੇ ਮੇਰੇ ਨੋਟਿਸ ਵਿਚ ਲਿਆਂਦਾ ਕਿ ਉਥੇ ਕੁਝ ਮਸ਼ੀਨਾਂ ਜਿਹੜੀਆਂ ਲਿਸਟ ਵਿਚ ਨਹੀਂ ਸਨ, ਉਹ ਵੀ ਵੇਚੀਆਂ ਗਈਆਂ ਹਨ। ਮੈਂ ਫੌਰਨ 5 ਜਨਵਰੀ ਨੂੰ ਆਪਣੇ ਡਿਪਟੀ ਡਾਇਰੈਕਟਰ ਨੂੰ ਉਥੇ ਭੇਜਿਆ। ਉਸਨੇ ਪ੍ਰਿਲੀਮਿਨਰੀ ਇਨਕੁਆਇਰੀ ਕੀਤੀ ਅਤੇ ਰਿਪੋਰਟ ਦਿੱਤੀ। ਉਸ ਤੋਂ ਬਾਅਦ 14 ਤਰੀਕ ਨੂੰ ਇਹ ਐਕਸ਼ਨ ਲਿਆ ਗਿਆ, ਉਨ੍ਹਾਂ ਨੂੰ ਸਸਪੈਂਡ ਕੀਤਾ ਗਿਆ ਅਤੇ ਰੈਗੂਲਰ ਇਨਕੁਆਇਰੀ ਸ਼ੁਰੂ ਕੀਤੀ ਗਈ। ਇਸ ਦੇ ਨਾਲ ਮੈਂ ਵਿਜੀਲੈਂਸ ਵਿਭਾਗ ਨੂੰ ਵੀ ਕੇਸ ਦਿੱਤਾ। ਉਸੇ ਤਰ੍ਹਾਂ ਹੀ 25 ਤਰੀਕ ਨੂੰ ਬਟਾਲੇ ਦੀ ਫਰਮ ਜਿਸ ਨੂੰ ਇਹ ਮਸ਼ੀਨਾਂ ਦਿੱਤੀਆਂ ਗਈਆਂ, ਉਸ ਦੇ ਖਿਲਾਫ ਵੀ ਪੁਲਿਸ ਕੇਸ ਬਣਾਉਣ ਲਈ ਕਰਵਾਈ ਕੀਤੀ ਗਈ। ਕਹਿਣ ਦਾ ਮਤਬਲ ਹੈ ਕਿ ਇਕ ਜਨਵਰੀ ਨੂੰ ਕੇਸ ਮੇਰੇ ਧਿਆਨ ਵਿਚ ਆਇਆ ਅਤੇ 25 ਤਰੀਕ ਤੱਕ ਇਤਨੀ ਜ਼ਿਆਦਾ ਕਾਰਵਾਈ ਕੀਤੀ ਗਈ। ਮੇਰਾ ਖਿਆਲ ਹੈ ਕਿ ਇਸ ਤੋਂ ਜ਼ਿਆਦਾ ਤੇਜ਼ ਕਾਰਵਾਈ ਹੋਰ ਕੀ ਹੋ ਸਕਦੀ ਸੀ। ਜੇਕਰ ਕਾਰਵਾਈ ਵਿਚ ਕੋਈ ਕਮੀ ਰਹਿ ਗਈ ਹੈ ਤਾਂ ਇਹ ਦੱਸਣ। ਮੈਂ ਯਕੀਨ ਦਿਵਾਉਣਾ ਚਾਹੁੰਦੀ ਹਾਂ ਕਿ ਜਿਸ ਤੇਜ਼ੀ ਨਾਲ ਕੇਸ ਪਰਸਿਊ ਕੀਤਾ ਗਿਆ ਹੈ, ਉਸ ਤਰ੍ਹਾਂ ਕਿਸੇ ਨੂੰ ਵੀ ਸਪੇਅਰ ਨਹੀਂ ਕੀਤਾ ਜਾਵੇਗਾ। ਇਹ ਕੇਸ ਮੈਂ ਆਪਣੇ ਵੱਲੋਂ ਹੀ ਇਨੀਸ਼ੀਏਟ ਕੀਤਾ ਸੀ (ਥੰਪਿੰਗ)।

ਸ੍ਰੀ ਸਤਨਾਮ ਸਿੰਘ ਕੈਂਥ: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਜਲਦੀ ਐਕਸ਼ਨ ਲਿਆ।

---

Original with;
Punjab Vidhan Sabha
Digitized by;
Panjab Digital Library

ਨਿਸ਼ਾਨਵਾਲਾ ਪ੍ਰਸ਼ਨ ਨੰਬਰ 1962

(ਸੰਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾਂ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**Mr. Speaker** : Question Hour is over. The remaining question shall be deemed to have been answered under Rule 38 of the Rules of Procedure and Conduct of Business in the Punjab Vidhan Sabha.

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਜ਼ਿਲ੍ਹਾ ਸੰਗਰੂਰ ਵਿਚ ਹੋਮਿਓਪੈਥਿਕ ਡਿਸਪੈਂਸਰੀਆਂ ਦੀ ਗਿਣਤੀ

*1831. (1) ਪੰਡਿਤ ਸੋਮ ਦੱਤ ਸ਼ਰਮਾ
(2) ਸਰਦਾਰ ਜਸਬੀਰ ਸਿੰਘ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਜ਼ਿਲ੍ਹਾ ਸੰਗਰੂਰ ਵਿਚ ਇਸ ਸਮੇਂ ਹੋਮਿਓਪੈਥਿਕ ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਸਰਕਾਰ ਉਕਤ ਜ਼ਿਲ੍ਹੇ ਵਿਚ ਨੇੜੇ ਦੇ ਭਵਿਖ ਵਿਚ ਕੋਈ ਹੋਰ ਨਵੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰਖਦੀ ਹੈ, ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

**ਸਰਦਾਰ ਹਰਚਰਨ ਸਿੰਘ ਬਰਾੜ :** (ੳ) ਅੱਠ

(ਅ) ਹੇਠ ਲਿਖੇ 4 ਥਾਵਾਂ ਤੇ ਨਵੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਲਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ :—

1. ਲੌਂਗੋਵਾਲ
2. ਲਹਿਰਾਗਾਗਾ
3. ਬਰਨਾਲਾ
4. ਬਡਬਰ

---

Original with;
Punjab Vidhan Sabha
Digitized by;
Panjab Digital Library

ਆਯੁਰਵੈਦਿਕ ਹਸਪਤਾਲਾਂ ਲਈ ਅਮਲੇ ਅਤੇ ਬਜਟ ਉਪਬੰਧ ਮੁਹੱਈਆ ਕਰਨਾ

*1923. ਸ੍ਰੀ ਸਤਪਾਲ ਗੋਸਾਈਂ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਰਾਜ ਵਿਚ ਇਸ ਸਮੇਂ ਜ਼ਿਲ੍ਹਾ ਸਦਰ ਮੁਕਾਮ ਵਿਖੇ ਸਰਕਾਰੀ ਆਯੁਰਵੈਦਿਕ ਹਸਪਤਾਲਾਂ ਵਿਚ ਲੱਗੇ ਹੋਏ ਆਯੁਰਵੈਦਿਕ ਮੈਡੀਕਲ ਅਫਸਰਾਂ ਅਤੇ ਸਟਾਫ ਨਰਸਾਂ ਦੇ ਸ਼੍ਰੇਣੀਵਾਰ ਅਤੇ ਹਸਪਤਾਲਵਾਰ ਗਿਣਤੀ ਕਿੰਨੀ ਕਿੰਨੀ ਹੈ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਅਮਲੇ ਦੀ ਗਿਣਤੀ ਹਸਪਤਾਲ ਦੀ ਲੋੜ ਦੇ ਬਰਾਬਰ ਹੈ; ਜੇਕਰ ਨਹੀਂ, ਤਾਂ ਇਹਨਾਂ ਲਈ ਕਿੰਨੀਆਂ ਵਧੇਰੇ ਅਸਾਮੀਆਂ ਮਨਜ਼ੂਰ ਕਰਨ ਦੀ ਤਜਵੀਜ਼ ਹੈ ਅਤੇ ਇਹ ਅਸਾਮੀਆਂ ਕਿੰਨੇ ਸਮੇਂ ਤੱਕ ਮਨਜ਼ੂਰ ਕੀਤੇ ਜਾਣ ਦੀ ਸੰਭਾਵਨਾ ਹੈ ;

(ੲ) ਕੀ ਉਕਤ ਹਸਪਤਾਲਾਂ ਵਿਚ ਵਿਸ਼ੇਸ਼ ਆਯੁਰਵੈਦਿਕ ਇਲਾਜ ਅਰਥਾਤ 'ਪੰਚ ਕਰਮਾ' ਦਾ ਪ੍ਰਬੰਧ ਹੈ; ਜੇਕਰ ਨਹੀਂ, ਤਾਂ ਕਿੰਨੇ ਸਮੇਂ ਤੱਕ ਅਜਿਹੇ ਪ੍ਰਬੰਧ ਕੀਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਹਰਚਰਨ ਸਿੰਘ ਬਰਾੜ : (ੳ) ਅਸਾਮੀਆਂ ਦਾ ਸ਼੍ਰੇਣੀਵਾਰ ਵੇਰਵਾ ਨਿਮਨਲਿਖਤ ਅਨੁਸਾਰ ਹੈ :—

| | | | | |
|---|---|---|---|---|
| 1. | ਬਠਿੰਡਾ | .. | ਚਕਿਤਸਕ | 2 |
| | | | ਸਟਾਫ ਨਰਸਾਂ | 2 |
| 2. | ਲੁਧਿਆਣਾ | .. | ਚਕਿਤਸਕ | 2 |
| | | | ਸਟਾਫ ਨਰਸਾਂ | 2 |
| 3. | ਜਲੰਧਰ | .. | ਚਕਿਤਸਕ | 2 |
| | | | ਸਟਾਫ ਨਰਸਾਂ | 2 |
| 4. | ਪਟਿਆਲਾ | .. | ਆਯੁਰਵੈਦਿਕ ਮੈਡੀਕਲ ਅਫਸਰ | 5 |
| | | | ਰੈਡੀਡੈਂਟ ਫਿਜ਼ੀਸ਼ੀਅਨ | 4 |
| | | | ਸਹਾਇਕ ਰੈਜ਼ੀਡੈਂਟ ਫਿਜ਼ੀਸ਼ੀਅਨ | |
| | | | ਸਟਾਫ ਨਰਸਾਂ | 14 |

ਬਾਕੀ ਦੀ ਸੂਚਨਾ 'ਅਨੁਲੱਗ' ਵਿਚ ਦਰਜ ਹੈ।

Original with;
Punjab Vidhan Sabha
Digitized by;
Panjab Digital Library

(ਅ) ਹਾਂ ਜੀ। ਅਮਲੇ ਦੀ ਗਿਣਤੀ ਹਸਪਤਾਲਾਂ ਦੀ ਲੋੜ ਦੇ ਬਰਾਬਰ ਹੈ। ਅੱਠਵੀਂ ਪੰਜ ਸਾਲਾ ਯੋਜਨਾ (1992—97) ਦੌਰਾਨ ਆਯੁਰਵੈਦਿਕ ਮੈਡੀਕਲ ਅਫਸਰਾਂ ਅਤੇ ਸਟਾਫ ਨਰਸਾਂ ਦੀਆਂ ਵਧੇਰੇ ਅਸਾਮੀਆਂ ਦੀ ਰਚਨਾ ਕਰਨ ਸਬੰਧੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ;

(ੲ) ਸਰਕਾਰੀ ਆਯੁਰਵੈਦਿਕ ਹਸਪਤਾਲ, ਪਟਿਆਲਾ ਵਿਖੇ ਵਿਸ਼ੇਸ ਆਯੁਰਵੈਦਿਕ ਇਲਾਜ 'ਪੰਚ ਕਰਮਾ' ਦਾ ਪ੍ਰਬੰਧ ਹੈ। ਜਲੰਧਰ, ਬਠਿੰਡਾ ਅਤੇ ਲੁਧਿਆਣਾ ਵਿਖੇ ਚੱਲ ਰਹੇ ਹਸਪਤਾਲਾਂ ਵਿਚ 'ਪੰਚ ਕਰਮਾ' ਇਲਾਜ ਪ੍ਰਣਾਲੀ ਦਾ ਪ੍ਰਬੰਧ ਕਰਨ ਸਬੰਧੀ ਅੱਠਵੀਂ ਪੰਜ ਸਾਲਾ ਯੋਜਨਾ (1992—97) ਦੌਰਾਨ ਕੋਈ ਉਪਬੰਧ ਨਹੀਂ ਹੈ।

**ਅਨੁਲੱਗ**

| ਲੜੀ ਨੰ: | ਜ਼ਿਲ੍ਹਾ ਸਦਰ ਮੁਕਾਮ | ਹਸਪਤਾਲ ਦਾ ਨਾਂ | ਅਸਾਮੀਆਂ ਦੀ ਗਿਣਤੀ | |
|---|---|---|---|---|
| 1. | ਬਠਿੰਡਾ | 10-ਬਿਸਤਰਾ ਸਰਕਾਰੀ ਆਯੁਰਵੈਦਿਕ ਹਸਪਤਾਲ, ਬਠਿੰਡਾ | ਚਕਿਤਸਕ | 2 |
| | | | ਸਟਾਫ ਨਰਸਾਂ | 2 |
| 2. | ਲੁਧਿਆਣਾ | 10-ਬਿਸਤਰਾ ਸਰਕਾਰੀ ਆਯੁਰਵੈਦਿਕ ਹਸਪਤਾਲ, ਲੁਧਿਆਣਾ | ਚਕਿਤਸਕ | 2 |
| | | | ਸਟਾਫ ਨਰਸਾਂ | 2 |
| 3. | ਜਲੰਧਰ | 10-ਬਿਸਤਰਾ ਸਰਕਾਰੀ ਆਯੁਰਵੈਦਿਕ ਹਸਪਤਾਲ, ਜਲੰਧਰ | ਚਕਿਤਸਕ | 2 |
| | | | ਸਟਾਫ ਨਰਸਾਂ | 2 |
| 4. | ਪਟਿਆਲਾ | 106-ਬਿਸਤਰਾ ਸਰਕਾਰੀ ਆਯੁਰਵੈਦਿਕ ਹਸਪਤਾਲ, ਪਟਿਆਲਾ | ਆਯੁਰਵੈਦਿਕ ਮੈਡੀਕਲ ਅਫਸਰ | 5 |
| | | | ਰੇਜ਼ੀਡੈਂਟ ਫਿਜ਼ੀਸ਼ੀਅਨ | 4 |
| | | | ਸਹਾਇਕ ਰੇਜ਼ੀਡੈਂਟ ਫਿਜ਼ੀਸ਼ੀਅਨ | 2 |
| | | | ਸਟਾਫ ਨਰਸਾਂ | 14 |

Original with;
Punjab Vidhan Sabha
Digitized by;
Panjab Digital Library

## ਉਪ-ਮੰਡਲ, ਬਰਨਾਲਾ ਵਿਚ ਮਿਉਂਸਿਪਲ ਕਮੇਟੀਆਂ ਵਿਚ ਈ.ਓਜ਼. ਅਤੇ ਐਸ.ਓਜ਼. ਦੀ ਗਿਣਤੀ

*2021. ਸਰਦਾਰ ਮਨਜੀਤ ਸਿੰਘ ਭੱਠਲ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਪ-ਮੰਡਲ ਬਰਨਾਲਾ, ਜ਼ਿਲ੍ਹਾ ਸੰਗਰੂਰ ਵਿਚ ਵੱਖ ਵੱਖ ਮਿਉਂਸਿਪਲ ਕਮੇਟੀਆਂ ਵਿਚ ਕਾਰਜ-ਕਾਰੀ ਅਫ਼ਸਰਾਂ ਅਤੇ ਸੈਕਸ਼ਨ ਅਫ਼ਸਰਾਂ ਦੀ ਮਨਜ਼ੂਰ-ਸ਼ੁਦਾ ਗਿਣਤੀ ਕਿੰਨੀ ਕਿੰਨੀ ਹੈ ਅਤੇ ਇਸ ਵਕਤ ਉੱਥੇ ਅਸਲ ਵਿਚ ਕਿੰਨੇ ਕਿੰਨੇ ਕਾਰਜਕਾਰੀ ਅਫ਼ਸਰ ਅਤੇ ਸੈਕਸ਼ਨ ਅਫ਼ਸਰ ਲੱਗੇ ਹੋਏ ਹਨ?

ਡਾਕਟਰ ਕੇਵਲ ਕ੍ਰਿਸ਼ਨ : ਸੂਚੀ ਵਿਧਾਨ ਸਭਾ ਦੀ ਟੇਬਲ ਤੇ ਰੱਖੀ ਜਾਂਦੀ ਹੈ।

### ਸੂਚੀ

ਸਬ-ਡਵੀਜ਼ਨ, ਬਰਨਾਲਾ ਵਿਚ ਪੈਂਦੀਆਂ ਨਗਰਪਾਲਕਾਵਾਂ/ਨੋਟੀਫਾਈਡ ਏਰੀਆ ਕਮੇਟੀਆਂ ਦੇ ਕਾਰਜ ਸਾਧਕ ਅਫ਼ਸਰਾਂ/ਭਾਗ ਅਫਸਰਾਂ ਦੀਆਂ ਅਸਾਮੀਆਂ ਦੀ ਵੱਖ ਵੱਖ ਪਰਵਾਨਤ ਸਟਰੈਂਥ ਅਤੇ ਖਾਲੀ ਅਸਾਮੀਆਂ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਕਮੇਟੀ/ਨੋਟੀਫਾਈਡ ਏਰੀਆ ਕਮੇਟੀ ਦਾ ਨਾਂ | ਪ੍ਰਵਾਨਤ ਸਟਰੈਂਥ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|
| 1 | 2 | 3 | 4 | 5 |
| | **ਕਾਰਜ ਸਾਧਕ ਅਫ਼ਸਰ** | | | |
| 1. | ਬਰਨਾਲਾ .. | 1 | 1 | ... |
| 2. | ਧਨੌਲਾ .. | 1 | .. | 1 |
| 3. | ਤਪਾ .. | 1 | .. | 1 |
| 4. | ਭਦੌੜ .. | .. | .. | .. |
| 5. | ਹੰਡਿਆਇਆ .. | .. | .. | .. |

Original with;
Punjab Vidhan Sabha
Digitized by;
Panjab Digital Library

| 1 | 2 | | 3 | 4 | 5 |
|---|---|---|---|---|---|
| | **ਭਾਗ ਅਫਸਰ** | | | | |
| 1. | ਬਰਨਾਲਾ | .. | 1 | 1 | .. |
| 2. | ਧਨੌਲਾ | .. | .. | .. | .. |
| 3. | ਤਪਾ | .. | .. | .. | .. |
| 4. | ਭਦੌੜ | .. | .. | .. | .. |
| 5. | ਹੰਡਿਆਇਆ | .. | .. | .. | .. |

## ਇਨਟੈਨਸਿਵ ਕਾਟਨ ਡਿਵੈਲਪਮੈਂਟ ਪ੍ਰੋਗਰਾਮ ਅਧੀਨ ਉਤਪਾਦਨ

*1944. (1) ਸਰਦਾਰ ਦਰਸ਼ਨ ਸਿੰਘ ਬਰਾੜ
(2) ਸਰਦਾਰ ਹਰਮਿੰਦਰ ਸਿੰਘ ਜੱਸੀ } : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕ੍ਰਮਵਾਰ ਸਾਲਾਂ 1991-92 1992-93 ਅਤੇ 1993-94 ਦੌਰਾਨ ਕਿਸਾਨਾਂ ਨੂੰ ਕੁੱਲ ਕਿੰਨੀ ਰਕਮ ਦਿੱਤੀ ਗਈ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ :

| ਸਾਲ | ਕੁੱਲ ਦਿੱਤੀ ਗਈ ਉਪਦਾਨ ਰਾਸ਼ੀ (ਰੁਪਏ ਲੱਖਾਂ ਵਿੱਚ) |
|---|---|
| 1991-92 | 56.68 |
| 1992-93 | 97.48 |
| 1993-94 | 246.30 |

ਉਪਰੋਕਤ ਸਾਲਾਂ ਦੌਰਾਨ ਕਪਾਹ ਤੇ ਹਵਾਈ ਛਿੜਕਾ ਇਸ ਲਈ ਨਹੀਂ ਹੋ ਸਕਿਆ ਕਿਉਂਕਿ ਇਨ੍ਹਾਂ ਸਾਲਾਂ ਦੌਰਾਨ ਹੈਲੀਕਾਪਟਰਾਂ ਦੀ ਉਪਲਬਧੀ ਨਹੀਂ ਹੋ ਸਕੀ।

## Starred Question No. 1961*

(Extension has been asked for in respect of Starred Question No. 1961.)

*For Starred Question No. 1961 and reply thereto please see Appendix to this Debate.

Original with;
Punjab Vidhan Sabha
Digitized by;
Panjab Digital Library

### ਆਯੁਰਵੈਦਿਕ ਮੈਡੀਕਲ ਅਫ਼ਸਰਾਂ ਅਤੇ ਆਯੁਰਵੈਦਿਕ ਡਿਸਪੈਂਸਰਾਂ ਦੀ ਨਿਯੁਕਤੀ

*1924. ਸ੍ਰੀ ਸਤ ਪਾਲ ਗੋਸਾਈਂ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮੌਜੂਦਾ ਸਰਕਾਰ ਦੁਆਰਾ ਕਾਰਜਭਾਰ ਸੰਭਾਲਣ ਤੋਂ ਬਾਅਦ ਰਾਜ ਵਿਚ ਨਿਯੁਕਤ ਕੀਤੇ ਗਏ ਆਯੁਰਵੈਦਿਕ ਮੈਡੀਕਲ ਅਫ਼ਸਰਾਂ ਅਤੇ ਆਯੁਰਵੈਦਿਕ ਡਿਸਪੈਂਸਰਾਂ ਦੀ ਗਿਣਤੀ ਕਿੰਨੀ ਕਿੰਨੀ ਹੈ ;

(ਅ) ਕੀ ਕੁਝ ਨਿਯੁਕਤੀਆਂ ਵਿਚ ਮੌਜੂਦਾ ਸੇਵਾ ਨਿਯਮਾਂ ਜਾਂ ਵੱਧ ਤੋਂ ਵੱਧ ਉਮਰ ਦੀ ਹੱਦ ਵਿਚ ਕੋਈ ਛੋਟ ਦਿੱਤੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਕੀ ਹਨ ਅਤੇ ਇਸ ਦੇ ਕਾਰਨ ਕੀ ਹਨ ?

ਸਰਦਾਰ ਹਰਚਰਨ ਸਿੰਘ ਬਰਾੜ : (ੳ) ਆਯੁਰਵੈਦਿਕ ਮੈਡੀਕਲ ਅਫਸਰ 17
ਆਯੁਰਵੈਦਿਕ ਡਿਸਪੈਂਸਰ 8

(ਅ)ਨਹੀਂ ਜੀ ।

---

## UNSTARRED QUESTIONS AND ANSWERS

### ਇਸਤਰੀਆਂ ਲਈ ਇਕ ਸਟੇਟ ਕਮਿਸ਼ਨ ਦਾ ਗਠਨ

290. ਸ੍ਰੀਮਤੀ ਵਿਮਲਾ ਡਾਂਗ : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਨੇ ਇਸਤਰੀਆਂ ਲਈ ਕੋਈ ਸਟੇਟ ਕਮਿਸ਼ਨ ਗਠਿਤ ਕੀਤਾ ਹੈ; ਜੇਕਰ ਕੀਤਾ ਹੈ, ਤਾਂ ਇਸ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਦੇ ਨਾਂ ਕੀ ਕੀ ਹਨ;

(ਅ) ਉਕਤ ਕਮਿਸ਼ਨ ਦਾ ਕਿਸ ਮਿਤੀ ਨੂੰ ਗਠਨ ਕੀਤਾ ਗਿਆ ਸੀ ਅਤੇ ਇਸ ਦਾ ਦਫ਼ਤਰ ਕਿਸ ਥਾਂ ਤੇ ਸਥਿੱਤ ਹੈ ਅਤੇ ਇਸ ਦੇ ਕਾਰਜ ਕੀ ਕੀ ਹਨ?

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਜੀਤ ਸਿੰਘ :** (ੳ) ਹਾਂ ਜੀ,

1. ਸ੍ਰੀਮਤੀ ਪਰਕਾਸ਼ ਕੌਰ ਗਿੱਲ ... ਚੇਅਰਮੈਨ

2. ਸ੍ਰੀ ਐਸ.ਕੇ. ਜੈਨ ... ਮੈਂਬਰ

(ਅ) ਉੱਤਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

**ਅਨੁਲੱਗ**

(ਅ) ਔਰਤਾਂ ਦੀ ਭਲਾਈ ਲਈ ਕਮਿਸ਼ਨ 7 ਜਨਵਰੀ, 1994 ਨੂੰ ਸਥਾਪਤ ਕੀਤਾ ਗਿਆ ਸੀ। ਇਸ ਸਮੇਂ ਇਹ ਕਮਿਸ਼ਨ ਚੇਅਰਪਰਸਨ ਦੇ ਨਿਵਾਸ ਸਥਾਨ ਕੋਠੀ ਨੰ: 3131, ਫੇਜ਼-7, ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਕੰਮ ਕਰ ਰਿਹਾ ਹੈ। ਕਮਿਸ਼ਨ ਦੇ ਦਫਤਰ ਵਾਸਤੇ ਇਮਾਰਤ ਕਿਰਾਏ ਤੇ ਲੈਣ ਲਈ ਭਾਲ ਕੀਤੀ ਜਾ ਰਹੀ ਹੈ ।

ਕਮਿਸ਼ਨ ਹੇਠ ਲਿਖੇ ਸਾਰੇ ਜਾਂ ਇਨ੍ਹਾਂ ਵਿਚੋਂ ਕੁਝ ਕੰਮਾਂ ਦਾ ਨਿਪਟਾਰਾ ਕਰੇਗਾ :—

1. ਸਰਕਾਰੀ ਸੰਵਿਧਾਨ ਵਿਚ ਅਤੇ ਔਰਤਾਂ ਦੀ ਤਰੱਕੀ ਸਬੰਧੀ ਜਿਹੜੀ ਪਾਲਿਸੀ ਦ ਔਰਤਾਂ ਨਾਲ ਸਿੱਧਾ ਸਬੰਧ ਹੋਵੇ, ਉਸ ਬਾਰੇ ਸਰਕਾਰ ਨੂੰ ਸਲਾਹ ਮਸ਼ਵਰਾ ਦੇਵੇਗਾ

2. ਔਰਤਾਂ ਦੇ ਨਾਲ ਸਬੰਧਤ ਸਰਕਾਰੀ ਅਤੇ ਹੋਰ ਸਰਕਾਰੀ ਅਦਾਰਿਆਂ ਸਬੰਧੀ ਔਰਤਾਂ ਦੇ ਹੱਕਾਂ ਆਮ ਤੌਰ ਤੇ ਗਰੀਬ ਔਰਤਾਂ ਵੱਲ ਖਾਸ ਧਿਆਨ ਦੇਵੇਗਾ ।

3. ਔਰਤਾਂ ਦਾ ਦਰਜਾ ਉਪਰ ਚੁੱਕਣ ਸਬੰਧੀ ਜਨਾਨੀਆਂ ਦੇ ਕਾਨੂੰਨੀ ਮੁੱਦਿਆਂ ਅਤੇ ਭਲਾਈ ਸਬੰਧੀ ਨੁਕਤਿਆਂ ਦੀ ਦੇਖ ਭਾਲ ਕਰੇਗਾ।

4. ਔਰਤਾਂ ਨਾਲ ਹੋ ਰਹੀਆਂ ਵਧੀਕੀਆਂ ਬਾਰੇ ਪੜਤਾਲ ਕਰਨਾ ਅਤੇ ਇਹਨਾਂ ਦੀ ਰੋਕਥਾਮ ਲਈ ਸਰਕਾਰ ਨੂੰ ਸਿਫਾਰਸ਼ ਕਰਨਾ ਅਤੇ ਜਿਥੇ ਕਿਤੇ ਜ਼ਰੂਰਤ ਪਵੇ ਕਾਨੂੰਨੀ ਕਾਰਵਾਈ ਸ਼ੁਰੂ ਕਰਵਾਉਣਾ।

5. ਔਰਤਾਂ ਨੂੰ ਵੱਖ ਵੱਖ ਖੇਤਰਾਂ ਵਿਚ ਪੇਸ਼ ਆਉਣ ਵਾਲੀਆਂ ਔਕੜਾਂ ਦਾ ਪਤਾ ਲਗਾਉਣਾ ਅਤੇ ਘੋਖ ਕਰਨੀ-ਇਨ੍ਹਾਂ ਬਾਰੇ ਸਰਕਾਰ ਨੂੰ ਢੁਕਵੀਂ ਕਾਰਵਾਈ ਕਰਨ ਬਾਰੇ ਸੁਚੇਤ ਕਰਨਾ।

6. ਔਰਤ ਤੇ ਕੀਤੇ ਜਾਂਦੇ ਜ਼ੁਲਮਾਂ ਬਾਰੇ ਮੁਕੱਦਮੇ ਦਾਇਰ ਕਰਵਾਉਣ ਦੀ ਮੰਗ ਕਰਨਾ ਅਤੇ ਇਨ੍ਹਾਂ ਮੁਕੱਦਮਿਆਂ ਵਿਚ ਸਬੰਧਤ ਔਰਤਾਂ ਦੀ ਸਹਾਇਤਾ ਕਰਨਾ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਸਮਾਜ ਭਲਾਈ]

7. ਪੁਲਿਸ ਥਾਣੇ, ਸਬ ਜੇਲ੍ਹ., ਰੈਸਕਿਊ ਹੋਮ ਜਾਂ ਅਜਿਹੀਆਂ ਹੋਰ ਥਾਵਾਂ ਜਿਥੇ ਔਰਤਾਂ ਨੂੰ ਬੰਦੀ ਬਣਾ ਕੇ ਰੱਖਿਆ ਜਾਣਾ ਹੈ ਨੂੰ ਚੈੱਕ ਕਰਨਾ ਅਤੇ ਇਹ ਪਤਾ ਕਰਨ ਕਿ ਕਿਹੜੀਆਂ ਕਿਹੜੀਆਂ ਸਹੂਲਤਾਂ ਇਨ੍ਹਾਂ ਥਾਵਾਂ ਤੇ ਦਿੱਤੀਆਂ ਜਾਂਦੀਆਂ ਹਨ। ਇਸ ਸਬੰਧੀ ਯੋਗ ਅਧਿਕਾਰੀਆਂ ਨੂੰ ਲੋੜੀਂਦੀ ਕਾਰਵਾਈ ਕਰਨ ਲਈ, ਕਾਰਵਾਈ ਕਰਨਾ।

8. ਔਰਤਾਂ ਦੇ ਗਰੁੱਪ ਜਾਂ ਕਿਸੇ ਖਾਸ ਕੇਸ ਵਿਚ ਇੱਕਲੀ ਔਰਤ ਦੇ ਕੇਸ ਵਿਚ ਜਿਨ੍ਹਾਂ ਨੂੰ ਇਨਸਾਫ ਨਾ ਮਿਲਦਾ ਹੋਵੇ, ਨੂੰ ਕਾਨੂੰਨੀ ਸਹਾਇਤਾ ਦੇਣਾ ਅਤੇ ਉਨ੍ਹਾਂ ਦਾ ਮੁੜ ਵਸੇਬਾ ਕਰਾਉਣਾ।

9. ਔਰਤਾਂ ਦੇ ਘਰੇਲੂ ਵਿਆਹੁਤਾ ਜੀਵਨ ਸਬੰਧੀ ਝਗੜੇ ਨਿਪਟਾਉਣ ਲਈ ਸਬੰਧਤ ਪਰਿਵਾਰ ਅਤੇ ਕੋਰਟ ਦੀ ਸਹਾਇਤਾ ਕਰਨਾ।

———

10. ਔਰਤਾਂ ਲਈ ਰੁਜ਼ਗਾਰ ਦੇ ਮੌਕਿਆਂ ਦੀ ਭਾਲ ਕਰਨਾ ਅਤੇ ਇਸ ਸਬੰਧੀ ਆਉਂਦੀਆਂ ਔਕੜਾਂ ਨੂੰ ਦੂਰ ਕਰਨ ਲਈ ਸਰਕਾਰ ਨੂੰ ਸੁਝਾਓ ਪੇਸ਼ ਕਰਨਾ ਅਤੇ ਮੁੱਢਲੀਆਂ ਸੇਵਾਵਾਂ ਜਿਵੇਂ ਪੀਣ ਵਾਲਾ ਪਾਣੀ, ਸਫਾਈ, ਰਹਿਣ ਲਈ ਘਰ ਅਤੇ ਰਸੋਈ ਦੇ ਕੰਮ ਕਾਜ ਨੂੰ ਉੱਨਤ ਕਰਨਾ।

———

**ਬੱਚਿਆਂ ਦੇ ਰੋਗਾਂ ਸਬੰਧੀ ਸਰਜਰੀ ਵਿਭਾਗ ਨੂੰ ਅੰਮ੍ਰਿਤਸਰ ਤੋਂ ਪਟਿਆਲੇ ਬਦਲਣਾ**

**291. ਸ੍ਰੀਮਤੀ ਵਿਮਲਾ ਡਾਂਗ :** ਕੀ ਡਾਕਟਰੀ ਸਿਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਇਹ ਠੀਕ ਹੈ ਕਿ ਰਾਸ਼ਟਰਪਤੀ ਰਾਜ ਦੇ ਦੌਰਾਨ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਦੇ ਬੱਚਿਆਂ ਦੇ ਰੋਗਾਂ ਸਬੰਧੀ ਸਰਜਰੀ ਵਿਭਾਗ ਨੂੰ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ ਬਦਲ ਦਿੱਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਕਾਰਣ ਕੀ ਹਨ ਅਤੇ ਇਹ ਕਿਸ ਸਾਲ ਬਦਲਿਆ ਗਿਆ ਸੀ;

(ਅ) ਸਾਲ 1993 ਦੌਰਾਨ ਪਟਿਆਲਾ ਵਿਖੇ ਅਤੇ ਵਿਭਾਗ ਨੂੰ ਪਟਿਆਲੇ ਤਬਦੀਲ ਕਰਨ ਤੋਂ ਇਕ ਸਾਲ ਪਹਿਲਾਂ ਅੰਮ੍ਰਿਤਸਰ ਵਿਖੇ ਅਸਲ ਵਿਚ ਕਿੰਨੇ ਕਿੰਨੇ ਰੋਗੀ ਦਾਖਲ ਹੁੰਦੇ ਸਨ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਬ੍ਰਹਮ ਮਹਿੰਦਰਾ: (ੳ) ਹਾਂ ਜੀ, ਪੈਡਿਆਟ੍ਰਿਕਸ ਸਰਜਰੀ ਵਿਭਾਗ ਮੈਡੀਕਲ ਕਾਲਜ, ਅੰਮ੍ਰਿਤਸਰ ਤੋਂ ਮੈਡੀਕਲ ਕਾਲਜ ਪਟਿਆਲਾ ਵਿਖੇ ਬਦਲਿਆ ਗਿਆ ਸੀ। ਉਸ ਵੇਲੇ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਪੈਡਿਆਟ੍ਰਿਕਸ ਸਰਜਰੀ ਵਿਭਾਗ ਲਈ ਕੋਈ ਪ੍ਰੋਫੈਸਰ ਪੈਡਿਆਟ੍ਰਿਕਸ ਸਰਜਰੀ ਨਹੀ ਸੀ ਅਤੇ ਪ੍ਰੋਫੈਸਰ ਤੋਂ ਬਗੈਰ ਐਮ.ਸੀ.ਐਚ. ਪੈਡਿਆਟ੍ਰਿਕਸ ਸਰਜਰੀ ਕੋਰਸ ਚਾਲੂ ਨਹੀਂ ਹੋ ਸਕਦਾ ਸੀ। ਡਾ: ਅਜਮੇਰ ਸਿੰਘ, ਜਿਹੜੇ ਉਸ ਸਮੇਂ ਪ੍ਰੋਫੈਸਰ ਅਤੇ ਮੁੱਖੀ ਸਰਜਰੀ ਵਿਭਾਗ ਮੈਡੀਕਲ ਕਾਲਜ, ਪਟਿਆਲਾ ਵਿਖੇ ਸਨ, ਪੈਡਿਆਟ੍ਰਿਕਸ ਸਰਜਰੀ ਦੇ ਵਿਸ਼ੇ ਵਿੱਚ ਵੀ ਟ੍ਰੇਂਡ ਸਨ। ਐਮ.ਸੀ.ਐਚ. ਪੈਡਿਆਟ੍ਰਿਕਸ ਸਰਜਰੀ ਚਾਲੂ ਕਰਨ ਲਈ ਉਨ੍ਹਾਂ ਦੀਆਂ ਸੇਵਾਵਾਂ ਵਰਤੋਂ ਵਿੱਚ ਲਿਆਉਣ ਵਾਸਤੇ ਇਹ ਵਿਭਾਗ ਮੈਡੀਕਲ ਕਾਲਜ, ਪਟਿਆਲਾ ਵਿਖੇ ਬਦਲਿਆ ਗਿਆ ਸੀ।

| | |
|---|---|
| (ਅ) ਮੈਡੀਕਲ ਕਾਲਜ, ਪਟਿਆਲਾ ਵਿਖੇ ਸਾਲ 1993 ਵਿੱਚ ਪੈਡਿਆਟ੍ਰਿਕਸ ਸਰਜਰੀ ਵਿਭਾਗ ਵਿੱਚ ਬੈੱਡ ਆਕੂਪੈਂਸੀ ਰੇਟ | 48.1% |
| ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਇਹ ਵਿਭਾਗ ਪਟਿਆਲਾ ਬਦਲਣ ਤੋਂ ਪਹਿਲੇ ਸਾਲ ਬੈੱਡ ਆਕੂਪੈਂਸੀ ਰੇਟ | 98.53% |

---

## ਅਧਿਆਪਕਾਂ ਦੀਆਂ ਖਾਲੀ ਥਾਵਾਂ ਨੂੰ ਭਰਨਾ

292. ਸ਼੍ਰੀਮਤੀ ਵਿਮਲਾ ਡਾਂਗ: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਰਾਜ ਦੇ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀਆਂ ਖਾਲੀ ਥਾਵਾਂ ਲਈ ਅਗਸਤ, 1992 ਵਿਚ ਅਖਬਾਰਾਂ ਵਿਚ ਇਸ਼ਤਿਹਾਰ ਦਿੱਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਹਰ ਇਕ ਸ਼੍ਰੇਣੀ ਵਿਚ ਖਾਲੀ ਥਾਵਾਂ ਦੀ ਗਿਣਤੀ ਕਿੰਨੀ ਕਿੰਨੀ ਹੈ ਅਤੇ ਕਿਸ ਮਿਤੀ (ਮਿਤੀਆਂ) ਨੂੰ ਇੰਟਰਵਿਊਜ਼ ਹੋਈਆਂ ਸਨ ਅਤੇ ਕੀ ਸਫ਼ਲ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ ਹਨ।

(ਅ) ਸਾਬਕਾ ਫੌਜੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਕੋਟੇ ਵਿਚੋਂ ਹਰੇਕ ਸ਼੍ਰੇਣੀ ਵਿਚ ਕਿੰਨੇ ਕਿੰਨੇ ਉਮੀਦਵਾਰ ਚੁਣੇ ਗਏ ਸਨ?

ਸਰਦਾਰ ਲਖਮੀਰ ਸਿੰਘ ਰੰਧਾਵਾ: (ੳ) (1) ਹਾਂ ਜੀ, (2) ਪ੍ਰਸ਼ਨ ਦੇ ਦੂਜੇ ਭਾਗ ਲਈ ਅਨੁਲੱਗ 'ਏ' ਵੇਖਣ ਦੀ ਖੇਚਲ ਕਰੋ, (3) ਹਾਂ ਜੀ, ਇਹ ਜਾਰੀ ਕੀਤੀਆਂ ਗਈਆਂ ਹਨ;

(ਅ) (1) ਕੈਟਾਗਰੀਵਾਈਜ਼ ਐਕਸ ਡਿਫੈਂਸ ਪਰਸੋਨਲ ਅਤੇ ਉਨ੍ਹਾਂ ਤੇ ਨਿਰਭਰ ਉਮੀਦਵਾਰਾਂ ਦੀ ਚੋਣ ਦੀ ਗਿਣਤੀ ਲਈ ਅਨੁਲੱਗ 'ਬੀ' ਵੇਖਿਆ ਜਾਵੇ।

Original with;
Punjab Vidhan Sabha
Digitized by;
Panjab Digital Library

## ANNEXURE 'A'

| Sr. No. | Category of vacancy | Date of Interview From | Date of Interview To | Remarks |
|---|---|---|---|---|
| 1. | Lecturers in various categories—175 | Ist Nov. 1993 | 31st Jan. 1994 | Appointment letters are yet to be issued. |
| 2. | (i) S.S. Masters/Mistresses—1000 | Do | | Appointment letters have since been issued. |
| | (ii) Agriculture Masters/Mistresses—25 | Do | | Appointment letters are yet to be issued. |
| | (iii) Fine Arts—2 | Do | | Do |
| | (iv) Music—4 | Do | | Do |
| | (v) Tailoring—1 | Do | | Do |
| | (vi) Home Science—2 | Do | | Do |
| 3. | Mathematics Master/Mistresses—116 | Do | | Appointment letters have since been issued. |
| 4. | Punjabi Masters/Mistresses—300 | Do | | Do |
| 5. | D.P. Ed.—50 | Do | | Appointment letters are yet to be issued. |
| 6. | P.T.I.—25 | Do | | Do |
| 7. | Art and Craft Teachers—20 | Do | | Do |
| 8, | Sewing Teachers—10 | Do | | Do |
| 9. | Science Masters/Mistresses | Do | | Appointment letters have since been issued. |
| 10, | Vocationl Masters/Mistresses—320 | Do | | Appointment letters are yet to be issued. |

Original with;
Punjab Vidhan Sabha
Digitized by;
Punjab Digital Library

## ANNEXURE 'B'

| Sr. No. | Category of Post | Posts | No. of Posts According to Quota for Ex-servicemen | Remarks |
|---|---|---|---|---|
| 1. | Lecturers | 175 | 25 | Appointment letters yet to be issued. |
| 2. | (i) S.S. Masters/Mistresses | 1,000 | 140 | 28 posts have been filled of Ex Servicemen regarding the offers to the wards of the Ex-Servicemen, the posts will be advertised separately as per the instructions of the Director of Sainik Welfare Board. |
| | (ii) Agriculture Masters/Mistresses | 25 | 3 | .. |
| | (iii) Fine Arts | 2 | Nil | .. |
| | (iv) Music | 4 | Nil | .. |
| | (v) Tailoring | 1 | Nil | .. |
| | (vi) Home Science | 2 | Nil | .. |
| 3. | Mathematics | 116 | 15 | No candidates (Exservicemen himself) is available. The Posts will be readvertised. |
| 4. | Punjabi Master/Mistresses | 300 | 42 | Two posts have been filled. The remaining posts will be advertised. |
| 5. | D.P. Ed. | 50 | 7 | One posts is filled, the remaining six posts will be advertised. |
| 6. | P. T. I. | 25 | 3 | Posts are being filled. |
| 7. | Art and Craft | 20 | 3 | Do |
| 8. | Sewing Teachers | 10 | 1 | Do |
| 9. | Science Masters/Mistreses | 159 | 23 | No candidate (Ex-servicemen himself) is available. The posts will be re-advertised. |
| 10. | Vocational Masters/Mistresses | 320 | 43 | Only four candidates are available. The remaining posts will by re-advertised. |

Original with; Punjab Vidhan Sabha Digitized by; Panjab Digital Library

## ਸਮਾਜ ਭਲਾਈ ਅਤੇ ਪੰਚਾਇਤ ਅਫ਼ਸਰਾਂ ਦੀਆਂ ਅਸਾਮੀਆਂ ਲਈ ਇੰਟਰਵਿਊਜ਼

293. ਸ਼੍ਰੀਮਤੀ ਵਿਮਲਾ ਡਾਂਗ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ 12 ਮਾਰਚ, 1994 ਨੂੰ ਸਮਾਜ ਭਲਾਈ ਅਤੇ ਪੰਚਾਇਤ ਅਫ਼ਸਰਾਂ ਦੀਆਂ 13 ਆਸਾਮੀਆਂ ਨੂੰ ਭਰਨ ਲਈ ਕੋਈ ਇੰਟਰਵਿਊ ਹੋਈ ਸੀ; ਜੇਕਰ ਹੋਈ ਸੀ, ਤਾਂ ਹਰ ਇੱਕ ਜ਼ਿਲ੍ਹੇ ਤੋਂ ਉਕਤ ਇੰਟਰਵਿਊ ਵਿਚ ਕਿੰਨੇ ਕਿੰਨੇ ਉਮੀਦਵਾਰ ਹਾਜ਼ਰ ਹੋਏ ਅਤੇ ਇੰਟਰਵਿਊਜ਼ ਦੇ ਕਦੋਂ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਕਦੋਂ ਤੋਂ ਖਾਲੀ ਪਈਆਂ ਹਨ ਅਤੇ ਸਫ਼ਲ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਕਦੋਂ ਤੱਕ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ ?

ਮਾਸਟਰ ਜਾਗੀਰ ਸਿੰਘ : (ੳ) ਜੀ ਹਾਂ । ਸਮਾਜ ਭਲਾਈ ਅਤੇ ਪੰਚਾਇਤ ਅਫ਼ਸਰਾਂ ਦੀਆਂ 19 ਆਸਾਮੀਆਂ ਭਰਨ ਲਈ ਉਮੀਦਵਾਰਾਂ ਦੀ ਜ਼ਿਲ੍ਹਾਵਾਰ ਇੰਟਰਵਿਊ ਮਹੀਨਾ ਫਰਵਰੀ, ਮਾਰਚ, 1994 ਦੇ ਵਿਚ ਲਈ ਗਈ ਸੀ। ਇੰਟਰਵਿਊ ਵਿਚ ਕੁਲ 4,657 ਉਮੀਦਵਾਰ ਹਾਜ਼ਰ ਹੋਏ। ਜ਼ਿਲ੍ਹਾਵਾਰ ਉਮੀਦਵਾਰਾਂ ਦਾ ਨੰਬਰ ਜੋ ਇੰਟਰਵਿਊ ਵਿਚ ਹਾਜ਼ਰ ਹੋਏ, ਦੀ ਲਿਸਟ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ। ਜ਼ਿਲ੍ਹਾ ਅੰਮ੍ਰਿਤਸਰ ਦੇ 12 ਮਾਰਚ, 1994 ਨੂੰ 232 ਉਮੀਦਵਾਰ ਇੰਟਰ-ਵਿਊ ਵਿਚ ਹਾਜ਼ਰ ਹੋਏ। ਇੰਟਰਵਿਊ ਸਮਾਪਤ ਹੋ ਚੁੱਕੀ ਹੈ।

(ਅ) ਆਸਾਮੀਆਂ ਅਗਸਤ, 1992 ਤੋਂ ਖਾਲੀ ਪਈਆਂ ਹਨ। ਵਿਭਾਗੀ ਚੋਣ ਕਮੇਟੀ ਦੀਆਂ ਸਿਫਾਰਸ਼ਾਂ ਪ੍ਰਾਪਤ ਹੋਣ ਤੇ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਜਾਣਗੇ।

### ਜ਼ਿਲ੍ਹਾਵਾਰ ਉਮੀਦਵਾਰਾਂ ਦੀ ਗਿਣਤੀ

| ਜ਼ਿਲ੍ਹਾ | ਗਿਣਤੀ |
|---|---|
| ਫਤਹਿਗੜ੍ਹ ਸਾਹਿਬ .. | 62 |
| ਮਾਨਸਾ .. | 108 |
| ਫਰੀਦਕੋਟ .. | 244 |
| ਕਪੂਰਥਲਾ .. | 118 |

Original with;
Punjab Vidhan Sabha
Digitized by;
Panjab Digital Library

| ਜ਼ਿਲ੍ਹਾ | | ਗਿਣਤੀ |
|---|---|---|
| ਰੋਪੜ | .. | 194 |
| ਬਠਿੰਡਾ | .. | 133 |
| ਸੰਗਰੂਰ | .. | 332 |
| ਫਿਰੋਜ਼ਪੁਰ | .. | 301 |
| ਹੁਸ਼ਿਆਰਪੁਰ | .. | 501 |
| ਗੁਰਦਾਸਪੁਰ | .. | 553 |
| ਲੁਧਿਆਣਾ | .. | 486 |
| ਪਟਿਆਲਾ | .. | 396 |
| ਅੰਮ੍ਰਿਤਸਰ | .. | 416 |
| ਜਲੰਧਰ | .. | 813 |
| ਕੁੱਲ ਜੋੜ | .. | 4,657 |

### ਰਾਜ ਵਿੱਚ ਸੰਸਕ੍ਰਿਤ ਅਧਿਆਪਕਾਂ ਦੀ ਗਿਣਤੀ

301. ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਰਾਜ ਵਿਚ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਕੂਲਾਂ ਵਿਚੋਂ ਅਜਿਹੇ ਸਕੂਲਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ਜਿਨ੍ਹਾਂ ਵਿੱਚ ਸੰਸਕ੍ਰਿਤ ਵਿਸ਼ਾ ਪੜ੍ਹਾਇਆ ਜਾ ਰਿਹਾ ਹੈ;

(ੲ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਾਰੇ ਸਰਕਾਰੀ ਸਕੂਲਾਂ ਵਿਚ ਸੰਸਕ੍ਰਿਤ ਅਧਿਆਪਕਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਲਖਮੀਰ ਸਿੰਘ ਰੰਧਾਵਾ :** (ੳ) ਇਸ ਸਮੇਂ ਪੰਜਾਬ ਰਾਜ ਵਿਚ ਸਟੇਟ ਗੌਰਮਿੰਟ ਦੇ 11739 ਹਾਈ ਸਕੂਲ ਅਤੇ 570 ਸੀਨੀਅਰ ਸੈਕੰਡਰੀ ਸਕੂਲ ਹਨ। ਇਨ੍ਹਾਂ ਸਕੂਲਾਂ ਦਾ ਜ਼ਿਲ੍ਹਾਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਜ਼ਿਲ੍ਹੇ ਦਾ ਨਾਂ | | ਹਾਈ ਸਕੂਲਾਂ ਦੀ ਗਿਣਤੀ | ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ |
|---|---|---|---|
| 1. | ਅੰਮ੍ਰਿਤਸਰ .. | 190 | 61 |
| 2. | ਬਠਿੰਡਾ .. | 87 | 29 |
| 3. | ਫਰੀਦਕੋਟ | 182 | 53 |
| 4. | ਫਿਰੋਜ਼ਪੁਰ .. | 112 | 36 |
| 5. | ਫਤਿਹਗੜ੍ਹ ਸਾਹਿਬ .. | 43 | 17 |
| 6. | ਗੁਰਦਾਸਪੁਰ .. | 132 | 46 |
| 7. | ਹੁਸ਼ਿਆਰਪੁਰ .. | 149 | 50 |
| 8. | ਜਲੰਧਰ .. | 191 | 67 |
| 9. | ਕਪੂਰਥਲਾ .. | 63 | 23 |
| 10. | ਲੁਧਿਆਣਾ .. | 193 | 60 |
| 11. | ਮਾਨਸਾ .. | 43 | 16 |
| 12. | ਪਟਿਆਲਾ .. | 114 | 36 |
| 13. | ਰੋਪੜ .. | 85 | 27 |
| 14. | ਸੰਗਰੂਰ .. | 155 | 49 |
| | ਕੁੱਲ .. | 1,739 | 570 |

Original with;
Punjab Vidhan Sabha
Digitized by;
Panjab Digital Library

(ਅ) ਉਪਰੋਕਤ (ੳ) ਵਿੱਚ ਵਰਣਿਤ ਸਕੂਲਾਂ ਵਿਚੋਂ ਉਨ੍ਹਾਂ ਸਕੂਲਾਂ ਦਾ ਜ਼ਿਲ੍ਹੇਵਾਰ ਵੇਰਵਾ ਜਿਨ੍ਹਾਂ ਵਿੱਚ ਸੰਸਕ੍ਰਿਤ ਵਿਸ਼ਾ ਪੜ੍ਹਾਇਆ ਜਾਂਦਾ ਹੈ :

| ਜ਼ਿਲ੍ਹੇ ਦਾ ਨਾਂ | | ਸਕੂਲਾਂ ਦੀ ਗਿਣਤੀ ਜਿਥੇ ਸੰਸਕ੍ਰਿਤ ਵਿਸ਼ਾ ਪੜ੍ਹਾਇਆ ਜਾਂਦਾ ਹੈ |
|---|---|---|
| 1. ਅੰਮ੍ਰਿਤਸਰ | .. | 4 |
| 2. ਬਠਿੰਡਾ | .. | 5 |
| 3. ਫਰੀਦਕੋਟ | .. | 2 |
| 4. ਫਿਰੋਜ਼ਪੁਰ | .. | 6 |
| 5. ਫਤਿਹਗੜ੍ਹ ਸਾਹਿਬ | .. | 1 |
| 6. ਗੁਰਦਾਸਪੁਰ | .. | 19 |
| 7. ਹੁਸ਼ਿਆਰਪੁਰ | .. | 11 |
| 8. ਜਲੰਧਰ | .. | 7 |
| 9. ਕਪੂਰਥਲਾ | .. | 12 |
| 10. ਲੁਧਿਆਣਾ | .. | 6 |
| 11. ਮਾਨਸਾ | .. | 4 |
| 12. ਪਟਿਆਲਾ | .. | 6 |
| 13. ਰੋਪੜ | .. | 3 |
| 14. ਸੰਗਰੂਰ | .. | 19 |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

(ੲ) ਉਪਰੋਕਤ (ੳ) ਵਿੱਚ ਵਰਣਿਤ ਸਾਰੇ ਸਰਕਾਰੀ ਸਕੂਲਾਂ ਵਿੱਚ ਸੰਸਕ੍ਰਿਤ ਅਧਿਆਪਕਾਂ ਦੀ ਜ਼ਿਲ੍ਹੇਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ:—

| ਜ਼ਿਲ੍ਹੇ ਦਾ ਨਾਂ | | ਸੰਸਕ੍ਰਿਤ ਅਧਿਆਪਕਾਂ ਦੀ ਗਿਣਤੀ |
|---|---|---|
| 1. ਅੰਮ੍ਰਿਤਸਰ | .. | 4 |
| 2. ਬਠਿੰਡਾ | .. | 5 |
| 3. ਫਰੀਦਕੋਟ | .. | 2 |
| 4. ਫਿਰੋਜ਼ਪੁਰ | .. | 6 |
| 5. ਫਤਿਹਗੜ੍ਹ ਸਾਹਿਬ | .. | .. |
| 6. ਗੁਰਦਾਸਪੁਰ | .. | 16 |
| 7. ਹੁਸ਼ਿਆਰਪੁਰ | .. | .. |
| 8. ਜਲੰਧਰ | .. | 4 |
| 9. ਕਪੂਰਥਲਾ | .. | 7 |
| 10. ਲੁਧਿਆਣਾ | .. | 6 |
| 11. ਮਾਨਸਾ | .. | 5 |
| 12. ਪਟਿਆਲਾ | .. | 6 |
| 13. ਰੋਪੜ | .. | .. |
| 14. ਸੰਗਰੂਰ | .. | 19 |

Original with;
Punjab Vidhan Sabha
Digitized by;
Panjab Digital Library

## ਬੱਸ ਅੱਡਾ, ਪਟਿਆਲਾ ਨੂੰ ਨਵਾਂ ਰੂਪ ਦੇਣਾ

302. ਕਾਮਰੇਡ ਹਰਦੇਵ ਅਰਸ਼ੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ ਦੇ ਮੁੱਖ ਬੱਸ ਅੱਡੇ ਨੂੰ ਵਿੱਤੀ ਸਾਲ 1993-94 ਦੇ ਦੌਰਾਨ ਨਵਾਂ ਰੂਪ ਦਿੱਤਾ ਗਿਆ ਸੀ, ਜੇਕਰ ਅਜਿਹਾ ਹੋਵੇ, ਤਾਂ ਉਸ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ਅਤੇ ਉਨ੍ਹਾਂ ਮੁੱਖ ਕੰਮਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਤੇ ਉਕਤ ਰਕਮ ਖਰਚ ਕੀਤੀ ਗਈ ਹੈ;

(ਅ) ਉਕਤ ਕਾਰਪੋਰੇਸ਼ਨ ਦੁਆਰਾ ਨੇੜੇ ਭਵਿੱਖ ਵਿਚ ਰਾਜ ਵਿਚ ਕਿਹੜੇ ਕਿਹੜੇ ਹੋਰ ਬੱਸ ਅੱਡਿਆਂ ਨੂੰ ਨਵਾਂ ਰੂਪ ਦਿੱਤੇ ਜਾਣ ਦੀ ਤਜਵੀਜ਼ ਹੈ ?

ਸਰਦਾਰ ਬੇਅੰਤ ਸਿੰਘ : (ੳ) ਹਾਂ ਜੀ। ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਬੁਢਲਾਡਾ, ਫਗਵਾੜਾ, ਫਰੀਦਕੋਟ ਅਤੇ ਅਹਿਮਦਗੜ੍ਹ ਵਿਖੇ ਬੱਸ ਸਟੈਂਡ ਦਾ ਕੰਮ ਫੰਡਾਂ ਦੀ ਉਪਲਬਧਤਾ ਅਨੁਸਾਰ ਕੀਤਾ ਜਾਵੇਗਾ।

### ਸਟੇਟਮੈਂਟ

ਪਟਿਆਲੇ ਦੇ ਬੱਸ ਅੱਡੇ ਦਾ ਲਗਭਗ 53 ਲੱਖ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤਾ ਗਿਆ ਹੈ। ਕੀਤੇ ਗਏ ਕੰਮਾਂ ਦਾ ਵੇਰਵਾ ਨਿਮਨ ਅਨੁਸਾਰ ਹੈ:—

(1) ਮੁਸਾਫਰ-ਸ਼ੈੱਡਾਂ ਦਾ ਨਵੀਨੀਕਰਨ ਅਤੇ ਲੋਡਿੰਗ ਪਲੇਟਫਾਰਮ ਦੀ ਉਸਾਰੀ।

(2) ਅਨ-ਲੋਡਿੰਗ ਪਲੇਟਫਾਰਮ, ਅੱਡਾ ਫੀਸ ਲਈ ਕਮਰਾ ਅਤੇ ਅੰਦਰ ਆਉਣ ਬਾਹਰ ਜਾਣ ਵਾਲੇ ਗੇਟਾਂ ਦੀ ਉਸਾਰੀ।

(3) ਬੱਸ ਸਟੈਂਡ ਦੇ ਸਾਰੇ ਏਰੀਏ ਵਿਖੇ ਲੁੱਕ ਦਾ ਫਰਸ਼ ਵਿਛਾਉਣਾ।

(4) ਸੀਵਰੇਜ ਸਿਸਟਮ ਪਾਉਣਾ।

(5) ਲੋਹੇ ਦੇ ਗੇਟ ਅਤੇ ਡਿਵਾਈਡਰ ਦਾ ਪ੍ਰਬੰਧ ਕਰਨਾ।

(6) ਗੇਟ ਦੇ ਨੇੜੇ ਗੋਲ ਗਰਿਲ ਅਤੇ ਫਰਸ਼ ਵਿਛਾਉਣਾ।

(7) ਬਿਜਲੀ ਦਾ ਪੰਪ ਅਤੇ ਟਿਊਬਵੈੱਲ ਲਗਾਉਣਾ।

(8) ਮਰਦਾਂ ਅਤੇ ਇਸਤਰੀਆਂ ਲਈ ਵੱਖਰੇ ਵੱਖਰੇ ਟਾਇਲੈਟ ਸੈੱਟ ਬਣਾਉਣੇ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(9) ਗੇਟ ਦੇ ਨੇੜੇ ਪਿਸ਼ਾਬ ਘਰਾਂ ਦੀ ਉਸਾਰੀ।

(10) ਕੌਫੀ ਹਾਊਸ ਦੀ ਉਸਾਰੀ।

(11) 30 ਦੁਕਾਨਾਂ ਦੀ ਉਸਾਰੀ/ਨਵੀਨੀਕਰਨ ਕਰਨਾ।

(12) ਰੇਸਟੋਰੈਂਟ ਦੀ ਉਸਾਰੀ।

(13) ਚਾਰ-ਦੀਵਾਰੀ ਦੀਆਂ ਤੇਜ਼ ਲਾਈਟਾਂ ਅਤੇ ਅੰਦਰੂਨੀ ਤਾਰਾਂ/ਲਾਈਟਾਂ ਲਾਉਣਾ।

(14) ਨਿਊ ਸਾਈਨ ਬੋਰਡ ਲਾਉਣਾ।

(15) ਯਾਤਰੀਆਂ ਦੇ ਬੈਠਣ ਲਈ ਲੋੜੀਂਦੀਆਂ ਕੁਰਸੀਆਂ।

(16) ਪੁੱਛਗਿੱਛ ਕਮਰਾ/ਆਵਾਜਾਈ ਪ੍ਰਬੰਧਕ ਦਾ ਕਮਰਾ ਉਸਾਰਨਾ।

(17) ਗਠੜੀ ਘਰ ਦੀ ਉਸਾਰੀ।

(18) ਆਰ.ਸੀ.ਸੀ. ਸਟਾਪਰਾਂ ਦੀ ਉਸਾਰੀ।

**ਕਾਮਰੇਡ ਤਰਸੇਮ ਜੋਧਾਂ:** ** ** **

**Mr. Speaker** : This is no Point of Ooder Please resume your seat.

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ):** ਪੁਆਇੰਟ ਆਫ ਆਰਡਰ, ਸਰ।

**Mr. Speaker** : Yes, Finance Minister.

**ਵਿੱਤ ਮੰਤਰੀ:** ਸਪੀਕਰ ਸਾਹਿਬ, ਤੁਹਾਡੀ ਸਰਪ੍ਰਸਤੀ ਵਿੱਚ ਹਾਊਸ ਬੜੀ ਅੱਛੀ ਤਰ੍ਹਾਂ ਚਲ ਰਿਹਾ ਹੈ। ਮੈਂ ਅਰਜ਼ ਕਰਨੀ ਚਾਹਾਂਗਾ ਕਿ ਬੀ.ਏ.ਸੀ. ਦੀ ਮੀਟਿੰਗ ਵਿੱਚ ਇਹ ਫੈਸਲਾ ਹੋਇਆ ਸੀ ਕਿ ਰੂਲਜ਼ ਦੇ ਮੁਤਾਬਿਕ ਨੋਟਿਸ ਦਿਤਾ ਜਾਵੇ ਔਰ ਸਬੰਧਤ ਮੈਂਬਰ ਇਹ ਕਹੇ ਕਿ ਫਲਾਣੇ ਰੂਲ ਦੇ ਮੁਤਾਬਿਕ ਮੈਂ ਮੋਸ਼ਨ ਦਿਤੀ ਹੈ-ਜਿਸ ਤਰ੍ਹਾਂ ਰੂਲ 50 ਹਾਫ ਐਨ ਆਵਰ ਡਿਸਕਸ਼ਨ ਲਈ ਹੈ, ਰੂਲ 56 ਪ੍ਰਸਨਲ ਐਕਸਪਲੇਨੇਸ਼ਨ ਲਈ ਹੈ, ਰੂਲ 58 ਨੋ-ਕਾਨਫੀਡੈਂਸ ਮੋਸ਼ਨ ਲਈ ਹੈ, ਰੂਲ 62 ਮੂਵ ਆਫ ਐਡਜਰਨਮੈਂਟ ਮੋਸ਼ਨ ਲਈ ਹੈ, ਰੂਲ 71 ਹੈ, ਰੂਲ 78 ਹੈ ਔਰ ਇਸੇ ਤਰ੍ਹਾਂ 6-7 ਹੋਰ ਰੂਲ ਹਨ। 15-16 ਇਸ ਤਰ੍ਹਾਂ ਦੇ ਮਈਅਰਜ਼ ਹਨ ਜਿਨ੍ਹਾਂ ਰਾਹੀਂ ਮੈਂਬਰ ਸਾਹਿਬਾਨ ਆਪਣੀ ਗੱਲ ਕਹਿ ਸਕਦੇ ਹਨ ਲੇਕਿਨ ਤੁਹਾਡਾ ਡਿਸੀਜ਼ਨ ਹੋ ਜਾਵੇ ਅਤੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਫਿਰ ਉਸ ਦੇ ਉਲਟ ਲੰਮੀ ਡਿਸਕਸ਼ਨ ਕਰਵਾਈ ਜਾਵੇ ਅਤੇ ਡਿਸਕਸ਼ਨ ਹੀ ਨਾ ਕਰਵਾਈ ਜਾਵੇ ਬਲਕਿ ਕਈ ਤਾਂ ਪੁਆਇੰਟ ਆਫ ਆਰਡਰ ਦੇ ਰਾਹੀਂ ਆਪਣੀ ਗੱਲ ਕਹਿ ਜਾਂਦੇ ਹਨ ਜੋ ਠੀਕ ਨਹੀਂ ਹੈ। ਇਹ ਸਾਰਾ ਕੁਝ ਅਖਬਾਰਾਂ ਵਿੱਚ ਆ ਜਾਂਦਾ ਹੈ। ਸਪੀਕਰ ਸਾਹਿਬ, ਕਿਸੇ ਮੈਂਬਰ ਵਲੋਂ ਨੋਟਿਸ ਦਿਤਾ ਜਾਵੇ ਅਤੇ ਉਹ ਤੁਸੀਂ ਰੀਜੈਕਟ ਕਰ ਦਿਓ, ਫਿਰ ਵੀ ਉਹ ਗੱਲ ਕਹੀ ਜਾਵੇ ਅਤੇ ਅਖਬਾਰਾਂ ਵਿੱਚ ਆ ਜਾਵੇ ਤਾਂ ਇਸਦੇ ਨਾਲ ਸਾਡੇ ਹਾਊਸ ਦੀ ਕਾਰਵਾਈ ਵਿੱਚ ਵਿਘਨ ਹੀ ਨਹੀਂ ਪੈਂਦਾ ਬਲਕਿ ਸਰਕਾਰ ਦੀ ਪੁਜੀਸ਼ਨ ਬੜੀ ਇਮਬੈਰੇਸਿੰਗ ਹੁੰਦੀ ਹੈ ਅਤੇ ਜਿਹੜੀ ਪਾਰਲੀਆਮੈਂਟਰੀ ਕਾਰਵਾਈ ਹੈ, ਉਸ ਦੇ ਇਹ ਬਿਲਕੁਲ ਖਿਲਾਫ ਹੈ। ਰੂਲਜ਼ ਦੇ ਮੁਤਾਬਿਕ ਅਗਰ ਕੋਈ ਮੋਸ਼ਨ ਦੇਣੀ ਹੈ, ਉਸ ਨੂੰ ਇਕ-ਦੋ ਲਾਈਨਾਂ ਦੇ ਅੰਦਰ ਦੱਸਿਆ ਜਾ ਸਕਦਾ ਹੈ ਪਰ ਫੈਸਲੇ ਦੇ ਬਾਅਦ ਜੋ ਡਿਸਕਸ਼ਨ ਹੁੰਦੀ ਹੈ, ਉਹ ਪੂਰੀ ਦੀ ਪੂਰੀ ਅਖਬਾਰਾਂ ਵਿੱਚ ਚਲੀ ਜਾਵੇ, ਇਹ ਮੁਨਾਸਿਬ ਨਹੀਂ ਹੋਵੇਗਾ। ਇਸ ਲਈ ਮੇਰੀ ਬੇਨਤੀ ਹੈ ਕਿ ਰੂਲ ਦੇ ਮੁਤਾਬਿਕ ਕਿਸੇ ਮੈਂਬਰ ਨੇ ਕੁਝ ਕਹਿਣਾ ਹੈ, ਉਹ ਕਹਿ ਦੇਣ 'ਪੁਆਇੰਟ ਆਫ ਆਰਡਰ' ਕਹਿ ਕੇ, ਕਿਉਂਕਿ ਜਦੋਂ ਰੂਲਜ਼ ਦੀ ਕਿਤਾਬ ਸਾਡੇ ਕੋਲ ਹੈ, ਉਹ ਕਹਿ ਸਕਦਾ ਹੈ, 'ਪੁਆਇੰਟ ਆਫ ਆਰਡਰ', ਅਤੇ ਉਹ ਕਹਿ ਸਕਦਾ ਹੈ ਕਿ ਇੰਨੇ ਨੰਬਰ ਰੂਲ ਦੇ ਥੱਲੇ ਮੈਂ ਐਡਜਰਨਮੈਂਟ ਮੋਸ਼ਨ ਦਿਤੀ ਸੀ ਪਰ ਉਹ ਐਡਮਿਟ ਨਹੀਂ ਕੀਤੀ। ਸਪੀਕਰ ਸਾਹਿਬ, ਤੁਸੀਂ ਉਸ ਨੂੰ ਐਡਮਿਟ ਨਾ ਕਰੋ ਅਤੇ ਉਹ ਸਾਰਾ ਕੁਝ ਅਖਬਾਰਾਂ ਵਿੱਚ ਆਉਂਦਾ ਰਹੇ, ਇਸ ਤਰ੍ਹਾਂ ਦਾ ਸਿਲਸਿਲਾ ਚਲਦਾ ਰਹੇ ਤਾਂ ਇਹ ਮੁਨਾਸਿਬ ਨਹੀਂ।

**Mr. Speaker** : Finance Minister has rightly said that who ever has to speak anything, he should say "On a point of order." Then he should also refer the Rule under which he wants to speak.

**Shri Madan Mohan Mittal** : On a Point of Order, Sir.

**Mr. Speaker** : Yes, Mr. Mittal.

**ਸ਼੍ਰੀ ਮਦਨ ਮੋਹਨ ਮਿੱਤਲ** : ** ** **

**Shrimati Laxmi Kanta Chawla** : On a Point of Order, Sir.

**Mr. Speaker** : I have already allowed Mr. Mittal.

**ਸ਼੍ਰੀ ਮਦਨ ਮੋਹਨ ਮਿੱਤਲ** : ** ** **

**Mr. Speaker** : You are repeating the same thing. I have already rejected your adjournment motion. He also said that he should give affidavit. ਐਲੀਗੇਸ਼ਨ ਜਿਹੜੇ ਪੇਪਰ ਵਿਚ ਆ ਰਹੇ ਹਨ, ਉਹ ਬਿਨਾਂ ਵਜ੍ਹਾ ਆ ਰਹੇ ਹਨ। ਉਸ ਦਾ ਕੋਈ ਪਰੂਫ ਹੋਣਾ ਚਾਹੀਦਾ ਹੈ। (ਸ਼ੋਰ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਕਈ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

I have asked only Mr. Mittal to speak. Why are all standing ? I have already replied to him that there is no point of order. Please resume your seat.

**ਸ਼੍ਰੀ ਮਦਨ ਮੋਹਨ ਮਿੱਤਲ :** ** ** **

**ਸ਼੍ਰੀ ਸਪੀਕਰ :** ਹਾਂ ਜੀ, ਬੋਲੋ। Others should sit·

**ਸ਼੍ਰੀ ਮਦਨ ਮੋਹਨ ਮਿੱਤਲ :** ** ** **

**ਸ਼੍ਰੀ ਸਪੀਕਰ :** ਮਿੱਤਲ ਸਾਹਿਬ, ਤੁਹਾਨੂੰ ਪਤਾ ਹੈ ਕਿ ਸਪੀਕਰ ਦੀ ਰੂਲਿੰਗ ਬਾਰੇ ਉਸ ਨਾਲ ਗੱਲ ਨਾ ਕੀਤੀ ਜਾਵੇ That cannot be discussed. If you have to say anything you can come and meet me in my Chamber. (*Interruption*)

**ਸ਼੍ਰੀ ਮਦਨ ਮੋਹਨ ਮਿੱਤਲ :** ** ** **

**Mr. Speaker** : I protect everybody.

**Shri Madan Mohan Mittal** : ** ** **

**Mr. Speaker** : I want to protect everyone

**ਸ਼੍ਰੀ ਮਦਨ ਮੋਹਨ ਮਿੱਤਲ :** ** ** **

**Mr. Speaker** : Please resume your seat. You have said what you wanted to say but it is no Point of Order. (*Interruption*) Mr. Kainth what is your Point of Order ?

**ਸ਼੍ਰੀ ਸਤਨਾਮ ਸਿੰਘ ਕੈਂਥ :** ਮਾਨਯੋਗ ਸਪੀਕਰ ਸਾਹਿਬ, ਮਿੱਤਲ ਸਾਹਿਬ ਨੇ ਜਿਹੜੀ ਗੱਲ ਕਹੀ ਹੈ, ਮੈਂ ਉਸ ਨਾਲ ਐਗਰੀ ਕਰਦਾ ਹਾਂ। ਇਹ ਬੜਾ ਸੀਰੀਅਸ ਐਲੀਗੇਸ਼ਨ ਹੈ ਜੋ ਹਾਊਸ ਦੇ ਮੈਂਬਰ ਨੇ ਕਿਸੇ ਮਨਿਸਟਰ ਦੇ ਖਿਲਾਫ ਲਗਾਇਆ ਹੈ। ਉਸ ਤੇ ਬਹਿਸ ਹੋਣੀ ਚਾਹੀਦੀ ਹੈ। ਇਨ੍ਹਾਂ ਨੇ ਮੋਸ਼ਨ ਦਿੱਤੀ ਹੈ।

**Mr. Speaker** : You please raise some other point, if you have..

**ਸ਼੍ਰੀ ਸਤਨਾਮ ਸਿੰਘ ਕੈਂਥ :** ਸਪੀਕਰ ਸਾਹਿਬ, ਬੜਾ ਸੀਰੀਅਸ ਐਲੀਗੇਸ਼ਨ ਹੈ। (ਸ਼ੋਰ) (ਵਿਘਨ)।

**Expunged as ordered by the Chair.

Original with;
Punjab Vidhan Sabha
Digitized by;
Punjab Digital Library

ਸ੍ਰੀ ਸਪੀਕਰ: ਮੈਂ ਆਲਰੇਡੀ ਜਵਾਬ ਦੇ ਦਿੱਤਾ ਹੈ। ਤੁਸੀਂ ਕਿਰਪਾ ਕਰਕੇ ਬੈਠੋ। ਹੋਰ ਕੁਝ ਕਹੋ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

ਸ੍ਰੀਮਤੀ ਵਿਮਲਾ ਡਾਂਗ : ** ** **

**Mr. Speaker** : Whatever is being said without my permission is not to be recorded. You are repeating same thing what Mr. Mittal and Mr. Kainth has said. You are raising same thing. Resume your seat. (*Interruption and noise*)

ਸ੍ਰੀ ਸਪੀਕਰ: ਹਾਂ ਜੀ, ਛੱਜਲਵੱਡੀ ਜੀ।

ਸਰਦਾਰੀ ਰਣਜੀਤ ਸਿੰਘ ਛੱਜਲਵੱਡੀ: ** ** **

**Mr. Speaker** : You are also repeating the same thing. You are wasting the time of the House. I have given a ruling and that is for everybody. Same thing is not to be repeated again and again. You can file affidavit. I have rejected the motion. Please resume your seat. This is no Point of Order. (*Interruption*) Sathi Ji, what you have to say.

ਸ੍ਰੀ ਵਿਜੇ ਕੁਮਾਰ ਸਾਥੀ: ** ** **

**Mr. Speaker** : You are also repeating the same thing. There is certain procedure. You should have adopted it. Please resume your seat. I have heard you. I have heard all the parties. Please resume your seat. Resume your seat please. This is no Point of Order.

Now, Papers to be laid by the Minister. F.M. Sahib.

## PAPER LAID ON THE TABLE OF THE HOUSE

**Finance Minister (Doctor Kewal Krishan)** : Sir, I beg to lay on the Table the 10th Annual Report of the Punjab Khadi and Village Industries Board for the year 1992-93.

*Expunged as ordered by the Chair.

Original with;
Punjab Vidhan Sabha
Digitized by;
Punjab Digital Library

## LEGISLATIVE BUSINESS

**Mr. Speaker :** The Punjab Panchayati Raj Bill, 1994. Minister to move the Bill.

---

## THE PUNJAB PANCHAYATI RAJ BILL, 1994

**Minister of State for Rural Development and Panchayats (Master Jagir Singh) :** Sir, I beg to introduce the Punjab Panchayati Raj Bill.

Sir, I also beg to move—

That the Punjab Panchayati Raj Bill be taken into consideration at once.

**Mr. Speaker :** Motion moved—

That the Punjab Panchayati Raj Bill be taken into consideration at once.

**Mr. Speaker :** There are 46 Notices of Amendments to various clauses received from Shrimati Vimla Dang, M.L.A., Shri Hardev Arshi, MLA and Comrade Gurnam Singh Dhirowal, MLA. These shall be deemed to have been read and moved.

Master Jagir Singh, Minister of State for Rural Development and Panchayats has also given Notices of Amendment to Clauses 99 and 162. These may be deemed to have been read and moved.

### Clause 2

**Shrimati Vimal Dang**
**Comrade Hardev Arshi**
**Comrade Gurnam Singh Dhirowal** } : That after the definition "Common land", the following explanation shall be added—

"**Explanation :** Village community will also mean a part of the community".

### Clause 3

2. That in the second proviso sub-clause (1) of Clause (3) (page-8) in line 2, for the words "desire", the words "express their desire in the prescribed manner", shall be substituted.

### Clause 10

3. That at Serial No. 1 of the chart for the word figure "200", the figure "199" shall be substituted.

Original with;
Punjab Vidhan Sabha
Digitized by;
Panjab Digital Library

## Clause 12

4. That for the sub-clause (3) of Clause 12, substitute the following–

"Reservation for Backward Classes in the offices of Sarpanches will be decided and notified by the Government from time to time".

## Clause 20

5. That in sub-clause (1) of Clause 20, Part-(e), for the word "misconduct", the words "gross misconduct" shall be substituted.

(ii) That part (f) of sub-clause (1) shall be omitted.

(iii) That sub-clause (3) of Clause 20 shall be omitted.

## Clause 21

6. That the clause 21, shall be omitted.

## Clause 25

7. That in sub-clause 2(b) of Clause 25t he word "recognised by the State Government" shall be omitted.

## Clause 27

8. That in Clause 27, the words "with the previous approval of Panchayat Samiti" shall be omitted.

## Clause 28

9. That for Clause 28, the following shall be substituted –

"Its employees shall be given provident fund and gratuity facilities at par with similar facilities admissible to Government employees".

## Clause 30

10. In part VIII(a) of Clause 30, between the words "house sites" and "within", insert the following—

"to the poor belonging to Scheduled Castes and Backward Classes and other poor".

## Clause 36

10.A. In the said elause for the words "35 and 36" the words "34 and 35" shall be substituted.

## Clause 63

11. That for Clause 63, substitute the following–

"If at any time, it appears to the Gram Panchayat that it has no jurisdiction to try a suite, it shall tell the petitioner in writing that he may file his suite, if so advised in the proper cour.t"

Original with;
Punjab Vidhan Sabha
Digitized by;
Panjab Digital Library

[Shrimati Vimla Dang]

**Clause 85**

12. That the proviso to sub-clause (1) of Clause-85 shall be omitted.

13. That for the proviso to sub-clause (3) of Clause 85, the following shall be substituted—

"Provided that this shall be done after consideration of the views of the Gram Panchayat and for reasons clearly stated in the notification."

**Clause 86**

14. That in the sub-clause (2) of Clause 86, for the words "forty percentum", the words "sixty percentum", shall be substituted.

**Clause 90**

15. That at the end of Clause 90, the following shall be added—

"A report about any amounts written off and reasons for the same will be given to the next meeting of the Gram Sabha".

**Clause 93**

16. That at the end of Clause 93, the following shall be added—

"However no sanction of the Government will be necessary if loan to be taken does not exceed the prescribed amount".

**Clause 99**

17. That in the proviso to sub-clause (1) of Clause 99, for the words "sixty : forty", the words "thirty : seventy", shall be substituted.

(ii) That after sub-clause 1(b) of Clause 99, the following shall be added—

"Provided that each constituency must be contiguous", (iii) That Part (d) of sub-clause (1) of Clause 99 shall be omitted.

(iv) That at the end of sub-clause (2) of Clause 99, the following shall be added—

"However, MLAs will not have the right to vote at all".

**Clause 101**

18. That in part (c) of sub-clause (1) of Clause 101, insert the following between the words "determine" and "the territorial" in the prescribed manner".

**Clause 102**

19. That at the end of sub-clause (1) of Clause 102, the following shall be added—

"In the prescribed manner".

(ii) That at the end of sub-clause (3) of Clause 102, the following shall be added—

"In the Prescribed manner".

Original with;
Punjab Vidhan Sabha
Digitized by;
Panjab Digital Library

(iii) That for sub-clause (4) of Clause 102, the following shall be substituted—

"Seats shall be reserved for Backward Classes also on their proportion in the population subject to a minimum of one".

## Clause 106

20. That at the end of Clause 106, add the following—

"(c) Offices of Chairmen and Vice-Chairmen of Panchayat Samities in the district for persons belonging to Backward Classes shall also be made on population proportion basis subject to a minimum of one".

## Clause 110

21. That Sub-clause (4) of Clause 110 shall be omitted.

## Clause 112

22. That in sub-clause (2) of Clause 112, for the words "a two-third majority", the words "simple majority" shall be substituted.

## Clause 113

23. That in the sub-clause (2) of Clause 113, for the words "misconduct", the word "gross misconduct" shall be substituted.

## Clause 114

24. That part(iii) of sub-clause (2) of Clause 114, shall be omitted.

## Clause 119

25. That in sub-clause (1) of Clause 119, for the heading "Agriculture" the word "Agriculture including Agricultural extension" shall be substituted.

(ii) That at the end of sub-clause (1) of Clause 119, the following shall be added—

"(xiii) land reforms".

## Clause 120

26. That in sub-clause (3) of Clause 120, for the words "such sum as may be determined by the State Government", the words "such sum as may have been actually spent by the Samiti".

## Clause 130

27. That in sub-clause (1) of Clause 130, in line 4, the words "all or", shall be omitted.

## Clause 136

28. That in sub-clause (4) of Clause 136, in line 2, between the words "Committee" and "issue", insert the words "or its Chairman".

Original with;
Punjab Vidhan Sabha
Digitized by;
Panjab Digital Library

[Shrimati Vimla Dang]

## Clause 137

29. That proviso to sub-clause (1) of Clause 137, shall be omitted.

## Clause 155

30. That for sub-clause (1) of Clause 155, the following shall be substituted—

"Terms and conditions of employees of Samitis shall be the same as of their counterparts in the Government service".

## Clause 162

31. That for part (b) of sub-clause (1) of Clause 162, the following shall be substituted—

"Five to be elected by Chairmen of Panchayat Samitis to be elected out of themselves".

(ii) That in sub-clause (1) Part (d) the word "and the members of the State Legislative Council" shall be omitted.

(iii) That after sub-clause (2) of Clause 162, the following proviso shall be added—

"Provided that MLA and MP Members shall not have the right to vote at all".

## Clause 165

31-A. That for sub-clause (4) of Clause 165, the following shall be substituted—

"Seats shall be reserved for Backward Classes too on population proportion basis".

## Clause 173

32. That sub-clause (4) of Clause 173, shall be omitted.

## Clause 175

32.-A That in the sub-clause (1) of Clause 175, in line for the words "two-third majority", the words "simple majority" shall be substituted.

## Clause 181

33. That part (a) of sub-clause 6, of Clause 181 shall be omitted.

(ii) That part (d) of sub-clause 6, of Clause 181, shall be omitted.

## Clause 183

34. That in sub-clause (1) of Clause 183, for the words "all or" shall be omitted.

## Clause 192

35. That in clause 192, the words "the next financial year", the following shall be added—

"for its approval with any changes or amendments which the Parishad may like to make".

Original with;
Punjab Vidhan Sabha
Digitized by;
Panjab Digital Library

## Clause 196

36. That after sub-clause (3) of Clause 196, the following proviso shall be added—

"Provided that Zila Parishad employees will not get any facility or terms and conditions of service less favourable than admissible to their counterparts in Government service".

## Clause 199

37. (i) That part 'c' of sub-clause (1) of Clause 199 shall be omitted.

(ii) That at the end of sub-clause (4) of Clause 199, the following shall be added—

"The State Government shall decide the matter within one month".

## Clause 200

38. That in the proviso to sub-clause (2) of Clause 200, after the word "may", the following shall be added—

"for adequate reasons to be recorded in writing".

## Clause 204

39. That clause 204 shall be omitted.

## Clause 207

40. That clause 207 shall be omitted.

## Clause 208

41. That in part (b) of sub-clause (1) of Clause 208, after the words "found guilty", the following shall be added—

"by a competent authority".

(ii) That part (e) of sub-clause (1) of Clause 208, shall be omitted.

## Clause 217

42. That in sub-clause (2) of Clause 217, parts (a) and (b) shall be re-numbered as parts (b) and (c) and add a new part to be numbered as (a) as under :—

"the Deputy Commissioner if the order has been passed by the Block Development and Panchayats Officer".

## Clause 223

43. That clause 223, shall be omitted.

Original with;
Punjab Vidhan Sabha
Digitized by;
Panjab Digital Library

## Clause 99

1. **Minister of State for Rural Development and Panchayats : (Master Jagir Singh)** : That in Sub-clause (2) of Clause 99 the words "except for electon and removal of its Chairman or Vice Chairman" shall be deleted.

## Clause 162

2. That in sub clause (2) of Clause 162 the words "except in the election of its Chairman and Vice-Chairman" shall be deleted.

**Mr. Speaker** : Discussion.

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਪੁਆਇੰਟ ਆਫ ਆਰਡਰ ਕੀਤਾ ਸੀ, ਤੁਸੀਂ ਸ਼ਾਇਦ ਇਸ ਕਰਕੇ ਅਲਾਓ ਨਹੀਂ ਕੀਤਾ ਕਿ ਮੈਂ ਕੋਈ ਰੇਪੀਟੀਸ਼ਨ ਕਰ ਰਿਹਾ ਹਾਂ। ਮੈਂ ਕੋਈ ਰੇਪੀਟੀਸ਼ਨ ਨਹੀਂ ਕਰ ਰਿਹਾ ਜੋ ਸਾਡੇ ਮਾਨਯੋਗ ਮੈਂਬਰ ਸਾਹਿਬਾਨ ਨੇ ਕਿਹਾ। ਮੈਂ ਸਿਰਫ ਤੁਹਾਡੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਆਪਣੀਆਂ ਮੰਗਾਂ ਲਈ ਹਿੰਦੁਸਤਾਨ ਵਿੱਚ, ਦਿੱਲੀ ਵਿੱਚ ਲੱਖਾਂ ਦੀ ਗਿਣਤੀ ਵਿੱਚ ਲੋਕ ਮੁਜ਼ਾਹਰੇ ਕਰ ਰਹੇ ਹਨ । ਫਿਰੋਜ਼ਪੁਰ ਵਿੱਚ ਪੁਲਿਸ ਨੇ ਮੁਜ਼ਾਹਰਾਕਾਰੀਆਂ ਤੇ ਜਿਹੜੇ ਕਮਿਊਨਿਸਟ ਪਾਰਟੀਆਂ ਨਾਲ ਸਬੰਧਤ ਸਨ, ਬੁਰੀ ਤਰ੍ਹਾਂ ਲਾਠੀਚਾਰਜ ਕੀਤਾ ।

**Finance Minister**; Point of Order should be regarding the business of the House.

**Mr. Speaker** : Regular business has started. Papers have been laid. The Minister has already moved the Bill. Please resume your seat. Now you speak on Panchayati Raj Bill. Discussion. Shri Shamsher Singh Rai.

## WALK-OUT

(At this stage a number of hon. Members from the Opposition benches were standing and speaking which was not heard clearly due to pandemonium in the House.)

(At this stage Members belonging to the B.S.P., B.J.P., C.P.I., S.A.D., C.P.I. (M) and J.D., present in the House. staged a walk-out and while doing so they were raising slogans ** ** **)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker** : Slogans are not to be recorded. Sardar Shamsher Singh Rai.

## THE PUNJAB PANCHAYATI RAJ BILL, 1994 (*Resumption of Consideration*)

**ਸਰਦਾਰ ਸ਼ਮਸ਼ੇਰ ਸਿੰਘ ਰਾਏ (ਚਮਕੌਰ ਸਾਹਿਬ, ਐਸ.ਸੀ.)** : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਪੰਚਾਇਤੀ ਰਾਜ ਬਿੱਲ ਉਤੇ ਬੋਲਣ ਦਾ ਟਾਈਮ ਦਿੱਤਾ ਹੈ। ਭਾਰਤ ਸਰਕਾਰ ਨੇ ਜੋ Directive Principles of state policy ਕੰਸਟੀਚਿਊਸ਼ਨ ਵਿੱਚ ਲਿਆਂਦੇ, ਉਨ੍ਹਾਂ ਦੇ ਮੁਤਾਬਿਕ ਜੋ ਸਭ ਤੋਂ ਵੱਡਾ ਉਪਰਾਲਾ ਸਾਡੀ ਪਾਰਲੀਮੈਂਟ ਨੇ ਸੰਵਿਧਾਨ ਦੀ 73ਵੀਂ ਅਮੈਂਡਮੈਂਟ ਕਰਕੇ ਕੀਤਾ, ਉਸ ਦੇ ਬਾਰੇ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਪਾਰਲੀਮੈਂਟ ਨੇ 73ਵੀਂ ਅਮੈਂਡਮੈਂਟ ਲਿਆ ਕੇ ਮਹਾਤਮਾ ਗਾਂਧੀ ਜੀ ਦੇ ਬਹੁਤ ਵੱਡੇ ਸੁਪਨੇ ਨੂੰ ਸਾਕਾਰ ਕੀਤਾ ਹੈ ਕਿਉਂਕਿ ਉਨ੍ਹਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਬਹੁਤ ਵੱਡੀ ਜੰਗ ਲੜੀ ਔਰ ਆਜ਼ਾਦੀ ਤੋਂ ਬਾਅਦ ਜੋ ਸੰਵਿਧਾਨ ਬਣਿਆ, ਉਸ ਦੇ ਡਾਇਰੈਕਟਿਵ ਪ੍ਰਿੰਸੀਪਲਜ਼ ਆਫ਼ ਸਟੇਟ ਪਾਲਿਸੀ ਜੋ ਹਨ, ਉਨ੍ਹਾਂ ਦੇ ਵਿੱਚ ਇਹ ਲਿਖਿਆ ਹੈ ਕਿ ਜਿਹੜਾ ਰਾਜ ਐਸਟੈਬਲਿਸ਼ ਹੋਵੇਗਾ, ਉਸ ਦੇ ਵਿੱਚ ਜਮਹੂਰੀਅਤ ਪਿੰਡਾਂ ਵਾਲਿਆਂ ਨੂੰ ਦਿੱਤੀ ਜਾਵੇਗੀ ਅਤੇ ਇਥੇ ਪੰਚਾਇਤੀ ਰਾਜ ਸਥਾਪਤ ਕੀਤਾ ਜਾਵੇਗਾ ਜਿਸ ਦੇ ਵਿੱਚ ਪਿੰਡਾਂ ਵਾਲਿਆਂ ਨੂੰ ਅਧਿਕਾਰ ਹੋਵੇਗਾ, ਉਨ੍ਹਾਂ ਦੇ ਜਮਹੂਰੀ ਹੱਕ ਹੋਣਗੇ। ਇਸ ਕਰਕੇ ਇਹ ਜੋ ਮਹਾਤਮਾ ਗਾਂਧੀ ਜੀ ਦਾ ਸੁਪਨਾ ਸੀ, ਉਹ 73ਵੀਂ ਅਮੈਂਡਮੈਂਟ ਲਿਆ ਕੇ ਸਾਕਾਰ ਕੀਤਾ ਗਿਆ ਹੈ। ਜਿਥੇ ਮੈਂ ਪਾਰਲੀਮੈਂਟ ਦਾ ਧੰਨਵਾਦੀ ਹੈ, ਸੈਂਟਰਲ ਗੌਰਮਿੰਟ ਦਾ ਧੰਨਵਾਦੀ ਹਾਂ, ਉਥੇ ਮੈਂ ਅੱਜ ਉਸੇ ਹਿਸਾਬ ਨਾਲ ਆਪਣੇ ਮੁੱਖ ਮੰਤਰੀ ,ਸਰਦਾਰ ਬੇਅੰਤ ਸਿੰਘ ਜੀ ਦਾ ਅਤੇ ਉਨ੍ਹਾਂ ਦੀ ਸਰਕਾਰ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਹ ਬਿੱਲ ਇਸ ਸਦਨ ਵਿਚ ਪੇਸ਼ ਕੀਤਾ ਹੈ। ਇਹ ਇਕ ਬੜੀ ਅੱਛੀ ਸੋਚ ਹੈ ਕਿ ਅਧਿਕਾਰ ਜੋ ਹਨ, ਉਹ ਪਿੰਡਾਂ ਤੱਕ ਦਿੱਤੇ ਜਾਣ। ਪਿੰਡਾਂ ਦੇ ਵਿੱਚ ਜਿਹੜੇ ਲੋਕ ਵਸਦੇ ਹਨ, ਉਨ੍ਹਾਂ ਨੂੰ ਆਪਣੇ ਹੱਕ ਦਿੱਤੇ ਜਾਣ ਤਾਂ ਕਿ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਹੋਵੇ ਕਿ ਅਸੀਂ ਆਪਣੀ ਡਿਵੈਲਪਮੈਂਟ ਕਿਸ ਤਰ੍ਹਾਂ ਕਰਨੀ ਹੈ। ਇਹ ਐਕਟ ਜਿਹੜਾ ਅੱਜ ਅਸੀਂ ਬਣਾਉਣ ਜਾ ਰਹੇ ਹਾਂ, ਇਸ ਦੇ ਵਿੱਚ ਥਰੀ ਟਾਇਰ ਸਿਸਟਮ ਬਣ ਜਾਵੇਗਾ ਕਿਉਂਕਿ ਇਸ ਦੇ ਨਾਲ ਇਕ ਤਾਂ ਪੰਚਾਇਤੀ ਰਾਜ ਹੋਵੇਗਾ, ਪੰਚਾਇਤਾਂ ਹੋਣਗੀਆਂ, ਦੂਸਰਾ ਸੰਮਤੀਆਂ ਹੋਣਗੀਆਂ ਅਤੇ ਸੰਮਤੀਆਂ ਤੋਂ ਬਾਅਦ ਜ਼ਿਲ੍ਹਾ ਪ੍ਰੀਸ਼ਦਾਂ ਹੋਣਗੀਆਂ। ਇਸ ਦੇ ਨਾਲ ਸਮੁੱਚੇ ਹਿੰਦੁਸਤਾਨ ਦੀ ਜੋ ਰਾਜਨੀਤੀ ਹੈ, ਉਸ ਦੇ ਵਿੱਚ ਵੀ ਫਰਕ ਪਵੇਗਾ ਕਿਉਂਕਿ ਥੱਲੇ ਤੋਂ ਜੋ ਵਿਅਕਤੀ ਹੋਵੇਗਾ, ਪਿੰਡਾਂ ਦਾ ਜੋ ਵਿਅਕਤੀ ਹੋਵੇਗਾ, ਉਸ ਨੂੰ ਇਸ ਗੱਲ ਦੀ ਸਮਝ ਆਵੇਗੀ ਕਿ ਅਸੀਂ ਪੰਚਾਇਤਾਂ ਵਿੱਚ ਕਿਸ ਤਰ੍ਹਾਂ ਕੰਮ ਕਰਨਾ ਹੈ, ਸੰਮਤੀਆਂ ਵਿੱਚ ਕੰਮ ਕਿਵੇਂ ਕਰਨਾ ਹੈ ਅਤੇ ਜ਼ਿਲਾ ਪ੍ਰੀਸ਼ਦਾਂ ਵਿੱਚ ਕੰਮ ਕਿਵੇਂ ਕਰਨਾ ਹੈ। ਇਸ ਦੇ ਨਾਲ ਸਾਡੀ ਬਹੁਤ ਡਿਵੈਲਪਮੈਂਟ ਹੋਵੇਗੀ, ਲੋਕਾਂ ਵਿੱਚ ਸੂਝ ਬੂਝ ਹੋਵੇਗੀ ਔਰ ਉਨ੍ਹਾਂ ਨੂੰ ਰਾਜ ਕਰਨ ਦਾ ਵਕਤ ਮਿਲੇਗਾ। ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲੱਗੇਗਾ ਕਿ ਪਿੰਡਾਂ ਦੇ ਵਿੱਚ ਕੀ ਕੀ ਲੋੜ ਹੈ, ਉਹ ਪਿੰਡਾਂ ਦੇ ਲੋਕਾਂ ਵਾਸਤੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸ਼ਮਸ਼ੇਰ ਸਿੰਘ ਰਾਏ]

ਕੀ ਕੁਝ ਕਰ ਸਕਦੇ ਹਨ, ਪੰਚਾਇਤਾਂ ਵਿੱਚ, ਸੰਮਤੀਆਂ ਵਿੱਚ ਅਤੇ ਜ਼ਿਲਾ ਪ੍ਰੀਸ਼ਦਾਂ ਵਿਚ ਆ ਕੇ ਪਿੰਡਾਂ ਦੇ ਲੋਕਾਂ ਦੀ ਕਿਸ ਤਰ੍ਹਾਂ ਸੇਵਾ ਕਰ ਸਕਦੇ ਹਨ। ਇਸ ਦੇ ਵਿੱਚ, ਸਪੀਕਰ ਸਾਹਿਬ, ਸਭ ਤੋਂ ਵੱਡੀ ਗੱਲ ਇਹ ਹੈ ਕਿ ਡਾਇਰੈਕਟ ਇਲੈਕਸ਼ਨ ਰੱਖੀ ਗਈ ਹੈ। ਇਸ ਦੇ ਵਿੱਚ ਬਲਾਕ ਸੰਮਤੀਆਂ ਦੀ ਇਲੈਕਸ਼ਨ ਰੱਖੀ ਗਈ ਹੈ ਅਤੇ ਇਸ ਦੇ ਵਿੱਚ 60:40 ਦੀ ਰੇਸ਼ੋ ਰੱਖੀ ਗਈ ਹੈ। ਇਸ ਦੇ ਵਿੱਚ ਸਮੁੱਚੀ ਪ੍ਰਤੀਨਿਧਤਾ ਲੋਕਾਂ ਨੂੰ ਦਿੱਤੀ ਗਈ ਹੈ। ਇਸ ਦੇ ਵਿੱਚ ਇਹ ਵੀ ਕਿਹਾ ਹੈ ਕਿ ਡਾਇਰੈਕਟ ਇਲੈਕਸ਼ਨ ਸਰਪੰਚਾਂ ਵਲੋਂ ਹੋਵੇਗੀ ਜਿਸ ਦੇ ਵਿੱਚ 60 ਪ੍ਰਤੀਸ਼ਤ ਨਾਮਜ਼ਦ ਹੋਣਗੇ ਅਤੇ 40 ਪ੍ਰਤੀਸ਼ਤ ਡਾਇਰੈਕਟ ਇਲੈਕਸ਼ਨ ਹੋਵੇਗੀ। ਜਿਥੇ 15 ਹਜ਼ਾਰ ਦੀ ਆਬਾਦੀ ਹੋਵੇਗੀ, ਉਥੇ ਇਹ ਇਲੈਕਸ਼ਨ ਹੋਵੇਗੀ। ਇਹ ਇਕ ਅੱਛੀ ਸੂਝ ਹੈ ਜਿਸ ਦੇ ਨਾਲ ਲੋਕੀਂ ਆਪਣੀ ਸੋਚ ਵਿਚਾਰ ਕਰਕੇ ਤਹਿ ਕਰ ਸਕਣਗੇ ਕਿ ਕਿਵੇਂ ਕੀ ਕਰਨਾ ਹੈ ਅਤੇ ਡਿਵੈਲਪਮੈਂਟ ਅੱਗੇ ਕਿਸ ਤਰ੍ਹਾਂ ਕਰਨੀ ਹੈ। ਇਸ ਤਰ੍ਹਾਂ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਪ੍ਰੀਸ਼ਦ ਦੀ ਜੋ ਕੰਸਟ੍ਰਕਸ਼ਨ ਹੈ, ਉਸ ਦੇ ਵਿੱਚ ਵੀ ਬੜੀ ਅੱਛੀ ਸੋਚ ਹੈ। ਜਿਸ ਤਰ੍ਹਾਂ ਅਸੀਂ ਪੰਜਾਬ ਅਸੈਂਬਲੀ ਦੀਆਂ ਸੀਟਾਂ ਲਈ ਲੜਦੇ ਹਾਂ, ਇਸੇ ਤਰ੍ਹਾਂ ਉਥੇ ਵੀ ਇਲੈਕਸ਼ਨ ਹੋਣਗੇ ਔਰ ਡਾਇਰੈਕਟ ਇਲੈਕਸ਼ਨ ਹੋਣਗੇ ਜਿਥੇ 50 ਹਜ਼ਾਰ ਦੀ ਆਬਾਦੀ ਵਿੱਚ ਲੋਕ ਹੋਣਗੇ। ਡਾਇਰੈਕਟ ਇਲੈਕਸ਼ਨ ਹੋ ਕੇ ਜੋ ਜ਼ਿਲ੍ਹਾ ਪ੍ਰੀਸ਼ਦ ਬਣੇਗਾ, ਉਸ ਦੇ ਵਿੱਚ ਉਨ੍ਹਾਂ ਦਾ ਚੇਅਰਮੈਨ ਅਤੇ ਵਾਈਸ ਚੇਅਰਮੈਨ ਹੋਵੇਗਾ ਔਰ ਜੋ ਸਾਡੀ ਬਾਡੀ ਹੋਵੇਗੀ, ਉਸ ਦੇ ਵਿੱਚ ਸੰਮਤੀ ਦੇ ਮੈਂਬਰ ਵੀ ਹੋਣਗੇ। ਜੋ ਬਾਡੀ ਬਣੇਗੀ, ਉਸ ਦੇ ਕੋਲ ਸਾਰਾ ਕੰਮ ਆ ਜਾਵੇਗਾ ਔਰ ਉਸ ਦੇ ਵਿੱਚ ਸਮੁੱਚੇ ਲੋਕ ਪਿੰਡਾਂ ਦੇ ਹੋਣਗੇ ਜੋ ਪਿੰਡਾਂ ਦੀ ਬਿਹਤਰੀ ਲਈ ਡਿਵੈਲਪਮੈਂਟ ਦੇ ਕੰਮ ਕਰ ਸਕਣਗੇ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਗਿਆਨ ਪ੍ਰਾਪਤ ਹੋਵੇਗਾ ਕਿ ਸਾਡੀਆਂ ਕੀ ਕੀ ਲੋੜਾਂ ਹਨ, ਕੀ ਕੀ ਮੁਸ਼ਕਲਾਂ ਹਨ ਅਤੇ ਉਹ ਕਿਵੇਂ ਪੂਰੀਆਂ ਹੋ ਸਕਦੀਆਂ ਹਨ ਔਰ ਡੀਮਾਂਡ ਕਰਨ ਤੋਂ ਬਾਅਦ ਜੋ ਉਨ੍ਹਾਂ ਨੂੰ ਲੋੜ ਹੋਵੇਗੀ, ਉਹ ਆਪ ਪਾਸ ਕਰਨਗੇ। ਇਸ ਤਰ੍ਹਾਂ ਨਾਲ ਉਹ ਆਪਣੀਆਂ ਲੋੜਾਂ ਦੇ ਮੁਤਾਬਿਕ ਫੰਡਜ਼ ਮੰਗਣਗੇ ਔਰ ਆਪ ਹੀ ਯੂਟੇਲਾਈਜ਼ ਕਰਨਗੇ। ਇਸ ਤਰ੍ਹਾਂ ਨਾਲ ਉਨ੍ਹਾਂ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ।

ਇਸ ਤੋਂ ਅਗਲੀ ਗੱਲ ਮੈਂ ਇਹ ਕਰਨੀ ਹੈ ਕਿ ਇਸ ਵਿਚ ਜਿਹੜੀ ਸਭ ਤੋਂ ਵੱਡੀ ਗੱਲ ਹੈ, ਉਹ ਇਹ ਹੈ ਕਿ ਇਸ ਵਿਚ ਜਿੰਨੇ ਵੀ ਮੈਂਬਰ ਚੁਣੇ ਜਾਣਗੇ, ਉਨ੍ਹਾਂ ਵਿਚ ਲੇਡੀਜ਼ ਔਰ ਸ਼ਡਿਊਲਡ ਕਾਸਟਸ ਨੂੰ ਪ੍ਰਤੀਨਿਧਤਾ ਦਿੱਤੀ ਗਈ ਹੈ। ਜਿਹੜੇ ਸ਼ਡਿਊਲਡ ਕਾਸਟਸ ਇਲੈਕਸ਼ਨ ਲੜ ਕੇ ਆਉਣਗੇ, ਜ਼ਿਲ੍ਹਾ ਪ੍ਰੀਸ਼ਦਾਂ ਔਰ ਪੰਚਾਇਤ ਸੰਮਤੀਆਂ ਵਿਚ, ਉਨ੍ਹਾਂ ਨੂੰ ਪੂਰੀ ਪ੍ਰਤੀਨਿਧਤਾ ਦਿੱਤੀ ਜਾਵੇਗੀ। ਮੈਂ ਸਮਝਦਾ ਹਾਂ ਕਿ ਇਹ ਬਹੁਤ ਵੱਡਾ ਉਪਰਾਲਾ ਇਸ ਬਿੱਲ ਵਿਚ ਕੀਤਾ ਗਿਆ ਹੈ। ਹੁਣ ਤਕ ਤਾਂ ਸਿਰਫ 25 ਪ੍ਰਤੀਸ਼ਤ ਹੀ ਰਿਜ਼ਰਵੇਸ਼ਨ ਦਿੱਤੀ ਜਾਂਦੀ ਸੀ ਪਰ ਹੁਣ ਤਾਂ ਸਰਕਾਰ ਨੇ ਆਬਾਦੀ ਨਾਲ ਪ੍ਰਤੀਨਿਧਤਾ ਰੱਖ ਦਿੱਤੀ ਹੈ ਤਾਂ ਕਿ ਕੋਈ ਝਮੇਲਾ ਹੀ ਨਾ ਰਹਿ ਜਾਵੇ। ਇਸ ਨਾਲ ਸ਼ਡਿਊਲਡ ਕਾਸਟਸ ਨੂੰ ਉਨ੍ਹਾਂ ਦੀ ਅਬਾਦੀ ਦੇ ਹਿਸਾਬ ਨਾਲ ਪੂਰੀ ਪ੍ਰਤੀਨਿਧਤਾ

Original with;
Punjab Vidhan Sabha
Digitized by;
Panjab Digital Library

ਮਿਲ ਜਾਵੇਗੀ। ਇਸੇ ਤਰ੍ਹਾਂ ਹੀ ਲੇਡੀਜ਼ ਨੂੰ ਪ੍ਰਤੀਨਿਧਤਾ ਵਨ ਥਰਡ ਦਿੱਤੀ ਗਈ ਹੈ। ਉਨ੍ਹਾਂ ਦੀ ਅਬਾਦੀ ਤਾਂ ਭਾਵੇਂ ਤਕਰੀਬਨ 50 ਪ੍ਰਤੀਸ਼ਤ ਹੀ ਹੈ ਅਤੇ ਇਹ ਰਿਜ਼ਰਵੇਸ਼ਨ ਥੋੜ੍ਹੀ ਘੱਟ ਹੈ ਪਰ ਫਿਰ ਵੀ ਲੇਡੀਜ਼ ਦੀ ਪ੍ਰਤੀਨਿਧਤਾ ਪਹਿਲੇ ਨਾਲੋਂ ਕਾਫੀ ਅੱਗੇ ਆਈ ਹੈ।

ਇਸ ਤੋਂ ਬਾਅਦ, ਸਪੀਕਰ ਸਾਹਿਬ, ਜਿਹੜੀ ਇੰਪਾਰਟੈਂਟ ਗੱਲ ਇਸ ਬਿੱਲ ਵਿਚ ਦੱਸੀ ਗਈ ਹੈ, ਉਹ ਇਹ ਹੈ ਕਿ ਇਹ ਦੋਨੋਂ ਸੰਸਥਾਵਾਂ ਬਰਾਬਰ ਚਲਣਗੀਆਂ। ਜੋ ਪੰਚਾਇਤ ਸੰਮਤੀਆਂ ਦੇ ਰਾਈਟ ਹੋਣਗੇ, ਉਹ ਹੀ ਜ਼ਿਲ੍ਹਾ ਪ੍ਰੀਸ਼ਦਾਂ ਦੇ ਵੀ ਹੋਣਗੇ। ਜ਼ਿਲ੍ਹਾ ਪ੍ਰੀਸ਼ਦ ਵਾਚ ਵੀ ਕਰੇਗੀ ਔਰ ਸੁਪਰਵਾਈਜ਼ ਵੀ ਕਰੇਗੀ। ਇਸ ਤਰ੍ਹਾਂ ਨਾਲ, ਮੈਂ ਸਮਝਦਾ ਹਾਂ ਕਿ, ਜ਼ਿਲ੍ਹਾ ਪ੍ਰੀਸ਼ਦਾਂ ਔਰ ਪੰਚਾਇਤ ਸੰਮਤੀਆਂ ਦਾ ਚੰਗਾ ਤਾਲਮੇਲ ਹੋਵੇਗਾ ਔਰ ਇਹ ਬਾਡੀਜ਼ ਸਰਕਾਰ ਨਾਲ ਮਿਲਕੇ ਆਪਣੀਆਂ ਡਿਮਾਂਡਜ਼ ਰੱਖਣਗੀਆਂ। ਇਸ ਤਰ੍ਹਾਂ ਨਾਲ ਸਰਕਾਰ ਦਾ ਉਪਰਲੇ ਲੈਵਲ ਤੋਂ ਹੇਠਲੇ ਲੈਵਲ ਤੱਕ ਪੂਰਾ ਧਿਆਨ ਰਹਿ ਜਾਵੇਗਾ ਔਰ ਲੋਕਾਂ ਨੂੰ ਵੀ ਮਹਿਸੂਸ ਹੋਵੇਗਾ ਕਿ ਉਹ ਆਪਣੇ ਕੰਮ ਆਪ ਕਰਵਾ ਸਕਦੇ ਹਨ ਔਰ ਜਿਨ੍ਹਾਂ ਚੀਜ਼ਾਂ ਦੀ ਲੋੜ ਹੋਵੇਗੀ, ਉਹ ਆਪਣੀਆਂ ਸੰਸਥਾਵਾਂ ਰਾਹੀਂ ਪਾਸ ਕਰਵਾ ਸਕਣਗੇ।

ਇਸ ਤੋਂ ਇਲਾਵਾ ਇਸ ਬਿੱਲ ਦੇ ਤਹਿਤ ਹੋਰ ਵੀ ਕਈ ਗੱਲਾਂ ਆਈਆਂ ਹਨ। ਇਸ ਦੇ ਵਿਚ ਜ਼ਿਲ੍ਹਾ ਪ੍ਰੀਸ਼ਦਾਂ ਔਰ ਪੰਚਾਇਤ ਸੰਮਤੀਆਂ ਲਈ ਸੈਪਰੇਟ ਪਾਵਰਜ਼ ਰੱਖੀਆਂ ਗਈਆਂ ਹਨ। ਇਹ ਵੀ ਚੰਗੀ ਗੱਲ ਕੀਤੀ ਗਈ ਹੈ।

ਇਕ ਗੱਲ ਮੈਂ ਹੋਰ ਇਹ ਕਹਿਣੀ ਹੈ ਕਿ ਇਨ੍ਹਾਂ ਦੋਨਾਂ ਦੇ ਕਾਂਸਟੀਚਿਊਸ਼ਨ ਦੇ ਮੁਤਾਬਿਕ ਇਲੈਕਸ਼ਨ ਹੋਣਗੇ ਔਰ ਇਹ ਦੋਨੋਂ ਬਾਡੀਜ਼ ਕਾਂਸਟੀਚਿਊਸ਼ਨ ਦੇ ਮੁਤਾਬਿਕ ਹੀ ਚਲਣਗੀਆਂ। ਜਦੋਂ ਆਪਣੇ ਕੰਮਾਂ ਵਾਸਤੇ ਫੰਡਜ਼ ਦੀ ਲੋੜ ਪਵੇਗੀ ਤਾਂ ਇਹ ਆਪਣੀ ਡਿਮਾਂਡ ਸਰਕਾਰ ਪਾਸ ਰੱਖਣਗੇ। ਇਨ੍ਹਾਂ ਦੀਆਂ ਡੀਮਾਂਡਜ਼ ਦਾ ਇਕ ਚਾਰਟ ਬਣੇਗਾ ਔਰ ਲੋੜ ਦੇ ਮੁਤਾਬਿਕ ਫੰਡਜ਼ ਉਪਲਬਧ ਕੀਤੇ ਜਾਣਗੇ। ਇਸ ਨਾਲ ਲੋਕ ਰਾਏ ਕਾਇਮ ਹੋਵੇਗੀ ਔਰ ਕਾਂਸਟੀਚਿਊਸ਼ਨ ਦੇ ਪਰੋਸੀਜ਼ਰ ਦੇ ਮੁਤਾਬਿਕ ਹੀ ਇਲੈਕਸ਼ਨ ਕਰਾਏ ਜਾਣਗੇ, ਕੋਈ ਗੜਬੜ ਨਹੀਂ ਹੋਵੇਗੀ।

ਸਪੀਕਰ ਸਾਹਿਬ, ਪਿਛੇ ਦੇਖਿਆ ਗਿਆ ਹੈ ਕਿ ਕਈ ਕਈ ਸਾਲ ਪੰਚਾਇਤਾਂ ਦੀਆਂ ਇਲੈਕਸ਼ਨਾਂ ਪੰਜਾਬ ਵਿਚ ਨਹੀਂ ਹੋਈਆਂ। ਇਸ ਕਰਕੇ ਮੇਰੀ ਬੇਨਤੀ ਹੈ ਕਿ ਅੱਗੇ ਵਾਸਤੇ ਇਹ ਪੱਕਾ ਹੋ ਜਾਵੇ ਅਤੇ ਇਹ ਮੈਂਡੇਟਰੀ ਪਰੋਵੀਜ਼ਨ ਬਿੱਲ ਵਿਚ ਕਰ ਦਿੱਤੀ ਜਾਵੇ ਕਿ ਇਹ ਇਲੈਕਸ਼ਨ ਟਾਈਮ ਸਿਰ ਹੋਇਆ ਕਰਨਗੇ। ਇਸ ਕਾਂਸਟੀਚਿਊਸ਼ਨਲ ਪਰੋਵੀਜ਼ਨ ਦੇ ਨਾਲ ਸਰਕਾਰ ਨੇ ਇਕ ਬਹੁਤ ਵੱਡਾ ਉਪਰਾਲਾ ਕੀਤਾ ਹੈ। ਇਹ ਸਰਦਾਰ ਬੇਅੰਤ ਸਿੰਘ ਨੇ ਕੀਤਾ ਹੈ ਅਤੇ ਇਸ ਦੇ ਲਈ ਇਹ ਵਧਾਈ ਦੇ ਪਾਤਰ ਹਨ। ਇਸ ਦੇ ਨਾਲ ਲੋਕਾਂ ਦਾ ਰਾਜ ਕਾਇਮ ਹੋ ਸਕੇਗਾ ਅਤੇ ਲੋਕਾਂ ਨੂੰ ਇਲੈਕਸ਼ਨਾਂ ਵਿਚ ਹਿੱਸਾ ਲੈਣ ਦਾ ਮੌਕਾ ਮਿਲੇਗਾ। ਮੇਰੀ ਬੇਨਤੀ ਹੈ ਕਿ ਇਸ ਬਿਲ ਨੂੰ ਪਾਸ ਕਰ ਦਿੱਤਾ ਜਾਵੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਸਰਦਾਰ ਨਿਰਮਲ ਸਿੰਘ ਨਿੰਮਾ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਨਿਰਮਲ ਸਿੰਘ ਨਿੰਮਾ ਬੋਲਣ ਲਈ ਖੜ੍ਹੇ ਨਹੀਂ ਹੋਏ)

ਨਾਂ ਤਾਂ ਭੇਜਿਆ ਸੀ, ਫੇਰ ਖੜ੍ਹੇ ਕਿਉਂ ਨਹੀਂ ਹੋਏ ? ਕੀ ਗੱਲ ਜ਼ਰੂਰਤ ਨਹੀਂ ਪਈ ਬੋਲਣ ਦੀ ? ਹਾਂ ਜੀ, ਮਿੱਤਲ ਜੀ ।

**ਸ੍ਰੀ ਮਦਨ ਮੋਹਨ ਮਿੱਤਲ (ਨੰਗਲ):** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿੱਲ ਉਤੇ ਬੋਲਣ ਲਈ ਮੌਕਾ ਦਿੱਤਾ ਹੈ । ਇਹ ਜਿਹੜਾ ਤਰਮੀਮੀ ਬਿੱਲ ਹਾਊਸ ਵਿਚ ਲਿਆਂਦਾ ਗਿਆ ਹੈ, ਇਹ ਪਹਿਲਾਂ ਲੋਕ ਸਭਾ ਨੇ ਪਾਸ ਕਰ ਦਿੱਤਾ ਹੈ ਅਤੇ ਸੰਵਿਧਾਨਿਕ ਪ੍ਰੋਵੀਜ਼ਨ ਕਰਕੇ ਇਸ ਬਿੱਲ ਨੂੰ ਹਾਊਸ ਵਿਚ ਇੰਟਰੋਡਿਊਸ ਕੀਤਾ ਗਿਆ ਹੈ। ਇਸ ਬਿੱਲ ਰਾਹੀਂ ਪੰਜਾਬ ਵਿਚ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਇਲੈਕਸ਼ਨਾਂ ਹੋ ਸਕਣਗੀਆਂ ਅਤੇ ਇਸ ਦੇ ਨਾਲ ਪਾਵਰਜ਼ ਨੂੰ ਡੀਸੈਂਟਰੇਲਾਈਜ਼ ਕੀਤਾ ਗਿਆ ਹੈ ਜਿਸ ਦੇ ਨਾਲ ਲੋਕਾਂ ਦੇ ਹੱਥ ਵਿਚ ਪਾਵਰਜ਼ ਦਿੱਤੀਆਂ ਗਈਆਂ ਪਰ ਦੂਜੇ ਪਾਸੇ ਸਰਕਾਰ ਵਲੋਂ ਇਹ ਪਾਵਰਜ਼ ਖਿੱਚੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਸਰਕਾਰ ਵਲੋਂ ਦੂਸਰਾ ਬਿੱਲ ਇਸ ਹਾਊਸ ਵਿਚ ਮਿਊਂਸਿਪਲ ਬਿੱਲ ਆ ਰਿਹਾ ਹੈ। After this Bill comes into force, within six months, the elections will be heid. ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਪਿਛਲੇ 20 ਸਾਲਾਂ ਤੋਂ ਪੰਜਾਬ ਵਿਚ ਪੰਚਾਇਤ ਸੰਮਿਤੀਆਂ ਜ਼ਿਲ੍ਹਾ ਪ੍ਰੀਸ਼ਦਾਂ ਦੇ ਇਲੈਕਸ਼ਨ ਨਹੀਂ ਹੋਏ ਹਨ। ਇਸ ਗੱਲ ਦੀ ਇਸ ਬਿੱਲ ਵਿਚ ਗਰੰਟੀ ਨਹੀਂ ਦਿੱਤੀ ਗਈ । ਇਸ ਬਿੱਲ ਦੇ ਪਾਸ ਹੋਣ ਤੋਂ ਬਾਅਦ ਸੈਕਸ਼ਨ-98 ਰਾਹੀਂ ਗੌਰਮਿੰਟ ਨੋਟੀਫਿਕੇਸ਼ਨ ਕਰਕੇ ਇਲੈਕਸ਼ਨ ਕਰਵਾਏਗੀ । Government should not be empowered with the discretion to hold or not to hold the elections, according to its convenience. ਸਰਕਾਰ ਦੀ ਜੋ ਨੀਅਤ ਹੈ ਉਹ ਸਾਫ ਨਜ਼ਰ ਨਹੀਂ ਆ ਰਹੀ। ਇਹ ਸੰਵਿਧਾਨਿਕ ਪ੍ਰੋਵੀਜ਼ਨ ਦੀ ਪਾਲਣਾ ਪੂਰੀ ਕਰਨ ਲਈ ਕਰ ਰਹੇ ਹਨ । ਇਨ੍ਹਾਂ ਨੂੰ ਇਸ ਬਿੱਲ ਦੇ ਵਿਚ ਲਿਖ ਦੇਣਾ ਚਾਹੀਦਾ ਸੀ ਕਿ ਗਵਰਨਰ ਸਾਹਿਬ ਦੀ ਮਨਜ਼ੂਰੀ ਮਿਲਣ ਤੋਂ ਬਾਅਦ 6 ਮਹੀਨਿਆਂ ਦੇ ਵਿਚ ਅਸੀਂ ਇਲੈਕਸ਼ਨਾਂ ਕਰਵਾ ਦੇਵਾਂਗੇ ਔਰ ਸਾਡੀ ਤਸੱਲੀ ਹੋ ਜਾਂਦੀ ਕਿ ਸਰਕਾਰ ਵਾਕਈ ਗਰੰਟੀ ਦੇ ਰਹੀ ਹੈ ਕਿ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ 6 ਮਹੀਨਿਆਂ ਦੇ ਵਿਚ ਹੋ ਜਾਣਗੀਆਂ। ਇਹ ਚੀਜ਼ ਨਾ ਲਿਖ ਕੇ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਸ਼ੱਕ ਪੈਦਾ ਕਰ ਦਿੱਤੀ ਗਈ ਹੈ। ਇਹ ਠੀਕ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਉਹ ਪਿੰਡਾਂ ਦੇ ਵਿਚ ਲੋਕ ਰਾਜ ਪੈਦਾ ਕਰਨਾ ਚਾਹੁੰਦੇ ਹਨ। ਮੈਂ ਤਾਂ ਕਹਿੰਦਾ ਹਾਂ ਕਿ ਪੰਜਾਬ ਵਿਚ ਦੁਬਾਰਾ ਪੰਚਾਇਤਾਂ ਦੀਆਂ ਇਲੈਕਸ਼ਨਾਂ ਕਰਵਾਇਓ ਤਾਂ ਕਿ ਜਿਹੜੇ ਲੋਕ ਨੂੰ ਠੀਕ ਤਰੀਕੇ ਨਾਲ ਚੋਣਾਂ ਵਿਚ ਹਿੱਸਾ ਲੈਣ ਦਾ ਮੌਕਾ ਨਹੀਂ ਮਿਲਿਆ, ਉਹ ਮੌਕਾ ਉਨ੍ਹਾਂ ਨੂੰ ਮਿਲ ਸਕੇ । ਵੀਕਰ ਸੈਕਸ਼ਨ ਦੇ ਲਈ ਜਿਹੜੀ ਪ੍ਰੋਵੀਜ਼ਨ ਕੀਤੀ ਗਈ ਹੈ, ਉਸ ਵਾਸਤੇ ਪਰੋਸੈਸ ਤੁਸੀਂ ਦੁਬਾਰਾ ਕਰਨਾ ਹੀ ਹੈ। ਫੇਰ ਕਿਉਂ ਨਾ ਸਾਰੇ ਪਰੋਸੈਸ ਨੂੰ ਹੀ ਰਿਪੀਟ ਕਰ ਲਿਆ ਜਾਵੇ ਅਤੇ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਇਲੈਕਸ਼ਨਾਂ ਦੇ

Original with;
Punjab Vidhan Sabha
Digitized by;
Panjab Digital Library

ਨਾਲ ਹੀ ਪੰਚਾਇਤਾਂ ਦੀਆਂ ਇਲੈਕਸ਼ਨਾਂ ਵੀ ਹੋ ਜਾਣ। ਵੀਕਰ ਸੈਕਸ਼ਨ ਦੀਆਂ ਪੋਸਟਾਂ ਨੂੰ ਫਿੱਲ ਅੱਪ ਕਰਵਾਉਣ ਲਈ ਇਹ ਪਰੋਸੈਸ ਦੁਬਾਰਾ ਤੁਹਾਨੂੰ ਕਰਨਾ ਪਵੇਗਾ। ਇਸ ਤਰੀਕੇ ਨਾਲ ਵੱਧ ਤੋਂ ਵੱਧ ਲੋਕ ਇਲੈਕਸ਼ਨਾਂ ਦੇ ਵਿਚ ਪਾਰਟੀਸੀਪੇਟ ਕਰ ਸਕਣਗੇ ਅਤੇ ਪੰਚਾਇਤਾਂ ਮੁੜ ਚੁਣੀਆਂ ਜਾਣਗੀਆਂ। ਇਸ ਬਿੱਲ ਵਿਚ ਪਰੋਵਾਈਡਿਡ ਹੈ ਕਿ ਇਲੈਕਸ਼ਨ ਕਮਿਸ਼ਨ ਮੁਕੱਰਰ ਕੀਤਾ ਜਾਵੇਗਾ ਜੋ ਇਨ੍ਹਾਂ ਦੀਆਂ ਇਲੈਕਸ਼ਨਾਂ ਨੂੰ ਹੋਲਡ ਕਰਵਾਏਗਾ ਪਰ ਹਾਲੇ ਤੱਕ ਇਸ ਇਲੈਕਸ਼ਨ ਕਮਿਸ਼ਨ ਦੀ ਸੈਟ ਅੱਪ ਹੀ ਨਹੀਂ ਕੀਤੀ ਗਈ। ਸਰਕਾਰ ਨੇ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਕਿਹਾ ਸੀ ਕਿ ਉਹ ਬਿੱਲ ਲਿਆਉਣਗੇ ਤਾਂ ਕਿ ਇਲੈਕਸ਼ਨ ਹੋਲਡ ਹੋ ਸਕਣ। ਇਸ ਤਰ੍ਹਾਂ ਸਰਕਾਰ ਦੀ ਨੀਅਤ ਸਾਫ ਨਜ਼ਰ ਨਹੀਂ ਆ ਰਹੀ। ਤੁਸੀਂ ਕਾਂਸਟੀਚਿਊਸ਼ਨਲ ਓਬਲੀਗੇਸ਼ਨ ਪੂਰੀ ਕਰ ਰਹੇ ਹੋ। ਤੁਸੀਂ ਪੰਚਾਇਤ ਸੰਮਤੀਆਂ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਨਗਰ ਪਾਲਿਕਾਵਾਂ ਦੇ ਬਿੱਲ ਲਿਆ ਕੇ ਆਪਣੀ ਕਾਂਸਟੀਚਿਊਸ਼ਨਲ ਜ਼ਿੰਮੇਵਾਰੀ ਪੂਰੀ ਕਰ ਰਹੇ ਹੋ। ਤੁਸੀਂ ਦੂਸਰੇ ਬਿੱਲ ਵੀ ਲੈ ਆਓ ਤਾਂ ਕਿ ਇਹ ਇਲੈਕਸ਼ਨ ਇੰਡੀਪੈਂਡੈਂਟ ਏਜੰਸੀ ਰਾਹੀਂ ਹੋਲਡ ਹੋ ਸਕਣ। ਇਹ ਮਸ਼ੀਨਰੀ ਹਾਲੇ ਤੱਕ ਕਾਇਮ ਨਹੀਂ ਹੋਈ। ਬਹੁਤ ਸਾਰੇ ਲੋਕਾਂ ਨੇ ਪਿਛਲੀਆਂ ਪੰਚਾਇਤਾਂ ਦੀਆਂ ਇਲੈਕਸ਼ਨਾਂ ਦੇ ਵਿਚ ਪਟੀਸ਼ਨਾਂ ਦਾਇਰ ਕੀਤੀਆਂ ਸਨ ਅਤੇ ਸਰਕਾਰ ਵਲੋਂ ਆਰਡਰ ਸਨ ਕਿ ਇਨ੍ਹਾਂ ਪਟੀਸ਼ਨਾਂ ਨੂੰ ਇਕ ਹਫਤੇ ਵਿਚ ਕਲੀਅਰ ਕਰ ਦਿਓ ਜਿਸ ਨਾਲ ਬਹੁਤ ਸਾਰੀਆਂ ਪਟੀਸ਼ਨਾਂ ਡਿਸਮਿਜ਼ ਹੋ ਗਈਆਂ। We do'nt want to see more election petitions. We want to show to the public that elections have been held fairly, although there were many irregularities in the elections. ਸੋ, ਸਪੀਕਰ ਸਾਹਿਬ, ਮੈਂ ਨਿਵੇਦਨ ਕਰਨਾ ਚਾਹੁੰਦਾ ਹਾਂ ਕਿ ਇਸ ਬਿੱਲ ਤੋਂ ਬਗੈਰ ਉਹ ਬਿੱਲ ਵੀ ਨਾਲ ਹੀ ਆਉਣਾ ਚਾਹੀਦਾ ਸੀ ਤਾਂ ਕਿ ਪਰਾਪਰ ਢੰਗ ਦੇ ਨਾਲ ਇਲੈਕਸ਼ਨ ਹੋ ਸਕਦੇ। Otherwise, it will be an exercise in futility. ਇੱਕ ਗੱਲ ਹੋਰ, ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਦੋ ਅਮੈਂਡਮੈਂਟ ਭੇਜ ਦਿੱਤੀਆਂ ਕਿ ਕਲਾਜ਼ 99 ਦੀ ਸਬ ਕਲਾਜ਼ (2) ਵਿਚ ਇਹ ਚੀਜ਼ ਡਿਲੀਟ ਕਰ ਦਿਉ। "Except for election and removal of its Chairman or Vice-Chairman". ਇਸ ਅਨੁਸਾਰ ਜਿਹੜੇ ਮੈਂਬਰ ਸਰਕਾਰ ਨੇ ਸਿਲੈਕਟ ਕੀਤੇ ਹੋਣਗੇ, ਉਨ੍ਹਾਂ ਨੂੰ ਵੀ ਵੋਟ ਦਾ ਅਧਿਕਾਰ ਦੇ ਦਿਤਾ। ਕੋਆਪਰੇਟਿਵ ਡਿਪਾਰਟਮੈਂਟ ਵਿਚ ਵੀ ਇਸੇ ਤਰ੍ਹਾਂ ਚਲਦਾ ਹੈ। ਸਰਕਾਰ ਜਿਹੜੇ ਮੈਂਬਰ ਡਾਇਰੈਕਟ ਨਾਮੀਨੇਟ ਕਰਦੀ ਹੈ, ਉਨ੍ਹਾਂ ਨੂੰ ਵੋਟ ਪਾਉਣ ਦਾ ਅਧਿਕਾਰ ਦੇਣਾ, ਮੈਂ ਸਮਝਦਾ ਹਾਂ ਕਿ ਗਲਤ ਹੈ। ਜੋ ਉਨ੍ਹਾਂ ਨੂੰ ਇੰਡੀਪੈਂਡੈਂਟ ਰਾਈਟਸ ਦਿਤੇ ਹਨ, ਉਹ ਕੇਵਲ ਇਲੈਕਟਿਡ ਮੈਂਬਰਾਂ ਕੋਲ ਹੀ ਹੋਣੇ ਚਾਹੀਦੇ ਹਨ। ਕੇਵਲ ਉਨ੍ਹਾਂ ਮੈਂਬਰਾਂ ਨੂੰ ਹੀ ਚੇਅਰਮੈਨ ਅਤੇ ਵਾਈਸ ਚੇਅਰਮੈਨ ਚੁਣਨ ਦੇ ਅਧਿਕਾਰ ਹੋਣੇ ਚਾਹੀਦੇ ਹਨ। ਨਾਮੀਨੇਟ ਕੀਤੇ ਮੈਂਬਰਾਂ ਨੂੰ ਵੋਟ ਦੇਣ ਦੇ ਅਧਿਕਾਰ ਨਹੀਂ ਹੋਣੇ ਚਾਹੀਦੇ। ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਖਦਸ਼ਾ ਹੋਵੇਗਾ ਕਿ ਪੰਜਾਬ ਸਰਕਾਰ ਸਮਝਦੀ ਹੈ ਕਿ ਜੇਕਰ ਸਾਡੇ ਬੰਦੇ ਨਾ ਆਏ ਤਾਂ ਅਸੀਂ ਨਾਮੀਨੇਟ ਮੈਂਬਰਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਮਦਨ ਮੋਹਨ ਮਿੱਤਲ]

ਦਾ ਸਹਾਰਾ ਲਵਾਂਗੇ ਅਤੇ ਆਪਣਾ ਬੈਲੈਂਸ ਮੇਨਟੇਨ ਕਰਾਂਗੇ। We will get our own man elected and maintain the balance. ਮੈਂ ਸਮਝਦਾ ਹਾਂ ਕਿ ਇਸ ਵਿਚ ਪੋਲੀਟੀਕਲ ਮੋਟਿਵ ਨਹੀਂ ਹੋਣਾ ਚਾਹੀਦਾ। ਇਸ ਤਰ੍ਹਾਂ ਕਰਕੇ ਬਿੱਲ ਦੀ ਜੋ ਸਪਿਰਟ ਸੀ, ਉਹ ਕਿਲ ਹੋ ਗਈ ਹੈ। ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਹੀ ਅਧਿਕਾਰ ਹੋਣੇ ਚਾਹੀਦੇ ਹਨ।

ਮੈਂ, ਸਪੀਕਰ ਸਾਹਿਬ, ਸਮਝਦਾ ਹਾਂ ਕਿ ਮੰਤਰੀ ਜੀ ਗੱਲਾਂ ਤਾਂ ਖਿਟੇ ਦੀਆਂ ਕਰਦੇ ਸਨ ਪਰ ਨਾਲ ਹੀ ਰਾਤੋ ਰਾਤ ਅਮੈਂਡਮੈਂਟਾਂ ਬਿੱਲ ਦੀਆਂ ਭੇਜ ਦਿਤੀਆਂ। ਇਹ ਜੋ ਅਮੈਂਡਮੈਂਟ ਦਿੱਤੀਆਂ ਹਨ, ਇਸ ਦੇ ਨਾਲ ਸਰਕਾਰ ਦੀ ਨੀਯਤ ਸਾਫ ਨਹੀਂ ਹੈ। ਬਿੱਲ ਦੀ ਡੈਫੀਨੇਸ਼ਨ ਵਿਚ 2(ਜੇਡ-ਕੇ) ਲਿਖ ਦਿਤਾ। ਮੰਤਰੀ ਜੀ ਇਸ ਦੇ ਵੱਲ ਜ਼ਰੂਰ ਗੌਰ ਕਰਨ, ਜੇਕਰ ਟਾਇਪਿੰਗ ਮਿਸਟੇਕ ਹੈ ਤਾਂ it is all right but ਜਲਦ ਬਾਜ਼ੀ ਵਿਚ ਇਹ ਪਾਸ ਨਹੀਂ ਹੋਣਾ ਚਾਹੀਦਾ। ਸਪੀਕਰ ਸਾਹਿਬ, ਜਿਹੜੀ ਡੈਫੀਨੇਸ਼ਨ ਦਿਤੀ ਹੈ, ਉਸ ਵਿਚ ਗਲਤੀ ਕਰ ਦਿਤੀ ਹੈ। ਲੋਕੀਂ ਕੋਰਟ ਵਿਚ ਚਲੇ ਜਾਣ ਅਤੇ ਕੋਰਟ ਵਾਲੇ ਕਹਿਣ ਕਿ ਕਿਸੇ ਨੇ ਪੁਆਇੰਟ ਆਊਟ ਵੀ ਨਹੀਂ ਕੀਤਾ। ਸਪੀਕਰ ਸਾਹਿਬ, ਪੰਚਾਇਤ ਏਰੀਆ, ਪੰਚਾਇਤ ਸੰਮਤੀ ਏਰੀਆ ਅਤੇ ਜ਼ਿਲ੍ਹਾ ਪ੍ਰੀਸ਼ਦ ਏਰੀਆ ਇਕ ਕਿਵੇਂ ਹੋ ਸਕਦਾ ਹੈ ? Panchayat Area means the area of one Gram Panchayat. Panchayat Samiti area means total area of block and Zila Parishad area means the area of the district. ਇਹ ਕੰਸਟੀਚੂਸ਼ਨਲ ਸਵਾਲ ਹੈ। ਇਸ ਵਿਚ ਡੈਫੀਨੇਸ਼ਨ ਕਲੀਅਰ ਕਰਨੀ ਚਾਹੀਦੀ ਹੈ, otherwise it will lead to misunderstanding. ਇਹ ਇੰਟਰਪਟੇਸ਼ਨ ਵਾਲੀ ਗੱਲ ਗਲਤ ਹੈ। ਫਿਰ ਇਹ ਕੋਰਟ ਵਿਚ ਡਿਫਾਈਨ ਕਰਨੀ ਪਵੇਗੀ। ਇਥੇ ਹਾਊਸ ਵਿਚ ਇਤਨੇ ਮੈਂਬਰ ਸਾਹਿਬਾਨ ਹਨ ਲੇਕਿਨ ਉਹ ਇਤਨੀ ਛੋਟੀ ਜਿਹੀ ਗੱਲ ਦਾ ਨਿਪਟਾਰਾ ਨਹੀਂ ਕਰ ਸਕੇ। ਸਰਕਾਰ ਇਸ ਨੂੰ ਪਰਾਪਰਲੀ ਡਰਾਫਟ ਨਹੀਂ ਕਰ ਸਕੀ। ਅੱਖਾਂ ਮੀਚ ਕੇ ਇਹ ਬਿੱਲ ਪਾਸ ਨਹੀਂ ਕਰਨਾ ਚਾਹੀਦਾ ਮੈਂ, ਸਪੀਕਰ ਸਾਹਿਬ, ਪੁਆਇੰਟ ਆਊਟ ਕਰ ਦਿਤਾ ਹੈ। ਸਰਕਾਰ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਕਿਸ ਪਾਰਟੀ ਨੇ ਇਤਰਾਜ਼ ਕੀਤਾ ਹੈ। ਇਹ ਕੇਵਲ ਸਰਕਾਰ ਨੂੰ ਕਰੈਡਿਟ ਜਾਣਾ ਚਾਹੀਦਾ ਹੈ। ਸਪੀਕਰ ਸਾਹਿਬ, ਸੈਕਸ਼ਨ 88 ਵਿਚ ਕੁਝ ਟੈਕਸ ਲਗਾਉਣ ਦੇ ਅਧਿਕਾਰ ਦਿਤੇ ਹਨ। ਉਨ੍ਹਾਂ ਨੇ ਸੈਕਸ਼ਨ 88 ਵਿਚ ਪਰੋਫੈਸ਼ਨਲ ਟੈਕਸ ਲਗਾਉਣ ਦੇ ਪੰਚਾਇਤਾਂ ਨੂੰ ਅਧਿਕਾਰ ਦੇ ਦਿਤੇ ਪਰ ਇਹ ਨਹੀਂ ਦੱਸਿਆ ਕਿ ਕਿਸ ਕਿਸ ਵਹੀਕਲਜ਼ ਤੇ ਟੈਕਸ ਲਗੇਗਾ। Under the Motor Vehicle Act, those will be exampted. ਜੇ ਬਾਕੀ ਸਾਰੇ ਵਹੀਕਲਜ਼ ਐਗਜ਼ੈਂਪਟ ਹੋ ਗਏ ਜਿਹੜੇ ਕਿ ਟੈਕਸ ਦੇ ਰਹੇ ਸਨ ਤਾਂ ਬਾਕੀ ਬੁਲਕ-ਕਾਰਟ ਅਤੇ ਸਾਈਕਲ ਹੀ ਰਹਿ ਗਿਆ। When other vehicles are left, for cart/bullock cart/cycle, we are asking Panchayat to impose tax on the poor man who is hardly making both ends meet, going on cycle or bullock-cart. ਮੈਂ ਸਮਝਦਾ ਹਾਂ ਕਿ ਅਸੀਂ ਪੰਚਾਇਤਾਂ ਨੂੰ ਏਨੇ ਫੰਡਜ਼ ਦੇ ਰਹੇ ਹਾਂ ਪਲਾਨਿੰਗ ਬੋਰਡ

Original with;
Punjab Vidhan Sabha
Digitized by;
Panjab Digital Library

ਰਾਹੀਂ ਤਾਂ ਇਹ ਟੈਕਸ ਲਗਣ ਨਾਲ ਗਰੀਬ ਆਦਮੀ ਨੂੰ ਨੁਕਸਾਨ ਹੋਵੇਗਾ, ਧੱਕਾ ਪਹੁੰਚੇਗਾ। ਇਹ ਨਹੀਂ ਹੋਣਾ ਚਾਹੀਦਾ ਸੀ। ਕੁਝ ਲੋਕਲ ਰੇਟ ਧਾਰਾ 146-147 ਵਿਚ ਪਰੋਵਾਈਡ ਕੀਤੇ ਹਨ। ਇਹ ਲੋਕਲ ਸੈੱਸ ਗਲਤ ਲਗਾਇਆ ਜਾ ਰਿਹਾ ਹੈ। ਆਮ ਲੋਕਾਂ ਤੇ ਟੈਕਸ ਲਗਾਉਣ ਦੀ ਪਰੋਵੀਜਨ ਵੀ ਗਲਤ ਹੈ। ਬਾਕੀ, ਸਪੀਕਰ ਸਾਹਿਬ, ਕੁਝ ਪਾਵਰਜ਼ ਜੋ ਹਨ, ਉਹ ਡਿਫਾਈਨ ਕੀਤੀਆਂ ਜਾਣਗੀਆਂ। ਬਹੁਤ ਸਾਰੇ ਅਧਿਕਾਰ ਸਰਕਾਰ ਨੇ ਆਪਣੇ ਕੋਲ ਰੱਖ ਲਏ ਹਨ। ਉਹ ਨੋਟੀਫਿਕੇਸ਼ਨ ਵੇਲੇ ਜੋ ਕਿ ਬਾਅਦ ਵਿਚ ਹੋਵੇਗੀ, ਉਸ ਵਿਚ ਦੱਸਿਆ ਜਾਵੇਗਾ ਕਿ ਪੰਚਾਇਤਾਂ ਹੋਰ ਕੀ ਕੀ ਕੰਮ ਕਰਨਗੀਆਂ। It should have been well-defined in the Act itself. ਕੁਝ ਡਿਫਾਈਨ ਕੀਤੀਆਂ ਹਨ, ਮੈਂ ਸਮਝਦਾ ਹਾਂ ਕਿ ਇਨ੍ਹਾਂ ਤੇ ਕੋਈ ਡਿਸਪਿਊਟ ਨਹੀਂ ਹੋਣਾ ਚਾਹੀਦਾ। I don't want to repeat all those. ਪਰ ਜਿਹੜੀਆਂ ਰਹਿੰਦੀਆਂ ਹਨ, ਉਹ ਵੀ ਡਿਫਾਈਨ ਹੋ ਜਾਣੀਆਂ ਚਾਹੀਦੀਆਂ ਸਨ ਤਾਂ ਕਿ ਉਹ ਵੀ ਬਿੱਲ ਵਿਚ ਆ ਜਾਂਦੀਆਂ। ਬਿੱਲ ਤੇ ਕੋਈ ਮਤਭੇਦ ਨਹੀਂ। ਅਸੀਂ ਆਲਰੇਡੀ ਵਿਧਾਨ ਦੀ ਤਰਮੀਮ ਨੂੰ ਰੇਟੀਫਾਈ ਕਰ ਚੁੱਕੇ ਹਾਂ। ਇਹ ਬਿੱਲ ਪੰਜਾਬ ਸਰਕਾਰ ਵਲੋਂ ਵੀ ਉਸੇ ਸਪਿਰਿਟ ਵਿਚ ਹੀ ਆਉਣਾ ਚਾਹੀਦਾ ਸੀ ਜੋ ਮਨਸ਼ਾ ਭਾਰਤ ਸਰਕਾਰ ਦਾ ਹੈ, ਜੋ ਸਪਿਰਿਟ ਲੋਕ-ਸਭਾ ਨੇ ਦਿਖਾਈ ਹੈ ਅਤੇ ਜੋ ਅਸੀਂ ਵੀ ਅਮੈਂਡਮੈਂਟ ਨੂੰ ਰੈਟੀਫਾਈ ਕਰਕੇ ਦਿਖਾ ਚੁਕੇ ਹਾਂ। ਉਹ ਸਪਿਰਿਟ ਇਸ ਵਿਚ ਨਹੀਂ ਦਿਖਾਈ ਗਈ। ਜੇ ਸਰਕਾਰ ਕੋਲ ਟਾਈਮ ਥੋੜ੍ਹਾ ਸੀ, ਇਹ ਡਰਾਫਟ ਨਹੀਂ ਕਰ ਸਕੇ ਤਾਂ ਇਸ ਬਿੱਲ ਨੂੰ ਸਰਕਾਰ ਵਾਪਸ ਲੈ ਲਵੇ ਅਤੇ ਦੋਬਾਰਾ ਲੈ ਆਵੇ। It must be within the letter and spirit of the Bill which we have already ratified. ਤਾਂ ਹੀ ਮੈਂ ਸਮਝਦਾ ਹਾਂ ਕਿ ਅਸੀਂ ਪੰਜਾਬ ਦੀ ਜਨਤਾ ਨੂੰ, ਪਿੰਡਾਂ ਨੂੰ ਕੋਈ ਰੁਖ ਦੇ ਸਕਾਂਗੇ, ਮੋੜ ਦੇ ਸਕਾਂਗੇ। ਜੋ ਪਾਰਲੀਮੈਂਟਰੀ ਸਿਸਟਮ ਆਫ ਡੈਮੋਕਰੇਸੀ ਹੈ, ਉਸ ਵਿਚ Panchayat is the principal unit of democracy. ਉਸ ਨੂੰ ਡਿਵੈਲਪ ਕਰਨ ਵਿਚ, ਆਪਣੀ ਕੰਟਰੀ ਵਿਚ ਨਵੀਆਂ ਰਵਾਇਤਾਂ ਕਾਇਮ ਕਰਨ ਵਿਚ, it will be a sort of training centre. ਜੇ ਟਰੇਨਿੰਗ ਵਿਚ ਹੀ ਅਸੀਂ ਕਿੰਤੂ ਪਰੰਤੂ ਦੇਵਾਂਗੇ ਤਾਂ ਲੋਕ ਵੀ ਉਸੇ ਤਰ੍ਹਾਂ ਦੇ ਹੀ ਕੰਮ ਕਰਨਗੇ। ਸਾਡੇ ਦੇਸ਼ ਵਿਚ parliamentary form of democracy ਹੈ। ਇਸ ਤਰ੍ਹਾਂ ਅਸੀਂ ਹਿੰਦੁਸਤਾਨ ਨੂੰ ਅੱਗੇ ਕਿਸ ਤਰ੍ਹਾਂ ਲਿਜਾ ਸਕਾਂਗੇ। ਉਹ ਪਰਪਜ਼ ਸਰਵ ਨਹੀਂ ਹੋ ਸਕੇਗਾ। ਇਹ ਪੂਰਾ ਨਹੀਂ ਹੋ ਰਿਹਾ। ਇਹ ਮੇਰਾ ਨਿਵੇਦਨ ਹੈ।

**ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ)** : ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬਿੱਲ ਕੁਝ ਸਮਾਂ ਪਹਿਲਾਂ ਪਾਰਲੀਮੈਂਟ ਨੇ, ਦੇਸ਼ ਦੀ ਪਾਰਲੀਮੈਂਟ ਦੇ ਦੋਨਾਂ ਹਾਊਸਿਜ਼ ਨੇ ਸਾਰੀਆਂ ਪੁਲੀਟੀਕਲ ਪਾਰਟੀਆਂ ਦੀ ਕਾਨਸੈਂਸਸ ਨਾਲ ਸਰਬ-ਸੰਮਤੀ ਨਾਲ ਪਾਸ ਕੀਤਾ ਸੀ ਕਿਉਂਕਿ ਇਸ ਵਿਚ ਬਹੁਤ ਸਾਰੀਆਂ ਪਾਜ਼ੇਟਿਵ ਗੱਲਾਂ ਸਨ ਅਤੇ ਉਸਦੇ ਮੁਤਾਬਿਕ ਦੇਸ਼ ਦੇ ਵਿਧਾਨ ਵਿਚ 72ਵੀਂ ਅਮੈਂਡਮੈਂਟ ਲਿਆਂਦੀ ਗਈ। ਉਸ ਦੀ ਜੋ ਸਪਿਰਿਟ ਸੀ ਉਸ ਦੇ ਮੁਤਾਬਿਕ ਇਹ ਗੱਲ ਸੀ ਕਿ ਜਿਹੜੀਆਂ ਤਾਕਤਾਂ ਹਨ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਵਿਸ਼ੇਸ਼ ਅਧਿਕਾਰ ਹਨ, ਉਨ੍ਹਾਂ ਨੂੰ ਡੀਸੈਂਟਰੇਲਾਈਜ਼ ਕੀਤਾ ਜਾਵੇ, ਵੱਧ ਤੋਂ ਵੱਧ ਅਧਿਕਾਰ ਲੋਕਾਂ ਦੁਆਰਾ ਚੁਣੀਆਂ ਹੋਈਆਂ ਸੰਸਥਾਵਾਂ ਨੂੰ ਦਿੱਤੇ ਜਾਣ ਅਤੇ ਵੀਕਰ ਸੈਕਸ਼ਨਜ਼ ਨੂੰ ਯੋਗ ਪ੍ਰਤੀਨਿਧਤਾ ਦਿੱਤੀ ਜਾਵੇ ਜਿਨ੍ਹਾਂ ਨੂੰ ਕੀ ਪਹਿਲਾਂ ਨਹੀਂ ਮਿਲਦੀ ਸੀ। ਅਸੀਂ ਆਸ ਕਰਦੇ ਸੀ ਕਿ ਪੰਜਾਬ ਦੀ ਸਰਕਾਰ ਵੀ ਉਸੇ ਰੋਸ਼ਨੀ ਵਿਚ, ਉਸੇ ਸਪਿਰਿਟ ਨਾਲ ਏਥੇ ਪੰਜਾਬ ਵਿਚ ਇਸ ਪੰਚਾਇਤੀ ਰਾਜ ਬਿੱਲ ਨੂੰ ਇੰਟਰੋਡਿਊਸ ਕਰੇਗੀ ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਜਿਸ ਗੱਲ ਨੂੰ ਉਤਸ਼ਾਹ ਨਾਲ ਦੇਖਣਾ ਚਾਹੀਦਾ ਸੀ, ਜਿਸਦਾ ਸਵਾਗਤ ਕਰਨਾ ਚਾਹੀਦਾ ਸੀ, ਜਿਸ ਨੂੰ ਜੀ ਆਇਆਂ ਕਹਿਣਾ ਚਾਹੀਦਾ ਸੀ, ਉਹ ਬਾਕਾਇਦਾ ਸੋਚੀ ਸਮਝੀ ਚਾਲ ਸਦਕਾ ਇਕ ਵਿਸ਼ੇਸ਼ ਰਾਜਨੀਤਕ ਪਾਰਟੀ ਨੂੰ ਲਾਭ ਪਹੁੰਚਾਉਣ ਵਾਸਤੇ ਆਫੀਸਰ ਲਾਬੀ ਨੇ ਉਸ ਦੀ ਇਸ ਤਰ੍ਹਾਂ ਦੀ ਡਰਾਫਟਿੰਗ ਕੀਤੀ ਹੈ ਅਤੇ ਜੋ ਕਾਂਸਟੀਚਿਊਸ਼ਨਲ ਸਪਿਰਿਟ ਉਸ ਬਿੱਲ ਦੀ, ਉਸ ਅਮੈਂਡਮੈਂਟ ਦੀ ਸੀ, ਉਸਨੂੰ ਕਰੱਸ਼ ਕਰਨ ਦੀ ਅਤੇ ਪਰੀ-ਪਲਾਨਡ ਸ਼ਬਦਾਂ ਦੇ ਥੱਲੇ ਕੁਚਲਨ ਦੀ ਕੋਸ਼ਿਸ਼ ਕੀਤੀ ਗਈ ਹੈ। ਜੇ ਇਹ ਬਿੱਲ ਐਜ਼ ਇਟਿਜ਼ ਪਾਸ ਹੋ ਜਾਂਦਾ ਹੈ ਤਾਂ ਥੱਲੇ ਦੀ ਜਨਤਾ ਦੇ ਨਾਲ ਜਿਸਦੇ ਅਸੀਂ ਏਥੇ ਪ੍ਰਤੀਨਿਧ ਬੈਠੇ ਹਾਂ, ਕਿਸੇ ਤਰ੍ਹਾਂ ਦੀ ਜਸਟੀਫਿਕੇਸ਼ਨ ਨਹੀਂ ਕਰਦੇ ਹੋਵਾਂਗੇ। ਇਸ ਤੋਂ ਇਲਾਵਾ ਜਿਸ ਗੱਲ ਦਾ ਹੋਰ ਸਭ ਤੋਂ ਵੱਡਾ ਇਤਰਾਜ਼ ਹੈ, ਉਹ ਇਹ ਹੈ ਕਿ ਇਹ ਬੜਾ ਅਹਿਮ ਬਿੱਲ ਹੈ। ਇਸ ਵਿਚ ਕੇਵਲ ਅਮੈਂਡਮੈਂਟ ਕੀਤੀਆਂ ਹੁੰਦੀਆਂ 'ਓਰਿਜ਼ਨਲ ਕੋਲ ਰੱਖ ਲੈਂਦੇ ਅਤੇ ਕਹਿੰਦੇ ਕਿ ਆਪਸ ਵਿਚ ਐਗਜ਼ਾਮਿਨ ਕਰ ਲੈਂਦੇ ਹਾਂ ਤਾਂ ਉਸ ਵਿਚ ਅਸੀਂ ਆਪਣੀ ਰਾਏ ਦੇ ਸਕਦੇ ਸੀ। ਇਸ ਗੱਲ ਨੂੰ ਤਾਂ ਮੈਂ ਠੀਕ ਸਮਝਦਾ ਹਾਂ ਕਿ 2 ਬਿੱਲਾਂ ਦੀ ਬਜਾਏ ਇਕੋ ਹੀ ਬਿੱਲ ਵਿਚ ਇਸ ਨੂੰ ਇਕੱਠਾ ਕਰ ਦਿੱਤਾ ਹੈ ਪਰ ਇਹ ਜਿਹੜਾ 120 ਪੇਜ਼ ਦਾ ਬਿੱਲ ਹੈ, ਇਸ ਨੂੰ 2-4 ਦਿਨ ਤਾਂ ਪੜ੍ਹਨ ਨੂੰ ਚਾਹੀਦੇ ਹੀ ਹਨ। ਫਿਰ ਬਾਦ ਵਿਚ ਨੋਟਿਸ ਆਫ ਅਮੈਂਡਮੈਂਟਸ ਵੀ ਦੇ ਦਿੱਤਾ ਗਿਆ ਹੈ। ਇਸ ਵਿਚ ਵੀ ਸਿਵਾਏ ਕੁਝ ਸ਼ਬਦਾਂ ਦੇ, ਬਾਕੀ ਸਾਰਾ ਕੁਝ ਉਹ ਹੀ ਹੈ ਪਰ ਮੈਂਬਰ ਨੂੰ ਤਾਂ ਇਹ ਸਾਰਾ ਪੜ੍ਹਨਾ ਹੀ ਪਿਆ ਹੈ। ਇਸ ਲੰਮੇ ਚੌੜੇ ਬਿੱਲ ਅਤੇ ਅਮੈਂਡਮੈਂਟਸ ਨੂੰ ਪੜ੍ਹਨ ਨਾਲ ਜਿਹੜਾ ਟਾਈਮ ਵੇਸਟ ਹੋਇਆ ਹੈ, ਉਸ ਨਾਲ ਮੈਂਬਰਾਂ ਦਾ ਬਹਿਸ ਕਰਨ ਦਾ ਜਿਹੜਾ ਹੱਕ ਹੈ, ਉਹ ਖੋਹਿਆ ਗਿਆ ਹੈ। ਸਰਕਾਰ ਇਸ ਬਿੱਲ ਨੂੰ ਜਸਟੀਫਾਈ ਨਹੀਂ ਕਰ ਸਕਦੀ। ਇਸ ਤੋਂ ਇਲਾਵਾ, ਅਫਸਰਾਂ ਵਲੋਂ ਜਿਹੜੀ ਡਰਾਫਟਿੰਗ ਕੀਤੀ ਗਈ ਹੈ, ਉਹ ਵੀ ਸੈਲਫ ਕੰਟਰਾਡਿਕਟਰੀ ਹੈ। ਇਸ ਦੀਆਂ ਬਹੁਤ ਸਾਰੀਆਂ ਕਲਾਜਿਜ਼ ਹਾਈ ਕੋਰਟ ਵਿਚ ਜਾ ਕੇ, ਉਡ ਜਾਣਗੀਆਂ। ਤੁਸੀਂ ਦੇਖੋ ਇਸ ਵਿਚ ਕਿੰਨੀਆਂ ਗਲਤੀਆਂ ਹਨ। ਇਸ ਨੂੰ ਕਿਸ ਤਰ੍ਹਾਂ ਪਰਾਪਰਲੀ ਪੜ੍ਹ ਸਕਦੇ ਹਾਂ ? 34-35 ਕਲਾਜ਼ ਦੀ ਜਗ੍ਹਾ 35-36 ਕੀਤਾ ਗਿਆ ਹੈ, ਪਰਸਨ ਦੀ ਜਗ੍ਹਾ ਪੀਅਨ ਕੀਤਾ ਗਿਆ ਹੈ, ਗਿਲਟੀ ਦੀ ਜਗ੍ਹਾ ਕੁਆਲਟੀ ਪਾਇਆ ਗਿਆ ਹੈ। ਇਸ ਬਿੱਲ ਦੀ ਡਰਾਫਟਿੰਗ ਵੀ ਪਰਾਪਰ ਨਹੀਂ ਹੈ। ਇਸ ਦੇ ਅਰਥ ਠੀਕ ਨਹੀਂ ਨਿਕਲਦੇ। ਇਸ ਸਥਿਤੀ ਵਿਚ ਤੁਸੀਂ ਆਪ ਹੀ ਦਸੋ ਕਿ ਅਸੀਂ ਕਿਸ ਤਰ੍ਹਾਂ ਬਹਿਸ ਕਰ ਸਕਦੇ-ਹਾਂ ਅਤੇ ਕਿਸ ਤਰ੍ਹਾਂ ਇਸ ਬਿੱਲ ਨੂੰ ਜਸਟੀਫਾਈ ਕਰ ਸਕਦੇ ਹਾਂ। ਠੀਕ ਹੈ, ਕੁਝ ਗੱਲਾਂ ਸਰਕਾਰ ਨੂੰ ਪ੍ਰਵਾਨ ਕਰਨੀਆਂ ਪਈਆਂ ਹਨ ਕਿਉਂਕ ਉਹ ਸਾਡੇ ਕੰਸਟੀਚਿਊਸ਼ਨ ਦੀ ਮਜ਼ਬੂਰੀ ਸੀ। ਉਨ੍ਹਾਂ ਨੂੰ ਛੱਡ ਕੇ ਮੈਂ ਕੁਝ ਉਨ੍ਹਾਂ ਗੱਲਾਂ ਨੂੰ ਹੀ ਹਾਈਲਾਈਟ

Original with;
Punjab Vidhan Sabha
Digitized by;
Panjab Digital Library

ਕਰਾਂਗਾ ਜਿਹੜੀਆਂ ਨੈਗੇਟਿਵ ਹਨ ਅਤੇ ਨਾਲ ਹੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹ ਨੈਗੇਟਿਵ ਗੱਲਾਂ ਵਾਪਸ ਲਈਆਂ ਜਾਣ। ਅਸੀਂ ਆਪਣੇ ਗਰੁੱਪ ਵਲੋਂ 50 ਦੇ ਕਰੀਬ ਅਮੈਂਡਮੈਂਟਸ ਭੇਜੀਆਂ ਸਨ। ਉਹ ਐਗਜ਼ਾਮਿਨ ਵੀ ਹੋਈਆਂ ਹਨ। ਇਹ ਅਮੈਂਡਮੈਂਟ ਸਾਡੇ ਕੰਸਟੀਚਿਊਸ਼ਨ ਦੀ ਜਿਹੜੀ ਸਪਿਰਿਟ ਸੀ, ਉਸ ਨੂੰ ਤਕੜਾ ਕਰਨ ਵਾਸਤੇ ਸਨ। ਨਾਲ ਹੀ ਇਹ ਡਰਾਫਟਿੰਗ ਨੂੰ ਦਰੁਸਤ ਕਰਨ ਵਾਸਤੇ ਵੀ ਸਨ। ਇਨ੍ਹਾਂ ਅਮੈਂਡਮੈਂਟਸ ਵਿਚ ਬਹੁਤ ਸਾਰੀਆਂ ਪਾਜ਼ੇਟਿਵ ਗੱਲਾਂ ਦਿੱਤੀਆਂ ਗਈਆਂ ਹਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਘਟੋ ਘਟ ਗੰਭੀਰਤਾ ਨਾਲ ਜ਼ਰੂਰ ਐਗਜ਼ਾਮਿਨ ਕਰਨਾ ਚਾਹੀਦਾ ਹੈ। ਇਸ ਬਿੱਲ ਦੇ ਰਾਹੀਂ ਅਸੀਂ ਪੇਂਡੂ ਖੇਤਰ ਨੂੰ ਬਹੁਤ ਵੱਡੀ ਦੇਣ, ਦੇਣ ਜਾ ਰਹੇ ਹਾਂ। ਇਸ ਕਰਕੇ ਮੈਂ ਸਮਝਦਾ ਹਾਂ ਕਿ ਅਗਰ ਇਸ ਬਾਰੇ ਸਾਡੀ ਸਾਰਿਆਂ ਦੀ ਸਰਬਸੰਮਤੀ ਹੋਵੇ, ਅਸੀਂ ਸਾਰੇ ਪੂਰੀ ਤਰ੍ਹਾਂ ਸਹਿਮਤ ਹੋਈਏ ਤਾਂ ਬਹੁਤ ਚੰਗੀ ਗੱਲ ਹੈ। ਸੋ, ਇਸ ਤਰ੍ਹਾਂ ਦਾ ਬਿੱਲ ਬਣਾਇਆ ਜਾਵੇ ਜਿਹੜਾ ਸਾਨੂੰ ਸਾਰਿਆਂ ਨੂੰ ਮਨਜ਼ੂਰ ਹੋਵੇ। ਇਸ ਲਈ ਮੈਂ ਚਾਹੁੰਦਾ ਹਾਂ ਕਿ ਇਸ ਨੂੰ ਮੁੜ ਕੇ ਬਣਾਇਆ ਜਾਵੇ। ਠੀਕ ਹੈ, ਬਹੁਤ ਸਾਰੇ ਚੰਗੇ ਪੱਖ ਵੀ ਇਸ ਵਿਚ ਆਏ ਹਨ ਜਿਸ ਤਰ੍ਹਾਂ ਕਿ ਔਰਤਾਂ ਨੂੰ ਪ੍ਰਤੀਨਿਧਤਾ ਦੇਣ ਦਾ ਸਵਾਲ ਹੈ, ਡਾਇਰੈਕਟ ਇਲੈਕਸ਼ਨ ਦਾ ਸਵਾਲ ਹੈ ਜਾਂ ਹੋਰ ਅਧਿਕਾਰ ਦੇਣ ਦਾ ਸਵਾਲ ਹੈ। 2 ਐਕਟਾਂ ਦੀ ਬਜਾਏ ਇਕ ਐਕਟ ਲਿਆਂਦਾ ਗਿਆ ਹੈ, ਇਹ ਵੀ ਚੰਗੀ ਗੱਲ ਹੈ। ਪੰਚਾਇਤਾਂ ਨੂੰ, ਬਲਾਕ ਸੰਮਤੀਆਂ ਨੂੰ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਜਿਹੜੇ ਕੰਮ ਕਰਨ ਦੇ ਅਧਿਕਾਰ ਦਿੱਤੇ ਗਏ ਹਨ, ਇਹ ਵੀ ਇਸ ਦਾ ਪਾਜ਼ੇਟਿਵ ਪੱਖ ਹੈ। ਇਨ੍ਹਾਂ ਸਾਰਿਆਂ ਚੀਜ਼ਾਂ ਨੂੰ ਜੀ ਆਇਆਂ ਕਿਹਾ ਜਾ ਸਕਦਾ ਹੈ। ਬਹੁਤ ਸਾਰੀਆਂ ਤਰਮੀਮਾਂ ਜਿਹੜੀਆਂ ਪਾਉਣੀਆਂ ਚਾਹੀਦੀਆਂ ਸਨ, ਉਹ ਤਾਂ ਇਸ ਵਿਚ ਪਾ ਦਿੱਤੀਆਂ ਪਰ ਬਹੁਤ ਸਾਰੀਆਂ ਐਸੀਆਂ ਤਰਮੀਮਾਂ ਵੀ ਹਨ ਜਿਨ੍ਹਾਂ ਦੀ ਕੋਈ ਜ਼ਰੂਰਤ ਨਹੀਂ ਸੀ ਅਤੇ ਜਿਹੜੀਆਂ ਕੰਸਟੀਚਿਊਸ਼ਨ ਦੀ ਸਪਿਰਿਟ ਦੇ ਉਲਟ ਹਨ, ਉਨ੍ਹਾਂ ਤੋਂ ਵੀ ਜ਼ਰੂਰ ਬਚਿਆ ਜਾ ਸਕਦਾ ਸੀ। ਸਾਡੇ ਤਜਰਬੇ ਨੇ ਕੀ ਸਾਬਤ ਕੀਤਾ ਹੈ? ਸਾਡੇ ਤਜਰਬੇ ਨੇ ਇਹ ਸਾਬਤ ਕੀਤਾ ਹੈ ਕਿ ਅਸੀਂ ਹੇਠਲੇ ਪੱਧਰ ਤੇ ਭਾਵੇਂ ਕਿੰਨੇ ਵੀ ਵਧ ਅਧਿਕਾਰ ਕਿਉਂ ਨਾ ਦੇਈ ਜਾਈਏ, ਜਿੰਨੇ ਚਿਰ ਤੱਕ ਲੋਕਾਂ ਵਿਚ ਜਾਗ੍ਰਿਤੀ ਨਹੀਂ ਆਵੇਗੀ, ਲੋਕਾਂ ਵਿਚ ਵਿਦਿਆ ਦਾ ਪਸਾਰ ਨਹੀਂ ਹੋਵੇਗਾ, ਲੋਕਾਂ ਦੀ ਬਿਹਤਰੀ ਨਹੀਂ ਹੋ ਸਕੇਗੀ ਅਤੇ ਦਿੱਤੇ ਗਏ ਅਧਿਕਾਰਾਂ ਦੀ ਯੋਗ ਵਰਤੋਂ ਨਹੀਂ ਹੋ ਸਕੇਗੀ। ਚੀਨ ਸਾਡੇ ਨਾਲੋਂ ਪਛੜਿਆ ਹੋਇਆ ਮੁਲਕ ਸੀ ਲੇਕਿਨ ਉਨ੍ਹਾਂ ਨੇ ਲੋਕਾਂ ਨੂੰ ਜਾਗ੍ਰਿਤ ਕੀਤਾ ਅਤੇ ਵਿਦਿਆ ਦਾ ਪਸਾਰ ਕੀਤਾ ਜਿਸ ਕਰਕੇ ਉਹ ਲੋਕ ਆਪਣੇ ਅਧਿਕਾਰਾਂ ਨੂੰ ਵਰਤਣ ਪ੍ਰਤੀ ਸੁਚੇਤ ਹੋ ਗਏ ਜਿਸ ਕਰਕੇ ਅੱਜ ਉਹ ਮੁਲਕ ਸਾਡੇ ਨਾਲੋਂ ਅੱਗੇ ਨਿਕਲ ਗਿਆ ਹੈ। ਮੈਂ ਇਸ ਸਬੰਧ ਵਿਚ ਇਕ ਮਿਸਾਲ ਦੇਣੀ ਚਾਹੁੰਦਾ ਹਾਂ। ਜਿਥੇ ਕਿਤੇ ਕੋਈ ਮਾਨਯੋਗ ਔਰਤ ਮੈਂਬਰ, ਪੰਚ ਜਾਂ ਸਰਪੰਚ ਬਣ ਗਈ ਤਾਂ ਉਥੇ ਜਨਰਲੀ ਉਹ ਮੀਟਿੰਗਾਂ ਵਿਚ ਜਾਂਦੀ ਹੀ ਨਹੀਂ। ਉਨ੍ਹਾਂ ਦੀ ਥਾਂ ਉਨ੍ਹਾਂ ਦਾ ਕੰਮ ਉਨ੍ਹਾਂ ਦੇ ਪਤੀ ਹੀ ਕਰਦੇ ਹਨ। ਮੀਟਿੰਗਾਂ ਵਿਚ ਉਨ੍ਹਾਂ ਦੀਆਂ ਹਾਜ਼ਰੀਆਂ ਲੱਗ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਦਸਤਖਤ ਉਨ੍ਹਾਂ ਦੇ ਘਰ ਜਾ ਕੇ ਕਰਵਾ ਲਏ ਜਾਂਦੇ ਹਨ। ਜੇਕਰ ਉਨ੍ਹਾਂ ਵਿਚ ਵਿਦਿਆ ਦਾ ਪਸਾਰ ਹੋਵੇਗਾ ਤਾਂ ਉਨ੍ਹਾਂ ਵਿਚ ਸੈਲਫ ਕਾਨਫੀਡੈਂਸ

Original with;
Punjab Vidhan Sabha
Digitized by;
Punjab Digital Library

[ਕਾਮਰੇਡ ਹਰਦੇਵ ਅਰਸ਼ੀ]

ਵੀ ਵਧੇਗਾ। ਫਿਰ ਉਹ ਜਿਸ ਅਦਾਰੇ ਵਿਚੋਂ ਚੁਣੀਆਂ ਗਈਆਂ ਹਨ, ਉਸ ਅਦਾਰੇ ਵਿਚ ਆਪ ਪਾਰਟੀਸਿਪੇਟ ਕਰਨਗੀਆਂ, ਨਾ ਕਿ ਉਨ੍ਹਾਂ ਦੀ ਜਗ੍ਹਾ ਕੋਈ ਹੋਰ।

ਇਸ ਤਰ੍ਹਾਂ ਸਪੀਕਰ ਸਾਹਿਬ, ਮੈਂ ਅਗਲੀ ਗੱਲ ਕਹਿਣੀ ਚਾਹੁੰਦਾ ਹਾਂ ਜਿਸ ਗੱਲ ਤੋਂ ਮੈਂ ਸ਼ੁਰੂ ਕੀਤਾ ਸੀ ਕਿ ਇਹ ਜਿਹੜੀ ਕੰਸਟੀਚਿਊਸ਼ਨਲ ਅਮੈਂਡਮੈਂਟਸ ਦੀ ਸਪਿਰਿਟ ਹੈ ਇਹ ਅੰਡਰ-ਮਾਈਨ ਕੀਤੀ ਹੈ, ਉਸ ਨੂੰ ਨਲੀਫਾਈ ਕਰਨ ਦਾ ਯਤਨ ਕੀਤਾ ਗਿਆ ਹੈ। ਮਿਸਾਲ ਵਜੋਂ ਪਾਰਲੀਮੈਂਟ ਵੱਲੋਂ ਪੇਸ਼ ਕੀਤਾ ਗਿਆ ਐਕਟ ਬੜਾ ਹੀ ਸਾਫ ਹੈ ਕਿ ਵਧ ਤੋਂ ਵਧ ਡਾਇਰੈਕਟ ਇਲੈਕਸ਼ਨ ਨੂੰ ਪਹਿਲ ਦੇਣੀ ਚਾਹੀਦੀ ਹੈ। ਪਰ ਇਸ ਦੇ ਨਾਲ ਸਰਪੰਚਾਂ ਰਾਹੀਂ ਵੀ ਚੋਣ ਹੋ ਜਾਵੇ, ਇਸ ਨੂੰ ਪੱਕੇ ਤੌਰ ਤੇ ਬੰਦ ਨਹੀਂ ਕੀਤਾ। ਇਹ ਕਿਤੇ ਵੀ ਨਹੀਂ ਲਿਖਿਆ ਹੋਇਆ ਕਿ ਕੰਸਟੀਚਿਊਸ਼ਨ ਤੋਂ ਉਲਟ ਇਸ ਨੂੰ ਪਾਸ ਕਰ ਦਿੱਤਾ ਜਾਵੇ। ਹਕੀਕਤ ਤਾਂ ਇਹ ਹੈ ਕਿ ਜਿਹੜੀ ਡਾਇਰੈਕਟ ਇਲੈਕਸ਼ਨ ਹੈ, ਉਹ 40 ਪ੍ਰਤੀਸ਼ਤ ਹੈ। ਪ੍ਰੰਤੂ ਜਿਹੜੇ ਮੈਂਬਰ ਸਰਪੰਚਾਂ ਦੇ ਥਰੂ ਚੁਣੇ ਜਾਣੇ ਹਨ, ਉਹ 60 ਪ੍ਰਤੀਸ਼ਤ ਕਰ ਦਿੱਤੇ ਹਨ। ਇਹ ਕੰਸਟੀਚਿਊਸ਼ਨਲ ਭਾਵਨਾ ਦੇ ਉਲਟ ਕੀਤਾ ਗਿਆ ਹੈ। ਜਿਸ ਮਕਸਦ ਲਈ ਇਹ ਬਿੱਲ ਹੈ, ਉਸ ਦੀ ਭਾਵਨਾ ਦੇ ਉਲਟ ਕਰ ਦਿੱਤਾ ਹੈ। ਜੇਕਰ ਮੈਂਬਰ ਸਰਪੰਚਾਂ ਰਾਹੀਂ ਚੁਣੇ ਜਾਣੇ ਹਨ' ਉਹ 2 ਹੋ ਸਕਦੇ ਹਨ, 3 ਹੋ ਸਕਦੇ ਹਨ ਪਰ ਇਹ ਤਾਂ 60 ਪ੍ਰਤੀਸ਼ਤ ਕਰ ਦਿੱਤੇ ਹਨ। ਡਾਇਰੈਕਟ ਇਲੈਕਸ਼ਨ ਵਿਚ ਇਹ ਘਟਾ ਦਿੱਤੇ ਹਨ। ਇਸ ਦੇ ਨਾਲ ਮੈਂ ਸਮਝਦਾ ਹਾਂ ਕਿ ਸਰਕਾਰ ਦਾ ਇਮੇਜ਼ ਠੀਕ ਨਹੀਂ ਹੋਵੇਗਾ ਅਤੇ ਸਾਡਾ ਵੀ ਠੀਕ ਨਹੀਂ ਹੋਵੇਗਾ। ਇਸ ਨੂੰ ਜ਼ਰੂਰ ਡਿਸਕਸ਼ਨ ਦੀ ਰੋਸ਼ਨੀ ਵਿਚ ਅਮੈਂਡ ਕਰਨਾ ਚਾਹੀਦਾ ਹੈ।

ਅਗਲੀ ਗੱਲ ਜਿਹੜੀ ਮੈਂ ਪਹਿਲਾਂ ਐਲੀਗੇਸ਼ਨ ਦੇ ਤੌਰ ਤੇ ਕਹੀ ਸੀ ਕਿ ਇਕ ਵਿਸ਼ੇਸ਼ ਪਾਰਟੀ ਨੂੰ ਲਾਭ ਪਹੁੰਚਾਣ ਖਾਤਰ ਹੀ ਇਸ ਤਰ੍ਹਾਂ ਦੀ ਡਰਾਫਟਿੰਗ ਕੀਤੀ ਗਈ ਹੈ। ਮਿਸਾਲ ਦੇ ਤੌਰ ਤੇ ਬਲਾਕ ਸੰਮਤੀਆਂ ਦੀਆਂ ਚੋਣਾਂ ਹੋਣੀਆਂ ਹਨ। ਇਸ ਦੇ ਵਾਸਤੇ ਵਾਰਡ ਬਣਨੇ ਹਨ, ਕੰਸਟੀਚਿਊਐਂਸੀਜ਼ ਬਣਨੀਆਂ ਹਨ। ਇਥੇ ਸ਼ਬਦ 'ਵੱਸੋਂ' ਦੀ ਇਕਸਾਰਤਾ ਅਹਿਮ ਨਹੀਂ ਸਗੋਂ ਅਹਿਮ ਸ਼ਬਦ ਇਹ ਹੋਵੇ ਕਿ ਕੰਸਟੀਚਿਊਐਂਸੀ ਕਿਸ ਤਰ੍ਹਾਂ ਦੀ ਹੋਵੇਗੀ। ਇਸ ਦੇ ਵਾਸਤੇ ਕੋਈ ਵੀ ਡਿਮਾਰਕੇਸ਼ਨ ਨਹੀਂ ਕੀਤੀ ਗਈ ਕਿ 'ਵਸੋਂ' ਦੀ ਇਕਸਾਰਤਾ ਵਿੱਚ ਪਿੰਡ ਦੀ ਕੰਟੀਨਿਊਟੀ ਵੇਖਣੀ ਚਾਹੀਦੀ ਹੈ। ਉਸ ਦੇ ਅਨੁਸਾਰ ਹੀ ਕੰਸਟੀਚਿਊਐਂਸੀ ਬਣਾਉਣੀ ਚਾਹੀਦੀ ਹੈ। ਇਹ ਕਲੈਰੀਫਾਈ ਕਿਉਂ ਨਹੀਂ ਕੀਤਾ ਗਿਆ? ਅਗਰ ਵਾਰਡ ਬਣਾਉਣ ਵੇਲੇ ਇਕ ਪਿੰਡ ਨੂੰ ਇਥੇ ਲੈ ਲਿਆ ਤਾਂ ਦੂਜਾ ਪਿੰਡ 10 ਕਿਲੋਮੀਟਰ ਦੂਰ ਲੈ ਲਿਆ ਜਾਵੇਗਾ ਤਾਂ ਜੋ ਇਕ ਵਿਸ਼ੇਸ਼ ਪਾਰਟੀ ਦਾ ਕੈਂਡੀਡੇਟ ਹੀ ਉਸ ਕੰਸਟੀਚਿਊਐਂਸੀ ਵਿਚ ਜਿੱਤ ਸਕੇ। ਇਕ ਪਾਸੇ ਤਾਂ ਅਸੀਂ ਵਧ ਅਧਿਕਾਰ ਲੈਣ ਦੀ ਗੱਲ ਕਰ ਰਹੇ ਹਾਂ ਪਰ ਦੂਸਰੇ ਪਾਸੇ ਇਸ ਤਰ੍ਹਾਂ ਰਾਜਨੀਤੀ ਤੋਂ ਪਰੇਰਤ ਇਸ ਤਰ੍ਹਾਂ ਦੀ ਡਰਾਫਟਿੰਗ ਲਿਆ ਰਹੇ ਹਾਂ ਅਤੇ ਸੋਚਦੇ ਹਾਂ ਕਿ ਇਹ ਸਰਬਸੰਮਤੀ ਨਾਲ ਪਾਸ ਹੋ ਜਾਵੇ। ਇਹ ਸੋਚਣਾ ਸੰਭਵ ਨਹੀਂ ਹੈ। ਮੇਰੀ ਬੇਨਤੀ ਹੈ ਕਿ ਇਸ ਨੂੰ ਰੀ-ਰਾਈਟ ਕਰਨਾ ਚਾਹੀਦਾ ਹੈ। ਇਕ ਕੰਸਟੀਚਿਊਐਂਸੀ ਦੇ ਵਿਚ ਨਾਲ ਲਗਦੇ ਪਿੰਡ ਹੀ ਹੋਣ, ਨਾ ਕਿ 10 ਜਾਂ 15 ਕਿਲੋਮੀਟਰ ਦੂਰ ਦੇ ਪਿੰਡ ਲਗਾਏ ਜਾਣ।

Original with;
Punjab Vidhan Sabha
Digitized by;
Panjab Digital Library

ਅਗਲੀ ਗੱਲ ਮੈਂ ਹੋਰ ਕਹਿੰਦਾ ਹਾਂ। ਗੱਲਾਂ ਤਾਂ ਬਹੁਤ ਸਾਰੀਆਂ ਕਰਨ ਵਾਲੀਆਂ ਹਨ। ਇਹ ਸਾਰਾ ਬਿੱਲ ਪੜ੍ਹਨ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ ਇਕ ਆਰਟੀਕਲ ਵਿੱਚ ਤਾਂ ਵੱਧ ਅਧਿਕਾਰ ਦਿੱਤੇ ਜਾ ਰਹੇ ਹਨ ਪਰ ਨਾਲ ਦੀ ਨਾਲ ਦੂਸਰੇ ਆਰਟੀਕਲ ਵਿਚ ਇਨ੍ਹਾਂ ਨੂੰ ਖੋਹਿਆ ਜਾ ਰਿਹਾ ਹੈ। ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਮੈਂ ਇਥੇ ਇਕ ਮਿਸਾਲ ਦੇਣੀ ਚਾਹੁੰਦਾ ਹਾਂ। ਜ਼ਿਲ੍ਹਾ ਪ੍ਰੀਸ਼ਦ ਐਕਟ ਦੀ ਧਾਰਾ 181 ਵਿੱਚ ਸਫਾ 90 ਤੇ ਦਿੱਤਾ ਹੋਇਆ ਹੈ ਕਿ ਪੰਜਾਬ ਸਰਕਾਰ ਜ਼ਿਲ੍ਹਾ ਪ੍ਰੀਸ਼ਦ ਨੂੰ ਕਹਿ ਸਕਦੀ ਹੈ ਕਿ ਉਹ ਆਪਣੀ ਜੂਰਿਸਡਿਕਸ਼ਨ ਤੋਂ ਬਾਹਰ ਹੈਲਥ ਅਤੇ ਐਜੂਕੇਸ਼ਨ ਉਤੇ ਪੈਸਾ ਖਰਚ ਕਰ ਸਕਦੀ ਹੈ। ਇਸ ਦਾ ਮਤਲਬ ਇਹ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਤਾਂ ਮਾਨਸਾ ਦੀ ਹੋਵੇਗੀ ਪਰ ਕੋਈ ਕਾਲਜ ਬਣਾ ਰਿਹਾ ਜਾਂ ਹਸਪਤਾਲ ਬਣਾ ਰਿਹਾ ਹੈ, ਭਾਵੇਂ ਉਹ ਪ੍ਰਾਈਵੇਟ ਤੌਰ ਤੇ ਬਣਾ ਰਿਹਾ ਹੈ; ਉਸ ਨੂੰ ਸਰਕਾਰੀ ਮਾਲੀ ਮਦਦ ਦਿੱਤੀ ਜਾਵੇਗੀ। ਉਹ ਸਰਕਾਰੀ ਤੌਰ ਤੇ ਬਣ ਰਿਹਾ ਹੋਵੇ, ਇਸ ਬਾਰੇ ਕੁਝ ਵੀ ਨਹੀਂ ਲਿਖਿਆ ਗਿਆ। ਇਸ ਬਾਰੇ ਕੋਈ ਵੀ ਡਿਮਾਰਕੇਸ਼ਨ ਨਹੀਂ ਦਿੱਤੀ ਗਈ। ਇਸ ਦਾ ਮਤਲਬ ਇਹ ਹੋਇਆ ਕਿ ਜ਼ਿਲ੍ਹਾ ਪ੍ਰੀਸ਼ਦ ਦੇ ਆਪਣੇ ਅਧਿਕਾਰ ਕਿਥੇ ਰਹਿ ਗਏ। ਉਸ ਉਤੇ ਸਿੱਧੇ ਤੌਰ ਤੇ ਹਮਲਾ ਕੀਤਾ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਦੀਆਂ ਕਲਾਜ਼ਾਂ ਲਿਆਂਦੀਆਂ ਜਾ ਰਹੀਆਂ ਹਨ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਰੀ-ਰਾਈਟ ਕਰਵਾਇਆ ਜਾਵੇ ਅਤੇ ਇਸ ਬਿੱਲ ਨੂੰ ਮੁੜ ਕੇ ਘੋਖਿਆ ਜਾਵੇ। ਇਸ ਵਿੱਚ ਮਾੜੇ ਪੱਖਾਂ ਨੂੰ ਸ਼ਾਮਲ ਨਾ ਕਰੋ। ਇਸੇ ਤਰ੍ਹਾਂ ਸਪੀਕਰ ਸਾਹਿਬ, ਹੋਰ ਵੀ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਧਾਰਾ 181 ਦੀ 6-ਡੀ ਵਿਚ ਇਹ ਗੱਲ ਪੜ੍ਹ ਕੇ ਹੋਰ ਵੀ ਹੈਰਾਨੀ ਹੁੰਦੀ ਹੈ ਕਿ ਰਾਜ ਸਰਕਾਰ ਕਿਸੇ ਵਿਅਕਤੀ ਵਿਸ਼ੇਸ਼ ਨੂੰ, ਭਾਵੇਂ ਉਹ ਕੋਈ ਯਤੀਮਖਾਨਾ ਬਣਾ ਰਿਹਾ ਹੋਵੇ ਜਾਂ ਕੋਈ ਵੀ ਹੋਰ ਚੀਜ਼ ਬਣਾ ਰਿਹਾ ਹੈ, ਰਾਜ ਸਰਕਾਰ ਜ਼ਿਲ੍ਹਾ ਪ੍ਰੀਸ਼ਦ ਨੂੰ ਕਹਿ ਸਕਦੀ ਹੈ ਕਿ ਉਸ ਨੂੰ ਫਾਈਨੈਂਸ ਕੀਤਾ ਜਾਵੇ, ਉਸ ਦੀ ਮਦਦ ਕੀਤੀ ਜਾਵੇ। ਇਸ ਦਾ ਮਤਲਬ ਸਾਫ ਹੈ ਕਿ ਹੁਣ ਪੋਲੀਟੀਕਲ ਵਿਅਕਤੀਆਂ ਦਾ ਪਾਲਣ-ਪੋਸ਼ਣ ਦਾ ਕੰਮ ਵੀ ਜ਼ਿਲ੍ਹਾ ਪਰੀਸ਼ਦਾਂ ਦੇ ਜ਼ਿੰਮੇ ਲਾਇਆ ਜਾਵੇਗਾ। ਜੇਕਰ ਇਸ ਤਰ੍ਹਾਂ ਦੀਆਂ ਕਲਾਜ਼ਾਂ ਪਾਵਾਂਗੇ ਤਾਂ ਇਸ ਬਿੱਲ ਦੀ ਭਾਵਨਾ ਹੀ ਖਤਮ ਹੋ ਜਾਵੇਗੀ। ਇਸ ਤਰ੍ਹਾਂ ਧਾਰਾ 192 ਅਧੀਨ ਲਿਖਿਆ ਹੈ ਕਿ ਜਿਹੜਾ ਚੀਫ ਐਗਜ਼ੀਕਿਊਟਿਵ ਅਫਸਰ ਹੈ, ਉਹ ਜ਼ਿਲ੍ਹਾ ਪ੍ਰੀਸ਼ਦ ਦਾ ਬਜਟ ਤਿਆਰ ਕਰੇਗਾ। ਉਸ ਨੂੰ ਪਾਸ ਕੌਣ ਕਰੇਗਾ? ਇਸ ਦੇ ਅਰਥ ਸਮਝ ਨਹੀਂ ਆਏ। ਚਾਹੀਦਾ ਤਾਂ ਇਹ ਹੈ ਕਿ ਉਹ ਬਜਟ ਪੇਸ਼ ਕਰੇ ਅਤੇ ਜ਼ਿਲ੍ਹਾ ਪ੍ਰੀਸ਼ਦ ਉਸ ਤੇ ਬਹਿਸ ਕਰੇ, ਉਸ ਨੂੰ ਪਾਸ ਕਰੇ। ਜ਼ਿਲ੍ਹਾ ਪ੍ਰੀਸ਼ਦ ਕੋਲ ਪੂਰਨ ਅਧਿਕਾਰ ਹੋਣ। ਪਰ ਇਸ ਅਮੈਂਡਮੈਂਟ ਨਾਲ ਇਸ ਤਰ੍ਹਾਂ ਲਗਦਾ ਹੈ ਕਿ ਜਿਹੜਾ ਐਗਜ਼ੀਕਿਊਟਿਵ ਆਫੀਸਰ ਹੈ ਜਾਂ ਡੀ.ਡੀ.ਪੀ.ਓ. ਹੈ ਜਾਂ ਕੋਈ ਜ਼ਿਲ੍ਹਾ ਪ੍ਰੀਸ਼ਦ ਦਾ ਸੈਕਟਰੀ ਹੈ, ਉਹ ਹੋਲੀ-ਸੋਲੀ ਹੋ ਗਿਆ ਅਤੇ ਜ਼ਿਲ੍ਹਾ ਪ੍ਰੀਸ਼ਦ ਦੀ ਇੱਥੇ ਮੈਂ ਸਮਝਦਾ ਹਾਂ ਕਿ ਵੁੱਕਤ ਘੱਟ ਹੈ। ਇਸੇ ਤਰ੍ਹਾਂ ਧਾਰਾ 163 ਦਾ ਪਾਰਟ ਨੰ: 1 ਹੈ। ਇਸ ਦੇ ਵਿਚ ਚੇਅਰਮੈਨ ਬਲਾਕ ਸੰਮਤੀ ਤੇ ਐਗਜ਼ੈਕਟਿਵ ਅਫਸਰ ਨੂੰ ਜੋ ਪਾਵਰਾਂ ਦਿਤੀਆਂ ਜਾ ਰਹੀਆਂ ਹਨ, ਮੈਂ ਸਮਝਦਾ ਹਾਂ ਕਿ ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਦੀ ਵੀ ਦੁਰ-ਵਰਤੋਂ ਹੋ ਸਕਦੀ ਹੈ। ਇਸਦੇ ਵਿੱਚ ਲਿਖਿਆ ਹੈ ਕਿ ਐਮਰਜੇਂਸੀ ਦੇ ਹਾਲਾਤ ਵਿੱਚ ਉਹ ਲੋਕਾਂ ਦੀ ਸੇਫਟੀ ਅਤੇ ਸਰਵਿਸ ਲਈ ਖੁਲ੍ਹੇ ਰੂਪ ਵਿੱਚ ਫੰਡਜ਼ ਦੇ ਸਕਦੇ ਹਨ। ਚਲੋਂ ਸੇਫਟੀ ਲਈ ਤਾਂ ਹੋ ਸਕਦਾ ਹੈ ਕਿ ਫਲੱਡ ਆ ਗਏ ਜਾਂ ਕੋਈ ਹੋਰ ਨੇਚੂਰਲ ਕਲੈਮਿਟੀ ਹੈ। ਲੇਕਿਨ ਜਿਹੜੀ ਸਰਵਿਸ ਦੀ ਡੇਫੀਨੀਸ਼ਨ ਹੈ, ਉਹ ਸਾਡੀ ਸਮਝ ਤੋਂ ਬਾਹਰ ਹੈ। ਇਸ ਦਾ ਮਤਲਬ ਉਨ੍ਹਾਂ ਨੂੰ ਅਧਿਕਾਰ ਦੇ ਦਿਤੇ ਕਿ ਜਿੰਨਾ ਫੰਡ ਹੈ, ਜਿੱਥੇ ਵੀ ਉਹ ਚਾਹੁਣ ਦੇ ਦੇਣ। ਫਿਰ ਐਮਰਜੇਂਸੀ ਦੀ ਡੇਫੀਨੀਸ਼ਨ ਕੋਈ ਨਹੀਂ ਕਿ ਕਿਸ ਤਰ੍ਹਾਂ ਦੀ ਐਮਰਜੈਂਸੀ ਹੋ ਸਕਦੀ ਹੈ। ਜਾਂ ਤਾਂ ਇਸਨੂੰ ਡੀਫਾਇਨ ਕਰੋ ਕਿ ਇਹ ਪੈਸੇ ਉਥੇ ਦਿਤੇ ਜਾਣਗੇ ਜਿੱਥੇ ਇਹ ਚੀਜ਼ਾਂ ਵਾਪਰਨਗੀਆਂ, ਪਰ ਇਸ ਤਰ੍ਹਾਂ ਦੀ ਕੋਈ ਡੇਫੀਨੀਸ਼ਨ ਨਹੀਂ ਬਲਕਿ ਦੋਵਾਂ ਨੂੰ ਅਧਿਕਾਰ ਦੇ ਦਿਤੇ। ਮੈਂ ਸਮਝਦਾ ਹਾਂ ਕਿ ਇੱਥੇ ਵੀ ਦੁਰਵਰਤੋਂ ਕਰਨ ਦਾ ਖਦਸ਼ਾ ਹੈ।

ਇਸੇ ਤਰ੍ਹਾਂ ਮੁਲਾਜ਼ਮਾਂ ਦੇ ਬਾਰੇ ਵੀ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਅੱਜ ਹੀ ਸਵੇਰੇ ਸਾਨੂੰ ਮੁਲਾਜ਼ਮਾਂ ਦਾ ਇੱਕ ਇਕੱਠ ਮਿਲਿਆ, ਸ਼ਾਇਦ ਟਰੇਜ਼ਰੀ ਬੈਂਚਾਂ ਤੇ ਬੈਠੇ ਮੈਂਬਰ ਸਾਹਿਬਾਨ ਨੂੰ ਵੀ ਮਿਲਿਆ ਹੋਵੇ। ਸਪੀਕਰ ਸਾਹਿਬ, ਢਾਈ ਲੱਖ ਮੁਲਾਜ਼ਮਾਂ ਨੂੰ ਫੀਅਰ ਹੈ, ਖਦਸ਼ਾ ਹੈ ਕਿ ਉਨ੍ਹਾਂ ਦੀ ਸਰਵਿਸਜ਼ ਤੇ ਪ੍ਰਸ਼ਨ ਚਿੰਨ ਲਗ ਗਿਆ ਹੈ ਕਿਉਂਕਿ ਅੱਗੇ ਉਨ੍ਹਾਂ ਸਾਰਿਆਂ ਨੂੰ ਪੇਅ ਜਾਂ ਹੋਰ ਬੈਨੀਫਿਟ ਜੋ ਸਨ, ਉਨ੍ਹਾਂ ਨੂੰ ਕਨਸੋਲੀਡੇਟਿਡ ਫੰਡਜ਼ ਵਿਚੋਂ ਮਿਲਦੇ ਸਨ ਪਰ ਹੁਣ ਫਾਈਨਾਂਸ ਕਮਿਸ਼ਨ ਬਣਾ ਦਿਤਾ ਹੈ ਉਹ ਸਮੇਂ ਸਮੇਂ ਤੇ ਰਿਕਮੈਂਡੇਸ਼ਨਜ਼ ਕਰੇਗਾ ਜਿਨ੍ਹਾਂ ਦੇ ਆਧਾਰ ਤੇ ਫਿਰ ਗਰਾਂਟਸ ਵਗੈਰਾ ਜ਼ਿਲ੍ਹਾ ਪ੍ਰਸ਼ਾਸਨ ਨੂੰ ਜਾਣਗੀਆਂ ਅਤੇ ਫਿਰ ਮੁਲਾਜ਼ਮਾਂ ਦੀਆਂ ਦੇਣਦਾਰੀਆਂ ਦਿੱਤੀਆਂ ਜਾਣਗੀਆਂ। ਇਨ੍ਹਾਂ ਦੇ ਸਰਵਿਸ ਰੂਲਜ਼ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਵਾਲੇ ਹੋਣਗੇ ਲੇਕਿਨ ਪੈਨਸ਼ਨ, ਪਰੋਵੀਡੈਂਟ ਫੰਡ ਜਾਂ ਗਰੇਡਜ਼ ਜੋ ਹਨ, ਉਨ੍ਹਾਂ ਦੀ ਜੁਰਿਸਡਿਕਸ਼ਨ ਤੇ ਛੱਡ ਦਿੱਤੇ ਹਨ। ਇਸ ਤਰ੍ਹਾਂ ਕਰਮਚਾਰੀਆਂ ਦੇ ਵਿੱਚ ਇੱਕ ਨਵੀਂ ਡਰ ਦੀ ਭਾਵਨਾ ਪੈਦਾ ਕਰ ਦਿਤੀ ਹੈ। ਸੋ, ਮੈਂ ਸਮਝਦਾ ਹਾਂ ਕਿ ਇਸ ਨੂੰ ਦੂਰ ਕਰਨ ਵਾਸਤੇ ਵੀ ਇਸ ਨੂੰ ਦੋਬਾਰਾ ਲਿਖਿਆ ਜਾਵੇ ਤਾਂ ਕਿ ਉਨ੍ਹਾਂ ਵਿੱਚ ਇਹ ਡਰ/ਖਤਰਾ ਨਾ ਰਹੇ ਕਿ ਉਨ੍ਹਾਂ ਦੇ ਰਾਈਟਸ ਤੇ ਹਮਲਾ ਹੋ ਰਿਹਾ ਹੈ।

ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਗੱਲਾਂ ਭੁਲੇਖਾ ਪਾਊ ਹਨ। ਮਿਸਾਲ ਦੇ ਤੌਰ ਤੇ ਇਥੇ ਲਿਖਿਆ ਹੈ ਐਨ.ਏ.ਸੀ., ਨੋਟੀਫਾਈਡ ਏਰੀਆ ਕਮੇਟੀ ਜਾਂ ਮਿਊਂਸਿਪਲ ਕਮੇਟੀ ਗਰੇਡ ਸੀ ਅਗਰ ਇਸਦੀ ਜਗ੍ਹਾ ਪੰਚਾਇਤ ਬਣਾਉਣੀ ਹੈ ਤਾਂ ਉਹ ਤਾਂ ਬਣੇਗੀ ਜੇ ਉਥੋਂ ਦੇ ਲੋਕ ਮੰਗ ਕਰਨਗੇ ਪਰ ਇਸਦੀ ਪ੍ਰੀਭਾਸ਼ਾ ਕੀ ਹੈ? ਜਾਂ ਤਾਂ ਕੋਈ ਸਪੈਸ਼ਲ ਰੂਲ ਜਾਂ ਚਾਰ ਸ਼ਬਦ ਲਿਖੋ ਕਿ ਲੋਕਾਂ ਤੋਂ ਤੁਹਾਡਾ ਕੀ ਭਾਵ ਹੈ। ਨਹੀਂ ਤਾਂ ਉਹ ਆਪਣੇ ਤੌਰ ਤੇ ਜਿੱਥੇ ਮਰਜ਼ੀ ਚਾਹੁਣਗੇ, ਆਪਣੇ ਲੋਕਾਂ ਨੂੰ ਖੁਸ਼ ਕਰਨ ਲਈ ਬਣਾ ਦੇਣਗੇ ਅਤੇ ਕਹਿਣਗੇ ਕਿ ਲੋਕਾਂ ਦੀ ਮੰਗ ਸੀ। ਲੋਕਾਂ ਦੀ ਰਾਏ ਜਾਣਨ ਦਾ ਤਰੀਕਾ ਕੀ ਹੈ ? ਮੈਂ ਸਮਝਦਾ ਹਾਂ ਕਿ ਇਸ ਸਬੰਧੀ ਇਕ ਫਰੇਮ ਵਰਕ ਹੋਣਾ

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ ਜਿਹੜੀ ਪੌਜ਼ੀਟਿਵ ਗੱਲ ਹੈ, ਰਾਖਵਾਂ-ਕਰਨ ਦੀ, ਇਹ ਵੈਲ-ਕਮ ਕਰਨ ਦੀ ਗੱਲ ਹੈ, ਉਹ ਇਸ ਦੇ ਵਿੱਚ ਵੀ ਰਖੀ ਗਈ ਹੈ ਪਰ ਮੈਂ ਸਮਝਦਾ ਹਾਂ ਕਿ ਕੁਝ ਗੱਲਾਂ ਕਰਨੀਆਂ ਜ਼ਰੂਰੀ ਹਨ, ਨਹੀਂ ਤਾਂ ਫਿਰ ਇਸ ਦੀ ਅਸਲ ਜਿਹੜੀ ਭਾਵਨਾ ਹੈ, ਉਹ ਠੀਕ ਨਹੀਂ ਰਹੇਗੀ। ਹੁਣ ਇਸਦੇ ਵਿੱਚ ਲਿਖਿਆ ਹੈ ਕਿ ਰੀਜ਼ਰਵੇਸ਼ਨ ਤਾਂ ਹੋਵੇਗੀ, ਡੈਫੀਨੇਟ ਹੈ ਲੇਕਿਨ ਉਹ ਬਾਈ-ਰੁਟੇਸ਼ਨ ਹੈ, ਰੁਟੇਸ਼ਨ ਦੇ ਮੁਤਾਬਿਕ ਹੋਵੇਗੀ ਕਿ ਕਿਹੜੇ-ਕਿਹੜੇ ਇਲਾਕੇ ਰੀਜ਼ਰਵ ਬਣਾਉਣੇ ਹਨ। ਐਤਕੀ ਇਹ ਇਲਾਕੇ ਜਨਰਲ ਇਲਾਕੇ ਦੇ ਵਿੱਚ ਚੇਂਜ ਕਰ ਦੇਣੇ ਹਨ ਇਨ੍ਹਾਂ ਦਾ ਰੁਟੇਸ਼ਨ ਬਣਾਉਣ ਵਾਸਤੇ ਰੂਲ ਕੋਈ ਨਹੀਂ ਫਿਰ ਤਾਂ ਸਰਕਾਰ ਦੀ ਮਰਜ਼ੀ ਤੇ ਹੋ ਗਿਆ, ਜਿਹੜੇ ਮਰਜ਼ੀ ਨੂੰ ਉਹ ਬਣਾ ਦੇਣ ਅਤੇ ਜਿਹੜੇ ਮਰਜ਼ੀ ਨੂੰ ਛੱਡ ਦੇਣ। ਮੈਂ ਸਮਝਦਾ ਹਾਂ ਕਿ ਜੇ ਰੁਟੇਸ਼ਨ ਦੇ ਮੁਤਾਬਿਕ ਬਣਾਉਣੇ ਹਨ ਤਾਂ ਘੱਟੋ ਘਟ ਇਸ ਦਾ ਰੂਲ ਬਣਾਉਣਾ ਚਾਹੀਦਾ ਹੈ ਤਾਂ ਕਿ ਰੂਲ ਬਾਈ-ਪਾਸ ਨਾ ਹੋਣ। ਜੋ ਏਰੀਆ ਜਾਂ ਕੰਸਟੀਚੂਐਂਸੀ ਰੂਲਜ਼ ਦੇ ਮੁਤਾਬਿਕ ਫਿੱਟ ਹੋਵੇ, ਉਸਦੇ ਮੁਤਾਬਿਕ ਹੀ ਅਦਲਾ-ਬਦਲੀ ਕੀਤੀ ਜਾਵੇ। ਇਸ ਤਰ੍ਹਾਂ ਇੱਕ ਜਨਰਲ ਜਿਹਾ ਪੈਰਾ ਇੱਥੇ ਪਾ ਲਿਆ, ਇਸ ਤਰ੍ਹਾਂ ਦੀ ਗੱਲ ਨਾ ਛੱਡੀ ਜਾਵੇ।

ਸਪੀਕਰ ਸਾਹਿਬ, ਇਥੇ ਮੰਡਲ ਕਮਿਸ਼ਨ ਦਾ ਵੀ ਬੜਾ ਰੌਲਾ ਪਾਇਆ ਗਿਆ ਹੈ ਅਤੇ ਸਰਕਾਰ ਨੇ ਵਾਇਦਾ ਵੀ ਕੀਤਾ ਹੋਇਆ ਹੈ ਕਿ ਜੋ ਬੈਕਵਰਡ ਕਲਾਸਿਜ਼ ਦੇ ਲੋਕ ਹਨ, ਉਨ੍ਹਾਂ ਨੂੰ ਵੀ ਪ੍ਰਤੀਨਿਧਤਾ ਦੇਵਾਂਗੇ। ਇਸਦੇ ਵਿੱਚ ਜਿਹੜੀ ਸ਼ਡਿਊਲਡ ਕਾਸਟਸ ਅਤੇ ਔਰਤਾਂ ਵਾਸਤੇ ਰੀਜ਼ਰ-ਵੇਸ਼ਨ ਕੀਤੀ ਗਈ ਹੈ, ਇਹ ਸ਼ਲਾਘਾਯੋਗ ਗੱਲ ਹੈ ਅਤੇ ਜੀ-ਆਇਆਂ ਆਖਣ ਵਾਲੀ ਗੱਲ ਹੈ। ਇਸਨੂੰ ਅਸੀਂ ਜੀ-ਆਇਆਂ ਆਖਦੇ ਹਾਂ, ਲੇਕਿਨ ਜਿਹੜੀਆਂ ਬੈਕਵਰਡ ਕਲਾਸਿਜ਼ ਹਨ, ਉਨ੍ਹਾਂ ਵਾਸਤੇ ਇੱਕ ਤਰ੍ਹਾਂ ਨਾਲ ਕੋਈ ਰੀਜ਼ਰਵੇਸ਼ਨ ਨਹੀਂ ਬਲਕਿ ਖਤਮ ਹੀ ਕਰ ਦਿੱਤੀ ਹੈ ਕਿਉਂਕਿ ਜੇ ਅਸੀਂ ਇੱਕ ਇੱਕ ਸੀਟ ਦਿਤੀ ਵੀ ਹੈ ਤਾਂ ਉਹ ਕੰਡੀਸ਼ਨਲੀ ਦਿੱਤੀ ਹੈ ਕਿ ਜੇ ਉਨ੍ਹਾਂ ਦੀ ਪਾਪੂਲੇਸ਼ਨ 20 ਪ੍ਰਤੀਸ਼ਤ ਹੋਵੇ ਤਾਂ ਦਿੱਤੀ ਜਾ ਸਕਦੀ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਪਾਪੂਲੇਸ਼ਨ ਕਿਸੇ ਜਗ੍ਹਾ 19 ਪ੍ਰਤੀਸ਼ਤ ਹੋ ਸਕਦੀ ਹੈ ਜਾਂ 18 ਪ੍ਰਤੀਸ਼ਤ ਵੀ ਹੋ ਸਕਦੀ ਹੈ। ਮੈਂ ਸਮਝਦਾ ਹਾਂ ਕਿ ਭਾਵੇਂ ਪਾਪੂਲੇਸ਼ਨ ਘੱਟ ਹੈ ਜਾਂ ਵਧ ਹੈ, ਇਹ ਤਾਂ ਇਕ ਹਕੀਕਤ ਹੈ ਕਿ ਜਿਹੜੀਆਂ ਬੈਕਵਰਡ ਕਲਾਸਿਜ਼ ਹਨ, ਉਹ ਅਜੇ ਵੀ ਆਰਥਿਕ ਸਮਾਜਿਕ ਤੌਰ ਤੇ ਪੱਛੜੀਆਂ ਹੋਈਆਂ ਹਨ। ਇਥੇ ਵੀ ਕੰਡੀਸ਼ਨ ਲਗਾ ਦਿਤੀ ਹੈ ਅਤੇ ਚੇਅਰਮੈਨ ਅਤੇ ਵਾਈਸ-ਚੇਅਰਮੈਨ ਵਾਸਤੇ ਇਨ੍ਹਾਂ ਪੱਛੜੀਆਂ ਸ਼੍ਰੇਣੀਆਂ ਵਾਸਤੇ ਕੋਈ ਰੀਜ਼ਰਵੇਸ਼ਨ ਹੈ ਹੀ ਨਹੀਂ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨਾਲ ਇਹ ਕੋਈ ਜਸਟੀਫੀਕੇਸ਼ਨ ਨਹੀਂ ਇਸ ਲਈ ਇਸਨੂੰ ਵੀ ਹਮਦਰਦੀ ਨਾਲ ਵਿਚਾਰਨਾ ਚਾਹੀਦਾ ਹੈ ਤੇ ਇਨ੍ਹਾਂ ਦੀ ਰੀਜ਼ਰਵੇਸ਼ਨ ਵਾਸਤੇ ਵੀ ਬਹੁਤ ਸਾਰੀਆਂ ਚੀਜ਼ਾਂ, ਮੈਂ ਸਮਝਦਾ ਹਾਂ ਕਿ ਡਿਫਰੈਂਟ ਸਟੇਜਿਜ਼ ਤੇ ਜ਼ਰੂਰ ਪਾਉਣੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਸਪੀਕਰ ਸਾਹਿਬ ਇਸ ਵਿਚ ਨੋ ਕਾਨਫੀਡੈਂਸ ਵਾਲੀ ਗੱਲ ਲਿਖੀ ਹੋਈ ਹੈ ਕਿ ਦੋ ਸਾਲ ਬਾਅਦ ਰੱਦ ਹੋ ਜਾਵੇ। ਇਸ ਨਾਲ ਸਾਡਾ ਗਰੁੱਪ ਸਹਿਮਤ ਨਹੀਂ ਹੋ ਸਕਦਾ। ਫਰਜ਼ ਕਰ ਲਓ ਕਿ ਦੋ ਸਾਲ ਦੀ ਤੁਸੀਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਕੰਡੀਸ਼ਨ ਲਗਾ ਦਿੱਤੀ ਕਿ ਨੋ ਕਾਨਫੀਡੈਂਸ ਨਹੀਂ ਆ ਸਕਦਾ। ਜੇ ਉਹ ਰੀਜੈਕਟ ਹੋ ਜਾਂਦਾ ਹੈ ਤਾਂ ਦੋ ਸਾਲ ਦਾ ਸਮਾਂ ਤੁਸੀਂ ਹੋਰ ਦੇ ਦਿੱਤਾ। ਨਾਲ ਤੀਸਰੀ ਸ਼ਰਤ ਜੋੜ ਦਿੱਤੀ ਟੂ-ਥਰਡ ਮੈਜਾਰਿਟੀ ਦੀ। ਜੇ ਦੋ-ਦੋ ਸਾਲ ਦਾ ਸਮਾਂ ਤੁਸੀਂ ਦੇਣਾ ਹੈ ਤਾਂ ਫਿਰ ਟੂ-ਥਰਡ ਮੈਜਾਰਿਟੀ ਦੀ ਕੀ ਲੋੜ ਹੈ। ਇਸ ਦੀ ਥਾਂ ਤੇ ਜਾਂ ਤਾਂ ਸਮਾਂ ਘਟਾ ਦਿਓ ਜਾਂ ਫਿਰ ਸਿੰਪਲ ਮੈਜਾਰਿਟੀ ਰੱਖ ਲਓ। ਨਹੀਂ ਤਾਂ ਜਿਹੜੇ ਇੱਕ ਵਾਰੀ ਬੈਠ ਗਏ, ਟੂ ਥਰਡ ਮੈਜਾਰਿਟੀ ਹੋਣੀ ਹੀ ਨਹੀਂ। ਉਨ੍ਹਾਂ ਖਿਲਾਫ ਨੋ ਕਾਂਫੀਡੈਂਸ ਪਾਸ ਹੋਣਾ ਹੀ ਨਹੀਂ। ਇਸ ਕਰਕੇ ਉਹ ਲਗਾਤਾਰ ਰਹਿਣਗੇ। ਇਸ ਨੂੰ ਨਵੇਂ ਰੂਪ ਵਿਚ ਲਿਖਣਾ ਚਾਹੀਦਾ ਹੈ। ਆਸ ਹੈ ਕਿ ਇਸ ਵੱਲ ਉਚੇਚੇ ਤੌਰ ਤੇ ਧਿਆਨ ਦਿੱਤਾ ਜਾਵੇਗਾ।

ਇਸੇ ਤਰ੍ਹਾਂ ਪੰਚਾਇਤਾਂ ਨੂੰ ਤੋੜਨ ਦਾ ਸਵਾਲ ਹੈ। ਅਸੀਂ ਉਨ੍ਹਾਂ ਨੂੰ ਕਿੱਥੇ ਵੱਧ ਅਧਿਕਾਰ ਦੇ ਰਹੇ ਹਾਂ? ਰੌਲਾ ਤਾਂ ਇਹ ਪਾਇਆ ਜਾ ਰਿਹਾ ਹੈ ਕਿ ਵਧ ਅਧਿਕਾਰ ਦਿੱਤੇ ਜਾ ਰਹੇ ਹਨ। ਮੈਨੂੰ ਇੱਥੇ ਹਾਸਾ ਆਉਂਦਾ ਹੈ। ਡਾਇਰੈਕਟਰ ਨੂੰ ਇੱਕ ਅਧਿਕਾਰ ਦਿਤਾ ਹੋਇਆ ਹੈ ਕਿ ਅਗਰ ਉਹ ਮੰਨ ਲਏ ਕਿ ਇਹ ਅਨਡਿਜ਼ਾਇਰੇਬਲ ਜਾਂ ਲੋਕਾਂ ਦੇ ਇੰਟਰੈਸਟ ਵਿਚ ਨਹੀਂ ਤਾਂ ਉਹ ਉਸ ਆਧਾਰ ਤੇ ਪੰਚਾਇਤ ਨੂੰ ਸਸਪੈਂਡ ਕਰ ਸਕਦਾ ਹੈ। ਇਸ ਤਰ੍ਹਾਂ ਫਿਰ ਪੰਚਾਇਤ ਨੂੰ ਅਧਿਕਾਰ ਕਿੱਥੇ ਰਹਿ ਗਏ? ਅਫਸਰਸ਼ਾਹੀ ਨੂੰ ਉਪਰ ਬਿਠਾ ਦਿੱਤਾ। ਜੇ ਉਹ ਇਕੱਲਾ ਬਿਲੀਵ ਕਰ ਲਵੇ ਕਿ ਇਹ ਠੀਕ ਨਹੀਂ ਜਾਂ ਲੋਕਾਂ ਦੇ ਇੰਟਰੈਸਟ ਵਿਚ ਪੰਚਾਇਤ ਕੰਮ ਨਹੀਂ ਕਰ ਰਹੀ ਤਾਂ ਉਹ ਉਸ ਨੂੰ ਤੋੜ ਸਕਦਾ ਹੈ। ਇਸ ਵਿਚ ਕਸਵੱਟੀ ਕੀ ਹੈ? ਕਸਵੱਟੀ ਕੋਈ ਨਹੀਂ। ਅਸੀਂ ਇੱਕ ਅਮੈਂਡਮੈਂਟ ਵੀ ਦਿੱਤੀ ਹੋਈ ਹੈ। ਉਸ ਦੀ ਰੌਸ਼ਨੀ ਵਿਚ ਉਸ ਨੂੰ ਦੁਬਾਰਾ ਲਿਖਿਆਂ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਪੰਚਾਇਤਾਂ ਨੂੰ ਵਧ ਅਧਿਕਾਰ ਕਿੱਥੋਂ ਦੇ ਦਿੱਤੇ? ਜੇ ਪੰਚਾਇਤ, ਬਲਾਕ ਸਮਿਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਕੋਈ ਪ੍ਰਾਪਰਟੀ ਖਰੀਦਣਾ ਚਾਹੁੰਦੇ ਹਨ ਜਾਂ ਵੇਚਣਾ ਚਾਹੁੰਦੇ ਹਨ ਤਾਂ ਉਸ ਤੇ ਗੌਰਮਿੰਟ ਨੇ ਫਿਰ ਕੰਡੀਸ਼ਨ ਲਗਾ ਦਿੱਤੀ ਕਿ ਸਰਕਾਰ ਤੋਂ ਪਹਿਲਾਂ ਪ੍ਰਵਾਨਗੀ ਲੈਣੀ ਹੈ। ਤੁਸੀਂ ਉਸ ਨੂੰ ਦੋ ਸਾਲ ਪ੍ਰਵਾਨਗੀ ਨਾ ਦਿਓ। ਫਰਜ਼ ਕਰੋ ਕਿ ਬਲਾਕ ਸਮਿਤੀ ਜਾਂ ਜ਼ਿਲ੍ਹਾ ਪ੍ਰੀਸ਼ਦ ਤੁਹਾਨੂੰ ਫਿੱਟ ਨਹੀਂ ਬੈਠਦਾ। ਤੁਸੀਂ ਦੋ ਸਾਲ ਪ੍ਰਵਾਨਗੀ ਨਹੀਂ ਦੇਣੀ। ਜਿਸ ਲੋੜ ਨੂੰ ਮੁੱਖ ਰੱਖ ਕੇ ਉਹ ਖਰੀਦਣਾ ਚਾਹੁੰਦੀ ਹੈ, ਉਸ ਵਾਸਤੇ ਉਹ ਆਪਣਾ ਕੰਮ ਨਹੀਂ ਕਰ ਸਕਦੀ। ਫਿਰ ਸਮਾਂ ਨਿਕਲ ਜਾਵੇਗਾ। ਇਸ ਤਰ੍ਹਾਂ ਦੀਆਂ ਬੰਧਸ਼ਾਂ ਕਲਾਸਿਜ਼ ਵਿਚ ਨਹੀਂ ਹੋਣੀਆਂ ਚਾਹੀਦੀਆਂ ਹਨ। ਇਹ ਕਿੱਥੋਂ ਦੀ ਡੈਮੋਕਰੇਸੀ ਹੈ ਜਾਂ ਵਧ ਅਧਿਕਾਰ ਹਨ ਕਿ ਸਰਕਾਰ ਪੰਚਾਇਤ ਨੂੰ ਹੁਕਮ ਦੇ ਸਕਦੀ ਹੈ। ਚਲੋ ਠੀਕ ਹੈ ਕਿ ਸਰਕਾਰ ਹੁਕਮ ਦੇ ਸਕਦੀ ਹੈ ਸਰਕਾਰ ਸਭ ਤੋਂ ਵੱਡੀ ਹੈ। ਕੋਈ ਐਮਰਜੈਂਸੀ ਹੋ ਗਈ ਜਾਂ ਸੈਂਟਰ ਗੌਰਮਿੰਟ ਨੇ ਕੋਈ ਕੰਮ ਕਹਿ ਦਿੱਤਾ ਕਿ ਇਹ ਕੰਮ ਕਰਨਾ ਬੜਾ ਜ਼ਰੂਰੀ ਹੈ। ਉਸ ਹਾਲਤ ਵਿਚ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਨੀ ਵੀ ਪੰਚਾਇਤ ਵਾਸਤੇ ਜ਼ਰੂਰੀ ਹੈ। ਮੈਨੂੰ ਇਸ ਤੇ ਕੋਈ ਇਤਰਾਜ਼ ਨਹੀਂ। ਇਤਰਾਜ਼ ਅਗਲੀ ਗੱਲ ਤੇ ਹੈ। ਪੰਚਾਇਤ ਨੇ ਜਿਹੜਾ ਕੰਮ ਕੇਂਦਰ ਦੀ ਸਰਕਾਰ ਦਾ ਪੰਜਾਬ ਸਰਕਾਰ ਦੇ ਕਹਿਣ ਤੇ ਕਰ ਦਿੱਤਾ ਜਾਂ ਪੰਜਾਬ ਸਰਕਾਰ ਦਾ ਕੰਮ

Original with;
Punjab Vidhan Sabha
Digitized by;
Panjab Digital Library

ਕਰ ਦਿੱਤਾ, ਉਸ ਤੇ ਖਰਚਾ ਕਿੰਨਾ ਅਇਆ—ਇਸ ਦਾ ਫੈਸਲਾ ਪੰਚਾਇਤ ਨਹੀਂ ਕਰੇਗੀ। ਖਰਚਾ ਤਾਂ ਪੰਚਾਇਤਾਂ ਨੇ ਕਰਨਾ ਹੈ ਪਰ ਉਹ ਦੱਸ ਨਹੀਂ ਸਕਦੀ ਕਿਉਂਕਿ ਖਰਚਾ ਤਾਂ ਉਹ ਹੀ ਮਿਲਣਾ ਹੈ ਜਿਹੜਾ ਸਟੇਟ ਗੌਰਮਿੰਟ ਤਹਿ ਕਰੇਗੀ ਕਿ ਤੁਸੀਂ ਇੰਨਾ ਕੰਮ ਕੀਤਾ ਸੀ ਅਤੇ ਇੰਨੀ ਹੀ ਰਕਮ ਖਰਚ ਹੋਈ। ਇਸ ਤਰ੍ਹਾਂ ਪੰਚਾਇਤ ਦੇ ਅਧਿਕਾਰ ਕਿਸ ਤਰ੍ਹਾਂ ਰਹਿ ਗਏ? ਖਰਚ ਕਰੇ ਉਹ 50,000 ਰੁਪਿਆ ਅਤੇ ਅਫਸਰ 10,000 ਰੁਪਿਆ ਨਿਸ਼ਚਤ ਕਰ ਦੇਵੇ। 40,000 ਰੁਪਏ ਦਾ ਖਰਚਾ ਪੰਚਾਇਤ ਦੇ ਲੇਖੇ ਜਾਵੇਗਾ। ਇਸ ਕਰਕੇ ਇਸ ਨੂੰ ਸਾਫ ਤੌਰ ਤੇ ਲਿਖੋ ਤਾਂ ਕਿ ਗੱਲ ਸਮਝ ਆ ਸਕੇ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਅਗਲੀ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਧਾਰਾ 199 ਵਿਚ ਸਬ ਪਾਰਟ-1 ਹੈ ਜਿਸ ਵਿਚ ਪੰਚਾਇਤ ਦਾ ਜੋ ਰੈਗੂਲੇਸ਼ਨ ਹੈ, ਉਸ ਨੂੰ ਡਾਇਰੈਕਟਰ ਕੈਂਸਲ ਕਰ ਸਕਦਾ ਹੈ। ਇਸ ਵਿਚ ਦੁਬਾਰਾ ਠੀਕ ਸੋਧ ਕਰਕੇ ਲਿਖੋ। ਇਸ ਵਿਚ ਠੋਸ ਰੀਜ਼ਨ ਹੋਣੇ ਚਾਹੀਦੇ ਹਨ ਕਿ ਉਹ ਕੈਂਸਲ ਕਰ ਸਕੇ। ਨਹੀਂ ਤਾਂ ਜਦੋਂ ਤੱਕ ਪੰਚਾਇਤ, ਅਫਸਰ ਦੇ ਗੋਡੇ ਹੱਥ ਨਹੀਂ ਲਗਾਉਂਦੀ, ਜਿਸ ਤਰ੍ਹਾਂ ਕਿ ਅਫਸਰਾਂ ਨੂੰ ਖੁਸ਼ ਕਰਕੇ ਕੰਮ ਕਰਵਾਇਆ ਜਾ ਸਕਦਾ ਹੈ, ਉਦੋਂ ਤਕ ਪੰਚਾਇਤ ਦਾ ਕੰਮ ਨਹੀਂ ਚਲੇਗਾ ਇਸ ਕਲਾਜ਼ ਦੀ ਬਹੁਤ ਸਾਰੀ ਦੁਰਵਰਤੋਂ ਹੋ ਸਕਦੀ ਹੈ। ਜਿਸ ਤਰ੍ਹਾਂ ਜ਼ਮੀਨ ਖਰੀਦਣ ਲਈ ਸਰਕਾਰ ਤੋਂ ਮਨਜ਼ੂਰੀ ਲੈਣੀ ਹੈ, ਇਸੇ ਤਰ੍ਹਾਂ ਕਿਸੇ ਨੇ ਕਰਜ਼ਾ ਲੈਣਾ ਹੈ, ਜ਼ਿਲ੍ਹਾ ਪ੍ਰਿਸ਼ਦ ਨੇ ਲੈਣਾ ਹੈ ਜਾਂ ਬਲਾਕ ਸੰਮਤੀ ਨੇ ਲੈਣਾ ਹੈ ਤਾਂ ਉਸ ਤੇ ਵੀ ਸ਼ਰਤ ਹੈ ਕਿ ਉਹ ਸਰਕਾਰ ਤੋਂ ਮਨਜ਼ੂਰੀ ਲਵੇ। ਚੱਲੋ, ਜੇ ਸਰਕਾਰ ਤੋਂ ਮਨਜ਼ੂਰੀ ਲੈਣੀ ਹੈ ਤਾਂ ਉਸ ਦੀ ਲਿਮਟ ਫਿਕਸ ਕਰ ਦਿਓ ਕਿ ਦੋ ਲੱਖ ਤੱਕ ਤੁਸੀਂ ਆਪ ਲੈ ਸਕਦੇ ਹੋ ਅਤੇ ਜੇਕਰ ਦੋ ਲੱਖ ਤੋਂ ਉਪਰ ਲੈਣਾ ਹੈ ਤਾਂ ਸਰਕਾਰ ਦੀ ਮਨਜ਼ੂਰੀ ਲੈ ਲਵੋ। ਫਿਰ ਤਾਂ ਗੱਲ ਸਮਝ ਆ ਸਕਦੀ ਹੈ। ਜੇ ਪੰਜਾਹ ਹਜ਼ਾਰ ਰੁਪਿਆ ਵੀ ਕਰਜ਼ਾ ਲੈਣਾ ਹੋਵੇ ਤਾਂ ਵੀ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਫਿਰ ਪੰਚਾਇਤ ਇੰਡੀਪੈਂਡੈਂਟ ਕਿਸ ਤਰ੍ਹਾਂ ਰਹਿ ਗਈ। ਇਸ ਦੀਆਂ ਕਲਾਸਿਜ਼ ਉਡਾਈਆਂ ਜਾਣੀਆਂ ਚਾਹੀਦੀਆਂ ਹਨ ਔਰ ਇਸ ਤਰ੍ਹਾਂ ਪੰਚਾਇਤਾਂ ਦੇ ਅਧਿਕਾਰਾਂ ਤੋਂ ਬਿਨਾਂ ਕੋਈ ਰੂਲ ਬਣਾਏ, ਛਾਪਾ ਨਹੀਂ ਮਾਰਨਾ ਚਾਹੀਦਾ। ਪੰਚਾਇਤ ਦੇ ਅਧਿਕਾਰ ਵਿਚ ਕੋਈ ਵੀ ਚੀਜ਼ ਚਾਹੇ ਕੋਈ ਪੁਲ ਹੈ, ਗਲੀ ਹੈ, ਨਾਲੀ ਹੈ ਜਾਂ ਉਸ ਦੇ ਅਧਿਕਾਰ ਵਿਚ ਕੋਈ ਹੋਰ ਚੀਜ਼ ਹੈ ਅਤੇ ਉਸ ਨੂੰ ਸਟੇਟ ਦੀ ਸਰਕਾਰ ਆਪਣੇ ਅਧਿਕਾਰ ਵਿਚ ਲੈਣਾ ਚਾਹੁੰਦੀ ਹੈ ਤਾਂ ਉਸ ਵਾਸਤੇ ਕੋਈ ਰੂਲ ਨਹੀਂ। ਜਦੋਂ ਮਰਜ਼ੀ ਸਰਕਾਰ ਹੁਕਮ ਕਰ ਦੇਵੇ। ਫਿਰ ਇਹ ਵੱਧ ਅਧਿਕਾਰ ਕਿੱਥੇ ਰਹਿ ਗਏ? ਇਸ ਵਾਸਤੇ ਕੋਈ ਰੂਲ ਹੋਵੇ ਜਾਂ ਪ੍ਰਾਪਰਲੀ ਲਿਖੇ ਤਾਂ ਕਿ ਪੰਚਾਇਤਾਂ ਦੀ ਸੰਤੁਸ਼ਟੀ ਹੋ ਸਕੇ। ਇਹ ਪਬਲਿਕ ਹਿਤ ਦੀ ਗੱਲ ਸਰਕਾਰ ਕੋਲ ਜਾਣੀ ਜ਼ਰੂਰੀ ਹੈ।

ਸਪੀਕਰ ਸਾਹਿਬ, ਇਕ ਧਾਰਾ-113 ਤਹਿਤ ਸਮਿਤੀ ਦੀ ਜੋ ਸਾਰੀ ਜਾਇਦਾਦ ਹੈ, ਉਹ ਸਮਿਤੀ ਦੀ ਕਿਉਂ ਨਾ ਰਹੇਗੀ? ਇਹ ਲਿਖ ਦਿੱਤਾ ਕਿ ਸਾਰੀ ਪ੍ਰਾਪਰਟੀ ਪੰਜਾਬ ਸਰਕਾਰ ਦੀ ਹੋਏਗੀ। ਇੱਕ ਗੱਲ ਜਿਸ ਦਾ ਮੈਂ ਆਪ ਐਮ.ਐਲ.ਏ. ਹੁੰਦਾ ਹੋਇਆ ਸਖਤ ਵਿਰੋਧੀ ਹਾਂ ਇਹ ਹੈ ਕਿ ਇਥੇ ਜਿਹੜਾ ਡਬਲ ਸਟੈਂਡਰਡ ਹੈ, ਉਹ ਮੈਨੂੰ ਨਹੀਂ ਸਮਝ ਆਇਆ ਕਿ ਕਿਉਂ ਲਾਗੂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਕੀਤਾ ਜਾ ਰਿਹਾ ਹੈ। ਜਿਹੜੀਆਂ ਵੀ ਕਾਰਪੋਰੇਸ਼ਨਾਂ ਤੇ ਮਿਉਂਸਪੈਲਿਟੀਆਂ ਦੀ ਅਮੈਂਡਮੈਂਟ ਇੱਥੇ ਆ ਰਹੀ ਹੈ, ਉਸ ਦੇ ਵਿੱਚ ਅਮ.ਐਲ.ਏ. ਨੂੰ ਵੋਟ ਦੇ ਅਧਿਕਾਰ ਹਨ। ਪਹਿਲਾਂ ਉਹ ਬਿਨਾਂ ਵੋਟ ਤੋਂ ਮੀਟਿੰਗਾਂ ਵਿੱਚ ਜਾ ਸਕਦਾ ਸੀ ਪਰ ਹੁਣ ਇਥੇ ਇਹ ਰੱਖਿਆ ਹੈ ਕਿ ਉਸ ਨੂੰ ਪੂਰਾ ਵੋਟ ਦਾ ਅਧਿਕਾਰ ਹੈ ਜਿਹੜਾ ਮੈਂ ਸਮਝਦਾ ਹਾਂ ਕਿ ਟੋਟਲੀ ਅਨ-ਡੈਮੋਕਰੈਟਿਕ ਹੈ। ਇਹ ਮੈਂ ਸਮਝਦਾ ਹਾਂ ਕਿ ਹਟਾਇਆ ਜਾਣਾ ਚਾਹੀਦਾ ਹੈ । ਜਿਸ ਵੇਲੇ ਇਥੇ ਮਾਸਟਰ ਜੀ ਹੁਰਾਂ ਵੱਲੋਂ ਅਮੈਂਡਮੈਂਟ ਆਈ ਸੀ ਤਾਂ ਮੈਨੂੰ ਬੜੀ ਖੁਸ਼ੀ ਹੋਈ ਕਿ ਘੱਟੋ-ਘੱਟ ਐਮ.ਐਲ.ਏ. ਨੂੰ ਵੋਟ ਦੇਣ ਦਾ ਅਧਿਕਾਰ ਨਹੀਂ ਹੋਵੇਗਾ ਪਰ ਇਥੇ ਇਹ ਵੀ ਦੇ ਦਿੱਤਾ। ਯਾਨੀ ਕਿ ਆਸ ਤਾਂ ਅਸੀਂ ਚੰਗੀ ਕਰਦੇ ਸੀ, ਪਰ ਉਨ੍ਹਾਂ ਨੂੰ ਹੋਰ ਜ਼ਿਆਦਾ ਅਧਿਕਾਰ ਦੇ ਦਿੱਤੇ। ਫਿਰ ਨਾਲ ਇਹ ਲਿਖਿਆ ਹੈ ਕਿ ਐਮ.ਐਲ.ਸੀ.ਵੀ ਔਰ ਇਥੋਂ ਤੱਕ ਕਿ ਲੋਕ ਸਭਾ, ਰਾਜ ਸਭਾ ਦਾ ਮੈਂਬਰ ਵੀ ਉਸ ਦਾ ਵੋਟਰ ਹੋਏਗਾ ਕਈ ਵਾਰ ਰਾਜ ਸਭਾ ਦਾ ਮੈਂਬਰ ਤਾਂ ਹੁੰਦਾ ਹੈ ਪੰਜਾਬ ਵਿਚੋਂ ਲੇਕਿਨ ਚੋਣਾਂ ਆਸਾਮ ਵਿਚੋਂ ਲੜਦਾ ਹੈ। ਰਾਜ ਸਭਾ ਮੈਂਬਰ ਦੀ ਇੱਕ ਰਿਹਾਇਸ਼ ਦੂਸਰੇ ਕਿਸੇ ਹੋਰ ਡਿਸਟ੍ਰਿਕਟ ਵਿੱਚ ਰਖੀ ਹੁੰਦੀ ਹੈ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀਆਂ ਸਾਰੀਆਂ ਚੀਜ਼ਾਂ ਹਟਾਈਆਂ ਜਾਣੀਆਂ ਚਾਹੀਦੀਆਂ ਹਨ।

ਇਸੇ ਤਰ੍ਹਾਂ ਸਪੀਕਰ ਸਾਹਿਬ, ਇਕ ਦੋ ਨੁਕਤੇ ਹੋਰ ਰਹਿ ਗਏ ਕਿਉਂਕਿ ਸਾਰੀਆਂ ਗੱਲਾਂ ਕਰਨੀਆਂ ਹੋਣ ਤਾਂ ਫਿਰ ਤਾਂ ਬਹੁਤ ਲੰਬਾ ਚੌੜਾ ਸਮਾਂ ਚਾਹੀਦਾ ਹੈ। ਲੈਂਡ ਰੈਵੇਨਿਊ ਪਹਿਲਾਂ ਪੰਚਾਇਤਾਂ ਨੂੰ ਨਹੀਂ ਸੀ ਮਿਲਦਾ। ਹੁਣ 40 ਪ੍ਰਤੀਸ਼ਤ ਹੋ ਗਿਆ ਗਿਆ ਹੈ। ਇਹ ਲੈਂਡ ਰੈਵੇਨਿਊ ਹੁੰਦਾ ਵੀ ਬੜਾ ਥੋੜ੍ਹਾ ਹੈ। ਇਸ ਨਾਲ ਪੰਚਾਇਤ ਦੀ ਡਿਵੈਲਪਮੈਂਟ ਦਾ ਕੰਮ ਨਹੀਂ ਹੋ ਸਕਦਾ। ਕਿਰਪਾ ਕਰਕੇ ਇਹ ਵਧਾਇਆ ਜਾਣਾ ਚਾਹੀਦਾ ਹੈ। ਇਹ 60:40 ਕਰ ਲਵੋ। 60 ਪ੍ਰਤੀਸ਼ਤ ਜਿਹੜਾ ਸਰਕਾਰ ਆਪਣੇ ਕੋਲ ਰਖਦੀ ਹੈ, ਉਹ ਪੰਚਾਇਤਾਂ ਨੂੰ ਕਰ ਦਿਉ ਔਰ 40 ਪ੍ਰਤੀਸ਼ਤ ਜਿਹੜਾ ਹੈ ਉਹ ਸਰਕਾਰ ਕੋਲ ਰਹਿ ਜਾਵੇ।

ਇਸੇ ਤਰ੍ਹਾਂ ਜਿਹੜੇ ਹੋਰ ਵੀ ਬਹੁਤ ਸਾਰੇ ਫਾਇਨੈਂਸ਼ਨਲ ਅਧਿਕਾਰ ਹਨ, ਉਹ ਵੀ ਪੰਚਾਇਤਾਂ ਨੂੰ ਮਿਲਣੇ ਚਾਹੀਦੇ ਹਨ। ਇੱਕ ਬੜੀ ਖਤਰਨਾਕ ਕਲਾਜ਼ ਜਿਸ ਦੀ ਮੈਂ ਸਮਝਦਾ ਹਾਂ ਕਿ ਦੁਰਵਰਤੋਂ ਹੋਏਗੀ, ਭ੍ਰਿਸ਼ਟਾਚਾਰ ਵਧੇਗਾ, ਉਸ ਨੂੰ ਰੀਰਾਈਟ ਕਰਨਾ ਚਾਹੀਦਾ ਹੈ। ਉਸ ਵਿੱਚ ਲਿਖਿਆ ਹੈ ਕਿ ਚੇਅਰਮੈਨ ਬਲਾਕ ਸੰਮਤੀ ਦਾ ਹੈ, ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਹੈ, ਜਾਂ ਚੀਫ ਐਗਜ਼ੈਕਟਿਵ ਅਫਸਰ ਹੈ, ਫਰਜ਼ ਕਰੋ ਉਨ੍ਹਾਂ ਨੇ ਕਿਸੇ ਨਾਲ ਸਟੇਟਮੈਂਟ ਕਰਨੀ ਹੈ, ਕਿਸੇ ਤੋਂ ਪ੍ਰਾਪਰਟੀ ਲੈਣੀ ਹੈ ਤਾਂ ਉਸ ਦੇ ਬਾਰੇ ਕੋਈ ਨਾਰਮਜ਼ ਨਹੀਂ ਲਿਖੇ ਹੋਏ। ਇਹ ਲਿਖਿਆ ਹੈ ਕਿ ਦੋਨੇ ਜਣੇ ਉਸ ਕੰਨਸਰਨਡ ਪਾਰਟੀ ਦੇ ਨਾਲ ਮਿਊਚਲੀ, ਆਪਸੀ ਵਿਚਾਰ ਵਟਾਂਦਰਾ ਕਰਕੇ ਉਹ ਚੀਜ਼ ਲੈ ਦੇ ਸਕਦੇ ਹਨ। ਮੈਂ ਸਮਝਦਾ ਹਾਂ ਕਿ ਬਿਲਕੁਲ ਇਸ ਦੀ ਦੁਰਵਰਤੋਂ ਹੋਏਗੀ। ਬਹੁਤ ਸਾਰੀ ਮਹਿੰਗੀ ਚੀਜ਼ ਘੱਟ ਰੇਟ ਤੇ ਦਿੱਤੀ ਜਾਏਗੀ, ਇਸੇ ਤਰ੍ਹਾਂ ਘੱਟ ਦਾ ਜ਼ਿਆਦਾ ਰੇਟ ਦਿੱਤਾ ਜਾਏਗਾ। ਮੈਂ ਸਮਝਦਾ ਹਾਂ ਕਿ ਇਸ ਵਾਸਤੇ ਰੂਲਜ਼ ਬਣਾ ਲੈਣੇ ਚਾਹੀਦੇ ਹਨ।

Original with;
Punjab Vidhan Sabha
Digitized by;
Panjab Digital Library

ਸਿਰਫ ਆਖਰੀ ਦੋ ਨੁਕਤੇ ਕਹਿਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਸ ਦੇ ਵਿੱਚ ਇੱਕ ਗੱਲ ਬੜੀ ਸਾਫ ਨਹੀਂ ਲਿਖੀ ਗਈ ਔਰ ਸਾਰੇ ਪੰਜਾਬ ਵਿੱਚ ਚਰਚਾ ਹੋ ਰਹੀ ਹੈ ਔਰ ਸਾਰੇ ਪੰਜਾਬ ਦੇ ਵਿੱਚ ਇਹ ਕੰਮ ਚੱਲ ਰਿਹਾ, ਜਦੋਂ ਅਸੀਂ ਪੰਚਾਇਤਾਂ ਨੂੰ ਵਧ ਅਧਿਕਾਰ ਦੇਣ ਦੀ ਗੱਲ ਕਰਦੇ ਹਾਂ ਤਾਂ ਜਿੰਨੀਆਂ ਗਰਾਂਟਾਂ ਸਰਕਾਰ ਵਲੋਂ ਪੰਚਾਇਤਾਂ ਨੂੰ ਮਿਲਦੀਆਂ ਹਨ, ਉਨ੍ਹਾਂ ਗਰਾਂਟਾਂ ਨੂੰ ਖਰਚਣ ਦਾ, ਜਿਹੜਾ ਵੀ ਖਰਚਾ ਹੋਣਾ ਹੈ, ਉਸ ਦੀ ਉਪਰੋਂ ਨਿਸ਼ਾਨਦੇਹੀ ਹੋ ਕੇ ਜਾਵੇ ਕਿ ਪਿੰਡ ਨੇ ਕਿੱਥੇ ਜਾ ਕੇ ਖਰਚ ਕਰਨਾ ਹੈ। ਆਖਰਕਾਰ ਉਹ ਪੰਚਾਇਤ ਹੈ, ਉਸ ਨੂੰ ਆਪਣੀਆਂ ਸਮੱਸਿਆਵਾਂ ਦਾ ਪਤਾ ਹੈ ਕਿ ਪਿੰਡ ਨੂੰ ਪਹਿਲਾਂ ਹਸਪਤਾਲ ਦੀ ਬਿਲਡਿੰਗ ਚਾਹੀਦੀ ਹੈ ਜਾਂ ਉਥੇ ਸਕੂਲ ਦੀ ਛੱਤ ਡਿਗਣ ਵਾਲੀ ਹੈ, ਜਿਸ ਨਾਲ ਕਿ ਬੱਚਿਆਂ ਦਾ ਜਾਨੀ ਨੁਕਸਾਨ ਨਾ ਹੋ ਜਾਵੇ। ਹਸਪਤਾਲ ਜਾਂ ਸਕੂਲਾਂ ਦੀ ਛੱਤ ਬਦਲਣੀ ਹੈ, ਗਲੀਆਂ ਨਾਲੀਆਂ ਪੱਕੀਆਂ ਕਰਨੀਆਂ ਹਨ ਜਾਂ ਪਿੰਡ ਵਿੱਚ ਹੋਰ ਕੋਈ ਜ਼ਰੂਰੀ ਚੀਜ਼ ਬਣਾਉਣੀ ਹੈ। ਅਸੀਂ ਜਿਹੜੀਆਂ ਗਰਾਂਟਾਂ ਦਿੰਦੇ ਹਾਂ, ਉਸ ਵਿੱਚ ਉਥੇ ਹੀ ਨਿਸ਼ਾਨਦੇਹੀ ਕਰਕੇ, ਭੇਜਕੇ, ਉਥੇ ਹੀ ਖਰਚ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਵੈਸਟ ਬੰਗਾਲ ਦੀ ਗੌਰਮਿੰਟ ਨੇ ਪੂਰੇ ਅਧਿਕਾਰ ਪੰਚਾਇਤਾਂ ਨੂੰ ਦਿੱਤੇ ਹੋਏ ਹਨ। ਗਰਾਂਟ ਤੁਸੀਂ ਦਿੰਦੇ ਹੋ, ਖਰਚ ਤੁਸੀਂ ਦੇਣਾ ਹੈ, ਕਿਹੜੇ ਕੰਮ ਤੇ ਖਰਚ ਕਰਨਾ ਹੈ, ਇਹ ਉਥੋਂ ਦੀ ਪੰਚਾਇਤ ਦਾ ਕੰਮ ਹੈ, ਇਕ ਤਾਂ ਮੇਰੀ ਬੇਨਤੀ ਹੈ ਕਿ ਇਹ ਕੀਤਾ ਜਾਵੇ।

ਦੂਸਰਾ, ਜਿਹੜੀ ਗਰਾਂਟ ਪੰਚਾਇਤਾਂ ਨੂੰ ਦਿੱਤੀ ਜਾ ਰਹੀ ਹੈ, ਉਹ ਗਰਾਂਟ ਖਰਚ ਕਰਨ ਦਾ ਅਧਿਕਾਰ ਪੰਚਾਇਤਾਂ ਤੋਂ ਲੈ ਕੇ ਪੰਚਾਇਤੀ ਰਾਜ ਨੂੰ ਦਿੱਤਾ ਜਾ ਰਿਹਾ ਹੈ, ਇਹ ਠੀਕ ਨਹੀਂ ਹੈ। ਇਸ ਦੇ ਵਿੱਚ ਡਿਪਾਰਟਮੈਂਟ ਦਾ ਖਰਚ ਅਤੇ ਕਈ ਹੋਰ ਦੂਸਰੇ ਖਰਚੇ ਆਉਂਦੇ ਹਨ, ਇਸ ਤਰ੍ਹਾਂ ਲੱਖ ਰੁਪਏ ਵਿਚੋਂ ਮਸਾਂ 40 ਹਜ਼ਾਰ ਰੁਪਏ ਪਿੰਡ ਦੀ ਡਿਵੈਲਪਮੈਂਟ ਵਿੱਚ ਲਗਦੇ ਹਨ। ਬਾਕੀ ਸਾਰਾ ਪੈਸਾ ਕੋਈ ਠੇਕੇਦਾਰ ਲੈ ਜਾਂਦਾ ਹੈ, ਕੋਈ ਡਿਪਾਰਟਮੈਂਟ ਚਾਰਜਿਜ਼ ਹੋ ਜਾਂਦੇ ਹਨ। ਇਸ ਚੀਜ਼ ਦੀ ਗਰੰਟੀ ਕਰਨੀ ਚਾਹੀਦੀ ਸੀ ਕਿ ਜਿੰਨਾਂ ਪੰਚਾਇਤਾਂ ਦੇ ਅਧੀਨ ਡਿਵੈਲਪਮੈਂਟ ਦਾ ਕੰਮ ਹੈ, ਉਹ ਸਾਰੇ ਦਾ ਸਾਰਾ ਪੰਚਾਇਤਾਂ ਆਪ ਕਰਨਗੀਆਂ, ਹੋਰ ਕੋਈ ਨਾ ਕਰੇ। ਅਗਰ ਕੋਈ ਟੈਕਨੀਕਲ ਗੱਲ ਹੋਵੇ ਤਾਂ ਉਹ ਮਦਦ ਕਰ ਸਕਣ। ਫਰਜ਼ ਕਰੋ ਗਲੀਆਂ ਨਾਲੀਆਂ ਦੀ ਪਰਾਪਰ ਲੈਵਲਿੰਗ ਕਰਨ ਦਾ ਸਵਾਲ ਹੈ ਜਾਂ ਪੰਚਾਇਤ ਹੋਰ ਕੋਈ ਕੰਸਟਰੱਕਸ਼ਨ ਕਰਨਾ ਚਾਹੁੰਦੀ ਹੈ ਅਤੇ ਉਸ ਦਾ ਪਰਾਪਰ ਡਿਜ਼ਾਇਨ ਬਣਾਉਣ ਦਾ ਸਵਾਲ ਹੈ, ਤਾਂ ਇਹ ਜ਼ਰੂਰ ਸਰਕਾਰੀ ਏਜੰਸੀਆਂ ਕਰਨ ਲੇਕਿਨ ਪੈਸਾ ਖਰਚ ਕਰਨ ਦਾ ਜਿਹੜਾ ਅਧਿਕਾਰ ਹੈ, ਉਹ ਕਿਰਪਾ ਕਰਕੇ ਪੰਚਾਇਤਾਂ ਦੇ ਕੋਲ ਹੀ ਰਹਿਣਾ ਚਾਹੀਦਾ ਹੈ।

ਆਖਿਰ ਵਿੱਚ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਕੀਤੀ ਗਈ ਹੈ ਕਿ ਜਿਹੜੀਆਂ ਮਿਉਂਸਪਲ ਕਾਰਪੋਰੇਸ਼ਨਾਂ, ਮਿਉਂਸਪਲ ਕਮੇਟੀਆਂ ਹਨ, ਇਨ੍ਹਾਂ ਦੇ ਵਾਸਤੇ ਇੱਕ ਪਲੈਨਿੰਗ ਕਮੇਟੀ ਬਣਾਉਣੀ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀ ਇਕ ਵੇਗ ਗੱਲ ਛੱਡ ਦਿੱਤੀ ਹੈ, ਇਸ ਦੀ ਕੋਈ ਡੈਫੀਨੇਸ਼ਨ ਨਹੀਂ ਹੈ। ਮੇਰੀ ਪੱਕੀ ਰਾਏ ਹੈ ਕਿ ਹੁਣ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਜ਼ੀ]

ਤਾਂ ਇਹ ਗੱਲ ਸੰਭਵ ਨਹੀਂ ਹੋ ਸਕਦੀ, ਭਾਵੇਂ ਸਰਕਾਰ ਇਸ ਗੱਲ ਦਾ ਵਿਸ਼ਵਾਸ ਵੀ ਕਿਉਂ ਨਾ ਦਿਵਾਵੇ। ਬਾਅਦ ਵਿੱਚ ਉਹ ਇੱਕ ਬਿਲ ਲਿਆਵੇ। ਬਕਾਇਦਾ ਉਹ ਬਿੱਲ ਵਿਧਾਨ ਸਭਾ ਦੇ ਵਿੱਚ ਇੰਟਰੋਡਿਊਸ ਹੋਣਾ ਚਾਹੀਦਾ ਹੈ ਕਿ ਪਲੈਨਿੰਗ ਕਮੇਟੀ ਦੀ ਕੰਪੋਜੀਸ਼ਨ ਕੀ ਹੋਏਗੀ। ਹੁਣ ਤਾਂ ਇਹੀ ਪ੍ਰਭਾਵ ਬਣਦਾ ਹੈ ਕਿ ਤੁਸੀਂ ਇੱਕ ਸ਼ਬਦ ਨਾਲ ਜੋੜ ਲਿਆ ਕਿ ਡਿਸਟ੍ਰਿਕਟ ਪਲੈਨਿੰਗ ਕਮੇਟੀ ਬਣਾਉਣੀ ਹੈ। ਤੁਸੀਂ ਆਪਣੀ ਮਨਮਰਜ਼ੀ ਦੇ ਵਿਅਕਤੀਆਂ ਚਾਹੇ ਅਫਸਰਾਂ ਦੇ ਆਧਾਰ ਤੇ ਬਣਾ ਦਿਉ, ਚਾਹੇ ਹੋਰ ਵਿਅਕਤੀਆਂ ਦੇ ਆਧਾਰ ਤੇ ਬਣਾ ਦਿਉ। ਆਫਟਰ ਆਲ ਇਹ ਸਟੇਟ ਦਾ ਇੱਕ ਇੰਪਾਰਟੈਂਟ ਡਿਪਾਰਟਮੈਂਟ ਹੈ ਔਰ ਬਹਤ ਸਾਰੀਆਂ ਲੋਕਲ ਬਾਡੀਜ਼ ਹਨ, ਉਨ੍ਹਾਂ ਦੀ ਕੋਈ ਪ੍ਰਤੀਨਿਧਤਾ ਉਸ ਵਿੱਚ ਮੈਨਸ਼ਨ ਹੋਣੀ ਚਾਹੀਦੀ ਹੈ ਕਿ ਕਿੰਨੇ ਜ਼ਿਲ੍ਹਾ ਪ੍ਰੀਸ਼ਦਾਂ ਤੋਂ, ਕਿੰਨੇ ਪੰਚਾਇਤ ਸਮਿਤੀਆਂ ਤੋਂ, ਕਿੰਨੇ ਮਿਉਸਿੰਪਲ ਕਾਰਪੋਰੇਸ਼ਨਜ਼ ਤੋਂ, ਕਿੰਨੇ ਮਿਉਸਿੰਪਲ ਕਮੇਟੀਆਂ ਤੋਂ ਔਰ ਬਾਕੀ ਜਿਹੜੇ ਇਲੈਕਟਿਵ ਮੈਂਬਰ ਹਨ, ਉਨ੍ਹਾਂ ਨੂੰ ਵੀ ਕਿੰਨੀ ਪ੍ਰਤੀਨਿਧਤਾ ਦਿੱਤੀ ਜਾਵੇਗੀ। ਅਗਰ ਇਨ੍ਹਾਂ ਸਾਰੀਆਂ ਦੀ ਕੋਈ ਕੰਪੋਜੀਸ਼ਨ ਹੁੰਦੀ ਤਾਂ ਫਿਰ ਤਾਂ ਇਸ ਦੇ ਵਿੱਚ ਕੋਈ ਗੱਲ ਸਮਝ ਆਉਂਦੀ ਅਤੇ ਇਸ ਗੱਲ ਦੇ ਨਾਲ ਫਿਰ ਸਹਿਮਤੀ ਪ੍ਰਗਟਾਈ ਜਾ ਸਕਦੀ ਸੀ। ਹੁਣ ਉਹ ਪਲੈਨਿੰਗ ਕਮੇਟੀ ਜਾਂ ਤਾਂ ਇਹ ਸਰਕਾਰ ਇਥੋਂ ਰੈਡੀਮੇਡ ਬਣਾ ਕੇ ਭੇਜੇਗੀ ਔਰ ਉਸ ਦੇ ਵਿੱਚ ਲੋਕਾਂ ਦੇ ਚੁਣੇ ਹੋਏ ਜਿਹੜੇ ਪ੍ਰਤੀਨਿਧ ਹਨ, ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਰਾਏ ਨੂੰ ਕੋਈ ਵਜ਼ਨ ਨਹੀਂ ਦਿਤਾ ਜਾਵੇਗਾ ਜਾਂ ਫਿਰ ਅਫਸਰ ਸਾਹਿਬਾਨ ਜਿਹੜੇ ਹਨ, ਉਨ੍ਹਾਂ ਇਕੱਲਿਆਂ ਦੀ ਬਣਾ ਦਿੱਤੀ ਜਾਵੇਗੀ। ਸੋ, ਇਸ ਕਰਕੇ ਸਪੀਕਰ ਸਾਹਿਬ, ਮੈਂ ਆਖਰੀ ਸ਼ਬਦ ਕਹਿੰਦਾ ਹੋਇਆ ਕਿ ਜਿਹੜੀ ਪਲੈਨਿੰਗ ਕਮੇਟੀ ਬਣਾਉਣੀ ਹੈ, ਇਸ ਦਾ ਬਕਾਇਦਾ ਇਕ ਬਿਲ ਲਿਆਂਦਾ ਜਾਵੇ, ਇਸ ਦੀ ਕੰਪੋਜੀਸ਼ਨ ਦੱਸੀ ਜਾਵੇ ਔਰ ਇਸ ਦੇ ਵਿੱਚ ਬਰਾਬਰ ਦੀ ਪ੍ਰਤੀਨਿਧਤਾ ਦਿੱਤੀ ਜਾਵੇ। ਸੋ, ਮੈਂ ਇਤਨੀ ਬੇਨਤੀ ਕਰਦਾ ਹੋਇਆ ਆਖਰੀ ਬੇਨਤੀ, ਸਰ, ਤੁਹਾਡੇ ਰਾਹੀਂ ਇਹ ਕਰਨਾ ਚਾਹੁੰਦਾ ਹਾਂ ਕਿ ਜਿਸ ਰੂਪ ਦੇ ਵਿੱਚ, ਜਿਸ ਤਰ੍ਹਾਂ ਦਾ ਇਹ ਬਿਲ ਹੁਣ ਹੈ, ਇਹ ਤਾਂ ਜਿਹੜੀ ਇੰਡੀਅਨ ਕੰਸਟੀਚਿਊਸ਼ਨ ਦੀ ਅਮੈਂਡਮੈਂਟ ਦੀ ਰੀਅਲ ਸਪਿਰਟ ਹੈ, ਉਸ ਨੂੰ ਅੰਡਰਮਾਈਨ ਕਰਦਾ ਹੈ। ਇਸ ਦੀ ਅਸੀਂ ਲੋਕਾਂ ਨੂੰ ਕੋਈ ਜਸਟੀਫੀਕੇਸ਼ਨ ਨਹੀਂ ਦੇ ਸਕਾਂਗੇ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਜ਼ਰੂਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਕੋਈ ਚੰਗਾ ਕੰਮ ਕਰਨਾ ਹੈ ਤਾਂ ਪੂਰਾ ਹੀ ਚੰਗਾ ਕੀਤਾ ਜਾਵੇ, ਜੇ ਕੋਈ ਅਧਿਕਾਰ ਦੇਣੇ ਹਨ ਤਾਂ ਪੂਰੀ ਤਰ੍ਹਾਂ ਦਿੱਤੇ ਜਾਣ। ਇਕ ਹੱਥ ਦੇ ਕੇ ਦੂਜੇ ਹੱਥ ਜਿਹੜਾ ਖੋਹਣ ਵਾਲਾ ਕੰਮ ਹੈ, ਇਹ ਨਾ ਕੀਤਾ ਜਾਵੇ ਔਰ ਜੋ ਅਮੈਂਡਮੈਂਟਸ ਬੜੀ ਠੀਕ ਭਾਵਨ ਨਾਲ ਅਸੀਂ ਦਿੱਤੀਆਂ ਤਾਂ ਕਿ ਇਹ ਹੋਰ ਸਟਰੈਂਥਨ ਹੋਵੇ, ਉਨ੍ਹਾਂ ਸਾਰੀਆਂ ਦੀਆਂ ਸਾਰੀਆਂ ਅਮੈਂਡਮੈਂਟਸ ਨੂੰ ਮੈਂ ਸਮਝਦਾ ਹਾਂ ਕਿ ਉਸੇ ਭਾਵਨਾ ਵਿੱਚ ਕੰਸੀਡਰ ਕਰਨਾ ਚਾਹੀਦਾ ਹੈ। ਉਸ ਦੇ ਵਿੱਚ ਕੋਈ ਅਜਿਹੀ ਅਮੈਂਡਮੈਂਟ ਨਹੀਂ ਜਿਹੜੀ ਪ੍ਰਵਾਨ ਯੋਗ ਨਾ ਹੋਵੇ। ਉਹ ਸਾਰੀਆਂ ਜ਼ਰੂਰ ਪ੍ਰਵਾਨ ਕਰਨੀਆਂ ਚਾਹੀਦੀਆਂ ਹਨ। ਸੋ, ਇਤਨੇ ਸ਼ਬਦ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਸਰਦਾਰ ਰਣਜੀਤ ਸਿੰਘ ਛੱਜਲਵੱਡੀ (ਖਡੂਰ ਸਾਹਿਬ, ਐਸ.ਸੀ:)** : ਸਪੀਕਰ ਸਾਹਿਬ, ਇਹ ਜਿਹੜਾ ਪੰਚਾਇਤੀ ਰਾਜ ਬਿੱਲ ਲਿਆਂਦਾ ਹੈ, ਇਹ ਸਾਨੂੰ ਪੰਜਾਬੀ ਭਾਸ਼ਾ ਵਿੱਚ ਨਹੀਂ ਮਿਲਿਆ। ਪੰਜਾਬੀ ਸੂਬਾ 1947 ਤੋਂ ਲੈ ਕੇ 18-19 ਸਾਲ ਤਕ ਇੱਕ ਵੱਡੀ ਜਦੋ-ਜ਼ਹਿਦ ਦੇ ਬਾਅਦ ਡਿਕਲੇਅਰ ਕੀਤਾ ਗਿਆ ਸੀ। ਸਮੇਂ ਸਮੇਂ ਤੇ ਮੁੱਖ ਮੰਤਰੀ ਆਏ ਔਰ ਉਨ੍ਹਾਂ ਨੇ ਪੰਜਾਬੀ ਲਾਗੂ ਕਰਵਾਉਣ ਲਈ ਯਤਨ ਕੀਤਾ। ਹੁਣ ਵੀ ਸਰਦਾਰ ਬੇਅੰਤ ਸਿੰਘ ਜੀ ਜੋ ਇਸ ਸਰਕਾਰ ਦੇ ਮੁੱਖ ਮੰਤਰੀ ਸਾਹਿਬ ਹਨ, ਉਨ੍ਹਾਂ ਨੇ ਪਿਛਲੇ ਸੈਸ਼ਨ ਵਿੱਚ ਇਸ ਗੱਲ ਦਾ ਵਿਸ਼ਵਾਸ ਦਿਵਾਇਆ ਸੀ ਕਿ ਪੰਜਾਬ ਵਿੱਚ ਸਾਰਾ ਕੰਮ ਪੰਜਾਬੀ ਵਿੱਚ ਹੋਵੇਗਾ। ਬੜੇ ਅਫਸੋਸ ਦੀ ਗੱਲ ਹੈ ਕਿ 4 ਮਾਰਚ ਤੋਂ ਇਹ ਸੈਸ਼ਨ ਸ਼ੁਰੂ ਹੋਇਆ ਹੈ ਔਰ ਅੱਜ 5 ਅਪ੍ਰੈਲ ਹੋ ਗਈ ਹੈ ਪਰ ਇਹ ਜਿਹੜਾ ਐਕਟ, ਇਹ ਜਿਹੜਾ ਬਿੱਲ ਅੱਜ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ ਹੈ, ਉਸ ਦੀ ਕਾਪੀ ਪੰਜਾਬੀ ਵਿੱਚ ਸਾਨੂੰ ਨਹੀਂ ਮਿਲ ਸਕੀ। ਅੱਜ ਵੀ ਜਦੋਂ ਅਸੀਂ ਆਏ ਤਾਂ ਇਸ ਦੀ ਕਾਪੀ ਟੇਬਲ ਤੇ ਪਈ ਸੀ ਜਦ ਕਿ ਅਸੀਂ ਬੜੀ ਮੰਗ ਕਰਦੇ ਰਹੇ ਹਾਂ ਕਿ ਸਾਨੂੰ ਇਸ ਦੀ ਕਾਪੀ ਪਹਿਲਾਂ ਦਿੱਤੀ ਜਾਵੇ ਤਾਂ ਕਿ ਅਸੀਂ ਇਸ ਨੂੰ ਚੰਗੀ ਤਰ੍ਹਾਂ ਪੜ੍ਹ ਸਕੀਏ। ਅੱਜ ਜੋ ਕਾਪੀ ਦਿੱਤੀ ਹੈ, ਉਹ ਵੀ ਪੰਜਾਬੀ ਵਿੱਚ ਨਹੀਂ ਦਿੱਤੀ ਜੇ ਅਸੀਂ ਇਥੇ ਪੰਜਾਬ ਵਿੱਚ ਹੀ ਪੰਜਾਬੀ ਨੂੰ ਮਾਨਤਾ ਨਹੀਂ ਦਿੰਦੇ, ਸਨਮਾਨ ਨਹੀਂ ਦਿੰਦੇ, ਖਾਸ ਤੌਰ ਤੇ ਵਿਧਾਨ ਸਭਾ ਵਿੱਚ ਵੀ ਇਸ ਦੀ ਕਾਪੀ ਪੰਜਾਬੀ ਵਿੱਚ ਨਹੀਂ ਹੋ ਸਕਦੀ ਤਾਂ ਫਿਰ ਕੀ ਪੰਜਾਬੀ ਨੂੰ ਤਾਮਲਨਾਡੂ ਵਿੱਚ ਮਾਨ, ਸਨਮਾਨ ਮਿਲੇਗਾ? ਇਸ ਲਈ ਮੈਂ ਇਸ ਦਾ ਵਿਰੋਧ ਕਰਦਾ ਹਾਂ ਅਤੇ ਇਸ ਤੇ ਕੋਈ ਬਹਿਸ ਕਰਨ ਨੂੰ ਤਿਆਰ ਨਹੀਂ ਹਾਂ ਕਿਉਂਕਿ ਅਸੀਂ ਚੰਗੀ ਤਰ੍ਹਾਂ ਇਸ ਨੂੰ ਪੜ੍ਹ ਨਹੀਂ ਸਕੇ। (ਵਿਘਨ) ਤੁਸੀਂ ਵੀ, ਸਪੀਕਰ ਸਾਹਿਬ, ਅੱਧੇ ਘੰਟੇ ਵਿੱਚ ਇਸ ਨੂੰ ਪੜ੍ਹ ਸਕੋਗੇ। ਇਸ ਲਈ ਮੈਨੂੰ ਪਾਰਟੀ ਵਲੋਂ ਹਦਾਇਤ ਹੈ ਕਿ ਇਸ ਤੇ ਬਹਿਸ ਨਹੀਂ ਕਰਨੀ ਕਿਉਂਕਿ ਅਸੀਂ ਇਸ ਨੂੰ ਪੜ੍ਹ ਨਹੀਂ ਸਕੇ ਅਤੇ ਪੰਜਾਬੀ ਵਿੱਚ ਤੁਸੀਂ ਸਾਨੂੰ ਕਾਪੀ ਨਹੀਂ ਦਿੱਤੀ।

**ਸ੍ਰੀ ਵਿਜੇ ਕੁਮਾਰ ਸਾਥੀ (ਬਾਘਾ ਪੁਰਾਣਾ)** : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਪੰਚਾਇਤੀ ਰਾਜ ਬਿੱਲ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੇਜ 106 ਤੇ ਕਲਾਜ਼ 217 ਜੋ ਹੈ ਉਹ ਕਾਹਦੇ ਲਈ ਹੈ? ਬਿੱਲ ਇਨ੍ਹਾਂ ਵਲੋਂ ਆਇਆ ਹੈ, ਇਨ੍ਹਾਂ ਤੋਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੱਸਣ ਨੂੰ ਤਿਆਰ ਹਨ ਕਿ ਕਲਾਜ਼ 217 ਜੋ ਪੇਜ 106 ਤੇ ਹੈ, ਉਹ ਕਾਹਦੇ ਲਈ ਹੈ? ਮੈਂ ਮਾਨਯੋਗ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਬਿੱਲ ਪਿੰਡਾਂ ਦੇ ਨਾਲ ਸਬੰਧਤ ਹੈ, ਪਿੰਡਾਂ ਦੀ 80 ਪ੍ਰਤੀਸ਼ਤ ਆਬਾਦੀ ਦੇ ਨਾਲ ਇਹ ਬਿੱਲ ਸਬੰਧਤ ਹੈ, ਇਸ ਲਈ ਅਸੀਂ ਇਤਨੀ ਜਲਦੀ ਇਸ ਨੂੰ ਪਾਸ ਕਰਾਉਣ ਵਿਚ ਨਾ ਕਰੀਏ। ਹੁਣੇ ਹੀ ਇਥੇ ਬੈਠਦਿਆਂ ਸਾਰ ਇਕ ਹੋਰ ਅਮੈਂਡਮੈਂਟ ਆਈ ਹੈ। ਮੇਰਾ ਖਿਆਲ ਹੈ ਕਿ ਮੰਤਰੀ ਜੀ ਨੇ ਦਸਤਖਤ ਕੀਤੇ ਹਨ, ਕੀ ਪਤਾ ਪਹਿਲਾਂ ਨਾ ਦੱਸਿਆ ਹੋਵੇ ਅਤੇ ਮਗਰੋਂ ਜਾ ਕੇ ਕੁਝ ਦੱਸਿਆ ਹੋਵੇ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਪੰਜਾਬ ਦੇ ਲੋਕਾਂ ਨਾਲ ਧੱਕਾ ਨਾ ਕਰੀਏ, ਇਹ ਪੰਜਾਬ ਦੇ ਲੋਕਾਂ ਲਈ ਬਿੱਲ

Original with;
Punjab Vidhan Sabha
Digitized by;
Panjab Digital Library

[ਸ੍ਰੀ ਵਿਜੈ ਕੁਮਾਰ ਸਾਥੀ]

ਹੈ, ਇਸ ਤੇ ਇਤਨੀ ਜਲਦੀ ਨਾ ਕਰੋ। ਇਸ ਨੂੰ ਜਿਹੜੀ ਸਾਡੀ ਸਿਲੈਕਟ ਕਮੇਟੀ ਹੈ, ਉਸ ਦੇ ਕੋਲ ਦੇ ਦਿਓ। ਉਹ ਟਾਈਮ ਸਿਰ ਇਸ ਤੇ ਆਪਣੀ ਰਿਪੋਰਟ ਦੇ ਦੇਵੇ ਅਤੇ ਹਰ ਕਲਾਜ਼, ਹਰ ਸੈਕਸ਼ਨ ਦੀ ਘੋਖ ਕਰ ਲਵੇ। ਚੰਗੀ ਗੱਲ ਹੈ ਕਿ ਦਿੱਲੀ ਦੀ ਸਰਕਾਰ ਵਲੋਂ ਹਦਾਇਤਾਂ ਹੋਈਆਂ ਉਥੇ ਯੂਨਾਨੀਮਿਟੀ ਆਈ ਹੈ ਅਤੇ ਉਥੇ ਇਹ ਬਿਲ ਪਾਸ ਕੀਤਾ ਗਿਆ ਹੈ ਪਰ ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਇਸ ਦੇ ਇਥੇ ਪਾਸ ਹੋਣ ਨਾਲ ਕੀ ਇਹ ਪੰਜਾਬ ਦੇ ਲੋਕਾਂ ਦੇ ਅਨੁਕੂਲ ਹੋਵੇਗਾ ਜਾਂ ਉਲਟ ਹੋਵੇਗਾ ? ਮੈਂ ਤਾਂ ਇਹ ਕਹਿੰਦਾ ਹਾਂ ਕਿ ਇਸ ਬਿੱਲ ਦੇ ਇਸੇ ਤਰ੍ਹਾਂ ਨਾਲ ਇਥੇ ਪਾਸ ਕਰਨ ਨਾਲ ਤੁਸੀਂ ਪੰਜਾਬ ਦੇ ਪਿੰਡਾਂ ਵਿਚ ਵੜਨ ਜੋਗੇ ਨਹੀਂ ਰਹਿਣਾ। ਤੁਹਾਡੀ ਸਰਕਾਰ ਦੀ ਜ਼ਿੰਮੇਵਾਰੀ ਹੈ। ਤੁਸੀਂ ਲੋਕਾਂ ਨਾਲ ਧੱਕਾ ਨਾ ਕਰੋ ਔਰ ਇਸ ਲਈ ਇਸ ਨੂੰ ਸਿਲੈਕਟ ਕਮੇਟੀ ਕੋਲ ਭੇਜ ਦਿਓ ਜਿਹੜੀ ਇਸ ਦੀਆਂ ਕਮੀਆਂ ਪੇਸ਼ੀਆਂ ਦੀ ਘੋਖ ਕਰੇ ਔਰ ਉਨ੍ਹਾਂ ਨੂੰ ਦੂਰ ਕਰੇ।

ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਜਨਤਾ ਗੌਰਮਿੰਟ ਦੇ ਵੇਲੇ ਕਰਨਾਟਕਾ ਵਿਚ ਜਦ ਡੀਸੈਂਟਰੇਲਾਈਜੇਸ਼ਨ ਆਫ ਪਾਵਰਜ਼ ਦੀ ਗੱਲ ਆਈ ਸੀ ਤਾਂ ਉਸ ਵੇਲੇ ਦੇ ਮੁੱਖ ਮੰਤਰੀ ਹੇਗੜੇ ਸਾਹਿਬ ਨੇ ਪਿੰਡਾਂ ਦੇ ਲੋਕਾਂ ਨੂੰ ਇਹ ਅਧਿਕਾਰ ਲੈ ਕੇ ਦਿੱਤੇ ਸਨ। ਪਰ ਹੁਣ ਜੋ ਇਸ ਬਿਲ ਰਾਹੀਂ ਇਨ੍ਹਾਂ ਨੂੰ ਸੈਂਟਰਲ ਗੌਰਮਿੰਟ ਵਲੋਂ ਹਦਾਇਤ ਆਈ ਹੈ, ਮੈਂ ਸਮਝਦਾ ਹਾਂ ਕਿ ਇਹ ਪਿੰਡਾਂ ਦੇ ਲੋਕਾਂ ਦੇ ਹਿੱਤਾਂ ਦੇ ਉਲਟ ਹੈ। ਇਸ ਵਿਚ ਸਿਰਫ 4-5 ਗੱਲਾਂ ਹੀ ਠੀਕ ਦੱਸੀਆਂ ਗਈਆਂ ਹਨ। ਠੀਕ ਹੈ ਕਿ ਸ਼ਡਿਊਲਡ ਕਾਸਟਸ ਨੂੰ ਔਰ ਲੇਡੀਜ਼ ਨੂੰ ਇਸ ਵਿਚ ਰਿਜ਼ਰਵੇਸ਼ਨ ਦੇ ਰਾਈਟਸ ਦਿੱਤੇ ਗਏ ਹਨ ਪਰ ਦੂਜੇ ਪਾਸੇ ਜਿਹੜੇ ਬੈਕਵਰਡ ਲੋਕ ਹਨ, ਉਨ੍ਹਾਂ ਦੇ ਵਾਸਤੇ ਰਿਜ਼ਰਵੇਸ਼ਨ ਦੀ ਕੋਈ ਗੱਲ ਨਹੀਂ ਕੀਤੀ ਗਈ। ਮੈਂ ਪੁੱਛਣਾ ਹੈ ਕਿ ਕੀ ਬੈਕਵਰਡ ਕਲਾਸਿਜ਼ ਨੂੰ ਕੋਈ ਅਧਿਕਾਰ ਨਹੀਂ ਹੈ? ਜਦੋਂ ਕਿ ਸੁਪਰੀਮ ਕੋਰਟ ਨੇ ਇਹ ਹਦਾਇਤਾਂ ਵੀ ਕੀਤੀਆਂ ਹਨ ਕਿ ਕਾਂਸਟੀਚਿਊਸ਼ਨ ਦੇ ਮੁਤਾਬਿਕ ਬੈਕਵਰਡ ਕਲਾਸਿਜ਼ ਨੂੰ ਵੀ ਬਕਾਇਦਾ ਪੂਰਾ ਹਿੱਸਾ ਮਿਲੇਗਾ। ਪਰ ਇਸ ਵਿਚ ਇਸ ਦਾ ਜ਼ਿਕਰ ਹੀ ਨਹੀਂ ਹੈ। ਇਕ ਹੋਰ ਗੱਲ ਸੋਚਣ ਵਾਲੀ ਹੈ ਕਿ ਇਸ ਰਾਹੀਂ ਪਾਵਰਜ਼ ਕਿਸ ਨੂੰ ਮਿਲ ਰਹੀਆਂ ਹਨ। ਇਸ ਵਿਚ ਲਿਖਿਆ ਹੈ ਕਿ ਪੰਚਾਇਤ ਸਮਿਤੀਆਂ ਆਪਣੀਆਂ ਅਪੀਲਜ਼ ਬੀ.ਡੀ. ਓਜ਼. ਨੂੰ ਕਰਨਗੀਆਂ, ਜ਼ਿਲ੍ਹਾ ਪ੍ਰਿਸ਼ਦਾਂ ਡਿਪਟੀ ਕਮਿਸ਼ਨਰਜ਼ ਨੂੰ ਕਰਨਗੀਆਂ ਔਰ ਇਸ ਤੋਂ ਅੱਗੇ ਕਮਿਸ਼ਨਰਜ਼ ਕੋਲ ਅਪੀਲਜ਼ ਹੋਣਗੀਆਂ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਨ ਨਾਲ ਜੁਡੀਸ਼ਰੀ ਨੂੰ ਤਾਂ ਬਿਲਕੁਲ ਹੀ ਇਗਨੋਰ ਕੀਤਾ ਜਾ ਰਿਹਾ ਹੈ ਔਰ ਅਫਸਰਸ਼ਾਹੀ ਹਾਵੀ ਹੋ ਜਾਵੇਗੀ। ਇਸ ਲਈ ਮੈਂ ਸਰਕਾਰ ਨੂੰ ਵਾਰਨ ਕਰਨਾ ਚਾਹੁੰਦਾ ਹਾਂ ਕਿ ਜੇ ਇਸ ਤਰ੍ਹਾਂ ਹੋ ਗਿਆ ਤਾਂ ਤੁਸੀਂ ਪਿੰਡਾਂ ਵਿਚ ਵੜਨ ਜੋਗੇ ਨਹੀਂ ਰਹਿਣਾ।

ਫਿਰ, ਸਪੀਕਰ ਸਾਹਿਬ, ਇਸ ਵਿਚ ਇੰਪਲਾਈਜ਼ ਦੀ ਗੱਲ ਚਲੀ ਹੈ। ਇਸ ਦੇ ਪਾਸ ਹੋਣ ਨਾਲ ਜਿਹੜੇ ਪੰਚਾਇਤ ਸੰਮਿਤੀਆਂ ਦੇ ਲੱਖਾਂ ਇੰਪਲਾਈਜ਼ ਹਨ, ਉਨ੍ਹਾਂ ਦੇ ਵਾਸਤੇ ਜਿਹੜੀ ਪੇਜ

Original with;
Punjab Vidhan Sabha
Digitized by;
Panjab Digital Library

74 ਦੇ ਕਲਾਜ਼ 155 ਰੱਖੀ ਹੈ, ਉਸ ਦੇ ਮੁਤਾਬਿਕ ਉਨ੍ਹਾਂ ਇੰਪਲਾਈਜ਼ ਨੂੰ ਕੋਈ ਸਿਕਿਉਰਿਟੀ ਆਫ ਸਰਵਿਸਿਜ਼ ਨਹੀਂ ਮਿਲਣੀ। ਉਨ੍ਹਾਂ ਨੂੰ ਗੌਰਮਿੰਟ ਤਾਂ ਕੀ, ਸੈਮੀ ਗੌਰਮਿੰਟ ਦੀਆਂ ਵੀ ਸਹੂਲਤਾਂ ਨਹੀਂ ਮਿਲਣੀਆਂ। ਇਸੇ ਤਰ੍ਹਾਂ ਹੀ ਜ਼ਿਲ੍ਹਾ ਪ੍ਰੀਸ਼ਦਾਂ ਦੇ ਇੰਪਲਾਈਜ਼ ਦੇ ਬਾਰੇ ਵਿਚ ਹੈ। ਇਹ ਵੀ ਕਲਾਜ਼ 96 ਵੇਖ ਲਓ। ਮੈਂ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਨਾਲ ਉਨ੍ਹਾਂ ਦੀ ਸਿਕਿਉਰਿਟੀ ਆਫ ਸਰਵਿਸਿਜ਼ ਨਹੀਂ ਰਹਿਣੀ। ਹੋਰ ਵੀ ਕੋਈ ਸਹੂਲਤਾਂ ਨਹੀਂ ਮਿਲਣੀਆਂ। ਇਹ ਉਨ੍ਹਾਂ ਨਾਲ ਬੇਇਨਸਾਫੀ ਹੋਵੇਗੀ। ਜਦ ਕਿ ਸੁਪਰੀਮ ਕੋਰਟ ਦੀ ਇਹ ਹਦਾਇਤ ਹੈ ਔਰ ਇਸ ਦਾ ਫੈਸਲਾ ਹੈ ਕਿ ਸਭ ਨੂੰ ਇਕੋ ਜਿਹਾ ਰਾਈਟ ਆਫ ਐਜੂਕੇਸ਼ਨ, ਰਾਈਟ ਆਫ ਮੈਡੀਕਲ ਫੈਸਿਲਿਟੀਜ਼ ਔਰ ਹੋਰ ਵੀ ਜਿਹੜੀਆਂ ਸਹੂਲਤਾਂ ਸਰਕਾਰ ਵਲੋਂ ਮਿਲਦੀਆਂ ਹਨ, ਉਹ ਮਿਲਣੀਆਂ ਚਾਹੀਦੀਆਂ ਹਨ । ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਦੇ ਫੰਡਾਮੈਂਟਲ ਰਾਈਟਸ ਹਨ ਜਿਨ੍ਹਾਂ ਨੂੰ ਹੁਣ ਖੋਹਿਆ ਨਹੀਂ ਜਾ ਸਕਦਾ। ਇਸ ਤੋਂ ਇਲਾਵਾ, ਜਿਹੜੀ ਵੀਟੋ ਪਾਵਰ ਅਫਸਰਸ਼ਾਹੀ ਨੂੰ ਦਿੱਤੀ ਜਾ ਰਹੀ ਹੈ, ਇਹ ਗਲਤ ਹੈ ਸੁਪਰੀਮ ਕੋਰਟ ਦੇ ਆਰਡਰ ਦੇ ਖਿਲਾਫ ਸਰਕਾਰ ਕੰਮ ਕਰ ਰਹੀ ਹੈ। ਜੁਡੀਸ਼ਰੀ ਨੂੰ ਪਤਾ ਨਹੀਂ ਕਿਹੜੇ ਦਬਾਅ ਥੱਲੇ ਆ ਕੇ ਘੱਟ ਕੀਤਾ ਜਾ ਰਿਹਾ ਹੈ, ਕਿ ਇਹ ਅਫਸਰਸ਼ਾਹੀ ਦੀ ਚਾਲ ਹੈ । ਦਿੱਲੀ ਸਰਕਾਰ ਨੇ ਇਹ ਬਿੱਲ ਪਾਸ ਕਰਕੇ ਤੁਹਾਨੂੰ ਭੇਜ ਦਿੱਤਾ ਤਾਂ ਕਿ ਲੋਕਾਂ ਨੂੰ ਪਿੰਡਾਂ ਦੇ ਵਿਚ ਵਧ ਤੋਂ ਵਧ ਅਧਿਕਾਰ ਮਿਲ ਸਕਣ ਪਰ ਇਨ੍ਹਾਂ ਅਧਿਕਾਰਾਂ ਤੇ ਰੋਕ ਲਗਾਉਣ ਲਈ ਅਫਸਰ-ਸ਼ਾਹੀ ਦੇ ਰਾਹੀਂ ਇਨ੍ਹਾਂ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ। ਸਰਕਾਰ ਨੂੰ ਅਫਸਰਸ਼ਾਹੀ ਦੇ ਗਲਬੇ ਤੋਂ ਬਾਹਰ ਨਿਕਲਣਾ ਚਾਹੀਦਾ ਹੈ। ਇਹ ਪਾਵਰਜ਼ ਡੀ.ਡੀ.ਪੀ.ਓ./ਡੀ.ਸੀ./ ਕਮਿਸ਼ਨਰ ਨੂੰ ਦਿੱਤੀਆਂ ਗਈਆਂ ਹਨ ਪਰ ਜਿਹੜੇ ਲੋਕਾਂ ਦੇ ਨੁਮਾਇੰਦੇ ਹਨ, ਉਨ੍ਹਾਂ ਦੀਆਂ ਪਾਵਰਜ਼ ਉਤੇ ਅਫਸਰਸ਼ਾਹੀ ਦਾ ਕੰਟਰੋਲ ਕਰ ਦਿੱਤਾ ਹੈ। ਤੁਸੀਂ ਇਸ ਬਿੱਲ ਨੂੰ ਪਾਸ ਨਾ ਕਰੋ ਅਤੇ ਇਸ ਨੂੰ ਸਿਲੈਕਟ ਕਮੇਟੀ ਕੋਲ ਦੁਬਾਰਾ ਵਿਚਾਰ ਅਤੇ ਘੋਖਣ ਲਈ ਭੇਜ ਦਿੱਤਾ ਜਾਵੇ। ਉਸ ਦੀ ਰਿਪੋਰਟ ਆਉਣ ਤੋਂ ਬਾਦ ਹੀ ਇਸ ਬਿੱਲ ਨੂੰ ਹਾਊਸ ਵਿਚ ਲਿਆਂਦਾ ਜਾਵੇ। ਇਸ ਨੂੰ ਸੁਬਾਰਡੀਨੇਟ ਲੈਜਿਸਲੇਸ਼ਨ ਕਮੇਟੀ ਦੁਬਾਰਾ ਵਿਚਾਰ ਕਰਦੀ ਅਤੇ ਡਿਸਕਸ਼ਨ ਤੋਂ ਬਾਦ ਇਹ ਬਿੱਲ ਲਿਆਂਦਾ ਜਾਂਦਾ ਤਾਂ ਬੜੀ ਅੱਛੀ ਗੱਲ ਹੁੰਦੀ। ਇਹ ਬਿੱਲ ਪਹਿਲੇ ਵੀ ਆਇਆ ਸੀ, ਉਸ ਨੂੰ ਬਦਲ ਦਿੱਤਾ ਗਿਆ ਸੀ ਅਤੇ ਫੇਰ ਇਸ ਦੇ ਵਿਚ ਅਮੈਂਡਮੈਂਟ ਲਿਆਂਦੀ ਗਈ। ਹੁਣ ਫੇਰ ਅਮੈਂਡਮੈਂਟਸ ਲਿਆ ਕੇ ਬਿੱਲ ਪੇਸ਼ ਕੀਤਾ ਗਿਆ ਹੈ। ਇਸ ਬਿੱਲ ਦੀ ਕਾਫੀ ਮਹੱਤਤਾ ਹੈ । ਇਸ ਲਈ ਇਸ ਬਿੱਲ ਨੂੰ ਸਿਲੈਕਟ ਕਮੇਟੀ ਦੇ ਕੋਲ ਭੇਜ ਦਿੱਤਾ ਜਾਵੇ। ਇਨ੍ਹਾਂ ਸ਼ਬਦਾਂ ਦੇ ਨਾਲ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਇਹ ਬਿੱਲ ਪਾਸ ਹੋਣ ਦੇ ਨਾਲ ਅਸੀਂ ਪਿੰਡਾਂ ਦੇ ਲੋਕਾਂ ਨੂੰ ਫੇਸ ਨਹੀਂ ਕਰ ਸਕਾਂਗੇ ।

**ਸ੍ਰੀ ਸਪੀਕਰ :** ਤੁਸੀਂ ਸਾਰੇ ਇਕੋ ਗੱਲ ਨੂੰ ਰਿਪੀਟ ਕਰੀ ਜਾ ਰਹੇ ਹੋ। ਕੋਈ ਨਵੀਂ ਗੱਲ ਤਾਂ ਕਰੋ ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ)** : ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਹਾਊਸ ਵਿਚ ਪੇਸ਼ ਕੀਤਾ ਗਿਆ ਹੈ, ਇਸ ਦੀ ਕਾਫੀ ਮਹੱਤਤਾ ਹੈ । ਇਹ ਬੜਾ ਇੰਪਾਰਟੈਂਟ ਬਿੱਲ ਹੈ ਐਰ ਇਹ ਬਿੱਲ ਪੰਜਾਬ ਦੇ ਪਿੰਡਾਂ ਵਿਚ ਵੱਸਣ ਵਾਲੇ ਲੋਕਾਂ ਦੇ ਨਾਲ ਸਬੰਧਤ ਹੈ । ਜਿਹੜੀਆਂ ਪੰਚਾਇਤਾਂ ਕੰਮ ਕਰਦੀਆਂ ਹਨ, ਉਨ੍ਹਾਂ ਨੂੰ ਵਾਧੂ ਅਧਿਕਾਰ ਦੇਣ ਦੀ ਗੱਲ ਆਈ ਹੈ ਅਤੇ ਸਰਕਾਰ ਵਲੋਂ ਪਾਵਰਜ਼ ਨੂੰ ਡੀਸੈਂਟਰੇਲਾਈਜ਼ ਕੀਤਾ ਜਾ ਰਿਹਾ ਹੈ ਤਾਂ ਕਿ ਲੋਕਾਂ ਦੇ ਨੁਮਾਇੰਦੇ ਕੰਮ ਚੰਗੇ ਤਰੀਕੇ ਨਾਲ ਕਰ ਸਕਣ ਪਰ ਇਸ ਦੇ ਨਾਲ ਸਰਕਾਰ ਨੂੰ ਅਫਸਰਸ਼ਾਹੀ ਦੇ ਗਲਬੇ ਤੋਂ ਬਾਹਰ ਨਿਕਲਣਾ ਚਾਹੀਦਾ ਹੈ। ਇਸ ਬਿੱਲ ਨੇ ਦੇਸ਼ ਵਿਚ ਬਹੁਤ ਵੱਡੇ ਪੈਮਾਨੇ ਉਤੇ ਕੰਮ ਕਰਨਾ ਹੈ ਅਤੇ ਇਸ ਬਿੱਲ ਉਤੇ ਕਾਫੀ ਰਿਐਕਸ਼ਨ ਵੀ ਹੋਏ ਹਨ। ਅਸੀਂ ਇਸ ਬਿੱਲ ਤੋਂ ਨਿਚੋੜ ਕਢਿਆ ਹੈ ਕਿ ਇਸ ਦੇ ਨਾਲ ਅਫਸਰਸ਼ਾਹੀ ਨੇ ਡੈਮੋਕਰੇਸੀ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਅਫਸਰਸ਼ਾਹੀ ਨੇ ਆਪਣੇ ਪਾਸ ਕਾਫੀ ਅਧਿਕਾਰ ਰਖ ਲਏ ਹਨ। ਪੰਚਾਂ ਅਤੇ ਸਰਪੰਚਾਂ ਜਿਨ੍ਹਾਂ ਨੇ ਲੋਕਾਂ ਦੀ ਨੁਮਾਇੰਦਗੀ ਪਿੰਡਾਂ ਦੇ ਵਿਚ ਕਰਨੀ ਹੈ, ਉਨ੍ਹਾਂ ਦੇ ਵਲੋਂ ਪਾਸ ਕੀਤੇ ਹੋਏ ਮਤੇ ਨੂੰ ਡਾਇਰੈਕਟਰ ਰਿਜੈਕਟ ਕਰ ਸਕਦਾ ਹੈ ਅਤੇ ਅਗਰ ਉਹ ਸਮਝਦਾ ਹੈ ਕਿ ਪੰਚਾਇਤ ਠੀਕ ਕੰਮ ਨਹੀਂ ਕਰ ਰਹੀ ਤਾਂ ਉਹ ਪੰਚਾਇਤ ਨੂੰ ਸਸਪੈਂਡ ਕਰ ਸਕਦਾ ਹੈ। ਇਸ ਤਰੀਕੇ ਨਾਲ ਡਾਇਰੈਕਟਰ ਨੂੰ ਕਾਫੀ ਪਾਵਰਜ਼ ਦਿੱਤੀਆਂ ਜਾ ਰਹੀਆਂ ਹਨ, ਜਿਸ ਦੇ ਨਾਲ ਪਿੰਡਾਂ ਦੇ ਨੁਮਾਇੰਦੇ ਜੋ ਫੈਸਲਾ ਕਰਨਗੇ, ਉਹ ਉਨ੍ਹਾਂ ਦੀ ਮਰਜ਼ੀ ਤੋਂ ਬਗੈਰ ਕੰਮ ਨਹੀਂ ਕਰ ਸਕਣਗੇ । ਜਿਹੜੀ ਡੈਮੋਕਰੇਸੀ ਪਿੰਡਾਂ ਦੇ ਵਿਚ ਪਨਪ ਰਹੀ ਹੈ, ਉਸ ਉਤੇ ਅਫਸਰਸ਼ਾਹੀ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਲਈ ਬੀ.ਡੀ.ਪੀ.ਓਜ਼, ਅਤੇ ਡੀ.ਸੀਜ਼. ਨੂੰ ਕਾਫੀ ਪਾਵਰਜ਼ ਦਿੱਤੀਆਂ ਗਈਆਂ ਹਨ । ਪੰਚਾਇਤ ਦੇ ਕੀਤੇ ਹੋਏ ਫੈਸਲੇ ਉਹ ਰਿਜੈਕਟ ਕਰ ਸਕਦੇ ਹਨ, ਇਗਨੋਰ ਕਰ ਸਕਦੇ ਹਨ ਅਤੇ ਪੰਚਾਇਤਾਂ ਇਨ੍ਹਾਂ ਦੇ ਰਹਿਮੋਕਰਮ ਤੇ ਰਹਿ ਜਾਣਗੀਆਂ। ਫੰਡਜ਼ ਦੀ ਐਲੋਕੇਸ਼ਨ ਬੀ.ਡੀ.ਓ. ਨੇ ਕਰਨੀ ਹੁੰਦੀ ਹੈ ਅਤੇ ਬੈਂਕ ਚੈਕ ਦੇਣ ਦੇ ਵਕਤ ਉਹ ਆਪਣੀ ਮਨਮਰਜ਼ੀ ਕਰਨਗੇ। ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਸਪੀਕਰ ਸਾਹਿਬ, ਪੰਚਾਇਤਾਂ ਨੂੰ ਪਹਿਲਾਂ ਹੀ ਅਧਿਕਾਰ ਨਹੀਂ ਹੈ ਜੇ ਇਹ ਬਿੱਲ ਪਾਸ ਕਰ ਦਿਤਾ ਗਿਆ ਤਾਂ ਪਿੰਡਾਂ ਵਿਚ ਬੇਚੈਨੀ ਵਧੇਗੀ ਅਤੇ ਅਫਸਰਸ਼ਾਹੀ ਮਨਮਾਨੀ ਕਰੇਗੀ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਬਿੱਲ ਪਾਸ ਕਰਨ ਤੋਂ ਪਹਿਲਾਂ ਸਰਕਾਰ ਨੂੰ ਧਿਆਨ ਰਖਣਾ ਚਾਹੀਦਾ ਹੈ। ਇਹ ਡਿਸਇੰਟੈਗਰੇਸ਼ਨ ਵੱਲ ਨਾ ਚਲਣ ਅਤੇ ਲੋਕਾਂ ਦੀਆਂ ਭਾਵਨਾਵਾਂ ਤੇ ਸਟ ਨਾ ਮਾਰਨ। ਇਹ ਬਿੱਲ ਸਿਲੈਕਟ ਕਮੇਟੀ ਦੇ ਹਵਾਲੇ ਕੀਤਾ ਜਾਵੇ ਜਿਸ ਵਿਚ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਹੋਣ। ਇਸ ਬਿੱਲ ਨੂੰ ਚੰਗੀ ਤਰ੍ਹਾਂ ਘੋਖ ਲਿਆ ਜਾਵੇ। ਜਿਹੜੀਆਂ ਇਸ ਬਿੱਲ ਵਿਚ ਕਲਾਜ਼ਾਂ ਹਨ, ਉਹ ਜਮਹੂਰੀਅਤ ਤੇ ਸੱਟ ਮਾਰਦੀਆਂ ਹਨ। ਇਸ ਕਰਕੇ ਉਨ੍ਹਾਂ ਨੂੰ ਘੋਖ ਕੇ ਹੋਰ ਕਲਾਜ਼ਾਂ ਇਸ ਵਿਚ ਪਾ ਦਿਤੀਆਂ ਜਾਣ।

ਸਪੀਕਰ ਸਾਹਿਬ, ਜਿਥੋਂ ਤਕ ਮੁਲਾਜ਼ਮਾਂ ਦੀ ਗੱਲ ਆਈ ਹੈ ਅਤੇ ਜਿਸ ਢੰਗ ਦੇ ਨਾਲ ਇਸ ਬਿੱਲ ਵਿਚ ਮੁਲਾਜ਼ਮਾਂ ਨੂੰ ਲਿਆ ਗਿਆ ਹੈ, ਉਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ ਪਹਿਲਾਂ ਹੀ ਬੜੀਆਂ ਐਜੀਟੇਸ਼ਨਾਂ ਉਠ ਰਹੀਆਂ ਹਨ ਅਤੇ ਇਸ ਬਿੱਲ ਦੇ ਪਾਸ

Original with;
Punjab Vidhan Sabha
Digitized by;
Panjab Digital Library

ਹੋਣ ਨਾਲ ਹੋਰ ਬੜੀਆਂ ਐਜੀਟੇਸ਼ਨਾਂ ਉਠਣਗੀਆਂ। ਪੰਜਾਬ ਵਿਚ ਪਹਿਲਾਂ ਹੀ ਬੜੀ ਬੇਚੈਨੀ ਹੈ। ਪਬਲਿਕ ਸੈਕਟਰ ਜੋ ਹਨ ਉਨ੍ਹਾਂ ਨੂੰ ਪ੍ਰਾਈਵੇਟ ਹੱਥਾਂ ਵਿਚ ਵੇਚਿਆ ਜਾ ਰਿਹਾ ਹੈ, ਜਿਸ ਕਰਕੇ ਮੁਲਾਜ਼ਮ ਬੜੇ ਪਰੇਸ਼ਾਨ ਹਨ। ਅੱਜ ਦਿੱਲੀ ਵਿਚ ਲੱਖਾਂ ਦੀ ਗਿਣਤੀ ਵਿਚ ਬਹੁਤ ਵੱਡੇ ਮੁਜ਼ਾਹਰੇ ਹੋ ਰਹੇ ਹਨ। ਆਰਥਿਕ ਅਤੇ ਸਨਅਤੀ ਨੀਤੀ ਕਰਕੇ ਲੋਕਾਂ ਵਿਚ ਨਿਰਾਸ਼ਾ ਹੈ। ਫਿਰੋਜ਼ਪੁਰ ਵਿਚ ਲੋਕਾਂ ਉਤੇ ਲਾਠੀਚਾਰਜ ਹੋਇਆ। ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਤੋਂ ਹੱਕ ਖੋਹੇ ਜਾ ਰਹੇ ਹਨ। ਇਹ ਬਿੱਲ ਮੁਲਾਜ਼ਮਾਂ ਦੇ ਖਿਲਾਫ ਹੈ ਅਤੇ ਅਫਸਰਸ਼ਾਹੀ ਦੇ ਹੱਕ ਵਿਚ ਹੈ। ਪੰਚਾਇਤਾਂ ਦੇ ਇਲੈਕਸ਼ਨਾਂ ਦੀ ਸੁਣਵਾਈ ਬੀ.ਡੀ.ਓ. ਕਰੇਗਾ। ਪੰਚਾਇਤ ਸਮਿਤੀਆਂ ਦੀ ਸੁਣਵਾਈ ਡੀ.ਸੀ. ਕਰੇਗਾ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀ ਸੁਣਵਾਈ ਕਮਿਸ਼ਨਰ ਕਰੇਗਾ। ਅਫਸਰਸ਼ਾਹੀ ਤੋਂ ਲੋਕ ਪਹਿਲਾਂ ਹੀ ਬਹੁਤ ਤੰਗ ਹਨ। ਪਹਿਲਾਂ ਹੀ ਅਫਸਰਸ਼ਾਹੀ ਨੇ ਲੁੱਟ ਮਚਾਈ ਹੋਈ ਹੈ। ਅਫਸਰਸ਼ਾਹੀ ਆਪਣੀ ਮਨਮਾਨੀ ਕਰਦੀ ਹੈ। ਇਨ੍ਹਾਂ ਅਫਸਰਾਂ ਨੂੰ ਹੋਰ ਪਾਵਰਾਂ ਦੇਣ ਨਾਲ ਮੁਲਾਜ਼ਮਾਂ ਵਿਚ ਰਿਜ਼ੈਂਟਮੈਂਟ ਵਧੇਗੀ। ਪੰਜਾਬ ਦੇ ਨੌਜਵਾਨਾਂ ਵਿਚ ਬੜੀ ਬੇਚੈਨੀ ਹੈ। ਇਸ ਦੇ ਨਾਲ ਲੋਕਾਂ ਵਿਚ ਬੇਚੈਨੀ ਆਵੇਗੀ। ਢਾਈ ਤਿੰਨ ਲੱਖ ਮੁਲਾਜ਼ਮ ਅੱਜ ਸੜਕਾਂ ਤੇ ਉਤਰਨ ਲਈ ਮਜ਼ਬੂਰ ਹੋ ਰਹੇ ਹਨ। ਸਪੀਕਰ ਸਾਹਿਬ, ਇਹ ਬਿੱਲ ਇਥੇ ਪਾਸ ਨਹੀਂ ਕੀਤਾ ਜਾਣਾ ਚਾਹੀਦਾ। ਬਹੁਤ ਸਾਰੀਆਂ ਕਲਾਜ਼ਾਂ ਬਾਰੇ ਮੇਰੇ ਸਾਥੀ ਨੇ ਵੀ ਕਿਹਾ ਹੈ। ਪੈਸੇ ਅਤੇ ਫੰਡਾਂ ਵਿਚ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਕੋਈ ਅਧਿਕਾਰ ਨਹੀਂ ਹੈ। ਸਾਡਾ ਪਿਛਲਾ ਤਜਰਬਾ ਦਸਦਾ ਹੈ ਕਿ ਜਿਤਨਾ ਪੈਸਾ ਸਰਕਾਰ ਵਲੋਂ ਦਿਤਾ ਜਾਂਦਾ ਹੈ, ਉਸ ਦਾ ਚੌਥਾ ਹਿੱਸਾ ਜਾਂ ਤੀਜਾ ਹਿੱਸਾ ਵੀ ਖਰਚ ਹੋ ਜਾਵੇ ਤਾਂ ਵੀ ਚੰਗੀ ਗੱਲ ਹੋਵੇਗੀ। ਸਪੀਕਰ ਸਾਹਿਬ, ਜਿਹੜਾ ਪੈਸਾ ਪੰਚਾਇਤਾਂ ਖੁਦ ਖਰਚ ਕਰਦੀਆਂ ਹਨ, ਮੈਂ ਇਹੋ ਜਿਹੀਆਂ ਪਿੰਡਾਂ ਦੀਆਂ ਮਿਸਾਲਾਂ ਕੋਟ ਕਰ ਸਕਦਾ ਹਾਂ ਕਿ ਜੇਕਰ 1 ਲੱਖ ਰੁਪਿਆ ਪੰਚਾਇਤ ਨੂੰ ਮਿਲੇ ਤਾਂ ਪੰਚਾਇਤ ਸਵਾ ਲੱਖ ਰੁਪਿਆ ਕਰਕੇ ਖਰਚ ਕਰਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਚਾਇਤਾਂ ਪੈਸਾ ਵਧ ਖਰਚ ਕਰਦੀਆਂ ਹਨ। ਫਿਰ ਇਹ ਅਧਿਕਾਰ ਅਫਸਰਾਂ ਨੂੰ ਕਿਉਂ ਦਿਤੇ ਜਾ ਰਹੇ ਹਨ ? ਜੇਕਰ ਕਿਸੇ ਅਫਸਰ ਦੀ ਤਨਖਾਹ 3,000 ਰੁਪਿਆ ਮਹੀਨਾ ਹੈ ਤਾਂ ਉਸ ਦੀ ਜਾਇਦਾਦ ਜੇਕਰ ਵੇਖੀ ਜਾਵੇ ਤਾਂ ਉਹ 50 ਲੱਖ ਰੁਪਏ ਦੀ ਹੋਵੇਗੀ। ਉਸ ਅਫਸਰ ਦਾ ਰਹਿਣ ਸਹਿਣ ਵੀ ਬਹੁਤ ਵਧੀਆ ਹੋਵੇਗਾ। ਇਸ ਬਾਰੇ ਅਸੀਂ ਇਥੇ ਸਾਰੇ ਜਾਣਦੇ ਹਾਂ ਕਿ ਸਾਰਾ ਕੁਝ ਗਲਤ ਹੋ ਰਿਹਾ ਹੈ। ਸਰਕਾਰ ਨੇ ਕੁਰੱਪਸ਼ਨ ਲੀਗੇਲਾਈਜ਼ ਕਰ ਦਿੱਤੀ ਹੈ। ਉਨ੍ਹਾਂ ਵਲੋਂ ਕਮਿਸ਼ਨ ਲਏ ਜਾ ਰਹੇ ਹਨ। ਇਲੈਕਟਿਡ ਬਾਡੀ ਨੂੰ ਜੋ ਕਿ ਲੋਕਾਂ ਦੀ ਚੁਣੀ ਹੋਈ ਹੈ, ਉਸ ਨੂੰ ਥੱਲੇ ਲਾਇਆ ਜਾ ਰਿਹਾ ਹੈ। ਇਸ ਨਾਲ ਕੁਰੱਪਸ਼ਨ ਹੋਰ ਵਧੇਗੀ। ਮੈਂ ਬਹੁਤਾ ਨਾ ਕਹਿੰਦਾ ਹੋਇਆ ਇਕ ਗੱਲ ਹੀ ਕਹਾਂਗਾ ਕਿ ਇਹ ਬਿੱਲ ਪਾਸ ਨਹੀਂ ਕਰਨਾ ਚਾਹੀਦਾ। ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਸਾਹਮਣੇ ਰਖਦੇ ਹੋਏ, ਮੁਲਾਜ਼ਮਾਂ ਦੇ ਪੱਖ ਨੂੰ ਧਿਆਨ ਵਿਚ ਰਖਦੇ ਹੋਏ ਅਤੇ ਇਸ ਤੋਂ ਅਫਸਰਸ਼ਾਹੀ ਦਾ ਗਲਬਾ ਹਟਾਕੇ, ਇਹ ਬਿੱਲ ਸਿਲੈਕਟ ਕਮੇਟੀ ਨੂੰ ਰੈਫਰ ਕਰਨਾ ਚਾਹੀਦਾ ਹੈ। ਜੇਕਰ ਇਹ ਬਿੱਲ ਪਾਸ ਕੀਤਾ ਤਾਂ ਪੰਜਾਬ ਦੇ ਲੋਕਾਂ ਨਾਲ ਇਨਸਾਫ ਨਹੀਂ ਹੋਵੇਗਾ। ਮੈਂ ਇਸ ਬਿੱਲ ਦੀ ਪੁਰਜ਼ੋਰ ਵਿਰੋਧਤਾ ਕਰਦਾ ਹਾਂ ਅਤੇ ਸਰਕਾਰ ਕੋਲੋਂ ਮੰਗ ਕਰਦਾ ਹਾਂ ਕਿ ਇਹ ਬਿੱਲ ਸਿਲੈਕਟ ਕਮੇਟੀ ਨੂੰ ਦੇ ਦਿਉ ਤਾਂ ਕਿ ਪੰਜਾਬ ਦੇ ਲੋਕਾਂ ਨਾਲ ਇਨਸਾਫ ਹੋਵੇ।

Original with;
Punjab Vidhan Sabha
Digitized by;
Panjab Digital Library

(ਇਸ ਵੇਲੇ ਮਾਨਯੋਗ ਮੈਂਬਰ ਸਰਦਾਰ ਨਿਰਮਲ ਸਿੰਘ ਨਿੰਮਾ ਬੋਲਣ ਲਈ ਖੜ੍ਹੇ ਹੋਏ)

**ਸ੍ਰੀ ਸਪੀਕਰ :** ਤੁਸੀਂ ਅਗਲੇ ਬਿੱਲ ਤੇ ਬੋਲ ਲੈਣਾ ।

**ਰਾਜ ਮੰਤਰੀ, ਦਿਹਾਤੀ ਵਿਕਾਸ ਅਤੇ ਪੰਚਾਇਤਾਂ (ਮਾਸਟਰ ਜਾਗੀਰ ਸਿੰਘ) :** ਸਪੀਕਰ ਸਾਹਿਬ, ਪੰਜਾਬ ਪੰਚਾਇਤੀ ਰਾਜ ਬਿੱਲ ,1994 ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਪਹਿਲਾਂ ਹੀ ਪੰਚਾਇਤੀ ਰਾਜ ਵਿਚ ਚੈਂਪੀਅਨ ਰਿਹਾ ਹੈ। ਥਰੀ ਟਾਇਰ ਸਿਸਟਮ ਜਿਹੜਾ ਹੈ, ਉਹ ਪਹਿਲਾਂ ਹੀ ਸਾਰੇ ਦੇਸ਼ ਨੇ ਅਪਣਾਇਆ ਹੋਇਆ ਹੈ। ਪੰਚਾਇਤ, ਪੰਚਾਇਤ ਸਮਿਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਇਹ ਥਰੀ ਟਾਇਰ ਸਿਸਟਮ ਹੈ, ਜਿਹੜਾ ਸਪੀਕਰ ਸਾਹਿਬ, ਇਸ ਬਿਲ ਵਿਚ ਲਿਆਂਦਾ ਗਿਆ ਹੈ । ਇਕ ਪੰਚਾਇਤ, ਦੂਸਰਾ ਪੰਚਾਇਤ ਸੰਮਤੀ ਅਤੇ ਤੀਸਰਾ ਜ਼ਿਲ੍ਹਾ ਪਰੀਸ਼ਦ, ਇਨ੍ਹਾਂ ਸਬੰਧੀ ਜੋ ਸਾਡੇ ਪਹਿਲਾਂ ਦੋ ਐਕਟ ਸਨ, 1952 ਦਾ ਪੰਜਾਬ ਗਰਾਮ ਪੰਚਾਇਤ ਐਕਟ ਅਤੇ ਦੂਸਰਾ 1961 ਦਾ ਸਮਿਤੀ ਔਰ ਜ਼ਿਲ੍ਹਾ ਪ੍ਰੀਸ਼ਦ ਦਾ ਐਕਟ ਉਨ੍ਹਾਂ ਸਬੰਧੀ ਪਾਰਲੀਮੈਂਟ ਨੇ ਸੰਨ 1992 ਵਿਚ ਇਕ ਐਕਟ ਪਾਸ ਕਰ ਦਿੱਤਾ ਔਰ ਕਾਂਸਟੀਚਿਊਸ਼ਨ ਦੀ 73ਵੀਂ ਅਮੈਂਡਮੈਂਟ ਕਰਕੇ ਉਸ ਨੂੰ ਵਿਧਾਨ ਦਾ ਇਕ ਹਿੱਸਾ ਬਣਾ ਦਿੱਤਾ। ਦੋਹਾਂ ਪਾਰਲੀਮੈਂਟ ਹਾਊਸਿਜ਼ ਨੇ ਉਸਨੂੰ ਪਾਸ ਕਰ ਦਿੱਤਾ ਅਤੇ ਉਸ ਤੋਂ ਬਾਅਦ ਪਰੈਜ਼ੀਡੈਂਟ ਨੇ ਚੈਪਟਰ-9 ਦੇ ਰਾਹੀਂ ਉਸ ਨੂੰ ਮਨਜ਼ੂਰੀ ਦੇ ਦਿੱਤੀ। ਅੱਜ ਉਹ ਐਕਟ ਕਾਂਸਟੀਚਿਊਸ਼ਨ ਦਾ ਹਿੱਸਾ ਬਣ ਚੁਕਾ ਹੈ। ਮਿਤੀ 24 ਅਪ੍ਰੈਲ, 1993 ਨੂੰ ਇਹ ਲਾਗੂ ਵੀ ਹੋ ਗਿਆ, ਪਰੈਜ਼ੀਡੈਂਟ ਨੇ ਲਾਗੂ ਕਰ ਦਿੱਤਾ। ਹੁਣ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੇ ਅੰਦਰ ਬੜੇ ਸੂਬਿਆਂ ਵਿਚ ਇਹ ਐਕਟ ਲਾਗੂ ਹੋ ਚੁਕਾ ਹੈ। ਇਹ ਸੋਧਾਂ ਕਰਨ ਤੋਂ ਬਾਅਦ ਇਹ ਐਕਟ ਅਸੀਂ ਹੁਣ ਬਣਾ ਰਹੇ ਹਾਂ। ਪਹਿਲਾਂ ਦੋ ਐਕਟ ਸਾਡੇ ਸੀ, 1952 ਦਾ ਔਰ 1961 ਦਾ, ਉਨ੍ਹਾਂ ਦੋਨਾਂ ਵਿਚ ਸੋਧ ਕਰਕੇ ਜੋ 73ਵੀਂ ਅਮੈਂਡਮੈਂਟ ਦੇਸ਼ ਦੀ ਬਣੀ ਹੈ, ਉਸਦੇ ਨਾਲ ਅਸੀਂ ਇਸ ਨੂੰ ਜੋੜ ਰਹੇ ਹਾਂ । ਇਸ ਲਈ ਇਹ ਬਿੱਲ ਲਿਆਉਣਾ ਪਿਆ । ਇਨ੍ਹਾਂ ਦੋਨੋਂ ਐਕਟਾਂ ਵਿਚ ਸੋਧਾਂ ਕਰਨ ਉਪਰੰਤ ਜੋ ਐਕਟ ਪਾਰਲੀਮੈਂਟ ਵਿਚ ਪਾਸ ਹੋਇਆ, ਉਸ ਦੇ ਮੁਤਾਬਿਕ ਅਸੀਂ ਇਹ ਬਿੱਲ ਠੀਕ ਕਰਕੇ ਲਿਆ ਰਹੇ ਹਾਂ। ਬਹੁਤ ਸਾਰੇ ਸੂਬਿਆਂ ਨੇ ਇਸਨੂੰ ਪਾਸ ਕਰ ਦਿੱਤਾ ਹੈ। ਏਥੇ ਕੁਝ ਗੱਲਾਂ ਹੋਈਆਂ। ਪੰਜਾਬ ਅੰਦਰ ਪੰਚਾਇਤ ਦੀਆਂ ਚੋਣਾਂ ਜਨਵਰੀ, 1993 ਵਿਚ ਹੋਈਆਂ ਉਹ ਚੋਣਾਂ ਸਰਦਾਰ ਬੇਅੰਤ ਸਿੰਘ ਨੇ ਕਰਾਈਆਂ, ਉਨ੍ਹਾਂ ਵਿਚ 90 ਪ੍ਰਤੀਸ਼ਤ ਲੋਕਾਂ ਨੇ ਵੋਟਾਂ ਪਾਈਆਂ ਅਤੇ ਏਨੇ ਲੋਕ ਚੁਣ ਕੇ ਆਏ। ਮੈਂ ਏਥੇ ਇਹ ਕਹਾਂਗਾ ਕਿ ਇਹ ਜੋ ਐਕਟ ਪਾਸ ਹੋਇਆ ਹੈ, ਇਹ 24 ਅਪ੍ਰੈਲ, 1993 ਨੂੰ ਲਾਗੂ ਹੋਇਆ ਹੈ । ਪੰਚਾਇਤ ਦੀਆਂ ਚੋਣਾਂ ਪੰਜਾਬ ਅੰਦਰ ਜਨਵਰੀ-1993 ਵਿਚ ਹੋਈਆਂ ਅਤੇ 5 ਸਾਲਾਂ ਲਈ ਹੋਈਆਂ । ਅਸੀਂ ਇਸ ਬਿੱਲ ਵਿਚ 1998 ਤੱਕ ਉਹ ਰਖ ਰਹੇ ਹਾਂ ਅਤੇ ਉਹ ਪੰਚਾਇਤਾਂ ਬਾਕਾਇਦਾ 5 ਸਾਲਾਂ ਤੱਕ ਏਥੇ ਜਾਰੀ ਰਹਿਣਗੀਆਂ ।

ਬਲਾਕ ਸੰਮਿਤੀਆਂ ਬਾਰੇ ਏਥੇ ਖਦਸ਼ਾ ਜਾਹਿਰ ਕੀਤਾ ਗਿਆ ਕਿ ਉਨ੍ਹਾਂ ਦੇ ਜੋ ਉਥੇ ਐਡ-ਮਨਿਸਟਰੇਟਰ ਲਗੇ ਹਨ, ਉਹ ਨਹੀਂ ਚਾਹੀਦੇ। ਇਹ ਠੀਕ ਹੈ ਕਿ ਇਸ ਵਿਚ ਅਸੀਂ ਰਖਿਆ

Original with;
Punjab Vidhan Sabha
Digitized by;
Punjab Digital Library

ਹੈ ਕਿ ਉਹ ਕੁਝ ਚਿਰ ਹੋਰ ਐਡਮਨਿਸਟ੍ਰੇਟਰ ਲਗੇ ਰਹਿਣਗੇ ਅਤੇ 6 ਮਹੀਨੇ ਦੇ ਅੰਦਰ ਅੰਦਰ ਅਸੀਂ ਇਹ ਸਾਰੀਆਂ ਚੋਣਾਂ ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਕਰਾ ਦੇਣੀਆਂ ਹਨ। ਏਥੇ ਮੈਂ ਇਹ ਵੀ ਕਹਿਣਾ ਚਾਹਵਾਂਗਾ ਕਿ ਜੋ 33 ਪ੍ਰਤੀਸ਼ਤ ਨੁਮਾਇੰਦਗੀ ਦਿੱਤੀ ਹੈ ਵੂਮੈਨ ਨੂੰ ਔਰ ਸ਼ਡਿਊਲਡ ਕਾਸਟ ਨੂੰ ਇਹ ਬੜੀ ਵੱਡੀ ਗੱਲ ਹੈ। ਕਿਸ ਤਰ੍ਹਾਂ ਇਥੇ ਕਿਹਾ ਜਾ ਰਿਹਾ ਹੈ ਕਿ ਨੁਮਾਇੰਦਗੀ ਨਹੀਂ ਮਿਲਦੀ। ਅਸੀਂ ਇਹ 33 ਪ੍ਰਤੀਸ਼ਤ ਨੁਮਾਇੰਦਗੀ ਦੀ ਬਹੁਤ ਵੱਡੀ ਗੱਲ ਇਸ ਵਿਚ ਲਿਆ ਰਹੇ ਹਾਂ ਔਰ ਸ਼ਡਿਊਲਡ ਕਾਸਟਸ ਲਈ ਪਾਪੂਲੇਸ਼ਨ ਦੇ ਲਿਹਾਜ਼ ਨਾਲ ਟੋਟਲ ਪਾਪੂਲੇਸ਼ਨ ਸਟੇਟ ਦੀ ਗਿਣ ਕੇ, ਪੂਰੀ ਪੂਰੀ ਨੁਮਾਇੰਦਗੀ ਇਸ ਵਿਚ ਲਿਆ ਰਹੇ ਹਾਂ ਉਨ੍ਹਾਂ ਨੂੰ ਬਾਕਾਇਦਾ ਪੰਚਾਇਤਾਂ ਵਿਚ, ਸੰਮਿਤੀਆਂ ਵਿਚ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵਿਚ-ਸਾਰੀ ਥਾਈਂ ਬਾਕਾਇਦਾ, ਰਾਖਵੀਆਂ ਸੀਟਾਂ ਮਿਲਣਗੀਆਂ ਅਤੇ ਪਾਪੂਲੇਸ਼ਨ ਦੇ ਆਧਾਰ ਤੇ ਹੋਣਗੀਆਂ। ਮੈਂਬਰਾਂ ਵਿਚ ਵੀ ਚੇਅਰਮੈਨ ਵਿਚ ਵੀ ਅਤੇ ਵਾਈਸ ਚੇਅਰਮੈਨ ਵਿਚ ਵੀ, ਰਿਜ਼ਰਵ ਕਰਨ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ। ਏਥੇ ਗੱਲ ਆਈ ਹੈ ਬੈਕਵਰਡ ਕਲਾਸਾਂ ਦੀ ਔਰ ਮੈਂ ਖੁਸ਼ੀ ਮਹਿਸੂਸ ਕਰਦਾ ਹਾਂ ਕਿ 1 ਪ੍ਰਤੀਸ਼ਤ ਜਿਹੜੀ ਉਨ੍ਹਾਂ ਵਾਸਤੇ ਰਿਜ਼ਰਵੇਸ਼ਨ ਕੀਤੀ ਹੈ, ਉਸ ਅਨੁਸਾਰ ਜਿਥੇ 20 ਪ੍ਰਤੀਸ਼ਤ ਦੀ ਆਬਾਦੀ ਹੋਵੇਗੀ, ਉਥੇ ਉਨ੍ਹਾਂ ਨੂੰ ਬਾਕਾਇਦਾ ਮੈਂਬਰ ਦੇ ਤੌਰ ਤੇ ਵੀ, ਸਮਿਤੀਆਂ ਦੇ ਤੌਰ ਤੇ ਵੀ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਤੌਰ ਤੇ ਵੀ ਪੂਰੀ ਨੁਮਾਇੰਦਗੀ ਦਿੱਤੀ ਜਾਵੇਗੀ। ਮੈਨੂੰ ਇਹ ਗੱਲ ਕਹਿਣ ਵਿਚ ਵੀ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਇਲੈਕਸ਼ਨ ਕਮਿਸ਼ਨ ਵੀ ਏਥੇ ਪੰਜਾਬ ਵਿਚ ਬਣਾਇਆ ਜਾ ਰਿਹਾ ਹੈ, ਜਿਸ ਲਈ ਬਿੱਲ ਅੱਡ ਆ ਰਿਹਾ ਸੀ। ਫਾਈਨਾਂਸ ਕਮਿਸ਼ਨ ਦੀ ਗੱਲ ਵੀ ਏਥੇ ਆਈ ਹੈ।

ਕੁਝ ਮੈਂਬਰ ਸਾਹਿਬਾਨ ਵਲੋਂ ਇਥੇ ਇਹ ਗੱਲ ਕਹੀ ਗਈ ਕਿ ਇਸ ਬਿੱਲ ਰਾਹੀਂ ਲੋਕਾਂ ਕੋਲੋਂ ਪਾਵਰ ਖੋਹੀ ਜਾ ਰਹੀ ਹੈ। ਉਨ੍ਹਾਂ ਦੀ ਇਸ ਗੱਲ ਤੇ ਮੈਂ ਬੜਾ ਹੈਰਾਨ ਹਾਂ। ਜੋ 73ਵੀਂ ਅਮੈਂਡਮੈਂਟ ਹੈ ਅਤੇ ਜੋ ਦੂਜੀਆਂ ਸਟੇਟਾਂ ਨੇ ਪਾਸ ਕੀਤੀ ਹੈ, ਉਨ੍ਹਾਂ ਨਾਲੋਂ ਕਿਤੇ ਜ਼ਿਆਦਾ ਨੁਮਾਇੰਦਗੀ ਡਾਇਰੈਕਟ ਚੋਣ ਦੇ ਸਿਲਸਿਲੇ ਵਿਚ ਇਥੇ ਲੋਕਾਂ ਨੂੰ ਦਿੱਤੀ ਗਈ ਹੈ। ਡਾਇਰੈਕਟ ਚੋਣਾਂ ਬਲਾਕ ਸਮਿਤੀਆਂ ਵਿਚ ਹੋਣਗੀਆਂ, ਜ਼ਿਲ੍ਹਾ ਪ੍ਰੀਸ਼ਦਾਂ ਵਿਚ ਹੋਣਗੀਆਂ। ਉਨ੍ਹਾਂ ਨੂੰ ਬੜੇ ਭਾਰੀ ਅਖਤਿਆਰ ਦਿੱਤੇ ਗਏ ਹਨ। ਸਾਥੀ ਜੀ ਇਥੇ ਖੜ੍ਹੇ ਖੜ੍ਹੇ ਕਈ ਕੁਝ ਕਹੀ ਜਾਂਦੇ ਹਨ। ਮੇਰਾ ਖਿਆਲ ਹੈ ਕਿ ਉਨ੍ਹਾਂ ਨੂੰ ਇਸ ਬਿੱਲ ਬਾਰੇ ਪਤਾ ਹੀ ਨਹੀਂ। ਸ਼ਾਇਦ ਉਨ੍ਹਾਂ ਨੇ ਇਹ ਬਿੱਲ ਪੜ੍ਹਿਆ ਹੀ ਨਹੀਂ। ਇਸ ਦੇ ਵਿਚ ਡਾਇਰੈਕਟ ਚੋਣਾਂ ਵਾਸਤੇ ਲੋਕਾਂ ਦੀ ਬੜੀ ਭਾਰੀ ਇਨਵਾਲਵ-ਮੈਂਟ ਕੀਤੀ ਗਈ ਹੈ। ਲੋਕਾਂ ਦੀਆਂ ਡਾਇਰੈਕਟ ਵੋਟਾਂ ਨਾਲ ਹੁਣ ਸਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਬਣਨਗੀਆਂ। ਲੋਕੀਂ ਪੰਚਾਇਤ ਦੀਆਂ ਚੋਣਾਂ ਵੇਲੇ ਡਾਇਰੈਕਟ ਵੋਟਾਂ ਪਾ ਕੇ ਸਰਪੰਚ ਚੁਣਦੇ ਹਨ, ਇਹ ਕੋਈ ਛੋਟੀ ਗੱਲ ਨਹੀਂ ਹੈ। ਇਸ ਨੂੰ ਅਸੀਂ ਡਾਇਰੈਕਟ ਚੋਣ ਨਾ ਮੰਨੀਏ ਤਾਂ ਕੀ ਮੰਨੀਏ ? ਮੈਨੂੰ ਇਨ੍ਹਾਂ ਦੀਆਂ ਗੱਲਾਂ ਸੁਣ ਕੇ ਬੜਾ ਭਾਰੀ ਦੁੱਖ ਹੋਇਆ ਹੈ।

**ਸ੍ਰੀ ਵਿਜੇ ਕੁਮਾਰ ਸਾਥੀ** : ਪੁਆਇੰਟ ਆਫ ਆਰਡਰ, ਸਰ।

Original with;
Punjab Vidhan Sabha
Digitized by;
Panjab Digital Library

**Mr. Speaker** : Hon. Member should know that when the Minister is speaking, he should not interrupt. He can only have a clarification after the minister finishes. Let him finish. Please resume your seat. let him complete. You will get time. You will get time please. You can get clarification after he finishes. ਜਦੋਂ ਇਹ ਬੋਲਣਾ ਖਤਮ ਕਰ ਦੇਣਗੇ, ਉਦੋਂ ਉਠ ਕੇ ਪੁੱਛ ਲੈਣਾ।

**ਰਾਜ ਮੰਤਰੀ**: ਮੈਂ ਕਹਿ ਰਿਹਾ ਸੀ ਕਿ ਕੁਝ ਗੱਲਾਂ ਇਥੇ ਆਈਆਂ ਹਨ। ਜੋਧਾਂ ਜੀ ਨੇ ਕਿਹਾ ਹੈ ਕਿ ਸਰਪੰਚ ਤੋਂ ਬੀ.ਡੀ.ਓ. ਪੈਸਾ ਲਈ ਜਾਂਦੇ ਹਨ। ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਬੀ.ਡੀ.ਓ. ਨੂੰ ਕੋਈ ਅਧਿਕਾਰ ਨਹੀਂ ਕਿ ਉਹ ਦਸਤਖਤ ਕਰੇ। ਉਸ ਚੈੱਕ ਉਪਰ ਸਰਪੰਚ ਜਾਂ ਮੈਂਬਰ ਅਤੇ ਸੈਕਟਰੀ ਦਸਤਖਤ ਕਰੇਗਾ। ਸਪੀਕਰ ਸਾਹਿਬ, ਇਹ ਬਹੁਤ ਵਧੀਆ ਅਤੇ ਸੁੰਦਰ ਬਿੱਲ ਲਿਆਂਦਾ ਗਿਆ ਹੈ ਜੋ ਲੋਕਾਂ ਦੇ ਭਲੇ ਲਈ ਹੈ। ਪੰਚਾਇਤੀ ਰਾਜ ਨੂੰ ਤਕੜਾ ਕਰਨ ਵਾਸਤੇ ਇਹ ਸਰਕਾਰ ਨੇ ਬਹੁਤ ਵਧੀਆ ਕੰਮ ਕੀਤਾ ਹੈ। ਜਿਹੜਾ ਪੰਚਾਇਤੀ ਰਾਜ ਕੈਰੋਂ ਸਾਹਿਬ ਅਤੇ ਨਹਿਰੂ ਜੀ ਨੇ ਸ਼ੁਰੂ ਕੀਤਾ ਸੀ, ਪੰਜਾਬ ਹਮੇਸ਼ਾ ਉਸ ਪੰਚਾਇਤੀ ਰਾਜ ਦਾ ਚੈਂਪੀਅਨ ਰਿਹਾ। ਮਹਾਤਮਾ ਗਾਂਧੀ ਜੀ ਨੇ ਪੰਚਾਇਤੀ ਰਾਜ ਦਾ ਜੋ ਸੁਪਨਾ ਲਿਆ ਸੀ, ਉਹ ਪੰਜਾਬ ਨੇ ਪੂਰਾ ਕੀਤਾ ਹੈ। ਅੱਜ ਪੰਚਾਇਤਾਂ, ਬਲਾਕ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਭਾਰੀ ਅਖਤਿਆਰ ਦਿੱਤੇ ਗਏ ਹਨ। ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਤੁਸੀਂ ਇਸ ਗੱਲ ਨੂੰ ਸਰਬਸੰਮਤੀ ਨਾਲ ਪਾਸ ਕਰੋ। ਉਹ ਕਿਹੜੀ ਗੱਲ ਹੈ, ਜਿਸ ਦਾ ਤੁਸੀਂ ਵਿਰੋਧ ਕਰ ਰਹੇ ਹੋ ? ਮੈਂ ਤਾਂ ਕਹਾਂਗਾ ਕਿ ਇਸ ਬਿੱਲ ਵਿਚ ਹਰ ਇਕ ਚੀਜ਼ ਦੀ ਪ੍ਰੋਵੀਜ਼ਨ ਕੀਤੀ ਗਈ ਹੈ। ਕੋਈ ਐਸੀ ਖਾਮੀ ਨਹੀਂ ਹੈ ਜਿਹੜੀ ਇਸ ਵਿਚ ਰਹਿ ਗਈ ਹੋਵੇ। ਜਿਹੜਾ ਤਿੰਨ ਟਾਇਰ ਸਿਸਟਮ ਸਾਰੇ ਦੇਸ਼ ਵਿਚ ਮੰਨਿਆ ਜਾ ਰਿਹਾ ਹੈ, ਪੰਜਾਬ ਉਸ ਵਿਚ ਹਮੇਸ਼ਾ ਅਗਵਾਈ ਕਰਦਾ ਰਿਹਾ ਹੈ। ਇਸ ਵਿਚ ਜਿਹੜੀ 73ਵੀਂ ਅਮੈਂਡਮੈਂਟ ਹੋਈ ਹੈ, ਉਸ ਨੂੰ ਅਸੀਂ ਅੱਜ ਪੂਰਾ ਕਰ ਰਹੇ ਹਾਂ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਇਸ ਬਿੱਲ ਨੂੰ ਪਾਸ ਕਰੋ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮੈਂ ਇਕ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ। ਮੈਂ ਆਪਣੇ ਗਰੁੱਪ ਵਲੋਂ ਬੋਲਦੇ ਹੋਏ ਬਕਾਇਦਾ ਕੁਝ ਗੱਲਾਂ ਇਥੇ ਮੈਨਸ਼ਨ ਕੀਤੀਆਂ ਸਨ ਕਿ ਫਲਾਣੀ ਕਲਾਜ਼ ਨਾਲ ਇਹ ਖਤਰਾ ਹੋ ਸਕਦਾ ਹੈ ਅਤੇ ਫਲਾਣੀ ਕਲਾਜ਼ ਨਾਲ ਇਹ ਖਤਰਾ ਹੋ ਸਕਦਾ ਹੈ। ਇਨ੍ਹਾਂ ਵਿਚੋਂ ਕਿਸੇ ਇਕ ਵੀ ਕਲਾਜ਼ ਦਾ ਮੰਤਰੀ ਜੀ ਨੇ ਹਵਾਲਾ ਨਹੀਂ ਦਿੱਤਾ। ਇਹ ਸਾਰੀਆਂ ਕਲਾਜ਼ਾਂ ਜਿਸ ਤਰੀਕੇ ਨਾਲ ਬਿੱਲ ਵਿਚ ਮੈਨਸ਼ਨ ਕੀਤੀਆਂ ਗਈਆਂ ਹਨ, ਇਹ ਠੀਕ ਨਹੀਂ ਹੈ। ਉਹ ਅਮੈਂਡ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਦੇ ਬਾਰੇ ਮੰਤਰੀ ਜੀ ਦਾ ਪ੍ਰਤੀਕਰਮ ਕੀ ਹੈ, ਉਨ੍ਹਾਂ ਨੂੰ ਆਪਣੀ ਸਪੀਚ ਵਿੱਚ ਦੱਸਣਾ ਚਾਹੀਦਾ ਸੀ।

**ਸ੍ਰੀ ਸਪੀਕਰ**: ਬਿੱਲ ਕਲਾਜ਼ ਬਾਈ ਕਲਾਜ਼ ਲਿਆ ਜਾਵੇਗਾ।

**ਸ੍ਰੀ ਵਿਜੇ ਕੁਮਾਰ ਸਾਥੀ**: ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਵਿਧਾਨ ਸਭਾ ਦੀ ਸਿਲੈਕਟ ਕਮੇਟੀ ਹੁੰਦੀ ਹੈ, ਉਸ ਦੇ ਵਿੱਚ ਇਹ ਰੱਖਣਾ ਚਾਹੀਦਾ ਹੈ। ਸਪੀਕਰ ਸਾਹਿਬ, ਜਿਹੜੀਆਂ ਕਲਾਜ਼ਾਂ ਦੇ ਬਾਰੇ ਅਸੀਂ ਬੋਲਿਆ ਹੈ, ਉਨ੍ਹਾਂ ਵਿਚੋਂ ਕਿਸੇ ਇਕ ਦਾ ਵੀ ਮੰਤਰੀ ਜੀ ਨੇ ਜਵਾਬ ਨਹੀਂ ਦਿਤਾ (ਵਿਘਨ)

Original with;
Punjab Vidhan Sabha
Digitized by;
Panjab Digital Library

**Mr. Speaker :** Question is—

That the Punjab Panchayati Raj Bill, be taken into consideration at once.

*The motion was carried.*

**Mr. Speaker :** Now the House will proceed to consider the Bill clause by clause.

**Sub clause (2) of Clause 1**

**Mr. Speaker :** Question is —

That Sub-clause (2) of Clause 1 stand part of the Bill.

*The motion was carried.*

**Sub clause (3) of Clause 1**

**Mr. Speaker :** Queston is—

That sub-clause (3) of Clause 1 stand part of the Bill.

*The motion was carried.*

**Clause 2**

**Mr. Speaker :** There is an amendment to this Clause.

**Mr. Speaker :** Question is—

That after the definition "Common land", the following explanation shall be added—

"Explanation : Village community will also mean a part of the community."

*The Motion was lost.*

**Mr. Speaker :** Queston is—

That Clause 2 stand part of the Bill.

*The motion was carried.*

**Clause 3**

**Mr. Speaker :** There is an amendment to this Clause.

Original with;
Punjab Vidhan Sabha
Digitized by;
Panjab Digital Library

**Mr. Speaker :** Question is—

That in the second proviso to sub clause (1) of Clause 3, in line 2, for the words "desire", the words "express their desire in the prescribed manner", shall be substituted.

*The motion was lost.*

**Mr. Speaker :** Question is—

That Clause 3 stand part of the Bill.

*The motion was carried.*

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਨਾ ਤਾਂ ਤੁਸੀਂ ਮੈਂਬਰ ਸਾਹਿਬਾਨ ਦਾ ਨਾਂ ਪੜ੍ਹਿਆ ਹੈ ਅਤੇ ਨਾ ਹੀ ਬੋਲਣ ਦਾ ਮੌਕਾ ਦਿੱਤਾ ਹੈ।

**ਸ੍ਰੀ ਸਪੀਕਰ :** ਅਰਸ਼ੀ ਸਾਹਿਬ, ਤੁਸੀਂ ਪਹਿਲਾਂ ਹੀ ਮੂਵ ਕਰ ਚੁੱਕੇ ਹੋ ਅਤੇ ਇਨ੍ਹਾਂ ਉਤੇ ਬੋਲ ਵੀ ਚੁੱਕੇ ਹੋ।

**Clauses 4 to 9**

**Mr. Speaker :** Question is—

That Clauses 4 to 9 stand part of the Bill.

*The motion was carried,*

**Clause 10**

**Mr. Speaker :** There is an amendment to this Clause.

**Mr. Speaker :** Question is—

That at Sr. No. 1, of the chart for the word figure "200", the figure "199" shall be substituted.

*The motion was lost.*

**Mr. Speaker :** Question is—

That Clause 10 stand part of the Bill.

*The motion was carried.*

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਅਸੀਂ ਪ੍ਰੋਟੈਸਟ ਕਰਦੇ ਹਾਂ ਤੁਸੀਂ ਅਮੈਂਡਮੈਂਟਸ ਲਈ ਪ੍ਰੈੱਸ ਕਰਨ ਵਾਸਤੇ ਨਹੀਂ ਕਹਿ ਰਹੇ। ਆਪਣੇ ਆਪ ਹੀ ਲਈ ਜਾ ਰਹੇ ਹੋ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ:** : ਆਨਰੇਬਲ ਮੈਂਬਰ ਸਾਹਿਬਾਨ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਪਹਿਲਾਂ ਹੀ ਕਿਹਾ ਗਿਆ ਸੀ ਅਤੇ ਤੁਸੀਂ ਕਲਾਜ਼ ਬਾਈ ਕਲਾਜ਼ ਮੂਵ ਕੀਤਾ ਹੈ ।

That is deemed to have been read and moved.

**Clause 11**

**Mr. Speaker :** Question is—

That Clause 11 stand part of the Bill.

*The motion was carried.*

**Clause 12**

**Mr. Speaker :** There is an amendment.

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਇਹ ਟੋਟਲੀ ਅਨ-ਡੈਮੋਕਰੇਟਿਕ ਹੋ ਰਿਹਾ ਹੈ। ਹਰ ਅਮੈਂਡਮੈਂਟ ਪ੍ਰੈਸ ਹੋ ਸਕਦੀ ਹੈ ਅਤੇ ਇਸ ਤੇ ਬੋਲਿਆ ਜਾ ਸਕਦਾ ਹੈ। ਜਿਹੜਾ ਕਿ ਰੂਲਜ਼ ਦੇ ਮੁਤਾਬਿਕ ਹੈ।

**Mr. Speaker :** I have asked you. It is not undemocratic; It is quite. democratic. ਇਸ ਅਮੈਂਡਮੈਂਟ ਤੇ ਬੋਲਣਾ ਚਾਹੁੰਦੇ ਹੋ, ਬੋਲੋ ।

**ਕਾਮਰੇਡ ਹਰਦੇਵ ਅਰਸ਼ੀ:** ਹਰ ਇਕ ਤੇ ਬੋਲਾਂਗੇ ਜੀ ।

**ਸ਼੍ਰੀ ਸਪੀਕਰ :** ਜਿਹੜਾ ਪਿਛੇ Deemed to have been moved ਕਿਹਾ ਸੀ ਤਾਂ ਉਸ ਦਾ ਮਤਲਬ ਸੀ ਕਿ ਇਕੱਠੀਆਂ ਮੂਵ ਕਰ ਦਿਤੀਆਂ ਗਈਆਂ । ਚਲੋ ਤੁਸੀਂ ਕੁਝ ਬੋਲਣਾ ਹੈ ਤਾਂ ਬੋਲੋ । I have allowed you to speak.

**ਕਾਮਰੇਡ ਹਰਦੇਵ ਅਰਸ਼ੀ :** ਸਪੀਕਰ ਸਾਹਿਬ, ਪਹਿਲਾਂ ਇਸ ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਅਸੀਂ ਸ਼ਡਿਊਲਡ ਕਾਸਟਸ ਨੂੰ ਅਤੇ ਦੂਸਰਿਆਂ ਨੂੰ ਹੱਕ ਦਿਤੇ ਹਨ, ਇਸੇ ਤਰ੍ਹਾਂ ਬੈਕਵਰਡ ਕਲਾਸਿਜ਼ ਨੂੰ ਵੀ ਡਿਫਰੈਂਟ ਸਟੇਜਿਜ਼ ਤੇ ਹੱਕ ਹੋਣਾ ਚਾਹੀਦਾ ਹੈ ਖਾਸ ਤੌਰ ਤੇ ਚੇਅਰਮੈਨ ਅਤੇ ਵਾਈਸ-ਚੇਅਰਮੈਨ ਵਿਚ ਅਤੇ ਇਸ ਨੂੰ ਮੰਨਿਆ ਵੀ ਜਾਣਾ ਚਾਹੀਦਾ ਹੈ ।

**Mr. Speaker :** Question is—

That for the sub-clause (3) of Clause 12, substitute the following—

"Reservation for Backward Classes in the offices of Sarpanches will be decided and notified by the Government from time to time."

*The motion was lost.*

Original with;
Punjab Vidhan Sabha
Digitized by;
Panjab Digital Library

**Mr. Speaker :** Question is—

That Clause 12 stand part of the Bill.

*The motion was carried.*

**Clauses 13 to 19**

**Mr. Speaker :** Question is—

That Clauses 13 to 19 stand part of the Bill.

*The motion was carried.*

**Clause 20**

**Mr. Speaker :** There is an amendment.

**ਕਾਮਰੇਡ ਹਰਦੇਵ ਅਰਸ਼ੀ :** ਮੈਂ ਪ੍ਰੈਸ ਕਰਦਾ ਹਾਂ ਜੀ ।

**Mr. Speaker :** Question is —

(i) That in sub-clause (1) of Clause 20, Part-(e), for the word "misconduct" the words "gross misconduct" shall be substituted.

(ii) That part (f) of sub-clause (1) shall be omitted.

(iii) That sub-clause (3) of Clause 20, shall be omitted.

*The motion was lost.*

**Mr. Speaker :** Question is—

That Clause 20 stand part of the Bill.

*The motion was carried.*

**Clause 21**

**Mr. Speaker :** There is an amendment. ਹਾਂ ਜੀ, ਅਰਸ਼ੀ ਜੀ ਬੋਲੋ ।

**ਕਾਮਰੇਡ ਹਰਦੇਵ ਅਰਸ਼ੀ :** ਅਸੀ ਪ੍ਰੈਸ ਕਰਦੇ ਹਾਂ ।

**Mr. Speaker :** Question is—

That the Clause shall be omitted

*The motion was lost.*

Original with;
Punjab Vidhan Sabha
Digitized by;

**Mr. Speaker :** Question is—

That Clause 21 stand part of the Bill

*The motion was carried.*

**Clauses 22 to 24**

**Mr. Speaker :** Question is—

That Clauses 22 to 24 stand part of the Bill.

*The motion was carried*

**Clause 25**

**Mr, Speaker :** There is an amendment. Arshi Ji.

ਕਾਮਰੇਡ ਹਰਦੇਵ ਅਰਸ਼ੀ : ਅਸੀ ਪ੍ਰੈਸ ਕਰਦੇ ਹਾਂ ।

**Mr. Speaker :** Question is—

That in sub-clause 2 (b) of Clause 25 the word "recognised by the State Government" shall be omitted.

*The motion was lost.*

**Mr. Speaker :** Question is—

That Clause 25 stand part of the Bill.

*The motion was carried.*

**Clause 26**

**Mr. Speaker :** Question is—

That Clause 26 stand part of the Bill.

*The motion was carried.*

**Clause 27**

**Mr. Speaker :** There is an amendment.

ਕਾਮਰੇਡ ਹਰਦੇਵ ਅਰਸ਼ੀ : ਇਹ ਬੇਲੋੜੀ ਹੈ । ਇਹ ਹਟਾਈ ਜਾਣੀ ਚਾਹੀਦੀ ਹੈ । ਅਸੀਂ ਪ੍ਰੈਸ ਕਰਦੇ ਹਾਂ ।

Original with;
Punjab Vidhan Sabha
Digitized by;
Panjab Digital Library

**Mr. Speaker :** Question is—

ਕਿ ਇਹ ਪਾਵਰਜ਼ ਅਨਡੈਮੋਕਰੇਟਿਕ ਢੰਗ ਨਾਲ ਵਰਤੀਆਂ ਜਾ ਰਹੀਆਂ ਹਨ। ਪਾਣੀ ਦੇ ਰੇਟ ਜਿਸ ਢੰਗ ਨਾਲ ਵਧਾਏ ਗਏ, ਉਸ ਨਾਲ ਲੋਕੀਂ ਬਹੁਤ ਤੰਗ ਹੋਏ ਹਨ। ਇਹ ਰੇਟ 3 ਗੁਣਾ ਵਧਾ ਦਿੱਤੇ ਗਏ। ਲੋਕਾਂ ਨੂੰ ਇਸ ਨਾਲ ਬਹੁਤ ਜ਼ਿਆਦਾ ਤਕਲੀਫ ਹੈ। ਕਾਰਪੋਰੇਸ਼ਨ ਨੇ ਆਪਣੀ ਸਪੈਸ਼ਲ ਪਾਵਰ ਵਰਤ ਕੇ ਇਹ ਜਿਹੜਾ ਰੇਟ ਵਧਾਇਆ ਹੈ, ਇਸ ਬਾਰੇ ਇਸ ਗੱਲ ਦਾ ਸਰਕਾਰ ਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਲੋਕ ਇਸ ਵਾਧੇ ਨੂੰ ਬਰਦਾਸ਼ਤ ਕਰਨ ਨੂੰ ਤਿਆਰ ਹਨ। ਅੱਜ ਇਸ ਵਿਰੁਧ ਥਾਂ-ਥਾਂ ਤੇ ਡਿਮਾਂਸਟਰੇਸ਼ਨ ਹੋਈਆਂ ਹਨ। ਫਿਰੋਜ਼ਪੁਰ ਵਿਚ ਲਾਠੀਚਾਰਜ ਹੋਇਆ। ਹੋਰ ਟੈਕਸ ਲਾ ਕੇ ਲੋਕਾਂ ਨੂੰ ਪਾਣੀ ਪੀਣ, ਕਪੜੇ ਧੋਣ ਅਤੇ ਰਸੋਈ ਦੇ ਕੰਮ ਚਲਾਉਣ ਦੇ ਅਧਿਕਾਰ ਤੋਂ ਵੀ ਵੰਚਿਤ ਕੀਤਾ ਜਾ ਰਿਹਾ ਹੈ। ਮੇਰੇ ਆਪਣੇ ਘਰ ਦਾ ਤਜਰਬਾ ਦਸਦਾ ਹੈ ਕਿ ਉਥੇ 4 ਦਿਨ ਪਾਣੀ ਟੋਟਲੀ ਬੰਦ ਰਿਹਾ-ਛੇਹਰਟੇ ਵਿਚ। ਇਹ ਕੀ ਗੱਲ ਬਣੀ ਕਿ ਟੈਕਸ ਤਾਂ ਵਧਾਈ ਜਾਓ ਲੇਕਿਨ ਪਾਣੀ ਦੀ ਅਵੇਲੇਬਿਲਟੀ ਹੈ ਨਹੀਂ। ਹਾਊਸ ਟੈਕਸ ਵਿਚ ਜਿਹੜਾ ਵਾਧਾ ਕੀਤਾ ਗਿਆ ਹੈ, ਉਸ ਤੋਂ ਐਗਜ਼ੈਂਮਪਸ਼ਨ ਦੇਣ ਦੀ ਪਾਵਰ ਵੀ ਸਰਕਾਰ ਕੋਲ ਹੈ। ਇਸ ਪਾਵਰ ਨੂੰ ਵਰਤ ਕੇ ਇਹ ਐਗਜ਼ੈਂਪਸ਼ਨ 10 ਮਰਲੇ ਤੋਂ ਘਟਾ ਕੇ 5 ਮਰਲੇ ਕਰ ਦਿੱਤੀ ਗਈ ਹੈ। ਵਾਈਡਰ ਕਨਸਲਟੇਸ਼ਨ ਨਾਲ ਜਮਹੂਰੀਅਤ ਨੂੰ ਚਲਾਇਆ ਜਾਵੇ ਅਤੇ ਗੌਰਮਿੰਟ ਦੀ ਮੇਨ ਸਟਰੈਂਗਥ ਲੋਕਲ ਬਾਡੀਜ਼ ਨੂੰ ਮਜ਼ਬੂਤ ਕੀਤਾ ਜਾਵੇ, ਜਿਸ ਤਰ੍ਹਾਂ ਕੀਤਾ ਗਿਆ ਹੈ ਜਾਂ ਕੀਤਾ ਜਾ ਰਿਹਾ ਹੈ, ਉਸ ਤਰ੍ਹਾਂ ਕਰਨ ਦੇ ਨਾਲ ਇਹ ਮਕਸਦ ਪੂਰਾ ਨਹੀਂ ਹੋ ਸਕਦਾ। ਪਿਛੇ ਜਿਹੇ ਮਿਉਂਸਿਪਲ ਕਾਰ-ਪੋਰੇਸ਼ਨਾਂ ਦੇ ਸਬੰਧ ਵਿਚ ਇਕ ਸੈਮੀਨਾਰ ਹੋਇਆ ਸੀ। ਡਾਕਟਰ ਸਾਹਿਬ ਅਤੇ ਹੋਰ ਵੀ ਕਈ ਮਨਿਸਟਰ ਉਥੇ ਆਏ ਸੀ। ਮੈਨੂੰ ਵੀ ਉਸ ਸੈਮੀਨਾਰ ਵਿਚ ਹਿੱਸਾ ਲੈਣ ਦਾ ਮੌਕਾ ਮਿਲਿਆ। ਉਸ ਸੈਮੀਨਾਰ ਵਿਚ ਇਹ ਗੱਲ ਰੱਖੀ ਗਈ ਸੀ ਕਿ ਸਾਡੀ ਸਟੇਟ ਗੌਰਮਿੰਟ ਦਾ ਬਹੁਤ ਸਾਰਾ ਟੈਕਸ ਜੋ ਲੋਕਲ ਬਾਡੀਜ਼ ਨੂੰ ਮਿਲਣਾ ਚਾਹੀਦਾ ਹੈ, ਉਸ ਦੇ ਆਪਣੇ ਕੋਲ ਹੀ ਹੈ। ਜਿਸ ਤਰ੍ਹਾਂ ਵਹੀਕਲ ਟੈਕਸ ਹੈ ਜਾਂ ਐਂਟਰਟੇਨਮੈਂਟ ਟੈਕਸ ਹੈ। ਉਥੇ ਇਹ ਗੱਲ ਕਹੀ ਗਈ ਸੀ ਕਿ ਸਰਕਾਰ ਆਪਣਾ ਹਿੱਸਾ ਦੇਵੇਗੀ ਲੇਕਿਨ ਅਜੇ ਤੱਕ ਸਰਕਾਰ ਨੇ ਆਪਣਾ ਹਿੱਸਾ ਨਹੀਂ ਦਿੱਤਾ। ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਕਾਰਪੋਰੇਸ਼ਨਾਂ ਦੀ ਫਾਈਨਾਂਸ਼ਲ ਕੰਡੀਸ਼ਨ ਕਿਸ ਤਰ੍ਹਾਂ ਦੀ ਹੈ। ਉਨ੍ਹਾਂ ਦੀ ਐਕਚੂਅਲ ਫਾਈਨਾਂਸ਼ਲ ਕੰਡੀਸ਼ਨ ਤੁਸੀਂ ਵੇਖ ਸਕਦੇ ਹੋ। ਜਿਹੜਾ ਟੈਕਸ ਕਾਰਪੋਰੇਸ਼ਨ ਨਹੀਂ ਲਗਾਉਂਦੀ, ਜੇ ਉਹ ਟੈਕਸ ਸਰਕਾਰ ਆਪ ਲਗਾ ਦੇਵੇ ਤਾਂ ਇਹ ਪਰੋਸੀਜਰ ਗੈਰ-ਜਮਹੂਰੀ ਹੈ। ਕਾਰਪੋਰੇਸ਼ਨਾਂ ਦੀ ਮਾਲੀ ਹਾਲਤ ਬਹੁਤ ਮਾੜੀ ਹੈ। ਮੈਂ ਅੰਮ੍ਰਿਤਸਰ ਦੀ ਗੱਲ ਕਰਦੀ ਹਾਂ। ਅਸੀਂ ਨਿੱਤ ਦਿਹਾੜੀ ਕਾਰਪੋ-ਰੇਸ਼ਨਾਂ ਦੇ ਮਸਲਿਆਂ ਬਾਰੇ ਐਜੀਟੇਟ ਕਰ ਰਹੇ ਹਾਂ। ਕਹਿਣ ਨੂੰ ਤਾਂ ਅੰਮ੍ਰਿਤਸਰ 'ਸਿਫਤੀ ਦਾ ਘਰ" ਹੈ ਲੇਕਿਨ ਉਥੇ ਸੜਕਾਂ ਦੀ ਹਾਲਤ ਵੇਖ ਲਵੋ, ਕਿੰਨੀ ਮਾੜੀ ਹੈ। ਸਾਡੇ ਪਲੈਨਿੰਗ ਬੋਰਡ ਦੇ ਚੇਅਰਮੈਨ ਸਾਹਿਬ, ਬਾਰ ਬਾਰ ਇਸ ਗੱਲ ਨੂੰ ਕਹਿੰਦੇ ਹਨ। ਸਵੀਪਰਜ਼ ਦੀਆਂ ਅਪੁਆਇੰਟਮੈਂਟਸ ਪਹਿਲਾਂ ਬਿਲਕੁਲ ਬੰਦ ਕਰ ਦਿੱਤੀਆਂ ਗਈਆਂ ਸਨ। ਇਸ ਵਕਤ ਵੀ ਜਿਤਨੇ ਸਵੀਪਰਜ਼ ਦੀ ਲੋੜ ਹੈ, ਉਤਨੇ ਸਰਕਾਰ ਸੈਂਕਸ਼ਨ ਨਹੀਂ ਕਰਦੀ। ਸੀਵਰੇਜ ਦਾ ਬਹੁਤ ਬੁਰਾ ਹਾਲ ਹੈ। ਥਾਂ ਥਾਂ ਤੇ ਗੰਦਗੀ ਦੇ ਢੇਰ ਹਨ। ਮੇਰੇ ਇਲਾਕੇ ਵਿਚ ਇਕ ਸੂਆ ਹੈ। ਉਸ ਦੀ ਡੀਸਿਲਟਿੰਗ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਵਿਮਲਾ ਡਾਂਗ]

ਦਾ ਫੈਸਲਾ ਕੀਤਾ ਗਿਆ। ਪਰ ਉਸ ਦੀ ਡੀਸਿਲਟਿੰਗ ਕਰਨ ਵਾਸਤੇ ਇਲਾਕਿਆਂ ਦੇ ਸਾਰੇ ਸੀਵਰ ਬੰਦ ਕਰ ਦਿੱਤੇ। ਨਤੀਜਾ ਇਹ ਹੋਇਆ ਕਿ ਪਾਣੀ ਲੋਕਾਂ ਦੇ ਘਰਾਂ ਅੰਦਰ ਆ ਗਿਆ। ਕਰਤਾਰ ਨਗਰ ਅਤੇ ਆਜ਼ਾਦ ਨਗਰ ਵਿਚ ਪਾਣੀ ਘਰਾਂ ਦੇ ਅੰਦਰ ਆ ਗਿਆ। ਹੁਣ ਮੋਟਰਾਂ ਦੇ ਨਾਲ ਉਹ ਪਾਣੀ ਕਢਿਆ ਜਾ ਰਿਹਾ ਹੈ। ਡੀਸਿਲਟਿੰਗ ਕਰਨੀ ਜ਼ਰੂਰੀ ਚਾਹੀਦੀ ਹੈ, ਖਾਸ ਕਰਕੇ ਜੇ ਫਲੱਡ ਕੰਟਰੋਲ ਕਰਨਾ ਹੈ ਤਾਂ ਨਹਿਰਾਂ ਅਤੇ ਸੂਇਆਂ ਦੀ ਡੀਸਿਲਟਿੰਗ ਕਰਨੀ ਹੀ ਪਵੇਗੀ ਲੇਕਿਨ ਕੋਈ ਆਲਟਰਨੇਟਿਵ ਮੈਥਡ ਹੋਣਾ ਚਾਹੀਦਾ ਹੈ, ਜਿਸ ਨਾਲ ਲੋਕਾਂ ਦਾ ਜੀਵਨ ਨਰਕ ਸਮਾਨ ਨਾ ਹੋਵੇ, ਗੰਦਾ ਪਾਣੀ ਇਕੱਠਾ ਨਾ ਹੋਵੇ ਅਤੇ ਹੋਰ ਜਿਹੜੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਉਹ ਮਿਲਣ। ਇਸ ਕਰਕੇ ਅਸੀਂ ਇਸ ਵਿੱਚ ਬਹੁਤ ਸਾਰੀਆਂ ਤਰਮੀਮਾਂ ਨਹੀਂ ਲਿਆਂਦੀਆਂ ਜਿਵੇਂ ਕਿ ਪੰਚਾਇਤੀ ਰਾਜ ਵਿੱਚ ਲਿਆਂਦੀਆਂ ਗਈਆਂ ਸਨ ਜਿਹੜਾ ਕਿ 120 ਸਫਿਆਂ ਦਾ ਡਾਕੂਮੈਂਟ ਸੀ ਅਤੇ ਇਸ ਦੀ ਇਕ ਰਿਪਲੇਸਮੈਂਟ ਵੀ ਆਈ ਸੀ। ਤੁਸੀਂ ਦੇਖਿਆ ਹੈ ਕਿ ਕਿਤਨੀਆਂ ਸਾਰੀਆਂ ਤਰਮੀਮਾਂ ਇਸ ਮਾਮਲੇ ਤੇ ਵਰਕ-ਆਊਟ ਕੀਤੀਆਂ। ਇਹ 2-3 ਰਾਤਾਂ ਪੜ੍ਹ ਕੇ ਸਟੱਡੀ ਕਰਕੇ ਦਿੱਤੀਆਂ। ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਮੰਤਰੀ ਸਾਹਿਬਾਨ ਨੇ ਇਨ੍ਹਾਂ ਅਮੈਂਡਮੈਂਟਸ ਨੂੰ ਵੀ ਨਹੀਂ ਪੜ੍ਹਿਆ। ਜਿਹੜੀਆਂ ਸਿੰਪਲ ਗਰਾਮੈਟੀਕਲ ਮਿਸਟੇਕਸ ਹਨ, ਉਹ ਵੀ ਠੀਕ ਕਰਨੀਆਂ ਅਸੈਪਟ ਨਹੀਂ ਕੀਤੀਆਂ ਗਈਆਂ। ਜਦੋਂ ਫਾਈਨਲ ਡਾਕੂਮੈਂਟ ਆਵੇਗਾ ਤਾਂ ਪਤਾ ਲਗ ਜਾਵੇਗਾ। ਕਲ੍ਹ ਡਾਕੂਮੈਂਟ ਮਿਲਿਆ ਹੈ। ਥੋੜ੍ਹੀਆਂ ਬਹੁਤੀਆਂ ਤਰਮੀਮਾਂ ਹੀ ਅਸੀਂ ਪੇਸ਼ ਕੀਤੀਆਂ ਹਨ। ਮੈਂ ਆਸ ਕਰਦੀ ਹਾਂ ਕਿ ਇਹ ਜਿਹੜਾ ਮਿਊਂਸਿਪਲ ਕਾਰਪੋਰੇਸ਼ਨ ਅਮੈਂਡਮੈਂਟ ਬਿੱਲ ਹੈ, ਇਸ ਨੂੰ ਜ਼ਿਆਦਾ ਡੈਮੋਕਰੇਟਿਕ ਬਣਾਉਣ ਲਈ ਇਸ ਵਿੱਚ ਸ਼ਡਿਊਲਡ ਕਾਸਟਾਂ, ਔਰਤਾਂ ਅਤੇ ਬੈਕਵਰਡ ਕਲਾਸਾਂ ਨੂੰ ਜੋ ਪ੍ਰਤੀਨਿਧਤਾ ਦੇਣੀ ਹੈ, ਇਹ ਸਹੀ ਮਾਅਨਿਆਂ ਵਿਚ ਦਿੱਤੀ ਜਾਵੇਗੀ ਅਤੇ ਗਿਣਤੀ-ਮਿਣਤੀ ਨਹੀਂ ਕੀਤੀ ਜਾਵੇਗੀ। ਤਿੰਨ ਮਿਊਂਸਪਲ ਕਾਰਪੋਰੇਸ਼ਨਾਂ— ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿਚ ਜਿਹੜੀ ਉਨ੍ਹਾਂ ਦੀ ਪ੍ਰਤੀਸ਼ਤਤਾ ਹੈ, ਉਸ ਦੇ ਮੁਤਾਬਿਕ ਹੀ ਵੀਕਰ ਸੈਕਸ਼ਨਜ਼ ਨੂੰ ਪ੍ਰਤੀਨਿਧਤਾ ਦਿੱਤੀ ਜਾਵੇਗੀ।

## EXTENSION OF TIME OF THE SITTING

**ਸ੍ਰੀ ਸਪੀਕਰ :** ਕੀ ਹਾਊਸ ਦਾ ਸਮਾਂ ਵਧਾ ਦਿੱਤਾ ਜਾਵੇ?

(ਅਵਾਜ਼ਾਂ: ਹਾਂ ਜੀ, ਹਾਂ ਜੀ)

**ਸ੍ਰੀ ਸਪੀਕਰ :** ਹਾਊਸ ਦਾ ਸਮਾਂ ਬਿੱਲ ਪਾਸ ਹੋਣ ਤੱਕ ਵਧਾਇਆ ਜਾਂਦਾ ਹੈ।

———

Original with;
Punjab Vidhan Sabha
Digitized by;
Panjab Digital Library

## (i) THE PUNJAB MUNICIPAL (AMENDMENT) BILL, 1994
## (ii) THE PUNJAB MUNICIPAL CORPORATION (AMENDMENT) BILL, 1994
## AND
## (iii) THE PUNJAB FINANCE COMMISSION FOR PANCHAYATS AND MUNICIPAL BILL, 1994

(*Resumption of Consideration*)

**ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ)** : ਸਪੀਕਰ ਸਾਹਿਬ ਮੈਂ ਕੋਈ ਜ਼ਿਆਦਾ ਲੰਬੀਆਂ-ਚੌੜੀਆਂ ਗੱਲਾਂ ਨਹੀਂ ਕਰਨੀਆਂ। ਮੈਡਮ ਡਾਂਗ ਜੀ ਨੇ ਇਹ ਪਹਿਲਾਂ ਹੀ ਤਫ਼ਸੀਲ ਨਾਲ ਦੱਸ ਦਿੱਤੀਆਂ ਹੋਈਆਂ ਹਨ। ਜਿਹੜਾ ਇਹ ਤਿੰਨ ਕਾਰਪੋਰੇਸ਼ਨਾਂ ਦਾ ਬਿਲ ਇੰਟਰੋਡਿਊਸ ਕੀਤਾ ਹੈ, ਇਸ ਦੇ ਵਿੱਚ ਮੈਂ ਹੰਬਲ ਰਿਕੁਐਸਟ ਕਰਦਾ ਹਾਂ। ਇਹ ਠੀਕ ਹੈ ਕਿ ਬਜਟ ਵਿਚ ਇਨ੍ਹਾਂ ਵਿੱਚ ਕੁਝ ਰਿਆਇਤ ਦਿੱਤੀ ਗਈ ਹੈ ਲੇਕਿਨ ਨਵਾਂ ਐਕਟ ਆਉਣ ਤੋਂ ਬਾਅਦ ਜਿਹੜੀ ਇਹ ਅਸੈਸਮੈਂਟ ਹੋਣੀ ਹੈ, ਉਹ ਦੁਬਾਰਾ ਕਰਵਾਈ ਜਾਣੀ ਹੈ। ਉਸ ਦੇ ਨਾਲ ਮੈਂ ਸਮਝਦਾ ਹਾਂ ਕਿ ਲੋਕਾਂ ਉਤੇ ਬਹੁਤ ਜ਼ਿਆਦਾ ਬਰਡਨ ਪਵੇਗਾ। ਇਸ ਗੱਲ ਨੂੰ ਸਰਕਾਰ ਨੂੰ ਰੀ-ਕਨਸਿਡਰ ਕਰਨਾ ਚਾਹੀਦਾ ਹੈ। ਦੂਸਰੀ ਜਿਹੜੀ ਤਰਮੀਮ ਹੈ, ਉਹ ਪਾਸ ਹੋਣ ਤੋਂ ਬਾਅਦ ਕੋਈ ਵੀ ਨੋਟੀਫਾਈਡ ਏਰੀਆ ਕਮੇਟੀ ਨਹੀਂ ਰਹਿਣੀ। ਉਨ੍ਹਾਂ ਨੂੰ ਨਗਰਪਾਲਿਕਾਵਾਂ ਬਣਾ ਦਿੱਤਾ ਜਾਣਾ ਹੈ, ਚਾਹੇ ਛੋਟੀ ਅਤੇ ਚਾਹੇ ਵੱਡੀ। ਇਸ ਵਾਸਤੇ ਚੋਣਾਂ ਵੀ ਕਰਵਾਈਆਂ ਜਾਣੀਆਂ ਜ਼ਰੂਰੀ ਹਨ। ਇਹ ਗੱਲ ਜ਼ਿਆਦਾ ਬਿਹਤਰ ਹੋਵੇਗੀ ਕਿ ਅਗਰ ਉਥੋਂ ਦੇ ਵਸਨੀਕ ਉਹ ਨਗਰਪਾਲਿਕਾ ਨਹੀਂ ਚਾਹੁੰਦੇ ਤੇ ਉਹ ਸਰਬਸੰਮਤੀ ਨਾਲ ਜਾਂ ਮੈਜਾਰਟੀ ਨਾਲ ਕਹਿੰਦੇ ਹਨ ਕਿ ਉਨ੍ਹਾਂ ਨੂੰ ਉਥੇ ਫਿਰ ਪੰਚਾਇਤ ਬਣਾ ਦਿੱਤੀ ਜਾਵੇ ਤਾਂ ਇਸ ਗੱਲ ਨੂੰ ਸਰਕਾਰ ਨੂੰ ਜ਼ਰੂਰ ਵਿਚਾਰ ਅਧੀਨ ਰੱਖਣਾ ਚਾਹੀਦਾ ਹੈ। ਇਹ ਤਰਮੀਮ ਠੋਸਣੀ ਨਹੀਂ ਚਾਹੀਦੀ। ਇਸ ਮਸਲੇ ਤੇ ਲੋਕਾਂ ਦੀ ਰਾਏ ਨੂੰ ਜ਼ਰੂਰ ਵੇਟ ਦੇਣਾ ਚਾਹੀਦਾ ਹੈ। ਆਖਰੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਸੁਪਰੀਮ ਕੋਰਟ ਨੇ ਬਕਾਇਦਾ ਤੌਰ ਤੇ ਇਹ ਡਾਇਰੈਕਸ਼ਨਜ਼ ਦਿੱਤੀਆਂ ਹਨ ਕਿ ਰਿਜ਼ਰਵੇਸ਼ਨ ਦਿੱਤੀ ਜਾਣੀ ਚਾਹੀਦੀ ਹੈ ਪਰ ਉਨ੍ਹਾਂ ਦਾ ਕੋਈ ਨੰਬਰ ਫਿਕਸ ਨਹੀਂ ਸੀ ਕੀਤਾ। ਸਾਨੂੰ ਆਸ ਸੀ ਕਿ ਇਹ ਰਿਜ਼ਰਵੇਸ਼ਨ ਪਰਾਪਰ ਦਿੱਤੀ ਜਾਵੇਗੀ। ਇਥੇ ਜਿਹੜੀ ਰਿਜ਼ਰਵੇਸ਼ਨ ਆਈ ਹੈ, ਉਸ ਵਿੱਚ ਸ਼ਡਿਊਲਡ ਕਾਸਟਾਂ ਲਈ 5 ਪ੍ਰਤੀਸ਼ਤ, 5 ਪ੍ਰਤੀਸ਼ਤ ਔਰਤਾਂ ਲਈ ਅਤੇ 2 ਪ੍ਰਤੀਸ਼ਤ ਬੈਕਵਰਡ ਕਲਾਸਾਂ ਲਈ ਹੈ। ਇਹ ਕਿਸੇ ਤਰ੍ਹਾਂ ਵੀ ਜਸਟੀਫਾਈ ਨਹੀਂ ਹੋ ਸਕਦਾ। ਇਸ ਦੇ ਵਿੱਚ ਵੀਕਰ ਸੈਕਸ਼ਨਜ਼ ਜਿਹੜੇ ਕਿ ਪਹਿਲਾਂ ਹੀ ਸਮਾਜ ਵਿੱਚ ਯੋਗ ਸਥਾਨ ਨਹੀਂ ਪ੍ਰਾਪਤ ਕਰ ਸਕਦੇ, ਉਨ੍ਹਾਂ ਦੀ ਰੇਸ਼ੋ ਵਧਾਈ ਜਾਣੀ ਚਾਹੀਦੀ ਹੈ। ਇਹ ਸ਼ਡਿਊਲਡ ਕਾਸਟਾਂ ਲਈ 25 ਪ੍ਰਤੀਸ਼ਤ ਅਤੇ ਔਰਤਾਂ ਲਈ 30 ਪ੍ਰਤੀਸ਼ਤ ਕੀਤੀ ਜਾਣੀ ਚਾਹੀਦੀ ਹੈ। ਇਸ ਦੇ ਇਲਾਵਾ, ਪਛੜੀਆਂ ਸ਼੍ਰੇਣੀਆਂ ਲਈ ਜਿਹੜੇ ਕਿ ਸਮਾਜਕ ਤੌਰ ਤੇ ਵੀ ਪਛੜੇ ਹੋਏ ਹੁੰਦੇ ਹਨ ਅਤੇ ਕਲਚਰਲ ਤੌਰ ਤੇ ਵੀ, ਉਨ੍ਹਾਂ ਲਈ ਵੀ ਇਹ ਰਿਜ਼ਰਵੇਸ਼ਨ ਵਧਾਈ ਜਾਣੀ ਚਾਹੀਦੀ ਹੈ। ਮੈਂ ਆਪਣੇ ਗਰੁੱਪ ਵੱਲੋਂ ਇਨ੍ਹਾਂ ਗੱਲਾਂ ਦੀ ਜ਼ੋਰਦਾਰ ਤਰੀਕੇ ਨਾਲ ਅਪੀਲ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਮੰਤਰੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਜੋ ਇਨ੍ਹਾਂ ਦਾ ਰਿਪਲਾਈ ਦੇਣਗੇ ਅਤੇ ਇਨ੍ਹਾਂ ਦੇ ਬਾਰੇ ਹਾਊਸ ਨੂੰ ਆਸ਼ਵਾਸਨ ਅਤੇ ਭਰੋਸਾ ਦਿਵਾਉਣਗੇ।

**ਸ੍ਰੀ ਸਪੀਕਰ :** ਮਿੱਤਲ ਸਾਹਿਬ, ਤੁਹਾਡੇ ਵਿਚੋਂ ਹੋਰ ਕਿਸੇ ਨੇ ਬੋਲਣਾ ਹੈ ?

**ਵਿੱਤ ਮੰਤਰੀ :** (ਬੈਠੇ ਬੈਠੇ) ਤੁਸੀਂ ਤਾਂ ਕਹਿ ਕਹਿ ਕੇ ਟਾਈਮ ਦੇ ਰਹੇ ਹੋ।

**ਸ੍ਰੀ ਸਪੀਕਰ :** ਡਾਕਟਰ ਸਾਹਿਬ, ਉਨ੍ਹਾਂ ਦੀ ਤਸੱਲੀ ਵੀ ਤਾਂ ਕਰਾਉਣੀ ਹੈ।

**ਸ੍ਰੀ ਜਗਦੀਸ ਸਾਹਨੀ (ਬਟਾਲਾ) :** ਸਪੀਕਰ ਸਾਹਿਬ, ਮੈਂ ਦੋ ਕੁ ਗੱਲਾਂ ਕਰਨੀਆਂ ਹਨ। ਤਰਮੀਮ ਤਾਂ ਕੰਸਟੀਚਿਊਸ਼ਨਲ ਹੈ ਮਗਰ ਕਈ ਗੱਲਾਂ ਇਸਦੇ ਵਿੱਚ ਪੁਲੀਟੀਕਲ ਮੋਟਿਵ ਨਾਲ ਕੀਤੀਆਂ ਗਈਆਂ ਹਨ। ਜੇ ਕੋਈ ਅਪੁਆਇੰਟਮੈਂਟ ਚੇਅਰਮੈਨ ਦੀ ਕਰਨੀ ਹੈ, ਇਹ ਸਟੇਟ ਗੌਰਮਿੰਟ ਕਰੇਗੀ, ਇਸਦੇ ਵਿੱਚ ਕੋਈ ਕਰਾਈਟੇਰੀਆ ਨਹੀਂ ਦੱਸਿਆ ਗਿਆ ਕਿ ਕਿਸ ਕਰਾਈਟੇਰੀਏ ਨਾਲ ਚੇਅਰਮੈਨ ਦੀਆਂ ਅਤੇ ਮੈਂਬਰਾਂ ਦੀਆਂ ਅਪੁਆਇੰਟਮੈਂਟਸ ਹੋਣਗੀਆਂ। ਇਸਦੇ ਨਾਲ ਖਦਸ਼ਾ ਹੁੰਦਾ ਹੈ ਕਿ ਫਿਰ ਅਫਸਰ-ਸ਼ਾਹੀ ਦਾ ਹੀ ਰਾਜ ਹੋਵੇਗਾ। ਇਸ ਦੇ ਵਿੱਚ ਕੋਈ ਕਲੈਰੀਫੀਕੇਸ਼ਨ ਨਹੀਂ ਦਿਤੀ ਗਈ ਕਿ ਕਿਸ ਤਰ੍ਹਾਂ ਦੀ ਪ੍ਰਤੀਨਿਧਤਾ ਹੋਣੀ ਚਾਹੀਦੀ ਹੈ ਅਤੇ ਐਜੂਕੇਸ਼ਨਲ ਕੁਆਲੀਫੀਕੇਸ਼ਨ ਕੀ ਹੋਣੀ ਚਾਹੀਦੀ ਹੈ। ਇਸ ਦਾ ਬੜਾ ਖਦਸ਼ਾ ਹੈ, ਬੜੀ ਸ਼ੰਕਾ ਹੈ। ਦੂਸਰੀ ਗੱਲ ਇਹ ਹੈ ਕਿ ਇਸਦੇ ਵਿੱਚ ਇਹ ਨਹੀਂ ਦੱਸਿਆ ਗਿਆ ਕਿ ਗਰਾਂਟ ਜੋ ਡਿਸਟਰੀਬਿਊਸ਼ਨ ਹੋਵੇਗੀ, ਉਹ ਕਿਸ ਤਰ੍ਹਾਂ ਹੋਵੇਗੀ। ਇਹ ਵੀ ਸਰਕਾਰ ਨੇ ਆਪਣੇ ਹੱਥ ਵਿੱਚ ਰੱਖਿਆ ਹੈ। ਡਿਸਟਰੀਬਿਊਸ਼ਨ ਵਾਲਾ ਖਦਸ਼ਾ ਹੈ ਕਿ ਇਨ੍ਹਾਂ ਦੀ ਮਰਜ਼ੀ ਹੈ ਜਿਸ ਨੂੰ ਚਾਹੁਣ ਉਸਨੂੰ ਜ਼ਿਆਦਾ ਦੇ ਦੇਣ। ਇਸਦਾ ਵੀ ਕੋਈ ਕਰਾਈ-ਟੇਰੀਆ ਹੋਣਾ ਚਾਹੀਦਾ ਸੀ ਕਿ ਇੰਨੀ ਆਬਾਦੀ ਤੇ ਇੰਨੀ ਗਰਾਂਟ ਦਿਤੀ ਜਾਵੇਗੀ। ਇਸ ਤਰ੍ਹਾਂ ਕਰਕੇ ਤਿੰਨ ਚਾਰ ਸ਼ੰਕੇ ਪੈਦਾ ਹੁੰਦੇ ਹਨ। ਅਸੀਂ ਚਾਹਾਂਗੇ ਕਿ ਸਰਕਾਰ ਨੂੰ ਇਸ ਤੇ ਦੁਬਾਰਾ ਸੋਚਣਾ ਚਾਹੀਦਾ ਹੈ। ਜੈ ਹਿੰਦ।

**ਸ੍ਰੀ ਜੈ ਕਿਸ਼ਨ ਸੈਣੀ (ਜਲੰਧਰ ਕੇਂਦਰੀ) :** ਸਪੀਕਰ ਸਾਹਿਬ ਮੈਂ ਸੀ.ਐਮ. ਸਾਹਿਬ ਅਤੇ ਐਫ.ਐਮ. ਸਾਹਿਬ ਦਾ ਬੜਾ ਧੰਨਵਾਦੀ ਹਾਂ ਅਤੇ ਇਨ੍ਹਾਂ ਨੂੰ ਮੁਬਾਰਿਕਬਾਦ ਦਿੰਦਾ ਹਾਂ ਕਿ ਇਹ ਅਮੈਂਡਮੈਂਟ ਜਿਹੜੀ ਹੈ, ਉਹ ਇਸ ਹਾਊਸ ਦੇ ਵਿੱਚ ਬਿੱਲ ਦੀ ਸ਼ਕਲ ਵਿਚ ਲਿਆਂਦੀ ਹੈ। ਇਸ ਦੇ ਨਾਲ ਜਿਹੜਾ ਮਿਊਂਸਿਪਲ ਕਮੇਟੀਆਂ ਦਾ ਕੰਮ ਹੈ ਅਤੇ ਮਿਊਂਸਪਲ ਕਾਰਪੋਰੇਸ਼ਨਜ਼ ਦਾ ਕੰਮ ਹੈ, ਉਹ ਥੋੜਾ ਸਟਰੀਮ ਲਾਈਨ ਹੋਵੇਗਾ ਅਤੇ ਈਫੈਕਟਿਵ ਹੋਵੇਗਾ। ਮੈਂ ਸਮਝਦਾ ਹਾਂ ਕਿ ਇਵੈਲਿਊ-ਏਸ਼ਨ ਬਾਰੇ ਜਿਹੜੀ ਸੋਧ ਕੀਤੀ ਗਈ ਹੈ, ਉਹ ਠੀਕ ਕੀਤੀ ਗਈ ਹੈ। ਜਿਥੇ ਕਈ ਪਲਾਟ ਖਾਲੀ ਪਏ ਹਨ, ਉਥੇ ਵਿਆਹ ਸ਼ਾਦੀਆਂ ਹੁੰਦੀਆਂ ਹਨ ਅਤੇ ਲੋਕ ਅਕਸਰ ਉਨ੍ਹਾਂ ਦੀ ਵਰਤੋਂ ਕਰਦੇ ਹਨ ਪਰ ਉਹ ਕਾਰਪੋਰੇਸ਼ਨ ਨੂੰ ਕੁਝ ਨਹੀਂ ਦਿੰਦੇ। ਇਸ ਕਰਕੇ ਇਹ ਜਿਹੜਾ ਲਿਖਿਆ

Original with;
Punjab Vidhan Sabha
Digitized by;
Panjab Digital Library

ਗਿਆ ਹੈ, ਇਹ ਬਿਲਕੁਲ ਠੀਕ ਹੈ ਅਤੇ ਮੈਂ ਇਸ ਦੀ ਤਾਈਦ ਕਰਦਾ ਹਾਂ। ਇਸਦੇ ਨਾਲ ਹੀ ਮਿਊਂਸਿਪਲ ਕਮੇਟੀਜ਼ ਦੇ ਵਿੱਚ ਜਿਹੜੀ ਲੇਡੀਜ਼ ਨੂੰ 1/3 ਰਿਪਰੀਜੇਂਟੇਸ਼ਨ ਦਿੱਤੀ ਗਈ ਹੈ, ਇਹ ਵੀ ਬੜੀ ਵੱਡੀ ਗੱਲ ਹੈ। ਇਸ ਦੇ ਨਾਲ ਸ਼ਹਿਰਾਂ ਵਿੱਚ ਲੇਡੀਜ਼ ਨੂੰ ਕੰਮ ਕਰਨ ਦਾ ਮੌਕਾ ਮਿਲੇਗਾ ਅਤੇ ਉਹ ਜ਼ਿਆਦਾ ਅੱਛੇ ਢੰਗ ਨਾਲ ਮਿਊਂਸ਼ਿਪਲ ਕਮੇਟੀਆਂ ਅਤੇ ਮਿਊਂਸਿਪਲ ਕਾਰਪੋਰੇਸ਼ਨਾਂ ਵਿੱਚ ਰਿਪਰੇਜ਼ੇਂਟੇਸ਼ਨ ਕਰਕੇ ਜ਼ਿਆਦਾ ਅੱਛਾ ਕੰਮ ਕਰਵਾ ਸਕਣਗੀਆਂ। ਇਸਦੇ ਨਾਲ ਇਹ ਵੀ ਦੱਸਿਆ ਗਿਆ ਹੈ ਕਿ ਮਿਊਂਸਿਪਲ ਕਮੇਟੀ ਜੇਕਰ ਕਿਸੇ ਕਾਰਨ ਡੀਜ਼ਾਲਵ ਹੋ ਜਾਂਦੀ ਹੈ ਤਾਂ ਉਸਦੀ ਇਲੈਕਸ਼ਨ 6 ਮਹੀਨੇ ਦੇ ਅੰਦਰ ਅੰਦਰ ਹੋਵੇਗੀ ਅਤੇ ਜੇ ਟੈਨਿਓਰ ਪੂਰੀ ਹੋ ਰਹੀ ਹੁੰਦੀ ਹੈ ਤਾਂ ਉਸਦੀ ਇਲੈਕਸ਼ਨ ਇਸ ਤੋਂ ਪਹਿਲਾਂ ਪਹਿਲਾਂ ਹੋਵੇਗੀ। ਅੱਗੇ 15-15 ਸਾਲ ਇਲੈਕਸ਼ਨ ਹੀ ਨਹੀਂ ਹੁੰਦੇ ਸੀ। ਇਸਦੇ ਨਾਲ ਟਾਈਮ ਤੇ ਇਲੈਕਸ਼ਨ ਹੋਣਗੇ ਅਤੇ ਲੋਕਾਂ ਨੂੰ ਪੂਰੀ ਰਿਪਰੇਜ਼ੇਂਟੇਸ਼ਨ ਮਿਲੇਗੀ। ਕਾਰਪੋਰੇਸ਼ਨਾਂ ਦੇ ਵਿੱਚ ਜਿਹੜੀਆਂ ਵਾਰਡ ਕਮੇਟੀਆਂ ਹਨ, ਉਸਦੇ ਬਾਰੇ ਵੀ ਬੜਾ ਕਲੀਅਰ ਕਿਹਾ ਗਿਆ ਹੈ ਕਿ :—

**"The Chairman of the Ward Committees shall be elected by the elected councilers from amongest themselves."**

ਇਹ ਵਾਰਡ ਦੇ ਮੈਂਬਰਾਂ ਨੇ ਆਪ ਚੁਣਨੇ ਹਨ। ਇਹ ਬੜੀ ਅੱਛੀ ਗੱਲ ਹੋਵੇਗੀ ਅਤੇ ਕੌਸਂਲਰਾਂ ਨੂੰ ਮੌਕਾ ਮਿਲੇਗਾ ਕਿ ਉਹ ਵਾਰਡ ਕਮੇਟੀਆਂ ਦੇ ਚੇਅਰਮੈਨ ਹੋਣ ਦੇ ਨਾਤੇ ਬੜਾ ਅੱਛਾ ਕੰਮ ਕਰਵਾ ਸਕਣ। ਇਸਦੇ ਵਿੱਚ ਪਲੈਨਿੰਗ ਕਮੇਟੀ ਦੇ ਬਾਰੇ ਵੀ ਜੋ ਕਿਹਾ ਹੈ ਇਹ ਵੀ ਬੜਾ ਅੱਛਾ ਕੰਮ ਹੋਵੇਗਾ। ਮੈਂ ਸਮਝਦਾ ਹਾਂ ਕਿ ਇਸ ਨਾਲ ਜਿੱਥੇ ਔਰਤਾਂ ਨੂੰ ਰਿਪਰੇਜ਼ੇਂਟੇਸ਼ਨ ਮਿਲਦੀ ਹੈ, ਉਥੇ ਕੰਮ ਕਰਨ ਦਾ ਵੀ ਮੌਕਾ ਮਿਲੇਗਾ। ਲੇਕਿਨ ਮੈਂ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ। ਮੇਰੀ ਬੇਨਤੀ ਹੈ ਕਿ ਰਿਕਵਰੀ ਜਿਹੜੀ ਹੈ, ਉਹ ਨਹੀਂ ਹੁੰਦੀ। ਉਹ ਰੈਵੇਨਿਊ ਐਕਟ ਦੇ ਮੁਤਾਬਿਕ ਹੋਣੀ ਜ਼ਰੂਰੀ ਹੈ। ਇਹ ਜ਼ਰੂਰ ਲਾਅ ਵਿੱਚ ਅਮੈਂਡਮੈਂਟ ਹੋਣੀ ਚਾਹੀਦੀ ਹੈ। ਇਸਦੇ ਨਾਲ ਹੀ ਕਾਰਪੋਰੇਸ਼ਨਜ਼ ਦੇ ਜਿਹੜੇ ਮੇਅਰ ਹਨ, ਉਨ੍ਹਾਂ ਕੋਲ ਕੋਈ ਪਾਵਰ ਨਹੀਂ ਜਦ ਕਿ ਮਿਊਂਸਿਪਲ ਕਮੇਟੀ ਦਾ ਪ੍ਰਧਾਨ ਧਾਰਾ 35 ਅਧੀਨ ਕੋਈ ਵੀ ਰੇਜ਼ੂਲੇਸ਼ਨ ਪਾਸ ਕਰ ਸਕਦਾ ਹੈ ਲੇਕਿਨ ਮੇਅਰ ਦੇ ਕੋਲ ਕੋਈ ਹਕੂਕ ਨਹੀਂ। ਇਸੇ ਤਰ੍ਹਾਂ ਮਿਊਂਸੀਪਲ ਕਾਰਪੋਰੇਸ਼ਨਾਂ ਦੇ ਜਿਹੜੇ ਐਡਮਨਿਸਟਰੇਟਰ ਹਨ, ਉਹ 25 ਹਜ਼ਾਰ ਰੁਪਏ ਤੱਕ ਦੇ ਖਰਚੇ ਦੀ ਪ੍ਰਵਾਨਗੀ ਦੇ ਸਕਦੇ ਹਨ। ਲੇਕਿਨ ਮੇਅਰ ਕੋਲ ਦੋ ਹਜ਼ਾਰ ਰੁਪਏ ਦੀ ਵੀ ਪਾਵਰ ਨਹੀਂ। ਇਹ ਹੋਣੀ ਚਾਹੀਦੀ ਹੈ ਤਾਂ ਕਿ ਮੇਅਰਜ਼ ਵੀ ਈਫੈਕਟਿਵਲੀ ਕੰਮ ਕਰਨ। ਇਸੇ ਤਰ੍ਹਾਂ ਸੀ.ਆਰ. ਬਾਰੇ ਵੀ ਓਵਰਸੀਰ ਤੋਂ ਲੈ ਕੇ ਕਮਿਸ਼ਨਰ ਲੇਵਲ ਤੱਕ ਮੇਅਰਜ਼ ਨੂੰ ਅਖਤਿਆਰ ਦੇਣੇ ਚਾਹੀਦੇ ਹਨ ਤਾਂ ਕਿ ਉਹ ਐਡਮਨਿਸਟਰੇਟਿਵਲੀ ਸਹੀ ਢੰਗ ਨਾਲ ਕਾਰਪੋਰੇਸ਼ਨ ਨੂੰ ਚਲਾ ਸਕਣ। ਇਸੇ ਤਰ੍ਹਾਂ ਹੋਰ ਪਾਵਰਜ਼ ਵੀ ਮੇਅਰਜ਼ ਨੂੰ ਹੋਣੀਆਂ ਚਾਹੀਦੀਆਂ ਹਨ। ਮੈਂ ਇਨ੍ਹਾਂ ਲਫਜ਼ਾਂ ਨਾਲ ਤੁਹਾਡਾ ਧੰਨਵਾਦ ਕਰਦਾ ਹਾਂ। ਬਾਕੀ ਮੈਂ ਐਮ.ਐਲ.ਏ. ਬਣਨ ਤੋਂ ਬਾਅਦ ਈਫੈਕਟਿਵ ਕੰਮ ਕੀਤਾ ਹੈ। ਵਾਟਰ ਟੈਕਸ, ਹਾਊਸ ਟੈਕਸ ਘਟਣਾ ਚਾਹੀਦਾ ਹੈ। ਇਕ ਗੱਲ ਮੈਂ ਭੁੱਲ ਗਿਆ ਹਾਂ ਕਿ ਸੀਨੀਅਰ ਵਾਈਸ ਪਰੈਜ਼ੀਡੈਂਟ ਔਰ ਜੂਨੀਅਰ ਵਾਈਸ ਪਰੈਜ਼ੀਡੈਂਟ ਦੀ ਇਲੈਕਸ਼ਨ

Original with;
Punjab Vidhan Sabha
Digitized by;
Panjab Digital Library

[ਸ੍ਰੀ ਜੈ ਕਿਸ਼ਨ ਸੈਣੀ]

ਇਕੱਲੇ ਇਕੱਲੇ ਹੋਣੀ ਚਾਹੀਦੀ ਹੈ। ਅਗਰ ਜੂਨੀਅਰ ਵਾਈਸ ਪ੍ਰੈਜ਼ੀਡੈਂਟ ਖੜ੍ਹਾ ਹੁੰਦਾ ਹੈ ਤਾਂ ਉਸ ਨੂੰ ਵੋਟਾਂ ਜ਼ਿਆਦਾ ਮਿਲ ਜਾਂਦੀਆਂ ਹਨ। ਇਸ ਹਾਲਤ ਵਿਚ ਇਕੱਲੇ ਇਕੱਲੇ ਇਲੈਕਸ਼ਨ ਹੋਣੇ ਚਾਹੀਦੇ ਹਨ। ਇਸੇ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਬਹੁਤ ਧੰਨਵਾਦੀ ਹਾਂ।

**ਸ੍ਰੀ ਸੱਤਪਾਲ ਗੋਸਾਈਂ (ਲੁਧਿਆਣਾ ਪੂਰਬੀ):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਕੁਝ ਗੱਲਾਂ ਜਲੰਧਰ ਬਾਰੇ ਜੋ ਮੈਂਬਰ ਸਾਹਿਬ ਭੁੱਲ ਗਏ ਹਨ, ਉਹ ਮੈਂ ਕਰ ਰਿਹਾ ਹਾਂ। I am referring to Section 12 of the Punjab Municipal Corporation (Amendment) Bill, 1994, which reads as under :—

> "42-A. (1) In respect of a Corporation having population of three lakhs or more, there shall be constituted by the Commissioner by order writting such number of wards committees as may be determined by him".

ਇਹ ਬੜਾ ਗੋਲ ਜਿਹਾ ਮਸਲਾ ਹੈ। ਮੈਂ ਸਮਝਦਾ ਹਾਂ ਸਪੀਕਰ ਸਾਹਿਬ, ਕਿ ਇਸ ਨੂੰ ਡਿਫਾਈਨ ਕਰਨਾ ਚਾਹੀਦਾ ਹੈ। ਇਸ ਨੂੰ ਕਮਿਸ਼ਨਰਜ਼ ਦੀ ਬਜਾਏ ਮੇਅਰਜ਼ ਕਰ ਸਕੇ ਤਾਂ ਠੀਕ ਹੈ। ਮੇਰੀ ਇੰਨੀ ਬੇਨਤੀ ਹੈ ਔਰ ਐਡਮਨਿਸਟਰੇਸ਼ਨ ਦੀਆਂ ਪਾਵਰਾਂ ਮੇਅਰਜ਼ ਨੂੰ ਹੋਣੀਆਂ ਚਾਹੀਦੀਆਂ ਹਨ। ਮੁਲਾਜ਼ਮਾਂ ਦੀਆਂ ਰਿਪੋਰਟਾਂ ਵੀ ਉਹ ਲਿਖਣ ਔਰ ਟਰਾਂਸਫਰ ਵੀ ਉਹੀ ਕਰਨ। ਇਹ ਸਾਰਾ ਫ਼ੰਕਸ਼ਨ ਇਲੈਕਟਿਡ ਬੰਦੇ ਕਰਨ। ਇਹ ਅਮੈਂਡਮੈਂਟ ਕਰਨੀ ਚਾਹੀਦੀ ਹੈ।

ਦੂਸਰੀ ਚੀਜ਼ ਇਹ ਹੈ, I refer to Section 13 which reads as under :—

> "407 (1) If in the opinion of the Government, a Corporation is not competent to perform its duties or persistently makes default in the performance of duties imposed on it by or under this Act or any other law for the time being in force or exceeds or abuses any of its powers, the Government may, by an order published, alongwith the reasons herefore, in the Official Gazette, dissolve such Corporation"

ਮੈਂ ਸਮਝਦਾ ਹਾਂ ਕਿ ਇਹ ਪਾਵਰਜ਼ ਨਹੀਂ ਹੋਣੀਆਂ ਚਾਹੀਦੀਆਂ। ਇਹ ਸੁਪਰਸੀਡ ਕਰਕੇ ਜਾਂ ਪੁਲੀਟੀਕਲ ਪਰੈਸ਼ਰ ਪੈਣ ਨਾਲ ਟੁੱਟ ਸਕਦੀਆਂ ਹਨ। ਇਸ ਨੂੰ ਨਹੀਂ ਰੱਖਣਾ ਚਾਹੀਦਾ।

ਦੂਸਰਾ, ਸਪੀਕਰ ਸਾਹਿਬ, ਕਾਰਪੋਰੇਸ਼ਨ ਦੀ ਹਦੂਦ ਵਿਚ ਸਕੂਲ ਆਉਂਦੇ ਹਨ ਜਾਂ ਹਸਪਤਾਲ ਆਉਂਦੇ ਹਨ, ਉਨ੍ਹਾਂ ਨੂੰ ਚਲਾਉਣ ਦਾ ਅਧਿਕਾਰ ਉਨ੍ਹਾਂ ਨੂੰ ਹੀ ਹੋਣਾ ਚਾਹੀਦਾ ਹੈ। ਪੁਲਿਸ ਵੀ ਦੇਣੀ ਚਾਹੀਦੀ ਹੈ ਤਾਂ ਕਿ ਲੈਂਡ ਗਰੈਬਿੰਗ ਨਾ ਹੋ ਸਕੇ ਅਤੇ ਜਿਹੜਾ ਲੈਂਡ ਗਰੈਬ ਕਰਦਾ ਹੈ, ਉਸ ਵਿਰੁੱਧ ਕਨੂੰਨ ਬਣਨਾ ਚਾਹੀਦਾ ਹੈ ਤਾਂ ਕਿ ਕਾਰਪੋਰੇਸ਼ਨ ਵੱਲ ਕੋਈ ਝਾਕਣ ਦੀ ਕੋਸ਼ਿਸ਼ ਨਾ

Original with;
Punjab Vidhan Sabha
Digitized by;
Panjab Digital Library

ਕਰੇ। ਇਸੇ ਤਰ੍ਹਾਂ ਹੋਰ ਜਗ੍ਹਾਂ ਵੀ ਹਨ। ਮੇਅਰਜ਼ ਨੂੰ ਫੁੱਲ ਅਥਾਰਟੀ ਹੋਣੀ ਚਾਹੀਦੀ ਹੈ। ਮਿਸਾਲ ਦੇ ਤੌਰ ਤੇ ਲੁਧਿਆਣਾ ਵਿਚ ਕਈ ਜਗ੍ਹਾ ਹਨ। ਜਿਸ ਤਰ੍ਹਾਂ ਪਾਰਕ ਦੇ ਨਾਲ ਡੀ.ਸੀ. ਦੀ ਕੋਠੀ ਹੈ ਔਰ ਉਥੇ ਇਨਕਰੋਚਮੈਂਟ ਹੋਈ ਹੋਈ ਹੈ। ਉਥੋਂ ਦਾ ਜੋ ਮੇਅਰ ਹੋਵੇਗਾ, ਉਸ ਨੂੰ ਪੁਲਿਸ ਫੋਰਸ ਦਿੱਤੀ ਜਾਵੇ। ਨਾਲ ਹੀ ਮੈਜਿਸਟਰੇਟ ਵੀ ਕਾਰਪੋਰੇਸ਼ਨ ਦਾ ਹੋਣਾ ਚਾਹੀਦਾ ਹੈ ਤਾਂ ਕਿ ਕੋਈ ਆਦਮੀ ਲੈਂਡ ਗਰੈਬ ਨਾ ਕਰ ਸਕੇ। ਇਸ ਲਈ, ਸਪੀਕਰ ਸਾਹਿਬ, ਜੋ ਫਾਇਨਾਂਸ ਮਨਿਸਟਰ ਉਥੇ ਪੀ.ਸੀ.ਐਸ. ਅਫਸਰ ਮੁਹੱਈਆ ਕਰਨ ਤਾਂ ਜ਼ਿਆਦਾ ਅੱਛਾ ਹੈ। ਜਿਹੜਾ ਸੇਲਜ਼ ਟੈਕਸ ਹੈ, ਇਨਕਮ ਟੈਕਸ ਹੈ ਜਾਂ ਸੈਂਟਰਲ ਐਕਸਾਈਜ਼ ਹੈ, ਉਸ ਵਿਚ ਕਾਰਪੋਰੇਸ਼ਨ ਨੂੰ ਸ਼ੇਅਰ ਮਿਲਣਾ ਚਾਹੀਦਾ ਹੈ। ਕਿਉਂ ਮਿਲਣਾ ਚਾਹੀਦਾ ਹੈ-ਤਾਂ ਕਿ ਕਾਰਪੋਰੇਸ਼ਨ ਇੰਡੀਪੈਂਡੈਂਟਲੀ ਆਪਣੀ ਹਦੂਦ ਵਿਚ ਆਪਣਾ ਕੰਮ ਕਰ ਸਕੇ। ਇਹ ਐਸ਼ੋਅਰ ਕਰਨਾ ਚਾਹੀਦਾ ਹੈ ਕਿ ਕਾਰਪੋਰੇਸ਼ਨ ਇੰਡੀਪੈਂਡੈਂਟਲੀ ਆਪਣੇ ਏਰੀਏ ਵਿੱਚ, ਚਾਹੇ ਜਲੰਧਰ ਹੈ, ਚਾਹੇ ਅੰਮ੍ਰਿਤਸਰ ਹੈ ਜਾਂ ਲੁਧਿਆਣਾ ਹੈ, ਆਪਣੀ ਡਿਵੈਲਪਮੈਂਟ ਠੀਕ ਢੰਗ ਨਾਲ ਕਰ ਸਕੇ ਅਤੇ ਜਿਨਾਂ ਲੋਕਾਂ ਨੇ ਚੁਣਿਆ ਹੈ, ਉਨ੍ਹਾਂ ਦੇ ਏਰੀਏ ਦੀ ਡਿਵੈਲਪਮੈਂਟ ਕਰ ਸਕੇ।

ਜਿਹੜੇ ਕੌਂਸਲਰ ਹਨ, ਉਨ੍ਹਾਂ ਨੂੰ ਕੋਈ ਫੈਸਿਲਟੀ ਨਹੀਂ ਦਿੱਤੀ। ਉਨ੍ਹਾਂ ਨੂੰ ਕਨਵੇਅੰਸ ਅਲਾਊਂਸ ਮਿਲਣਾ ਚਾਹਿਦਾ ਹੈ, ਟੈਲੀਫੋਨ ਸੁਵਿਧਾ ਮਿਲਣੀ ਚਾਹੀਦੀ ਹੈ ਤਾਂ ਕਿ ਉਹ ਇੰਡੀਪੈਂਡੈਂਟ ਆਪਣੇ ਆਪਣੇ ਏਰੀਏ ਦੀ ਸੇਵਾ ਕਰ ਸਕਣ। ਉਨ੍ਹਾਂ ਨੂੰ ਇਸ ਤਰ੍ਹਾਂ ਦੇ ਅਧਿਕਾਰ ਦੇਣੇ ਚਾਹੀਦੇ ਹਨ ਜਿਵੇਂ ਇਕ ਐਮ.ਐਲ.ਏ. ਨੂੰ ਹਨ ਤਾਂ ਕਿ ਉਹ ਆਪਣੇ ਏਰੀਏ ਦੀ ਰਿਪਰਜੈਂਟੇਸ਼ਨ ਠੀਕ ਢੰਗ ਨਾਲ ਕਰ ਸਕਣ।

**ਸ਼੍ਰੀ ਸਪੀਕਰ:** ਤੁਸੀਂ ਤਾਂ ਜਨਰਲੀ ਬੋਲ ਰਹੇ ਹੋ।

**ਸ਼੍ਰੀ ਸੱਤਪਾਲ ਗੋਸਾਈਂ:** ਸਪੀਕਰ ਸਾਹਿਬ, ਤੁਹਾਡੇ ਫਾਇਦੇ ਲਈ ਹੈ। ਤੁਸੀਂ ਵੀ ਲੁਧਿਆਣੇ ਦੇ ਹੋ, ਹੋਰ ਐਮ.ਐਲ.ਏ. ਵੀ ਹਨ ਤਾਂ ਕਿ ਉਹ ਆਪਣੇ ਏਰੀਏ ਦੀ ਡਿਵੈਲਪਮੈਂਟ ਕਰ ਸਕਣ। ਮੈਂ ਆਪਣੇ ਵਾਸਤੇ ਨਹੀਂ ਬੋਲਦਾ।

**ਸ਼੍ਰੀ ਸਪੀਕਰ:** ਤੁਹਾਡੀ ਬੜੀ ਮਿਹਰਬਾਨੀ। ਬਿੱਲ ਤੇ ਵੀ ਬੋਲੋ ਕੁਝ ਪੜ੍ਹਿਆ ਵੀ ਹੈ।

**ਸ਼੍ਰੀ ਸੱਤਪਾਲ ਗੋਸਾਈਂ:** ਪੜ੍ਹ ਕੇ ਆਇਆ ਹਾਂ, ਤਦੇ ਕਲਾਜ਼ 407 ਬਾਰੇ ਦੱਸਿਆ ਹੈ। ਸਪੀਕਰ ਸਾਹਿਬ, ਮੈਂ ਪੜ੍ਹ ਕੇ ਆਇਆ ਹਾਂ। ਜਿਹੜੇ ਮੈਰਿਜ਼ ਪੈਲੇਸ ਹਨ, ਮੈਂ ਉਨਾਂ ਦੀ ਤਾਈਦ ਕਰਦਾ ਹਾਂ, ਲੇਕਿਨ ਉਨ੍ਹਾਂ ਵਿਚੋਂ ਕੁਝ ਆਮਦਨ ਕਾਰਪੋਰੇਸ਼ਨਾਂ ਨੂੰ ਮਿਲਣੀ ਚਾਹੀਦੀ ਹੈ। ਇਸ ਬਾਰੇ ਕਾਨੂੰਨ ਬਣਾਇਆ ਜਾਵੇ। ਲੁਧਿਆਣੇ ਵਿੱਚ 15-16 ਲੱਖ ਦੀ ਆਬਾਦੀ ਹੈ, ਇਸ ਵਿੱਚ ਵੀ ਕਾਰਪੋਰੇਸ਼ਨ ਦਾ ਹਿੱਸਾ ਹੋਣਾ ਚਾਹੀਦਾ ਹੈ। ਮੈਂ ਬਹੁਤ ਅਭਾਰੀ ਹਾਂ ਕਿ ਤੁਸੀਂ ਥੋੜਾ ਜਿਹਾ ਟਾਈਮ ਦਿੱਤਾ, ਕਾਫੀ ਗੱਲਾਂ ਕਹੀਆਂ ਗਈਆਂ। ਧੰਨਵਾਦ।

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) :** ਸਪੀਕਰ ਸਾਹਿਬ, ਅੱਜ ਪੰਜਾਬ ਵਿਧਾਨ ਸਭਾ ਦੇ ਵਿੱਚ ਤਿੰਨ ਬਿੱਲਾਂ ਪੰਜਾਬ ਮਿਊਂਸਪਲ ਅਮੈਂਡਮੈਂਟ ਬਿੱਲ, ਪੰਜਾਬ ਮਿਊਂਸਿਪਲ ਕਾਰਪੋਰੇਸ਼ਨ ਅਮੈਂਡਮੈਂਟ ਬਿੱਲ ਔਰ ਪੰਜਾਬ ਫਾਈਨੈਂਸ ਕਮਿਸ਼ਨ, ਨੂੰ ਤੁਸੀਂ ਡਿਸਕਸ਼ਨ ਵਾਸਤੇ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਇਹ ਜਿਹੜੇ ਤਿੰਨ ਬਿੱਲ ਹਨ, ਇਨ੍ਹਾਂ ਤੋਂ ਪਹਿਲਾਂ ਪੰਚਾਇਤ ਦਾ ਬਿੱਲ ਪੇਸ਼ ਹੋਇਆ ਅਤੇ ਉਹ ਪਾਸ ਹੋ ਗਿਆ। ਇਨ੍ਹਾਂ ਪਿੱਛੇ ਇੱਕ ਹੀ ਸਪਿਰਟ ਸੀ ਔਰ ਮੈਂ ਬੜੀ ਸ਼ਰਧਾ ਨਾਲ ਕਹਾਂਗਾ ਕਿ ਸਵਰਗੀ ਰਾਜੀਵ ਗਾਂਧੀ ਜੀ ਜਿਹੜੇ ਇਸ ਦੇਸ਼ ਦੇ ਪ੍ਰਧਾਨ ਮੰਤਰੀ ਰਹੇ, ਉਨ੍ਹਾਂ ਦੀ ਖਾਹਿਸ਼ ਸੀ ਕਿ ਵੱਧ ਤੋਂ ਵੱਧ ਅਧਿਕਾਰ ਭੈਣਾਂ ਨੂੰ, ਮਹਿਲਾਵਾਂ ਨੂੰ ਦਿੱਤੇ ਜਾਣ ਔਰ ਵੱਧ ਤੋਂ ਵੱਧ ਇਨਵਾਲਵਮੈਂਟ ਸਾਡੇ ਅਨੁਸੂਚਿਤ ਜਾਤੀਆਂ ਦੇ ਪਛੜੇ ਲੋਕਾਂ ਦੀ ਹੋਵੇ । ਪੰਚਾਇਤਾਂ ਵਿੱਚ, ਮਿਊਂਸਿਪਲ ਕਮੇਟੀਆਂ ਦੇ ਵਿੱਚ ਉਨ੍ਹਾਂ ਨੂੰ ਵੱਧ ਅਧਿਕਾਰ ਮਿਲਣ ਔਰ ਇਹ ਬਾਡੀਜ਼ ਆਪਣੇ-ਆਪ ਆਤਮ-ਨਿਰਭਰ ਹੋ ਕੇ ਕੰਮ ਕਰ ਸਕਣ। ਜੋ 73ਵੀਂ ਅਮੈਂਡਮੈਂਟ ਦੇ ਮੁਤਾਬਿਕ ਇਹ ਬਿਲ ਲਿਆਂਦੇ ਗਏ ਹਨ। ਸੋ, ਉਸ ਸੁਪਨੇ ਨੂੰ ਸਾਕਾਰ ਕਰਨ ਲਈ ਅਤੇ ਲੋਕਲ ਬਾਡੀਜ਼ ਨੂੰ ਆਤਮ ਨਿਰਭਰ ਬਣਾਉਣ ਲਈ ਇਹ ਜੋ ਬਿੱਲ ਲਿਆਂਦੇ ਗਏ ਹਨ। ਸਪੀਕਰ ਸਾਹਿਬ, ਹਿੰਦੁਸਤਾਨ ਦੇ ਇਤਿਹਾਸ ਵਿੱਚ ਵੀ ਔਰ ਪੰਜਾਬ ਦੇ ਇਤਿਹਾਸ ਵਿੱਚ ਵੀ ਬਹੁਤ ਵੱਡੀ ਤਬਦੀਲੀ ਇਨ੍ਹਾਂ ਬਿੱਲਾਂ ਨਾਲ ਔਰ ਇਸ ਅਮੈਂਡਮੈਂਟ ਨਾਲ, ਤਰਮੀਮੀ ਬਿੱਲ ਨਾਲ ਆਵੇਗੀ। ਪਹਿਲਾਂ ਕਦੇ ਵੀ ਇੰਨੇ ਅਧਿਕਾਰ ਭੈਣਾਂ ਨੂੰ, ਮਹਿਲਾਵਾਂ ਨੂੰ ਨਹੀਂ ਮਿਲੇ। ਉਹ ਅਧਿਕਾਰ ਉਨ੍ਹਾਂ ਨੂੰ ਹੁਣ ਮਿਲਣਗੇ । ਪੰਚਾਇਤਾਂ ਵਿੱਚ ਵੀ, ਮਿਉਸਪੈਲਟੀਆਂ ਵਿਚ ਵੀ ਅਤੇ ਕਾਰਪੋਰੇਸ਼ਨਾਂ ਵਿੱਚ ਵੀ 33 ਫੀਸਦੀ ਉਨ੍ਹਾਂ ਨੂੰ ਮੈਂਬਰ-ਸ਼ਿੱਪ ਦੇਣ ਵਾਸਤੇ ਇਹ ਪਰੋਵੀਜ਼ਨ ਕੀਤੀ ਗਈ ਹੈ। ਇਹ ਇਨਕਲਾਬੀ ਪਰੋਵੀਜ਼ਨ ਹੈ ਔਰ ਭੈਣਾਂ ਲਈ ਅੱਗੇ ਵਧਣ ਵਾਸਤੇ ਅਤੇ ਉਨ੍ਹਾਂ ਦਾ ਸਹਿਯੋਗ ਲੈਣ ਲਈ ਇਹ ਬਹੁਤ ਹੀ ਸ਼ਾਨਦਾਰ ਉਪਰਾਲਾ ਹੈ।

ਸਪੀਕਰ ਸਾਹਿਬ, ਇਸ ਦੇ ਨਾਲ-ਨਾਲ ਕੋਆਪਸ਼ਨ ਔਰ ਨਾਮੀਨੇਸ਼ਨ ਨੂੰ ਬਿਲਕੁਲ ਖਤਮ ਕਰ ਦਿੱਤਾ ਹੈ। ਮੈਜਾਰਿਟੀ ਨਾ ਹੋਵੇ ਤਾਂ ਕੋਈ ਮੈਂਬਰ ਕੋਆਪਟ ਕਰ ਲਈਏ, ਉਹ ਚੀਜ਼ ਵੀ ਖਤਮ ਕਰ ਦਿੱਤੀ। ਨਾਮੀਨੇਸ਼ਨ ਵੀ ਖਤਮ ਕਰ ਦਿੱਤੀ। ਇਸ ਕਰਕੇ ਕੀਤਾ ਹੈ ਤਾਂ ਕਿ ਬੁਨਿਆਦੀ ਤੌਰ ਤੇ ਇਹ ਡੈਮੋਕਰੇਟਿਕ ਸਿਲਸਿਲਾ ਚਲੇ, ਇਸ ਜਮਹੂਰੀਅਤ ਦਾ ਫਾਇਦਾ ਲੋਕਲ ਬਾਡੀਜ਼ ਨੂੰ ਪਹੁੰਚੇ ਔਰ ਇਸ ਨੂੰ ਇਥੇ ਵੀ ਅਪਣਾਇਆ ਜਾਵੇ। ਸਪੀਕਰ ਸਾਹਿਬ, ਇਸ ਦੇ ਵਿਚ ਦੋ ਚੀਜ਼ਾਂ ਹੋਰ ਹਨ। ਇਕ ਤਾਂ ਇਲੈਕਸ਼ਨ ਕਮਿਸ਼ਨ ਇੰਡੀਪੈਂਡੈਂਟ ਹੋਵੇਗਾ । ਜਿਸ ਤਰ੍ਹਾਂ ਹਿੰਦੁਸਤਾਨ ਦੀਆਂ ਅਸੈਂਬਲੀਆਂ ਅਤੇ ਪਾਰਲੀਮੈਂਟ ਦੀ ਇਲੈਕਸ਼ਨ ਕਰਾਉਣ ਲਈ ਚੀਫ ਇਲੈਕਸ਼ਨ ਕਮਿਸ਼ਨਰ ਸੇਸ਼ਨ ਸਾਹਿਬ ਹਨ, ਇਸੇ ਤਰ੍ਹਾਂ ਹਰ ਪ੍ਰਦੇਸ਼ ਵਿੱਚ ਇਲੈਕਸ਼ਨ ਕਮਿਸ਼ਨ ਹੋਵੇਗਾ ਜਿਹੜਾ ਸੁਤੰਤਰਤਾ ਦੇ ਨਾਲ ਮਿਊਂਸਿਪਲ ਕਮੇਟੀਆਂ ਦੀਆਂ, ਪੰਚਾਇਤਾ ਦੀਆਂ ਇਲੈਕਸ਼ਨਾਂ ਕਰਵਾਵੇਗਾ। ਦੂਸਰੀ ਗੱਲ ਫਾਈਨੈਂਸ ਕਮਿਸ਼ਨ ਦੀ ਹੈ। ਮਾਨਯੋਗ ਮੈਂਬਰਾਂ ਨੇ ਬਹਿਸ ਵਿੱਚ ਹਿੱਸਾ ਲੈਂਦਿਆਂ ਕਿਹਾ ਹੈ ਕਿ ਕੁਝ ਹਿੱਸਾ, ਸਟੇਟ ਗੌਰਮਿੰਟ ਦੇ ਸੋਰਸਿਜ਼ ਦਾ ਹਿੱਸਾ ਜਾਂ ਟੈਕਸਜ਼ ਦਾ ਹਿੱਸਾ ਵੀ ਇਨ੍ਹਾਂ ਨੂੰ ਦੇਣਾ

Original with;
Punjab Vidhan Sabha
Digitized by;
Panjab Digital Library

ਚਾਹੀਦਾ ਹੈ। ਇਸ ਦੇ ਲਈ ਫਾਈਨਾਂਸ ਕਮਿਸ਼ਨ ਇੰਡੀਪੈਂਡੈਂਟ ਹੋਵੇਗਾ। ਜਿਸ ਤਰ੍ਹਾਂ ਸਾਰੇ ਹਿੰਦੁ-ਸਤਾਨ ਦੇ ਲਈ ਟੈਨਥ ਫਾਈਨਾਂਸ ਕਮਿਸ਼ਨ ਦੇ ਚੇਅਰਮੈਨ ਸ੍ਰੀ ਕੇ.ਸੀ.ਪੰਤ ਹਨ, ਉਸੇ ਤਰ੍ਹਾਂ ਦਾ ਇਥੇ ਵੀ ਫਾਈਨਾਂਸ ਕਮਿਸ਼ਨ ਹੋਵੇਗਾ। ਮਿਊਂਸਿਪਲ ਕਮੇਟੀਆਂ ਅਤੇ ਪੰਚਾਇਤਾਂ ਦੀ ਹਾਲਤ ਦੇਖ ਕੇ ਜਿਹੜੇ ਸੋਰਸਿਜ਼ ਸਾਡੇ ਕੋਲ ਇਸ ਵੇਲੇ ਹਨ ਜਿਸ ਤਰ੍ਹਾਂ ਸੇਲਜ਼ ਟੈਕਸ ਅਤੇ ਸਟੈਂਪ ਡਿਊਟੀ ਆਦਿ, ਉਸ ਦਾ ਹਿੱਸਾ ਦੇਣ ਦੇ ਲਈ ਕਮਿਸ਼ਨ ਇਹ ਸਿਫਾਰਸ਼ ਕਰੇਗਾ। ਉਨ੍ਹਾਂ ਸਿਫਾਰਸ਼ਾਂ ਤੇ ਫਾਈਨਲ ਫੈਸਲਾ ਤਾਂ ਭਾਵੇਂ ਸਟੇਟ ਗੌਰਮਿੰਟ ਨੇ ਹੀ ਕਰਨਾ ਹੈ ਲੇਕਿਨ ਜਿਸ ਤਰ੍ਹਾਂ ਗੌਰਮਿੰਟ ਆਫ ਇੰਡੀਆ ਦੇ ਜਿੰਨੇ ਵੀ ਕਮਿਸ਼ਨ ਬਣੇ ਹਨ, ਉਨ੍ਹਾਂ ਸਾਰਿਆਂ ਦੀਆਂ ਰਿਕੁਮੈਂਡੇਸ਼ਨਜ਼ ਤਕਰੀਬਨ ਸੌ ਫੀਸਦੀ ਹਿੰਦੁਸਤਾਨ ਦੀ ਸਰਕਾਰ ਮੰਨਦੀ ਹੈ, ਇਸੇ ਤਰ੍ਹਾਂ ਮੈਨਡੇਟਰੀ ਹੋਣਗੀਆਂ ਉਹ ਰਿਕੁਮੈਂਡੇਸ਼ਨਜ਼। ਸੋ ਲੋਕਲ ਬਾਡੀਜ਼ ਨੂੰ ਜ਼ਿਆਦਾ ਫਾਈਨਾਂਸ ਦੇਣ ਵਾਸਤੇ, ਉਨ੍ਹਾਂ ਦੀ ਆਰਥਿਕ ਸਥਿਤੀ ਸੁਧਾਰਨ ਵਾਸਤੇ ਇਹ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ ਕੋਈ ਤੌਖਲਾ ਨਹੀਂ ਰਹਿ ਜਾਂਦਾ ਕਿ ਸਾਡੀਆਂ ਮਿਊਂਸਪਲ ਕਾਰਪੋਰੇਸ਼ਨਜ਼ ਅਤੇ ਕਮੇਟੀਆਂ ਵਿੱਚ ਇਕ ਨਵੀਂ ਜ਼ਿੰਦਗੀ ਆਵੇਗੀ, ਉਨ੍ਹਾਂ ਦਾ ਇਕ ਨਵਾਂ ਜਨਮ ਹੋਵੇਗਾ। ਇਹ ਠੀਕ ਹੈ ਕਿ ਕੁਝ ਸਾਡੇ ਆਨਰੇਬਲ ਮੈਂਬਰਾਂ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਪੰਚਾਇਤੀ ਰਾਜ ਲਈ ਪੂਰਾ 228 ਕਲਾਜ਼ਾਂ ਦਾ ਐਕਟ ਬਣਾ ਕੇ ਇਥੇ ਲਿਆਂਦਾ ਹੈ, ਇਸੇ ਤਰ੍ਹਾਂ ਮਿਊਂਸਿਪਲ ਐਕਟ ਵੀ ਬਣਾਇਆ ਜਾਂਦਾ। ਸੰਨ 1911 ਦਾ ਅੰਗਰੇਜ਼ਾਂ ਦੇ ਜ਼ਮਾਨੇ ਦਾ ਇਹ ਮਿਊਂਸਪਲ ਐਕਟ ਬਣਿਆ ਹੋਇਆ ਹੈ। ਉਸ ਦੇ ਲਈ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ, ਸਰਦਾਰ ਬੇਅੰਤ ਸਿੰਘ ਜੀ ਜੋ ਸਾਡੇ ਮਾਨਯੋਗ ਮੁੱਖ ਮੰਤਰੀ ਜੀ ਹਨ, ਉਨ੍ਹਾਂ ਨੇ ਅੰਮ੍ਰਿਤਸਰ ਦੇ ਵਿੱਚ ਕਿਹਾ ਹੈ ਕਿ ਇਹ ਜੋ 1911 ਦਾ ਕਲੰਕ ਹੈ, ਸਾਡੇ ਸਿਰ ਤੇ ਜੋ ਇਤਨਾ ਪੁਰਾਣਾ ਮਿਊਂਸਿਪਲ ਐਕਟ ਹੈ, ਇਸ ਨੂੰ ਅਸੀਂ ਬਰਦਾਸ਼ਤ ਨਹੀਂ ਕਰਾਂਗੇ। ਉਨ੍ਹਾਂ ਦੀ ਖਾਹਸ਼ ਦੇ ਮੁਤਾਬਕ, ਉਨ੍ਹਾਂ ਦੇ ਐਲਾਨ ਦੇ ਮੁਤਾਬਿਕ ਬਕਾਇਦਾ ਸਾਡੇ ਐਮ.ਐਲ.ਏ. ਸਾਹਿਬਾਨ ਦੀ ਇਕ ਕਮੇਟੀ ਬਣੀ ਹੋਈ ਹੈ ਜੋ ਇਸ ਦੇ ਲਈ ਕੰਮ ਕਰ ਰਹੀ ਹੈ ਅਤੇ ਅਸੀਂ ਚਾਹਾਂਗੇ ਕਿ ਬਹੁਤ ਜਲਦੀ ਸਾਰੇ ਦਾ ਸਾਰਾ ਮਿਊਂਸਿਪਲ ਐਕਟ ਜੋ ਪੁਰਾਣਾ 1911 ਦਾ ਹੈ, ਉਹ ਤਬਦੀਲ ਹੋਵੇ। ਇਹ ਬਿੱਲ ਬਹੁਤ ਵੱਡਾ ਹੈ ਅਤੇ ਥੋੜ੍ਹੇ ਸਮੇਂ ਵਿੱਚ ਹੀ ਇਸ ਨੂੰ ਚੇਂਜ ਕਰਨਾ ਮੁਨਾਸਿਬ ਨਹੀਂ ਹੈ, ਇਸ ਲਈ ਇਸ ਦੇ ਵਿੱਚ ਅਮੈਂਡਮੈਂਟ ਲਿਆਉਣ ਵਾਸਤੇ ਪੰਜਾਬ ਸਰਕਾਰ ਨੇ ਯਤਨ ਕੀਤਾ ਹੈ ਲੇਕਿਨ, ਸਪੀਕਰ ਸਾਹਿਬ, ਮੈਂ ਵਿਸ਼ਵਾਸ ਦੁਆਉਣਾ ਚਾਹੁੰਦਾ ਹਾਂ ਕਿ ਮਿਊਂਸਪਲ ਐਕਟ ਨੂੰ ਤਬਦੀਲ ਕਰਨ ਲਈ ਅਸੀਂ ਕੋਸ਼ਿਸ਼ ਜਾਰੀ ਰਖਾਂਗੇ ਅਤੇ ਜਦੋਂ ਵੀ ਇਹ ਤਿਆਰ ਹੋ ਗਿਆ, ਵਿਧਾਨ ਸਭਾ ਵਿੱਚ ਲਿਆਵਾਂਗੇ। ਸਪੀਕਰ ਸਾਹਿਬ, ਕੰਸਟੀਚਿਊਸ਼ਨਲ ਅਮੈਂਡਮੈਂਟ ਵਿੱਚ 2 ਤਰ੍ਹਾਂ ਦੀਆਂ ਗੱਲਾਂ ਸਨ। ਇਕ ਮੈਨ-ਡੇਟਰੀ ਕਿ ਉਨ੍ਹਾਂ ਦੀ ਗੱਲ ਮੰਨਣੀ ਹੀ ਮੰਨਣੀ ਹੈ। ਮੰਨਣ ਦੇ ਨਾਲ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਮੈਨਡੇਟਰੀ ਪਰੋਵੀਜ਼ਨ ਹੈ, ਉਸ ਨੂੰ ਸਾਰਿਆਂ ਨੇ ਪੜ੍ਹ ਲਿਆ ਹੋਣਾ ਹੈ। ਮੈਂ ਬਹੁਤਾ ਉਸ ਦੀ ਤਫਸੀਲ ਵਿੱਚ ਨਹੀਂ ਜਾਣਾ ਚਾਹੁੰਦਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਕਾਨੂੰਨ ਦੇ ਪਾਸ ਹੋਣ ਦੇ ਬਾਅਦ 6 ਮਹੀਨੇ ਦੇ ਅੰਦਰ ਅੰਦਰ ਜਿਹੜੀਆਂ ਲੋਕਲ ਬਾਡੀਜ਼ ਹਨ, ਉਹ ਨੌਮੀਨੇਟਿਡ ਨਾ ਰਹਿਣ ਅਤੇ ਇਲੈਕਟਿਡ ਲੋਕਲ ਬਾਡੀਜ਼ ਹੋਂਦ ਵਿੱਚ ਆ ਜਾਣ। ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਜਿਹੜੀਆਂ ਕਮੇਟੀਆਂ 'ਏ' 'ਬੀ' ਔਰ 'ਸੀ', ਕਲਾਸ ਹਨ, ਅਸੀਂ ਉਨ੍ਹਾਂ ਦਾ ਨਾਂ ਕੌਂਸਲ ਤੇ ਰਖਿਆ ਹੈ ਜਿਵੇਂ ਕਿ ਨਗਰ ਪਾਲਿਕਾ ਪ੍ਰੀਸ਼ਦ 'ਏ' ਕਲਾਸ, 'ਬੀ' ਕਲਾਸ ਅਤੇ 'ਸੀ' ਕਲਾਸ।

ਇਸ ਤੋਂ ਇਲਾਵਾ ਇਕ ਹੋਰ ਗੱਲ ਮਿੱਤਲ ਸਾਹਿਬ ਨੇ ਇਲੈਕਸ਼ਨ ਦੋਬਾਰਾ ਕਰਾਉਣ ਲਈ ਕਹੀ ਹੈ। ਮੈਂ ਸਮਝਦਾ ਹਾਂ ਕਿ ਹਾਲੇ ਇਲੈਕਸ਼ਨ ਕਰਾਏ ਨੂੰ ਦੋ ਸਾਲ ਵੀ ਪੂਰੇ ਨਹੀਂ ਹੋਏ ਔਰ ਇਸ ਨੂੰ ਸਿਰਫ ਪੰਜਾਬ ਹੀ ਨਹੀਂ ਬਲਕਿ ਸਾਰਾ ਹਿੰਦੁਸਤਾਨ ਜਾਣਦਾ ਹੈ ਕਿ ਇਸ ਪੰਜਾਬ ਵਿਚ 80—90 ਫੀਸਦੀ ਲੋਕਾਂ ਨੇ ਇਲੈਕਸ਼ਨ ਵਿਚ ਹਿੱਸਾ ਲਿਆ ਹੈ ਔਰ ਇਸ ਦਾ ਕਾਂਗਰਸ ਪਾਰਟੀ ਨੂੰ ਫਖਰ ਹੈ ਕਿ ਉਸ ਨੇ ਇਹ ਇਲੈਕਸ਼ਨ ਆਪਣੇ ਚੁਣਾਓ ਦੇ ਨਿਸ਼ਾਨ ਦੇ ਮੁਤਾਬਿਕ ਕਰਵਾਏ ਹਨ। ਕਈ ਪਾਰਟੀਆਂ ਨੇ ਆਪਣੇ ਚੁਣਾਓ ਨਿਸ਼ਾਨ ਨੂੰ ਛੱਡ ਕੇ ਇੰਡੀਪੈਂਡੈਂਟ ਖੜ੍ਹਾ ਹੋਣ ਦੀ ਕੋਸ਼ਿਸ਼ ਕੀਤੀ ਪਰ ਪੰਜਾਬ ਦੇ ਲੋਕਾਂ ਨੇ ਆਪਣਾ ਫੈਸਲਾ ਕਾਂਗਰਸ ਪਾਰਟੀ ਨੂੰ ਹੀ ਦਿੱਤਾ ਔਰ ਮੈਨੂੰ ਖੁਸ਼ੀ ਹੈ ਕਿ ਜਿਹੜੀਆਂ 95 ਮਿਊਂਸਪਲ ਕਮੇਟੀਆਂ ਦੇ ਇਲੈਕਸ਼ਨ ਹੋਏ ਸੀ, ਉਨ੍ਹਾਂ ਵਿਚੋਂ 85—90 ਦੇ ਦਰਮਿਆਨ ਕਾਂਗਰਸ ਪਾਰਟੀ ਹੀ ਉਨ੍ਹਾਂ ਵਿਚ ਸੇਵਾ ਕਰ ਰਹੀ ਹੈ ਔਰ ਬਹੁਤ ਵੱਡੀ ਤਬਦੀਲੀ ਇਨ੍ਹਾਂ ਕਮੇਟੀਆਂ ਵਿਚ ਲਿਆਂਦੀ ਹੈ।

ਸਪੀਕਰ ਸਾਹਿਬ, ਇਕ ਹੋਰ ਪਰੋਵੀਜ਼ਨ ਦੇ ਬਾਰੇ ਇਥੇ ਕਿਹਾ ਗਿਆ ਹੈ ਕਿ ਮੈਂਬਰਜ਼ ਕਿੰਨੇ ਹੋਣਗੇ। ਐਕਟ ਦੇ ਮੁਤਾਬਿਕ ਸਾਡੇ ਮੈਂਬਰ ਸਾਹਿਬਾਨ ਨੇ ਜੋ ਜ਼ਿਕਰ ਕੀਤਾ ਹੈ, ਮੈਂ ਉਨ੍ਹਾਂ ਨੂੰ ਦਸਣਾ ਚਾਹਵਾਂਗਾ ਕਿ ਕਾਂਸਟੀਚਿਊਸ਼ਨ ਅਮੈਂਡਮੈਂਟ ਦੇ ਮੁਤਾਬਿਕ ਹੀ ਉਸ ਵਿਚ ਪਰੋਵੀਜ਼ਨ ਕੀਤੀ ਗਈ ਹੈ। ਹੋਰ ਕੋਈ ਪਰੋਵੀਜ਼ਨ ਨਹੀਂ ਕੀਤੀ ਗਈ ਜਿਹੜੀ ਕਿ ਐਕਟ ਦੀ ਵਾਇਉਲੇਸ਼ਨ ਕਰਦੀ ਹੋਵੇ। ਇਕ ਹੋਰ ਗੱਲ ਮਿੱਤਲ ਸਾਹਿਬ ਨੇ ਪਾਵਰਜ਼ ਦੇ ਬਾਰੇ ਕਹੀ ਹੈ ਕਿ ਕੁਝ ਪਾਵਰਜ਼ ਡੀ.ਸੀ. ਤੋਂ ਲੈ ਕੇ ਦੂਸਰਿਆਂ ਨੂੰ ਦਿੱਤੀਆਂ ਗਈਆਂ ਹਨ। ਇਸ ਸਬੰਧ ਵਿਚ ਮੈਂ ਇਹ ਕਹਿਣਾ ਚਾਹਵਾਂਗਾ ਕਿ ਜੋ ਪਾਵਰਜ਼ ਪਹਿਲੇ ਮਿਊਂਸਿਪਲ ਐਕਟ ਵਿਚ ਐਗਜ਼ਿਸਟ ਕਰਦੀਆਂ ਹਨ, ਉਸ ਦੇ ਮੁਤਾਬਿਕ ਹੀ ਪਾਵਰਜ਼ ਹੁਣ ਵੀ ਰੱਖੀਆਂ ਗਈਆਂ ਹਨ। ਜਿਹੜੀ ਪਾਵਰ ਡੀ.ਸੀ. ਕੋਲ ਹੈ, ਉਸ ਨੂੰ ਉਹ ਵਰਤਦਾ ਹੈ, ਜਿਹੜੀ ਪਾਵਰ ਡਿਪਟੀ ਡਾਇਰੈਕਟਰ ਕੋਲ ਹੈ, ਉਸ ਨੂੰ ਉਹ ਯੂਜ਼ ਕਰਦਾ ਹੈ ਅਤੇ ਅਸੀਂ ਇਸ ਵਿਚ ਕੋਈ ਬਦਲੀ ਨਹੀਂ ਕੀਤੀ।

ਮਿੱਤਲ ਸਾਹਿਬ ਨੇ ਐਨੂਅਲ ਵੈਲਿਊ ਦੇ ਬਾਰੇ ਵਿਚ ਤੌਖਲਾ ਜ਼ਾਹਿਰ ਕੀਤਾ ਹੈ। ਸਪੀਕਰ ਸਾਹਿਬ, ਇਸ ਸਬੰਧ ਵਿਚ ਮੈਂ ਸਾਫ ਲਫਜ਼ਾਂ ਵਿਚ ਦੱਸ ਦੇਣਾ ਚਾਹੁੰਦਾ ਹਾਂ ਕਿ ਜੋ ਪੁਰਾਣੇ ਲਾਅ ਦੇ ਮੁਤਾਬਿਕ ਹਾਊਸ ਟੈਕਸ ਲਗਦਾ ਸੀ, ਅਸੀਂ ਉਸ ਵਿਚ ਕੋਈ ਇਜ਼ਾਫਾ ਨਹੀਂ ਕੀਤਾ। ਸਿਰਫ ਰੈਂਟਲ ਵੈਲਿਊ ਫਿਕਸ ਕੀਤੀ ਹੈ ਕਿਉਂਕਿ ਇਸ ਵਾਸਤੇ ਲੋਕਾਂ ਨੂੰ ਕੋਰਟਾਂ ਵਿਚ ਜਾਣਾ ਪੈਂਦਾ ਸੀ ਔਰ ਉਥੇ ਜਲਦੀ ਫੈਸਲਾ ਨਹੀਂ ਸੀ ਹੁੰਦਾ। ਇਸ ਕਰਕੇ ਅਸੀਂ ਐਨੂਅਲ ਵੈਲਿਊ ਦਾ ਤਰੀਕਾ ਲਿਆ ਹੈ ਪਰ ਕਿਸੇ ਵੀ ਸੂਰਤ ਵਿਚ 15 ਪ੍ਰਤੀਸ਼ਤ ਤੋਂ ਵੱਧ, ਕਮਰਸ਼ੀਅਲ ਅਤੇ ਰੈਜ਼ੀਡੈਂਸ਼ੀਅਲ ਮਿਲਾ ਕੇ, ਟੈਕਸ ਨਹੀਂ ਲਗੇਗਾ। ਇਸ ਤੋਂ ਇਲਾਵਾ ਜਿਹੜਾ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਸੀ

Original with;
Punjab Vidhan Sabha
Digitized by;
Panjab Digital Library

ਕਿ 200 ਜਾਂ 125 ਵਰਗ ਗਜ਼ ਤੇ ਟੈਕਸ ਲਗੇਗਾ, ਉਹ ਫੈਸਲਾ ਵੀ ਅਸੀਂ ਵਾਪਸ ਲੈ ਲਿਆ ਔਰ 'ਬੀ' ਕਲਾਸ ਔਰ 'ਸੀ' ਕਲਾਸ ਵਿਚ ਇਹ ਔਗਜ਼ੇਂਪਸ਼ਨ ਦੇ ਦਿੱਤੀ ਗਈ ਹੈ, ਚਾਹੇ ਕਿਸੇ ਨੇ ਕਿੰਨੀਆਂ ਮੰਜ਼ਿਲਾਂ ਪਾਈਆਂ ਹੋਣ ਲੇਕਿਨ ਕਾਰਪੋਰੇਸ਼ਨ ਵਿਚ ਵਧ ਰਹੀਆਂ ਕੀਮਤਾਂ ਨੂੰ ਵੇਖਦੇ ਹੋਏ ਇਹ ਜਾਰੀ ਰਖਿਆ ਹੋਇਆ ਹੈ। ਜੇ ਮਿਊਂਸਪਲ ਕਮੇਟੀ ਦੇ ਰੀਸੋਰਸਿਜ਼ ਨਹੀਂ ਹੋਣਗੇ, ਫੇਰ ਉਹ ਕਿਸ ਤਰ੍ਹਾਂ ਤਰੱਕੀ ਕਰ ਸਕਦੀਆਂ ਹਨ? ਇਨ੍ਹਾਂ ਦੀ ਟਰਮ 5 ਸਾਲ ਦੀ ਇਸੇ ਕਰਕੇ ਰੱਖੀ ਗਈ ਹੈ, ਇਸ ਨੂੰ ਘੱਟ ਨਹੀਂ ਕੀਤਾ ਗਿਆ। ਇਸ ਵਿਚ ਸਾਡੀ ਡਿਸਕਰੀਸ਼ਨ ਸੀ ਕਿ ਇਸ ਦੀ ਸਾਲ ਸਾਲ ਬਾਦ ਟਰਮ ਐਕਸਟੈਂਡ ਕਰਦੇ? ਪਰੈਜ਼ੀਡੈਂਟ ਅਤੇ ਵਾਈਸ ਪਰੈਜ਼ੀਡੈਂਟ ਦੀ ਟਰਮ ਵੀ 5 ਸਾਲ ਦੀ ਰਖੀ ਗਈ ਹੈ ਕਿਉਂਕਿ ਜੋ ਸੇਵਾ ਕਰਦਾ ਹੈ, ਉਸ ਨੂੰ ਕੰਮ ਕਰਨ ਦਾ ਪੂਰਾ ਮੌਕਾ ਮਿਲਣਾ ਚਾਹੀਦਾ ਹੈ। ਇਸ ਲਈ ਜਿਹੜਾ ਪਰੈਜ਼ੀਡੈਂਟ ਇਲੈਕਟ ਹੁੰਦਾ ਹੈ, ਉਸ ਨੂੰ ਪੂਰਾ ਵਕਤ ਕੰਮ ਕਰਨ ਦਾ ਮਿਲਣਾ ਚਾਹੀਦਾ ਹੈ। ਇਥੇ ਸੀਨੀਅਰ ਅਤੇ ਜੂਨੀਅਰ ਵਾਈਸ ਪਰੈਜ਼ੀਡੈਂਟ ਦੀ ਗੱਲ ਮਿੱਤਲ ਸਾਹਿਬ ਨੇ ਕੀਤੀ ਸੀ ਔਰ ਜਲੰਧਰ ਦਾ ਜ਼ਿਕਰ ਕੀਤਾ ਸੀ। ਇਸ ਬਾਰੇ ਸਰਕਾਰ ਨੇ ਬਾਈ ਲਾਅਜ਼ ਬਣਾਏ ਹੋਏ ਹਨ ਕਿ ਕੌਣ ਸੀਨੀਅਰ ਹੋਵੇਗਾ ਅਤੇ ਕੌਣ ਜੂਨੀਅਰ ਹੋਵੇਗਾ ਇਸ ਤਰ੍ਹਾਂ ਦੀ ਕੋਈ ਪ੍ਰਾਬਲਮ ਸਾਡੇ ਸਾਹਮਣੇ ਨਹੀਂ ਆਈ। ਇਸ ਦਾ ਅਸੀਂ ਅਮੈਂਡਮੈਂਟ ਨਾਲ ਪੂਰਾ ਸਪੱਸ਼ਟੀਕਰਨ ਕਰ ਦਿੱਤਾ ਹੈ। ਇਸ ਵਿਚ ਕੋਈ ਤੌਖਲਾ ਜ਼ਾਹਿਰ ਕਰਨ ਵਾਲੀ ਗੱਲ ਨਹੀਂ ਹੈ। ਮਿਸਿਜ਼ ਡਾਂਗ ਨੇ ਇਥੇ 2 ਗੱਲਾਂ ਕੀਤੀਆਂ ਹਨ। ਇਕ ਮਿਊਂਸਪਲ ਕਾਰਪੋਰੇਸ਼ਨ ਦਾ ਜ਼ਿਕਰ ਕੀਤਾ ਹੈ ਕਿ ਇਸ ਦੇ ਵਿਚ ਲੇਡੀਜ਼, ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸ ਵਾਲਿਆਂ ਦੀ ਕਦੇ ਵੀ ਵਾਰੀ ਨਹੀਂ ਆਵੇਗੀ। ਲੇਡੀਜ਼ ਦੇ ਲਈ 5 ਪ੍ਰਤੀਸ਼ਤ, ਸ਼ਡਿਊਲਡ ਕਾਸਟ ਦੇ ਲਈ 5 ਪ੍ਰਤੀਸ਼ਤ ਅਤੇ ਬੈਕਵਰਡ ਕਲਾਸ ਲਈ 2 ਪ੍ਰਤੀਸ਼ਤ ਰਿਜ਼ਰਵੇਸ਼ਨ ਰਖੀ ਗਈ ਹੈ। ਇਹ ਅਸੀਂ ਰੂਲਜ਼ ਦੇ ਵਿਚ ਪਰੋਵੀਜ਼ਨ ਕਰ ਦਿੱਤੀ ਹੈ। ਇਹ ਕਾਂਸਟੀਚਿਊਸ਼ਨਲ ਪਰੋਵੀਜ਼ਨ ਕੀਤੀ ਗਈ ਹੈ, ਇਸ ਦੇ ਵਿਚ ਅਸੀਂ ਹੋਰ ਵਾਧਾ ਨਹੀਂ ਕਰ ਸਕਦੇ। ਅਗਲੀ ਗੱਲ ਇਹ ਕੀਤੀ ਗਈ ਹੈ ਕਿ ਐਮ.ਪੀ. ਅਤੇ ਐਮ.ਐਲ.ਏ. ਨੂੰ ਵੋਟ ਦਾ ਰਾਈਟ ਕਿਉਂ ਦਿੱਤਾ ਗਿਆ ਹੈ, ਇਹ ਇਲੈਕਟਿਡ ਮੈਂਬਰ ਹਨ ਅਤੇ ਕਸਬੇ ਅਤੇ ਸ਼ਹਿਰ ਦੇ ਨਾਲ ਸਬੰਧ ਰਖਦੇ ਹਨ। ਅਸੀਂ ਇਨ੍ਹਾਂ ਨੂੰ ਵੋਟ ਦਾ ਹੱਕ ਦੇ ਕੇ ਜਸਟਿਸ ਕੀਤਾ ਹੈ, ਨਹੀਂ ਤਾਂ ਇਨ੍ਹਾਂ ਨਾਲ ਬੇਇਨਸਾਫੀ ਹੁੰਦੀ। ਇਹ ਫੈਸਲਾ ਪੰਜਾਬ ਸਰਕਾਰ ਨੇ ਇਸ ਲਈ ਕੀਤਾ ਹੈ ਤਾਂ ਕਿ ਉਨ੍ਹਾਂ ਨੂੰ ਮਾਨ ਮਿਲ ਸਕੇ ਕਿਉਂਕਿ ਉਹ ਇਲੈਕਟਿਡ ਬਾਡੀਜ਼ ਹਨ, ਉਥੇ ਉਹ ਵੋਟ ਦੇ ਸਕਦੇ ਹਨ ਅਤੇ ਇਸ ਦੇ ਨਾਲ ਅਸੀਂ ਉਨ੍ਹਾਂ ਨੂੰ ਆਪਣੇ ਸ਼ਹਿਰ ਦੇ ਵਿਚ ਇਜ਼ਤ ਦਿੱਤੀ ਹੈ। ਉਹ ਸੀਨੀਅਰ ਮੈਂਬਰ ਹਨ। ਇਕ ਇਥੇ ਵਾਰਡ ਕਮੇਟੀਜ਼ ਆਫ ਕਾਰਪੋਰੇਸ਼ਨ ਦਾ ਜ਼ਿਕਰ ਕੀਤਾ ਗਿਆ ਅਤੇ ਸੈਣੀ ਸਾਹਿਬ ਨੇ ਇਸ ਦਾ ਕਾਫੀ ਜ਼ੋਰਦਾਰ ਸ਼ਬਦਾਂ ਵਿਚ ਸਮਰਥਨ ਕੀਤਾ ਹੈ। ਇਨ੍ਹਾਂ ਦੀਆਂ ਇਲੈਕਸ਼ਨਾਂ ਹੋਣ ਵਾਲੀਆਂ ਹਨ ਅਤੇ ਵਾਰਡ ਕਮੇਟੀਜ਼ ਦੇ ਚੇਅਰਮੈਨ ਇਲੈਕਟ ਕੀਤੇ ਜਾਣਗੇ। ਜਿਹੜੇ ਇਲੈਕਟਿਡ ਮੈਂਬਰਜ਼ ਹੋਣਗੇ, ਉਹ ਹੀ ਚੇਅਰਮੈਨ ਇਲੈਕਟ ਕਰਨਗੇ। ਅਫਸਰ ਵੀ ਮੈਂਬਰ ਹੋਣਗੇ ਪਰ ਉਨ੍ਹਾਂ ਨੂੰ ਵੋਟ ਦੇਣ ਦਾ ਹੱਕ ਨਹੀਂ ਹੋਵੇਗਾ।

Original with;
Punjab Vidhan Sabha
Digitized by;
Panjab Digital Library

[ ਵਿੱਤ ਮੰਤਰੀ ]

ਇਥੇ ਮੈਟਰੋਪੋਲੀਟਨ ਕਮੇਟੀ ਦਾ ਜ਼ਿਕਰ ਵੀ ਕੀਤਾ ਗਿਆ ਸੀ। ਇਥੇ ਮੈਂਬਰ ਸਾਹਿਬਾਨ ਨੇ ਕਿਹਾ ਕਿ ਇਸ ਦੇ ਵਿਚ ਲੋਕਾਂ ਦੀ ਰਾਏ ਨਹੀਂ ਲਈ ਜਾਵੇਗੀ। ਇਸ ਮੈਟਰੋਪਾਲੀਟਨ ਕਮੇਟੀ ਦੇ ਵਿਚ ਪਿੰਡ ਦਾ ਸਰਪੰਚ ਹੋਵੇਗਾ, ਮਿਊਂਸਪਲ ਕਮੇਟੀ ਦਾ ਮਿਊਂਸਪਲ ਕਮਿਸ਼ਨਰ ਹੋਵੇਗਾ ਅਤੇ ਹੋਰ ਇਲੈਕਟਿਡ ਨੁਮਾਇੰਦੇ ਹੋਣਗੇ ਜੋ ਲੋਕਾਂ ਦੀ ਰਾਏ ਇਸ ਕਮੇਟੀ ਦੇ ਰਾਹੀਂ ਦੇ ਸਕਣਗੇ। ਇਹ ਆਪਣੇ ਏਰੀਏ ਦੀ ਮੈਟਰੋਪੋਲੀਟਨ ਏਰੀਆ ਕਮੇਟੀ ਹੋਵੇਗੀ। ਇਸ ਦੇ ਵਿਚ ਪਰੋਵੀਜ਼ਨ ਐਸੀ ਹੈ ਕਿ ਇਸ ਵਿਚ ਉਹ ਟਾਊਨ ਆ ਸਕਣਗੇ ਜੋ ਮਿਊਂਸਪਲ ਕਾਰਪੋਰੇਸ਼ਨ ਦੇ ਬਾਹਰ ਹੋਣਗੇ। ਉਸ ਏਰੀਆ ਦਾ ਨੁਮਾਇੰਦਾ ਕੋਈ ਮਿਊਂਸਪਲ ਕਮੇਟੀ ਦਾ ਪਰੈਜ਼ੀਡੈਂਟ ਹੋਵੇਗਾ ਅਤੇ ਪਿੰਡ ਦਾ ਸਰਪੰਚ ਹੋਵੇਗਾ। ਇਸ ਤਰੀਕੇ ਨਾਲ ਲੋਕਾਂ ਦੀ ਰਾਏ ਇਸ ਦੇ ਵਿਚ ਲਈ ਜਾਵੇਗੀ ਅਤੇ ਕਿਸੇ ਏਰੀਆ ਨੂੰ ਸ਼ਾਮਲ ਕਰਨ ਤੋਂ ਪਹਿਲਾਂ ਲੋਕਾਂ ਤੋਂ ਉਬਜੈਕਸ਼ਨ ਲਏ ਜਾਣਗੇ। ਅਰਬੇਨਾਈਜ਼ੇਸ਼ਨ ਕਰਨ ਵੇਲੇ ਲੋਕਾਂ ਦੀ ਰਾਏ ਜ਼ਰੂਰ ਲਈ ਜਾਵੇਗੀ ਔਰ ਲੋਕਾਂ ਦੀ ਰਾਏ ਤੋਂ ਬਗੈਰ ਕੋਈ ਫੈਸਲਾ ਨਹੀਂ ਕੀਤਾ ਜਾਵੇਗਾ, ਨਾ ਹੀ ਕਿਸੇ ਏਰੀਆ ਨੂੰ ਸ਼ਾਮਲ ਕੀਤਾ ਜਾਵੇਗਾ। ਸਾਡਾ ਡੈਮੋਕਰੇਟਿਕ ਸਿਸਟਮ ਹੈ ਜਿਸ ਦੇ ਵਿਚ ਲੋਕਾਂ ਦੀ ਰਾਏ ਬਹੁਤ ਜ਼ਰੂਰੀ ਹੈ। ਅਸੀਂ ਅਸੈਂਬਲੀ ਦੇ ਮੈਂਬਰ ਚੁਣੇ ਹੋਏ ਹਾਂ। ਅਸੀਂ ਵੀ ਲੋਕਾਂ ਦੀ ਰਾਏ ਇਥੇ ਦਿੰਦੇ ਹਾਂ ਅਤੇ ਲੋਕਾਂ ਦੀ ਰਾਏ ਦੀ ਨੁਮਾਇੰਦਗੀ ਕਰਦੇ ਹਾਂ। ਲੋਕਾਂ ਨੇ ਹੀ ਸਾਨੂੰ ਚੁਣ ਕੇ ਇਥੇ ਭੇਜਿਆ ਹੈ।

ਸਪੀਕਰ ਸਾਹਿਬ, ਫਿਰ ਇਥੇ ਡਿਸਟ੍ਰਿਕਟ ਪਲੈਨਿੰਗ ਕਮੇਟੀ ਦਾ ਜ਼ਿਕਰ ਆਇਆ ਹੈ ਕਿ ਇਸ ਬਾਰੇ ਅਮੈਂਡਮੈਂਟ ਵਿਚ ਗੁੰਝਲਾਂ ਹਨ ਪਰ, ਸਪੀਕਰ ਸਾਹਿਬ, ਅਮੈਂਡਮੈਂਟ ਵਿਚ ਸਾਫ ਹੈ ਕਿ ਜਿਤਨੀਆਂ ਡਿਸਟ੍ਰਿਕਟ ਪਲਾਨਿੰਗ ਕਮੇਟੀਆਂ ਹੋਣਗੀਆਂ, ਉਹ ਇਕੱਠੀਆਂ ਹੋਣਗੀਆਂ। ਉਸ ਵਿਚ ਪੰਚਾਇਤ ਸਮਿਤੀਆਂ, ਬਲਾਕ ਸਮਿਤੀਆਂ ਅਤੇ ਮਿਊਂਸਪਲ ਕਮੇਟੀਆਂ ਦੇ ਰਿਪ੍ਰਜ਼ੈਂਟੇਟਿਵ ਹੋਣਗੇ ਲੇਕਿਨ ਇਸ ਵਿਚ ਆਧਾਰ ਪਾਪੂਲੇਸ਼ਨ ਦਾ ਹੋਵੇਗਾ। ਜਿਤਨੇ ਅਰਬਨ ਏਰੀਆ ਵਿਚ ਰਹਿਣ ਵਾਲੇ ਲੋਕ ਹੋਣਗੇ ਅਤੇ ਪਿੰਡਾਂ ਵਿਚ ਰਹਿਣ ਵਾਲੇ ਲੋਕ ਹੋਣਗੇ, ਉਨ੍ਹਾਂ ਦੀ ਗਿਣਤੀ ਉਸ ਹਿਸਾਬ ਦੇ ਨਾਲ ਹੋਵੇਗੀ। ਡਿਸਟ੍ਰਿਕਟ ਪਲਾਨਿੰਗ ਕਮੇਟੀਆਂ ਦੀ ਚੋਣ ਹੋਏਗੀ ਔਰ ਗੌਰਮਿੰਟ ਦਖਲ ਨਹੀਂ ਦੇਵੇਗੀ।

ਸਪੀਕਰ ਸਾਹਿਬ, ਟੈਕਸੇਸ਼ਨ ਦੀ ਪਾਵਰ ਬਾਰੇ ਠੀਕ ਹੈ ਕਿ ਗੌਰਮਿੰਟ ਸਮੇਂ ਸਮੇਂ ਤੇ ਡਾਇਰੈਕਸ਼ਨ ਦਿੰਦੀ ਹੈ। ਪਰਪੋਜ਼ਲਜ਼ ਜਾਂ ਸੁਜੈਸ਼ਨਜ਼ ਹਰ ਵੇਲੇ ਆ ਸਕਦੀਆਂ ਹਨ। ਉਨ੍ਹਾਂ ਦੀ ਰਾਏ ਨੂੰ ਪੰਜਾਬ ਸਰਕਾਰ ਸਾਹਮਣੇ ਰਖਦੇ ਹੋਏ, ਪਬਲਿਕ ਇੰਟਰੈਸਟ ਨੂੰ ਸਾਹਮਣੇ ਰਖਦੇ ਹੋਏ, ਫੈਸਲਾ ਕਰੇਗੀ। ਸ੍ਰੀਮਤੀ ਵਿਮਲਾ ਡਾਂਗ ਜੀ ਵੱਲੋਂ ਇਥੇ ਹਾਊਸ ਵਿਚ ਪਾਣੀ ਦਾ ਜ਼ਿਕਰ ਕੀਤਾ ਗਿਆ ਹੈ ਕਿ ਪਾਣੀ ਦੇ ਰੇਟ ਵਧਾਏ ਗਏ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਦੱਸਣਾ ਚਾਹਾਂਗਾ ਕਿ ਪਾਣੀ ਬਾਰੇ ਜਲੰਧਰ ਇਕ ਮੀਟਿੰਗ ਕੀਤੀ ਗਈ ਸੀ। ਉਸ ਮੀਟਿੰਗ ਵਿਚ ਸੈਣੀ ਸਾਹਿਬ ਮੌਜੂਦ ਸਨ ਅਤੇ ਲੁਧਿਆਣੇ ਦੇ ਮੇਅਰ ਸਾਹਿਬ ਵੀ ਬੈਠੇ ਸੀ। ਤਿੰਨੋ ਕਾਰਪੋਰੇਸ਼ਨਾਂ ਵਿਚ ਮੈਕਸੀਮਮ ਲੋਕਾਂ ਦੀ ਪਾਪੂਲੇਸ਼ਨ ਹੋ ਗਈ ਹੈ। ਪਾਣੀ ਦੇ ਰੇਟ ਬਾਰੇ ਮੀਟਿੰਗ ਕਰਨਾ ਬਹੁਤ ਜ਼ਰੂਰੀ ਹੋ ਗਿਆ ਸੀ। ਮੀਟਿੰਗ ਵਿਚ ਕਿਹਾ ਗਿਆ ਕਿ ਤੁਸੀਂ ਆਪਣੀ ਰਾਏ ਦਿਉ। ਮੇਅਰ ਸਾਹਿਬਾਨ

Original with;
Punjab Vidhan Sabha
Digitized by;
Panjab Digital Library

ਦੀ ਹਾਜ਼ਰੀ ਵਿਚ ਲੁਧਿਆਣੇ ਦੇ ਮੇਅਰ ਜਿਹੜੇ ਕਿ ਬੀ.ਜੇ.ਪੀ. ਪਾਰਟੀ ਦੇ ਨਾਲ ਤਾਅਲੁਕ ਰਖਤੇ ਹਨ ਅਤੇ ਬੜੇ ਨੇਕ ਤੇ ਸੱਚੇ ਸੁੱਚੇ ਇਨਸਾਨ ਹਨ . . (ਆਵਾਜ਼ਾਂ: ਇਨ੍ਹਾਂ ਵਰਗੇ ਨਹੀਂ) ਹਾਂ, ਇਨ੍ਹਾਂ ਵਰਗੇ ਨਹੀਂ। (ਹਾਸਾ) ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਕਿ ਉਨ੍ਹਾਂ ਨੇ ਮੀਟਿੰਗ ਵਿਚ ਕਿਹਾ ਕਿ ਡਰਿੰਕਿੰਗ ਵਾਟਰ ਤੋਂ ਲੁਧਿਆਣਾ ਦਾ ਜਿਹੜਾ ਰੇਵੇਨਿਊ ਮਿਲਦਾ ਹੈ, ਉਸ ਦੇ ਮੁਕਾਬਲੇ ਖਰਚਾ ਜ਼ਿਆਦਾ ਹੁੰਦਾ ਹੈ। ਸਪੀਕਰ ਸਾਹਿਬ, ਬੜੇ ਸਾਫ ਅਤੇ ਸਪਸ਼ਟ ਸ਼ਬਦਾਂ ਵਿਚ ਉਨਾਂ ਨੇ ਕਿਹਾ ਕਿ 2 ਕਰੋੜ ਰੁਪਿਆ ਰੇਵੇਨਿਊ ਦਾ ਮਿਲਦਾ ਹੈ ਜਦ ਕਿ ਉਸਤੇ ਖਰਚਾ 9 ਕਰੋੜ ਰੁਪਿਆ ਹੁੰਦਾ ਹੈ। ਮੈਂ ਉਨ੍ਹਾਂ ਨੂੰ ਹੱਥ ਜੋੜ ਕੇ ਕਿਹਾ ਕਿ ਮੇਅਰ ਸਾਹਿਬ, ਘਾਟੇ ਵਾਲੀ ਦੁਕਾਨ ਕਦੋਂ ਤੱਕ ਚਲੇਗੀ। ਅਸੀਂ ਵਰਲਡ ਬੈਂਕ ਅਤੇ ਹੁਡਕੋ ਤੋਂ ਪੈਸੇ ਲੈਣੇ ਹਨ। ਅਸੀਂ ਉਨ੍ਹਾਂ ਕੋਲੋਂ ਕਰਜ਼ਾ ਲੈਣਾ ਹੈ। ਮਿਊਂਸਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਕੋਲ ਇਤਨੇ ਪੈਸੇ ਨਹੀਂ ਹਨ ਕਿ ਉਹ ਕਰਜ਼ੇ ਵਾਪਿਸ ਦੇ ਸਕਣਗੀਆਂ। ਇਸ ਘਾਟੇ ਨੂੰ ਤੁਸੀਂ ਕਿਸ ਤਰ੍ਹਾਂ ਪੂਰਾ ਕਰ ਸਕੋਗੇ। ਮੁਤਫਿਕਾ ਤੌਰ ਤੇ ਮੀਟਿੰਗ ਵਿਚ ਸਾਰਿਆਂ ਦੀ ਇਕੋ ਰਾਏ ਸੀ। ਇਹ ਮੀਟਿੰਗ 6 ਮਹੀਨੇ ਪਹਿਲਾਂ ਦੀ ਹੋ ਚੁਕੀ ਸੀ। ਜੋ ਰੇਟ ਪਾਣੀ ਦੇ ਵਧੇ ਹਨ, ਉਹ ਬਿਲਕੁਲ ਠੀਕ ਹਨ ਅਤੇ ਮੁਨਾਸਿਬ ਹਨ ਲੇਕਿਨ ਪੰਜਾਬ ਸਰਕਾਰ ਨੇ ਹੋਰ ਫੈਸਲਾ ਕੀਤਾ ਹੈ ਕਿ ਜਿਤਨੇ ਵੀ ਯੈਲੋਕਾਰਡ ਹੋਲਡਰਜ਼ ਹਨ ਔਰ ਜਿਨ੍ਹਾਂ ਦੀ ਆਮਦਨ 10,000 ਰੁਪਏ ਤਕ ਹੈ, ਉਨ੍ਹਾਂ ਨੂੰ ਉਹੀ ਰੇਟ 6 ਰੁਪਏ ਦਾ ਲਗੇਗਾ। ਉਨ੍ਹਾਂ ਗਰੀਬ ਲੋਕਾਂ ਦੇ ਨਾਲ ਕੋਈ ਜ਼ਿਆਦਤੀ ਨਹੀਂ ਹੋਵੇਗੀ। ਪੰਜਾਬ ਸਰਕਾਰ ਗਰੀਬ ਲੋਕਾਂ ਦੀ ਮਦਦ ਕਰਨ ਵਾਸਤੇ ਹਰ ਵੇਲੇ ਤਿਆਰ ਹੈ। ਇਸ ਨੂੰ ਮੁੱਖ ਰਖਦੇ ਹੋਏ ਜਿਹੜੇ ਪਾਣੀ ਦੇ ਰੇਟ ਵਧਾਏ ਗਏ ਹਨ, ਉਹ ਠੀਕ ਹਨ। ਭਾਵੇਂ ਇਸ ਬਿੱਲ ਦੇ ਨਾਲ ਇਸ ਦਾ ਕੋਈ ਸਬੰਧ ਨਹੀਂ ਸੀ ਪਰ ਮੈਂਬਰ ਸਾਹਿਬਾ ਨੇ ਜਨਰਲ ਤੌਰ ਤੇ ਇਹ ਗੱਲ ਕਹਿ ਦਿੱਤੀ ਹੈ।

ਫਾਈਨਾਂਸ ਕਮਿਸ਼ਨ ਬਾਰੇ ਇਥੇ ਜਿਹੜਾ ਬਿੱਲ ਲਿਆਂਦਾ ਗਿਆ ਹੈ, ਇਹ ਫਾਈਨਾਂਸ ਕਮਿਸ਼ਨ ਬੜੀ ਜਲਦੀ ਕਾਇਮ ਹੋ ਜਾਵੇਗਾ ਤੇ ਕੰਮ ਕਰਨਾ ਸ਼ੁਰੂ ਕਰ ਦੇਵੇਗਾ। ਫਾਈਨਾਂਸ ਕਮਿਸ਼ਨ ਸਾਰੀਆਂ ਉਹ ਗੱਲਾਂ ਪੂਰੀਆ ਕਰੇਗਾ ਜਿਹੜੀਆਂ ਗੱਲਾਂ ਸਾਡੇ ਮਾਨਯੋਗ ਮੈਂਬਰਾ ਦੇ ਦਿਲ ਵਿਚ ਹਨ ਕਿ ਇਨ੍ਹਾਂ ਬਾਡੀਜ਼ ਨੂੰ ਆਰਥਕ ਤੌਰ ਤੇ ਏਨਾ ਮਜ਼ਬੂਤ ਕੀਤਾ ਜਾਵੇ ਜਿਸ ਦੇ ਨਾਲ ਇਹ ਆਪਣੇ ਪੈਰਾਂ ਤੇ ਖੜ੍ਹੇ ਹੋ ਕੇ ਫੈਸਲਾ ਕਰ ਸਕਣ। ਸਪੀਕਰ ਸਾਹਿਬ, ਅਧਿਕਾਰ ਸਟੇਟ ਗੌਰਮਿੰਟ ਦੇ ਆਪਣੇ ਹਨ ਔਰ ਮਿਊਂਸਿਪਲ ਕਮੇਟੀਜ਼ ਦੇ ਆਪਣੇ ਹਨ। ਇਸ ਵਿਚ ਬਹੁਤ ਸਾਰੀਆਂ ਪ੍ਰੋਵੀਜ਼ਨਜ਼ ਹਨ ਜਿਸ ਵਿਚ ਪੰਜਾਬ ਸਰਕਾਰ ਨੇ ਰੂਲਜ਼ ਬਣਾਉਣੇ ਹਨ। ਇਸ ਲਈ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬਾਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਰੂਲਜ਼ ਬਣਾਉਂਦੇ ਹੋਏ ਜਿਹੜੀਆਂ ਇਲੈਕਟਿਡ ਬਾਡੀਜ਼ ਹਨ, ਉਨ੍ਹਾਂ ਦੇ ਪਰੈਜ਼ੀਡੈਂਟਸ ਜਾਂ ਮੇਅਰਜ਼ ਦੇ ਅਖਤਿਆਰਾਂ ਦਾ ਖਾਸ ਤੌਰ ਤੇ ਖਿਆਲ ਰਖਾਂਗੇ ਤਾਂ ਕਿ ਵੱਧ ਤੋਂ ਵੱਧ ਉਹ ਉਨ੍ਹਾਂ ਅਖਤਿਆਰਾਂ ਨਾਲ ਸੇਵਾ ਕਰ ਸਕਣ ਧੰਨਵਾਦ।

**ਸ਼੍ਰੀ ਸਤਪਾਲ ਗੋਸਾਈਂ**: ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਜਿਹੜਾ ਕੋਟ ਕੀਤਾ ਹੈ ਕਿ ਲੁਧਿਆਣਾ ਕਾਰਪੋਰੇਸ਼ਨ ਦਾ ਮੇਅਰ ਬੀ.ਜੇ.ਪੀ. ਦਾ ਸੀ ਅਤੇ ਉਸ ਮੀਟਿੰਗ ਵਿਚ ਪਾਣੀ ਦੇ ਰੇਟਸ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਤਪਾਲ ਗੁਸਾਈਂ]

ਵਧਾਉਣ ਬਾਰੇ ਫੈਸਲਾ ਹੋਇਆ ਸੀ, ਉਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਫੈਸਲਾ ਯੂਨਾਨੀ-ਮਸਲੀ ਹੋਇਆ ਸੀ-ਚਾਹੇ ਉਥੇ ਕੋਈ ਮੇਅਰ ਕਾਂਗਰਸੀ ਸੀ, ਕੋਈ ਅਕਾਲੀ ਸੀ ਜਾਂ ਬੀ.ਜੇ.ਪੀ. ਦਾ ਸੀ ਇਹ ਮੁਤਫਿਕਾ ਤੌਰ ਤੇ ਫੈਸਲਾ ਹੋਇਆ ਸੀ ਕਿ ਪਾਣੀ ਸੀਵਰੇਜ ਫਰੀ ਦਿੱਤਾ ਜਾਵੇ। ਮੈਂ ਹੋਰ ਸੁਜੈਸ਼ਨ ਦੇਂਦਾ ਹਾਂ ਕਿ ਜਿਹੜਾ ਫਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਹੈ, ਇਹ ਘਾਟਾ ਹੋਰ ਕੰਮਾਂ ਵਿਚ ਪੂਰਾ ਕਰ ਸਕਦੇ ਹਾਂ ਪਰ ਪਾਣੀ ਫਰੀ ਦੇਣਾ ਚਾਹੀਦਾ ਹੈ।

**ਸ੍ਰੀ ਸਪੀਕਰ :** ਤੁਸੀਂ ਬੈਠ ਜਾਉ। You have not quoted any rule. Why are you standing? What for you are standing? What do you want to quote ?

**ਸ੍ਰੀ ਮਦਨ ਮੋਹਨ ਮਿੱਤਲ :** ** ** **

**ਸ੍ਰੀ ਸਪੀਕਰ :** ਉਨ੍ਹਾਂ ਨੇ ਕਿਹਾ ਸੀ ਕਿ 9 ਕਰੋੜ ਦਾ ਖਰਚਾ ਹੈ ਅਤੇ 2 ਕਰੋੜ ਰੇਵੇਨਿਊ ਮਿਲਦਾ ਹੈ। ਇਹ ਗੱਲ ਸਾਰਿਆਂ ਨੇ ਮੰਨੀ ਹੈ। ਇਸ ਵਿਚ ਕੋਈ ਐਲੀਗੇਸ਼ਨ ਨਹੀਂ।

**Finance Minister** : He told this fact in the presence of Mayor, Jalandhar and Mayor, Amritsar and all Commissioners in the meeting held and in my presence, since I was also there. I certify this thing and this should be recorded. This is a fact.

**ਸ੍ਰੀ ਮਦਨ ਮੋਹਨ ਮਿੱਤਲ :** ** ** **

**Mr. Speaker :** Now please resume your seat.

**ਸ੍ਰੀ ਮਦਨ ਮੋਹਨ ਮਿੱਤਲ :** ** ** **

**ਵਿੱਤ ਮੰਤਰੀ (ਬੈਠੇ ਬੈਠੇ):** ਇਹ ਵੀ ਕਿਹਾ ਹੈ।

**ਸ੍ਰੀ ਮਦਨ ਮੋਹਨ ਮਿੱਤਲ :** ** ** **

**ਸ੍ਰੀ ਸਪੀਕਰ :** ਐਵੇਂ ਰੌਲਾ ਪਾਈ ਜਾਂਦੇ ਹਨ। Please resume your seat. This is no Point of Order.

**Mr. Speaker :** Question is—

That the Punjab Municipal (Amendment) Bill be taken into Consideration atonce.

*The motion was carried.*

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker :** Now the House will proceed to consider the Bill Clause by Clause.

If the House agrees, all the Clauses of the Bill be put to the vote of the House together ;

(Voices: Yes, Yes)

**Sub-clause (2) of clause 1, clause 2, clause (3) clause (4), clause 4, clause 5, clause 6, clause 7, clause 8, clause 9, clause 10, clause 11, clause 12, clause 13, clause 14, clause 15, clause 16, clause 17, clause 18, clause 19, clause 20, clause 21, clause 22 clause 23 clause 24, clause 25, clause 26, clause 27, clause 28, clause 29, clause 30 and clause 31.**

**Mr. Speaker :** Question is—

That Sub-Clause (2) of Clause 1, Clause 2, Clause 3, Clause 4, Clause 5, Clause 6, Clause 7, Clause 8, Clause 9, Clause 10, Clause 11, Clause 12, Clause 13, Clause 14, Clause 15, Clause 16, Clause 17, Clause 18, Clause 19, Clause 20, Clause 21, Clause 22, Clause 23, Clause 24, Clause 25, Clause 26, Clause 27, Clause 28, Clause 29, Clause 30 and Clause 31 stand part of the Bill.

*The motion was carried.*

**Sub-clause (1) of Clause 1**

**Mr. Speaker :** Question is—

That Sub-clause (1) of Clause 1 stand part of the Bill.

*The motion was carried.*

**Title**

**Mr. Speaker :** Question is—

That Title be the Title of the Bill.

*The motion was carried.*

**Finance Minister (Doctor Kewal Krishan) :** Sir, I beg to move-

That the Punjab Municipal (Amendment) Bill be passed.

**Mr. Speaker :** Motion moved—

That the Punjab Municipal (Amendment) Bill be passed.

Original with;
Punjab Vidhan Sabha
Digitized by;
Panjab Digital Library

**Mr. Speaker :** Question is—

That the Punjab Municipal (Amendment) Bill be passed.

*The motion was carried unanimously.*

## THE PUNJAB MUNICIPAL CORPORATION (AMENDMENT) BILL, 1994.

**Mr. Speaker :** Question is—

That the Punjab Municipal Corporation (Amendment) Bill be taken into consideration at once.

*The motion was carried.*

**Mr. Speaker :** Now the House will proceed to consider the Bill clause by clause.

**Sub clause (2) of Clause 1**

**Mr. Speaker :** Question is—

That sub clause (2) of Clause 1 stand part of the Bill.

*The motion was carried.*

**Clause 2**

**Mr. Speaker :** There is an amendment to this Clause.

**Mr. Speaker :** Question is—

That in the proposed section "(22-a)" "larger urban area" in the fifth line for the word 'he', the word 'it' shall be substituted.

*The motion was carried.*

**Mr. Speaker :** Question is—

Proposed section "(62-a)" shall be omitted.

*The motion was lost.*

**Mr. Speaker :** Question is—

That Clause 2, as amended, stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Clause 3**

**Mr. Speaker :** Question is—

That Clause 3 stand part of the Bill.

*The motion was carried.*

**Clause 4**

**Mr. Speaker :** There is an amendment to this Clause.

**Mr. Speaker :** Question is—

That after proposed sub-section (3) of Section 3, the following shall be added at the end :—

(i) "Before any area is declared as a larger urban area or is included in any other larger urban area, the views of the people affected will be ascertained in the prescribed manner and taken into consideration".

(ii) That after the proposed sub-section (4) of Section 3, the following shall be added at the end : —

"Before any area is excluded from a larger area and included in any other local authority, views of the people affected will be ascertained and taken into consideration in the prescribed manner."

*The motion was lost.*

**Mr. Speaker :** Question is—

That clause 4 stand part of the Bill.

*The motion was carried.*

**Clause 5**

**Mr. Speaker :** Question is—

That Clause 5 stand part of the Bill.

*The motion was carried.*

**Clause 6**

**Mr. Speaker :** There is an amendment to this clause.

**ਸ਼੍ਰੀਮਤੀ ਵਿਮਲਾ ਡਾਂਗ :** ਮੈਂ ਪ੍ਰੈਸ ਕਰਦੀ ਹਾਂ । ਪਹਿਲਾਂ ਵੀ ਕਿਹਾ ਜਾ ਚੁੱਕਾ ਹੈ ਕਿ ਸਟੇਟ ਅਸੈਂਬਲੀ ਦਾ ਮੈਂਬਰ ਅਤੇ ਕਾਉਂਸਲਰ, ਇਕ ਆਦਮੀ ਕੋਲ ਇਹ ਦੋਨੋਂ ਅਹੁਦੇ ਨਹੀਂ ਹੋਣੇ ਚਾਹੀਦੇ । ਇਕ ਤੋਂ ਰਿਜ਼ਾਈਨ ਦੇਣਾ ਚਾਹੀਦਾ ਹੈ ।

Original with;
Punjab Vidhan Sabha
Digitized by;
Punjab Digital Library

**Mr. Speaker :** Question is—

(i) That for the proposed sub-section (2) of Section 5, the following shall be substituted :—

"If a member of the Punjab Legislative Assembly is eletcted as a Councillor he/she will resign from one of these two offices within a month of his/her election."

(ii) In the Explanation (1), before the words "Such city" add the word "each".

*The motion was lost.*

**Mr. Speaker :** Question is—

That Clause 6 stand part of the bill.

*The motion was carried.*

**Clause 7**

**Mr. Speaker :** There is an amendment to this Clause.

**ਸ਼੍ਰੀਮਤੀ ਵਿਮਲਾ ਡਾਗ :** ਇਹ ਇਕ ਗਰਾਮੈਟੀਕਲ ਮਿਸਟੇਕ ਹੈ । I think there is no principal opposition to it.

**Mr. Speaker :** Question is—

(i) That in the proposed section 6 (a), the following shall be added at the end but before the word "and"

"in the prescribed manner".

(ii) That in the proposed section 6 (b) the following shall be added at the end—

"in the prescribed manner".

(iii) That in the proposed sub-section (3) of Section 6, the following shall be added at the end—

"in the prescribed manner".

(iv) In the proposed section 6-A (a), for the words "five per-cent for Scheduled Castes", the words "twenty-five per-cent for Scheduled Castes-subject to a minimum of one", shall be substituted.

(v) In the proposed section 6-A (b), the word "two per cent for Backward Classes", shall be omitted.

(vi) In the proposed section 6-A(c), for the words "five per cent for women including women belonging to the Scheduled Castes" the words "thirty per cent for women subject to a minimum of one", shall be substituted.

*The motion was lost.*

Original with;
Punjab Vidhan Sabha
Digitized by;
Panjab Digital Library

**Mr. Speaker :** Question is—

That Clause 7 stand part of the Bill.

*The motion was carried.*

**Clause 8, Clause 9, Clause 10 and Clause 11**

**Mr. Speaker :** Question is—

That Clause 8, Clause 9, Clause 10 and Clause 11 stand part of the Bill.

*The motion was carried.*

**Clause 12**

**Mr. Speaker :** There is an amendment. Mrs. Dang.

ਸ੍ਰੀਮਤੀ ਵਿਮਲਾ ਡਾਂਗ : ਪ੍ਰੈਸ ਕਰਦੀ ਹਾਂ ਜੀ, ਹਰ ਇਕ ਵਾਰਡ ਦੇ ਵਿੱਚ ਵੱਖਰੀ ਕਮੇਟੀ ਹੋਣੀ ਚਾਹੀਦੀ ਹੈ ।

**Mr. Speaker :** Question is—

That for the porposed section 42-A, the following shall be substituted —

(i) "There shall be a Ward Committee for every ward which shall be constituted in the manner to be prescribed by the rules provided that the councillor of the ward will be its Chairman and majority of its members will be elected ones and ex-officio member will not have the right to vote."

(ii) That in the proposed sub-section 4 of Section 42-B, line 3, for the word "Government", the word "Governor" shall be substituted.

(iii) That in the proposed sub-section (4) of Section 42-C, in line 3, for the word "Government", the word "Governor" shall be substituted.

*The motion was lost.*

**Mr. Speaker :** Question is—

That Clauses 12 stand part of the Bill.

*The motion was carried.*

**Clause 13**

**Mr. Speaker :** Question is—

That Clause 13 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Sub-clause (1) of Clause 1**

**Mr. Speaker :** Question is—

That Sub-Clause (1) of Clause 1 stand part of the Bill.

*The motion was carried.*

**Title**

**Mr. Speaker :** Question is—

That Title be the Tittle of the Bill.

*The motion was carried.*

**Finance Minister (Doctor Kewal Krishan):** Sir, I beg to move—

That the Punjab Municipal Corporation (Amendment) Bill, as amended, be passed.

**Mr. Speaker :** Motion moved—

That the Punjab Municipal Corporation (Amendment) Bill, as amended, be passed.

**Mr. Speaker :** Question is—

That the Punjab Municipal Corporation (Amendment) Bill, as amended ,be passed.

*The motion was carried.*

## THE PUNJAB FINANCE COMMISSION FOR PANCHAYATS AND MUNICIPALITIES BILL, 1994

**Mr. Speaker :** Question is—

That the Punjab Finance Commission for Panchayats and Municipalities Bill be taken into consideration at once.

*The motion was carried.*

**Mr. Speaker :** Now the House will consider the Bill Clause by Clause.

If the hon'ble Members agree, all the Clauses of the Bill be put to the vote of the House together:

(Voices: Yes, yes).

**Sub-clause (2) of clause 1, clause 2, clause 3, clause 4, clause 5, clause 6, clause 7, clause 8, clause 9, clause 10, clause 11 and clause 12.**

Original with;
Punjab Vidhan Sabha
Digitized by;
Panjab Digital Library

**Mr. Speaker :** Question is—

That Sub-Clause (2) of Clause 1, Clause 2, Clause 3, Clause 4, Clause 5, Clause 6, Clause 7, Clause 8, Clause 9, Clause 10, Clause 11 and Clause 12 stand part of the Bill.

*The motion was carried.*

**Sub-clause (1) of clause 1**

**Mr. Speaker :** Question is—

That Sub-Clause (1) of Clause 1 stand part of the Bill.

*The motion was carried.*

**Title**

**Mr. Speaker :** Question is—

That Title be the Title of the Bill.

*The motion was carried.*

**Finance Minister (Doctor Kewal Krishan):** Sir, I beg to move—

That the Punjab Finance Commission for Panchayats and Municipalities Bill be passed.

**Mr. Speaker :** Motion moved—

That the Punjab Finance Commission for Panchayats and Municipalities Bill be passed.

**Mr. Speaker :** Question is—

That the Punjab Finance Commission for Panchayats and Municipalities Bill be passed.

*The motion was carried unanimoulsy.*

**Mr. Speaker :** The House stands adjourned till 9.00 A.M. on Wednesday, the 6th April, 1994.

*2.17 P.M. | (*The Sabha then *adjourned till 9.00 A.M. on Wednesday, the 6th April,* 1994.)

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# APPENDIX

## To

## PUNJAB VIDHAN SABHA DEBATES

## DATED THE 5TH APRIL, 1994

## VOL. VII—NO. 20

## STARRED QUESTION AND ANSWER

### ਦਰਖਤਾਂ ਦੀ ਕਟਾਈ ਤੋਂ ਆਮਦਨ

*1961. **ਸ਼੍ਰੀ ਰਾਜਿੰਦਰ ਕੁਮਾਰ:** ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜੰਗਲਾਤ ਵਿਭਾਗ ਨੂੰ ਜ਼ਿਲ੍ਹਾ ਜਲੰਧਰ ਵਿੱਚ ਆਦਮਪੁਰ-ਭੋਗਪੁਰ ਸੜਕ ਅਤੇ ਹੁਸ਼ਿਆਰਪੁਰ-ਜਲੰਧਰ ਸੜਕ ਤੇ ਫਰਵਰੀ 1992 ਤੋਂ ਫਰਵਰੀ 1994 ਤੱਕ ਦੇ ਸਮੇਂ ਦੌਰਾਨ ਦਰੱਖਤਾਂ ਦੀ ਕਟਾਈ ਤੋਂ ਕੁੱਲ ਕਿੰਨੀ ਆਮਦਨ ਹੋਈ;

(ਅ) ਟਾਹਲੀ ਅਤੇ ਸਫੈਦੇ ਦੇ ਦਰੱਖਤ ਕਿਸ ਦਰ ਤੇ ਵੇਚੇ ਗਏ ;

(ੲ) ਕੀ ਦਰੱਖਤਾਂ ਦੀ ਕਟਾਈ ਦਾ ਕੰਮ ਮਹਿਕਮਾ ਜੰਗਲਾਤ ਦੁਆਰਾ ਕੀਤਾ ਗਿਆ ਜਾਂ ਉਕਤ ਦਰੱਖਤ ਨੀਲਾਮੀ ਰਾਹੀਂ ਵੇਚੇ ਗਏ ਹਨ ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ:** (ੳ) ਜ਼ਿਲ੍ਹਾ ਜਲੰਧਰ ਦੀ ਆਦਮਪੁਰ-ਭੋਗਪੁਰ ਸੜਕ ਅਤੇ ਹੁਸ਼ਿਆਰਪੁਰ-ਜਲੰਧਰ ਸੜਕ ਤੋਂ ਫਰਵਰੀ 1992 ਤੋਂ ਫਰਵਰੀ, 1994 ਤੱਕ ਰੁੱਖਾਂ ਦੀ ਕਟਾਈ ਤੋਂ ਵਣ ਵਿਭਾਗ ਨੂੰ 7,92,943 ਰੁ: ਦੀ ਆਮਦਨ ਪ੍ਰਾਪਤ ਹੋਈ ਸੀ 66605.70 ਪੈਸੇ ਮੁੱਲ ਦੇ ਦਰੱਖਤ ਖੁਲ੍ਹੀ ਨੀਲਾਮੀ ਵਿਚ ਵੇਚੇ ਗਏ ਤੇ 726337.30 ਪੈਸੇ ਮੁੱਲ ਦੇ ਦਰੱਖਤ ਪੰਜਾਬ ਰਾਜ ਵਣ ਵਿਭਾਗ ਨਿਗਮ ਨੂੰ ਕੱਟਣ ਲਈ ਤਬਦੀਲ ਕੀਤੇ ਗਏ ਹਨ।

(ਅ) ਬਹੁਤੇ ਰੁੱਖ ਪੰਜਾਬ ਰਾਜ ਵਣ ਵਿਕਾਸ ਨਿਗਮ ਨੂੰ ਕਟਾਉਣ ਲਈ 704 ਰੁ: ਪ੍ਰਤੀ ਕਯੂਬਿਕ ਮੀਟਰ ਸ਼ੀਸ਼ਮ ਤੇ 612 ਰੁ: ਪ੍ਰਤੀ ਕਯੂਬਿਕ ਮੀਟਰ ਸਫੈਦਾ ਦੇ ਕਰਮਵਾਰ ਰਾਇਲਟੀ ਰੇਟਾਂ ਤੇ ਤਬਦੀਲ ਕੀਤੇ ਗਏ ਸਨ, ਕੁਝ ਸਾਲ ਵਿਭਾਗੀ ਤੌਰ ਤੇ ਨੀਲਾਮੀ ਕੀਤੇ ਗਏ ਸਨ ਅਤੇ ਉਹਨਾਂ ਤੋਂ 1191 ਰੁ: ਪ੍ਰਤੀ ਕਯੂਬਿਕ ਮੀਟਰ ਸ਼ੀਸ਼ਮ ਤੇ 898 ਰੁ: ਪ੍ਰਤੀ ਕਯੂਬਿਕ ਮੀਟਰ ਸਫੈਦੇ ਦੇ ਕ੍ਰਮਵਾਰ ਰੇਟ ਪ੍ਰਾਪਤ ਹੋਏ ਸਨ ।

(ੲ) ਬਹੁਤ ਸਾਰੇ ਰੁੱਖਾਂ ਦੀ ਕਟਾਈ ਪੰਜਾਬ ਰਾਜ ਵਣ ਵਿਕਾਸ ਨਿਗਮ ਵਲੋਂ ਕੀਤੀ ਗਈ ਸੀ। ਫਿਰ ਵੀ ਕੁਝ ਰੁੱਖ ਪੰਜਾਬ ਰਾਜ ਵਣ ਵਿਕਾਸ ਨਿਗਮ ਵਲੋਂ ਹੁਸ਼ਿਆਰਪੁਰ-ਜਲੰਧਰ ਸੜਕ ਤੋਂ ਨਹੀਂ ਗਿਰਾਏ ਗਏ ਜਿਹਨਾਂ ਨੂੰ ਨੀਲਾਮੀ ਰਾਹੀਂ ਵੇਚਿਆ ਗਿਆ।

—————

10090 PVS—Govt. Press (U.T.), Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©1995

Published under the authority of the Punjab Vidhan Sabha and Printed by the Controller, Printing & Stationery Deptt. (U.T.), Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha
## Debates

*6th April, 1994*

**Vol. VII—No. 21**

OFFICIAL REPORT

CONTENTS

*Wednesday, the 6th April, 1994*


| | Page |
|---|---|
| Postponed Starred Questions and Answers .. | (21)1 |
| Starred Questions and Answers .. | (21)12 |
| Written Answers to Starred Questions Laid on the Table of the House Under Rule 38 .. | (21)36 |
| Walk-Out .. | (21)42 |
| Motion Under Rule 16 .. | (21)43 |
| Walk-Out .. | (21)43 |



Punjab Vidhan Sabha Secretariat, Chandigarh.

**Price : Rs.** 100-00



Original with;
Punjab Vidhan Sabha
Digitized by;
Panjab Digital Library

Papers Laid on the Table .. (21)43

LEGISLATIVE BUSINESS

Bill(s)—

The Punjab Pre-natal Diagnostic Techniques (Control and Regulation)———, 1994 .. 21)43

The Punjab Appropriation (No. 3)———, 1994 .. (21)82

Discussion on the 9th Annual Report of the Punjab Khadi and Village Industries Board for the year 1991-92 .. (21)84

AND

The Annual Financial Statement of the Punjab State Electricity Board for the year 1994-95

Extension of Time of the Sitting .. (21)102

Discussion on the 9th Annual Report of the Punjab Khadi and Village Industries Board for the year, 1991-92 .. (21)103

AND

The Annual Financial Statement of the Punjab State Electricity Board for the year, 1994-95 (*Resumption*)

Extension of Time of the Sitting .. (21)105

Discussion on the 9th Annual Report of the Punjab Khadi and Village Industries Board for the year 1991-92 .. (21)105

AND

The Annual Financial Statement of the Punjab State Electricity Board for the year, 1994-95 (*Resumption*)

Appendix .. (i)

Original with;
Punjab Vidhan Sabha
Digitized by;

# PUNJAB VIDHAN SABHA

*Wednesday, the 6th April, 1994*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 9.00 A.M. Mr. Speaker (Shri Harnam Das Johar) in the Chair.*

———

## POSTPONED STARRED QUESTIONS AND ANSWERS

**Mr. Speaker:** Questions, First we will take up Postponed Starred Questions. Sardar Inderjit Singh Zira.

### ਪੰਚਾਇਤਾਂ ਨੂੰ ਅੱਡ ਅੱਡ ਕਰਨਾ

*1785. ਸਰਦਾਰ ਇੰਦਰਜੀਤ ਸਿੰਘ ਜ਼ੀਰਾ (ਸਰਦਾਰ ਰਣਜੀਤ ਸਿੰਘ ਛੱਜਲਵੱਡੀ ਵਲੋਂ ਪੇਸ਼ ਕੀਤਾ ਗਿਆ): ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿੱਚ ਇਕੋ ਹੀ ਹੱਦਬਸਤ ਨੰਬਰ ਵਾਲੀਆਂ ਗਰਾਮ ਪੰਚਾਇਤਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਪਿਛਲੀਆਂ ਪੰਚਾਇਤ ਚੋਣਾਂ ਤੋਂ ਪਹਿਲਾਂ ਅੱਡ ਅੱਡ ਕੀਤਾ ਗਿਆ ਸੀ ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਪੰਚਾਇਤਾਂ ਵਿਚੋਂ ਅੱਡ ਹੋਈਆਂ ਪੰਚਾਇਤਾਂ ਨੂੰ ਸਾਂਝੀ ਪੰਚਾਇਤ ਦੀ ਆਮਦਨ ਵਿਚੋਂ ਉਨ੍ਹਾਂ ਦਾ ਬਣਦਾ ਹਿੱਸਾ ਦਿੱਤਾ ਗਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਅਜਿਹੀਆਂ ਪੰਚਾਇਤਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਆਮਦਨ ਵਿੱਚ ਬਣਦਾ ਹਿੱਸਾ ਨਹੀਂ ਦਿੱਤਾ ਗਿਆ ਹੈ ਅਤੇ ਇਸ ਦੇ ਕੀ ਕਾਰਨ ਹਨ ?

**Master Jagir Singh:** (a) 433.

(b) 380 Panchayats have been given their share of income of the joint panchayats whereas 53 can not be given their share for the reasons given hereunder:—

(1) 46 Panchayats could not be given their share as the main panchayats did not have any source of income.

Original with;
Punjab Vidhan Sabha
Digitized by;
Panjab Digital Library

[Minister of State for Rural Development and Panchayats]

(2) Cases of 2 Panchayats are in the courts.

(3) Election of one Panchayat was stayed by the Hon'ble High Court and the result was declared very late.

(4) There is dispute between 4 pachayats.

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਸਪੀਕਰ ਸਾਹਿਬ, ਪੰਜਾਬੀ ਵਿੱਚ ਦੱਸਣ । ਮੈਂ ਇੰਗਲਿਸ਼ ਸਮਝਦਾ ਨਹੀਂ ।

ਸ਼੍ਰੀ ਸਪੀਕਰ : ਮਾਸਟਰ ਜੀ ਕੋਲ ਟਿਊਸ਼ਨ ਰੱਖ ਲਓ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ: ਕੁਐਸਚਨ ਪੰਜਾਬੀ ਵਿੱਚ ਹੈ । ਇਨ੍ਹਾਂ ਨੂੰ ਕਹੋ ਪੰਜਾਬੀ ਵਿੱਚ ਸਮਝਾਓ ।

ਸ਼੍ਰੀ ਸਪੀਕਰ : ਤੁਹਾਡਾ ਸਪਲੀਮੈਂਟਰੀ ਹੋਣਾ ਨਹੀਂ (ਵਿਘਨ) ਮੰਤਰੀ ਜੀ, ਪੰਜਾਬੀ ਕਰ ਲਓਗੇ ?

ਰਾਜ ਮੰਤਰੀ : ਜੋ ਮੈਂ ਕੀਤਾ ਹੈ, ਠੀਕ ਕੀਤਾ ਹੈ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਪੰਜਾਬੀ ਵਿੱਚ ਅਨੁਵਾਦ ਕਰ ਦਿਉ । ਰੂਲਾਂ ਦੇ ਮੁਤਾਬਿਕ ਸਵਾਲ ਪੰਜਾਬੀ ਵਿੱਚ ਕੀਤਾ ਹੈ ਜਵਾਬ ਵੀ ਪੰਜਾਬੀ ਵਿੱਚ ਦੇਣਾ ਚਾਹੀਦਾ ਹੈ ।

ਸ਼੍ਰੀ ਸਪੀਕਰ : ਤੁਹਾਡੇ ਕੋਲ ਪੰਜਾਬੀ ਦਾ ਵੀ ਜਵਾਬ ਹੋਣਾ ਹੈ , ਮੰਤਰੀ ਜੀ ਪੜ੍ਹ ਦਿਉ ।

ਰਾਜ ਮੰਤਰੀ : ਸਪੀਕਰ ਸਾਹਿਬ, ਤੁਹਾਡੀ ਆਗਿਆ ਨਾਲ ਮੇਰੇ ਕੋਲ ਇਹ ਟਿਊਸ਼ਨ ਰੱਖ ਲੈਣ, ਮੈਂ ਪੜ੍ਹਾ ਦਿੰਦਾ ਹਾਂ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਮੈਂ ਪੰਜਾਬੀ ਪੜ੍ਹਿਆ ਹਾਂ ਜਾਂ ਇਹ ਦੱਸਣ ਕਿ ਮੈਂ ਪੰਜਾਬੀ ਨਹੀਂ ਜਾਣਦਾ, ਫਿਰ ਮੈਂ ਸਪਲੀਮੈਂਟਰੀ ਕਰ ਲੈਂਦਾ ਹਾਂ । ਤੁਸੀਂ ਇਨ੍ਹਾਂ ਨੂੰ ਪੰਜਾਬੀ ਦੀ ਟਿਊਸ਼ਨ ਰਖਾ ਦਿਉ । ਸਪੀਕਰ ਸਾਹਿਬ ਮੈਨੂੰ ਪੰਜਾਬੀ ਵਿੱਚ ਦੱਸੋ ।

ਸ਼੍ਰੀ ਸਪੀਕਰ : ਰੂਰਲ ਡਿਵੈਲਪਮੈਂਟ ਮਨਿਸਟਰ ਸਾਹਿਬ, ਪੰਜਾਬੀ ਵਿੱਚ ਜਵਾਬ ਦਿਉ । ਤੁਹਾਡੇ ਕੋਲ ਹੋਣਾ ਹੈ ।

ਰਾਜ ਮੰਤਰੀ: ਸਪੀਕਰ ਸਾਹਿਬ, ਤੁਸੀਂ ਆਪ ਸਿਆਣੇ ਹੋ, ਇਹ ਪਰੰਪਰਾ ਪੈ ਜਾਵੇਗੀ । ਮੈਂ ਜਵਾਬ ਦੇ ਦਿੱਤਾ ਹੈ ।

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਾਪੀ ਪੰਜਾਬੀ ਦੀ ਟਰਾਂਸਲੇਟ ਕਰਕੇ ਨਹੀਂ ਦਿੱਤੀ, ਸਾਡੇ ਕੋਲ ਤਾਂ ਹੈ। (ਵਿਘਨ) ਬਾਕੀ ਅੰਗਰੇਜ਼ੀ ਦੇ ਵਿੱਚ ਕਿਉਂ ਬੋਲਦੇ

Original with;
Punjab Vidhan Sabha
Digitized by;
Panjab Digital Library

ਹਨ। ਇਨ੍ਹਾਂ ਨੂੰ ਕੀ ਤਕਲੀਫ ਹੈ ? ਬਾਕੀ, ਮੰਤਰੀ ਜੀ ਬੜੇ ਬੋਲਦੇ ਹਨ, ਇਹ ਆਪਣੇ ਕੁਐਸਚਨ ਵੇਲੇ ਬੋਲਣ।

**ਸ੍ਰੀ ਸਪੀਕਰ:** ਹਾਂ ਜੀ, ਮੰਤਰੀ ਜੀ।

**ਰਾਜ ਮੰਤਰੀ:** ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਕਰਨ, ਮੈਂ ਜਵਾਬ ਦੇ ਦੇਵਾਂਗਾ। ਮੈਂ ਜਵਾਬ ਦੇਣ ਨੂੰ ਖੜ੍ਹਾ ਹਾਂ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ:** ਇਹ ਪੰਜਾਬੀ ਵਿੱਚ ਜਵਾਬ ਦੇਣ। ਇਨ੍ਹਾਂ ਕੋਲ ਕਾਪੀ ਹੋਣੀ ਹੈ ਜਾਂ ਤੁਸੀਂ ਦੇ ਦਿਉ। ਮਾਨਯੋਗ ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਸੈਕ੍ਰੇਟੇਰੀਏਟ ਵਿੱਚ ਪੰਜਾਬੀ ਲਾਗੂ ਕੀਤੀ ਗਈ ਹੈ। ਇਥੇ ਇਹ ਗੱਲ ਅਨਾਊਂਸ ਕੀਤੀ ਹੈ। ਵਿਧਾਨ ਸਭਾ ਵਿੱਚ ਸੀ.ਐਮ. ਸਾਹਿਬ ਪੰਜਾਬੀ ਲਾਗੂ ਨਹੀਂ ਕਰਵਾ ਰਹੇ। ਕੀ ਗੱਲ ਹੈ ? ਇਨ੍ਹਾਂ ਨਾਲ ਵੱਖਰਾ ਟਰਾਂਸਲੇਟਰ ਰੱਖ ਦਿਉ।

**ਸ੍ਰੀ ਸਪੀਕਰ:** ਜਵਾਬ ਤਾਂ ਉਹ ਦੇ ਸਕਦੇ ਹਨ। ਜੇ ਕਹੋ ਤਾਂ ਪੰਜਾਬੀ ਵਿੱਚ ਜਵਾਬ ਦੇ ਦੇਣਗੇ। ਹਾਂ ਜੀ। ਰੂਰਲ ਡਿਵੈਲਪਮੈਂਟ ਮਨਿਸਟਰ ਸਾਹਿਬ।

**ਰਾਜ ਮੰਤਰੀ:** (ੳ) 433.

(ਅ) 380 ਪੰਚਾਇਤਾਂ ਨੂੰ ਸਾਂਝੀਆਂ ਪੰਚਾਇਤਾਂ ਵਲੋਂ ਆਮਦਨ ਵਿਚੋਂ ਉਨ੍ਹਾਂ ਦਾ ਬਣਦਾ ਹਿੱਸਾ ਦਿੱਤਾ ਗਿਆ ਹੈ ਜਦ ਕਿ 53 ਪੰਚਾਇਤਾਂ ਨੂੰ ਹਿੱਸਾ ਨਹੀਂ ਦਿੱਤਾ ਗਿਆ, ਜਿਨ੍ਹਾਂ ਦੇ ਕਾਰਨ ਇਹ ਹਨ :—

(1) ਮੁੱਖ ਪੰਚਾਇਤਾਂ ਨੂੰ ਆਮਦਨ ਨਾ ਹੋਣ ਕਰਕੇ 46 ਪੰਚਾਇਤਾਂ ਨੂੰ ਹਿੱਸਾ ਨਹੀਂ ਦਿੱਤਾ ਗਿਆ।

(2) 2 ਪੰਚਾਇਤਾਂ ਦੇ ਕੇਸ ਅਦਾਲਤਾਂ ਵਿੱਚ ਚਲਦੇ ਹਨ।

(3) ਇਕ ਪੰਚਾਇਤ ਦੀ ਚੋਣ ਬਾਰੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਚਲਦੀ ਹੋਣ ਕਰਕੇ ਚੋਣ ਨਤੀਜੇ ਦਾ ਐਲਾਨ ਦੇਰ ਨਾਲ ਹੋਇਆ।

(4) 4 ਪੰਚਾਇਤਾਂ ਦਾ ਆਪਸੀ ਝਗੜਾ ਹੈ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ:** ਸਪੀਕਰ ਸਾਹਿਬ, 1992 ਵਿੱਚ ਇਕੋ ਹੀ ਹਦਬਸਤ ਨੰਬਰ ਵਾਲੀਆਂ ਪੰਚਾਇਤਾਂ ਪਿੰਡਾਂ ਵਿੱਚ ਨਵੀਆਂ ਬਣਾਈਆਂ ਗਈਆਂ ਹਨ, ਜ਼ੀਰੇ ਹਲਕੇ ਵਿੱਚ ਬਾਬੇ ਗੁਰਮੁਖੇ ਪਿੰਡ ਅਤੇ ਬੂਟੇਵਾਲਾ ਪਿੰਡ ਦੀਆਂ ਵੱਖ ਵੱਖ ਪੰਚਾਇਤਾਂ ਬਣਾਈਆਂ ਗਈਆਂ ਹਨ ਬੂਟੇਵਾਲਾਂ ਪਿੰਡ ਦੀ ਜ਼ਮੀਨ 1993 ਵਿੱਚ ਨੀਲਾਮ ਹੋਈ ਜਿਸ ਵਿੱਚ ਉਸ ਦਾ ਹਿੱਸਾ 43

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਹਜ਼ਾਰ ਰੁਪਿਆ ਬਣਦਾ ਹੈ ਜੋ ਹਾਲੇ ਤਕ ਨਹੀਂ ਦਿੱਤਾ ਗਿਆ, ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਕਿਉਂ ਨਹੀਂ ਦਿੱਤਾ ਗਿਆ ?

**ਰਾਜ ਮੰਤਰੀ :** ਸਪੀਕਰ ਸਾਹਿਬ, ਪੰਚਾਇਤ ਨੂੰ ਲਿਖ ਕੇ ਭੇਜਣਾ ਪੈਂਦਾ ਹੈ। ਕਾਨੂੰਨ ਦੇ ਵਿੱਚ ਇਕ ਧਾਰਾ ਹੈ ਜਿਸ ਮੁਤਾਬਿਕ ਪੰਚਾਇਤ ਨੂੰ ਲਿਖਕੇ ਦੇਣਾ ਪੈਂਦਾ ਹੈ, ਚਾਹੇ ਡੀ.ਸੀ. ਨੂੰ ਲਿਖ ਕੇ ਦੇਵੇ ਚਾਹੇ ਸਰਕਾਰ ਨੂੰ ਕਿ ਮੇਰਾ ਇਤਨਾ ਹਿੱਸਾ ਬਣਦਾ ਹੈ ਮੈਨੂੰ ਦਿੱਤਾ ਜਾਵੇ। ਪੰਚਾਇਤ ਨੂੰ ਆਪਣਾ ਹਿੱਸਾ ਮੰਗਣਾ ਪੈਂਦਾ ਹੈ, ਜੇ ਕੋਈ ਲਿਖ ਕੇ ਨਹੀਂ ਦਿੰਦਾ ਤਾਂ ਅਸੀਂ ਉਸ ਦੇ ਵਿੱਚ ਕੁਝ ਨਹੀਂ ਕਰਦੇ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਸਪੀਕਰ ਸਾਹਿਬ, ਪੰਚਾਇਤ ਨੇ ਡੀ.ਸੀ. ਨੂੰ ਲਿਖ ਕੇ ਦਿੱਤਾ ਹੈ ਕਿ ਸਾਨੂੰ ਪੈਸੇ ਦਿੱਤੇ ਜਾਣ। ਉਨ੍ਹਾਂ ਨੇ ਵਾਇਦਾ ਵੀ ਕੀਤਾ ਹੈ ਕਿ ਪੈਸੇ ਦਿੱਤੇ ਜਾਣਗੇ ਪਰ ਦਿੱਤੇ ਨਹੀਂ ਗਏ। ਸਰਕਾਰ ਨੂੰ ਵੀ ਉਨ੍ਹਾਂ ਨੇ ਲਿਖ ਕੇ ਦਿੱਤਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਪੈਸੇ ਦੇ ਦਿੱਤੇ ਹਨ ਜਦ ਕਿ ਦਿੱਤੇ ਨਹੀਂ ਗਏ। ਕੀ ਮਨਿਸਟਰ ਸਾਹਿਬ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਜਿਨ੍ਹਾਂ ਅਫ਼ਸਰਾਂ ਨੇ ਗਲਤ ਰਿਪੋਰਟ ਕੀਤੀ ਹੈ ਉਨ੍ਹਾਂ ਦੇ ਖਿਲਾਫ਼ ਕਾਰਵਾਈ ਕਰਨਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਲਿਖ ਕੇ ਦੇ ਦੇਣ, ਮੈਂ ਇਨਕੁਆਇਰੀ ਕਰਵਾ ਲਵਾਂਗਾ।

**ਸ੍ਰੀ ਸਪੀਕਰ :** ਉਨ੍ਹਾਂ ਨੇ ਪੁੱਛਿਆ ਹੈ ਕਿ ਜਿਨ੍ਹਾਂ ਅਫ਼ਸਰਾਂ ਨੇ ਗਲਤ ਰਿਪੋਰਟ ਕੀਤੀ ਹੈ ਉਨ੍ਹਾਂ ਦੇ ਖਿਲਾਫ਼ ਐਕਸ਼ਨ ਲਉਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਹ ਲਿਖ ਕੇ ਦੇ ਦੇਣ, ਉਸ ਦੇ ਬਾਅਦ ਇਨਕੁਆਇਰੀ ਕਰਵਾਕੇ ਹੀ ਪਤਾ ਲਗੇਗਾ।

**ਸ੍ਰੀ ਹੰਸ ਰਾਜ ਜੋਸਨ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਦੱਸਿਆ ਹੈ ਕਿ ਕੁਝ ਪਿੰਡਾਂ ਦੀਆਂ ਪੰਚਾਇਤਾਂ ਨਵੀਆਂ ਬਣਾਈਆਂ ਗਈਆਂ ਹਨ, ਜਿਥੇ ਨਵੀਆਂ ਪੰਚਾਇਤਾਂ ਬਣੀਆਂ ਹਨ, ਕੀ ਉਥੇ ਨੰਬਰਦਾਰ ਵੀ ਨਵੇਂ ਬਣਾਏ ਜਾਣਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਦੇ ਵਾਸਤੇ ਇਹ ਵੱਖਰਾ ਨੋਟਿਸ ਦੇ ਦੇਣ, ਜਵਾਬ ਦੇ ਦੇਵਾਂਗਾ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਹਦਾਇਤਾਂ ਜਾਰੀ ਕਰਨਗੇ ਕਿ ਜਿਨ੍ਹਾਂ ਪੰਚਾਇਤਾਂ ਦਾ ਹਿੱਸਾ ਬਣਦਾ ਹੈ ਅਤੇ ਉਸ ਦੇ ਲਈ ਉਨ੍ਹਾਂ ਨੇ ਮੰਗ ਕੀਤੀ ਹੈ, ਲਿਖ ਕੇ ਦਿੱਤਾ ਹੈ ਕਿ ਸਾਡਾ ਹਿੱਸਾ ਸਾਨੂੰ ਦਿੱਤਾ ਜਾਵੇ, ਕੀ ਉਨ੍ਹਾਂ ਨੂੰ ਪੈਸੇ ਦਿੱਤੇ ਜਾਣਗੇ ? ਕੀ ਮਨਿਸਟਰ ਸਾਹਿਬ ਇਸ ਗੱਲ ਦਾ ਵਿਸ਼ਵਾਸ ਦਿਵਾਉਣਗੇ ਕਿ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ**: ਆਲਰੈਡੀ ਇਸ ਦੇ ਲਈ ਕਾਨੂੰਨ ਹੈ। ਨਵੀਆਂ ਡਾਇਰੈਕਸ਼ਨਜ਼ ਦਾ ਕੋਈ ਮਤਲਬ ਹੀ ਨਹੀਂ ਹੈ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ**: ਪੈਸੇ ਦੇ ਨਹੀਂ ਰਹੇ ਜੀ।

**ਸ੍ਰੀ ਸਪੀਕਰ**: ਜਿਹੜੇ ਨਹੀਂ ਦੇ ਰਹੇ, ਉਸ ਦੇ ਲਈ ਲਿੱਖ ਕੇ ਦੇਣਾ, ਉਸ ਤੇ ਇਹ ਐਕਸ਼ਨ ਲੈਣਗੇ।

**ਸ੍ਰੀ ਰਮੇਸ਼ ਦੱਤ ਸ਼ਰਮਾ**: ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੰਚਾਇਤਾਂ ਨਵੀਆਂ ਹਨ ਜਿਨ੍ਹਾਂ ਦੀ ਹੱਦਬਸਤ ਇਕੋ ਹੈ ਉਨ੍ਹਾਂ ਦੀ ਪ੍ਰਾਪਰਟੀ ਦੀ ਵੰਡ ਏਰੀਏ ਦੇ ਆਧਾਰ ਤੇ ਕੀਤੀ ਗਈ ਹੈ ਜਾਂ ਪਾਪੂਲੇਸ਼ਨ ਦੇ ਅਧਾਰ ਤੇ ਕੀਤੀ ਗਈ ਹੈ ?

ਦੂਸਰਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ................

**ਸ੍ਰੀ ਸਪੀਕਰ**: ਇਕ ਟਾਈਮ ਵਿੱਚ ਇਕ ਸਵਾਲ।

**ਸ੍ਰੀ ਰਮੇਸ਼ ਦੱਤ ਸ਼ਰਮਾ**: ਇਕੱਠਾ ਹੀ ਹੈ ਜੀ। ਇਕੱਠਾ ਜਵਾਬ ਦੇ ਦੇਣਗੇ। ਆਮਦਨ ਦੇ ਜਿਹੜੇ ਪੈਸੇ ਵੰਡਣੇ ਹਨ, ਜਿਹੜੀਆਂ ਪੁਰਾਣੀਆਂ ਗਰਾਂਟਸ ਪਈਆਂ ਸਨ ਪੰਚਾਇਤਾਂ ਕੋਲ ਅਤੇ ਹੁਣ ਜੋ ਉਨ੍ਹਾਂ ਦੇ ਹਿੱਸੇ ਵਿੱਚ ਆਉਂਦਾ ਹੈ ਉਹ ਉਨ੍ਹਾਂ ਨੂੰ ਕਿਸ ਹਿਸਾਬ ਨਾਲ ਦਿਵਾਇਆ ਗਿਆ ਹੈ ?

**ਰਾਜ ਮੰਤਰੀ**: ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਦਾ ਪਹਿਲਾ ਸਵਾਲ ਹੈ ਕਿ ਏਰੀਏ ਦੇ ਆਧਾਰ ਤੇ ਵੰਡ ਕੀਤੀ ਗਈ ਹੈ ਜਾਂ ਪਾਪੂਲੇਸ਼ਨ ਦੇ ਆਧਾਰ ਤੇ ਕੀਤੀ ਗਈ ਹੈ, ਉਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਾਪੂਲੇਸ਼ਨ ਦੇ ਆਧਾਰ ਤੇ ਵੰਡੀਆਂ ਗਈਆਂ ਹਨ।

**ਸ੍ਰੀ ਰਮੇਸ਼ ਦੱਤ ਸ਼ਰਮਾ**: ਆਮਦਨ ਕਿਸ ਹਿਸਾਬ ਨਾਲ ਵੰਡਣੀ ਹੈ, ਕੀ ਆਮਦਨ ਵੀ ਪਾਪੂਲੇਸ਼ਨ ਦੇ ਆਧਾਰ ਤੇ ਵੰਡਣੀ ਹੈ ? (ਵਿਘਨ) ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਜਾਇਦਾਦ ਦੀ ਵੰਡ ਕਰਨੀ ਹੈ ਆਮਦਨ ਦੀ ਵੰਡ ਕਰਨੀ ਹੈ, ਜਿਹੜੀ ਪਿਛਲੀ ਆਮਦਨ ਦੀ ਵੰਡ ਕਰਨੀ ਹੈ ਉਹ ਕਿਸ ਆਧਾਰ ਤੇ ਵੰਡਣੀ ਹੈ, ਏਰੀਏ ਦੇ ਆਧਾਰ ਤੇ ਜਾਂ ਪਾਪੂਲੇਸ਼ਨ ਦੇ ਆਧਾਰ ਤੇ ? ਜੋ ਗਰਾਂਟ ਦਿੱਤੀ ਜਾਂਦੀ ਹੈ ਉਹ ਵੀ ਇਸੇ ਆਧਾਰ ਤੇ ਵੰਡੀਆਂ ਗਈਆਂ ਹਨ ਜਾਂ ਕਿਸ ਅਧਾਰ ਤੇ ?

**ਰਾਜ ਮੰਤਰੀ**: ਸਪੀਕਰ ਸਾਹਿਬ, ਆਬਾਦੀ ਦੇ ਹਿਸਾਬ ਨਾਲ ਵੰਡੀ ਗਈ ਜੇ ਕਿਸੇ ਜਗ੍ਹਾ ਵੰਡ ਵਿਚ ਝਗੜਾ ਹੋਵੇ ਤਾਂ ਇਕ ਕਲਾਜ਼ ਹੈ ਉਸ ਮੁਤਾਬਿਕ ਇਹ ਡੀ.ਸੀ. ਸਾਹਿਬ ਕੋਲ ਚਲੇ ਜਾਣ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਕਿਥੇ ਜਾਣ ਜਾਂ ਨਾ ਜਾਣ, ਤੁਸੀਂ ਇਹ ਦਸੋ ਕਿ ਆਬਾਦੀ ਦੇ ਹਿਸਾਬ ਨਾਲ ਵੰਡ ਕੀਤੀ ਜਾਂਦੀ ਹੈ। ਅਗਲਾ ਸਵਾਲ

---

### ਦਿਹਾਤੀ ਵਿਕਾਸ ਸਕੀਮਾਂ ਲਈ ਫੰਡ ਦੇਣਾ

*1860. **ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲਾਂ 1992-93 ਅਤੇ 1993-94 ਦੇ ਦੌਰਾਨ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਵੱਖ ਵੱਖ ਵਿਕਾਸ ਮੰਤਵਾਂ ਲਈ ਹਰ ਇਕ ਪੰਚਾਇਤ ਨੂੰ ਬਲਾਕਵਾਰ ਕਿੰਨੀ ਕਿੰਨੀ ਐਲੋਕੇਟ ਕੀਤੀ ਗਈ ?

**Master Jagir Singh :** *Statement is laid on the Table of the House.

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਬਲਾਕਾਂ ਵਿਚ ਰਕਮ ਰਖਣ ਦਾ ਕਰਾਈਟੇਰੀਆ ਕੀ ਹੈ ?

**ਰਾਜ ਮੰਤਰੀ:** ਸਪੀਕਰ ਸਾਹਿਬ, ਕੱਲ ਮੈਂ ਅੱਧਾ ਘੰਟਾ ਲਾ ਕੇ ਹਾਊਸ ਵਿਚ ਇਹ ਸਾਰਾ ਕਰਾਈਟੇਰੀਆ ਦਸਿਆ ਸੀ। ਜਿਤਨਾ ਵੱਡਾ ਕੱਲ ਬਿਲ ਪੇਸ਼ ਕੀਤਾ ਸੀ ਉਤਨੀ ਵਡੀ ਅੱਜ ਵੀ ਜਵਾਬ ਵਿਚ ਇਨਫਰਮੇਸ਼ਨ ਦਿੱਤੀ ਹੈ, ਮੇਰਾ ਖਿਆਲ ਹੈ ਕਿ ਇਸ ਨੂੰ ਪੜ੍ਹਨ ਲਗਿਆਂ ਘੰਟਾ ਲਗ ਜਾਵੇਗਾ। ਇਸ ਲਈ ਇਹ ਆਪ ਪੜ੍ਹ ਲੈਣ।

**ਸ੍ਰੀ ਸਪੀਕਰ :** ਤੁਸੀਂ ਸਿਰਫ਼ ਜਵਾਬ ਦਿਓ ਕਿ ਕਰਾਈਟੇਰੀਆ ਕੀ ਹੈ ?

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ :** ਸਪੀਕਰ ਸਾਹਿਬ, ਮੰਤਰੀ ਸਾਹਿਬ ਦਾ ਜਵਾਬ ਦੇਣ ਦਾ ਤਰੀਕਾ ਠੀਕ ਨਹੀਂ। ਕੱਲ ਦਾ ਕੁਐਸਚਨ ਕੱਲ ਨਾਲ ਸੀ। ਅੱਜ ਮੈਂ ਜੋ ਅੰਮ੍ਰਿਤਸਰ ਜ਼ਿਲ੍ਹੇ ਬਾਰੇ ਸਵਾਲ ਪੁਛਿਆ ਹੈ ਉਸ ਦਾ ਜਵਾਬ ਦਿੱਤਾ ਹੈ। ਇਨ੍ਹਾਂ ਦੋਨਾਂ ਰਕਮਾਂ ਵਿਚ ਕਾਫੀ ਫ਼ਰਕ ਹੈ। ਮੈਂ ਪੁਛਦਾ ਹਾਂ ਕਿ ਕੀ ਇਹ ਰਕਮ ਸਿਆਸੀ ਤੌਰ ਤੇ ਰੱਖੀ ਗਈ ਹੈ ਜਾਂ ਕੋਈ ਅਸੂਲੀ ਤੌਰ ਤੇ ਰੱਖੀ ਜਾਂਦੀ ਹੈ ?

**ਸ੍ਰੀ ਸਪੀਕਰ :** ਰਕਮ ਕੋਈ ਸਿਆਸੀ ਤੌਰ ਤੇ ਨਹੀਂ ਹੁੰਦੀ। ਮੰਤਰੀ ਜੀ ਨੂੰ ਐਵੇਂ ਨਾ ਤੰਗ ਕਰੋ।

**ਰਾਜ ਮੰਤਰੀ :** ਸਪੀਕਰ ਸਾਹਿਬ, ਜਵਾਬ ਤਾਂ ਕਲੀਅਰ ਦਿੱਤਾ ਹੋਇਆ ਹੈ ** **

---

*Placed in the Library.

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ:** ਸਪੀਕਰ ਸਾਹਿਬ, ਇਹ ਜਵਾਬ ਦੇਣ। ਇਸ ਤਰ੍ਹਾਂ ਪਰਸਨਲ ਅਟੈਕ ਕਰਨਾ, ਇਹ ਹਾਊਸ ਦੀ ਤੌਹੀਨ ਹੈ। ਮੈਂ ਲੋਕਤੰਤਰ ਪ੍ਰਣਾਲੀ ਰਾਹੀਂ ਜਨਤਾ ਤੋਂ ਚੁਣ ਕੇ ਇਥੇ ਆਇਆ ਹਾਂ। ਹਾਊਸ ਵਿਚ ਇਸ ਤਰ੍ਹਾਂ ਕਹਿਣਾ ਠੀਕ ਨਹੀਂ ਹੈ। ਇਹ ਐਸਪਰਸ਼ਨ ਹੈ।

**ਸ੍ਰੀ ਸਪੀਕਰ:** ਕੋਈ ਐਸਪਰਸ਼ਨ ਨਹੀਂ ਕੀਤਾ। (ਵਿਘਨ)

**ਰਾਜ ਮੰਤਰੀ:** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ ਕਿ ਸਾਲ 1992-93/1993-94 ਦੌਰਾਨ ਵੱਖ ਵੱਖ ਵਿਕਾਸ ਸਕੀਮਾਂ ਅਧੀਨ ਫੰਡਜ਼ ਰਲੀਜ਼ ਕੀਤੇ ਗਏ ਹਨ।

ਸੀ.ਡੀ. 2.6 ਉਨਤ ਗਰਾਮ ਸਕੀਮ ਅਧੀਨ 348.39 ਲੱਖ ਰੁਪਏ 504 ਪਿੰਡਾਂ ਨੂੰ ਰਿਲੀਜ਼ ਕੀਤੇ ਗਏ ਸਨ। ਇਹ ਗਲੀਆਂ ਔਰ ਨਾਲੀਆਂ ਤੇ ਖਰਚ ਕਰਨਾ ਸੀ। ਫਿਰ 365 ਲੱਖ ਰੁਪਏ 405 ਪਿੰਡਾਂ ਲਈ ਦਿਹਾਤੀ ਵਿਕਾਸ ਫੰਡਾਂ ਵਿਚੋਂ ਇਸ ਕੰਮ ਲਈ ਉਪਲਬਧ ਰੱਖੇ ਗਏ ਸਨ। ਫਿਰ ਸਾਲ 1993-94 ਦੌਰਾਨ 326.85 ਲੱਖ ਰੁਪਏ 516 ਪਿੰਡਾਂ ਨੂੰ ਕਵਰ ਕਰਨ ਲਈ ਰਾਜ ਹਿੱਸੇ ਵਿਚੋਂ ਰਲੀਜ਼ ਕੀਤੇ ਗਏ ਸਨ ਅਤੇ 505.20 ਲੱਖ ਰੁਪਏ 749 ਪਿੰਡਾਂ ਨੂੰ ਕਵਰ ਕਰਨ ਲਈ ਦਿਹਾਤੀ ਵਿਕਾਸ ਫੰਡਾਂ ਵਿਚੋਂ ਰਲੀਜ਼ ਕੀਤੇ ਗਏ ਸਨ।

ਫਿਰ ਸੀ.ਡੀ. 2.5 ਆਰ.ਈ.ਐਸ. ਸਕੀਮ ਅਧੀਨ ਪੰਚਾਇਤਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ 14.54 ਲੱਖ ਰੁਪਏ ਕਰਜ਼ੇ ਵਜੋਂ 21 ਪੰਚਾਇਤੀ ਰਾਜ ਸੰਸਥਾਵਾਂ ਨੂੰ ਸਾਲ 1992-93 ਦੌਰਾਨ ਰਲੀਜ਼ ਕੀਤੇ ਗਏ ਸਨ। ਸਾਲ 1993-94 ਦੌਰਾਨ ਇਸ ਸਕੀਮ ਅਧੀਨ ਕੋਈ ਰਕਮ ਰਲੀਜ਼ ਨਹੀਂ ਕੀਤੀ ਗਈ।

ਫਿਰ ਸੀ.ਡੀ.2.7 ਪੰਚਾਇਤ ਘਰ ਸਕੀਮ ਅਧੀਨ ਪੰਚਾਇਤਾਂ ਨੂੰ ਪੰਚਾਇਤ ਘਰ ਅਤੇ ਕਮਿਊਨਿਟੀ ਸੈਂਟਰ ਬਣਾਉਣ ਲਈ ਇਸ ਸਕੀਮ ਅਧੀਨ ਸਹਾਇਤਾ ਦਿੱਤੀ ਜਾਂਦੀ ਹੈ। ਸਾਲ 1992-93 ਦੌਰਾਨ 21 ਲੱਖ ਰੁਪਏ 23 ਪੰਚਾਇਤਾਂ ਨੂੰ ਦੇਣ ਲਈ ਜ਼ਿਲ੍ਹਾ ਅੰਮ੍ਰਿਤਸਰ ਨੂੰ ਮੁਹੱਈਆ ਕੀਤੇ ਗਏ ਸਨ। ਸਾਲ 1993-94 ਦੌਰਾਨ 13 ਲੱਖ ਰੁਪਏ 11 ਪੰਚਾਇਤਾਂ ਨੂੰ ਲਾਭ ਪਹੁੰਚਾਉਣ ਲਈ ਇਸ ਸਕੀਮ ਅਧੀਨ ਰਲੀਜ਼ ਕੀਤੇ ਗਏ ਹਨ। (ਵਿਘਨ) ਇਹ 12 ਪੰਚਾਇਤਾਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਹਨ। ਨੰਬਰ: 4 ਸੀ. ਐਂਡ ਡੀ. ਵਿਚ 2.8 ਪ੍ਰਤੀਸ਼ਤ ਗ੍ਰਾਂਟ ਮੈਚਿੰਗ ਦਿੱਤੀ ਗਈ ਹੈ, ਜੋ ਡਿਵੈਲਪਮੈਂਟ ਵਰਕ ਵਾਸਤੇ ਦਿੱਤੀ ਗਈ ਇਹ 6.8 ਪ੍ਰਤੀਸ਼ਤ ਹੈ। ਸਪੀਕਰ ਸਾਹਿਬ, ਅਗਰ ਹੁਕਮ ਹੋਏ ਤਾਂ ਮੈਂ ਸਾਰੀ ਡੀਟੇਲ ਪੜ੍ਹ ਦਿੰਦਾ ਹਾਂ। ਇਸ ਨੂੰ ਇਕ ਘੰਟਾ ਲਗੇਗਾ।

**ਸ੍ਰੀ ਸਪੀਕਰ:** ਉਨ੍ਹਾਂ ਨੇ ਡੀਟੇਲ ਨਹੀਂ ਪੁੱਛੀ, ਫੰਡਜ਼ ਦੀ ਡਿਵੀਜ਼ਨ ਬਾਰੇ ਪੁਛਿਆ ਹੈ।

**ਰਾਜ ਮੰਤਰੀ:** ਸਪੀਕਰ ਸਾਹਿਬ, ਪਲੈਨਿੰਗ ਡਿਪਾਰਟਮੈਂਟ ਬਣਿਆ ਹੋਇਆ ਹੈ ਅਤੇ ਡਿਸਟ੍ਰਿਕਟ ਡਿਵੈਲਪਮੈਂਟ ਬੋਰਡ ਬਣੇ ਹੋਏ ਹਨ ਜਿਹੜੇ ਫੰਡਜ਼ ਦੀ ਵੰਡ ਕਰਦੇ ਹਨ। ਮੈਂ ਡਿਸਟ੍ਰਿਕਟ ਡਿਵੈਲਪਮੈਂਟ ਬੋਰਡ ਦਾ ਮੈਂਬਰ ਨਹੀਂ ਹਾਂ, ਇਹ ਉਸ ਦੇ ਮੈਂਬਰ ਹਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁਖਦੇਵ ਸਿੰਘ ਸ਼ਾਹਬਾਜ਼ਪੁਰੀ:** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਹੜਾ ਇਥੇ ਹਾਊਸ ਵਿਚ ਕਿਹਾ ਹੈ ਕਿ ** ** ਇਹ ਮੇਰੇ ਉਤੇ ਐਸਪਰਸ਼ਨ ਕੀਤੀ ਗਈ ਹੈ। ਇਸ ਲਈ ਇਹ ਲਫਜ਼ ਐਕਸਪੰਜ ਕੀਤੇ ਜਾਣੇ ਚਾਹੀਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਨੇ ਆਪਣੇ ਹਲਕੇ ਵਿਚ ਬਹੁਤ ਜ਼ਿਆਦਾ ਫੰਡਜ਼ ਦਿੱਤੇ ਹਨ ਜਦ ਕਿ ਮੇਰੇ ਹਲਕੇ ਵਿਚ ਬਹੁਤ ਹੀ ਘੱਟ ਫੰਡਜ਼ ਦਿੱਤੇ ਗਏ ਹਨ। ਇਸ ਦਾ ਕੀ ਕਾਰਣ ਹੈ?

**ਸ਼੍ਰੀ ਸਪੀਕਰ:** ਇਹ ਸਾਰੇ ਲਫਜ਼ ਐਕਸਪੰਜਡ ਹਨ। ਮਨਿਸਟਰ ਸਾਹਿਬ ਤੁਸੀਂ ਇਨ੍ਹਾਂ ਨੂੰ ਕਲੀਅਰ ਕਰ ਦੇਣਾ।

---

## Postponed Starred Question No. 1885*

**Mr. Speaker** : Extension has been asked for in respect of Postponed Starred Question No. 1885.

---

## ਸਿੰਗਲ ਟੀਚਰ ਸਕੂਲਾਂ ਵਿਚ ਹੋਰ ਅਧਿਆਪਕ ਲਗਾਉਣਾ

*1898. (1) **ਸ਼੍ਰੀ ਭਗਵਾਨ ਦਾਸ ਅਰੋੜਾ**
(2) **ਸਰਦਾਰ ਦਰਸ਼ਨ ਸਿੰਘ ਬਰਾੜ**
(3) **ਸਰਦਾਰ ਹਰਮਿੰਦਰ ਸਿੰਘ ਜੱਸੀ**
: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 31 ਦਸੰਬਰ, 1993 ਨੂੰ ਰਾਜ ਵਿਚ ਸਿੰਗਲ ਟੀਚਰ ਸਕੂਲਾਂ ਦੀ ਗਿਣਤੀ ਕਿੰਨੀ ਸੀ;

(ਅ) ਕੀ ਉਕਤ ਸਕੂਲਾਂ ਵਿਚ ਹੋਰ ਅਧਿਆਪਕ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ?

**ਸਰਦਾਰ ਲਖਮੀਰ ਸਿੰਘ ਰੰਧਾਵਾ:** (ੳ) ਅਜਿਹੇ ਸਕੂਲਾਂ ਦੀ ਗਿਣਤੀ 140 ਹੈ।

(ਅ) ਹਾਂ ਜੀ, 110 ਸਕੂਲਾਂ ਵਿੱਚ ਨਵੀਆਂ ਆਸਾਮੀਆਂ ਦੀ ਰਚਨਾ ਕਰਕੇ ਅਧਿਆਪਕ ਦਿੱਤੇ ਜਾ ਰਹੇ ਹਨ ਅਤੇ ਬਾਕੀ ਦੇ 30 ਸਕੂਲਾਂ ਵਿੱਚ ਮੌਜੂਦਾ ਅਧਿਆਪਕਾਂ ਦੀ ਰੇਸ਼ਨਲਾਈਜ਼ੇਸ਼ਨ ਕਰਕੇ ਅਧਿਆਪਕ ਦਿੱਤੇ ਜਾ ਰਹੇ ਹਨ।

**ਸ਼੍ਰੀ ਭਗਵਾਨ ਦਾਸ ਅਰੋੜਾ:** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ 110 ਸਕੂਲਾਂ ਦੇ ਵਿਚ ਜਿਹੜੀਆਂ ਆਸਾਮੀਆਂ ਖਾਲੀ ਪਈਆਂ ਹਨ ਇਨ੍ਹਾਂ ਨੂੰ ਭਰਿਆ ਜਾਵੇਗਾ ਮੈਂ ਪੁੱਛਣਾ

---

**Expunged as order by the Chair.

*For Postponed Starred Question No. 1885 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

ਚਾਹੁੰਦਾ ਹਾਂ ਕਿ ਕੀ ਇਹ ਹਾਊਸ ਵਿਚ ਯਕੀਨ ਦਿਵਾਉਣਗੇ ਕਿ ਇਸ ਮਹੀਨੇ ਦੇ ਅੰਤ ਤੱਕ ਅਰਥਾਤ ਅਪਰੈਲ ਵਿਚ ਹੀ ਇਹ ਆਸਾਮੀਆਂ ਭਰ ਦਿੱਤੀਆਂ ਜਾਣਗੀਆਂ ਕਿਉਂਕਿ ਨਵਾਂ ਸੈਸ਼ਨ ਸ਼ੁਰੂ ਹੋ ਰਿਹਾ ਹੈ ਔਰ ਬੱਚਿਆਂ ਦੀ ਪੜ੍ਹਾਈ ਖਰਾਬ ਨਾ ਹੋਵੇ,

**ਮੰਤਰੀ;** ਸਪੀਕਰ ਸਾਹਿਬ, ਐਜੂਕੇਸ਼ਨ ਡਿਪਾਰਟਮੈਂਟ ਨੇ 31 ਮਈ, 1994 ਡੇਟ ਰੱਖੀ ਹੋਈ ਹੈ ਇਸ ਦੌਰਾਨ ਅਸੀਂ ਨਵੀਆਂ ਨਿਯੁਕਤੀਆਂ ਅਤੇ ਨਵੀਆਂ ਆਸਾਮੀਆਂ ਤੇ ਟੀਚਰਜ਼ ਲਗਾ ਦੇਵਾਂਗੇ।

———

## ਲਿੰਕ/ਪਹੁੰਚ ਸੜਕਾਂ ਦੀ ਮੁਰੰਮਤ

*1758. (1) **ਸ੍ਰੀ ਰਮਨ ਕੁਮਾਰ ਭੱਲਾ**
(2) **ਸ੍ਰੀ ਰਮੇਸ਼ ਦੱਤ ਸ਼ਰਮਾ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ

ਕਿ ਪਿਛਲੇ ਤਿੰਨ ਸਾਲਾਂ ਦੇ ਦੌਰਾਨ ਰਾਜ ਵਿਚ ਲਿੰਕ/ਪਹੁੰਚ ਸੜਕਾਂ ਦੀ ਮੁਰੰਮਤ ਤੇ ਸਾਲ-ਵਾਰ ਕੁੱਲ ਕਿੰਨੀ ਰਕਮ ਮਨਜ਼ੂਰ/ਖਰਚ ਕੀਤੀ ਗਈ?

**ਸਰਦਾਰ ਗੁਲਜ਼ਾਰ ਸਿੰਘ (ਰਾਜ ਮੰਤਰੀ, ਲੋਕ ਨਿਰਮਾਣ,ਭਵਨ ਅਤੇ ਮਾਰਗ) :** ਸਾਲਵਾਰ ਖਰਚੇ ਦਾ ਵੇਰਵਾ ਹੇਠ ਅਨੁਸਾਰ ਹੈ:—

| ਲੜੀ ਨੰ: | ਸਾਲ | | ਖਰਚਾ (ਲੱਖਾਂ ਵਿਚ) |
|---|---|---|---|
| 1 | 1991-92 | .. | 8122.00 |
| 2 | 1992-93 | | 7210.00 |
| 3 | 1993-94 (1 ਅਪਰੈਲ, 1993 ਤੋਂ 28 ਫਰਵਰੀ, 1994) | .. | 8288.00 |

**ਸ੍ਰੀ ਰਮੇਸ਼ ਦੱਤ ਸ਼ਰਮਾ :** ਸਪੀਕਰ ਸਾਹਿਬ, ਮੈਂ ਸਰਕਾਰ ਦਾ ਇਸ ਗੱਲ ਲਈ ਧੰਨਵਾਦੀ ਹਾਂ ਕਿ ਸਰਕਾਰ ਨੇ ਲਿੰਕ ਰੋਡਜ਼ ਦੀ ਮੁਰੰਮਤ ਕੀਤੀ ਹੈ।

**ਸ੍ਰੀ ਸਪੀਕਰ :** ਤੁਸੀਂ ਧੰਨਵਾਦ ਨਾ ਕਰੋ। ਸਵਾਲ ਪੁੱਛੋ।

**ਸ੍ਰੀ ਰਮੇਸ਼ ਦੱਤ ਸ਼ਰਮਾ :** ਸਪੀਕਰ ਸਾਹਿਬ ਮੈਂ ਰਾਜ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜਿਨ੍ਹਾਂ ਪਿੰਡਾਂ ਦੀਆਂ ਸੜਕਾਂ ਹੱਦਬਸਤ ਤੋਂ ਜੁਦਾ ਸਨ ਉਨ੍ਹਾਂ ਨੂੰ ਲਿੰਕ ਰੋਡਜ਼ ਦੇ ਨਾਲ ਸਰਕਾਰ ਕਦੋਂ ਤੱਕ ਐਪਰੋਚ ਰੋਡ ਨਾਲ ਜੋੜ ਦੇਵੇਗੀ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਸਪੀਕਰ ਸਾਹਿਬ, ਜਿਹੜੀਆਂ ਲਿੰਕ ਰੋਡਜ਼ ਹੱਦਬਸਤ ਦੇ ਨਾਲ ਬਣੀਆਂ ਹੋਈਆਂ ਹਨ ਉਨ੍ਹਾਂ ਨੂੰ ਅਸੀਂ ਇਸ ਸਾਲ ਬਣਾਉਣ ਦਾ ਵਿਚਾਰ ਕਰਾਂਗੇ।

—————

**ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿੱਚ ਪ੍ਰਚੱਲਤ ਬੇਨਿਯਮੀਆਂ ਨੂੰ ਰੋਕਣਾ**

*2002. **ਸਰਦਾਰ ਮਲਕੀਤ ਸਿੰਘ ਬਿਲਾਸਪੁਰ :** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪ੍ਰਾਈਵੇਟ ਸੰਸਥਾਵਾਂ ਦੁਆਰਾ ਚਲਾਏ ਜਾਂਦੇ ਇੰਜੀਨੀਅਰਿੰਗ ਕਾਲਜਾਂ ਵਾਸਤੇ ਆਪਣੇ ਸਟਾਫ ਦੀ ਭਰਤੀ ਅਤੇ ਰਿਜ਼ਰਵੇਸ਼ਨ ਲਈ ਸੇਵਾ ਨਿਯਮਾਂ ਦੇ ਸਬੰਧ ਵਿੱਚ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ; ਜੇਕਰ ਅਜਿਹਾ ਹੋਵੇ, ਤਾਂ ਕੀ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਦਾ ਰਿਹਾ ਹੈ; ਜੇਕਰ ਨਹੀਂ, ਤਾਂ ਉਸ ਦੇ ਕਾਰਣ ਕੀ ਹਨ ?

**ਸਰਦਾਰਨੀ ਰਾਜਿੰਦਰ ਕੌਰ ਭੱਠਲ :** ਨਹੀਂ ਜੀ। ਫਿਰ ਵੀ ਸਰਕਾਰੀ ਸਹਾਇਤਾ ਪ੍ਰਾਪਤ ਨਿਜੀ ਪ੍ਰਬੰਧ ਅਧੀਨ ਇੰਜੀਨੀਅਰਿੰਗ ਕਾਲਜਾਂ ਨੂੰ ਅਨੁਸੂਚਿਤ ਜਾਤੀਆਂ/ਜਨ-ਜਾਤੀਆਂ ਦੀ ਪ੍ਰਤੀਨਿਧਤਾ ਲਈ ਆਪਣੇ ਸੰਵਿਧਾਨ/ਨਿਯਮਾਂ ਵਿਚ ਸਮੁੱਚਾ ਉਪਬੰਧ ਕਰਨਾ ਪੈਂਦਾ ਹੈ। ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿੱਚ ਅਨੁਸੂਚਿਤ ਜਾਤੀਆਂ/ਜਨ-ਜਾਤੀਆਂ ਪ੍ਰਤੀਨਿਧਤਾ ਅਧਿਆਪਕੀ ਅਮਲੇ ਵਿੱਚ 94 ਵਿਚੋਂ 3 ਅਤੇ ਗੈਰ ਅਧਿਆਪਕੀ ਅਮਲੇ ਵਿੱਚ 117 ਵਿਚੋਂ 39 ਹੈ।

**ਸਰਦਾਰ ਮਲਕੀਤ ਸਿੰਘ ਬਿਲਾਸਪੁਰ :** ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਲੁਧਿਆਣਾ ਵਿੱਖੇ ਜੋ ਵੀ ਸਟਾਫ ਦੀ ਭਰਤੀ ਹੋਈ ਹੈ, ਉਹ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੇ ਮੁਤਾਬਿਕ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਦੇ ਬੰਦਿਆਂ ਨੂੰ ਵੈਕੇਂਸੀਆਂ ਜਾਣੀਆਂ ਚਾਹੀਦੀਆਂ ਸਨ ਪਰ ਉਹ ਉਨ੍ਹਾਂ ਨੂੰ ਨਹੀਂ ਦਿਤੀਆਂ ਗਈਆਂ। ਕੀ ਮੰਤਰੀ ਜੀ ਇਸ ਦੇ ਕਾਰਨ ਦੱਸਣਗੇ ; ਜੇਕਰ ਐਸਾ ਹੋ ਰਿਹਾ ਹੈ ਤਾਂ ਉਸ ਨੂੰ ਸਰਕਾਰ ਰੋਕੇਗੀ ?

ਮੰਤਰੀ: ਸਪੀਕਰ ਸਾਹਿਬ, ਦੋ ਤਰ੍ਹਾਂ ਦੇ ਸਟਾਫ ਦੀ ਭਰਤੀ ਹੁੰਦੀ ਹੈ, ਇਕ ਟੀਚਿੰਗ ਅਤੇ ਇਕ ਨਾਨ-ਟੀਚਿੰਗ। ਟੀਚਿੰਗ ਸਟਾਫ ਲਈ ਇਕ ਸੈਪਰੇਟ ਕਮੇਟੀ ਬਣੀ ਹੈ ਜਿਸ ਵਿਚ ਮੈਨੇਜਿੰਗ ਕਮੇਟੀ ਦਾ ਰਿਪਰੈਜ਼ੇਂਟੇਟਿਵ ਹੁੰਦਾ ਹੈ। ਇਕ ਰਿਪਰੈਜ਼ੇਂਟੇਟਿਵ ਪੰਜਾਬ ਗੌਰਮਿੰਟ ਦਾ ਹੁੰਦਾ ਹੈ। ਇਕ ਰਿਪਰੈਜ਼ੇਂਟਿਵ ਸੈਂਟਰਲ ਗੌਰਮਿੰਟ ਦਾ ਹੁੰਦਾ ਹੈ। ਨਾਮੀਨੇਸ਼ਨ ਵਾਈਸ ਚਾਂਸਲਰ ਦੀ ਹੁੰਦੀ ਹੈ। ਦੋ, ਸਬਜਕਟਾਂ ਲਈ ਐਕਸਪਰਟ ਟੀਚਰ ਰੱਖੇ ਜਾਂਦੇ ਹਨ। ਜੋ, ਸਪੀਕਰ ਸਾਹਿਬ, ਨਾਨ-ਟੀਚਿੰਗ ਸਟਾਫ ਹੈ। ਉਸ ਵਿਚ ਇਕ ਮਨੇਜਮੈਂਟ ਦਾ ਮੈਂਬਰ ਹੁੰਦਾ ਹੈ। ਮੁਲਾਜ਼ਮਾਂ ਵਿਚੋਂ ਵੀ ਇਕ ਨੁਮਾਇੰਦਾ ਬੈਠਾ ਹੁੰਦਾ ਹੈ। ਇਹ ਬਿਲਕੁਲ ਠੀਕ ਗੱਲ ਹੈ ਕਿ ਟੈਕਨੀਕਲ ਐਜੂਕੇਸ਼ਨ ਵਿਚ ਰਿਜ਼ਰਵੇਸ਼ਨ ਦਾ ਸ਼ੇਅਰ ਬਹੁਤ ਥੋੜ੍ਹਾ ਸੀ। ਇਹ ਸਾਥੋਂ ਪਹਿਲਾਂ ਦੀ ਗੱਲ ਹੈ ਅਤੇ ਸਾਨੂੰ ਇਸ ਦਾ ਬਹੁਤ ਫਿਕਰ ਹੈ। ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ ਜੀ ਦੀ ਰਹਿਨੁਮਾਈ ਥੱਲੇ ਇਸ ਗੱਲ ਵੱਲ

Original with;
Punjab Vidhan Sabha
Digitized by;
Panjab Digital Library

ਬੜੀ ਹੀ ਤਵੱਜੋਂ ਦਿੱਤੀ ਜਾ ਰਹੀ ਹੈ। ਜਿਹੜੀਆਂ ਕਮੀਆਂ ਹਨ ਸਰਕਾਰ ਇਨ੍ਹਾਂ ਦਾ ਪ੍ਰਬੰਧ ਕਰਦੀ ਹੈ। ਪ੍ਰਾਈਵੇਟ ਇੰਸਟੀਚਿਊਸ਼ਨ ਜੋ ਜਥੇਬੰਦੀਆਂ ਜਾਂ ਸੰਸਥਾਵਾਂ ਚਲਾ ਰਹੀਆਂ ਹਨ ਗੌਰਮਿੰਟ ਉਸ ਦੀ ਮੱਦਦ ਕਰਦੀ ਹੈ। ਪੰਜਾਬ ਵਿਚ ਤਿੰਨ ਕਾਲਜ ਪ੍ਰਾਈਵੇਟ ਚਲ ਰਹੇ ਹਨ। ਇਨ੍ਹਾਂ ਵਿਚੋਂ ਦੋ ਕਾਲਜਾਂ ਨੂੰ ਗੌਰਮਿੰਟ ਏਡ ਦਿੰਦੀ ਹੈ ਪਰ ਕੁੱਝ ਸ਼ਰਤਾਂ ਲਗਾ ਕੇ ਇਹ ਏਡ ਦਿੱਤੀ ਜਾਂਦੀ ਹੈ। ਬਗੈਰ ਏਡ ਤੋਂ ਸ਼ਾਇਦ ਇਹ ਚਲ ਵੀ ਨਹੀਂ ਸਕਦੇ। ਸਪੀਕਰ ਸਾਹਿਬ, ਆਲ ਇੰਡੀਆ ਕੌਂਸਲ ਤੋਂ ਇਸ ਦੇ ਲਈ ਪਰਮਿਸ਼ਨ ਲੈਣੀ ਪੈਂਦੀ ਹੈ। ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ ਜੀ ਨੇ 5-6 ਦਿਨਾਂ ਦੇ ਅੰਦਰ ਅੰਦਰ ਸਾਰਾ ਕੰਮ ਕੀਤਾ ਤਾਂਕਿ ਪੰਜਾਬ ਦੇ ਬੱਚਿਆਂ ਨੂੰ ਪੜ੍ਹਨ ਲਈ ਸਟੇਟ ਤੋਂ ਬਾਹਰ ਨਾ ਜਾਣਾ ਪਵੇ। ਜਿਨ੍ਹਾਂ ਨੂੰ ਸਰਕਾਰ ਗਰਾਂਟ ਦਿੰਦੀ ਹੈ ਉਸ ਦੇ ਨਾਲ ਇਕ ਸ਼ਰਤ-ਪੱਤਰ ਲਗਾਇਆ ਜਾਂਦਾ ਹੈ ਜਿਸ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼ਰੇਣੀਆਂ ਆਦਿ ਦੀ ਉਹ ਰਿਜ਼ਰਵੇਸ਼ਨ ਦਾ ਖਿਆਲ ਰੱਖਣਗੇ ਅਤੇ ਕੁੱਝ ਹੋਰ ਸ਼ਰਤਾਂ ਵੀ ਹੁੰਦੀਆਂ ਹਨ ਜਿਸ ਤਰ੍ਹਾਂ ਮੁਲਾਜ਼ਮਾਂ ਨੂੰ ਤਨਖਾਹ, ਗਰੇਡ ਆਦਿ ਦੇਣ ਦੀਆਂ ਸ਼ਰਤਾਂ ਹੁੰਦੀਆਂ ਹਨ। ਉਨ੍ਹਾਂ ਨੇ ਬਾਕੀ ਸ਼ਰਤਾਂ ਤੇ ਅਮਲ ਕੀਤਾ ਹੈ ਲੇਕਿਨ ਜਿਹੜਾ ਮੈਂਬਰ ਸਾਹਿਬ ਨੇ ਪਰਟੀਕੁਲਰ ਸਵਾਲ ਕੀਤਾ ਹੈ ਉਸ ਵਿਚ ਬਿਲਕੁਲ ਧਿਆਨ ਨਹੀਂ ਕੀਤਾ। ਜਿਨ੍ਹਾਂ ਨੂੰ ਅਸੀਂ 95 ਪ੍ਰਤੀਸ਼ਤ ਗਰਾਂਟ ਦਿੰਦੇ ਹਾਂ ਉਨ੍ਹਾਂ ਨੇ ਰਿਜ਼ਰਵੇਸ਼ਨ ਦੀ ਸ਼ਰਤ ਤੇ ਅਮਲ ਨਹੀਂ ਕੀਤਾ। ਇਹ ਮੇਰੇ ਨੋਟਿਸ ਵਿਚ ਆਇਆ ਹੈ। ਮੈਂ ਹਾਊਸ ਵਿਚ ਉਨ੍ਹਾਂ ਇਸਟੀਚਿਊਸ਼ਨਜ਼ ਨੂੰ ਵਾਰਨਿੰਗ ਦਿੰਦੀ ਹਾਂ ਕਿ ਇਸ ਦਾ, ਸਪੀਕਰ ਸਾਹਿਬ, ਬੜੀ ਗੰਭੀਰਤਾ ਦੇ ਨਾਲ ਸਖਤ ਨੋਟਿਸ ਲਿਆ ਜਾਵੇਗਾ।

**ਸ੍ਰੀ ਸਪੀਕਰ:** ਮੰਤਰੀ ਸਾਹਿਬਾ, ਸਿਰਫ ਵਾਰਨਿੰਗ ਨਹੀਂ ਬਲਕਿ ਕਹੋ ਉਨ੍ਹਾਂ ਦੇ ਖਿਲਾਫ ਐਕਸ਼ਨ ਹੋਣਗੇ।

**ਮੰਤਰੀ:** ਸਪੀਕਰ ਸਾਹਿਬ, ਮੈਂ ਸਰਕਾਰ ਵੱਲੋਂ ਹਾਊਸ ਵਿਚ ਅਸ਼ੋਰੈਂਸ ਦਿੰਦੀ ਹਾਂ ਕਿ ਜੇ ਉਹ ਰਿਜ਼ਰਵੇਸ਼ਨ ਪੂਰੀ ਨਹੀਂ ਕਰਦੇ, ਜਿਹੜੀ ਕਿ ਪਿੱਛੇ ਨਹੀਂ ਕੀਤੀ ਗਈ, ਤਾਂ ਉਸ ਇੰਸਟੀ-ਚਿਊਸ਼ਨ ਨੂੰ ਮੱਦਦ ਨਹੀਂ ਦੇਵਾਂਗੇ। ਕੁੱਝ ਇੰਸਟੀਚਿਊਸ਼ਨਜ਼ ਐਸੀਆਂ ਹਨ ਜਿਹੜੀਆਂ ਕਿ ਪੰਜਾਬ ਸਰਕਾਰ ਨੂੰ ਜ਼ਮੀਨ ਵੀ ਦੇਣ ਨੂੰ ਤਿਆਰ ਹਨ ਅਤੇ ਹੋਰ ਖਰਚਾ ਵੀ ਦੇਣ ਨੂੰ ਤਿਆਰ ਹਨ ਲੇਕਿਨ ਸਰਕਾਰ ਕੋਲੋਂ ਟੀਚਿੰਗ ਸਟਾਫ ਲਈ ਮਦਦ ਲੈਣੀ ਚਾਹੁੰਦੀਆਂ ਹਨ, ਅਸੀਂ ਇਹੋ ਜਿਹੀਆਂ ਨੂੰ ਪਰੈਫਰੈਂਸ ਦੇਵਾਂਗੇ ਜਿਹੜੇ ਸਰਕਾਰ ਨੂੰ ਜ਼ਮੀਨ ਵੀ ਦੇਣ ਲਈ ਤਿਆਰ ਹਨ ਅਤੇ ਪੈਸਾ ਵੀ ਦੇਣ ਨੂੰ ਤਿਆਰ ਹਨ ਪਰ ਕੰਟਰੋਲ ਸਰਕਾਰ ਦਾ ਹੋਵੇਗਾ। ਮੈਂ, ਸਪੀਕਰ ਸਾਹਿਬ, ਫਿਰ ਅਸ਼ੋਰੈਂਸ ਦਿੰਦੀ ਹਾਂ ਕਿ ਵਾਰਨਿੰਗ ਦੇ ਨਾਲ ਨਾਲ ਉਨ੍ਹਾਂ ਤੇ ਸਖਤੀ ਦੇ ਨਾਲ ਐਕਸ਼ਨ ਲਵਾਂਗੇ।

**ਸਰਦਾਰ ਮਲਕੀਤ ਸਿੰਘ ਬਿਲਾਸਪੁਰ:** ਸਪੀਕਰ ਸਾਹਿਬ, ਜੋ ਪਿੱਛੇ ਇੰਸਟੀਚਿਊਸ਼ਨਜ਼ ਵਿੱਚ ਭਰਤੀ ਕੀਤੀ ਗਈ ਸੀ ਅਤੇ ਜੋ ਸਰਕਾਰ ਦੀਆਂ ਹਦਾਇਤਾਂ ਹਨ, ਉਨ੍ਹਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ ਹਨ ਕੀ ਉਨ੍ਹਾਂ ਅਫਸਰਾਂ ਅਤੇ ਮੈਨੇਜਮੈਂਟਾਂ ਦੇ ਖਿਲਾਫ ਮੰਤਰੀ ਜੀ ਇਨਕੁਆਇਰੀ ਕਰਾਕੇ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਆਲਰੇਡੀ ਕਿਹਾ ਹੈ ਜੀ ਕਿ ਤਾੜਨਾ ਕਰਾਂਗੇ। ਤਾੜਨਾ ਦਾ ਮੀਨਿੰਗ ਹੀ ਹੈ ਕਿ ਗੌਰਮਿੰਟ ਇਸ ਗੱਲ ਨੂੰ ਸੀਰੀਅਸਲੀ ਲੈ ਰਹੀ ਹੈ। ਮੈਂਬਰ ਸਾਹਿਬ ਜੇ ਇਸ ਵਿਚ ਹੋਰ ਵੀ ਜਾਣਕਾਰੀ ਲੈਣਾ ਚਾਹੁੰਦੇ ਹਨ ਤਾਂ ਮੈਂ ਦੱਸਣਾ ਚਾਹੁੰਦੀ ਹਾਂ ਕਿ ਅਸੀਂ ਦੋ ਤਰ੍ਹਾਂ ਦਾ ਸਟਾਫ ਰੱਖਦੇ ਹਾਂ ..........

**ਸ੍ਰੀ ਸਪੀਕਰ:** ਤੁਸੀਂ ਹੋਰ ਡਿਟੇਲ ਨਾ ਦਿਉ। ਜਿਨ੍ਹਾਂ ਤੇ ਜ਼ਿੰਮੇਵਾਰੀ ਆਏਗੀ ਉਨ੍ਹਾਂ ਤੇ ਐਕਸ਼ਨ ਲੈ ਲੈਣਾ।

**ਮੰਤਰੀ:** ਸਪੀਕਰ ਸਾਹਿਬ, ਇਸ ਤੋਂ ਸਖ਼ਤ ਕੋਈ ਹੋਰ ਗੱਲ ਰਹਿ ਨਹੀਂ ਜਾਂਦੀ। ਅਸੀਂ ਤਾੜਨਾ ਦੇ ਕੇ ਐਕਸ਼ਨ ਲਵਾਂਗੇ।

---

**ਪੋਸਟਪੋਨਡ ਨਿਸ਼ਾਨਵਾਲਾ ਪ੍ਰਸ਼ਨ ਨੰਬਰ 1940**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ।)

---

## STARRED QUESTIONS AND ANSWERS

**ਰਾਜ ਵਿਚ ਪਸ਼ੂ ਚਿਕਿਤਸਾ ਹਸਪਤਾਲਾ ਡਿਸਪੈਂਸਰੀਆਂ ਤੇ ਹੋਇਆ ਖਰਚਾ**

*1753. (1) ਸਰਦਾਰ ਜਗਤਾਰ ਸਿੰਘ ਮੁਲਤਾਨੀ
(2) ਸਰਦਾਰ ਮਲਕੀਤ ਸਿੰਘ
(3) ਸਰਦਾਰ ਅਵਤਾਰ ਸਿੰਘ ਬਰਾੜ
: ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) 31 ਦਸੰਬਰ, 1993 ਨੂੰ ਰਾਜ ਵਿਚ ਕਿੰਨੇ ਪਸ਼ੂ ਚਿਕਿਤਸਾ ਹਸਪਤਾਲ/ਡਿਸਪੈਂਸਰੀਆਂ ਕੰਮ ਕਰ ਰਹੀਆਂ ਸਨ;

(ਅ) 1 ਜਨਵਰੀ, 1991 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੇ ਦੌਰਾਨ ਉਕਤ ਹਸਪਤਾਲਾਂ/ਡਿਸਪੈਂਸਰੀਆਂ ਲਈ ਦਵਾਈਆਂ ਖਰੀਦਣ ਤੇ ਸਾਲ-ਵਾਰ ਕਿੰਨਾ ਖਰਚਾ ਕੀਤਾ ਗਿਆ ਅਤੇ ਅਜਿਹੇ ਹਸਪਤਾਲਾਂ/ਡਿਸਪੈਂਸਰੀਆਂ ਵਿਚ ਮੁਹੱਈਆ ਕੀਤੇ ਗਏ ਅਮਲੇ ਤੇ ਕਿੰਨਾ ਖਰਚਾ ਹੋਇਆ?

Original with;
Punjab Vidhan Sabha
Digitized by;
Panjab Digital Library

**Sardar Harbans Singh Sidhu** : (a) The number of Veternary Hospitals/Dispensaries functioning in the State as on 31st December, 1993 is as under :—

Veterinary Hospitals 1966

Veterinary Dispensaries 948

(b) The information is laid on the Table of the House.

**INFORMATION**

The year-wise expenditure incurred for the purchase of medicines and the expenditure incurred on the staff provided in these Hospitals /Dispensaries from 1st January, 1991 to 31st December, 1993 is as under:—

| Year | | Veterinary Medicines | Staff |
|---|---|---|---|
| | | Rs. | Rs. |
| 1991-92 | .. | 1,96,33,891 | 15,31,18,263 |
| 1992-93 | .. | 2,85,82,575 | 17,07,42,657 |
| 1993-94 | .. | 2,22,09,361 | 18,07,17,561 |

**ਸਰਦਾਰ ਜਗਤਾਰ ਸਿੰਘ ਮੁਲਤਾਨੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ......

**ਸ੍ਰੀ ਸਪੀਕਰ** : ਪਹਿਲਾਂ ਕਹੋ ਕਿ ਸਪਲੀਮੈਂਟਰੀ ਪੁੱਛਣਾ ਹੈ।

**ਸਰਦਾਰ ਜਗਤਾਰ ਸਿੰਘ ਮੁਲਤਾਨੀ** : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਹੈ ਕਿ ਜਿਹੜੇ ਬੇਟ ਏਰੀਆਜ਼ ਹਨ, ਉਨ੍ਹਾਂ ਦੇ ਵਿਚ ਆਮ ਪਸ਼ੂਆਂ ਨੂੰ ਜ਼ਿਆਦਾ ਬੀਮਾਰੀ ਹੈ। ਬਾਕੀ ਦੀ ਸਾਰੀ ਡਿਟੇਲ ਟੇਬਲ ਆਫ ਦੀ ਹਾਊਸ ਤੇ ਰੱਖੀ ਗਈ ਹੈ ਜਿਸ ਵਿਚ 1991-92, 1992-93 ਅਤੇ 1993-94 ਸਾਲਾਂ ਦੇ ਦੌਰਾਨ ਹੋਇਆ ਖਰਚਾ ਦੱਸਿਆ ਗਿਆ ਹੈ। ਸਪੀਕਰ ਸਾਹਿਬ, ਮੈਂ ਸਿਰਫ ਇਹੋ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਬੇਟ ਏਰੀਆਜ਼ ਵਿਚ ਪਸ਼ੂਆਂ ਨੂੰ ਮੂਹਖੁਰ ਅਤੇ ਗਲਘੋਟੂ ਦੀ ਬੀਮਾਰੀ ਜ਼ਿਆਦਾ ਹੁੰਦੀ ਹੈ, ਕੀ ਮੰਤਰੀ ਜੀ ਉਥੇ ਜ਼ਿਆਦਾ ਪਸ਼ੂਆਂ ਦੀਆਂ ਡਿਸਪੈਂਸਰੀਆਂ ਖੋਲ੍ਹਣ ਦੀ ਕ੍ਰਿਪਾਲਤਾ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਮੂਹਖੁਰ ਅਤੇ ਗਲਘੋਟੂ ਬੀਮਾਰੀ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਮਿਤੀ 4 ਅਪਰੈਲ, 1992 ਨੂੰ ਸੰਗਰੂਰ ਵਿਖੇ ਇਕ ਪਬਲਿਕ ਜਲਸੇ ਵਿਚ ਸੀ.ਐਮ. ਸਾਹਿਬ

Original with;
Punjab Vidhan Sabha
Digitized by;
Punjab Digital Library

[ਰਾਜ ਮੰਤਰੀ, ਪਸ਼ੂ ਪਾਲਣ ਅਤੇ ਮੱਛੀ ਪਾਲਣ]

ਨੇ ਇਨ੍ਹਾਂ ਦੇ ਪੂਰੀ ਤਰ੍ਹਾਂ ਖ਼ਾਤਮੇ ਬਾਰੇ ਕਿਹਾ ਸੀ। ਉਸ ਦੇ ਮੁਤਾਬਿਕ ਅਸੀਂ ਸਾਰੇ ਹੀ ਪਿੰਡਾਂ ਵਿਚ ਜਾ ਕੇ ਟਾਈਮ ਟੂ ਟਾਈਮ ਟੀਕੇ ਲਗਾਏ ਹਨ ਅਤੇ ਲਗਾਉਂਦੇ ਹਾਂ । ਬਾਕੀ ਜਿਥੇ ਕੋਈ ਪਸ਼ੂ ਡਿਸਪੈਂਸਰੀ ਜਾਂ ਹਸਪਤਾਲ ਨਹੀਂ, ਉਥੇ ਮੋਬਾਈਲ ਵੈਨ ਜਾਂਦੀ ਹੈ ਅਤੇ ਟੀਕੇ ਲਗਾਏ ਜਾਂਦੇ ਹਨ।

**ਸ੍ਰੀ ਸਪੀਕਰ :** ਇਹ ਤਾਂ ਸਿਰਫ ਬੇਟ ਏਰੀਆ ਬਾਰੇ ਪੁਛਦੇ ਸੀ ਕਿ ਉਥੇ ਇਹ ਬੀਮਾਰੀ ਜ਼ਿਆਦਾ ਹੈ, ਕੀ ਉਥੇ ਡਿਸਪੈਂਸਰੀਆਂ ਖੋਲ੍ਹੋਗੇ ?

**ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ :** ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਬਲਾਕਾਂ ਵਿਚ ਜਾਂ ਹਲਕਿਆਂ ਵਿਚ ਪਿਛਲੇ 10 ਸਾਲਾਂ ਵਿਚ ਕੋਈ ਵੀ ਪਸ਼ੂ ਡਿਸਪੈਂਸਰੀ ਨਹੀਂ ਖੋਲ੍ਹੀ ਗਈ, ਕੀ ਉਥੇ ਇਨ੍ਹਾਂ ਵੱਲੋਂ ਕੋਈ ਡਿਸਪੈਂਸਰੀ ਖੋਲ੍ਹਣ ਦੀ ਤਜਵੀਜ਼ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਅਸੀਂ ਤਾਂ ਅੱਗੇ ਵਾਸਤੇ 300 ਡਿਸਪੈਂਸਰੀਆਂ ਅਗਲੇ ਸਾਲ ਫੇਰ ਖੋਲ੍ਹ ਰਹੇ ਹਾਂ। ਜਿਵੇਂ ਜਿਵੇਂ ਡਿਮਾਂਡ ਆਏਗੀ ਅਤੇ ਸ਼ਰਤਾਂ ਪੂਰੀਆਂ ਹੋਣਗੀਆਂ, ਉਥੇ ਖੋਲ੍ਹ ਦਿਆਂਗੇ।

— — — —

ਨਿਸ਼ਾਨਵਾਲਾ ਪ੍ਰਸ਼ਨ ਨੰ: 1950

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)

— — —

**ਜ਼ਿਲ੍ਹਾ ਫਿਰੋਜ਼ਪੁਰ ਵਿਚ ਦਿਹਾਤੀ ਜਲ ਸਪਲਾਈ ਸਕੀਮ ਨੂੰ ਅਮਲੀ ਰੂਪ ਦੇਣਾ**

*1443. **ਸ੍ਰੀ ਬਾਬੂ ਰਾਮ ਚਾਵਲਾ :** ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਵਿਚ ਅਜਿਹੇ ਕੁੱਲ ਕਿੰਨੇ ਪਿੰਡ ਹਨ ਜਿਨ੍ਹਾਂ ਵਿਚ ਦਿਹਾਤੀ ਜਲ ਸਪਲਾਈ ਸਕੀਮ ਨੂੰ ਹੁਣ ਤੱਕ ਅਮਲੀ ਰੂਪ ਨਹੀਂ ਦਿੱਤਾ ਗਿਆ ਹੈ ਅਤੇ ਉਕਤ ਪਿੰਡਾਂ ਵਿਚ ਉਕਤ ਸਕੀਮ ਕਦੋਂ ਤਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਸੁਰਿੰਦਰ ਕਪੂਰ :** ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ 452 ਪਿੰਡ ਅਜਿਹੇ ਹਨ ਜਿਥੇ ਪੇਂਡੂ ਜਲ ਸਪਲਾਈ ਸਕੀਮਾਂ ਲਾਗੂ ਨਹੀਂ ਕੀਤੀਆਂ ਗਈਆਂ, ਇਨ੍ਹਾ ਵਿੱਚੋਂ ਸਿਰਫ 122 ਪਿੰਡ ਜੋ ਕਿ 1980 ਅਤੇ 1985 ਵਿੱਚ ਕੀਤੇ ਸਰਵੇ ਵਿੱਚ ਪਾਣੀ ਦੀ ਸਮੱਸਿਆ ਵਾਲੇ ਪਿੰਡ ਪਾਏ ਗਏ ਹਨ, ਵਿੱਚ ਪੇਂਡੂ ਜਲ ਸਪਲਾਈ ਸਕੀਮ ਅਧੀਨ 31 ਮਾਰਚ, 1995 ਤੱਕ ਸਾਫ ਪਾਣੀ ਪੀਣ ਲਈ ਮੁਹੱਈਆ ਕੀਤਾ ਜਾਵੇਗਾ ਬਸ਼ਰਤੇ ਕਿ ਇਸ ਕੰਮ ਲਈ ਸਾਲ 1994-95 ਵਿੱਚ ਲੋੜੀਂਦੇ ਫੰਡਜ਼ ਉਪਲਬਧ ਹੋਣ।

**ਸ੍ਰੀ ਬਾਬੂ ਰਾਮ ਚਾਵਲਾ :** ਸਪਲੀਮੈਂਟਰੀ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਵਿਚ ਵਾਟਰ ਸਪਲਾਈ ਚਾਲੂ ਹੈ, ਉਨ੍ਹਾਂ ਪਿੰਡਾਂ ਵਿਚ

Original with;
Punjab Vidhan Sabha
Digitized by;
Panjab Digital Library

ਆਬਾਦੀ ਵੱਧ ਜਾਣ ਕਰਕੇ ਅਤੇ ਏਰੀਆ ਵੱਧ ਜਾਣ ਕਰਕੇ ਹੁਣ ਪਾਈਪਾਂ ਅੱਧੇ ਪਿੰਡ ਵਿਚ ਹਨ ਅਤੇ ਅੱਧੇ ਵਿਚ ਨਹੀਂ, ਕੀ ਉਸ ਪਿੰਡ ਨੂੰ ਜਾਂ ਉਹੋ ਜਿਹੇ ਹੋਰ ਪਿੰਡਾਂ ਨੂੰ ਪੂਰੀ ਵਾਟਰ ਸਪਲਾਈ ਦੇਣ ਲਈ ਸਰਕਾਰ ਕੋਈ ਉਪਰਾਲਾ ਕਰ ਰਹੀ ਹੈ।

**ਰਾਜ ਮੰਤਰੀ:** ਸਪੀਕਰ ਸਾਹਿਬ, ਇਹ ਆਗਮੈਨਟੇਸ਼ਨ ਦੀ ਗੱਲ ਹੈ। ਵਾਟਰ ਵਰਕਸ ਦੀਆਂ ਸਕੀਮਾਂ ਬੜੀਆਂ ਪੁਰਾਣੀਆਂ ਸਕੀਮਾਂ ਸਨ। ਆਬਾਦੀ ਵੱਧਣ ਦੇ ਨਾਲ ਪਾਣੀਆਂ ਦੀਆਂ ਟੈਂਕੀਆਂ ਦੀ ਕਪੈਸਿਟੀ ਛੋਟੀ ਰਹਿ ਗਈ ਹੈ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਦੁਬਾਰਾ ਸਰਵੇ ਕਰਾ ਕੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇ।

**ਸ੍ਰੀ ਬਾਬੂ ਰਾਮ ਚਾਵਲਾ:** ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਇਕ ਪਿੰਡ ਅਰਨੇਵਾਲਾ ਹੈ। ਉਥੇ ਜਿਹੜਾ ਵਾਟਰ ਵਰਕਸ ਬਣਿਆ ਹੋਇਆ ਹੈ ਬਹੁਤ ਉਚਾ ਬਣਿਆ ਹੋਇਆ ਹੈ ਜਿਸ ਕਰਕੇ ਪਾਣੀ ਡਿੱਗੀ/ਟੈਂਕੀ ਵਿਚ ਪਹੁੰਚ ਨਹੀਂ ਸਕਦਾ। ਇਸ ਦੀ ਵਜ੍ਹਾ ਕਰਕੇ ਪਾਣੀ ਦੀ ਸਪਲਾਈ ਠੀਕ ਨਹੀਂ ਹੈ ਅਤੇ ਉਸ ਪਿੰਡ ਵਿਚ ਇਹ ਬਹੁਤ ਭਾਰੀ ਪ੍ਰਾਬਲਮ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇੰਜੀਨੀਅਰ ਨੇ ਉਹ ਵਾਟਰ ਵਰਕਸ ਬਣਾਇਆ, ਕੀ ਇਹ ਉਸ ਨੂੰ ਸਜ਼ਾ ਦੇਣਗੇ ਜਿਸ ਨੇ ਇਕ ਨਾਕਾਮ ਸਕੀਮ ਖੜ੍ਹੀ ਕਰ ਦਿੱਤੀ?

**ਰਾਜ ਮੰਤਰੀ:** ਹਾਂ ਜੀ। ਉਸ ਦੀ ਘੋਖ ਕਰਵਾ ਲਈ ਜਾਵੇਗੀ। ਜੇਕਰ ਕਿਸੇ ਕਰਮਚਾਰੀ ਵੱਲੋਂ ਕੋਈ ਅਣਗਹਿਲੀ ਕੀਤੀ ਗਈ ਹੈ ਤਾਂ ਉਸ ਨੂੰ ਜ਼ਰੂਰ ਦੰਡ ਦਿੱਤਾ ਜਾਵੇਗਾ।

———

## ਜਨ ਸਿਹਤ ਵਿਭਾਗ ਦੇ ਸਰਕਲ ਦਫ਼ਤਰਾਂ ਦੀ ਸਥਾਪਨਾ

*1795. **ਸ੍ਰੀ ਰਮੇਸ਼ ਦੱਤ ਸ਼ਰਮਾ:** ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਇਹ ਠੀਕ ਹੈ ਕਿ ਰਾਜ ਵਿਚ ਜਨ ਸਿਹਤ ਵਿਭਾਗ ਦੇ ਸਰਕਲ ਦਫ਼ਤਰ ਸਾਰੇ ਜ਼ਿਲ੍ਹਾ ਸਦਰ ਮੁਕਾਮਾਂ ਤੇ ਸਥਾਪਤ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ, ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ?

**ਸ੍ਰੀ ਸੁਰਿੰਦਰ ਕਪੂਰ:** ਨਹੀਂ ਸ੍ਰੀਮਾਨ ਜੀ, ਹਰ ਜ਼ਿਲ੍ਹਾ ਹੈਡ ਕੁਆਟਰ ਤੇ ਜਨ ਸਿਹਤ ਵਿਭਾਗ ਦੇ ਹਲਕਾ ਦਫਤਰ ਸਥਾਪਿਤ ਕਰਨੇ ਸੰਭਵ ਨਹੀਂ ਹਨ ਕਿਉਂਕਿ ਹਲਕਾ ਦਫਤਰਾਂ ਦੇ ਹੈਡ ਕੁਆਟਰ ਅਜਿਹੇ ਢੰਗ ਨਾਲ ਨਿਸ਼ਚਿਤ ਕੀਤੇ ਜਾਂਦੇ ਹਨ ਕਿ ਉਹਨਾਂ ਦੀ ਹੋਂਦ ਅਤੇ ਵਰਕਲੋਡ ਦੀ ਰਕਮ ਨੂੰ ਧਿਆਨ ਵਿੱਚ ਰਖਕੇ ਕੰਮਾਂ ਦਾ ਐਡਮਿਨਸਟਰੇਟਿਵ ਕੰਟਰੋਲ ਅਤੇ ਇਹਨਾਂ ਦੀ ਨਿਗਰਾਨੀ ਸੁਚੱਜੇ ਢੰਗ ਨਾਲ ਕੀਤੀ ਜਾ ਸਕੇ।

———

## ਪੰਜਾਬ ਸਪਿੰਨਿੰਗ ਅਤੇ ਵੀਵਿੰਗ ਮਿੱਲ, ਬਠਿੰਡਾ ਦੀ ਵਿੱਕਰੀ

*1365 **ਕਾਮਰੇਡ ਹਰਦੇਵ ਅਰਸ਼ੀ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰਾਜ ਉਦਯੋਗ ਵਿਕਾਸ ਕਾਰਪੋਰੇਸ਼ਨ ਨੇ ਬਠਿੰਡਾ ਵਿਖੇ ਸਥਿਤ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਪੰਜਾਬ ਸਪਿੰਨਿੰਗ ਅਤੇ ਵੀਵਿੰਗ ਮਿੱਲ ਇਕ ਨਿੱਜੀ ਅਦਾਰੇ ਨੂੰ ਵੇਚ ਦਿੱਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਮਿੱਲ ਕਿੰਨੀ ਰਕਮ ਵਿਚ ਵੇਚੀ ਗਈ ਅਤੇ ਉਸ ਦੇ ਕਾਰਨ ਕੀ ਹਨ ?

**Sardar Beant Singh** : Yes sir, the Punjab State Industrial Development Corporation Limited with the approval of its Board of Directors and the State Government in the Project Approval Board, has sold its entire share holding in Punjab Spinning and Weaving Mills Ltd., (2,40,000 equity shares of Rs. 10/ each) to M/s. Shree Ram Cotton Fectory, Bhatinda, @ Rs.14-51 per share. The main reason for disinvestments in the company was that the mill was incurring losses since it was set up in 1978.

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦਸਿਆ ਹੈ ਕਿ ਇਸ ਦੇ 2 ਲੱਖ 40 ਹਜ਼ਾਰ ਸ਼ੇਅਰ ਸੀ ਅਤੇ ਇਕ ਸ਼ੇਅਰ ਦੀ ਕੀਮਤ 10/- ਰੁਪਏ ਸੀ। ਸਰਕਾਰ ਨੇ ਇਸ ਮਿੱਲ ਨੂੰ 14/- ਰੁਪਏ ਕੁੱਝ ਪੈਸੇ ਦੇ ਹਿਸਾਬ ਨਾਲ ਵੇਚ ਦਿੱਤਾ ਹੈ। ਇਸ ਹਿਸਾਬ ਨਾਲ ਜੇ ਸਾਰੀ ਕੀਮਤ ਕਢੀ ਜਾਵੇ ਤਾਂ ਕੁੱਲ 36 ਲੱਖ ਰੁਪਏ ਵਿਚ ਇਹ ਸਾਰੇ ਸ਼ੇਅਰ ਉਸ ਪ੍ਰਾਈਵੇਟ ਫਰਮ ਨੂੰ ਵੇਚ ਦਿੱਤੇ ਜਦ ਕਿ ਉਸ ਮਿੱਲ ਦੀ ਐਸ ਵੇਲੇ ਕੀਮਤ 60 ਕਰੋੜ ਰੁਪਏ ਦੇ ਕਰੀਬ ਹੈ। 65 ਏਕੜ ਤਾਂ ਉਸ ਦਾ ਰਕਬਾ ਹੀ ਹੈ। ਇਸ ਤੋਂ ਇਲਾਵਾ ਸਾਰੀ ਦੀ ਸਾਰੀ ਮਸ਼ੀਨਰੀ ਅਤੇ ਸਾਰੇ ਦਾ ਸਾਰਾ ਰਾਅ ਮੈਟੀਰੀਅਲ ਜੋ ਉਸ ਮਿੱਲ ਵਿਚ ਪਿਆ ਸੀ, ਇਹ ਸਾਰਾ ਕੁਝ ਕੇਵਲ 36 ਲੱਖ ਰੁਪਏ ਵਿਚ ਹੀ ਕਿਉਂ ਵੇਚ ਦਿੱਤਾ ਗਿਆ ?

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਹ ਮਿੱਲ ਬੜੀ ਸਿੱਕ ਮਿੱਲ ਸੀ ਔਰ ਇਹ ਬੜਾ ਘਾਟਾ ਦੇ ਰਹੀ ਸੀ। ਇਸ ਦੀ ਹਿਸਟਰੀ ਵੀ ਬੜੀ ਅਜੀਬ ਹੈ। ਇਹ ਪਹਿਲਾਂ ਵੀ ਕਈ ਵਾਰ ਵੇਚੀ ਗਈ ਸੀ । ਇਹ ਲਗਾਤਾਰ ਘਾਟਾ ਪਾ ਰਹੀ ਸੀ। ਅਸੀਂ ਹਾਲੇ ਵੀ ਦੇਖ ਰਹੇ ਹਾਂ ਕਿ ਅਗਰ ਇਹ ਮਿੱਲ ਮੁਨਾਫੇ ਵਿਚ ਆ ਗਈ ਤਾਂ ਠੀਕ ਹੈ। ਇਸ ਦੀ ਜਿਹੜੀ ਮੈਨੇਜਮੈਂਟ ਦੀ ਕਮੇਟੀ ਹੈ, ਉਸ ਦਾ ਚੇਅਰਮੈਨ, ਐਮ.ਡੀ., ਪੀ.ਐਸ.ਆਈ.ਡੀ.ਸੀ. ਹੈ। ਅਸੀਂ ਦੇਖ ਰਹੇ ਹਾਂ ਕਿ ਜੇਕਰ ਹਾਲੇ ਵੀ ਉਹ ਪ੍ਰਾਫਿਟ ਵਿਚ ਚਲੀ ਗਈ ਤਾਂ ਅਸੀਂ ਉਸ ਨੂੰ ਦੁਬਾਰਾ ਲੈ ਲਵਾਂਗੇ।

**ਕਾਮਰੇਡ ਹਰਦੇਵ ਅਰਸ਼ੀ**: ਸਪੀਕਰ ਸਾਹਿਬ, ਮੈਂ ਇਸ ਤੇ ਬਹਿਸ ਤਾਂ ਨਹੀਂ ਕਰਨਾ ਚਾਹੁੰਦਾ ਲੇਕਿਨ ਇਹ ਇਕ ਫੈਕਟ ਹੈ ਕਿ ਜਿਸ ਵੇਲੇ ਇਹ ਮਿੱਲ ਵੇਚੀ ਗਈ, ਉਸ ਵੇਲੇ ਪ੍ਰਾਫਿਟ ਦੇ ਰਹੀ ਸੀ। ਇਕ ਲੱਖ ਰੁਪਿਆ ਪ੍ਰਤੀ ਦਿਨ ਪ੍ਰਾਫਿਟ ਦੇ ਰਹੀ ਸੀ। ਇਹ ਮਿੱਲ ਪਹਿਲਾਂ ਵੀ ਪ੍ਰਾਫਿਟ ਵਿਚ ਸੀ ਲੇਕਿਨ ਇਹ ਮਿੱਲ ਫਿਰ ਵੀ ਵੇਚ ਦਿੱਤੀ। ਫਿਰ ਖਰੀਦ ਲਈ ਅਤੇ ਫਿਰ ਵੇਚ ਦਿੱਤੀ। ਇਸ ਨੂੰ ਛੱਡ ਕੇ ਮੈਂ ਦੂਸਰੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਫਰਮ ਨੂੰ ਇਹ ਮਿੱਲ ਵੇਚੀ ਗਈ, ਉਸ ਨੂੰ ਇਹ 14 ਰੁਪਏ ਕੁਝ ਪੈਸੇ ਫੀ ਸ਼ੇਅਰ ਦੇ ਹਿਸਾਬ ਨਾਲ ਵੇਚੀ

Original with;
Punjab Vidhan Sabha
Digitized by;
Panjab Digital Library

ਗਈ। ਕੀ ਇਹ ਸੱਚ ਹੈ ਕਿ ਦੋ ਫਰਮਾਂ ਹੋਰ ਵੀ ਸਨ ਜਿਨ੍ਹਾਂ ਦੇ ਸ਼ੇਅਰਾਂ ਦੀ ਕੀਮਤ ਇਸ ਪ੍ਰਾਈਵੇਟ ਕੰਪਨੀ ਨਾਲੋਂ ਕਿਤੇ ਜ਼ਿਆਦਾ ਸੀ, ਉਨ੍ਹਾਂ ਫਰਮਾਂ ਨੂੰ ਇਗਨੋਰ ਕੀਤਾ ਗਿਆ, ਬਾਈ ਪਾਸ ਕੀਤਾ ਗਿਆ ਜਿਸ ਕਰਕੇ ਉਨ੍ਹਾਂ ਨੂੰ ਮਜਬੂਰਨ ਕੋਰਟ ਵਿਚ ਵੀ ਜਾਣਾ ਪਿਆ ? ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸੱਚ ਹੈ ?

**ਮੁੱਖ ਮੰਤਰੀ :** ਜਿਸ ਫਰਮ ਨੂੰ ਇਹ ਮਿੱਲ ਵੇਚੀ ਗਈ, ਉਹ ਬੈਸਟ ਫਰਮ ਸੀ। ਜਿਹੜੀਆਂ ਦੂਸਰੀਆਂ ਦੋ ਫਰਮਾਂ ਸਨ, ਉਨ੍ਹਾਂ ਵਿਚੋਂ ਇਕ ਦੀ ਤਾਂ ਕੋਟੇਸ਼ਨ ਹੀ ਘੱਟ ਸੀ। ਦੂਸਰੀ ਜਿਹੜੀ ਫਰਮ ਸੀ, ਉਹ ਪਹਿਲੀ ਫਰਮ ਵਰਗੀ ਹੀ ਸੀ, ਮਿੱਤਲ ਵਰਗੀ। ਅਸੀਂ ਉਸ ਨੂੰ ਇਹ ਸ਼ੇਅਰ ਨਹੀਂ ਦਿੱਤੇ ਕਿਉਂਕਿ ਉਸ ਕੋਲ ਪੈਸੇ ਹੀ ਨਹੀਂ ਸਨ। ਕੋਟੇਸ਼ਨ ਦੇ ਵੇਲੇ ਇਹ ਵੀ ਵੇਖਣਾ ਪੈਂਦਾ ਹੈ ਕਿ ਕਿਹੜੀ ਫਰਮ ਚੰਗੀ ਹੈ।

**Mr Speaker :** Next Question.

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਹਰਦੇਵ ਅਰਸ਼ੀ ਹੋਰ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ)

**ਸ੍ਰੀ ਸਪੀਕਰ :** ਤੁਸੀਂ ਆਪ ਹੀ ਕਿਹਾ ਹੈ ਕਿ ਸਾਰੇ ਪ੍ਰਸ਼ਨ ਲਏ ਜਾਣ, ਇਸ ਲਈ ਜ਼ਰੂਰੀ ਹੈ ਕਿ ਥੋੜ੍ਹੇ ਥੋੜ੍ਹੇ ਸਪਲੀਮੈਂਟਰੀ ਹੀ ਦਿੱਤੇ ਜਾਣ।

---

### ਉਦਯੋਗਿਕ ਫੋਕਲ ਪੁਆਇੰਟ ਢੰਡਾਰੀ ਕਲਾਂ ਵਿਚ ਪਲਾਟਾਂ ਦੀ ਅਲਾਟਮੈਂਟ ਸਬੰਧੀ ਨੀਤੀ

*1410. (1) ਕਾਮਰੇਡ ਅਜੈਬ ਸਿੰਘ ਰੋਤਾ
(2) ਕਾਮਰੇਡ ਗੁਰਨਾਮ ਸਿੰਘ ਧੀਰੋਵਾਲ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਉਦਯੋਗਿਕ ਫੋਕਲ ਪੁਆਇੰਟ, ਢੰਡਾਰੀ ਕਲਾਂ, ਲੁਧਿਆਣਾ ਵਿਖੇ ਪਲਾਟਾਂ ਦੀ ਅਲਾਟਮੈਂਟ ਸਬੰਧੀ ਨੀਤੀ ਦੇ ਵੇਰਵੇ ਕੀ ਹਨ ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਉਦਯੋਗਿਕ ਫੋਕਲ ਪੁਆਇੰਟ ਲਈ ਕੋਈ ਗ੍ਰੀਨ ਬੈਲਟ ਰੱਖੀ ਗਈ ਸੀ ;

(ੲ) ਕੀ ਇਹ ਵੀ ਠੀਕ ਹੈ ਕਿ ਪਾਰਕਾਂ ਲਈ ਰਿਜ਼ਰਵ ਰੱਖੀ ਗਈ ਜ਼ਮੀਨ ਤੇ ਪਲਾਟ ਕੱਟੇ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਵੱਖ ਵੱਖ ਸਾਲਾਂ 1992 ਅਤੇ 1993 ਦੇ ਦੌਰਾਨ ਜਿਨ੍ਹਾਂ ਵਿਅਕਤੀਆਂ ਨੂੰ ਉਕਤ ਪਲਾਟ ਅਲਾਟ ਕੀਤੇ ਗਏ, ਉਨ੍ਹਾਂ ਦੇ ਨਾਂ ਕੀ ਕੀ ਹਨ ?

**Sardar Beant Singh :** (a) A copy of the allotment policy as notified on 24th November, 1992 is laid on the Table of the House as Annexure 'A' in reply to this question.

(b) Yes.

(c) No, Sir.

Original with;
Punjab Vidhan Sabha
Digitized by;
Panjab Digital Library

[Chief Minister]

## ANNEXURE 'A'

(Extract from Punjab Government Gazette, dated the 11th December, 1992)

## GOVERNMENT OF PUNJAB

## DEPARTMENT OF INDUSTRIES, PUNJAB

### Notification

The 24th November, 1992

No. SI/Allotment Policy/12095 E.— Recently, the Government of Punjab has announced a new Industrial Policy, 1992, and has taken several measures for speedy growth of industry in the State by way of simplification procedure revamping the single window clearance service and elimination of visit of inspectors to industrial units. Provision of better infrastucture facilities on demand has been considered an other important input. With a view to further boost the growth of industry and meet the demand of enterpreneurs for developed plots a comprehensive policy for the allotment of plots the already developed areas and the new areas has been evolved having regard to the following:—

(a) to make plots available expeditiously to genuine and serious enterpreneurs;

(b) to discourage speculator to grab plots with a motive to profiteering ; and

(c) to make the business of development of Plots by various agencies economically viable.

The details of the allotment policy are as follows:—

(I) The Allotment policy would be applicable to all the areas Developed/to be developed for industrial purposes in the form of Focal Points, Growth Centre, Industrial areas, industrial estates developed by any agency of the State Government.

2. Reservation of plots for various categories:

| | |
|---|---|
| (i) Discretionary allotment by Chief Minister | .. 5% |
| (ii) Allotment under off-the shelf scheme | .. 30% of the Plots above the size of 2500 sq. yd. |
| (iii) Allotment to Non-resident Indians and for 100% Export Oriented Units | 5% |
| (iv) General Category Allotment | .. 60% of plots above 2500 sq. yards<br>90% of other plots |

Provided that reservation to the extent of 20 per cent for S.C., 5% for Backward Classes and 5% for Ex-servicemen or war widows shall be made in each of the above categories.

Provided further that in case sufficient eligible candidates are not available in any of the reserved categories, the un-

Original with;
Punjab Vidhan Sabha
Digitized by;
Panjab Digital Library

allotted plots falling in the concerned reserved category shall be treated as unreserved and shall be allotted under General Category.

3. **Procedure for inviting Applications:**

3·1. Applications except for allotment under "Off-the-shelf "scheme and discretionary allotment by the Chief Minister, will be invited by the Director of Industries, Punjab, through advertisement in the press.

3·2. The applications would be received directly by the respective Department/Agencies which developed the Industrial Focal Points, Industrial Areas and Growth Centres, etc.

3·3. These Departments/Agencies would do the entire secretarial work such as scrutiny of applications, placing proposals before the Sub-Group/Committees, issuance of allotment letters etc.

4. **Earnest Money:**

Earnest money will be submitted alongwith application @ 20 per cent of the cost of the plot for Ludhiana, Mohali, Derabassi, Jalandhar, Patiala and Rajpura and 10 per cent for other focal points/industrial areas.

5. **Scrutiny of applications:**

5·1. A sub-group will scrutinize the applications on behalf of the Allotment Committee.

5·2. The sub-group will consist of the following officers.

(i) Industrial Adviser-cum-Addl. Dirc. of Industries.

(ii) Representaitve of M.D., PSIDC.

(iii) Representative of M.D., PFC.

(iv) Concerned Joint Director/Deputy Director from the Directorrate of Industries.

(v) Nominee of Department of agency responsible for the development of industrial areas/focal points.

**Convener:**

The sub-group may coopt any other person considered necessary.

5.3. The sub-group will examine the applications keeping in view the following :—

(a) Validity of the Project.

(b) Impect on environment.

(c) Technology involved.

(d) Export obligation undertaken.

(c) Value Addition.

Original with;
Punjab Vidhan Sabha
Digitized by;
Panjab Digital Library

[Chief Minister]

(f) Scope of employment.

(g) Import Substitution.

(h) Qualification, experience, resourcefulness and general suitability.

5.4. The sub-group will make its recommendations to the Allotment Committee having regard to the requirement of land and eligibility of applicant.

**6. Allotment Committee:**

6·1. Allotment of plots except under "Off-the shelf" category and discretionary category by C.M. shall be made by an Allotment Committee consisting of the following officers:—

(i) Director of Industries, Punjab— Chairman.

(ii) M.D.,P.S.I.E.C.

(iii) M.D., P.S.I.D.C.

(iv) M.D.,—P.F.C.

(v) Industrial Advisor-cum-Addl. Director of Industries.

(vi) Nominee of the Department/Agency responsible for the development of Industrial area/industrial focal points. etc.
:Member-Secretary

6.2— The Decision of the Allotment Committee on applications for allotment of plots shall be final and no appeal shall be lie against it.

6.3. The Allotment Committee would meet as and when required but at least once in two months.

6·4. It would devise its own procedures for conducting its business.

**7. Allotment of plots under "off-the-shelf scheme" :**

7·1. The applications under "off-the-shelf scheme" would be received and scrutinized by Udyog Sahayak.

7·2. Applications will be placed before the Committee under the Chairmanship of the Chief Secretary to Government of Punjab with the following members:—

(a) Secretary, Industries.

(b) Director of Industries, Punjab.

(c) Managing Director, Punjab State Ind. Dev. Corpn.

(d) Managing Director, Punjab Small Ind. and Export Corpn.

The Committee may coopt any other person if it considers necessary.

7.3. The allotment of plots under the "Off-the-shelf scheme" shall be subject to the following conditions :—

(i) The applicant shall be required to deposit the earnest money equivalent to 20% of the cost of plot alongwith the application.

Original with;
Punjab Vidhan Sabha
Digitized by;
Panjab Digital Library

(ii) After the approval of the Committee, a letter of offer shall be issued by the developing agency in favour of the applicant and he/she shall be required to deposit 80 per cent of the remaining cost of the plot in lump sum within 60 days.

(iii) After the applicant has made full payment, allotment shall be made in his/her favour.

(iv) The applicant shall be required to take the following steps within one year from the date of allotment of plots :—

(a) Start the construction of the factory building.

(b) Place firm orders for the purchase of plant and machinery.

(c) Have loan applicantion appraised from the financial institution.

(d) Make arrangements for power connection.

7.4. In the event of an applicant failing to take the effective steps indicated in the preceding para within one year of the allotment of the plot, allotment shall be liable to be cancelled, consequent upon which the earnest money deposited shall stand forfeited and the remaining cost of the plot shall be refunded to the applicant. The Committee, however, in deserving cases may consider allowing extension in time for taking the above effective steps for a maximum period of additional one year.

**8. Extension Fee :**

8.1. Allottees of plots allotted under this policy shall ensure that the units set up by them commence commercial production within three years after allotment.

8.2 In case the unit does not go into production within three years from the date of allotment, they will be liable to pay extension fee of 5 per cent of the cost of plot in the 4th year and 7.5 per cent in the 5th year.

8.3 In no case extension shall be allowed beyond 5 years from the date of allotment, on the expiry of which plot shall stand automatically resumed without any notice and the earnest money deposited by applicant shall be forfieted.

**9. Transfer of plots :**

9.1. Plots allotted under the present policy except those allotted under "off-, the-shelf scheme" will be allowed to be transferred subject to the payment of transfer fee of Rs. 20 per sq. yard in lump sum plus Rs. 3 per sq.yard per annum from the date of original allotment/last transfer in respect of plots allotted in or around Ludhiana, Mohali, Dera bassi, Jalandhar, Patiala and Rajpura.

9.2 In respect of plots allotted at the places other than those specified in 9.1 transfer fee will be Rs. 10 per sq. yard in lump sum plus Rs. 3 per sq.yard per annum from the date of original allotment/last transfer.

9.3 Permission to transfer the plot will be subject to the condition that the transferee shall use the plot only for industrial purpose.

I. S. BINDRA,

Secretary to Government,
Punjab, Industries Department

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅਜੈਬ ਸਿੰਘ ਰੌਂਤਾ:** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਸਤਿਕਾਰਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇੰਡਸਟਰੀਅਲ ਫੋਕਲ ਪੁਆਇੰਟ ਢੰਡਾਰੀ ਕਲਾਂ ਵਿਖੇ ਜਿਹੜੇ ਪਲਾਟ ਅਲਾਟ ਕੀਤੇ ਗਏ ਹਨ, ਉਸ ਦੇ ਵਿੱਚ ਸਰਕਾਰ ਦੀ ਕੀ ਨੀਤੀ ਹੈ? ਉਥੇ ਇੰਡਸਟਰੀਅਲ ਫੋਕਲ ਪੁਆਇੰਟ ਵਿੱਚ ਜਿਹੜੀ ਗਰੀਨ ਬੈਲਟ ਰੱਖੀ ਗਈ ਸੀ, ਕੀ ਉਸ ਬੈਲਟ ਦੇ ਵਿਚੋਂ ਵੀ ਕੋਈ ਪਲਾਟ ਕੱਟੇ ਗਏ ਹਨ; ਜੇ ਕੱਟੇ ਗਏ ਹਨ, ਤਾਂ ਜਿਨ੍ਹਾਂ ਵਿਅਕਤੀਆਂ ਨੂੰ ਦਿੱਤੇ ਗਏ ਹਨ, ਉਨ੍ਹਾਂ ਦੇ ਨਾਂ ਕੀ ਹਨ?

**ਮੁੱਖ ਮੰਤਰੀ:** ਜਿਹੜੀ ਗਰੀਨ ਬੈਲਟ ਰੱਖੀ ਸੀ, ਉਸ ਦੇ ਵਿਚੋਂ ਕੋਈ ਵੀ ਪਲਾਟ ਨਹੀਂ ਕੱਟੇ ਗਏ। ਕੁਝ ਜਗ੍ਹਾ ਐਸੀਆਂ ਸਨ ਜਿਹੜੀਆਂ ਕਿ ਕੁਝ ਫੈਕਟਰੀਆਂ ਦੇ ਬਿਲਕੁਲ ਨਾਲ ਲਗਦੀਆਂ ਸਨ, ਕੁਝ ਬਚੇ-ਖੁਚੇ ਪਲਾਟ ਉਥੇ ਦਿੱਤੇ ਗਏ ਹਨ ਪਰ ਗਰੀਨ ਬੈਲਟ ਵਿਚੋਂ ਕੋਈ ਪਲਾਟ ਨਹੀਂ ਦਿੱਤੇ ਗਏ।

**ਕਾਮਰੇਡ ਅਜੈਬ ਸਿੰਘ ਰੌਂਤਾ:** ਸਪੀਕਰ ਸਾਹਿਬ, ਸਤਿਕਾਰਯੋਗ ਮੁੱਖ ਮੰਤਰੀ ਜੀ ਨੇ 'ਸੀ' ਪਾਰਟ ਵਿੱਚ ਉੱਤਰ ਦਿੱਤਾ ਹੈ 'ਨਹੀਂ'। ਜੇਕਰ ਕੋਈ ਠੋਸ ਸਬੂਤ ਉਨ੍ਹਾਂ ਦੇ ਸਾਹਮਣੇ ਲਿਆਂਦੇ ਜਾਣ ਤਾਂ ਕੀ ਮੁੱਖ ਮੰਤਰੀ ਸਾਹਿਬ ਯਕੀਨ ਦਿਲਾਣਗੇ ਕਿ ਚਾਹੇ ਉਹ ਕਿਸੇ ਵੀ ਰੁਤਬੇ ਦਾ ਅਫਸਰ ਹੋਵੇ, ਜਿਸ ਨੇ ਪਲਾਟ ਕੱਟੇ ਹਨ, ਉਸ ਦੇ ਖਿਲਾਫ ਇਨਕੁਆਇਰੀ ਕਰਵਾ ਕੇ ਸਜ਼ਾ ਦੇਣਗੇ?

**ਮੁੱਖ ਮੰਤਰੀ:** ਜਿਸ ਕਿਸੇ ਨੇ ਵੀ ਕੋਈ ਗਲਤ ਕੰਮ ਕੀਤਾ ਹੈ, ਉਸ ਦੀ ਇਨਕੁਆਇਰੀ ਕਰਵਾਈ ਜਾਵੇਗੀ।

---

## ਨਵੇਂ ਹਸਪਤਾਲ ਖੋਲ੍ਹਣਾ

*1683. **ਸਰਦਾਰ ਜਗਤਾਰ ਸਿੰਘ ਮੁਲਤਾਨੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਕਪੂਰਥਲਾ ਵਿਚ ਇਸ ਸਮੇਂ ਕੁੱਲ ਕਿੰਨੇ ਸਰਕਾਰੀ ਹਸਪਤਾਲ/ਸਿਵਿਲ ਡਿਸਪੈਂਸਰੀਆਂ ਹਨ;

(ਅ) ਕੀ ਸਰਕਾਰ ਅਗਲੇ ਵਿੱਤੀ ਸਾਲ ਦੇ ਦੌਰਾਨ ਉਕਤ ਜ਼ਿਲ੍ਹੇ ਵਿਚ ਕੋਈ ਨਵੇਂ ਸਰਕਾਰੀ ਹਸਪਤਾਲ/ਸਿਵਿਲ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

**Sardar Harcharan Singh Brar** :(a) Hospital—6.

Dispensaries-50 (Urban 5 + Rural 45)

(b) Yes. Only one Civil dispensary is proposed to be opened at Vishwakarma Mandir, Phagwara in district Kapurthala during the next financial year 1994-95.

Original with;
Punjab Vidhan Sabha
Digitized by;
Panjab Digital Library

**List of Hospitals functioning in Kapurthala District**

**Urban Area**

1. Civil Hospital, Kapurthala
2. Civil Hospital, Phagwara
3. Civil Hospital, Sultanpur Lodhi

**Rural Area**

1. Rural Hospital, Maqsudpur (Block Nadala)
2. Rural Hospital, Saprore (Block Phagwara)
3. Rural Hospital, Kabirpur (Block Sultanpur Lodhi)

## ANNEXURE-II

**List of Dispensaries functioning in Kapurthala District**

**Urban Area**

1. Town Dispensary, Kapurthala
2. Urban Slum Area Dispensary, Harijan Basti, Kapurthala
3. Urban Slum Area Dispensary, Guru Nanak Pura, Phagwara, Kapurthala
4. Urban Slum Area Dispensary, Near Balmiki Mandir, Palahigate Ambedkar Nagar, Phagwara
5. Civil Dispensary, Hadiabad, Phagwara

**Rural Area:**

**Block Kapurthala**

1. S.H.C. Dhapai
2. S.H.C., Buh
3. S.H.C., Khiranwal
4. S.H.C., Khera Dona
5. S.H.C., Khusropur
6. S.H.C. Blair Khanpur
7. S.H.C Nurpur Labana
8. S.H.C., Sidhwan
9. S.H.C., Bholana

Original with;
Punjab Vidhan Sabha
Digitized by;
Panjab Digital Library

[Health and Family Welfare Minister]

10. S.H.C., Sheikhpur

11. S.H.C., Wadala Kalan

12. S.H.C., Nurpur Dona

13. S.H.C., Bhawanipur

14. S.H.C., Saiflabad

15. S.H.C., Bhandal Bet

16. S.H.C., Dhaliwal Bet

**Block Nadala**

17. S.H.C., Nadala

18. S.H.C., Maqsudpur

19. S.H.C., Hamera

20. S.H.C., Lakhan Ke Padde

21. S.H.C., Ramidi

22. S.H.C., Raipur Pir Bakhashwala

23. S.H.C., Batala

**Block Phagwara**

24. S.H.C., Domeli

25. S.H.C., Chak Hakim

26. S.H.C., Khajuria

27. S.H.C., Madhopur

28. S.H.C., Mauli

29. S.H.C., Chak Dhadda

30. S.H.C., Rampur Sunran

31. S.H.C. Bhulla Rai

32. S.H.C., Rehana Jattan

33. S.H.C., Sangatpur

34. S.H.C., Wahid

**Block Sultanpur Lodhi**

35. S.H.C., Haibatpur

36. S.H.C., Jobbowal

Original with;
Punjab Vidhan Sabha
Digitized by;
Panjab Digital Library

37. S.H.C., Mewa Singhwala
38. S.H.C., Kalewal
39. S.H.C., Mothanwali
40. S.H.C., Nasirpur
41. S.H.C., Dalla
42. S.H.C., Shatabgarh
43. S.H.C., Kabirpur
44. S.H.C., Talwandi Chaudharian
45. S.H.C., Watanwali

**ਸਰਦਾਰ ਜਗਤਾਰ ਸਿੰਘ ਮੁਲਤਾਨੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਪੂਰਥਲਾ ਜਿਲ੍ਹੇ ਵਿੱਚ ਤਿੰਨ ਹਸਪਤਾਲ ਹਨ; ਕਪੂਰਥਲਾ, ਫਗਵਾੜਾ ਅਤੇ ਸੁਲਤਾਨਪੁਰ ਲੋਧੀ ਪਰ ਮੇਰਾ ਜਿਹੜਾ ਹਲਕਾ ਭੁਲੱਥ ਹੈ, ਉਥੇ ਕੋਈ ਵੀ ਸਿਵਲ ਹਸਪਤਾਲ ਨਹੀਂ ਹੈ। ਕੀ ਮੰਤਰੀ ਜੀ ਇਸ ਬੇਇਨਸਾਫੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨਗੇ ?

**ਮੰਤਰੀ :** ਇਸ ਤੇ ਜ਼ਰੂਰ ਵਿਚਾਰ ਕਰਾਂਗੇ ।

---

### ਮਰਦ ਅਤੇ ਇਸਤਰੀ ਡਾਕਟਰਾਂ ਦੀ ਗਿਣਤੀ

*2023. **ਸਰਦਾਰ ਮਨਜੀਤ ਸਿੰਘ ਭੱਠਲ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿੰਡ ਧਨੌਲਾ, ਲੌਂਗੋਵਾਲ ਅਤੇ ਤਪਾ ਮੰਡੀ, ਜ਼ਿਲ੍ਹਾ ਸੰਗਰੂਰ ਦੇ ਹਸਪਤਾਲਾਂ ਵਿਚ ਇਸ ਸਮੇਂ ਕੰਮ ਕਰ ਰਹੇ ਮਰਦ ਅਤੇ ਇਸਤਰੀ ਡਾਕਟਰਾਂ ਦੀ ਵੱਖ ਵੱਖ ਕੁੱਲ ਗਿਣਤੀ ਕਿੰਨੀ ਕਿੰਨੀ ਹੈ ?

**Sardar Harcharan Singh Brar:** Total Numbers of Male and Female doctors working at present in P.H.C./C.H.C. are given as below:—

| PHC/CHC | Male Doctor | Female Doctor |
|---|---|---|
| Dhanaula (Sangrur) | 2 | .. |
| Tapa (,,) | 1 | .. |
| Longowal (,,) | 1 | .. |

Original with;
Punjab Vidhan Sabha
Digitized by;
Panjab Digital Library

**ਸਰਦਾਰ ਮਨਜੀਤ ਸਿੰਘ ਭੱਠਲ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਹ ਤਿੰਨੇ ਕਸਬੇ ਮੰਡੀਆਂ ਤੋਂ ਵੀ ਵੱਡੀ ਅਬਾਦੀ ਵਾਲੇ ਕਸਬੇ ਹਨ। ਮੰਤਰੀ ਜੀ ਨੇ ਕਿਹਾ ਹੈ ਕਿ ਉਥੇ ਕੋਈ ਫੀਮੇਲ ਡਾਕਟਰ ਨਹੀਂ ਹੈ। ਕੀ ਜਦੋਂ ਡਿਲਿਵਰੀ ਵਗੈਰਾ ਹੁੰਦੀ ਹੈ ਤਾਂ ਆਪਾਂ ਉਸ ਵੇਲੇ ਮਰੀਜ਼ ਨੂੰ 50-60 ਮੀਲ ਦੂਰ ਲਿਜਾਣ ਦੀ ਪੁਜ਼ੀਸ਼ਨ ਵਿੱਚ ਹੁੰਦੇ ਹਾਂ ? ਕੀ ਮੰਤਰੀ ਜੀ ਕਿਰਪਾ ਕਰਕੇ ਯਕੀਨ ਦਿਵਾਉਣਗੇ ਕਿ ਉਥੇ ਇਕ ਮਹੀਨੇ ਦੇ ਅੰਦਰ ਅੰਦਰ ਫੀਮੇਲ ਡਾਕਟਰ ਲਗਾ ਦਿੱਤੇ ਜਾਣਗੇ ?

ਦੂਸਰਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕਸਬੇ ਵਿੱਚ ਲੌਂਗੋਵਾਲ ਇੰਸਟੀਚਿਊਟ ਵਰਗੀ ਸੰਸਥਾ ਖੁਲ੍ਹ ਸਕਦੀ ਹੈ ਤਾਂ ਉਥੇ ਕੇਵਲ ਇਕ ਹੀ ਡਾਕਟਰ ਹੋਵੇ ? ਸਰਦਾਰ ਬੇਅੰਤ ਸਿੰਘ ਦੀ ਸਰਕਾਰ ਨੇ ਬੜੇ ਵੱਡੇ ਵੱਡੇ ਮਾਅਰਕੇ ਮਾਰੇ ਹਨ। ਮੈਨੂੰ ਇਸ ਦਾ ਜਵਾਬ ਮਿਲਣਾ ਚਾਹੀਦਾ ਹੈ।

**ਸ੍ਰੀ ਸਪੀਕਰ:** ਹਾਂ ਜੀ, ਸਿਹਤ ਮੰਤਰ ਜੀ, ਕੋਈ ਫ਼ੀਮੇਲ ਡਾਕਟਰ ਲਗਾਉਗੇ ਇਕ ਮਹੀਨੇ ਦੇ ਅੰਦਰ ਅੰਦਰ ?

**ਮੰਤਰੀ :** ਸਪੀਕਰ ਸਾਹਿਬ, ਮੈਂ ਕਈ ਵੇਰ ਇਸ ਹਾਊਸ ਦੇ ਵਿੱਚ ਕਹਿ ਚੁੱਕਾ ਹਾਂ ਕਿ ਅਸੀਂ ਰਿਕੁਜ਼ੀਸ਼ਨ ਪੀ.ਪੀ.ਐਸ.ਸੀ. ਨੂੰ ਭੇਜੀ ਹੋਈ ਹੈ, ਜਦੋਂ ਉਨ੍ਹਾਂ ਵਲੋਂ ਰਿਕੁਮੈਂਡੇਸ਼ਨਜ਼ ਪੁੱਜ ਜਾਣਗੀਆਂ ਤਾਂ ਜਿੱਥੇ ਕਮੀ ਹੋਵੇਗੀ, ਉਹ ਜ਼ਰੂਰ ਪੂਰੀ ਕਰਾਂਗੇ।

**ਸਰਦਾਰ ਮਨਜੀਤ ਸਿੰਘ ਭੱਠਲ:** ਸਪੀਕਰ ਸਾਹਿਬ, ਮੇਰੀ ਇਕ ਰਿਕੁਵੇਸਟ ਤੁਹਾਡੇ ਰਾਹੀਂ ਇਹ ਵੀ ਹੈ ਕਿ ਪਹਿਲਾਂ ਜਿਹੜਾ ਮੰਤਰੀ ਜੀ ਜਵਾਬ ਦਿੰਦੇ ਹਨ, ਉਹ ਅੰਗਰੇਜ਼ੀ ਵਿੱਚ ਦਿੰਦੇ ਹਨ ਅਤੇ ਫਿਰ ਬਾਕੀ ਪੰਜਾਬੀ ਵਿੱਚ ਦਿੰਦੇ ਹਨ। ਮੇਰੇ ਵਰਗਿਆਂ ਨੂੰ ਤਾਂ ਪਹਿਲਾਂ ਸਮਝ ਹੀ ਨਹੀਂ ਆਉਂਦਾ, ਇਸ ਲਈ, ਸਪੀਕਰ ਸਾਹਿਬ, ਇਨ੍ਹਾਂ ਨੂੰ ਚਾਹੀਦਾ ਹੈ ਕਿ ਜਵਾਬ ਜਿਸ ਤਰ੍ਹਾਂ ਆਪਾਂ ਆਮ ਘਰਾਂ ਵਿੱਚ ਪੰਜਾਬੀ ਬੋਲਦੇ ਹਾਂ, ਉਸੇ ਤਰ੍ਹਾਂ ਦਿੱਤਾ ਜਾਵੇ।

**ਸ੍ਰੀ ਸਪੀਕਰ:** ਬੱਚੇ ਤਾਂ ਸਾਰੇ ਅੰਗਰੇਜ਼ੀ ਸਕੂਲਾਂ ਵਿੱਚ ਦਾਖਲ ਕਰਾਉਂਦੇ ਹੋ। ਅਗਲਾ ਸਵਾਲ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1456**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

---

**ਜ਼ਿਲ੍ਹਾ ਫਿਰੋਜ਼ਪੁਰ ਵਿਚ ਆਬਕਾਰੀ ਡਿਊਟੀ ਤੋਂ ਆਮਦਨ**

*1444. **ਸ੍ਰੀ ਬਾਬੂ ਰਾਮ ਚਾਵਲਾ:** ਕੀ ਆਬਕਾਰੀ ਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ 1993-94 ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਆਬਕਾਰੀ ਡਿਊਟੀ ਤੋਂ ਕੁੱਲ ਕਿੰਨੀ ਆਮਦਨ ਹੋਈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸ਼ਮਸ਼ੇਰ ਸਿੰਘ ਦੂਲੋ** : ਸਾਲ 1993-94 (ਮਿਤੀ 1 ਅਪਰੈਲ, 1993 ਤੋਂ 31 ਜਨਵਰੀ, 1994 ਤੱਕ) ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਵਿਚ ਆਬਕਾਰੀ ਡਿਊਟੀ ਤੋਂ 1,93,71,732 ਰੁਪਏ ਆਮਦਨ ਹੋਈ ਹੈ ਜੀ।

**ਸ੍ਰੀ ਬਾਬੂ ਰਾਮ ਚਾਵਲਾ**: ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਆ ਜਦੋਂ ਇਹ ਠੇਕੇ ਛੱਡੇ ਜਾਂਦੇ ਹਨ, ਉਸ ਵਕਤ ਇਹ ਧਿਆਨ ਰੱਖਿਆ ਜਾਂਦਾ ਹੈ ਕਿ ਜਿਹੜੀਆਂ ਛੋਟੀਆਂ ਬਸਤੀਆਂ ਹਨ ਅਤੇ ਗਰੀਬ ਬਸਤੀਆਂ ਹਨ, ਉਥੇ ਠੇਕਿਆਂ ਦੇ ਹਿੱਸੇ ਖੋਲ੍ਹੇ ਜਾਂਦੇ ਹਨ, ਇਹ ਠੀਕ ਹੈ ਕਿ ਇਸ ਨਾਲ ਸਰਕਾਰ ਨੂੰ ਆਮਦਨ ਵੱਧ ਹੋ ਜਾਂਦੀ ਹੈ ਪਰ ਦੂਜੇ ਪਾਸੇ ਉਥੇ ਜੋ ਗਰੀਬ ਲੋਕ ਰਹਿੰਦੇ ਹਨ, ਉਨ੍ਹਾਂ ਤੇ ਇਨ੍ਹਾਂ ਦਾ ਮਾੜਾ ਅਸਰ ਪੈਂਦਾ ਹੈ, ਕੀ ਮੰਤਰੀ ਜੀ ਦੱਸਣਗੇ ਕਿ ਇਸ ਪ੍ਰੈਕਟਿਸ ਨੂੰ ਬੰਦ ਕਰਨ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

**ਮੰਤਰੀ**: ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਜੋ ਬਸਤੀਆਂ ਦੀ ਗੱਲ ਕੀਤੀ ਹੈ, ਅਗਰ ਕੋਈ ਕੇਸ ਅਜਿਹਾ ਹੈ ਤਾਂ ਇਹ ਮੇਰੇ ਨੋਟਿਸ ਵਿੱਚ ਲਿਆ ਦੇਣ। ਵੈਸੇ ਸਰਕਾਰ ਦੀ ਪਾਲਿਸੀ ਹੈ ਜਿੱਥੇ ਕੋਈ ਸਕੂਲ ਹੈ, ਮੰਦਰ ਹੈ, ਗੁਰਦੁਆਰਾ ਹੈ ਜਾਂ ਮਸਜਿਦ ਹੈ, ਅਜਿਹੇ ਇੰਸਟੀਚਿਊਸ਼ਨਜ਼ ਤੋਂ 100 ਗਜ਼ ਦੇ ਫ਼ਾਸਲੇ ਤੇ ਠੇਕਾ ਖੋਲ੍ਹਿਆ ਨਹੀਂ ਜਾ ਸਕਦਾ ਹੈ। ਬਾਕੀ ਜੇ ਇਨ੍ਹਾਂ ਦੇ ਨੋਟਿਸ ਵਿੱਚ ਹੈ ਇਹ ਦੱਸ ਦੇਣ, ਮੈਂ ਚੁਕਵਾ ਦੇਵਾਂਗਾ।

**ਸ੍ਰੀ ਬਾਬੂ ਰਾਮ ਚਾਵਲਾ** : ਸਪੀਕਰ ਸਾਹਿਬ, ਜਿਹੜੀਆਂ ਗਰੀਬ ਬਸਤੀਆਂ ਹਨ, ਉਨ੍ਹਾਂ ਦੇ ਵਿੱਚ ਗਰੀਬ ਲੋਕ ਹੀ ਰਹਿੰਦੇ ਹਨ ਅਤੇ ਬੱਚਿਆਂ ਨੂੰ ਵੀ ਮਾੜੀਆਂ ਆਦਤਾਂ ਪੈ ਜਾਂਦੀਆਂ ਹਨ ਭਾਵੇਂ ਉਥੇ ਗੁਰਦੁਆਰਾ, ਮੰਦਰ ਜਾਂ ਮਸਜਿਦ ਨਾ ਹੋਵੇ, ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਕਿਆ ਇਨ੍ਹਾਂ ਚੀਜ਼ਾਂ ਨੂੰ ਉਨ੍ਹਾਂ ਬਸਤੀਆਂ ਤੋਂ ਦੂਰ ਰੱਖਿਆ ਜਾਵੇਗਾ?

**ਮੰਤਰੀ**: ਸਪੀਕਰ ਸਾਹਿਬ, ਇਨ੍ਹਾਂ ਨੇ ਗਰੀਬ ਬਸਤੀਆਂ ਦੀ ਗੱਲ ਕੀਤੀ ਹੈ, ਜੇ ਕਿਤੇ ਅਨ-ਅਥੋਰਾਈਜ਼ਡ ਠੇਕਾ ਖੋਲ੍ਹਿਆ ਹੋਇਆ ਹੈ ਉਹ ਗਲਤ ਹੈ, ਅਸੀਂ ਚੁਕਵਾ ਦੇਵਾਂਗੇ ਪਰ, ਸਪੀਕਰ ਸਾਹਿਬ, ਜੋ ਲੋਕਾਂ ਦੀ ਡਿਮਾਂਡ ਹੈ ਤਾਂ ਉਸ ਨੂੰ ਮੱਦੇ ਨਜ਼ਰ ਰੱਖਾਂਗੇ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਸਪਲੀਮੈਂਟਰੀ ਕਰਨ ਲਈ ਖੜ੍ਹੇ ਸਨ।)

**ਸ੍ਰੀ ਸਪੀਕਰ**: ਠੇਕੇ ਦਾ ਨਾਉਂ ਸੁਣ ਕੇ ਸਾਰੇ ਹੀ ਸਪਲੀਮੈਂਟਰੀ ਲਈ ਖੜ੍ਹੇ ਹੋ ਗਏ ਹਨ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕਿਆ ਆਬਕਾਰੀ ਵਿਭਾਗ ਇਸ ਤੇ ਵਿਚਾਰ ਕਰ ਸਕਦੀ ਹੈ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

ਕਿ ਜਿੱਥੇ ਤਾਂ ਧਾਰਮਿਕ ਜਗ੍ਹਾ ਹੈ, ਉਸ ਦੇ ਨੇੜੇ ਠੇਕਾ ਨਹੀਂ ਖੋਲ੍ਹਣਾ ਪਰ ਜਿਹੜੇ ਲੋਕ ਘਰਾਂ ਵਿੱਚ ਰਹਿੰਦੇ ਹਨ ਅਤੇ ਘਰਾਂ ਵਿਚ ਵੀ ਲੇਬਰ ਕਾਲੋਨੀ ਦੇ ਜਿੱਥੇ 50 ਕਵਾਟਰ ਹੋਣ, ਉਸ ਦੇ ਵਿੱਚ ਵੀ ਠੇਕਾ ਖੋਲ੍ਹ ਦਿੱਤਾ ਜਾਵੇ, ਕੀ ਸਰਕਾਰ ਵਿਚਾਰ ਕਰ ਸਕਦੀ ਹੈ ਕਿ ਜਿਹੜੀ ਘਰਾਂ ਦੀ ਆਬਾਦੀ ਹੈ, ਉਸ ਦੇ ਵਿੱਚ ਠੇਕਾ ਖੋਲ੍ਹਣਾ ਵੀ ਮਨ੍ਹਾਂ ਕਰ ਦਿਤਾ ਜਾਵੇ, ਔਰ ਜਿਹੜੇ ਘਰਾਂ ਦੇ ਵਿੱਚ ਠੇਕੇ ਖੋਲ੍ਹੇ ਹਨ, ਉਨ੍ਹਾਂ ਨੂੰ ਬੰਦ ਕਰ ਦਿੱਤਾ ਜਾਵੇ ਜਾਂ ਉਥੋਂ ਬਦਲ ਦਿਤਾ ਜਾਵੇ ?

**ਸ਼੍ਰੀ ਸਪੀਕਰ:** ਮੰਤਰੀ ਜੀ ਇਨ੍ਹਾਂ ਦਾ ਸਵਾਲ ਹੈ ਕਿ ਅਦਰ-ਦੈਨ ਜਿਹੜਾ ਕਰਾਈਟੇਰੀਆ ਦੱਸਿਆ ਹੈ, ਅਗਰ ਗਰੀਬ ਬਸਤੀ ਜਾਂ ਲੇਬਰ ਕਾਲੋਨੀ ਹੈ, ਉਥੇ ਵੀ ਠੇਕੇ ਨਾ ਖੋਲ੍ਹੇ ਜਾਣ, ਕੀ ਇਸ ਤੇ ਸਰਕਾਰ ਵਿਚਾਰ ਕਰੇਗੀ ?

**ਮੰਤਰੀ:** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਇਸ ਤਰ੍ਹਾਂ ਦੀ ਲੁਕੇਲਟੀ ਵਿੱਚ ਠੇਕਾ ਖੋਲ੍ਹਿਆ ਗਿਆ ਹੈ ਤਾਂ ਉਸ ਤੇ ਜ਼ਰੂਰ ਹਮਦਰਦੀ ਨਾਲ ਵਿਚਾਰ ਕਰਾਂਗੇ ।

**ਸ਼੍ਰੀ ਭਗਵਾਨ ਦਾਸ ਅਰੋੜਾ:** ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਆਬਕਾਰੀ ਅਤੇ ਕਰ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹੁਣੇ ਹੁਣੇ ਸ਼ਰਾਬ ਦੇ ਠੇਕਿਆਂ ਦੀ ਨੀਲਾਮੀ ਹੋਈ ਹੈ, ਅੰਮ੍ਰਿਤਸਰ ਜ਼ਿਲ੍ਹੇ ਵਿੱਚ 70 ਪ੍ਰਤੀਸ਼ਤ ਇਨਕਰੀਜ਼ ਹੋਈ ਅਤੇ ਲੁਧਿਆਣੇ ਵਿੱਚ 10—15 ਪ੍ਰਤੀਸ਼ਤ ਇਨਕਰੀਜ਼ ਹੋਈ ਜਦ ਕਿ ਉਲਟ ਹੋਣਾ ਚਾਹੀਦਾ ਸੀ ਕਿਉਂਕਿ ਲੁਧਿਆਣਾ ਇੱਕ ਬਹੁਤ ਵੱਡੀ ਇੰਡਸਟਰੀ ਦਾ ਸ਼ਹਿਰ ਹੈ, ਉਥੇ ਵੱਧ ਹੋਣੀ ਚਾਹੀਦੀ ਹੈ ਅਤੇ ਅੰਮ੍ਰਿਤਸਰ ਪਵਿੱਤਰ ਸ਼ਹਿਰ ਹੈ ਜਿੱਥੇ ਗੁਰਦੁਆਰੇ ਹਨ, ਮੰਦਰ ਹਨ, ਉਥੇ ਘੱਟ ਹੋਣੀ ਚਾਹੀਦੀ ਹੈ, ਮੰਤਰੀ ਜੀ ਦੱਸਣਗੇ ਕਿ ਇਸ ਦਾ ਕੀ ਕਾਰਨ ਹੈ ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂਬਰ ਸਾਹਿਬ ਨੂੰ ਸਹੀ ਫੈਕਟਸ ਪਤਾ ਨਹੀਂ। ਅੰਮ੍ਰਿਤਸਰ ਵਿੱਚ 54.3 ਪ੍ਰਤੀਸ਼ਤ ਇਨਕਰੀਜ਼ ਹੋਈ ਹੈ ਜਦ ਕਿ ਲੁਧਿਆਣਾ ਵਿੱਚ ਜਿੱਥੇ ਇਹ 10 ਪ੍ਰਤੀਸ਼ਤ ਕਹਿੰਦੇ ਹਨ, ਉਥੇ 26.92 ਪ੍ਰਤੀਸ਼ਤ ਇਨਕਰੀਜ਼ ਹੋਈ ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਸਪਲੀਮੈਂਟਰੀਜ਼ ਦੀ ਮੰਗ ਕਰ ਰਹੇ ਸਨ।)

**ਸ਼੍ਰੀ ਸਪੀਕਰ:** ਮੈਂ ਉਸ ਨੂੰ ਸਪਲੀਮੈਂਟਰੀ ਅਲਾਓ ਕਰਾਂਗਾ ਜਿਹੜਾ ਸ਼ਰਾਬ ਨਹੀਂ ਪੀਂਦਾ। ਹਾਂ ਜੀ, ਪੰਜਗਰਾਈਂ ਜੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਚਰਨ ਸਿੰਘ ਪੰਜਗਰਾਈਂ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਪੰਜਗਰਾਈਂ ਦੇ ਪਿੰਡ ਸ਼ੇਖਕਲਾਂ ਵਿੱਚ ਇੱਕ ਠੇਕੇਦਾਰ ਨੇ ਹਰੀਜਨਾਂ ਦੀ ਬਸਤੀ ਵਿੱਚ ਠੇਕਾ ਖੋਲ੍ਹਿਆ ਹੈ ਜਿੱਥੇ ਸਾਈਡ ਤੇ ਲੈਟਰਿਨ ਦੀ ਜਗ੍ਹਾ ਵੀ ਹੈ। ਕੀ ਮੰਤਰੀ ਜੀ ਉਥੇ ਐਕਸ਼ਨ ਲੈਣਗੇ?

**ਸ੍ਰੀ ਸਪੀਕਰ:** ਇਹੋ ਜਿਹੀ ਜਨਰਲ ਐਸ਼ੋਰੈਂਸ ਮੰਤਰੀ ਜੀ ਨੇ ਦੇ ਦਿੱਤੀ ਹੈ। ਤੁਸੀਂ ਉਨ੍ਹਾਂ ਦੇ ਨੋਟਿਸ ਵਿੱਚ ਲਿਆ ਦਿਓ। ਇਸ ਤਰ੍ਹਾਂ ਤਾਂ ਸਾਰੇ ਹੀ ਇੱਕ ਇੱਕ ਕਰਕੇ ਪੁੱਛਣ ਲੱਗ ਪੈਣਗੇ।

**ਸਰਦਾਰ ਗੁਰਚਰਨ ਸਿੰਘ ਪੰਜਗਰਾਈਂ:** ਸਪੀਕਰ ਸਾਹਿਬ, ਮੈਂ ਆਪਣੇ ਪਿੰਡ 'ਸ਼ੇਖਕਲਾਂ' ਦਾ ਨਾਂ ਦਿੱਤਾ ਹੈ।

**ਸ੍ਰੀ ਸਪੀਕਰ:** ਉਹ ਇਸ ਕਰਾਈਟੇਰੀਏ ਤੇ ਪੂਰਾ ਨਹੀਂ ਉਤਰਦਾ। (ਵਿਘਨ) ਹੁਣ ਤਾਂ ਮੁਸ਼ਕਲ ਹੋ ਗਈ ਹੈ। ਐਮ.ਐਲ.ਏ. ਹੋਸਟਲ ਵਿੱਚ ਵੀ ਬੜੀ ਪਰਾਬਲਮ ਹੈ (ਵਿਘਨ) ਹਾਂ ਜੀ, ਤਰਸੇਮ ਜੋਧਾਂ ਜੀ।

**ਕਾਮਰੇਡ ਤਰਸੇਮ ਜੋਧਾਂ:** ਮਾਨਯੋਗ ਸਪੀਕਰ ਸਾਹਿਬ, ਪਹਿਲਾਂ ਵੀ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਮੁਲਾਂਪੁਰ ਬੱਸ ਅੱਡੇ ਤੇ ਜਿੱਥੇ ਹਜ਼ਾਰਾਂ ਸਵਾਰੀਆਂ ਬੱਸ ਵਿੱਚੋਂ ਚੜ੍ਹਦੀਆਂ ਉਤਰਦੀਆਂ ਹਨ ਅਤੇ ਉਥੇ 5—7 ਲੜਕੀਆਂ ਦੇ ਕਾਲਜ ਵੀ ਹਨ, ਉਥੇ ਠੇਕੇਦਾਰ ਨੇ ਠੇਕਾ ਖੋਲ੍ਹਿਆ ਹੋਇਆ ਹੈ ਅਤੇ ਲੋਕਾਂ ਨੂੰ ਰਿਵਾਲਵਰ ਦਿਖਾ ਕੇ ਡਰਾ ਰਿਹਾ ਹੈ, ਲੋਕਾਂ ਨੇ ਧਰਨਾ ਲਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਉਥੋਂ ਭਜਾ ਦਿੱਤਾ ਗਿਆ। ਮੈ ਪੁੱਛਣਾ ਚਾਹੁੰਦਾ ਹਾਂ ਕਿ ਉਸ ਠੇਕੇ ਨੂੰ, ਜਿਸ ਨਾਲ ਗੜਬੜ ਪੈਦਾ ਹੋਈ, ਫੌਰੀ ਤੌਰ ਤੇ ਚੁਕਾਉਣ ਦਾ ਪ੍ਰਬੰਧ ਕਰਨਗੇ?

**ਸ੍ਰੀ ਸਪੀਕਰ:** ਇੰਨੀ ਵੱਡੀ ਇੰਟਰੋਡਕਸ਼ਨ ਦੇਣ ਦੀ ਲੋੜ ਨਹੀਂ। ਇਨ੍ਹਾਂ ਨੇ ਕਿਹਾ ਹੈ ਕਿ ਜਿੱਥੇ ਕਿਤੇ ਵੀ ਇਸ ਤਰ੍ਹਾਂ ਦੇ ਹਨ, ਉਥੋਂ ਉਠਾ ਦੇਣਗੇ।

---

### ਰਾਜ ਵਿਚ ਸਹਿਕਾਰੀ ਚੀਨੀ ਮਿੱਲਾਂ ਨੂੰ ਹੋਇਆ ਲਾਭ/ਘਾਟਾ

*1411. (1) ਕਾਮਰੇਡ ਅਜੈਬ ਸਿੰਘ ਰੌਂਤਾ
(2) ਕਾਮਰੇਡ ਗੁਰਨਾਮ ਸਿੰਘ ਧੀਰੋਵਾਲ } : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਹਰ ਇਕ ਸਹਿਕਾਰੀ ਚੀਨੀ ਮਿੱਲ ਨੂੰ ਸਾਲ 1992 ਅਤੇ ਅਪਰੈਲ ਤੋਂ ਅਕਤੂਬਰ, 1993 ਤੱਕ ਦੇ ਸਮੇਂ ਦੌਰਾਨ ਹੋਏ ਲਾਭ ਅਤੇ ਪਏ ਘਾਟੇ ਦੇ ਮਿੱਲ-ਵਾਰ ਵੇਰਵੇ ਕੀ ਹਨ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸੱਜਨ ਕੁਮਾਰ ਜਾਖੜ** : (ੳ) ਰਾਜ ਵਿੱਚ ਸਹਿਕਾਰੀ ਖੰਡ ਮਿੱਲਾਂ ਦੇ ਨਫਾ ਨੁਕਸਾਨ ਬਾਬਤ ਸਾਲ 1992-93 (ਅਪਰੈਲ-1992 ਤੋਂ ਮਾਰਚ-1993) ਦੀ ਤਫਸੀਲ ਹੇਠ ਲਿਖੇ ਅਨੁਸਾਰ ਹੈ :—

(ਰੁਪਏ ਲੱਖਾਂ ਵਿੱਚ)

| ਲੜੀ ਨੰ: | ਮਿੱਲ ਦਾ ਨਾਂ | | ਨੈਟ ਪਰੋਫਿਟ ਅਤੇ ਲੋਸ | ਡੈਪਰੀਸੀਏਸ਼ਨ | ਕੈਸ਼ ਪਰੋਫਿਟ ਅਤੇ ਲਾਸ |
|---|---|---|---|---|---|
| 1. | ਭੋਗਪੁਰ | .. | —195.73 | 17.65 | —178.08 |
| 2. | ਮੋਰਿੰਡਾ | .. | —46.38 | 75.38 | 29.00 |
| 3. | ਬਟਾਲਾ | .. | —22.53 | 21.88 | —0.65 |
| 4. | ਨਵਾਂ ਸ਼ਹਿਰ | .. | 266.35 | 86.13 | 352.48 |
| 5. | ਗੁਰਦਾਸਪੁਰ | .. | —282.02 | 163.94 | —118.08 |
| 6. | ਜ਼ੀਰਾ | .. | —178.21 | 57.92 | —120.29 |
| 7. | ਪਟਿਆਲਾ | .. | 19.00 | 43.25 | 62.25 |
| 8. | ਫਾਜ਼ਿਲਕਾ | .. | —297.36 | 36.15 | —261.21 |
| 9. | ਬੁਢੇਵਾਲ | .. | 80.10 | 59.62 | 139.72 |
| 10. | ਤਰਨ-ਤਾਰਨ | .. | —58.78 | 77.05 | 18.27 |
| 11. | ਨਕੋਦਰ | .. | 67.11 | 94.41 | 161.52 |
| | ਜੋੜ | .. | —648.45 | 733.38 | 84.93 |
| 12. | ਜਗਰਾਉਂ | .. | —464.78 | 300.12 | —164.66 |
| 13. | ਬੁਢਲਾਡਾ | .. | —817.55 | 296.05 | —521.50 |
| 14. | ਅਜਨਾਲਾ | .. | —837.36 | 296.43 | —540.93 |
| 15. | ਫਰੀਦਕੋਟ | .. | —824.95 | 445.21 | —379.74 |
| | ਜੋੜ | .. | —2944.64 | 1337.81 | —1606.83 |
| | ਕੁੱਲ ਜੋੜ | .. | —3593.09 | 2071.19 | —1521.90 |

Original with;
Punjab Vidhan Sabha
Digitized by;
Panjab Digital Library

ਅਪਰੈਲ 1993 ਤੋਂ ਅਕਤੂਬਰ ਤੱਕ ਨਫਾ ਨੁਕਸਾਨ ਨਹੀਂ ਦੱਸਿਆ ਜਾ ਸਕਦਾ ਕਿਉਂ ਜੋ ਇਹ ਮਿੱਲਾਂ ਸੀਜ਼ਨ ਇੰਡਸਟਰੀ ਹੋਣ ਦੇ ਨਾਤੇ ਸਾਲ ਵਿੱਚ ਤਿੰਨ ਤੋਂ ਪੰਜ ਮਹੀਨੇ ਤੱਕ ਚਲਦੀਆਂ ਹਨ। ਅਕਤੂਬਰ ਤੋਂ ਅਪਰੈਲ ਤੱਕ ਆਫ ਸੀਜ਼ਨ ਹੁੰਦਾ ਹੈ ਅਤੇ ਇਸ ਸਮੇਂ ਵਿੱਚ ਕੇਵਲ ਮਸ਼ੀਨਰੀ ਦੀ ਮੁਰੰਮਤ ਆਦਿ ਹੁੰਦੀ ਹੈ। ਗੰਨੇ ਦੀ ਪੀੜਾਈ ਨਵੰਬਰ ਤੋਂ ਮਾਰਚ ਤੱਕ ਕੀਤੀ ਜਾਂਦੀ ਹੈ ਅਤੇ ਠੀਕ ਤੱਥ 12 ਮਹੀਨੇ ਤੋਂ ਬਾਅਦ ਹੀ ਬਣ ਸਕਦੇ ਹਨ।

**ਕਾਮਰੇਡ ਅਜੈਬ ਸਿੰਘ ਰੋਂਤਾ:** ਸਪੀਕਰ ਸਾਹਿਬ, ਮੈਂ ਆਪ ਜੀ ਦੁਆਰਾ ਸਤਿਕਾਰਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸਾਲ 1992–93 ਦੀ ਪੁਜ਼ੀਸ਼ਨ ਦੱਸ ਦਿੱਤੀ ਹੈ, ਕੀ ਇਕ ਸਾਲ ਬੀਤਣ ਤੋਂ ਬਾਅਦ ਵੀ ਇਹੀ ਸਥਿਤੀ ਹੈ ਜਾਂ ਪਰਿਵਰਤਨ ਹੋਇਆ ਹੈ ਜਾਂ ਪ੍ਰਾਫਿਟ–ਲਾਸ ਵਿੱਚ ਕੋਈ ਫਰਕ ਪਿਆ ਹੈ? ਮਿੱਲਾਂ ਦੇ ਘਾਟੇ ਵਿਚ ਜਾਣ ਦੇ ਕੀ ਕਾਰਨ ਹਨ? ਕੀ ਅਫਸਰਸ਼ਾਹੀ ਦੀ ਅੰਧਾਧੁੰਦ ਕੁਰੱਪਸ਼ਨ ਤਾਂ ਨਹੀਂ ਹੈ?

**मन्त्री :** स्पीकर साहिब, मैं मैम्बर साहिब को बताना चाहता हूं कि 1993–94 के सीज़न में अनाज में हम ने 13.95 करोड़ कमाया है। (थम्पिंग) मैं पिछले सैशन के दौरान भी जवाब दे चुका हूं। काफी जगह मैं महसूस किया है कि घाटा है, उन पर ध्यान किया जा रहा है।

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ:** ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਕੋਲੋਂ ਇਹ ਜਾਣਕਾਰੀ ਚਾਹਾਂਗਾ, ਸਵਾਲ ਇਹ ਸੀ ਕਿ ਪੰਜਾਬ ਵਿੱਚ ਕਿੰਨੀਆਂ ਖੰਡ ਮਿੱਲਾਂ ਹਨ, ਉਨ੍ਹਾਂ ਵਿਚੋਂ ਕਿੰਨੀਆਂ ਮਿੱਲਾਂ ਘਾਟੇ ਵਿੱਚ ਅਤੇ ਕਿੰਨੀਆਂ ਮੁਨਾਫੇ ਵਿੱਚ ਜਾ ਰਹੀਆਂ ਹਨ, ਜਿਹੜੀਆਂ ਮੁਨਾਫੇ ਵਿੱਚ ਜਾ ਰਹੀਆਂ ਹਨ, ਉਨ੍ਹਾਂ ਦੇ ਕੀ ਕਾਰਨ ਹਨ ਅਤੇ ਜਿਹੜੀਆਂ ਘਾਟੇ ਵਿੱਚ ਜਾ ਰਹੀਆਂ ਹਨ, ਉਨ੍ਹਾਂ ਦੇ ਕੀ ਕਾਰਨ ਹਨ? ਉਨ੍ਹਾਂ ਦੀ ਟੋਟਲ ਹਾਨੀ ਦੱਸੋ। ਇਥੇ 15 ਕਰੋੜ 21 ਲੱਖ ਦੇ ਲਗ ਭਗ ਦੀ ਰਕਮ ਦੱਸੀ ਗਈ ਹੈ, ਇਹ ਸਾਰੀ ਅਮਾਊਂਟ ਘਾਟੇ ਵਾਲੀਆਂ ਮਿੱਲਾਂ ਦੀ ਹੈ। ਇਹ ਦੱਸੋ ਕਿ ਉਹ ਘਾਟੇ ਵਿੱਚ ਕਿਉਂ ਜਾ ਰਹੀਆਂ ਹਨ?

**मन्त्री :** स्पीकर साहिब, आप के ज़रीये माननीय साथी को बताना चाहूंगा कि इन्होंने जो पूछा था, वह 1992–93 का पूछा है और अब यह पूछ रहे हैं कि कितनी मिलें हानी में हैं। वह भी बता सकते हैं। सभी फिगरज़ दिये हैं।

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ:** ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਕਾਰਨ ਕੋਈ ਮੈਨੇਜਮੈਂਟ ਜਿਹੜੀ ਹੈ, ਉਸ ਦੀ ਗੜਬੜੀ ਜਾਂ ਕੁਰੱਪਸ਼ਨ ਦਾ ਤਾਂ ਨਹੀਂ? ਔਰ ਦੂਜਾ ਸ਼ੀਰੇ ਦੀ ਕੰਟਰੋਲ ਨੀਤੀ ਕਿ ਸਹਿਕਾਰੀ ਮਿੱਲਾਂ ਸ਼ੀਰੇ ਦਾ ਕੰਟਰੋਲ ਕਰਕੇ ਅਤੇ ਸਹਿਕਾਰੀ ਮਿੱਲਾਂ ਵਿੱਚ ਘਾਟਾ ਦੱਸ ਕੇ ਪ੍ਰਾਈਵੇਟ ਕਰਨ ਵਾਲੇ ਪਾਸੇ ਤਾਂ ਨਹੀਂ ਜਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਗੁਰਨਾਮ ਸਿੰਘ ਧੀਰੋਵਾਲ]

ਰਹੀ ਕਿਉਂਕਿ ਪ੍ਰਾਈਵੇਟ ਮਿੱਲਾਂ ਵਾਲੇ ਮਾਰਕੀਟ ਵਿਚ ਸ਼ੀਰਾ 130/-ਰੁਪਏ ਤੱਕ ਵੇਚਦੇ ਹਨ, ਜਦਕਿ ਸਹਿਕਾਰੀ ਮਿੱਲਾਂ ਉਪਰ ਸ਼ੀਰਾ ਵੇਚਣ ਤੇ ਕੰਟਰੋਲ ਹੈ। ਇਨ੍ਹਾਂ ਨੂੰ ਓਪਨ ਮਾਰਕੀਟ ਵਿਚ ਸ਼ੀਰਾ ਵੇਚਣ ਦੀ ਖੁਲ੍ਹ ਕਿਉਂ ਨਹੀਂ? ਇਸ ਤਰ੍ਹਾਂ ਕਰਕੇ ਸਰਕਾਰ ਜਾਣ ਬੁਝ ਕੇ ਸਹਿਕਾਰੀ ਮਿੱਲਾਂ ਨੂੰ ਬਿਮਾਰ ਬਣਾ ਕੇ ਪ੍ਰਾਈਵੇਟ ਹੱਥਾਂ ਵਿੱਚ ਦੇਣਾ ਚਾਹੁੰਦੀ ਹੈ।

मन्त्री : मैं बताना चाहता हूं कि शीरे की पालिसी कारन पराफिट होना शुरु हुआ है। 1993-94 में मैंने बताया है कि 13 करोड़ का पराफिट कमाया है। यह पराफिट वर्किंग अच्छी होने के कारन हुआ है। कोई ऐसी बात नहीं है। प्राईवेट मिलों की पालिसी सैन्ट्रल गवंनमैंट की पालिसी है। वह सैन्ट्रल गर्वनमैंट अलाउ करती है, हमारा इस में कोई तालुक नहीं, इस वक्त सहिकारी मिलें पराफिट में चल रही हैं, आने वाले समय में भी पराफिट में जायेंगी, हर सूरत में पराफिट में जायेंगी।

---

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1845

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ)।

---

## ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਖਾਲੀ ਆਸਾਮੀਆਂ ਨੂੰ ਭਰਨਾ

*1848. ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ 1 ਜੁਲਾਈ, 1993 ਤੋਂ 16 ਫਰਵਰੀ, 1994 ਤੱਕ ਦੇ ਸਮੇਂ ਦੌਰਾਨ ਕੋਈ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਸਨ, ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਉਨ੍ਹਾਂ ਆਸਾਮੀਆਂ ਦੇ ਵੇਰਵੇ ਕੀ ਹਨ ਜਿਨ੍ਹਾਂ ਵਿਰੁੱਧ ਉਕਤ ਨਿਯੁਕਤੀਆਂ ਕੀਤੀਆਂ ਗਈਆਂ ਹਨ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਨਿਯੁਕਤੀਆਂ ਦੀ ਚੋਣ ਕਰਨ ਲਈ ਕੀ ਵਿਧੀ ਅਪਣਾਈ ਗਈ?

**ਸਰਦਾਰ ਲਖਮੀਰ ਸਿੰਘ ਰੰਧਾਵਾ :** ਇਸ ਸਵਾਲ ਬਾਰੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਮਾਮਲਾ ਸਬ-ਜੁਡਿਸ ਹੈ। ਫਿਰ ਵੀ ਜੇ ਮਾਨਯੋਗ ਮੈਂਬਰ ਸਾਹਿਬ ਸਵਾਲ ਪੁੱਛਣ ਦੇ ਹੱਕ ਵਿੱਚ ਹਨ ਤਾਂ ਇਨ੍ਹਾਂ ਦਾ ਹੱਕ ਪੂਰਾ ਕਰਦੇ ਹੋਇਆਂ ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖਦਾ ਹਾਂ।

Original with;
Punjab Vidhan Sabha
Digitized by;
Panjab Digital Library

ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਮਿਤੀ 1 ਜੁਲਾਈ, 1993 ਤੋਂ 16 ਫਰਵਰੀ, 1994 ਤੱਕ ਦੇ ਸਮੇਂ ਦੌਰਾਨ ਕੀਤੀਆਂ ਗਈਆਂ ਨਿਯੁਕਤੀਆਂ ਦਾ ਵੇਰਵਾ :—

| ਲੜੀ ਨੰ: | ਆਸਾਮੀ ਦਾ ਨਾਂ | | ਭਰੀਆਂ ਆਸਾਮੀਆਂ ਦੀ ਗਿਣਤੀ |
|---|---|---|---|
| 1. | ਓ.ਐਸ.ਡੀ. | .. | 1 |
| 2. | ਵਿਸ਼ਾ ਮਾਹਿਰ | .. | 1 |
| 3. | ਸੀਨੀਅਰ ਪ੍ਰਾਜੈਕਟ ਅਫ਼ਸਰ | .. | 1 |
| 4. | ਪ੍ਰਾਜੈਕਟ ਅਫ਼ਸਰ | .. | 1 |
| 5. | ਸਹਾਇਕ ਪ੍ਰਾਜੈਕਟ ਅਫ਼ਸਰ | .. | 1 |
| 6. | ਪਾਰਟ ਟਾਈਮ ਇਨਕਮ ਟੈਕਸ ਕੰਸਲਟੈਂਟ | .. | 1 |
| 7. | ਜੂਨੀਅਰ ਆਡੀਟਰ | .. | 1 |
| 8. | ਲੈਬਾਰਟਰੀ ਟੈਕਨੀਸ਼ੀਅਨ ਗਰੇਡ-2 | .. | 1 |
| 9. | ਸਹਾਇਕ ਅੰਕੜਾ ਅਫਸਰ | .. | 3 |
| 10. | ਕਲਰਕ | .. | 161 |
| 11. | ਕਾਪੀ ਹੋਲਡਰ | .. | 2 |
| 12. | ਰਿਸਟੋਰਰ | .. | 12 |
| 13. | ਪੈਕਰ | .. | 3 |
| 14. | ਸਿਕਿਓਰਟੀ ਗਾਰਡ | .. | 14 |
| 15. | ਲਿਫਟ ਆਪਰੇਟਰ | .. | 1 |
| 16. | ਹੈਲਪਰ | .. | 66 |
| 17. | ਡਰਾਈਵਰ | .. | 1 |
| 18. | ਸਹਾਇਕ ਕਰਮਚਾਰੀ | .. | 3 |
| 19. | ਸਵੀਪਰ | .. | 1 |
| 20. | ਸਵੀਪਰ-ਕਮ-ਚੌਂਕੀਦਾਰ | .. | 2 |

Original with;
Punjab Vidhan Sabha
Digitized by;
Panjab Digital Library

**श्रीमती लक्ष्मी कांता चावला** : स्पीकर साहिब, आप के माध्यम से शिक्षा मन्त्री से जानना चाहती हूं कि छ: महीने 15 दिन के समय में ऐसा क्या आकस्मिक संकट आकस्मिक काम के समय पड़ गया कि 161 क्लर्क लगाने पड़ गये, 66 सहायक और हैल्पर लगाए गए। कुल मिलाकर 195 दिनों के अन्दर पौने तीन सौ कर्मचारी नए लगाए गए और उन में से भी अधिकतर क्लर्क और चपरासी-इस का क्या विशेष कारण है?

**ਮੰਤਰੀ** : ਸਪੀਕਰ ਸਾਹਿਬ, ਪਹਿਲਾ ਮੇਰਾ ਪੁਆਇੰਟ ਹੈ ਕਿ ਰੂਲਜ਼ ਆਫ ਪਰੋਸੀਜਰ ਐਂਡ ਕੰਡਕਟ ਆਫ ਬਿਜ਼ਨਿਸ ਦੇ ਰੂਲ 39(10) ਅਨੁਸਾਰ ਹੋਰ ਸਵਾਲ ਨਹੀਂ ਪੁੱਛਿਆ ਜਾ ਸਕਦਾ। ਇਸ ਦਾ ਜੇ ਤੁਸੀਂ ਫੈਸਲਾ ਕਰੋ ਤਾਂ ਮੈਂ ਤੁਹਾਡੇ ਹੁਕਮ ਅਨੁਸਾਰ ਉੱਤਰ ਦੇਣ ਨੂੰ ਤਿਆਰ ਹਾਂ।

Sir, I quote Rule 39(10) of the Rules of Procedure and Conduct of Business in the Punjab Vidhan Sabha. It says about the question :

> It shall not ask for information on any matter which is under adjudication by a court of law having jurisdiction in any part of India.

**Mr. Speaker** : Are these challanged in the Court ?

**ਮੰਤਰੀ** : ਹਾਂ ਜੀ। ਇਹ ਲਿਖ ਕੇ ਵੀ ਤੁਹਾਨੂੰ ਦਿੱਤਾ ਹੈ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਜਦੋਂ ਕੁਐਸਚਨ ਐਕਸੈਪਟ ਹੋ ਗਿਆ ਤਾਂ ਗੱਲ ਖਤਮ ਹੋ ਗਈ। ਇਸ ਦਾ ਜਵਾਬ ਇਨ੍ਹਾਂ ਨੂੰ ਦੇਣਾ ਚਾਹੀਦਾ ਹੈ। (ਵਿਘਨ)

**ਸ਼੍ਰੀ ਸਪੀਕਰ** : ਉਹ ਪੁੱਛ ਰਹੇ ਹਨ ਕਿ ਲੋੜ ਕੀ ਪੈ ਗਈ ਸੀ। What was the need to recruit such a large number in such a short time. This is what has been asked.

**ਮੰਤਰੀ**: ਸਪੀਕਰ ਸਾਹਿਬ, ਮੈਂ ਆਪ ਜੀ ਦੇ ਹੁਕਮ ਅਨੁਸਾਰ ਉੱਤਰ ਦੇਣ ਨੂੰ ਤਿਆਰ ਹਾਂ।

ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੂੰ 8ਵੀਂ ਜਮਾਤ ਦੀ ਪ੍ਰੀਖਿਆ ਲੈਣ ਦੀ ਡਿਊਟੀ ਸੌਂਪੀ ਗਈ ਹੈ। ਉਸ ਦੇ ਲਈ ਤਕਰੀਬਨ ਸਾਢੇ 3 ਲੱਖ ਬੱਚਿਆਂ ਨੇ ਐਡਮਿਸ਼ਨ ਫਾਰਮ ਦਿੱਤੇ ਔਰ ਉਹ ਸਾਰੇ ਪ੍ਰਾਸੈਸ ਕਰਨੇ ਸਨ। ਐਡਮਿਸ਼ਨ ਫਾਰਮ ਲੈਣ ਤੋਂ ਐਗਜ਼ਾਮੀਨੇਸ਼ਨ ਕੰਡਕਟ ਕਰਨ ਤਕ ਤਕਰੀਬਨ 5-6 ਮਹੀਨੇ ਦਾ ਸਮਾਂ ਬਣਦਾ ਹੈ ਔਰ ਉਸ ਪੀਰੀਅਡ ਲਈ ਸਟਾਫ ਦੀ ਲੋੜ ਸੀ ਜਿਸ ਕਰਕੇ ਬੋਰਡ ਨੇ ਐਡਹਾਕ ਬੇਸਿਜ਼ ਤੇ ਸਟਾਫ ਦੀ ਨਿਯੁਕਤੀ ਕੀਤੀ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਪ੍ਰੀਖਿਆ ਲੈਣ ਦਾ ਕੰਮ ਸਥਾਈ ਹੈ ਅਸਥਾਈ ਨਹੀਂ ਹੈ, ਅਗਰ ਸੱਚਮੁੱਚ ਸਟਾਫ ਦੀ ਜ਼ਰੂਰਤ ਸੀ ਤਾਂ ਕੋਈ ਵਿਗਿਆਪਨ ਦੇ ਕੇ ਥੋੜ੍ਹੇ ਸਮੇਂ ਦੇ ਬਜਾਏ ਬਕਾਇਦਾ ਇੰਟਰਵਿਊ ਕਰਕੇ ਕ੍ਰਮਚਾਰੀ ਨਹੀਂ ਰੱਖੇ ਜਾ ਸਕਦੇ ਸਨ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਵਿਗਿਆਪਨ ਦੇ ਕੇ ਇਤਨੇ ਥੋੜ੍ਹੇ ਸਮੇਂ ਵਿੱਚ ਰਖਣੇ ਸੰਭਵ ਨਹੀਂ ਸੀ।

**ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ:** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਹ ਅਖ਼ਬਾਰਾਂ ਵਿੱਚ ਨਹੀਂ ਸਨ ਦੇ ਸਕਦੇ ਤਾਂ ਇਮਪਲਾਇਮੈਂਟ ਐਕਸਚੇਂਜ ਵਿਚੋਂ ਲਏ ਜਾ ਸਕਦੇ ਸਨ; ਇਮਪਲਾਇਮੈਂਟ ਐਕਸਚੇਂਜ ਵਿਚੋਂ ਕਿਉਂ ਨਹੀਂ ਲਏ ਗਏ?

**ਮੰਤਰੀ:** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਅਰਜ਼ ਕੀਤੀ ਹੈ ਕਿ ਇਤਨਾ ਟਾਈਮ ਨਹੀਂ ਸੀ, ਇਸ ਲਈ ਕੰਟਰੈਕਟ ਬੇਸਿਜ਼ ਤੇ ਬੰਦੇ ਲਾ ਕੇ ਕੰਮ ਚਲਾਇਆ ਗਿਆ।

**ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ:** ਸਪੀਕਰ ਸਾਹਿਬ, ਇਮਪਲਾਇਮੈਂਟ ਐਕਸਚੇਂਜ ਵਿੱਚ ਬੰਦਿਆਂ ਦੇ ਨਾਮ ਲਿਖੇ ਹੋਏ ਹੁੰਦੇ ਹਨ ਔਰ ਉਥੋਂ ਬਹੁਤ ਜਲਦੀ ਲੈ ਸਕਦੇ ਹਨ ; ਉਥੋਂ ਕਿਉਂ ਨਹੀਂ ਲਏ ਗਏ?

**ਮੰਤਰੀ:** ਸਪੀਕਰ ਸਾਹਿਬ, ਮੈਂ ਇਸ ਗੱਲ ਦਾ ਜਵਾਬ ਤਾਂ ਦੋ ਵਾਰੀ ਦੇ ਚੁੱਕਾ ਹਾਂ। (ਵਿਘਨ) ਕਿਉਂ ਨਹੀਂ ਲਏ, ਇਸ ਗੱਲ ਦਾ ਜਵਾਬ ਮੈਂ ਦੇ ਚੁੱਕਿਆ ਹਾਂ।

---

## ਅੰਮ੍ਰਿਤਸਰ ਵਿਖੇ ਲੜਕਿਆਂ ਲਈ ਇਕ ਨਵਾਂ ਕਾਲਜ ਖੋਲ੍ਹਣਾ

*1776.. **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਸਰਕਾਰ ਸਾਲ 1994-95 ਦੇ ਦੌਰਾਨ ਅੰਮ੍ਰਿਤਸਰ ਵਿਚ ਲੜਕਿਆਂ ਲਈ ਇਕ ਨਵਾਂ ਡਿਗਰੀ ਕਾਲਜ ਖੋਲ੍ਹਣ ਦਾ ਵਿਚਾਰ ਰੱਖਦੀ ਹੈ: ਜੇਕਰ ਅਜਿਹਾ ਹੋਵੇ, ਤਾਂ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ;

(ਅ) ਕੀ ਉਕਤ ਕਾਲਜ ਵਿਚ ਵਿਦਿਆ ਡਿਗਰੀ ਪੱਧਰ ਤੱਕ ਦੀ ਜਾਂ ਪੋਸਟ-ਗਰੈਜੂਏਟ ਪੱਧਰ ਤੱਕ ਦੀ ਹੋਵੇਗੀ ?

**ਸਰਦਾਰ ਲਖਮੀਰ ਸਿੰਘ ਰੰਧਾਵਾ:** (ੳ) ਨਹੀਂ ਜੀ।

(ਅ) ਨਹੀਂ ਜੀ।

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ:** ਸਪੀਕਰ ਸਾਹਿਬ, ਮੇਰਾ ਅਨੁਪੂਰਕ ਪ੍ਰਸ਼ਨ ਇਹ ਹੈ ਕਿ ਪਿਛਲੇ ਸਾਲ 1993 ਵਿੱਚ ਅਤੇ ਇਸ ਤੋਂ ਪਿਛਲੇ ਸਾਲ 1992 ਵਿੱਚ ਵੀ ਐਜੂਕੇਸ਼ਨ ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਸੀ ਕਿ (ੳ) ਨਹੀਂ ਜੀ, (ਅ) ਨਹੀਂ ਜੀ, ਕਈਆਂ ਤੇ ਤਾਂ ਇਹ ਸਰਕਾਰ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

ਬੜੀ ਕਿਰਪਾ ਕਰ ਦਿੰਦੀ ਹੈ ਪਰ ਇਧਰ ਕਿਰਪਾ ਨਹੀਂ ਕੀਤੀ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਹੁਣ ਤਾਂ ਇਨ੍ਹਾਂ ਨੇ ਜਵਾਬ ਦੇ ਦਿੱਤਾ ਹੈ ਕਿ ਨਹੀਂ ਜੀ ਪਰ ਕੀ ਅਗਲੇ ਸਾਲ ਜਦੋਂ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੂੰ 3 ਸਾਲ ਹੋ ਜਾਣਗੇ ਉਦੋਂ ਸਰਕਾਰ ਕੋਈ ਕਿਰਪਾ ਕਰੇਗੀ ਔਰ ਕਿਰਪਾ ਕਰਕੇ ਕੋਈ ਲੜਕਿਆਂ ਦਾ ਕਾਲਜ ਅੰਮ੍ਰਿਤਸਰ ਵਿੱਚ ਖੋਲ੍ਹ ਦਿੱਤਾ ਜਾਵੇਗਾ?

**Mr. Speaker**: Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha.

----

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਸਾਬਕਾ ਐਮ.ਐਲ.ਏਜ਼ ਨੂੰ ਪਰਿਵਾਰਕ ਪੈਨਸ਼ਨ ਦੇਣਾ

*2033. **ਕਾਮਰੇਡ ਹਰਦੇਵ ਅਰਸ਼ੀ** ; ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਪੰਜਾਬ ਵਿਧਾਨ ਸਭਾ ਦੇ ਸਾਬਕਾ-ਮੈਂਬਰਾਂ ਨੂੰ ਪਰਿਵਾਰਕ ਪੈਨਸ਼ਨ ਦੀ ਸਹੂਲਤ ਕਿਸ ਤਰੀਕ ਤੋਂ ਦਿੱਤੀ ਗਈ ਹੈ;

(ਅ) ਕੀ ਅਜਿਹੇ ਪੈਨਸ਼ਨਰਾਂ ਨੂੰ ਉਕਤ ਪਰਿਵਾਰਕ ਪੈਨਸ਼ਨ ਲਈ ਕਿਸੇ ਨਿਯਤ ਫਾਰਮਾਂ ਤੇ ਅਰਜ਼ੀ ਦੇਣੀ ਪੈਂਦੀ ਹੈ, ਜੇਕਰ ਅਜਿਹਾ ਹੋਵੇ, ਤਾਂ ਉਕਤ ਨਿਰਧਾਰਤ ਫਾਰਮ ਦੀ ਇਕ-ਇਕ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਵੇ?

**ਸਰਦਾਰ ਬੇਅੰਤ ਸਿੰਘ** : (ੳ) 29 ਜੁਲਾਈ, 1992.

(ਅ) ਜੀ ਹਾਂ। ਪਰਿਵਾਰਕ ਪੈਨਸ਼ਨ ਲਈ ਨਿਰਧਾਰਤ ਫਾਰਮ ਤਿਆਰ ਕਰਨ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

----

### ਜ਼ਰਾਇਤੀ ਖੇਤਰ ਨੂੰ ਬਿਜਲੀ ਦੀ ਸਪਲਾਈ

*1564. **ਸ਼੍ਰੀ ਜੈ ਕਿਸ਼ਨ ਸੈਣੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ ਜ਼ਰਾਇਤੀ ਖੇਤਰ ਨੂੰ ਪ੍ਰਤੀ ਦਿਨ ਕਿੰਨੇ ਘੰਟੇ ਬਿਜਲੀ ਸਪਲਾਈ ਕੀਤੀ ਜਾਂਦੀ ਹੈ;

(ਅ) ਕੀ ਇਸ ਖੇਤਰ ਨੂੰ ਬਿਜਲੀ ਦੀ ਸਪਲਾਈ ਵਧਾਉਣ ਬਾਰੇ ਕੋਈ ਮੰਗ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਮੰਗ ਨੂੰ ਪੂਰਾ ਕਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ?

Original with;
Punjab Vidhan Sabha
Digitized by;
Punjab Digital Library

**ਸਰਦਾਰ ਬੇਅੰਤ ਸਿੰਘ:** (ੳ) ਝੋਨੇ ਦੀ ਬਿਜਾਈ ਦੌਰਾਨ, ਰਾਜ ਵਿਚ ਖੇਤੀਬਾੜੀ ਸੈਕਟਰ ਨੂੰ ਰੋਜ਼ਾਨਾ ਬਿਜਲੀ ਸਪਲਾਈ ਦਾ ਸਮਾਂ 9 ਤੋਂ 10 ਘੰਟੇ ਹੈ ਅਤੇ ਬਾਕੀ ਦੇ ਸਮੇਂ ਇਹ ਸਮਾਂ 12 ਤੋਂ 17 ਘੰਟੇ ਹੈ।

(ਅ) ਹਾਂ ਜੀ। ਖੇਤੀਬਾੜੀ ਸੈਕਟਰ ਵੱਲੋਂ ਬਿਜਲੀ ਦੀ ਹੋਰ ਮੰਗ ਗੁਰੂ ਗੋਬਿੰਦ ਸਿੰਘ ਸੁਪਰ ਪਾਵਰ ਥਰਮਲ ਪਲਾਂਟ, ਰੋਪੜ ਵਿਖੇ ਅਤਿਰਕਤ ਯੂਨਿਟ ਚਾਲੂ ਕਰਕੇ, ਕੇਂਦਰੀ ਉਤਪਾਦਨ ਸਟੇਸ਼ਨਾਂ ਤੇ ਹਿੱਸੇ ਵਿਚ ਵਾਧਾ ਕਰਕੇ ਆਪਣੇ ਪਾਵਰ ਸਟੇਸ਼ਨਾਂ ਵਿਖੇ ਉਤਪਾਦਨ ਵਧਾ ਕੇ ਅਤੇ ਵੱਖ-ਵੱਖ ਖਪਤਕਾਰਾਂ, ਖਾਸ ਕਰਕੇ ਲਾਰਜ ਸਪਲਾਈ ਉਦਯੋਗਿਕ ਖਪਤਕਾਰਾਂ ਤੇ ਕੁਝ ਬਿਜਲੀ ਨਿਯੰਤ੍ਰਕ ਉਪਾਅ ਲਾਗੂ ਕਰਕੇ ਪੂਰਾ ਕੀਤਾ ਜਾਵੇਗਾ।

---

## ਸਿਵਲ ਹਪਪਤਾਲ, ਜਲੰਧਰ ਦੇ ਡਾਕਟਰਾਂ ਦੁਅਰਾ ਨਰਸਾਂ ਨਾਲ ਦੁਰ-ਵਿਵਹਾਰ ਵਿਰੁੱਧ ਹੜਤਾਲ

*1387. (1) ਸ੍ਰੀਮਤੀ ਵਿਮਲਾ ਡਾਂਗ
(2) ਕਾਮਰੇਡ ਹਰਦੇਵ ਅਰਸ਼ੀ } ਕੀ ਸਿਹਤ ਤੇ ਪਰਿਵਾਰ ਭਲਾਈ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ 1993 ਦੇ ਦੂਜੇ ਅੱਧ ਦੌਰਾਨ ਸਿਵਲ ਹਸਪਤਾਲ ਜਲੰਧਰ ਦੇ ਕਿਸੇ ਡਾਕਟਰ/ਡਾਕਟਰਾਂ ਦੁਆਰਾ ਕਿਸੇ ਨਰਸ/ਨਰਸਾਂ ਪ੍ਰਤੀ ਦੁਰ-ਵਿਵਹਾਰ ਕੀਤੇ ਜਾਣ ਵਿਰੁੱਧ ਕਿਸੇ ਪੜਤਾਲ ਦੇ ਹੁਕਮ ਦਿੱਤੇ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਪੜਤਾਲੀਆ ਰਿਪੋਰਟ ਦੇ ਵੇਰਵੇ ਕੀ ਹਨ ਅਤੇ ਉਸ ਤੇ ਕੀਤੀ ਗਈ ਕਾਰਵਾਈ, ਜੇਕਰ ਕੋਈ ਹੋਵੇ, ਦੇ ਵੇਰਵੇ ਕੀ ਹਨ ?

**ਸਰਦਾਰ ਹਰਚਰਨ ਸਿੰਘ ਬਰਾੜ:** ਹਾਂ ਜੀ। ਪੜਤਾਲੀਆ ਅਫਸਰ ਵਲੋਂ ਕੀਤੀ ਮੁਢਲੀ ਪੜਤਾਲ ਦੇ ਸਿੱਟਿਆਂ ਅਨੁਸਾਰ ਡਾਕਟਰ ਇਕਬਾਲ ਸਿੰਘ ਵਲੋਂ ਨਰਸਾਂ ਨਾਲ ਦੁਰ-ਵਿਵਹਾਰ ਜ਼ਾਹਿਰ ਹੁੰਦਾ ਹੈ। ਡਾਕਟਰ ਦੀ ਜ਼ਿਲ੍ਹੇ ਤੋਂ ਬਾਹਰ ਬਦਲੀ ਕਰਨ ਉਪਰੰਤ ਉਸ ਨੂੰ ਵੱਡੀ ਸਜ਼ਾ ਦੇਣ ਲਈ ਦੋਸ਼ ਸੂਚੀ ਜਾਰੀ ਕੀਤੀ ਗਈ ਸੀ ਅਤੇ ਹੁਣ ਰੈਗੂਲਰ ਪੜਤਾਲ ਕਰਾਉਣ ਲਈ ਪੜਤਾਲੀਆ ਅਫਸਰ ਦੀ ਨਿਯੁਕਤੀ ਕੀਤੀ ਜਾ ਚੁੱਕੀ ਹੈ।

---

## ਪਰਿਵਾਰ ਨਿਯੋਜਨ ਦੇ ਜਾਲ੍ਹੀ ਕੇਸਾਂ ਵਿਰੁੱਧ ਜਾਂਚ-ਪੜਤਾਲ

*1385. **ਸ੍ਰੀਮਤੀ ਵਿਮਲਾ ਡਾਂਗ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਮਿਤੀ 4 ਮਾਰਚ, 1993 ਲਈ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਰਾਜੋਕੇ, ਜ਼ਿਲ੍ਹਾ ਅੰਮ੍ਰਿਤਸਰ ਵਿਚ ਪਰਿਵਾਰ ਨਿਯੋਜਨ ਦੇ ਜਾਲ੍ਹੀ ਕੇਸਾਂ ਸਬੰਧੀ ਨਿਸ਼ਾਨ ਵਾਲੇ ਪ੍ਰਸ਼ਨ ਨੰ: 626 ਦੇ ਹਵਾਲੇ ਨਾਲ ਕਿਰਪਾ ਕਰਕੇ ਦੱਸਣਗੇ ਕਿ ਕਸੂਰਵਾਰ ਡਾਕਟਰਾਂ ਅਤੇ ਦੂਸਰਿਆਂ ਜਿਨ੍ਹਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਸ਼ੁਰੂ ਕੀਤੀ ਗਈ ਸੀ, ਦੇ ਨਾਂ ਅਤੇ ਅਹੁਦੇ ਕੀ ਕੀ ਹਨ ਅਤੇ ਹਰ ਇਕ ਦੇ ਵਿਰੁੱਧ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚਰਨ ਸਿੰਘ ਬਰਾੜ** : ਪਰਿਵਾਰ ਭਲਾਈ ਪ੍ਰੋਗਰਾਮ ਦਾ ਕੇਸ ਰਾਜੋਕੇ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਜਾਲ੍ਹੀ ਕੇਸ ਪਾਉਣ ਸਬੰਧੀ ਜਿਨ੍ਹਾਂ ਕਸੂਰਵਾਰ ਡਾਕਟਰਾਂ ਅਤੇ ਦੂਜੇ ਕਰਮਚਾਰੀਆਂ ਵਿਰੁੱਧ ਅਸਸ਼ਾਸ਼ਨੀ ਕਾਰਵਾਈ ਕੀਤੀ ਗਈ ਹੈ, ਉਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

(1) ਡਾਕਟਰ ਰਾਜਿੰਦਰ ਸਿੰਘ, ਸੀਨੀਅਰ ਮੈਡੀਕਲ ਅਫਸਰ ।

(2) ਡਾਕਟਰ ਜਗਜੀਤ ਸਿੰਘ, ਸੀਨੀਅਰ ਮੈਡੀਕਲ ਅਫਸਰ ।

(3) ਡਾਕਟਰ ਬੂਟਾ ਰਾਮ, ਸੀਨੀਅਰ ਮੈਡੀਕਲ ਅਫਸਰ ।

(4) ਸ੍ਰੀ ਜੋਧਾ ਰਾਮ, ਫਾਰਮਾਸਿਸਟ ।

(5) ਸ੍ਰੀ ਅਸ਼ੋਕ ਕੁਮਾਰ, ਕਲੱਰਕ ।

2. ਮੈਡੀਕਲ ਸਟਾਫ ਵਿਰੁੱਧ ਕੀਤੀ ਗਈ ਕਾਰਵਾਈ ਦਾ ਵੇਰਵਾ ਅਨੁਲੱਗ ਤੇ ਦਰਸਾਇਆ ਗਿਆ ਹੈ :—

## ਅਨੁਲੱਗ

**ਮੈਡੀਕਲ ਸਟਾਫ ਵਿਰੁੱਧ ਕੀਤੀ ਗਈ ਕਾਰਵਾਈ ਦਾ ਵੇਰਵਾ :**

1. ਡਾਕਟਰ ਰਾਜਿੰਦਰ ਸਿੰਘ, ਸੀਨੀਅਰ ਮੈਡੀਕਲ ਅਫਸਰ—ਉਸਨੂੰ ਪੰਜਾਬ ਸਰਕਾਰ ਦੇ ਪਿੱਠ ਅੰਕਣ ਨੰ: 31/5/92-5ਸਿਹਤ1/35042—44, ਮਿਤੀ 15 ਦਸੰਬਰ, 1993 ਰਾਹੀਂ ਸੈਨਸ਼ੋਅਰ ਕਰ ਦਿੱਤਾ ਗਿਆ ਹੈ।

2. ਡਾਕਟਰ ਜਗਜੀਤ ਸਿੰਘ, ਸੀਨੀਅਰ ਮੈਡੀਕਲ ਅਫਸਰ- ਉਸ ਨੂੰ ਸਰਕਾਰ ਦੇ ਪਿੱਠ ਅੰਕਣ ਨੰ: 31/5/92-5ਸਿਹਤ1/5685—87, ਮਿਤੀ 23 ਫਰਵਰੀ, 1994 ਰਾਹੀਂ ਸੈਨਸ਼ੋਅਰ ਕਰ ਦਿੱਤਾ ਗਿਆ ਹੈ।

3. ਡਾਕਟਰ ਬੂਟਾ ਰਾਮ, ਸੀਨੀਅਰ ਮੈਡੀਕਲ ਅਫਸਰ- ਉਸ ਨੂੰ ਸਰਕਾਰ ਦੇ ਪਿੱਠ ਅੰਕਣ ਨੰ: 31/5/92–5ਸਿਹਤ1/5682- 84, ਮਿਤੀ 23 ਫਰਵਰੀ, 1994 ਰਾਹੀਂ ਸੈਨਸ਼ੋਅਰ ਕਰ ਦਿੱਤਾ ਗਿਆ ਹੈ।

4. ਸ੍ਰੀ ਜੋਧਾ ਰਾਮ ਫਾਰਮਾਸਿਸਟ- ਉਸਨੂੰ ਡਾਇਰੈਕਟਰ ਸਿਹਤ ਸੇਵਾਵਾਂ, ਪੰਜਾਬ ਦੇ ਪੱਤਰ ਨੰ: ਈ.5(2)92/738, ਮਿਤੀ 17 ਦਸੰਬਰ, 1992 ਰਾਹੀਂ ਛੋਟੀ ਸਜ਼ਾ ਦੇਣ ਲਈ ਕਾਰਣ ਦੱਸੋ ਨੋਟਿਸ ਜਾਰੀ ਹੋ ਗਿਆ ਹੈ ਅਤੇ ਉਸ ਦੇ ਜਵਾਬ ਦੀ ਉਡੀਕ ਹੈ।

Original with;
Punjab Vidhan Sabha
Digitized by;
Panjab Digital Library

5. ਸ੍ਰੀ ਅਸ਼ੋਕ ਕੁਮਾਰ, ਕਲੱਰਕ- ਉਸ ਦੀ ਇੱਕ ਸਾਲਾਨਾ ਤਰੱਕੀ ਬਿਨਾ ਸੰਚਿਤ ਅਸਰ ਡਾਇਰੈਕਟਰ, ਸਿਹਤ ਸੇਵਾਵਾਂ, ਪੰਜਾਬ ਦੇ ਪੱਤਰ ਨੰ: ਈ.1(3)-ਪੰ-92/11180, ਮਿਤੀ 3 ਅਗਸਤ, 1993 ਨਾਲ ਬੰਦ ਕਰ ਦਿੱਤੀ ਗਈ ਹੈ।

---

ਨੰਗਲ ਆਬਿਆਨਾ, ਜ਼ਿਲ੍ਹਾ ਰੋਪੜ ਵਿਖੇ ਲੜਕੀਆਂ ਦਾ ਸਕੂਲ ਖੋਲ੍ਹਣਾ/ਅੱਪਗਰੇਡ ਕਰਨਾ

*1567. ਸ੍ਰੀ ਰਮੇਸ਼ ਦੱਤ ਸ਼ਰਮਾ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਨੰਗਲ ਆਬਿਆਨਾ, ਜ਼ਿਲ੍ਹਾ ਰੋਪੜ ਵਿਚ ਲੜਕੀਆਂ ਲਈ ਕਿਸੇ ਮਿਡਲ ਜਾਂ ਹਾਈ ਸਕੂਲ ਨੂੰ ਅਪਗਰੇਡ ਕਰਨ ਜਾਂ ਖੋਲ੍ਹਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਉਸਦਾ ਵੇਰਵਾ ਕੀ ਹੈ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਲਖਮੀਰ ਸਿੰਘ ਰੰਧਾਵਾ : ਅਜੇ ਨਹੀਂ ਜੀ।

---

ਜ਼ਿਲ੍ਹਾ ਫਤਿਹਗੜ੍ਹ ਸਾਹਿਬ ਲਿੰਕ ਸੜਕਾਂ ਦੀ ਮੁਰੰਮਤ

*1453. ਸਰਦਾਰ ਸਾਧੂ ਸਿੰਘ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਲਿੰਕ ਸੜਕਾਂ ਦੀ ਮੁਰੰਮਤ ਲਈ ਚਾਲੂ ਵਿਤੀ ਸਾਲ ਦੇ ਦੌਰਾਨ ਕੁੱਲ ਕਿੰਨਾ ਖਰਚ ਕੀਤਾ ਗਿਆ ;

(ਅ) ਉਕਤ ਜ਼ਿਲ੍ਹੇ ਵਿਚ ਲਿੰਕ ਸੜਕਾਂ ਦੀ ਮੁਰੰਮਤ ਲਈ ਅਗਲੇ ਵਿੱਤੀ ਸਾਲ ਦੌਰਾਨ ਕਿੰਨੀ ਰਕਮ ਦਾ ਪ੍ਰਸਤਾਵ ਕੀਤਾ ਗਿਆ ?

ਸਰਦਾਰ ਬੇਅੰਤ ਸਿੰਘ : (ੳ) 342.50 ਲੱਖ ਰੁਪਏ (1-4-1993 ਤੋਂ 28-2-1994 ਤੱਕ) ।

(ਅ) 475.50 ਲੱਖ ਰੁਪਏ ਦੀ ਤਜਵੀਜ਼ ਹੈ, ਬਸ਼ਰਤੇ ਕਿ ਫੰਡ ਉਪਲਭਧ ਹੋਣ।

---

ਸਰਦਾਰ ਨਿਰਮਲ ਸਿੰਘ ਨਿੰਮਾ : ** ** **

ਵਿੱਤ ਮੰਤਰੀ : ਸਪੀਕਰ ਸਾਹਿਬ, ਜਿਹੜਾ ਮਤਾ ਡਿਸਅਲਾਓ ਕਰ ਦਿੱਤਾ ਗਿਆ ਹੈ, ਫਿਰ ਤੁਸੀਂ ਹਣ ਅਲਾਓ ਕਰ ਰਹੇ ਹੋ। (ਵਿਘਨ)

**Mr. Speaker** : Nimma Sahib, you are unnecessarily wasting time. This is No. Point of Order. Please resume your seat.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਬੈਠੋ ਜੀ, ਬੈਠੋ ਤੁਸੀਂ। This is no Point of Order.

ਸਰਦਾਰ ਰਣਜੀਤ ਸਿੰਘ ਛੱਜਲਵੱਡੀ : ** ** **

ਸ੍ਰੀ ਸਪੀਕਰ : ਬੈਠੋ ਜੀ। This is no Point of Order.

ਕਾਮਰੇਡ ਅਜੈਬ ਸਿੰਘ ਰੌਂਤਾ : ** ** **

**Mr. Speaker** : All these things are not to be recorded which are being spoken without my permission.

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ** ** **

**Mr. Speaker** : This is no Point of Order.

ਸ੍ਰੀ ਵਿਜੇ ਕੁਮਾਰ ਸਾਥੀ : ** ** ** **

**Mr. Speaker** : This is no Point of Order.

ਸਰਦਾਰ ਅਵਤਾਰ ਸਿੰਘ ਬਰਾੜ : ** ** **

**Mr. Speaker** : This is no Point of Order. ਸਾਥੀ ਜੀ, ਤੁਸੀ ਬੈਠੋ।

ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਮੈਂ ਇਕ ਚਿੱਠੀ ਰਾਹੀਂ ਆਪ ਨੂੰ ਲਿਖਿਆ ਸੀ, ਇਹ 15 ਦਿਨ ਪਹਿਲੇ ਦੀ ਗੱਲ ਹੈ, ਅਤੇ ਜਾਣਕਾਰੀ ਮੰਗੀ ਸੀ ਕਿ ਆਪ ਮੈਨੂੰ ਦਸੋ ਕਿ ਪੰਜਾਬ ਵਿਧਾਨ ਸਭਾ ਦੇ ਕਿਸੇ ਵਿਧਾਇਕ ਦੀ ਇਕ ਤੋਂ ਜ਼ਿਆਦਾ ਪਤਨੀ ਹੈ। ਆਪ ਨੇ ਉਸ ਮੇਰੀ ਚਿੱਠੀ ਦਾ ਜਵਾਬ ਨਹੀਂ ਦਿੱਤਾ। ਆਪ ਇਸ ਗੱਲ ਦੀ ਇਨਕੁਆਇਰੀ ਕਰਵਾਉ ਕਿ ਇਹ ਚਿੱਠੀ ਆਪ ਦੇ ਦਫਤਰ ਵਿਚੋਂ ਕਿਸ ਤਰ੍ਹਾਂ ਬਾਹਰ ਚਲੀ ਗਈ। ਮੈਂ ਇਕ ਬੰਦ ਲਿਫਾਫਾ ਕਾਂਫੀਡੈਂਸ਼ੀਅਲ ਮੁੱਖ ਮੰਤਰੀ ਸਾਹਿਬ ਨੂੰ ਦਿੱਤਾ ਸੀ ਜਿਸ ਦਾ ਸਬੰਧ ਰਘੂਨਾਥ ਸਹਾਏ ਪੁਰੀ ਦੇ ਸਬੰਧ ਵਿਚ ਸੀ ਕਿ ਪੁਰੀ ਸਾਹਿਬ ਨੇ ਲੋਕਾਂ ਦੇ ਨਾਲ ਜ਼ਿਆਦਤੀ ਕੀਤੀ ਹੈ ਅਤੇ ਲੋਕਾਂ ਦੇ ਘਰਾਂ ਨੂੰ ਉਜਾੜ ਦਿੱਤਾ ਹੈ ਦਸੰਬਰ ਦੇ ਦੂਸਰੇ ਹਫਤੇ ਦੀ ਗੱਲ ਹੈ। ** ** ** **

**Mr. Speaker** : All these allegations are not to be recorded.

---

**Expunged as not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ ਰਘੂਨਾਥ ਸਹਾਏ ਪੁਰੀ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਮੈਂ ਹਾਊਸ ਵਿਚ ਜਾਣਕਾਰੀ ਦੇਣਾ ਚਾਹੁੰਦਾ ਹਾਂ ਕਿ ਮਿਸਿਜ਼ ਲਕਸ਼ਮੀ ਕਾਂਤਾ ਚਾਵਲਾ ਨੇ ਐਲੀਗੇਸ਼ਨ ਲਗਾਏ ਹਨ, ਉਹ ਇਕ ਚੀਪ ਪਾਪੂਲੈਰਿਟੀ ਲੈਣਦੀ ਖਾਤਿਰ ਕਰ ਰਹੇ ਹਨ। ਮੈਂ ਇਸ ਹਾਊਸ ਦੇ ਵਿਚ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ ਚੀਫ਼ ਮਨਿਸਟਰ ਸਾਹਿਬ ਇਨਕੁਆਇਰੀ ਕਰਵਾ ਲੈਣ, ਮੈਂ ਕਿਸੇ ਦੀ ਜ਼ਮੀਨ ਉਤੇ ਨਜਾਇਜ਼ ਕਬਜ਼ਾ ਨਹੀਂ ਕੀਤਾ। ਅਗਰ ਇਹ ਸਾਬਿਤ ਹੋ ਜਾਵੇ ਤਾਂ ਮੈਂ ਇਸ ਹਾਊਸ ਦੇ ਵਿਚੋਂ ਰੀਜ਼ਾਈਨ ਕਰ ਦੇਵਾਂਗਾ, ਅਗਰ ਸਾਬਤ ਨਾ ਹੋਵੇ ਮਿਸਿਜ਼ ਲਕਸ਼ਮੀ ਕਾਂਤਾ ਚਾਵਲਾ ਇਸ ਹਾਊਸ ਵਿਚੋਂ ਰੀਜ਼ਾਈਨ ਕਰ ਦੇਣ। ਸਪੀਕਰ ਸਾਹਿਬ, ਮੈਂ ਇਥੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਗਰ ਮੈਂ ਕਿਸੇ ਦੀ ਨਜ਼ਾਇਜ਼ ਜ਼ਮੀਨ ਤੇ ਕਬਜ਼ਾ ਕੀਤਾ ਹੈ ਤਾਂ ਮੇਰੀ ਸਾਰੀ ਜ਼ਮੀਨ ਮਿਸਿਜ਼ ਲਕਸ਼ਮੀ ਕਾਂਤਾ ਚਾਵਲਾ ਦੇ ਨਾਂ ਕਰ ਦਿੱਤੀ ਜਾਵੇ ਅਗਰ ਇਹ ਸਾਬਿਤ ਨਾ ਹੋਵੇ ਤਾਂ ਮਿਸਿਜ਼ ਲਕਸ਼ਮੀ ਕਾਂਤਾ ਚਾਵਲਾ ਦੀ ਜਿਹੜੀ ਜਾਇਦਾਦ ਹੈ, ਉਹ ਅੰਮ੍ਰਿਤਸਰ ਪਿੰਗਲਵਾੜਾ ਨੂੰ ਦੇ ਦਿੱਤੀ ਜਾਵੇ।

ਕਾਮਰੇਡ ਤਰਸੇਮ ਜੋਧਾਂ : ** ** **

ਵਿੱਤ ਮੰਤਰੀ : ਸਪੀਕਰ ਸਾਹਿਬ, ਉਹ ਤਾਂ ਤੁਸੀਂ ਰਿਜੈਕਟ ਕਰ ਦਿੱਤੀ ਹੈ। He is challanging the decision. (Interruption)

**Mr. Speaker** : Resume your seats. (Interrupion and Noise). I wlll examine it. This is no Point of Order.

ਸ੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਪੰਜਾਬ ਦੀ ਪੁਲੀਸ ਮੈਂਬਰਾਂ ਨਾਲ ਜ਼ਿਆਦਤੀ ਕਰਦੀ ਹੈ ਤਾਂ ਫਿਰ ਇਸ ਆਈਡੈਂਟਿਟੀ ਕਾਰਡ ਦਾ ਕੀ ਫਾਇਦਾ ਹੈ ਜੋ ਪੰਜਾਬ ਵਿਧਾਨ ਸਭਾ ਵਲੋਂ ਸਾਨੂੰ ਇਸ਼ੂ ਕੀਤਾ ਗਿਆਂ ਹੈ। ਅਸੀਂ ਇਹ ਕਾਰਡ ਸਰੰਡਰ ਕਰਦੇ ਹਾਂ। (ਇਸ ਵੇਲੇ ਸ੍ਰੀ ਵਿਜੇ ਕੁਮਾਰ ਸਾਥੀ ਨੇ ਆਪਣਾ ਆਈਡੈਂਟਿਟੀ ਕਾਰਡ ਵੈਲ ਆਫ਼ ਦੀ ਹਾਊਸ ਵਿਚ ਸੁੱਟ ਦਿੱਤਾ ਜੋ ਕਿ ਬਾਅਦ ਵਿਚ ਉਨ੍ਹਾਂ ਨੂੰ ਵਾਪਸ ਭੇਜ ਦਿੱਤਾ ਗਿਆ।)

**Mr . Speaker** : Resume your seat please. (Interruption) please resume your seat.

ਮੈਂ ਨਹੀਂ ਚਾਹੁੰਦਾ ਕਿ ਅੱਜ ਸੈਸ਼ਨ ਦੇ ਲਾਸਟ ਡੇਅ ਤੋਂ ਕੋਈ ਐਸਾ ਡਰਾਮਾ ਹੋਵੇ। ਜੋ ਤੁਸੀਂ ਕਹਿ ਸਕਦੇ ਸੀ ਪਹਿਲਾਂ ਹੀ ਕਹਿ ਚੁੱਕੇ ਹੋ। ਮੈਂ ਤੁਹਾਡਾ ਸਾਰੇ ਮੈਂਬਰਾ ਦਾ ਮਸ਼ਕੂਰ ਹਾਂ। ਬੜਾ ਹੀ ਅੱਛਾ ਸੈਸ਼ਨ ਚੱਲਿਆ ਹੈ। ਹਾਊਸ ਦਾ ਹੁਣ ਬਿਜ਼ਨੈਸ ਚੰਗੀ ਤਰ੍ਹਾਂ ਚੱਲਣ ਦਿਓ।

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਤੁਸੀਂ ਇਸ ਗੱਲ ਦਾ ਫੈਸਲਾ ਕਰੋ। ਪੁਲਿਸ ਵਾਲਿਆਂ ਨੇ, ਇਕ ਐਸ.ਆਈ. ਨੇ ਐਮ.ਐਲ.ਏ. ਦੀ ਬੇਇਜ਼ਤੀ ਕੀਤੀ ਹੈ। (ਵਿਘਨ)

**Mr. Speaker :** I have told you already. (Interruption). Please resume your seats. (Interuption) Resume your seats, I am telling you please ** ** Smt. Vimla Dang to speak please.

ਸ਼੍ਰੀ ਮਤੀ ਵਿਮਲਾ ਡਾਂਗ : ** ** **

ਸ਼੍ਰੀ ਸਪੀਕਰ : ਤੁਸੀਂ ਤਾਂ ਸਪੀਚ ਕਰੀ ਜਾ ਰਹੇ ਹੋ। Please resume your seat. This is no Point of Order. (At this stage hon. Member Sardar Ranjit Singh Chhajalwadi was also standing ?

**Shrimati Vimla Dang :** ** ** **

**Mr. Speaker :** Mr. Chhajalwadi, why are you standing?

**Shrimati Vimla Dang :** ** ** **

**Finance Minister :** Have you allowed discussion ? What sort of discussion he is raising ?

**Mr. Speaker :** You please resume your seat. You have spoken a lot which was not required. Once I have said that there is no Point of Order and all that is spoken without my permission is not to be recorded.

ਸ਼੍ਰੀ ਵਿਜੇ ਕੁਮਾਰ ਸਾਥੀ : ਸਪੀਕਰ ਸਾਹਿਬ, ਪੰਜਾਬ ਪੁਲਿਸ ਦੀ ਵਧੀਕੀ ਦਾ ਮਸਲਾ ਲਿਆਂਦਾ ਗਿਆ ਹੈ, ਇਸ ਦਾ ਜਵਾਬ ਦਿੱਤਾ ਜਾਵੇ। ਇਸ ਸਬੰਧੀ ਪ੍ਰਿਵਿਲੇਜ ਮੋਸ਼ਨ ਵੀ ਦਿੱਤੀ ਹੈ। ਇਹ ਹਰ ਮੈਂਬਰ ਦੀ ਇੱਜ਼ਤ ਦਾ ਸਵਾਲ ਹੈ.................(ਵਿਘਨ)

## WALK--OUT

(ਇਸ ਸਮੇਂ ਬਹੁਜਨ ਸਮਾਜ ਪਾਰਟੀ ਦੇ ਸਦਨ ਵਿਚ ਹਾਜ਼ਰ ਸਾਰੇ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ।)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

## MOTION UNDER RULE 16

**Mr. Speaker:** A Minister to move please. Others should resume their seats. (Interruption & Noise).

**Finance Minister (Doctor Kewal Krishan):** Sir, I beg to move—

That the Vidhan Sabha (Assembly) at its rising this day shall stand adjourned *sine-die*.

**Mr. Speaker:** Motion moved—

That the Vidhan Sabha (Assembly) at its rising this day shall stand adjourned *sine-die*.

(Interruption by Shri Vijay Kumar Sathi.)

**Mr. Speaker:** I have already told that I have been examining that motion which you have presented in writing and I will give my decision.

**Mr. Speaker:** Question is—

That the Vidhan Sabha (Assembly) at its rising this day shall stand adjourned *sine-die*.

*The motion was carried unanimously.*

## WALK-OUT

(At this time Shri Vijay Kumar Sathi (Janata Dal, Sardar Ranjit Singh Chhajalwadi (S.A.D. [K], and Comrade Tarsem Jodhan, (C. P. I. [M.]. walked out of the House.)

## PAPERS LAID ON THE TABLE

**Mr. Speaker:** A Minister to lay the papers please.

**Finance Minister (Doctor Kewal Krishan):** Sir, I beg to lay on the Table the Annual Statement of Accounts of the Punjab Housing Development Board for the year 1990-91, as required under section 68(3) of the Punjab Housing Development Board Act, 1972.

## LEGISLATIVE BUSINESS

## THE PUNJAB PRE-NATAL DIAGNOSTIC TECHNIQUES (CONTROL AND REGULATION) BILL, 1994

**Health and Family Planning Minister (Sardar Harcharan Singh Brar):** Sir, I beg to introduce the Punjab Pre-natal Diagnostic Techniques (Control and Regulation) Bill.

Original with;
Punjab Vidhan Sabha
Digitized by;
Panjab Digital Library

[Health and Family Planning Minister]

Sir, I also beg to move—

> That the Punjab Pre-natal Diagnostic Techniques (Control and Regulation) Bill be taken into consideration at once.

**Mr. Speaker:** Motion moved—

> That the Punjob pre-natal Diagnostic Techniques (Control and Regulation) Bill be taken into consideration at once.

There are five notices of amendments given notice of by Smt. Vimla Dang. These shall be deemed to have been read and moved.

**Clause 2**

1. **Smt. Vimla Dang**: That in part (q) of Clause 2, the words "and has been recognised as such by the State Government for this purpose of this Act", shall be omitted.

**Clause 8**

2. That at the end of part (i) of sub-clause (1) of Clause 8, the following shall be added :—

> "including opening of genetic laboratories equipped with latest available techniques by the Government."

(ii) That at the end of part (viii) of (Sub-clause 1) of Clause 8, the following shall be added :—

> "to seek the help and co-operation of Women's Organisation in this connection."

**Clause 14**

3. That in Clause 14, in line 1, after the words "The State Vigillance Committee", the following shall be added :—

> "or any member of the Committee authorised by it".

**Clause 21**

4. That at the end of Clause 21, the following shall be added :—

> "in the same manner and to the same extent to which persons actually committing the offence are liable to be proceeded against and punished."

Original with;
Punjab Vidhan Sabha
Digitized by;
Panjab Digital Library

## Clause 25

5. That after proviso to (sub-clause I) of Clause 25 the following new proviso shall be added:—

> "Provided further that if the decision in the proceedings is appeallable, the records and all documents shall be preserved till the disposal of the appeal if it has been filed or period for filing the appeal is over."

**ਸ੍ਰੀਮਤੀ ਵਿਮਲਾ ਡਾਂਗ** (ਅੰਮ੍ਰਿਤਸਰ ਪਛਮੀ) : ਸਤਿਕਾਰਯੋਗ ਸਪੀਕਰ ਸਾਹਿਬ, ਅਸੀਂ ਆਪਣੇ ਸੀ.ਪੀ.ਆਈ ਗਰੁੱਪ ਵਲੋਂ ਜਿਹੜਾ ਇਹ ਬਿਲ ਮੂਵ ਹੋਇਆ ਹੈ, ਉਸਦਾ ਭਰਪੂਰ ਸਵਾਗਤ ਕਰਦੇ ਹਾਂ ਅਤੇ ਅਸੀਂ ਇਸ ਗੱਲ ਤੇ ਖੁਸ਼ੀ ਪ੍ਰਗਟ ਕਰਦੇ ਹਾਂ ਕਿ ਪੰਜਾਬ ਸਰਕਾਰ ਨੇ ਔਰਤਾਂ ਦੇ ਹੱਕਾਂ ਦੀ ਰਾਖੀ ਲਈ ਇਹ ਇਕ ਦੂਸਰਾ ਅਹਿਮ ਕਦਮ ਚੁਕਿਆ ਹੈ। ਪਹਿਲਾਂ ਜਿਵੇਂ ਕਿ 8 ਮਾਰਚ ਨੂੰ ਇਕ ਇਸਤਰੀ ਦਿਹਾੜੇ ਵਜੋਂ ਮਨਾਉਣ ਦਾ ਸਰਕਾਰੀ ਤੌਰ ਤੇ ਫੈਸਲਾ ਹੋਇਆ ਹੈ ਅਤੇ ਛੁੱਟੀ ਵੀ ਹੋਈ ਹੈ। ਉਸਦਾ ਕਾਫੀ ਫਾਇਦਾ ਵੀ ਹੋਇਆ ਹੈ । ਇਸਦੇ ਨਾਲ ਹੀ ਜਿਹੜੇ ਗਰਭ ਦੇ ਵਿਚ ਲਿੰਗ ਜਾਂਚਣ ਦੇ ਟੈਸਟ ਹਨ, ਉਨ੍ਹਾਂ ਨੂੰ ਬੰਦ ਕਰਨ ਦੀ ਜਿਹੜੀ ਸਾਡੀ ਮੰਗ ਹੈ, ਇਸਨੂੰ ਕਾਨੂੰਨੀ ਰੂਪ ਦੇਣ ਦੇ ਲਈ ਇਹ ਜਿਹੜਾ ਬਿੱਲ ਹੈ, ਇਹ ਅਜ ਸਦਨ ਦੇ ਸਾਹਮਣੇ ਪੇਸ਼ ਹੋਇਆ ਹੈ। ਸਾਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ। ਮੈਂ ਬੇਨਤੀ ਕਰਾਂਗੀ ਕਿ ਸਾਡੇ ਦੇਸ਼ ਔਰ ਸਮਾਜ ਦੇ ਵਿਚ ਔਰਤ ਅਤੇ ਮਰਦ ਵਿਚਕਾਰ ਬਰਾਬਰੀ ਦਾ ਦਰਜਾ ਨਹੀਂ। ਇਸ ਬਰਾਬਰੀ ਦੇ ਦਰਜੇ ਵਾਸਤੇ ਸਾਡੇ ਮੰਤਰੀ ਅਤੇ ਸਾਡੀਆਂ ਲੋਕ ਜਥੇਬੰਦੀਆਂ ਦੇ ਆਗੂ ਵੀ ਲਗਾਤਾਰ ਜ਼ੋਰ ਦੇ ਰਹੇ ਹਨ। ਆਪਣੀ ਅਸਲੀ ਜ਼ਿੰਦਗੀ ਦੇ ਵਿਚ ਉਹ ਇਸ ਨੂੰ ਇੰਪਲੀਮੈਂਟ ਕਰਦੇ ਹਨ ਜਾਂ ਨਹੀਂ, ਇਸ ਗੱਲ ਦਾ ਤਾਂ ਮੈਨੂੰ ਪਤਾ ਨਹੀਂ ਪਰ ਇੰਨਾ ਮੈਨੂੰ ਜ਼ਰੂਰ ਪਤਾ ਹੈ ਕਿ ਜਦ ਪੁੱਤਰ ਦਾ ਜਨਮ ਹੁੰਦਾ ਹੈ ਤਾਂ ਲੋਕਾਂ ਨੂੰ ਖੁਸ਼ੀ ਹੁੰਦੀ ਹੈ ਅਤੇ ਜਦ ਲੜਕੀ ਦਾ ਜਨਮ ਹੁਦਾ ਹੈ ਤਾਂ ਸ਼ੋਕ। ਪੁੱਤਰ ਜੰਮਦਾ ਹੈ ਤਾਂ ਵਾਜੇ ਵਜਦੇ ਹਨ, ਮਿਠਾਈਆਂ ਵੰਡੀਆਂ ਜਾਂਦੀਆਂ ਹਨ । ਪੁੱਤਰ ਦੇ ਜੰਮਣ ਤੇ ਲੋਹੜੀਆਂ ਵੀ ਵੰਡੀਆਂ ਜਾਂਦੀਆਂ ਹਨ ਅਤੇ ਮਾਂ ਦੀ ਝੋਲੀ ਵਿਚ ਸ਼ਗਨ ਵੀ ਪਾਏ ਜਾਂਦੇ ਹਨ । ਇਸ ਦੇ ਉਲਟ ਪੁਰਾਣੇ ਜ਼ਮਾਨੇ ਵਿਚ ਜਦ ਧੀਆਂ ਜੰਮਦੀਆਂ ਸਨ ਤਾਂ ਜਾਗੀਰੂ ਵਿਚਾਰ ਧਾਰਾ ਦੇ ਲੋਕ ਉਨ੍ਹਾਂ ਦੀ ਗਿੱਚੀ ਘੁੱਟ ਕੇ ਉਨ੍ਹਾਂ ਨੂੰ ਕਤਲ ਕਰ ਦਿੰਦੇ ਸਨ । ਜਾਗੀਰੂ ਵਿਚਾਰ ਧਾਰਾ ਦੀ ਇਹ ਸੋਚ ਬਹੁਤ ਗਲਤ ਹੈ ਅਤੇ ਸਾਡਾ ਫਰਜ਼ ਬਣਦਾ ਹੈ ਕਿ ਇਸ ਦੇ ਵਿਰੁਧ ਅਸੀਂ ਸਾਰੇ ਇਕਠੇ ਹੋ ਕੇ ਨਾ ਸਿਰਫ ਆਪਣੀ ਆਵਾਜ਼ ਹੀ ਉਠਾਈਏ ਬਲਕਿ ਇਸ ਦੇ ਵਿਰੁਧ ਸੰਘਰਸ਼ ਵੀ ਕਰੀਏ। ਔਰਤਾਂ ਸਾਡੀ ਆਬਾਦੀ ਦਾ ਅੱਧਾ ਹਿੱਸਾ ਹਨ ਅਤੇ ਉਨ੍ਹਾਂ ਪ੍ਰਤੀ ਜੇ ਸਾਡਾ ਵਿਹਾਰ ਇਸੇ ਤਰੀਕੇ ਦੇ ਨਾਲ ਕਾਇਮ ਰਹੇਗਾ ਤਾਂ ਸਾਡਾ ਦੇਸ਼ ਤਰੱਕੀ ਨਹੀਂ ਕਰ ਸਕੇਗਾ।

ਮੈਂ ਪੰਜਾਬੀ ਨਹੀਂ ਬਲਕਿ ਇਕ ਕਸ਼ਮੀਰੀ ਘਰਾਣੇ ਨੂੰ ਬਿਲਾਂਗ ਕਰਦੀ ਹਾਂ ਭਾਵੇਂ ਕਿ ਮੇਰੇ ਸੁਸਰਾਲ ਪੰਜਾਬ ਦੇ ਵਿਚ ਹਨ। ਪਰ ਪੰਜਾਬ ਦਾ ਜਿਹੜਾ ਫੋਕਲੋਰ ਹੈ, ਉਹ ਸਾਰਾ ਬੜਾ

Original with;
Punjab Vidhan Sabha
Digitized by;
Punjab Digital Library

[ਸ਼੍ਰੀਮਤੀ ਵਿਮਲਾ ਡਾਂਗ]

ਜਜ਼ਬਾਤਾਂ ਨਾਲ ਭਰਿਆ ਪਿਆ ਹੈ। ਪੰਜਾਬੀ ਸਾਹਿਤ ਅਤੇ ਫੋਕਲੋਰ ਦੇ ਨਾਲ ਮੈਨੂੰ ਬਹੁਤ ਜ਼ਿਆਦਾ ਆਕਰਸ਼ਣ ਹੋਇਆ। ਇਨ੍ਹਾਂ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਸਾਡੀ ਅਸਲੀ ਜ਼ਿੰਦਗੀ ਦੇ ਵਿਚ ਮਾਵਾਂ ਅਤੇ ਪਿਤਾਵਾਂ ਦਾ ਧੀਆਂ ਦੇ ਨਾਲ ਪਿਆਰ ਘਟ ਨਹੀਂ ਹੁੰਦਾ। ਉਨ੍ਹਾਂ ਦੇ ਵਾਸਤੇ ਧੀਆਂ ਪੁੱਤਰਾਂ ਦੇ ਬਰਾਬਰ ਹੀ ਲਾਡਲੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਵਾਸਤੇ ਪੁੱਤਰਾਂ ਅਤੇ ਧੀਆ ਦਾ, ਦਰਜਾ ਬਰਾਬਰ ਹੀ ਹੁੰਦਾ ਹੈ। ਸੁਰਿੰਦਰ ਕੌਰ ਦਾ ਮਸ਼ਹੂਰ ਗੀਤ ਹੈ—

ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ,
ਕਰਦੀਆਂ ਗਲੋੜੀਆਂ।

ਮਾਵਾਂ ਤੇ ਧੀਆਂ ਦੀ ਦੋਸਤੀ ਨੀ ਮਾਏ,
ਕੋਈ ਟੁੱਟਦੀ ਹੈ ਕਹਿਰਾਂ ਦੇ ਨਾਲ।

ਇਹ ਸ਼ਬਦ ਸੁਣ ਕੇ ਅਸੀਂ ਸਾਰੇ ਆਪਣੀਆਂ ਮਾਵਾਂ ਨੂੰ ਯਾਦ ਕਰਦੇ ਹਾਂ। ਮਾਵਾਂ ਦਾ ਆਪਣੀਆਂ ਬੇਟੀਆਂ ਦੇ ਨਾਲ ਜਿਹੜਾ ਪਿਆਰ ਹੈ, ਦੋਸਤੀ ਹੈ, ਜਨਮ ਜਨਮ ਦਾ ਸਬੰਧ ਹੈ, ਉਸ ਨੂੰ ਕੋਈ ਤੋੜ ਨਹੀਂ ਸਕਦਾ। ਇਸ ਦੇ ਨਾਲ ਹੀ ਲੜਕੀਆਂ ਨਾਲ ਉਨ੍ਹਾਂ ਦੇ ਪਿਤਾਵਾਂ ਅਤੇ ਭਰਾਵਾਂ ਦਾ ਪਿਆਰ ਵੀ ਕੋਈ ਘੱਟ ਨਹੀਂ ਹੁੰਦਾ। ਸ਼ਾਦੀ ਵਿਆਹ ਦੇ ਵੇਲੇ ਲੜਕੀਆਂ ਨੂੰ ਜਦੋਂ ਘਰੋਂ ਤੋਰਿਆ ਜਾਂਦਾ ਹੈ ਤਾਂ ਉਨ੍ਹਾਂ ਦੇ ਪਿਤਾਵਾਂ ਨੂੰ ਅਤੇ ਉਨ੍ਹਾਂ ਦੇ ਵੀਰਾਂ ਨੂੰ ਬਹੁਤ ਦੁੱਖ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਲੜਕੀ ਨਾਲ ਮਾਤਾ ਪਿਤਾ ਅਤੇ ਰਿਸ਼ਤੇਦਾਰਾਂ ਦਾ ਪਿਆਰ ਕੁਦਰਤੀ ਹੈ। ਮਾਵਾਂ ਦੀਆਂ ਆਦਰਾਂ ਵਿਚ ਧੀਆਂ ਵਾਸਤੇ ਕਿੰਨਾ ਪਿਆਰ ਭਰਿਆ ਪਿਆ ਹੈ, ਇਸ ਦਾ ਵਰਨਣ ਸਾਡੇ ਫੋਕਲਰ ਵਿਚ ਬੜੀ ਅਛੀ ਤਰ੍ਹਾਂ ਨਾਲ ਕੀਤਾ ਗਿਆ ਹੈ। ਸਮੇਂ ਦੇ ਬੀਤਣ ਨਾਲ ਸਾਇੰਸ ਅਤੇ ਟੈਕਨਾਲੋਜੀ ਨੇ ਜਿਹੜੀ ਤਰੱਕੀ ਕੀਤੀ ਹੈ, ਉਸ ਨਾਲ ਮਨੁੱਖਤਾ ਦਾ ਬਹੁਤ ਭਲਾ ਵੀ ਹੋਇਆ ਹੈ ਪਰ ਇਸ ਦੇ ਨਾਲ ਹੀ ਇਸ ਸਾਇੰਸ ਅਤੇ ਟੈਕਨਾਲੋਜੀ ਦੀ ਇਸ ਸੰਸਾਰ ਵਿਚ ਬਹੁਤ ਗਲਤ ਵਰਤੋਂ ਵੀ ਹੋ ਰਹੀ ਹੈ ਜਿਸ ਨਾਲ ਮਨੁੱਖੀ ਜਾਨਾਂ ਖਤਰੇ ਵਿਚ ਪੈ ਜਾਂਦੀਆਂ ਹਨ ਜਿਸ ਤਰ੍ਹਾਂ ਕਿ ਸੈਕਸ ਡਿਟਰਮੀਨੇਸ਼ਨ ਟੈਸਟ ਜਾਂ ਗਰਭ ਵਿਚ ਲਿੰਗ ਜਾਂਚਣ ਦਾ ਟੈਸਟ। ਲੜਕੀਆਂ ਹੋਣ ਦੀ ਸੂਰਤ ਵਿਚ ਫੀਮੇਲ ਫੀਅਟੱਸ ਨੂੰ ਖਤਮ ਕਰਕੇ ਲੜਕੀ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਦੇਣਾ ਇਹ ਬਹੁਤ ਵਡਾ ਪਾਪ ਹੈ। ਇਹ ਅਰਤ ਜਾਤੀ ਦਾ ਅਪਮਾਨ ਹੈ ਅਤੇ ਉਸ ਦੀ ਸਿਹਤ ਵਾਸਤੇ ਵੀ ਬਹੁਤ ਜ਼ਿਆਦਾ ਹਾਨੀਕਾਰਕ ਹੈ। ਕੁਦਰਤ ਨੇ ਅਰਤ ਅਤੇ ਮਰਦ ਵਿਚਕਾਰ ਇਕ ਰੇਸ਼ੋ ਕਾਇਮ ਕੀਤੀ ਹੈ, ਇਨ੍ਹਾਂ ਦੋਨਾਂ ਵਿਚਕਾਰ ਇਕ ਬੈਲੈਂਸ ਰੱਖਿਆ ਹੈ। ਇਸ ਤਰ੍ਹਾਂ ਜਨਮ ਤੋਂ ਪਹਿਲਾਂ ਹੀ ਲੜਕੀ ਨੂੰ ਮਾਰ ਦੇਣਾ, ਇਕ ਅਨਨੈਚੁਰਲ ਗੱਲ ਹੈ। ਇਸ ਦੀ ਵਜ੍ਹਾ ਕਰਕੇ ਇਹ ਰੇਸ਼ੋ, ਇਹ ਬੈਲੈਂਸ ਅਪਸੈਟ ਹੋ ਰਿਹਾ ਹੈ ਅਤੇ ਇਸ ਦੇ ਗੰਭੀਰ ਖਤਰੇ ਨਿਕਲਣਗੇ। ਸਾਡੇ ਪੰਜਾਬ ਵਿਚ ਇਸ ਵੇਲੇ ਇਕ ਹਜ਼ਾਰ ਮੇਲ ਮੈਂਬਰਾਂ ਦੇ ਮੁਕਾਬਲੇ 934 ਦੇ ਕਰੀਬ ਫੀਮੇਲ

Original with;
Punjab Vidhan Sabha
Digitized by;
Panjab Digital Library

ਹਨ। ਇਨ੍ਹਾਂ ਸੈਕਸ ਡਿਟਰਮੀਨੇਸ਼ਨ ਟੈਸਟਾਂ ਦੇ ਨਾਲ ਫੀਮੇਲ ਫੀਅਟਸ ਨੂੰ ਲਗਾਤਾਰ ਡੇਸਟਰਾਏ ਕਰਨ ਦਾ ਯਤਨ ਹੋ ਰਿਹਾ ਹੈ। ਜੇ ਇਸ ਚੀਜ਼ ਨੂੰ ਰੋਕਿਆ ਨਾ ਗਿਆ ਤਾਂ ਸਾਡੀ ਸਿਵਲੀਜ਼ੇਸ਼ਨ, ਆਉਣ ਵਾਲੇ ਸਮੇਂ ਵਿਚ ਬਹੁਤ ਜ਼ਿਆਦਾ ਖਤਰੇ ਵਿਚ ਪੈ ਜਾਵੇਗੀ। ਇਸ ਕਰਕੇ ਜਿਹੜਾ ਇਹ ਬਿੱਲ ਲਿਆਂਦਾ ਗਿਆ ਹੈ, ਸੈਕਸ ਡਿਟਰਮੀਨੇਸ਼ਨ ਟੈਸਟ ਨੂੰ ਬੈਨ ਕਰਨ ਦਾ, ਜੇਕਰ ਇਸ ਦਾ ਪੰਜਾਬੀ ਅਨੁਵਾਦ ਮਿਲ ਜਾਂਦਾ, ਕਿਉਂਕਿ ਇਸ ਦੇ ਵਿੱਚ ਮੈਡੀਕਲ ਟਰਮਾਨਾਲੋਜੀ ਬਹੁਤ ਜ਼ਿਆਦਾ ਹੈ, ਮੈਂ ਹੈਲਥ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗੀ ਕਿ ਇਸ ਪ੍ਰਤੀ ਜਿਹੜੀ ਸਾਡੀ ਭਾਵਨਾ ਹੈ, ਉਸ ਨੂੰ ਜ਼ਰੂਰ ਸਮਝਣ ਦੀ ਕੋਸ਼ਿਸ਼ ਕਰਨ। ਜੇਕਰ ਪਹਿਲਾਂ ਪੰਜਾਬੀ ਅਨੁਵਾਦ ਅਵੇਲੇਬਲ ਹੁੰਦਾ ਤਾਂ ਮੈਂ ਆਪਣੀ ਗੱਲ ਵਧੇਰੇ ਚੰਗੀ ਤਰ੍ਹਾਂ ਪੰਜਾਬੀ ਭਾਸ਼ਾ ਵਿੱਚ ਕਹਿ ਸਕਦੀ ਸੀ। ਇਸ ਨੂੰ ਕਾਨੂੰਨੀ ਸ਼ਕਲ ਦੇਣ ਦੇ ਲਈ ਜਿਹੜਾ ਬਿੱਲ ਲਿਆਂਦਾ ਗਿਆ ਹੈ, ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਇਸ ਕਾਨੂੰਨ ਦੀ ਪੂਰੀ ਤਰ੍ਹਾਂ ਇੰਪਲੀਮੈਂਟੇਸ਼ਨ ਨਹੀਂ ਹੋਣੀ ਅਤੇ ਇਹ ਫੇਲ੍ਹ ਹੋ ਜਾਵੇਗਾ। ਇਸ ਸਬੰਧ ਵਿੱਚ ਇਕ ਲਾਈਨ ਇਸ ਦੇ ਪ੍ਰਯੋਗ ਵਿੱਚ ਲਿਆਂਦੀ ਗਈ ਹੈ, ਸੋਸ਼ਲ ਅਵੇਅਰਨੈਸ, ਸਮਾਜਿਕ ਜਾਗਰਤੀ ਅਤੇ ਸੂਝ ਜਨਤਾ ਵਿੱਚ ਵਧਾਈ ਜਾਵੇ। ਇਹ ਗੱਲ ਬਿੱਲ ਦੀ ਇੰਪਲੀਮੈਂਟੇਸ਼ਨ ਵਿੱਚ ਕਾਫੀ ਸਹਾਈ ਹੋਵੇਗੀ। ਸਮਾਜਿਕ ਜਾਗ੍ਰਤੀ, ਸਮਾਜਿਕ ਸੂਝ ਅਤੇ ਸੋਸ਼ਲ ਅਵੇਅਰਨੈਸ ਦੇ ਬਾਰੇ ਸਰਕਾਰ ਨੂੰ ਸਟੈੱਪਸ ਲੈ ਕੇ, ਪ੍ਰਚਾਰ ਕਰਕੇ, ਮਾਸ-ਮੀਡੀਆ ਰਾਹੀਂ ਲੋਕਾਂ ਨੂੰ ਦੱਸਕੇ ਇਸ ਗੱਲ ਦਾ ਯਤਨ ਕਰਨਾ ਚਾਹੀਦਾ ਹੈ ਤਾਂ ਜੋ ਲੋਕਾਂ ਵਿੱਚ ਇਸ ਪ੍ਰਤੀ ਸੋਸ਼ਲ ਅਵੇਅਰਨੈਂਸ ਹੋਵੇ। ਕੋਈ ਵੀ ਸੋਸ਼ਲ ਲੈਜਿਸਲੇਸ਼ਨ ਇਕੱਲਾ ਕਾਨੂੰਨ ਬਣਨ ਨਾਲ ਸਫਲ ਨਹੀਂ ਹੋ ਸਕਦਾ ਜਦੋਂ ਤੱਕ ਕਿ ਲੋਕਾਂ ਦੇ ਵਿੱਚ ਸੋਸ਼ਲ ਅਵੇਅਰਨੈੱਸ ਨਹੀਂ ਆਉਂਦੀ। ਸੈਕਸ ਡਿਟਰ-ਮੀਨੇਸ਼ਨ ਟੈਸਟ ਤੇ ਬੈਨ ਲਾਉਣ, ਪਾਬੰਦੀ ਲਾਉਣ ਸਬੰਧੀ ਜਿਹੜਾ ਬਿੱਲ ਲਿਆਂਦਾ ਜਾ ਰਿਹਾ ਹੈ, ਇਸ ਬਾਰੇ ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਇਸ ਦਾ ਕੋਈ ਫਾਇਦਾ ਨਹੀਂ ਹੈ। ਪਿਛਲੇ ਦਿਨਾਂ ਦੇ ਵਿੱਚ ਇਸ ਗੱਲ ਬਾਰੇ ਜਾਣਕਾਰੀ ਲੈਣ ਲਈ ਅਤੇ ਸੈਲਫ ਅਜੂਕੇਸ਼ਨ ਵਾਸਤੇ ਬਹੁਤ ਸਾਰੇ ਡਾਕਟਰਾਂ ਅਤੇ ਲੇਡੀ ਡਾਕਟਰਾਂ ਨਾਲ ਗੱਲਬਾਤ ਕਰਨ ਦਾ ਮੈਨੂੰ ਮੌਕਾ ਮਿਲਿਆ ਹੈ। ਇਹ ਠੀਕ ਹੈ ਕਿ ਸਾਰੇ ਕਹਿੰਦੇ ਹਨ ਕਿ ਇਹ ਚੰਗਾ ਕਦਮ ਹੈ, ਪਰ ਇਸ ਦਾ ਫਾਇਦਾ ਕੋਈ ਨਹੀਂ ਹੋਣਾ ਅਤੇ ਲੋਕਾਂ ਨੇ ਇਲ-ਲੀਗਲ ਟੈਸਟ ਕਰਵਾਉਣ ਲਗ ਜਾਣਾ ਹੈ। ਉਹ ਇਹ ਭੀ ਕਹਿੰਦੇ ਹਨ ਕਿ ਅਲਟਰਾਸਾਊਂਡ ਰਾਹੀਂ ਵੀ ਪਤਾ ਲਗ ਜਾਂਦਾ ਹੈ ਕਿ ਹੋਣ ਵਾਲੇ ਬੱਚੇ ਦਾ ਸੈਕਸ ਮੇਲ ਹੈ ਜਾਂ ਫੀਮੇਲ ਹੈ। ਇਸ ਸਬੰਧ ਵਿਚ ਮੈਂ ਕਹਿਣਾ ਚਾਹਾਂਗੀ ਕਿ ਜਿਹੜੀਆਂ ਇਸ ਬਿੱਲ ਦੇ ਵਿੱਚ ਪਰੋਵੀਜ਼ਨ ਅਤੇ ਕਲਾਜ਼ਾਂ ਪਰੋਵਾਈਡ ਕੀਤੀਆਂ ਗਈਆਂ ਹਨ, ਉਹ ਅਲਟਰਾਸਾਉਂਡ ਉਤੇ ਵੀ ਲਾਗੂ ਹੋਣੀਆਂ ਚਾਹੀਦੀਆਂ ਹਨ। ਕਿਸੇ ਵੀ ਸੋਸ਼ਲ ਲੈਜਿਸਲੇਸ਼ਨ ਦੀ ਉਲੰਘਣਾ ਕਰਨ ਤੇ ਜਿਹੜੀਆਂ ਸਜ਼ਾਵਾਂ ਪਰੋਵਾਈਡ ਕੀਤੀਆਂ ਹੁੰਦੀਆਂ ਹਨ, ਜੇਕਰ ਪ੍ਰਸ਼ਾਸਨ ਪੂਰੀ ਇਮਾਨਦਾਰੀ ਨਾਲ ਉਨ੍ਹਾਂ ਨੂੰ ਅਮਲ ਵਿੱਚ ਲਿਆਉਣ ਦੀ ਕੋਸ਼ਿਸ਼ ਕਰੇ ਤਾਂ ਅਸੀਂ ਕਾਫੀ ਸਫਲਤਾ ਹਾਸਲ ਕਰ ਸਕਦੇ ਹਾਂ।

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਵਿਮਲਾ ਡਾਂਗ]

ਮਾਨਯੋਗ ਸਪੀਕਰ ਸਾਹਿਬ, ਇਸ ਦੇ ਵਿੱਚ ਖ਼ਾਸ ਤੌਰ ਤੇ ਇਹ ਗੱਲ ਕਹੀ ਹੈ ਕਿ ਪ੍ਰੀ-ਨੇਟਲ ਟੈਸਟ ਕਰਾਉਣ ਦੀ ਕੇਵਲ ਉਸ ਸੂਰਤ ਵਿਚ ਹੀ ਇਜਾਜ਼ਤ ਹੋਣੀ ਚਾਹੀਦੀ ਹੈ ਜਦੋਂ ਕਿ ਇਸ ਗੱਲ ਦਾ ਕੋਈ ਸ਼ੱਕ ਹੋਵੇ ਕਿ ਹੋਣ ਵਾਲੇ ਬੱਚੇ ਦੇ ਵਿੱਚ ਕੋਈ ਸਰੀਰਕ ਐਬਨੌਰਮੈਲਟੀਜ਼ ਹੈ, ਉਹ ਕਿਸੇ ਬਿਮਾਰੀ ਦਾ ਸ਼ਿਕਾਰ ਹੈ, ਪਿੰਗਲਾ ਹੈ, ਉਸਨੂੰ ਮਾਨਸਿਕ ਰਿਟਾਰਟੇਸ਼ਨ ਹੈ, ਬੋਲਾਪਨ ਹੈ, ਸੁਣ ਨਹੀਂ ਸਕਦਾ ਜਾਂ ਹੋਰ ਅਜਿਹੀ ਕਿਸੇ ਕਿਸਮ ਦੀ ਸਰੀਰਕ ਡੀ-ਫਾਰਮੀਟੀ ਹੈ ਤਾਂ ਕੇਵਲ ਉਸੇ ਸੂਰਤ ਵਿੱਚ ਹੀ ਪ੍ਰੀ-ਨੇਟਲ ਟੈਸਟ ਦੀ ਇਜ਼ਾਜ਼ਤ ਦੇਣੀ ਚਾਹੀਦੀ ਹੈ। ਦੂਸਰੀ ਗੱਲ ਪ੍ਰੈਗਨੈਂਟ ਔਰਤ ਪਾਸੋਂ ਲਿਖਤੀ ਮਨਜ਼ੂਰੀ ਲੈਣੀ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹਰ ਮਾਂ ਨੂੰ ਇਕ ਫਾਰਮ ਭਰਨਾ ਪਵੇਗਾ ਅਤੇ ਬਕਾਇਦਾ ਤੌਰ ਤੇ ਇਹ ਦੱਸਣਾ ਪਵੇਗਾ ਜਿਸ ਤੋਂ ਉਸ ਦੀ ਸਾਰੀ ਫੈਮਲੀ ਬੈਕ-ਗਰਾਊਂਡ ਦਾ ਪਤਾ ਲਗ ਜਾਵੇਗਾ ਕਿ ਉਹ ਔਰਤ ਕੇਵਲ ਗਰਭਪਾਤ ਕਰਾਉਣ ਲਈ ਆਈ ਹੈ ਜਾਂ ਕਿਸੇ ਹੋਰ ਵਾਜਬ ਕਾਰਨ ਆਈ ਹੈ।

ਸਪੀਕਰ ਸਾਹਿਬ, ਮੈਂ ਬੜੀ ਨਿਮਰਤਾ ਨਾਲ ਬੇਨਤੀ ਕਰਦੀ ਹਾਂ, ਪੰਜਾਬ ਸਰਕਾਰ ਅੱਗੇ ਔਰ ਸਿਹਤ ਮੰਤਰੀ ਜੀ ਦੇ ਅੱਗੇ ਕਿ ਸਾਰੇ ਪੰਜਾਬ ਵਿੱਚ, ਇਥੋਂ ਤੱਕ ਕਿ ਚੰਡੀਗੜ੍ਹ ਪੀ.ਜੀ.ਆਈ. ਵਿੱਚ ਕੀ ਕੋਈ ਸਰਕਾਰੀ ਜੈਨੇਟਿਕ ਲੈਬਾਰਟਰੀ ਨਹੀਂ ਹੈ। ਇਹ ਇਕ ਅਮੈਂਡਮੈਂਟ ਦੇ ਤਹਿਤ, ਅਸੀਂ ਸਰਕੂਲੇਟ ਕੀਤਾ ਹੈ ਅਤੇ ਬੇਨਤੀ ਕੀਤੀ ਹੈ ਕਿ ਇਸ ਵਿੱਚ ਸੰਸ਼ੋਧਨ ਕਰਕੇ ਇਸ ਗੱਲ ਨੂੰ ਸਮਿਲਤ ਕੀਤਾ ਜਾਵੇ ਕਿ ਪੰਜਾਬ ਸਰਕਾਰ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਜਿਹੜੇ ਸਰਕਾਰੀ ਹਸਪਤਾਲ ਹਨ ਉਥੇ ਜੈਨੇਟਿਕ ਲੈਬਾਰਟਰੀਜ਼ ਅਤੇ ਸੈਂਟਰ ਸਥਾਪਤ ਕੀਤੇ ਜਾਣਗੇ। ਪ੍ਰਾਈਵੇਟ ਸੈਂਟਰ ਵਿੱਚ ਬੜੇ ਕਿਸਮ ਦੀ ਲੁਟ ਵੀ ਹੁੰਦੀ ਹੈ ਅਤੇ ਕਈ ਗਲਤ ਗੱਲਾਂ ਵੀ ਹੁੰਦੀਆਂ ਹਨ, ਉਨ੍ਹਾਂ ਦੀ ਰੋਕਥਾਮ ਕੀਤੀ ਜਾਵੇ।

ਅਗਲੀ ਗੱਲ ਕਿ ਜਿਹੜੇ ਸੈਕਸ ਡੀਟਰਮੀਨੇਸ਼ਨ ਦੇ ਸਾਰੇ ਇਸ਼ਤਿਹਾਰ ਅਤੇ ਐਡਵਰਟਾਈਜ਼-ਮੈਂਟਸ ਹਨ ਇਸ ਕਾਨੂੰਨ ਵਿੱਚ ਉਨ੍ਹਾਂ ਤੇ ਪਾਬੰਦੀ ਲਗਾਈ ਗਈ ਹੈ, ਇਹ ਵੀ ਖੁਸ਼ੀ ਵਾਲੀ ਗਲ ਹੈ। ਇਸ ਬਿੱਲ ਅਨਸਾਰ ਜਿਹੜੇ ਪ੍ਰਾਈਵੇਟ ਕਲੀਨਿਕ ਖੋਲ੍ਹਣੇ ਹਨ ਉਨ੍ਹਾਂ ਨੂੰ ਵੀ ਰਜਿਸ-ਟਰੇਸ਼ਨ ਕਰਾਉਣੀ ਪਵੇਗੀ ਅਤੇ ਉਪ੍ਰੋਕਤ ਕੰਮ ਲਈ ਸਪੈਸੀਫਿਕਲੀ ਲਿਖਣਾ ਪਵੇਗਾ ਕਿ ਜਿਹੜੇ ਸੈਂਟਰ ਖੋਲ੍ਹੇ ਜਾ ਰਹੇ ਹਨ ਇਹ ਫਿਜੀਕਲ ਡਿਫਾਰਮਿਟੀਜ਼ ਖਾਸ ਕਿਸਮ ਦੀਆਂ ਬਿਮਾਰੀਆਂ ਦੇ ਟੈਸਟ ਲਈ ਹਨ ਅਤੇ ਸੈਕਸ ਡੀਟਰਮੀਨੇਸ਼ਨ ਲਈ ਨਹੀਂ ਖੋਲ੍ਹੇ ਜਾ ਰਹੇ। ਇਹ ਕਾਨੂੰਨ ਲਾਗੂ ਹੋਣ ਤੋਂ ਬਾਅਦ ਪ੍ਰਾਈਵੇਟ ਕਲੀਨਿਕ ਜਿਹੜੇ ਪਹਿਲਾਂ ਹਨ ਉਨ੍ਹਾਂ ਨੂੰ ਫੌਰੀ ਤੌਰ ਤੇ ਰਜਿਸਟਰੇਸ਼ਨ ਕਰਾਉਣਾ ਪਵੇਗੀ। ਇਸੇ ਤਰ੍ਹਾਂ ਕੋਈ ਵੀ ਆਦਮੀ ਕਲੀਨਿਕ ਦੇ ਅੰਦਰ ਕੰਮ ਨਹੀਂ ਕਰ ਸਕੇਗਾ ਜਦੋਂ ਤੱਕ ਉਸਦੀ ਰਜਿਸਟਰੇਸ਼ਨ ਨਾ ਹੋ ਜਾਵੇ ਕਿਸੇ ਨੂੰ ਇਮਪਲਾਈ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਪ੍ਰੈਸਕਰਾਈਬਡ ਕੁਆਲੀਫੀਕੇਸ਼ਨਜ਼ ਪੂਰੀਆਂ ਨਾ ਕਰਦੇ ਹੋਣ। ਮੈਂ ਆਸ ਕਰਦੀ ਹਾਂ ਕਿ ਸਰਕਾਰ ਸਖਤੀ ਦੇ ਨਾਲ ਜਿਹੜੇ ਉਪਰ ਨਿਯਮ ਮੈਨਸ਼ਨ ਕੀਤੇ ਗਏ ਹਨ, ਉਨ੍ਹਾਂ ਨੂੰ ਲਾਗ ਕਰੇਗੀ।

Original with;
Punjab Vidhan Sabha
Digitized by;
Panjab Digital Library

ਇਸਦੇ ਬਾਅਦ ਇਕ ਜ਼ਰੂਰੀ ਚੈਪਟਰ ਹੈ ਕਿ ਸੁਪਰਵੀਜ਼ਨ ਕਰਨ ਦੀ ਅਥਾਰਟੀ ਕਿਸ ਨੂੰ ਹੋਵੇਗੀ, ਕਿਸ ਤਰੀਕੇ ਦੇ ਨਾਲ ਇਸ ਨੂੰ ਲਾਗੂ ਕੀਤਾ ਜਾਵੇਗਾ । ਮੈਂ ਇਸ ਦੀ ਤਫਸੀਲ ਵਿੱਚ ਨਹੀਂ ਜਾ ਰਹੀ ਪਰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਸਬੰਧੀ ਜੋ ਸਟੇਟ ਜਿਲ੍ਹਾ ਵਿਜੀਲੈਂਸ ਕਮੇਟੀ ਬਣਾਈ ਜਾਵੇਗੀ ਉਸਦੇ ਵਿਚ ਸੀਨੀਅਰ ਮੈਡੀਕਲ ਆਫੀਸਰਜ਼ ਹਨ ਐਕਸਪਰਟਸ ਹਨ ਜੋ ਮੈਂਬਰ ਦੇ ਤੌਰ ਤੇ ਰੱਖੇ ਗਏ ਹਨ ਅਤੇ ਇਹ ਜਿਹੜੀ ਅਥਾਰਟੀ ਹੈ ਇਹ ਸਾਰੀ ਸੁਪਰਵੀਜ਼ਨ ਕਰਕੇ ਕਲੀਨਿਕ ਦੇ ਵਿੱਚ ਉਨ੍ਹਾਂ ਦੇ ਰਿਕਾਰਡ ਨੂੰ ਚੈਕ ਕਰੇਗੀ ਅਤੇ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਕਾਨੂੰਨ ਦੀ ਉਲੰਘਣਾ ਨਹੀਂ ਹੋ ਰਹੀ ਅਤੇ ਇਹ ਜਿਹੜੀ ਅਥਾਰਟੀ ਹੈ ਜੇ ਕਾਨੂੰਨ ਦੀ ਉਲੰਘਣਾ ਹੋ ਰਹੀ ਹੋਵੇ ਤਾਂ ਉਸ ਕਲੀਨਿਕ ਦੀ ਸਸਪੈਂਨਸ਼ਨ ਪ੍ਰਪੋਜ਼ ਕਰ ਸਕਦੀ ਹੈ । ਇਸੇ ਤਰੀਕੇ ਦੇ ਨਾਲ ਜੋ ਦੋਸ਼ੀ ਪਾਏ ਜਾਣ, ਜਿਹੜੇ ਜਾਣ ਬੁਝ ਕੇ ਗਰਭ ਦੇ ਵਿੱਚ ਲਿੰਗ ਜਾਚਣ ਦਾ ਟੈਸਟ ਕਰਦੇ ਹਨ, ਜੇ ਇਹ ਗੱਲ ਸਿੱਧ ਹੋ ਜਾਵੇ, ਓਰਲੀ ਨਹੀਂ, ਤਾਂ ਵਿਜੀਲੈਂਸ ਕਮੇਟੀ ਅਤੇ ਹੋਰ ਸਟੇਟ ਅਥਾਰਟੀ ਜੋ ਇਸ ਵਿੱਚ ਥਾਪੀ ਗਈ ਹੈ, ਜੇ ਕਨਵਿੰਸ ਹੋ ਜਾਵੇ ਤਾਂ ਫਿਰ ਉਹ ਦੇਖੇਗੀ ਕਿ ਇਸ ਦੀ ਕਾਨੂੰਨੀ ਸਜ਼ਾ ਮਿਲੇ। ਇਹ ਔਫੈਂਸ ਕੋਗਨੀਜੇਬਲ, ਨਾਨ-ਬੇਲੇਬਲ, ਬਿਨਾ ਜ਼ਮਾਨਤ ਅਤੇ ਨਾਨ-ਕਮਪਾਊਂਡੇਬਲ ਹੈ, ਪੁਲਿਸ ਦੀ ਦਖਲ-ਅੰਦਾਜ਼ੀ ਹੇਠ ,ਜਿਥੇ ਕਾਨੂੰਨ ਲਾਗੂ ਹੋਵੇਗਾ ਜਿਸ ਦੀ ਸਜ਼ਾ ਇਕ ਸਾਲ ਤੋਂ 3 ਸਾਲ ਤੱਕ ਅਤੇ ਜੁਰਮਾਨਾ 1 ਹਜ਼ਾਰ ਤੋਂ 5 ਹਜ਼ਾਰ ਰੁਪਏ ਤੱਕ ਹੋ ਸਕਦਾ ਹੈ। ਸਪੀਕਰ ਸਾਹਿਬ, ਕੋਈ ਵੀ ਔਰਤ ਆਪਣੇ ਆਪ ਸੈਕਸ-ਡਿਟਰਮੀਨੇਸ਼ਨ ਲਈ, ਗਰਭ-ਪਾਤ ਕਰਾਉਣ ਲਈ ਜਾ ਅਬਾਰਸ਼ਨ ਕਰਾਉਣ ਲਈ ਜਾਂਦੀ ਹੈ ਤਾਂ ਉਨ੍ਹਾਂ ਦੀਆਂ ਸੱਸਾਂ ਜਾਂ ਪਤੀ ਉਨ੍ਹਾਂ ਨੂੰ ਮਜ਼ਬੂਰ ਕਰਦੇ ਹਨ ਕਿ ਇਕ ਲੜਕੀ ਪੈਦਾ ਹੋ ਗਈ ਹੈ, ਜਾਓ ਹੁਣ ਟੈਸਟ ਕਰਵਾ ਕੇ ਅਬਾਰਸ਼ਨ ਕਰਵਾ ਲਓ, ਸਾਨੂੰ ਦੂਜੀ ਲੜਕੀ ਦੀ ਜ਼ਰੂਰਤ ਨਹੀਂ ਹੈ। ਪਤੀ ਨੂੰ ਚਾਹੀਦਾ ਹੈ ਕਿ ਪੈਦਾ ਹੋਣ ਵਾਲਾ ਬੱਚਾ ਜਿਹੜਾ ਹੈ ਚਾਹੇ ਲੜਕੀ ਹੈ, ਚਾਹੇ ਲੜਕਾ ਹੈ, ਉਸਦਾ ਟੈਸਟ ਨਾ ਕਰਵਾਏ, ਜੇ ਇਹ ਗੱਲ ਸਿੱਧ ਹੋ ਜਾਵੇ ਕਿ ਉਸ ਔਰਤ ਨੂੰ ਕਿਸੇ ਨੇ ਮਜ਼ਬੂਰ ਕੀਤਾ ਹੈ ਉਸਦੀ ਸੱਸ ਨੇ ਜਾਂ ਉਸਦੇ ਪਤੀ ਨੇ ਤਾਂ ਕਾਨੂੰਨ ਵਿੱਚ ਪਰੋਵੀਜ਼ਨ ਹੋਣੀ ਚਾਹੀਦੀ ਹੈ ਕਿ ਉਸ ਦੀ ਸੱਸ ਜਾਂ ਪਤੀ ਨੂੰ ਸਜ਼ਾ ਦਿੱਤੀ ਜਾਵੇ ਨਾ ਕਿ ਉਸ ਔਰਤ ਨੂੰ ਜਿਸਨੂੰ ਟੈਸਟ ਕਰਵਾਉਣ ਲਈ ਮਜ਼ਬੂਰ ਕੀਤਾ ਗਿਆ ਹੈ ਉਸਨੂੰ ਤਿੰਨ ਮਹੀਨੇ ਦੀ ਸਜ਼ਾ ਦਿੱਤੀ ਜਾਵੇ। ਇਹ ਜਾਇਜ਼ ਨਹੀਂ। ਇਹ ਇਨਸਾਫ ਨਹੀਂ ਕਿਉਂਕਿ ਜਿਹੜੀ ਔਰਤ ਟੈਸਟ ਕਰਵਾਉਣ ਲਈ ਜਾ ਰਹੀ ਹੈ ਉਸ ਉਪਰ ਸਮਾਜਿਕ ਮਜਬੂਰੀਆਂ ਹੁੰਦੀਆਂ ਹਨ। ਉਸ ਨੂੰ ਵੀ ਤਿੰਨ ਮਹੀਨੇ ਦੀ ਕੈਦ ਠੋਕ ਦਿਓ, ਇਹ ਗੱਲ ਠੀਕ ਨਹੀਂ ਹੋਵੇਗੀ। ਇਸ ਕਿਸਮ ਦੀ ਪਰੋਵੀਜ਼ਨ ਨਹੀਂ ਹੋਣੀ ਚਹੀਦੀ। ਜਿਹੜੀਆਂ ਔਰਤਾਂ ਟੈਸਟ ਕਰਵਾਉਂਦੀਆਂ ਹਨ ਜਾਂ ਕਰਵਾਉਣਗੀਆਂ, ਉਨ੍ਹਾਂ ਦੇ ਸਰਕਮਸਟਾਂਸਿਜ਼ ਦੇਖ ਲਏ ਜਾਣ। ਜਿੱਥੋਂ ਤੱਕ ਸੀਨੀਅਰ ਪੜ੍ਹੇ-ਲਿਖੇ ਲੋਕ, ਮੈਜਿਸਟਰੇਟ, ਆਈ.ਏ.ਐਸ. ਅਫਸਰ, ਟੀਚਰਜ਼ ਆਦਿ ਦੀਆਂ ਔਰਤਾਂ ਟੈਸਟ ਕਰਵਾਉਂਦੀਆਂ ਹਨ ਔਰ ਫਿਰ ਅਬਾਰਸ਼ਨ ਕਰਵਾਉਂਦੀਆਂ ਹਨ ਤੁਸੀਂ ਸਾਰੇ ਮਸਲੇ ਨੂੰ ਐਗਜ਼ਾਮਿਨ ਕਰਕੇ ਉਨ੍ਹਾਂ ਨੂੰ ਸਜ਼ਾਵਾਂ ਦਿਓ। ਇਹ ਗੱਲ ਸਾਨੂੰ ਅੱਛੇ ਤਰੀਕੇ ਨਾਲ ਸਮਝਣੀ ਚਾਹੀਦੀ ਹੈ। ਅੰਮ੍ਰਿਤਸਰ ਵਿੱਚ ਇੱਕ ਆਰਮੀ ਅਫਸਰ ਦੀ ਪਤਨੀ ਸੀ। ਉਸ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਵਿਮਲਾ ਡਾਂਗ]

ਦੀਆਂ ਦੋ ਲੜਕੀਆਂ ਸਨ ਅਤੇ ਉਸ ਨੇ ਸੁਸਾਈਡ ਕੀਤਾ। ਦੋ ਸਾਲ ਪਹਿਲਾਂ ਉਸ ਨੇ ਸਾਈ-ਨਾਈਡ ਦੀਆਂ ਗੋਲੀਆਂ ਖਾ ਲਈਆਂ। ਉਹ ਇਸ ਕਰਕੇ ਮਰੀ ਕਿ ਉਸ ਦੀਆਂ ਦੋ ਲੜਕੀਆਂ ਜੋ ਗਰੈਜੂਏਟ ਹਨ ਔਰ ਸਾਇੰਸ ਦੀਆਂ ਬੜੀਆਂ ਬਰਿਲੀਐਂਟ ਸਟੂਡੈਂਟਸ ਹਨ ਉਨ੍ਹਾਂ ਦੀ ਬੇਕਦਰੀ ਹੋਈ। ਉਸਨੂੰ ਮਾਨਸਿਕ ਤਸੀਹੇ ਦਿੱਤੇ ਜਾਂਦੇ ਸਨ ਕਿ ਉਸ ਨੇ ਧੀਆਂ ਪੈਦਾ ਕੀਤੀਆਂ ਹਨ ਅਤੇ ਪੁੱਤਰ ਪੈਦਾ ਨਹੀਂ ਕੀਤਾ। ਇਸ ਤਰ੍ਹਾਂ ਦੀਆਂ ਹੋਰ ਵੀ ਉਦਾਹਰਨਾਂ ਹਨ ਕਿ ਲੜਕੀਆਂ ਜਾ ਕੇ ਟੈਸਟ ਕਰਵਾਉਂਦੀਆਂ ਹਨ ਅਤੇ ਕਾਨੂੰਨੀ ਤੌਰ ਤੇ ਉਸ ਨੂੰ ਤਿੰਨ ਮਹੀਨੇ ਦੀ ਸਜ਼ਾ ਦੇ ਦਿਓ। ਇਸ ਬਾਰੇ ਕਾਨੂੰਨਦਾਨਾਂ ਨੂੰ ਵਿਚਾਰਨਾ ਚਾਹੀਦਾ ਹੈ।

ਜਿੱਥੋਂ ਤੱਕ ਅਲਟਰਾ ਸਾਊਂਡ ਕਲੀਨਿਕ ਦਾ ਸਵਾਲ ਹੈ, ਉਸ ਬਾਰੇ ਡਾਕਟਰ ਦੱਸਣਗੇ। ਅਲਟਰਾ ਸਾਊਂਡ ਵਿੱਚ ਬੱਚਾ ਗਰਭ ਵਿਚ ਆਉਣ ਦੇ ਚਾਰ ਮਹੀਨੇ ਤੋਂ ਬਾਅਦ ਹੀ ਮਾਂ ਐਗਜ਼ਾਮਿਨ ਹੋ ਸਕਦੀ ਹੈ। ਚਾਰ ਮਹੀਨੇ ਤੋਂ ਬਾਅਦ ਗਰਭਪਾਤ ਕਰਵਾਏ ਜਾਣ ਨਾਲ, ਅਬਾਰਸ਼ਨ ਕਰਵਾਏ ਜਾਣ ਨਾਲ, ਮਦਰ ਦੀ ਸਿਹਤ ਨੂੰ ਡੇਂਜਰ ਹੋ ਸਕਦਾ ਹੈ। ਇਸ ਕਰਕੇ ਅਲਟਰਾ ਸਾਊਂਡ ਕਲੀਨਿਕਾਂ ਦੀ ਚੈਕਿੰਗ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਉਪਰ ਭੀ ਰੇਡਜ਼ ਹੋਣੀ ਚਾਹੀਦੀ ਹੈ ਅਤੇ ਐਡਮਨਿਸਟਰੇਟਿਵਲੀ ਮਯੇਰਜ਼ ਲਾਗੂ ਕੀਤੇ ਜਾਣ। ਅਲਟਰਾ ਸਾਊਂਡ ਮਸ਼ੀਨ ਦੀ ਕੀਮਤ 4-5 ਲੱਖ ਰੁਪਏ ਹੈ ਲੇਕਿਨ ਹਕੀਕਤ ਇਹ ਹੈ ਕਿ ਥਾਂ ਥਾਂ ਉਪਰ ਇਹ ਅਲਟਰਾ ਸਾਊਂਡ ਕਲੀਨਿਕ ਖੁੱਲ੍ਹ ਗਏ ਹਨ। ਇਨ੍ਹਾਂ ਵਿਚ 20 ਪ੍ਰਤੀਸ਼ਤ ਗਲਤੀ ਕਦੇ-ਕਦੇ ਭੀ ਹੋ ਸਕਦੀ ਹੈ। ਸਾਡਾ ਆਪਣਾ ਤਜਰਬਾ ਹੈ ਕਿ ਹਸਪਤਾਲਾਂ ਵਿਚ ਅਲਟਰਾ ਸਾਊਂਡ ਕਰਵਾ ਕੇ ਕਿਹਾ ਜਾਂਦਾ ਹੈ ਕਿ ਪੈਦਾ ਹੋਣ ਵਾਲਾ ਬੱਚਾ ਬੱਚੀ' ਹੈ ਪਰ ਅਬਾਰਸ਼ਨ ਕਰਵਾ ਕੇ ਕਈ ਵਾਰੀ 'ਮੇਲ ਚਾਈਲਡ ਨਿਕਲਦਾ ਹੈ। ਇਸ ਤਰ੍ਹਾਂ ਦੀ ਗਲਤੀ ਹੋ ਜਾਂਦੀ ਹੈ। ਇਸ ਕਾਨੂੰਨ ਵਿੱਚ ਇਸ ਗੱਲ ਨੂੰ ਸੰਮਿਲਿਤ ਕਰਨਾ ਚਾਹੀਦਾ ਹੈ ਕਿ ਸਟੇਟ ਅਥਾਰਟੀ ਇਸ ਗੱਲ ਦਾ ਪੂਰਾ ਪੂਰਾ ਖਿਆਲ ਰੱਖੇ।

ਇੱਕ ਬੇਨਤੀ ਮੈਂ ਹੋਰ ਕਰਨੀ ਚਾਹੁੰਦੀ ਹਾਂ ਕਿ ਪਰਿਵਾਰ ਨਿਯੋਜਨ ਔਰ ਫੈਮਿਲੀ ਪਲਾਨਿੰਗ ਦੀ ਇਸ ਵਕਤ ਬਹੁਤ ਚਰਚਾ ਹੈ। ਭਾਵੇਂ ਕਿਸੇ ਦਾ ਇਸ ਮਸਲੇ ਬਾਰੇ ਮਤਭੇਦ ਹੋਵੇ ਲੇਕਿਨ ਐਜੂਕੇਟਿਡ ਪੇਰੈਂਟਸ ਇਸ ਦੇ ਹੱਕ ਵਿੱਚ ਹਨ। ਉਹ ਨਹੀਂ ਚਾਹੁੰਦੇ ਕਿ ਘਰ ਵਿਚ ਜ਼ਿਆਦਾ ਬੱਚੇ ਹੋਣ। ਦੋਵੇਂ ਪਾਸੇ ਇਸ ਗੱਲ ਨੂੰ ਲਿਆ ਜਾ ਸਕਦਾ ਹੈ। ਕਈ ਵਾਰੀ ਇਸ ਨੂੰ ਬਹਾਨਾ ਬਣਾ ਕੇ ਕਿ ਹੋਣ ਵਾਲਾ 'ਬੱਚਾ' 'ਬੱਚੀ' ਹੈ, ਅਬਾਰਸ਼ਨ ਕਰਵਾ ਲਿਆ ਜਾਂਦਾ ਹੈ ਅਤੇ ਫੈਮਿਲੀ ਪਲਾਨਿੰਗ ਦੀ ਆੜ ਲੈ ਲਈ ਜਾਂਦੀ ਹੈ। ਦੂਸਰੇ ਪਾਸੇ ਸਿਆਣੇ ਲੋਕਾਂ ਨੂੰ ਫੈਮਿਲੀ ਪਲਾਨਿੰਗ ਕਰਨੀ ਚਾਹੀਦੀ ਹੈ। ਦੋ ਲੜਕੀਆਂ ਹੋ ਗਈਆਂ ਤਾਂ ਵੀ ਫੈਮਿਲੀ ਪਲਾਨਿੰਗ ਕਰਨੀ ਚਾਹੀਦੀ ਹੈ। ਦੋ ਲੜਕੇ ਹੋ ਗਏ ਤਾਂ ਵੀ ਫੈਮਲੀ ਪਲਾਨਿੰਗ ਕਰਨੀ ਚਾਹੀਦੀ ਹੈ। ਇੱਕ ਲੜਕਾ ਇੱਕ ਲੜਕੀ ਹੋ ਗਈ ਤਾਂ ਵੀ ਫੈਮਲੀ ਪਲਾਨਿੰਗ ਕਰਨੀ ਚਾਹੀਦੀ ਹੈ। ਜਿਵੇਂ ਜਿਵੇਂ ਸਾਇੰਸ ਐਂਡ ਟੈਕਨਾਲੋਜੀ ਵਿੱਚ ਤਰੱਕੀ ਹੋ ਰਹੀ ਹੈ, ਔਰਤਾਂ ਰੁਜ਼ਗਾਰ ਦੇ ਮੈਦਾਨ ਵਿੱਚ ਆ ਰਹੀਆਂ ਹਨ ਔਰ ਵਰਕਿੰਗ ਵਿਮੈਨ ਬਣ ਰਹੀਆਂ ਹਨ। ਉਹ ਵੱਡੇ ਪਰਿਵਾਰਾਂ ਦੀ ਦੇਖਭਾਲ ਲਈ ਨਹੀਂ ਕਰ ਸਕਣਗੀਆਂ,

Original with;
Punjab Vidhan Sabha
Digitized by;
Panjab Digital Library

ਇਹ ਮਸਲਾ ਉਨ੍ਹਾਂ ਔਰਤਾਂ ਨੂੰ ਸਮਝ ਆ ਜਾਵੇਗਾ। ਡਾਕਟਰਜ਼ ਨੇ ਸਾਨੂੰ ਰਾਏ ਦਿੱਤੀ ਹੈ ਕਿ ਜਿੱਥੇ ਅਸੀਂ ਸੈਕਸ ਡਿਟਰਮੀਨੇਸ਼ਨ ਤੇ ਬੈਨ ਲਗਾਉਣ ਦੀ ਮੰਗ ਕਰਦੇ ਹਾਂ ਉਥੇ ਉਸ ਤੋਂ ਬਾਅਦ ਇਹ ਜਿਹੜਾ ਪ੍ਰੋਸੈਸ ਹੈ ਐਮ.ਟੀ.ਪੀ. (Medical Termination of Pregnancy) ਜਿਸ ਨੂੰ ਕਹਿੰਦੇ ਹਨ ਉਸ ਮਸਲੇ ਤੇ ਸਾਨੂੰ ਤਾਇਨਾਤ ਰਹਿਣਾ ਚਾਹੀਦਾ ਹੈ। ਮੈਡੀਕਲ ਪ੍ਰੋਫੈਸ਼ਨ ਦੇ ਜਿਹੜੇ ਡਾਕਟਰਜ਼ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਪੈਸੇ ਲੈ ਕੇ ਇਸ ਤਰੀਕੇ ਨਾਲ ਆਪਣਾ ਹੁਨਰ ਨਾ ਵੇਚਣ। ਮੈਨੂੰ ਪਤਾ ਲੱਗਿਆ ਹੈ, ਕੱਲ ਕਿਸੇ ਨੇ ਦੱਸਿਆ, ਉਹ ਅੰਮ੍ਰਿਤਸਰ ਵਿੱਚ ਲੇਡੀ ਡਾਕਟਰ ਹੈ ਜੋ ਡਾਕਟਰ ਲਖਨਪਾਲ ਦੀ ਵਾਈਫ ਹੈ, ਉਨ੍ਹਾਂ ਨੇ ਆਪਣਾ ਕਲੀਨਿਕ ਖੋਲ੍ਹਿਆ ਹੈ It is written out side their Clinic "sex determination cases not entertained". ਇਹ ਇਕ ਸ਼ਲਾਘਾਯੋਗ ਗੱਲ ਹੈ। ਇਸ ਕਿਸਮ ਦੀਆਂ ਭਾਵਨਾਵਾਂ ਪੈਦਾ ਕਰਨੀਆਂ ਚਾਹੀਦੀਆਂ ਹਨ। ਡਾਕਟਰ ਜਾਂ ਦਾਈਆਂ ਇਸ ਤਰੀਕੇ ਨਾਲ ਪੈਸੇ ਲੈ ਕੇ ਅਬਾਰਸ਼ਨ ਕਰਨ ਉਸ ਦੇ ਖਿਲਾਫ ਸਾਨੂੰ ਵਿਗੋਰਸ ਕੰਪੇਨ ਚਲਾਉਣੀ ਚਾਹੀਦੀ ਹੈ। ਸੋਸ਼ਲ ਅਵੇਅਰਨੈਸ ਇਸ ਸਬੰਧ ਵਿੱਚ ਪੈਦਾ ਕੀਤੀ ਜਾਵੇ। ਜਿਹੜੇ ਮੰਤਰੀ ਬੈਠੇ ਹਨ,ਜਿਹੜੇ ਐਮ.ਐਲ.ਏ. ਹਨ ਉਹ ਪਹਿਲਾਂ ਇਸ ਮਸਲੇ ਬਾਰੇ ਵਿਚਾਰਧਾਰਕ ਤੌਰ ਤੇ ਸਟੈਂਡ ਲੈਣ ਤੇ ਮਿਸਾਲ ਕਾਇਮ ਕਰਨ ਜਿਸ ਤਰ੍ਹਾਂ ਦਹੇਜ਼ ਦਾ ਕਾਨੂੰਨ ਪਾਸ ਕਰ ਦਿੱਤਾ, ਪਰ ਮੰਤਰੀਆਂ ਨੇ ਆਪਣੇ ਪੁੱਤਰਾਂ ਦੇ ਵਿਆਹ ਤੇ ਡੱਟਕੇ ਦਾਜ ਲੈਣਾ ਸ਼ੁਰੂ ਕਰ ਦਿਤਾ। ਇਸ ਗੱਲ ਦਾ ਭੈੜਾ ਅਸਰ ਪੈਂਦਾ ਹੈ। ਜੋ ਕਾਨੂੰਨ ਪਾਸ ਹੋਇਆ ਹੈ ਪੰਜਾਬ ਵਿੱਚ, ਇਹ ਆਪਣੇ ਘਰ ਵਿੱਚ ਵਿਤਕਰਾ ਕਰਨ, ਡਿਸਕ੍ਰਿਮਿਨੇਸ਼ਨ ਕਰਨ ਇਹ ਨਹੀਂ ਹੋਣਾ ਚਾਹੀਦਾ। ਇਸ ਨੂੰ ਬੰਦ ਕਰਨ ਅਤੇ ਆਪਣੇ ਅਮਲ ਨਾਲ ਮਿਸਾਲ ਕਾਇਮ ਕਰਨ।

ਸਤਿਕਾਰਯੋਗ ਸਪੀਕਰ ਸਾਹਿਬ, ਇੱਕ ਬਹੁਤ ਜ਼ਰੂਰੀ ਗੱਲ ਜਿਹੜੀ ਹੈ ਮੈਂ ਹਾਊਸ ਦਾ ਧਿਆਨ ਉਸ ਵੱਲ ਦਿਵਾਉਣਾ ਚਾਹੁੰਦੀ ਹਾਂ। ਜਦ ਪਹਿਲੇ ਸੈਸ਼ਨ ਵਿੱਚ ਮਸਲੇ ਦੇ ਬਾਰੇ ਡਿਬੇਟ ਹੋਈ ਸੀ ਤਾਂ ਉਸ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਸੀ ਕਿ ਸੈਂਟਰਲ ਲੈਜਿਸਲੇਸ਼ਨ ਹੋਣਾ ਚਾਹੀਦਾ ਹੈ। ਮਹਾਂਰਾਸ਼ਟਰ ਦੇ ਵਿੱਚ ਜੇ ਟੈਸਟਾਂ ਤੇ ਬੈਨ ਹੈ ਤਾਂ ਗੁਜਰਾਤ ਦੇ ਵਿੱਚ ਜਾ ਕੇ ਕੋਈ ਔਰਤ ਟੈਸਟ ਕਰਾ ਲੈਂਦੀ ਹੈ ਅਤੇ ਆਪਣਾ ਅਬਾਰਸ਼ਨ ਭੀ, ਇਹ ਗੱਲ ਹਾਨੀਕਾਰਕ ਹੈ। ਇਸ ਦੇ ਲਈ ਸੈਂਟਰਲ ਲੈਜਿਸਲੇਸ਼ਨ ਹੋਣਾ ਚਾਹੀਦਾ ਹੈ, ਕੇਂਦਰੀ ਕਾਨੂੰਨ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਪੰਜਾਬ ਦੀ ਗੌਰਮਿੰਟ ਅੱਗੇ ਅਸੀਂ ਇਸ ਗੱਲ ਦੀ ਬੇਨਤੀ ਕਰਨਾ ਚਾਹਾਂਗੇ ਕਿ ਇਥੇ ਚੰਡੀਗੜ੍ਹ ਹੈ, ਚੰਡੀਗੜ੍ਹ ਵਿੱਚ ਤੁਹਾਡੀ ਸਰਕਾਰ ਨਹੀਂ, ਚੰਡੀਗੜ੍ਹ ਯੂਨੀਅਨ ਟੈਰੇਟਰੀ ਹੈ। ਚੰਡੀਗੜ੍ਹ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਦਿੱਲੀ ਇਹ ਸਾਰੇ ਨੇਬਰਿੰਗ ਸਟੇਟਸ ਹਨ, ਇਨ੍ਹਾਂ ਵਿੱਚ ਇਸ ਗੱਲ ਦੀ ਸੰਭਾਵਨਾ ਹੋ ਸਕਦੀ ਹੈ। ਜਿਵੇਂ ਕਾਨੂੰਨ ਪਾਸ ਕਰ ਦਿੱਤਾ ਤੇ ਕੱਲ੍ਹ ਨੂੰ ਕੋਈ ਲੜਕੀ ਜਾਂ ਔਰਤ ਕਿਸੇ ਹੋਰ ਪ੍ਰਾਂਤ ਵਿੱਚ ਸੈਕਸ ਡਿਟਰਮੀਨੇਸ਼ਨ ਟੈਸਟ ਕਰਾ ਲਵੇਗੀ, ਇਕ ਕਰਕੇ ਇਸ ਗੱਲ ਲਈ ਸੈਂਟਰਲ ਲੈਜਿਸਲੇਸ਼ਨ ਹੋਣਾ ਬਹੁਤ ਜ਼ਰੂਰੀ ਹੈ। ਮੈਨੂੰ ਇੱਕ ਲੇਡੀ ਡਾਕਟਰ

Original with;
Punjab Vidhan Sabha
Digitized by;
Panjab Digital Library

[ਸ਼੍ਰੀਮਤੀ ਵਿਮਲਾ ਡਾਂਗ]

ਨੇ ਕੱਲ੍ਹ ਦੱਸਿਆ ਹੈ ਕਿ ਉਨ੍ਹਾਂ ਦੇ ਕੋਲ ਇਕ ਔਰਤ ਬੰਬਈ ਤੋਂ ਆਈ, ਉਸ ਨੇ ਕਿਹਾ ਕਿ ਮਹਾਰਾਸ਼ਟਰ ਵਿੱਚ ਇਹ ਹੋ ਨਹੀਂ ਸਕਦਾ, ਕਾਨੂੰਨ ਦੀ ਪਾਬੰਦੀ ਹੈ, ਇਸ ਕਰਕੇ ਤੁਸੀਂ ਰਿਕੁਮੈਂਡੇਸ਼ਨ ਦੇ ਦਿਉ। ਲੇਕਿਨ ਉਹ ਲੇਡੀ ਡਾਕਟਰ ਬੜੀ ਸਿਆਣੀ ਹੈ ਉਸਨੇ ਕਿਹਾ ਮੈਂ ਇਹ ਕੰਮ ਨਹੀਂ ਕਰਦੀ, ਤੁਹਾਨੂੰ ਰਿਕੁਮੈਂਡੇਸ਼ਨ ਨਹੀਂ ਦੇ ਸਕਦੀ। ਉਸ ਲੇਡੀ ਡਾਕਟਰ ਦਾ ਜਿਹੜਾ ਪਹਿਲਾ ਬੱਚਾ ਹੋਇਆ, ਉਹ ਲੜਕੀ ਹੈ। ਮੈਨੂੰ ਬੜੀ ਖੁਸ਼ੀ ਹੈ ਦੱਸਦਿਆਂ ਕਿ ਇਸ ਸਬੰਧ ਵਿਚ ਉਸ ਦੇ ਸੁਸਰਾਲ ਵਾਲਿਆਂ ਨੇ ਉਸ ਨੂੰ ਤੋਹਫੇ ਦੇ ਤੌਰ ਉਪਰ ਸੋਨੇ ਦੀ ਚੈਨ, ਸੋਨੇ ਦੇ ਕਾਂਟੇ ਵਗੈਰਾ ਦਿੱਤੇ। ਲੋਕ ਬੜੇ ਹੈਰਾਨ ਸੀ ਸੁਸਰਾਲ ਵਾਲਿਆਂ ਬਾਰੇ। ਹਸਬੈਂਡ ਵੀ ਉਸ ਦਾ ਤਰੱਕੀ ਪਸੰਦ ਹੋਵੇਗਾ। ਇਸ ਕਰਕੇ ਸਾਡੀ ਮੰਗ ਹੈ ਕਿ ਇਸ ਮਸਲੇ ਬਾਰੇ ਸੈਂਟਰਲ ਲੈਜਿਸ-ਲੇਸ਼ਨ ਹੋਣਾ ਬਹੁਤ ਜ਼ਰੂਰੀ ਹੈ। ਬਹੁਤ ਸਾਡੇ ਧਾਰਮਿਕ ਗੁਰੂ ਹਨ ਜਿਨ੍ਹਾਂ ਨੇ ਔਰਤ ਦੇ ਹੱਕ ਵਿਚ ਕਿੰਨਾ ਕੁਝ ਲਿਖਿਆ ਅਤੇ ਕਿੰਨਾ ਕੁਝ ਆਖਿਆ। ਇਸ ਵਿਸ਼ੇ ਤੇ ਹੋਰ ਭੀ ਜ਼ਿਆਦਾ ਲਿਖਣ ਦੀ ਲੋੜ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ:

ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ ॥

ਕਿਸੇ ਹਿੰਦੂ ਧਾਰਮਿਕ ਗਰੰਥਾਂ ਨੂੰ ਕੋਟ ਕਰਕੇ ਜਿਵੇਂ :

ਢੋਰ, ਗਵਾਰ, ਸੂਦਰ ਪਸ਼ੂ ਨਾਰੀ।
ਯੇ ਸਭ ਤਾੜਨ ਕੇ ਅਧਿਕਾਰੀ।

In isolation from the particular situation that existed in the period, ਸ਼ਾਇਦ ਠੀਕ ਨਹੀਂ। ਕਿੰਨੇ ਹਿੰਦੂ ਸਮਾਜ ਸੁਧਾਰਕ ਹਨ, ਉਨ੍ਹਾਂ ਨੇ ਕਿੰਨੇ ਯਤਨ ਕੀਤੇ ਔਰਤਾਂ ਦੇ ਉਧਾਰ ਵਾਸਤੇ. ਇਸਤਰੀ ਸਿਖਿਆ ਵਾਸਤੇ ਵਿਡੋ ਰੀਮੈਰਿਜ ਵਾਸਤੇ. ਸੁਆਮੀ ਦਯਾਨੰਦ-ਆਰੀਆ ਸਮਾਜ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਇਸ ਕਰਕੇ ਧਰਮ ਦੀਆਂ ਸਾਰੀਆਂ ਚੰਗੀਆਂ ਗੱਲਾਂ ਜੋ ਔਰਤਾਂ ਦੇ ਸਬੰਧ ਵਿੱਚ ਲਿਖੀਆਂ ਗਈਆਂ ਇਨ੍ਹਾਂ ਨੂੰ ਇਕੱਠਾ ਕਰਕੇ ਸਾਨੂੰ ਇੱਕ ਰਿਲੈਂਟਲੈੱਸ ਕੰਪੇਨ ਨਿਰੰਤਰ ਮੁਹਿਮ ਚਲਾਉਣੀ ਚਾਹੀਦੀ ਹੈ। ਅਖੀਰ ਵਿੱਚ ਮੈਂ ਕਹਿਣਾ ਚਾਹਾਂਗੀ. ਮੇਰੀ ਪੱਕੀ ਰਾਇ ਹੈ ਕਿ ਔਰਤਾਂ ਨਾਲ ਜਿਹੜੀ-ਡਿਸਕ੍ਰਿਮੀ-ਨੇਸ਼ਨ ਹੈ ਉਹ ਤਦੇ ਖਤਮ ਹੋ ਸਕਦੀ ਹੈ ਜੇ ਔਰਤ ਇਕਨਾਮਿਕ ਤੌਰ ਤੇ ਆਜ਼ਾਦ ਹੋਵੇ. ਔਰਤ ਆਪਣੇ ਪੈਰਾਂ ਤੇ ਖੜ੍ਹੀ ਹੋਵੇ. ਔਰਤਾਂ ਨੌਕਰੀਆਂ ਵਿੱਚ ਜਾਣ. ਹਰ ਖੇਤਰ ਵਿੱਚ ਔਰਤ ਆਜ਼ਾਦ ਹੋਵੇ ਤਾਂ ਉਸ ਔਰਤ ਨੂੰ ਕਿਸੇ ਤਰੀਕੇ ਨਾਲ ਮਜਬੂਰ ਨਹੀਂ ਕੀਤਾ ਜਾ ਸਕਦਾ ਕਿ ਉਹ ਲਿੰਗ ਟੈਸਟ ਕਰਵਾਏ। ਜੋ ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੇਰੀਆਂ ਆਪਣੀਆਂ ਤਮਾਮ ਅਮੈਂਡਮੈਂਟਸ ਹਨ, ਉਹ ਮੈਂ ਪੇਸ਼ ਕਰਨਾ ਚਾਹੁੰਦੀ ਹਾਂ। ਇਸੇ ਸਟੇਟ ਅਥਾਰਿਟੀ ਹੈ ਉਸ ਦੇ ਵਿੱਚ ਐਸੋਸੀਏਟਿਡ ਆਰਗੇਨਾਈਜ਼ੇਸ਼ਨਜ਼ ਦਾ ਜ਼ਿਕਰ ਕੀਤਾ ਗਿਆ ਹੈ ਉਸ ਦੇ ਵਿੱਚ ਇਕ ਕੌਰ ਹੋਣਾ ਚਾਹੀਦਾ ਹੈ

ਵੋਲੰਟਰੀ ਆਰਗੇਨਾਈਜੇਸ਼ਨਜ਼ ਰਿਕੁਗਨਾਈਜ਼ਡ ਬਾਈ ਦੀ ਸਟੇਟ ਗੌਰਮਿੰਟ। ਵੋਲੰਟਰੀ ਵਰਕਰਜ਼ ਅਪਣੀਆਂ ਜ਼ਿੰਦਗੀਆਂ ਸਮਾਜ ਸੁਧਾਰ ਲਈ ਲਾ ਦਿੰਦੇ ਹਨ ਔਰ ਇਹ ਜ਼ਰੂਰੀ ਨਹੀਂ ਕਿ ਕਿਸੇ ਪਾਰਟੀ ਦੇ ਹੀ ਮੈਂਬਰ ਹੋਣ, ਉਹ ਕੋਈ ਵੀ ਹੋ ਸਕਦਾ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦੀ ਹੈ ਕਿ ਇਸ ਨੂੰ ਡਿਲੀਟ ਕੀਤਾ ਜਾਵੇ ਜਿਹੜੀ ਇਹ ਅਮੈਂਡਮੈਂਟ ਹੈ ਕਿ—

"Including opening of genetic laboratories equipped with latest available techniques by the Government."

ਇਹ ਅਮੈਂਡਮੈਂਟ ਅਸੀਂ ਪਰੈੱਸ ਕਰਦੇ ਹਾਂ ਔਰ ਆਸ ਕਰਦੇ ਹਾਂ ਕਿ ਇਹ ਅਮੈਂਡਮੈਂਟ ਤੁਸੀਂ ਪ੍ਰਵਾਨ ਕਰ ਲਵੋਂਗੇ। ਇਸ ਤਰੀ ਸੰਸਥਾਵਾਂ ਜੋ ਹਨ ਉਨ੍ਹਾਂ ਦਾ ਪੂਰੀ ਤਰ੍ਹਾਂ ਸਹਿਯੋਗ ਲਿਆ ਜਾਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਸੀ.ਪੀ.ਆਈ. ਗਰੁਪ ਵਲੋਂ ਇਸ ਦਾ ਸਮੱਰਥਨ ਕਰਦੀ ਹਾਂ ਔਰ ਆਸ ਕਰਦੀ ਹਾਂ ਕਿ ਇਹ ਬਿਲ ਲਾਗੂ ਕਰਕੇ ਇਸ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ, ਇਸ ਦੀ ਇਮਪਲੀਮੈਂਟੇਸ਼ਨ ਪੂਰੇ ਜ਼ੋਰ ਨਾਲ ਹੋਣੀ ਚਾਹੀਦੀ ਹੈ ਤਾਂ ਕਿ ਪੰਜਾਬ ਪ੍ਰਾਂਤ ਸਮਾਜ ਸੁਧਾਰ ਦੇ ਲਈ ਵੀ ਸਾਰੇ ਹਿੰਦੁਸਤਾਨ ਵਿਚ ਅਗਲੀਆਂ ਕਤਾਰਾਂ ਵਿੱਚ ਹੋਵੇ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ।

श्रीमती लक्ष्मी कांता चावला (अमृतसर केन्द्रीय) : अध्यक्ष महोदय, आज यह जो प्रस्ताव सदन में लाने, चर्चा करने और फिर जो हम उमींद रखते हैं कि इस को कानून का रूप देकर लागू करवाने का प्रयास सरकार की ओर से किया गया है इस के लिये मैं बधाई देती हूं और आशा करती हूं कि इस के परिणाम भी बहुत अच्छे निकलेंगे यह ठीक है कि औरतों को आज भी बहुत सी विषमताओं का सामना करना पड़ता है। ज्यादातर भाषण में, चर्चा में, कानून में तो हम बराबर हैं वैसे हम नहीं हैं। विमला डांग जी ने बात की है पंजाब के लोक गीतों की। पंजाब के लोक गीतों को एक नई दिशा एक नया रूप आज देने की जरूरत है। जितने गीत आते हैं या तो सास-बहू के झगड़े के होते हैं या बेटों के जन्म की खुशी में गाये जाते हैं—

'वीर घर पुत्त जम्मेया
चन्न चढ़ेया बाप दे वेहड़े'

और लड़की का जो जन्म है वह चांद तो दूर तारों की भी गिनती में नहीं आता। वैसे हमारे ग्रथों में बेटी को 'धी' अर्थात् बुद्धि कहा गया है पंजाबी में भी बेटी को 'धी' कहा जाता है। धी शब्द संस्कृत का है जिस का अर्थ है बुद्धि। मां बाप की जो धी है उस को बेटी कहा गया है। वैसे भी हम सब लोग जानते और सभी यह मानते

Original with;
Punjab Vidhan Sabha
Digitized by;
Panjab Digital Library

[श्रीमती लक्ष्मी कान्ता चावला]

है कि माता पिता के बुढ़ापे में या कमजोरी में जितना दुःख बेटी बांटती है उतना दुःख बेटे भी नहीं बांटते। यह प्रयास अच्छा है जो औरत को बराबर लाने का प्रयत्न किया गया है। इस के लिए एक्ट में जन चेतना लाने की बात भी कही गई है। मैं पंजाब सरकार से निवेदन करती हूं कि आज गली गली, दरवाजे दरवाजे पर औरतों के अर्ध नग्न चित्र, विज्ञापन घटिया किस्म के सिर दर्द की गोली से ले कर पांव के जूते तक कुछ भी बेचा जाये उस के साथ महिलाओं, के ही अर्ध नग्न चित्र लगे जो सिग्रेट के विज्ञापन हैं। उस पर महिलायें के चित्रों को प्रदर्शित किया जाता है। इस के लिये पंजाब सरकार को नियम बना कर इस को रोकना चाहिये जैसे भ्रूण, परीक्षण के लिये सरकार को कानून लाना पड़ा इसी प्रकार इस के लिये भी कुछ करना पड़ेगा।

महिलाओं के दुःखों और कठिनाइयों का एक बड़ा कारण दहेज भी है। दहेज निरोधक ऐक्ट बनने के बाद भी बड़े आदमी की परिभाषा यह है कि जो ज्यादा से ज्यादा दहेज ले सकता है और कितना मोटा दहेज दे सकता है। अगर सरकार और पंजाब की सारी जनता वास्तव में गंभीर रूप से चाहती है कि महिलाओं को मरना जलना न पड़े, उन को मारा न जाये, रोज उन की होली न जले तो इस के लिये आवश्यक है कि एक और कानून बना दिया जाये कि कोई भी व्यक्ति जो दहेज लेता है वह चुनाव न लड़ सके, जो दहेज लेता है वह सरकारी नौकरी न कर सके। आज जितना बड़ा अधिकारी है, उस की शादी की मार्किट में अधिक कीमत है। आई.ए.एस. और आई.पी.एस. के 40--50 लाख से अधिक का दहेज लेते हैं। इस कानून में, यह जो प्रस्तावित कानून है इस की सैक्शन 19 में Offensive penality and procedure के भाग 2 में जो कहा है और उनके लिये सजा 3 महीने की है, सजा और जुर्माना "Women shall also be liable to be punished". भी। मैं विमला डांग जी के इस सुझाव का पूरा समर्थन करती हूं कि महिलाएं बिना किसी विशेष प्रमाण के इस कानून के कारण अपराधी की कैटेगरी में नहीं आ जानी चाहिये पहले यह साबत करना पड़ेगा कि क्या यह महिला अपराधी है। जो महिला अच्छी नौकरी करती है रोज हील पहन के किसी पार्टियों में जाती है उस की ऐसी कोई मजबूरी नहीं हो सकती लेकिन गरीब है और उस की परिस्थितियां, सर्कमस्टांशल एवीडैंस यह सिद्ध करती है कि यह मजबूरी में भ्रूण टैस्ट और गर्भपात के लिए ले जायी गई तब उस को सजा नहीं होनी चाहिये और कोई अपनी खुशी के लिये जाती है तो उस

Original with;
Punjab Vidhan Sabha
Digitized by;
Panjab Digital Library

को पूरा दंड देना चाहिये, 3 महीने से भी ज्यादा देना चाहिये। हमारे पास कुछ ऐसे केस आते हैं जहां लड़कियों को उन को सुसराल से निकाल दिया जाता है और यह कहा जाता है कि अगर अगला बच्चा बेटा होगा तो हम तुम्हें घर ले जायेंगे बेटा नहीं होगा तो वह बाहर निकाली जाती है। अगर आज कोई जांच कमेटी बनाई जाये तो पंजाब में हजारों केस मिल जायेंगे कि जो महिलाएं सुसराल में दुःखी है या निकाली गई हैं उन के पुत्र पैदा नहीं हुआ। तो औरतों को सजा देने वाली बात जो है, वह ठीक नहीं।

फिर सैक्शन 21 में लिखा है अथार्टी भ्रूण परीक्षण करने वाली संस्था की है कि अगर वह साबत कर दे कि उस की जानकारी में नहीं है तो वह अपराध मुक्त हो जायेगा, मुझे ऐसा लगता है कि मान कर यह चलना चाहिये कि जो कुछ संस्था द्वारा होता है वह संस्था के मुखिया की जानकारी में होता है और वह सिद्ध कर दे कि उनकी जानकारी में नहीं है तो अलग बात है अन्यथा जो मुखिया है उस को यह दंड मिलना ही चाहिये। सैक्शन 23 में यह लिखा है कि डी. एस. पी. से कम अधिकारी इनकवारी नहीं कर सकेगा लेकिन साथ ही लिख दिया है कि---

'Special designated Police Officer who is not below the rank of an Inspector'.

अगर यह इस तरह डेजिगनेशन आगे आगे होता गया तो डी.एस.पी. ने इन्सपैक्टर को कर दिया और आगे एस.एच.ओ. से इलाके का इन्चार्ज ए.एस.आई. तो यह पावर डी. एस.पी. से लेकर ए.एस.आई. के साथ चली जायेगी तो मेरा निवेदन है कि डी.एस.पी. और डी.एस.पी. नहीं तो केवल इन्सपैक्टर उस के आगे पावर दी नहीं जा सकती। इस को धारा बद्ध कर दिया जाये और सैक्शन 28 में यह लिखा है---

'The State Government may exempt a genetic clinic in public interest'.

यह जो एगजैम्पशन वाली बात है इससे बहुत सारे लोगों को रास्ता मिलता जायेगा जाने के लिये और वह पब्लिक इनट्रैस्ट का आधार दिखा कर कानून की पकड़ से बचते जायेंगे और यह जो गवर्नमेंट का नौमिनेशन सिस्टम है इस अथार्टी में या विजीलैंस कमेटी में, इस में गुण देखने बहुत जरूरी हैं। जिस को हम मनोनीत करते हैं अगर उसकी योग्यता किसी विशेष पार्टी का होना है तो यह अनुकूल नहीं रहेगा जो सचमुच सामाजिक कार्यकर्ता है वह इस की अथार्टी में होने चाहिए और सोशल अवेयरनैस में जो समाजिक जागरूपता है जो सरकार द्वारा दूरदर्शन आदि पर कार्यक्रम दिये जाते हैं उस में भी दिखाए जाने चाहिये। यह जो पंजाब में हमारे देश में एक रिवाज है कि विवाह

Original with;
Punjab Vidhan Sabha
Digitized by;
Panjab Digital Library

[श्रीमती लक्ष्मी कान्ता चावला]

का अभिप्राय वंशवृद्धि और यह पुत्र से मानी जाती है जैसे ही बहु की डोली सुसराल में पहुंचती है तो उस की गोद में लड़का ही दिया जाता है लड़की नहीं रखी जाती इस का मतलब यह है कि इस घर में बहु की सार्थकता तभी मानी जायेगी जब वह पुत्र पैदा करेगी। बेटी पैदा करती है तो उस की सार्थकता समाप्त हो जाती है। अजीब बात यह है कि एक ओर मातायें यह आर्शीवाद देती हैं कि तेरे सात बेटे हों लेकिन तब किसी ने यह नहीं सोचा कि सात बेटों के लिये बहुएं क्या दूसरे देश से लानी है। बहु तो हिन्दुस्तान की बेटी पैदा होगी तो हिन्दुस्तान की परम्परा को आगे चलायेगी। और मैं एक बात कहती हूं कि हिन्दुस्तान में तो जननी जन्मभूमि एन स्वर्गादपि गरीयसी अर्थात् मां को और मातृभूमि को स्वर्ग से श्रेष्ठ कहा गया है।

हम अष्टमी वाले दिन कन्या की पूजा करते हैं। जब हिन्दुस्तान पर विदेशी ताकतों ने आक्रमण किया था तब हम अपनी बहिनों के मान को नहीं बचा सके थे और हमारी बहिने विदेशी ताकतों का शिकार बनी थीं। इसी लिए महिलाओं का जन्म ही बुरा माना जाने लगा यह जो बिल पेश किया गया है मैं इस का समर्थन करती हूं और जो संशोधन मैंने इस एक्ट के लिए सुझाए हैं उन्हें स्वीकार किया जाये। इसके साथ जो पंजाब के साथ लगते राज्य में ऐसे कलिनिक हैं उन्हें भी सम्बद्ध राज्य सरकारों को प्रेरणा देकर बंद करवाया जाए। वैसे तो देश की संसद द्वारा कानून बनाकर इस बुराई को पूरे देश में ही रोकने का कार्य होना चाहिये। अध्यक्ष महोदय, समय देने के लिये आपका धन्यवाद करती हुई मैं अपनी बात समाप्त करती हूं।

**ਸ੍ਰੀ ਉਪਿੰਦਰ ਕੁਮਾਰ ਸ਼ਰਮਾ (ਕੋਟਕਪੂਰਾ)**: ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਉਤੇ ਬੋਲਣ ਲਈ ਸਮਾਂ ਦਿੱਤਾ ਹੈ। ਇਹ ਜਿਹੜਾ ਬਿਲ ਪੰਜਾਬ ਸਰਕਾਰ ਨੇ ਹਾਊਸ ਦੇ ਵਿਚ ਮੂਵ ਕੀਤਾ ਹੈ ਇਹ ਹਿਊਮਨ ਵੈਲਿਊ ਨੂੰ ਸਾਹਮਣੇ ਰੱਖਦੇ ਹੋਏ ਲਿਆਂਦਾ ਗਿਆ ਹੈ। ਜਿਸ ਤਰ੍ਹਾਂ ਦੁਨੀਆਂ ਦੇ ਵਿਚ ਇਕ ਹੋੜ' ਲਗ ਗਈ ਹੈ ਕਿ ਪੈਸਾ ਜ਼ਿਆਦਾ ਤੋਂ ਜ਼ਿਆਦਾ ਇਕੱਠਾ ਕੀਤਾ ਜਾਵੇ ਔਰ ਜਿਸ ਤਰ੍ਹਾਂ ਸਾਇੰਸ ਨੇ ਬੜੀ ਤਰੱਕੀ ਕੀਤੀ ਹੈ ਅਤੇ ਬੜੀ ਪਾਜ਼ੇਟਿਵ ਅਚੀਵਮੈਂਟਸ ਪ੍ਰਾਪਤ ਕੀਤੀਆਂ ਹਨ ਮਗਰ ਇਸ ਦੇ ਨਾਲ ਹੀ ਨਾਲ ਮਨੁੱਖਤਾ ਦੇ ਲਈ ਇਸ ਨੇ ਵਿਨਾਸ਼ਕਾਰੀ ਅਚੀਵਮੈਂਟਸ ਵੀ ਕੀਤੀਆਂ ਹਨ ਜੋ ਵਿਨਾਸ਼ਕਾਰੀ ਸਾਬਤ ਹੋ ਸਕਦੀਆਂ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਹਿੰਦੁਸਤਾਨ ਦੀ ਸੰਸਕ੍ਰਿਤੀ ਵਿਚ ਔਰਤ ਦਾ ਬੜਾ ਸਨਮਾਨ ਕੀਤਾ ਜਾਂਦਾ ਹੈ ਅਤੇ ਕਰਦੇ ਹਾਂ ਔਰ ਕਹਿਣ ਸੁਣਨ ਵਿਚ ਆਉਂਦਾ ਹੈ ਕਿ ਔਰਤ ਨੂੰ ਸਮਾਜ ਵਿਚ ਪਹਿਲਾ ਦਰਜਾ ਦਿੱਤਾ ਜਾਂਦਾ ਹੈ। ਵਿਮਨ ਡੇਅ ਫੰਕਸ਼ਨ ਤੇ ਬੋਲਦੇ ਹੋਏ, ਪੰਜਾਬ ਕਾਂਗਰਸ ਭਵਨ ਵਿੱਚ ਜੋ ਮਨਾਇਆ ਗਿਆ ਸੀ ਅਤੇ ਇਸ

Original with;
Punjab Vidhan Sabha
Digitized by;
Panjab Digital Library

ਫੰਕਸ਼ਨ ਵਿਚ ਸਾਰੇ ਪੰਜਾਬ ਤੋਂ ਲੇਡੀਜ਼ ਇਕੱਠੀਆਂ ਹੋਈਆਂ ਸਨ, ਸਰਦਾਰ ਬੇਅੰਤ ਸਿੰਘ ਨੇ ਪੰਜਾਬ ਦੀਆਂ ਔਰਤਾਂ ਨੂੰ ਇਕ ਸੇਧ ਦਿੱਤੀ ਅਤੇ ਪੰਜਾਬ ਦੀਆਂ ਔਰਤਾਂ ਨੂੰ ਇਕ ਪ੍ਰੇਰਨਾ ਦਿੱਤੀ ਕਿ ਜਿਥੇ ਤੁਸੀਂ ਪੰਜਾਬ ਵਿਚ ਲੜਕਾ ਹੋਣ ਦੀ ਖੁਸ਼ੀ ਵਿਚ ਲੋਹੜੀ ਦਾ ਉਤਸਵ ਬੜੀ ਧੂਮ ਧਾਮ ਨਾਲ ਅਤੇ ਖੁਸ਼ੀਆਂ ਨਾਲ ਮਨਾਉਂਦੇ ਹੋ ਉਸੇ ਤਰ੍ਹਾਂ ਲੜਕੀਆਂ ਦੇ ਲਈ ਵੀ ਲੋਹੜੀ ਦਾ ਉਤਸਵ ਵੀ ਮੰਨਾਇਆ ਕਰੋ ਤਾਂ ਕਿ ਲੜਕੇ ਅਤੇ ਲੜਕੀ ਵਿਚ ਕੋਈ ਫਰਕ ਨਾ ਮਹਿਸੂਸ ਹੋਵੇ। ਜਦੋਂ ਕਿਸੇ ਔਰਤ ਦੇ ਘਰ ਲੜਕੀ ਪੈਦਾ ਹੁੰਦੀ ਹੈ ਔਰ ਉਸ ਦੇ ਕੋਲ ਚਾਹੇ ਉਸ ਦੀ ਸੱਸ ਹੋਵੇ ਜਾਂ ਮਾਂ ਹੋਵੇ ਜਾਂ ਮਿਡਵਾਈਫ ਹੋਵੇ ਜਾਂ ਕੋਈ ਲੇਡੀ ਡਾਕਟਰ ਹੋਵੇ ਉਹ ਜੋ ਪਹਿਲੇ ਖਬਰ ਬੱਚੇ ਦੀ ਮਾਂ ਨੂੰ ਦਿੰਦੇ ਹਨ ਅਗਰ ਲੜਕੀ ਪੈਦਾ ਹੋਵੇ ਤਾਂ ਉਹ ਉਦਾਸ ਚਿਹਰੇ ਵਿੱਚ ਖਬਰ ਮਾਂ ਨੂੰ ਦਿੰਦੇ ਹਨ ਅਤੇ ਅਗਰ ਲੜਕਾ ਪੈਦਾ ਹੋਵੇ ਤਾਂ ਖੁਸ਼ੀ ਦੇ ਨਾਲ ਕਹਿੰਦੇ ਹਨ ਅਤੇ ਵਧਾਈ ਦਿੰਦੇ ਹਨ। ਪਹਿਲੇ ਲੜਕਾ ਜੰਮਣ ਤੇ ਗੁੜ ਵੰਡਿਆ ਜਾਂਦਾ ਸੀ ਅਤੇ ਅੱਜ ਕੱਲ ਲੱਡੂ ਵੰਡੇ ਜਾਂਦੇ ਹਨ ਪਰ ਲੜਕੀ ਪੈਦਾ ਹੋਣ ਤੇ ਮਾਂ ਦੇ ਚਿਹਰੇ ਉਤੇ ਸਾਰਿਆਂ ਨਾਲੋਂ ਜ਼ਿਆਦਾ ਉਦਾਸੀ ਆਉਂਦੀ ਹੈ। ਸਪੀਕਰ ਸਾਹਿਬ, ਜੇਕਰ ਲੜਕੀ ਪੈਦਾ ਹੋਵੇ ਤਾਂ ਉਸ ਘਰ ਵਿਚ ਮਾਤਮ ਛਾ ਜਾਂਦਾ ਹੈ। ਜਿਹੜਾ ਸਮਾਜ ਸੰਤਕ੍ਰਿਤੀ ਵਿਚ ਵਿਸ਼ਵਾਸ ਰਖਦਾ ਹੋਵੇ, ਇਨਸਾਨੀਅਤ ਨੂੰ ਪਹਿਲ ਦਿੰਦਾ ਹੋਵੇ, ਔਰਤਾਂ ਨੂੰ ਪਹਿਲ ਦਰਜਾ ਦਿੰਦਾ ਹੋਵੇ, ਦੇਵੀ, ਦੇਵਤਿਆਂ ਨੂੰ ਯਾਦ ਕਰਦਾ ਹੋਵੇ, ਸੀਤਾ ਰਾਮ ਕਹੇ, ਰਾਧਾ ਕ੍ਰਿਸ਼ਨ ਕਹੇ, ਉਹ ਇਸ ਗੱਲ ਦਾ ਵੀ ਹਾਮੀ ਹੋਵੇ ਕਿ ਔਰਤ ਨੂੰ ਸਨਮਾਨ ਦੇਣਾ ਹੈ। ਰਾਜਪੂਤਾਂ ਦੇ ਪਰਿਵਾਰਾਂ ਵਿਚ ਵੀ ਲੜਕੀ ਦਾ ਸਨਮਾਨ ਨਹੀਂ ਕਰਦੇ ਸੀ। ਪੰਜਾਬ ਦੇ ਅੰਦਰ ਕੁਝ ਪਰਿਵਾਰ ਚਾਹੁੰਦੇ ਹਨ ਕਿ ਅਸੀਂ ਸੇਹਰਾ ਬੰਨ ਕੇ ਕਿਸੇ ਦੇ ਘਰ ਜਾਈਏ ਪਰ ਕੋਈ ਸਾਡੇ ਘਰ ਸੇਹਰਾ ਬੰਨ ਕੇ ਨਾ ਆਵੇ। ਉਹ ਇਹ ਚੀਜ਼ ਬਰਦਾਸ਼ਤ ਨਹੀਂ ਕਰ ਸਕਦੇ। ਹਰ ਆਦਮੀ ਇਹ ਗੱਲ ਸੋਚਦਾ ਹੈ ਮਗਰ ਔਰਤ ਔਰਤ ਦੇ ਬਾਰੇ ਸੋਚੇ ਤਾਂ ਕਿਤਨੀ ਭੈੜੀ ਗੱਲ ਹੈ। ਸਪੀਕਰ ਸਾਹਿਬ, ਇਕ ਬੜਾ ਭਾਰੀ ਨੈਸ਼ਨਲ ਪੱਧਰ ਤੇ ਫੰਕਸ਼ਨ ਹੋਇਆ ਸੀ। ਉਸ ਫੰਕਸ਼ਨ ਦਾ ਮੁੱਖ ਮਹਿਮਾਨ ਕੌਣ ਸੀ? ਉਹ ਵੀ ਇਕ ਆਦਮੀ ਸੀ ਪਰ ਔਰਤ ਨਹੀਂ ਸੀ। ਇਹ ਫੰਕਸ਼ਨ ਔਰਤਾਂ ਦਾ ਸੀ। ਚਾਹੇ ਕੋਈ ਬੱਚਾ ਹੋਵੇ, ਚਾਹੇ ਕੋਈ ਨੌਜਵਾਨ ਹੋਵੇ ਚਾਹੇ ਕੋਈ ਬ੍ਰਿਧ ਹੋਵੇ, ਚਾਹੇ ਕੋਈ ਪੰਜ ਸਾਲ ਦਾ ਲੜਕਾ ਹੋਵੇ, ਜਦੋਂ ਲੜਕੀ ਘਰੋਂ ਚਲਦੀ ਹੈ ਤਾਂ ਉਹ ਇਕ ਮੇਲ ਮੈਂਬਰ ਦਾ ਸਹਾਰਾ ਦੇਖਦੀ ਹੈ ਉਹ ਚਾਹੇ ਪੰਜ ਸਾਲ ਦਾ ਲੜਕਾ ਹੀ ਕਿਉਂ ਨਾ ਹੋਵੇ। She feels protected if there is a small child along with her (*Interruption*) ਇਨ੍ਹਾਂ ਸਾਰੀਆਂ ਗਲਾਂ ਨੂੰ ਮੱਦੇ ਨਜ਼ਰ ਰਖਦੇ ਹੋਏ, ਪੰਜਾਬ ਜਨਮ ਪੂਰਵ ਨਿਦਾਨ ਤਕਨੀਕਾਂ (ਕੰਟਰੋਲ ਅਤੇ ਵਿਨਿਯਮ) ਬਿਲ, 1994 ਲਿਆਂਦਾ ਹੈ। ਜਦੋਂ ਇਹ ਬਿਲ ਇੰਟ੍ਰੋਡਿਊਸ ਹੋਣਾ ਸੀ ਤਾਂ ਸਾਡੇ ਕਮਰੇ ਦੇ ਵਿਚ ਇਸ ਦਾ ਵਿਰੋਧ ਕੀਤਾ ਗਿਆ। May be that was motivated. ਸਪੀਕਰ ਸਾਹਿਬ, ਉਥੇ ਕਿਹਾ ਗਿਆ ਕਿ ਫੈਮਲੀ ਪਲੈਨਿੰਗ ਪਰੋਗਰਾਮ ਨੂੰ ਮੱਦੇ ਨਜ਼ਰ ਰਖਦਿਆਂ ਹੋਇਆ ਸਾਡੀ ਸੰਸਕ੍ਰਿਤੀ ਦੇ ਮੁਤਾਬਕ ਹਰ ਪਰਿਵਾਰ ਵਿਚ ਇਕ ਲੜਕਾ ਹੋਣਾ ਅਤਿ ਜ਼ਰੂਰੀ ਹੈ। ਸੋ ਇਸ ਗੱਲ ਨੂੰ ਮੱਦੇ ਨਜ਼ਰ ਰਖਦਿਆਂ ਹੋਇਆ ਇਹ ਬਿਲ ਪਾਸ ਹੋਣਾ ਚਾਹੀਦਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਉਪਿੰਦਰ ਕੁਮਾਰ ਸ਼ਰਮਾ]

ਹੈ ਪਰ ਦੂਸਰੇ ਪਾਸੇ ਸਾਡੀ ਸੰਸਕ੍ਰਿਤੀ ਇਹ ਵੀ ਕਹਿੰਦੀ ਹੈ ਕਿ ਕੰਨਿਆ ਦਾ ਦਾਨ ਸਭ ਤੋਂ ਉਤਮ ਦਾਨ ਹੈ। ਸਾਡਾ ਫਰਜ਼ ਬਣਦਾ ਹੈ ਕਿ ਇਨਸਾਨੀਅਤ ਦੇ ਨਾਤੇ ਕਿਸੇ ਬੱਚੇ ਨੂੰ ਜਨਮ ਲੈਣ ਤੋਂ ਪਹਿਲਾਂ ਹੀ, ਸੂਰਜ ਦੀ ਕਿਰਨ ਨਿਕਲਣ ਤੋਂ ਪਹਿਲਾਂ ਹੀ, ਜ਼ਬਾਨ ਵਿਚੋਂ ਚੀਕ ਵਗੈਰਾ ਕਢਣ ਤੋਂ ਪਹਿਲਾਂ ਹੀ ਅਤੇ ਕੋਈ ਸ਼ਬਦ ਬੋਲਣ ਤੋਂ ਪਹਿਲਾਂ ਹੀ ਉਸ ਨੂੰ ਇਸ ਕਰਕੇ ਖਤਮ ਕਰ ਦਿੱਤਾ ਜਾਏ ਕਿ ਇਹ ਇਕ ਲੜਕੀ ਹੈ, ਤਾਂ ਇਹ ਇਕ ਬਹੁਤ ਵੱਡਾ ਘੋਰ ਅਨਿਆਇ ਹੈ। ਇਸ ਤਰ੍ਹਾਂ ਇਨਸਾਨੀਅਤ ਦੇ ਨਾਤੇ ਨਹੀਂ ਕਰਨਾ ਚਾਹੀਦਾ। ਮਗਰ ਟੈਸਟ ਕਰਨ ਵਾਸਤੇ ਹਰ ਔਰਤ ਦਾ ਪਤੀ ਜਾਂ ਉਸ ਦੇ ਮਾਂ-ਬਾਪ ਫੋਰਸੀਬਲੀ ਨਹੀਂ ਕਹਿ ਸਕਦੇ। ਮੈਂ ਇਹ ਗਲ ਦਾਅਵੇ ਦੇ ਨਾਲ ਕਹਿ ਸਕਦਾ ਹਾਂ ਕਿ ਔਰਤਾਂ ਖੁਦ ਵਾਲੰਟੈਰਿਲੀ ਜਾਂਦੀਆਂ ਹਨ। ਫੇਰ ਉਹ ਆਪਣੀ ਕਮਿਊਨਿਟੀ ਦੀਆਂ, ਆਪਣੇ ਸੈਕਸ ਦੀਆਂ ਖੁਦ ਦੁਸ਼ਮਣ ਹਨ। ਅਗਰ ਉਹ ਆਪ ਨਾ ਚਾਹੁਣ ਤਾਂ ਆਦਮੀ ਫੋਰਸੀਬਲੀ ਡਾਇਗਨੋਸਟਿਕ ਸੈਂਟਰ ਤੱਕ ਨਹੀਂ ਲਿਜਾ ਸਕਦਾ। ਅੱਜ ਜਦੋਂ ਕਿ ਏਨੀ ਓਰੀਐਂ-ਟੇਸ਼ਨ ਹੈ, ਉਹ ਇਸ ਗੱਲ ਤੋਂ ਵੀ ਵਾਕਫ ਹਨ ਕਿ ਆਮ ਆਦਮੀ ਅਗਰ ਐਕਸਰੇ ਵੀ ਕਰਵਾਉਂਦਾ ਹੈ ਤਾਂ ਉਹ ਉਸ ਲਈ ਹਾਰਮਫੁੱਲ ਹੈ, ਉਸ ਦੀਆਂ ਰੇਜ਼ ਹਿਊਮਨ ਬਾਡੀ ਲਈ ਹਾਰਮਫੁੱਲ ਹਨ ਇਹ ਡਾਇਗਨੋਸਟਿਕ ਸੈਂਟਰ ਤਾਂ ਬੜਾ ਸੈਂਸੇਟਿਵ ਪ੍ਰਾਸੈਸ ਹੈ। Medically it is not desired. It is harmful ਔਰ ਇਸ ਪੱਖ ਤੇ ਜਾਣਾ ਕਿ ਜੇ ਲੜਕਾ ਹੋਇਆ ਤਾਂ ਉਸ ਨੂੰ ਰਖਣਾ ਹੈ ਔਰ ਅਗਰ ਲੜਕੀ ਹੋਈ ਤਾਂ ਉਸਨੂੰ ਨਹੀਂ ਰਖਣਾ, ਇਸਤੋਂ ਬੜਾ ਅਨਿਆਏ, ਇਸ ਤੋਂ ਬੜਾ ਪਾਪ ਕੋਈ ਨਹੀਂ ਹੋ ਸਕਦਾ। ਦੂਸਰੇ ਪਾਸੇ ਅਸੀਂ ਅਰਬਾਂ ਰੁਪਿਆ ਨੈਸ਼ਨਲ ਲੈਵਲ ਤੇ ਅਤੇ ਇੰਟਰਨੈਸ਼ਨਲ ਲੈਵਲ ਤੇ ਖਰਚ ਕਰ ਰਹੇ ਹਾਂ ਸਾਰੀ ਦੁਨੀਆਂ ਵਿਚ ਪਾਪੂਲੇਸ਼ਨ ਕੰਟਰੋਲ ਕਰਨ ਲਈ ਅਤੇ ਜੋ ਪਾਪੂਲੇਸ਼ਨ ਐਕਸਪਲੋਜ਼ਨ ਨਾਲ ਮਸਲੇ ਆ ਰਹੇ ਹਨ ਉਨ੍ਹਾਂ ਦਾ ਸਮਾਧਾਨ ਕਰਨ ਲਈ ਅਗਰ ਇਨ੍ਹਾਂ ਸਾਰੀਆਂ ਗੱਲਾਂ ਨੂੰ ਸਾਹਮਣੇ ਰਖਦਿਆਂ ਹੋਇਆਂ ਇਸ ਕਰਕੇ ਕਿਸੇ ਬੱਚੀ ਨੂੰ ਧਰਤੀ ਤੇ ਆਉਣ ਤੋਂ ਰੋਕ ਦੇਣਾ ਔਰ ਉਸਦੇ ਲਈ ਉਸਦਾ ਟੈਸਟ ਦੇ ਥਰੂ ਲੰਘਣਾ ਅਤੇ ਫੇਰ ਉਸ ਦਾ ਅਬੋਰਸ਼ਨ ਕਰਾਉਣਾ ਹਾਈਲੀ ਕੰਡਮਨੇਬਲ ਹੈ। ਮਦਰ ਟੈਰੇਸਾ ਨੇ ਵੀ ਇਸ ਗੱਲ ਤੋਂ ਵੁਮੈਨ-ਹੁਡ ਨੂੰ ਪ੍ਰੇਰਿਆ ਹੈ ਔਰ ਕਿਹਾ ਹੈ ਕਿ ਇਸ ਤੋਂ ਬੜਾ ਕੋਈ ਪਾਪ ਨਹੀਂ ਕਿ ਬੱਚੀ ਨੂੰ ਜਨਮ ਤੋਂ ਪਹਿਲਾਂ ਹੀ ਖਤਮ ਕਰ ਦਿੱਤਾ ਜਾਵੇ It is the greatest sin and she has opposed abortion. ਸਾਡੇ ਸਾਰਿਆਂ ਲਈ ਜਿਥੇ ਇਸ ਬਿੱਲ ਨੂੰ ਪਾਸ ਕਰਨਾ ਹੈ, ਇਹ ਸੋਚਣਾ ਵੀ ਜ਼ਰੂਰੀ ਹੈ ਕਿ ਇਸ ਦੇ ਬਾਰੇ ਸੋਸ਼ਲ ਅਵੇਅਰਨੈੱਸ ਦਾ ਹੋਣਾ ਵੀ ਲਾਜ਼ਮੀ ਹੈ। ਆਦਮੀ ਖੁਦ ਐਸੇ ਮਯੀਰਜ਼ ਲਵੇ ਕਿ ਪਾਪੂਲੇਸ਼ਨ ਤੇ ਕੰਟਰੋਲ ਵੀ ਹੋਵੇ ਔਰ ਸਾਨੂੰ ਆਪਣੀਆਂ ਲੇਡੀਜ਼ ਨੂੰ ਨਾ ਉਨ੍ਹਾਂ ਡਾਇਗਨੋਸਟਿਕ ਸੈਂਟਰਜ਼ ਤੇ ਲਿਜਾਣਾ ਪਵੇ ਨਾ ਸਾਡੀਆਂ ਭੈਣਾਂ ਖੁਦ ਵਾਲੰਟੈਰਿਲੀ ਉਥੇ ਜਾਣ ਇਹ ਸੋਚਦਿਆਂ ਹੋਇਆਂ ਕਿ ਉਹ ਆਪਣੀ ਕੁੱਖ ਤੋਂ ਆਪਣੀ ਬੱਚੀ ਨੂੰ ਜਨਮ ਨਹੀਂ ਦੇਣਾ ਚਾਹੁੰਦੀਆਂ। This, itself, is a contradiction. ਇਕ ਪਾਸੇ ਔਰਤ ਲਈ ਵੱਧ ਅਧਿਕਾਰਾਂ

Original with;
Punjab Vidhan Sabha
Digitized by;
Panjab Digital Library

ਦੀ ਮੰਗ ਕਰਨਾ ਅਤੇ ਦੂਸਰੇ ਪਾਸੇ ਆਪਣੀ ਕੁੱਖ ਤੋਂ ਆਪਣੀ ਬੱਚੀ ਨੂੰ ਜਨਮ ਦੇਣ ਤੋਂ ਮੁਨਕਰ ਹੋਣਾ, ਇਹ ਔਰਤ ਦੀ ਸ਼ਕਸ਼ੀਅਤ ਤੇ ਇਕ ਪ੍ਰਤੀਬਿੰਬ ਹੈ, ਇਕ ਬੜਾ ਭਾਰੀ ਸੇਟਾਇਰ ਹੈ ਵੂਮੈਨ-ਹੁੱਡ ਦੇ ਉਪਰ। ਮਾਸ ਅਵੇਅਰਨੈਸ ਇਸ ਬਾਰੇ ਪੈਦਾ ਕਰਨਾ, ਇਹ ਹੈਲਥ ਡਿਪਾਰਟਮੈਂਟ ਦਾ ਅਤੇ ਉਸਦੇ ਨਾਲ ਨਾਲ ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ, ਸਾਡੀਆਂ ਸੋਸ਼ਲ ਇੰਸਟੀਚਿਊਸ਼ਨਜ਼ ਅਤੇ ਵਾਲੰਟਰੀ ਆਰਗੇਨਾਈਜੇਸ਼ਨਜ਼ ਦਾ ਬੜਾ ਭਾਰੀ ਕਰਤੱਵ ਹੈ। ਸਾਡੀ ਭੈਣ ਵਿਮਲਾ ਡਾਂਗ ਹੋਰਾਂ ਨੇ ਗੀਤਾਂ ਦੇ ਵਿਚ ਵੀ ਜੋ ਔਰਤਾਂ ਦਾ ਸਥਾਨ ਸੰਕ੍ਰਿਤ ਕੀਤਾ ਗਿਆ ਹੈ, ਉਹ ਦੱਸਿਆ ਹੈ। ਇਹ ਬੜਾ ਭਾਰੀ ਵਿਰੋਧਾਭਾਸ ਹੈ।

"ਸੋ ਕਿਉ ਮੰਦਾ ਆਖੀਐ,
ਜਿਤ ਜਮਹਿ ਰਾਜਾਨ"

ਗ੍ਰੰਥ ਸਾਹਿਬ ਵਿਚ ਔਰਤ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ ।
ਮਗਰ ਦੂਜੇ ਪਾਸੇ "ਜਨਨੀ ਜਨੇ ਤੋ ਭਗਤਜਨ, ਕੈ ਦਾਤਾ ਕੈ ਸੂਰ।
ਨਹੀਂ ਤਾਂ ਜਨਨੀ ਬਾਂਝ ਰਹੇ, ਕਾਹੇ ਗਵਾਵੇ ਨੂਰ

ਇਸ ਦੇ ਹੱਕ ਵਿਚ ਵੀ ਬਹੁਤ ਕੁਝ ਦਰਸਾਇਆ ਜਾ ਸਕਦਾ ਹੈ ਅਤੇ ਇਸ ਦੇ ਵਿਰੋਧ ਵਿਚ ਵੀ ਬਹੁਤ ਕੁਝ ਦਰਸਾਇਆ ਜਾ ਸਕਦਾ ਹੈ। ਮਗਰ ਇਕ ਗੱਲ ਬੜੀ ਸਪੱਸ਼ਟ ਹੈ ਜਿਸ ਦੇ ਅਸੀਂ ਸਾਰੇ ਹਾਮੀ ਹੋਵਾਂਗੇ ਕਿਸੇ ਬੱਚੇ ਨੂੰ ਉਸ ਦੇ ਜਨਮ ਲੈਣ ਤੋਂ ਪਹਿਲਾਂ ਹੀ ਸੁਨਿਸ਼ਚਿਤ ਕਰਨਾ ਕਿ ਉਹ ਲੜਕਾ ਹੈ ਜਾਂ ਲੜਕੀ ਅਤੇ ਜੇ ਉਹ ਲੜਕੀ ਹੈ ਤਾਂ ਉਸ ਨੂੰ ਇਸ ਧਰਤੀ ਦੇ ਉਪਰ ਕਦਮ ਰੱਖਣ ਤੋਂ ਪਹਿਲਾਂ ਹੀ ਜਨਮ ਲੈਣ ਤੋਂ ਵਾਂਝਿਆਂ ਕਰ ਦੇਣਾ, ਇਹ ਨੈਚੁਰਲ ਪ੍ਰਾਸੈਸ ਦੇ ਖਿਲਾਫ ਹੈ । ਇਹ ਇਨਸਾਨੀਅਤ ਦੀ ਕਨਸੈਪਟ ਦੇ ਖਿਲਾਫ ਹੈ । It is injustice not only with the womenhood, it is injustice with the concept of humanity, it is injustice against our culture, rather it is a scar on our humanity. ਸਾਨੂੰ ਸਾਰਿਆਂ ਨੂੰ ਇਸ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ । ਜਿਸ ਤਰ੍ਹਾਂ ਮੇਰੀ ਭੈਣ ਜੀ ਨੇ ਇਥੇ ਕਿਹਾ ਹੈ, ਇਸ ਬਿੱਲ ਦੇ ਬਾਰੇ ਬੜੇ ਖਦਸ਼ੇ ਪੈਦਾ ਹੁੰਦੇ ਹਨ। ਇਕ ਤਾਂ ਖਦਸ਼ਾ ਇਹ ਉਠਦਾ ਹੈ ਕਿ ਇਸ ਨਾਲ ਡਾਕਟਰਾਂ ਦੀ ਫੀਸ ਵੱਧ ਜਾਵੇਗੀ। ਅੱਜ ਜੇ ਉਹ 400 ਰੁਪਿਆ ਫੀਸ ਲੈਂਦੇ ਹਨ ਤਾਂ ਕਲ੍ਹ ਨੂੰ ਉਹ 1000 ਰੁਪਏ ਲੈਣਗੇ, ਇਸ ਵਜਾਹਤ ਕਰਕੇ ਕਿ ਕਿਤੇ ਰੇਡ ਨਾ ਹੋ ਜਾਵੇ। ਜਿਸ ਤਰ੍ਹਾਂ ਮੇਰੀ ਭੈਣ ਨੇ ਇਥੇ ਜਿਕਰ ਕੀਤਾ ਹੈ ਕਿ ਬੱਚੇ ਦੀ ਡਿਫਾਰਮਿਟੀ ਜਾਣਨ ਵਾਸਤੇ ਇਸ ਟੈਸਟ ਦੀ ਕੋਈ ਮਨਾਹੀ ਨਹੀਂ ਹੋਣੀ ਚਾਹੀਦੀ, ਇਸ ਆੜ ਵਿਚ ਵੀ ਇਹ ਟੈਸਟ ਕੀਤਾ ਜਾ ਸਕਦਾ ਹੈ। ਇਹ ਟੈਸਟ ਚੋਰੀ ਚੋਰੀ ਅਤੇ ਵੱਧ ਫੀਸ ਲੈ ਕੇ ਅੰਡਰ ਗਰਾਊਂਡ ਕੀਤੇ ਜਾਇਆ ਕਰਨਗੇ। ਇਸ ਤੋਂ ਇਲਾਵਾ, ਜਿਹੜੀਆਂ ਸਟੇਟਸ ਦੇ ਵਿਚ ਇਸ ਕਿਸਮ ਦੀ ਲੈਜਿਸਲੇਸ਼ਨ ਨਹੀਂ ਹੈ ਉਥੇ ਜਾ ਕੇ ਵੀ ਇਹ ਟੈਸਟ ਕਰਵਾਏ ਜਾ ਸਕਦੇ ਹਨ। ਇਸ ਕਰਕੇ ਇਸ ਚੀਜ਼ ਨੂੰ ਪੂਰੀ ਤਰ੍ਹਾਂ ਰੋਕਣ ਲਈ ਸੈਂਟਰਲ ਲੈਜਿਸਲੇਸ਼ਨ ਬਹੁਤ ਜ਼ਰੂਰੀ ਹੈ। ਇਸ ਲਈ ਮੈਂ ਸਰਦਾਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਉਪਿੰਦਰ ਕੁਮਾਰ ਸ਼ਰਮਾ]

ਬੇਅੰਤ ਸਿੰਘ ਜੀ ਅਤੇ ਪੰਜਾਬ ਸਰਕਾਰ ਤੋਂ ਮੰਗ ਕਰਾਂਗਾ ਕਿ ਇਸ ਗੱਲ ਦੇ ਵਾਸਤੇ ਉਹ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਜਿਸ ਨਾਲ ਕੇਂਦਰ ਵਿਚ ਵੀ ਇਹ ਬਿੱਲ ਪਾਸ ਕਰਵਾਇਆ ਜਾਵੇ। ਜਿਸ ਤਰ੍ਹਾਂ ਹੋਲੀ ਸਿਟੀਜ਼ ਵਿਚ ਸ਼ਰਾਬ ਦੀ ਪਾਬੰਦੀ ਹੁੰਦੀ ਹੈ ਲੇਕਿਨ ਉਥੇ ਆਲੇ ਦੁਆਲੇ ਦੇ ਪਿੰਡਾਂ ਅਤੇ ਸ਼ਹਿਰਾਂ ਵਿਚੋਂ ਸ਼ਰਾਬ ਚਲੀ ਜਾਂਦੀ ਹੈ, ਇਸੇ ਤਰ੍ਹਾਂ ਹੀ ਇਸ ਬਿੱਲ ਨਾਲ ਵੀ ਹੋਵੇਗਾ। ਗੁਜਰਾਤ ਵਿਚ ਸ਼ਰਾਬ ਤੇ ਬੈਨ ਹੈ ਲੇਕਿਨ ਫਿਰ ਵੀ ਉਥੇ ਪੀਣ ਨੂੰ ਸ਼ਰਾਬ ਮਿਲ ਜਾਂਦੀ ਹੈ। ਹਰਿਦੁਆਰ ਸਿਟੀ ਵਿਚ ਸ਼ਰਾਬ ਤੇ ਬੈਨ ਹੈ ਲੇਕਿਨ ਉਥੇ ਵੀ ਸ਼ਰਾਬ ਅਤੇ ਸ਼ਰਾਬ ਪੀਣ ਵਾਲੇ ਅਕਸਰ ਤੁਹਾਨੂੰ ਮਿਲ ਜਾਣਗੇ। ਇਸ ਕਰਕੇ ਮੈਂ ਸਮਝਦਾ ਹਾਂ ਕਿ ਇਸ ਟੈਸਟ ਨੂੰ ਪੂਰੀ ਤਰ੍ਹਾਂ ਰੋਕਣ ਲਈ ਸੈਂਟਰਲ ਲੈਜਿਸਲੇਸ਼ਨ ਦਾ ਹੋਣਾ ਬਹੁਤ ਜ਼ਰੂਰੀ ਹੈ ਲੇਕਿਨ ਇਸ ਦੀ ਪਰਾਪਰ ਇੰਪਲੀਮੈਨਟੇਸ਼ਨ ਵੀ ਇਸ ਚੀਜ਼ ਵਿਚ ਸ਼ਾਇਦ ਜ਼ਿਆਦਾ ਹਲਪ ਨਾ ਕਰ ਸਕੇ। ਇਸ ਦੇ ਵਾਸਤੇ ਮਾਸ ਅਵੇਅਰਨੈੱਸ ਅਤੇ ਸੋਸ਼ਲ ਕਾਂਸ਼ੀਅੱਸ ਦਾ ਹੋਣਾ ਬਹੁਤ ਜ਼ਰੂਰੀ ਹੈ। ਲੋਕਾਂ ਨੂੰ ਦਿਲੋਂ ਇਸ ਦੇ ਲਈ ਤਿਆਰ ਕਰਨਾ ਜ਼ਰੂਰੀ ਹੈ। ਇਸ ਦੇ ਵਾਸਤੇ ਸਾਡੀਆਂ ਭੈਣਾਂ ਉਤੇ ਬਹੁਤ ਭਾਰੀ ਜ਼ਿੰਮੇਂਵਾਰੀ ਆਉਂਦੀ ਹੈ। ਮੈਂ ਉਨ੍ਹਾਂ ਨੂੰ ਅਪੀਲ ਕਰਾਂਗਾ ਕਿ ਉਹ ਆਪਣੀ ਜ਼ਾਤ ਦੀ ਦੁਸ਼ਮਣ ਨਾ ਬਣਨ ਜਿਸ ਤਰ੍ਹਾਂ ਮੁੰਡਿਆਂ ਦੇ ਜੰਮਣ ਤੇ ਮਿਠਾਈਆਂ ਵੰਡੀਆਂ ਜਾਂਦੀਆਂ ਹਨ, ਉਸੇ ਤਰ੍ਹਾਂ ਹੀ ਉਹ ਧੀਆਂ ਦੇ ਜੰਮਣ ਤੇ ਵੀ ਖੁਸ਼ੀਆਂ ਮਨਾਉਣ, ਲੱਡੂ ਵੰਡਣ। ਜਿਸ ਤਰ੍ਹਾਂ ਮੁੰਡਾ ਜੰਮਣ ਤੇ ਗੁੜ੍ਹਤੀ ਦਿੱਤਾ ਲਿਆ ਜਾਂਦਾ ਹੈ, ਉਸੇ ਤਰ੍ਹਾਂ ਹੀ ਧੀ ਜੰਮਣ ਤੇ ਵੀ ਇਹ ਕੀਤਾ ਜਾਇਆ ਕਰੇ। ਉਹ ਖੁਦ ਇਸ ਬਾਰੇ ਐਗਜ਼ੈਂਪਲ ਸੈੱਟ ਕਰਨ। ਉਨ੍ਹਾਂ ਨੂੰ ਆਦਮੀ ਦੇ ਪ੍ਰਕੋਪ ਦਾ ਮੁਕਾਬਲਾ ਕਰਨਾ ਪਵੇਗਾ ਅਤੇ ਆਪਣੇ ਆਪ ਨੂੰ ਐਗਸਰਟ ਕਰਨਾ ਪਵੇਗਾ। ਤਦ ਹੀ ਇਹ ਗੱਲ ਸਾਕਾਰ ਹੋ ਸਕੇਗੀ। ਇੰਨਾ ਕਹਿੰਦਾ ਹੋਇਆ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

**(राज्य मन्त्री, राहत तथा पुनर्वास प्रोफैसर कुमारी सुशील महाजन)** : आदरणीय स्पीकर साहिब, आज एक बहुत ही अहम टापिक इस विधान सभा में चल रहा है।

यत्र नारस्तु पूज्यंते
रमन्ते तत्र देवता।

अर्थात् जहां नारी का मान सम्मान है, वहां देवताओं का वास है। महिलाओं ने हमेशा हिन्दुस्तान के इतिहास में इतिहास को बनाया है।

सत्ययुग, उसके बाद त्रेता युग, द्वापर युग और कलयुग जिसको काला का युग भी कहा जाता है। इन सब युगों में महिला का योगदान बहुत अच्छा रहा है। उसने हिन्दुस्तान की सभ्यता और संस्कृति को हर हालत में संभाल कर रखा है। जब विदेशों

Original with;
Punjab Vidhan Sabha
Digitized by;
Panjab Digital Library

से हमलावर आया तो सब से पहले उसने पंजाब फिर हिन्दुस्तान का दरवाजा खट-खटाया, दसतक दी लेकन हमारी महिलाओं ने अपनी सभ्यता और संसकृति पर आंच नहीं आने दी। चाहे वे कटीं, मरीं और जलीं पर उसने अपनी सभ्यता और संस्कृति को नहीं छोड़ा और उसको बुलंद रखा। इतिहास हमारा गवाह है, स्पीकर साहिब, कि जब ब्रह्मा ने सृष्टि की रचना की तो उसने नर और नारी दोनों बनाये। उनके आगे बड़ी समस्या आ गई कि इस सृष्टि का प्रबंध किस को सभाला जाये। नारद जी को बुलाया गया, प्रेस कान्फरेंस हुई, गोलमेज कानफ्रेंस हुई कि इसका प्रबंध किसको सोंपा जाये तो फिर निष्कर्ष क्या निकला? नारी जाती को सारे विश्व का प्रबंध सौंप दिया गया। दुर्गा माता को शक्ति दे दी। अगर उस माहौल के अनुसार महिलाओं को अधिकार आज भी मिले होते तो, स्पीकर साहिब, यह जो आतंकवाद है, यह संसार न होता। दुर्गा माता ने उस सारी शक्ति का प्रयोग बड़े हौसले से किया। जो इस शक्ति का दुरुपयोग कर सकता था उसको शक्ति न दी लेकिन जो इसका सदुपयोग कर सकता था उसी को ही शक्ति सौंपी गई थी। उसके बाद, स्पीकर साहिब, आज सभी तरफ धन के लाले पड़े हुये हैं। जो धन था वो लक्ष्मी माता को दिया गया और लक्ष्मी माता ने इसका प्रयोग बहुत अच्छी तरह से किया न उसने समगलिंग होने दी और न हो बलैक मारकीटिंग होने दी और अच्छी तरह से धन को संभाल कर रखा। इतिहास गवाह है कि जब जब भी मुहंमद गौरी ने सोमनाथ के मंदिर पर हमला किया, उसको हरेक हमले में वहां से ज्यादा धन मिला।

इसके बाद शिक्षा का विभाग सरस्वती को सौंप दिया और उसने भी शिक्षा का बढ़ा अच्छा उपयोग किया। उसके बाद जैसे कहते हैं:—

'ਪੇਟ ਨਾ ਪਈਆਂ ਰੋਟੀਆਂ ਤੇ ਸਭੇ ਗਲਾਂ ਖੋਟੀਆਂ'

अन्न का विभाग अन्नपूर्णा देवी को सौंपा और उसने अच्छे ढंग से इसको संभाला। लेकिन आज ऐसी प्रवृत्ति हो गई है, हालात पलटा खा गये हैं, हालात ऐसे बदल गये हैं कि थोड़े से हमारे समाज में जीवन उखड़ने लगे हैं। धन को पाने के लिये हम में इतना मैटीरीयेलिज़यम आ गया है कि कलासीफिकेशन करनी शुरु कर दी है। आज कहने लगे हैं कि वंश चलाने के लिये लड़के की जरुरत है, उसके बिना वंश नहीं चल सकता क्या इंदिरा गांधी ने जवाहर लाल नेहरु का वंश नहीं चलाया? दरोपदी ने इतिहास को बदल कर रख दिया। क्या सीता माता ने राम को मर्यादा प्रशोत्तम नहीं बनाया? महिलाओं ने अपनी सभ्यता और संस्कृति को संभालने के लिये क्या कुछ नहीं किया।

Original with;
Punjab Vidhan Sabha
Digitized by;
Panjab Digital Library

[राज्य मन्त्री, राहत तथा पुनर्वास]

अश्वमेध का यज्ञ सीता के बिना पूरा नहीं हो सकता था फिर उसकी मूर्ति बना कर रखी तब अश्वमेध का यज्ञ पूरा हुआ था । लेकिन आज यह एक रिवाज और फैशन बन गया है कि नारी जाती की जन्म से पहले ही हत्या कर दी जाये।

इतिहास को देखो जब नारी पर ही कलेश आयेगा तो कन्या पूजन कहां से होगा जब बेटे का जन्म होता है और धार्मिक रसमें करते हैं तो कंजकें लाते हैं, कन्या को लाते हैं उनका पूजन करते हैं, फिर ही मां बच्चे को दूध पिलाती है । अगर बच्चे ने नया कपड़ा पहनना हो तो पहले कन्या के पांव को लगाते हैं। हमारी संस्कृति जिसको हमने अच्छी तरह से बनाया है। दुनियां में इसकी उदाहरण है तो वह संस्कृति कहां जायेगी। इस लिए हम सब अपने दिमाग में ऐसी चीज बनाये कि कन्या ही घर की और देश की मालिक है, सो कन्या को वैसे ही महत्व देना चाहिये जैसा प्राचीन काल में था। जब गुरु नानक देव जी को सारे बुरा-भला कहते थे तो बेबे नानकी ने आपने भाई के अन्तरविरोध को पहचाना और उनको अपने पास ले आई और बाल अवस्था में उन्होंने ऐसा संभाला कि सारी दुनियां गुरु नानक देव जी के उपदेशों को मानती है। इसी तरह स्वयंम्बर प्रथा में नारी का कितना मान था, स्वयंबर प्रथा में इसको अपना वर खुद चुनने का पूरा अधिकार था ।

हमारी रानी झांसी ने देश की लड़ाई में जो 1857 में यज्ञ हुआ, लड़ाई का यज्ञ हुआ तो सब से पहले लक्ष्मी राणी झांसी ने आहुती डाली तो सारे हिन्दुस्तान की नारियों में ऐसी चिगाड़ी फूटी कि सब हिन्दूस्तान की नारियों ने चाहे वह घर में थीं, चाहे समाज सेविका थीं, चाहे नौकरी पेशा में थीं सब ने अपना अपना योगदान पूरी तसल्ली से और अच्छी तरह डाला और हिन्दूस्तान को आजाद करवा के ही छोड़ा मैं कहूंगी कि नारी का सम्मान वैसे ही रहा जैसे पहले था। नारी ही नारी की जन्म से पहले हत्या करती है। मैं कहूंगी कि यह नारीयों के उपर भी एक कलंक है। उनकी मनो प्रवृत्ति पर बड़ा आपति है। पुरुषों में भी ऐसी मनोवृत्ति उनकी बदलनी चाहिये क्योंकि हमारी कांग्रेस पार्टी ने क्या किया, नगरपालिकाओं और पंचायतों में 33 प्रतिशत सीटें औरतों के लिये रखी हैं, स्पीकर साहिब, जब नारी होगी ही नहीं और उसकी जन्म से पहले ही हत्या कर दी जायेगी तो वह 33 प्रतिशत सीटें कौन संभालेगा स्पीकर साहिब, ऐसी सब चीजें बन्द होनी चाहियें । हमारे चीफ मनिस्टर साहिब ने पहले ही टैस्टिंग, वैस्टिंग पर पाबंदी लगा दी है । हम कहेंगे कि जो प्राईवेट लोग जो अन्दर चोरी छिपे ऐसा करते हैं उन को सजा मिलनी चाहिये और किसी किस्म की कोई मुआफी नहीं दी जानी चाहिये ताकि पंजाब एक माडल लैसन बन के रह सके

Original with;
Punjab Vidhan Sabha
Digitized by;
Panjab Digital Library

ग्रौर कोई सारी दुनियां में, सारे विश्व में कोई ऐसा घृणापूर्ण ग्रौर गलत काम करने का साहस न करे। जै हिन्द।

ਸ੍ਰੀ ਸ਼ਿਗਾਰਾ ਰਾਮ ਸਹੁੰਗੜਾ (ਗੜ੍ਹਸ਼ੰਕਰ): ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਹਾਊਸ ਦੇ ਅੰਦਰ ਬੜੇ ਅਹਿਮ ਵਿਸ਼ੇ ਤੇ ਚਰਚਾ ਹੋ ਰਹੀ ਹੈ ਜਿੱਥੇ ਮੈਂ ਇਸ ਦਾ ਸਮਰੱਥਨ ਕਰਦਾ ਹਾਂ ਇਸ ਦੇ ਨਾਲ ਨਾਲ ਹੀ ਇਹ ਵੀ ਕਹਿਣਾ ਚਾਹਾਂਗਾ ਕਿ ਜੋ ਔਰਤ ਦੇ ਮਾਨ-ਸਨਮਾਨ ਦੀ ਗੱਲ ਸਾਰੇ ਮੈਂਬਰ ਸਾਹਿਬਾਨ ਨੇ ਕੀਤੀ ਹੈ ਕਿਉਂਕਿ ਜਦੋਂ ਅਸੀਂ ਦੁਨੀਆਂ ਦੀ ਸੰਸਕ੍ਰਿਤੀ ਦੇ ਅੰਦਰ ਨਜ਼ਰ ਮਾਰਦੇ ਹਾਂ ਤਾਂ ਹਜ਼ਾਰਾਂ ਸਾਲ ਇਸ ਦੇਸ਼ ਦੇ ਅੰਦਰ ਜਿਹੜੀ ਔਰਤ ਹੈ ਉਹ ਘਰ ਦੀ ਚਾਰ-ਦੀਵਾਰੀ ਦਾ ਸ਼ਿਗਾਰ ਬਣ ਕੇ ਰਹੀ ਹੈ, ਉਸਨੂੰ ਕੋਈ ਬਰਾਬਰਤਾ ਨਹੀਂ ਸੀ। ਵਿੱਦਿਆ ਵਿਚ ਬਰਾਬਰ ਜਾਣ ਦਾ, ਨੌਕਰੀ ਵਿੱਚ ਜਾਣ ਦਾ, ਬਰਾਬਰ ਮਜ਼ਦੂਰੀ ਲੈਣ ਦਾ ਹੱਕ ਨਹੀਂ ਸੀ ਇਸ ਸਾਰੇ ਕੁੱਝ ਪਿੱਛੇ ਮਾੜੇ ਫੈਕਟਰ ਫਾਦਰ ਹਨ ਜਿਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ ਜਿਸ ਸੰਸਕ੍ਰਿਤੀ ਨੇ ਹਜ਼ਾਰਾਂ ਸਾਲ ਤੋਂ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਨਹੀਂ ਦਿੱਤਾ। 14ਵੀਂ ਸਦੀ ਵਿਚ ਗੁਰੂ ਰਵਿਦਾਸ ਜੀ ਦੇ ਪ੍ਰਸੰਗ ਵਿੱਚ ਅਨੇਕਾਂ ਔਰਤਾਂ ਮਹਾਰਾਣੀ ਦੇ ਰੂਪ ਵਿੱਚ ਸਨ ਜਿਨ੍ਹਾਂ ਵਿਚ ਮੀਰਾਂ ਜੀ ਔਰ ਝਾਲਾਂ ਜੀ ਸਨ। ਇਸੇ ਤਰ੍ਹਾਂ ਗੁਰੂ ਸਾਹਿਬਾਨ ਦੇ ਪ੍ਰਸੰਗ ਤਹਿਤ, ਖਾਸ ਕਰਕੇ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ 1828 ਵਿੱਚ ਇਕ ਯੁੱਗ ਪਰਿਵਰਤਕ ਇਨਸਾਨ ਮਹਾਰਾਸ਼ਟਰ ਵਿੱਚ ਹੋਇਆ ਜਿਸ ਦਾ ਨਾਂ ਹੈ-ਮਹਾਤਮਾ ਜਯੋਤੀ ਫੂਲੇ। 1849 ਵਿੱਚ ਉਨ੍ਹਾਂ ਨੇ ਪੜ੍ਹਨ ਤੋਂ ਬਾਅਦ ਸਮਾਜਿਕ ਬੁਰਾਈਆਂ ਜਿਨ੍ਹਾਂ ਵਿੱਚ ਵਿਧਵਾ ਪ੍ਰਥਾ ਵੀ ਸ਼ਾਮਲ ਸੀ ਕਿ ਜਦੋਂ ਕਿਸੇ ਔਰਤ ਦੇ ਪਤੀ ਦੀ ਮੌਤ ਹੋ ਜਾਂਦੀ ਸੀ ਤਾਂ ਉਸ ਨੂੰ ਦੂਜੀ ਸ਼ਾਦੀ ਕਰਨ ਦਾ ਅਧਿਕਾਰ ਨਹੀਂ ਸੀ, ਨੂੰ ਮੁੱਖ ਰੱਖ ਕੇ ਵਿਸ਼ੇਸ਼ ਤੌਰ ਤੇ ਸਕੂਲ ਖੋਲ੍ਹਿਆ ਔਰ ਆਪਣੀ ਪਤਨੀ ਸ੍ਰੀਮਤੀ ਸਵਿਤਰੀ ਫੂਲੇ ਨੂੰ ਚਾਰ ਜਮਾਤਾਂ ਪੜ੍ਹਾ ਕੇ ਹੋਰਨਾਂ ਨੂੰ ਸਕੂਲ ਵਿਚ ਪੜ੍ਹਾਉਣ ਲਈ ਤਿਆਰ ਕੀਤਾ। ਮੈਂ ਵਿਸ਼ੇਸ਼ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਸ ਦੇਸ਼ ਵਿੱਚ ਕੋਈ ਪਹਿਲੀ ਅਧਿਆਪਕਾ ਹੋਈ ਹੈ ਤਾਂ ਉਹ ਮਹਾਤਮਾ ਜਯੋਤੀ ਫੂਲੇ ਦੀ ਧਰਮ ਪਤਨੀ ਸ੍ਰੀਮਤੀ ਸਵਿਤਰੀ ਫੂਲੇ ਹੀ ਸੀ। 1851 ਵਿੱਚ ਉਨ੍ਹਾਂ ਨੇ ਸਕੂਲ ਖੋਲ੍ਹੇ ਜਿਹੜੇ ਕਿ ਔਰਤਾਂ ਲਈ ਸਨ। 1870 ਤੱਕ 117 ਸਕੂਲ ਇਨ੍ਹਾਂ ਮਹਾਨ ਪੁਰਸ਼ਾਂ ਨੇ ਖੋਲੇ ਔਰ ਇਸ ਦੇਸ਼ ਨੂੰ ਇੱਕ ਨਵੀਂ ਲਾਈਨ ਦਿੱਤੀ, ਨਵੀਂ ਪਿਰਤ ਪਾਈ। 1890 ਵਿਚ ਉਹ ਚਲਾਣਾ ਕਰ ਗਏ ਔਰ 1891 ਵਿੱਚ ਇਸ ਦੇਸ਼ ਵਿੱਚ ਇੱਕ ਹੋਰ ਸੂਰਜ ਉਦੇ ਹੋਇਆ ਜਿਸ ਦਾ ਨਾਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਸੀ। ਉਨ੍ਹਾਂ ਨੇ ਇਸ ਗੱਲ ਨੂੰ ਮਹਿਸੂਸ ਕੀਤਾ ਕਿ ਜਦੋਂ ਇੱਕ ਔਰਤ ਪੜ੍ਹਦੀ ਹੈ ਤਾਂ ਸਾਰਾ ਪਰਿਵਾਰ ਪੜ੍ਹਦਾ ਹੈ ਪਰ ਜੋ ਪੁਰਸ਼ ਪੜ੍ਹਦਾ ਹੈ ਤਾਂ ਵਿਅਕਤੀਗਤ ਤੌਰ ਤੇ ਉਹ ਇਕੱਲਾ ਪੜ੍ਹਦਾ ਹੈ। ਔਰਤ ਆਪਣੇ ਬੱਚੇ ਨੂੰ ਜਿਸ ਦਿਸ਼ਾ ਵੱਲ ਲਿਜਾਉਣਾ ਚਾਹੇ, ਲਿਜਾ ਸਕਦੀ ਹੈ। ਮਾਨਯੋਗ ਸਪੀਕਰ ਸਾਹਿਬ, ਨੂੰ ਯਾਦ

Original with;
Punjab Vidhan Sabha
Digitized by;
Panjab Digital Library

[ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ]

ਹੈ ਕਿ ਜਦੋਂ ਸ਼ਿਵਾ ਜੀ ਛੱਤਰਪਤੀ ਰਾਜਾ ਬਣੇ ਤਾਂ ਉਨ੍ਹਾਂ ਨੇ ਛੱਤਰਪਤੀ ਰਾਜਾ ਬਣਨ ਪਿੱਛੇ ਉਨ੍ਹਾਂ ਦੀ ਮਾਤਾ ਜੀਜਾ ਬਾਈ ਦਾ ਹੱਥ ਸੀ। (ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਵੱਲੋਂ ਥੰਪਿੰਗ)। ਉਹ ਗੁਲਾਮੀ ਕਰਦੀ ਸੀ, ਰਾਜਿਆਂ ਦੀ ਚੱਕੀ ਪੀਂਹਦੀ ਸੀ। ਇੱਕ ਵਾਰ ਸ਼ਿਵਾ ਜੀ ਨੇ ਉਨ੍ਹਾਂ ਨੂੰ ਸਵਾਲ ਕੀਤਾ ਕਿ ਮਾਤਾ, ਚੱਕੀ ਕਿਉਂ ਪੀਂਹਦੀ ਹੈਂ ? ਉਸ ਦੀ ਮਾਤਾ ਨੇ ਜਵਾਬ ਦਿੱਤਾ ਕਿ ਅਸੀਂ ਗੁਲਾਮ ਹਾਂ, ਬੇਟਾ। ਉਨ੍ਹਾਂ ਨੇ ਸ਼ਿਵਾ ਜੀ ਨੂੰ ਗੁਲਾਮੀ ਦੇ ਅਰਥ ਸਮਝਾਏ ਔਰ ਉਨ੍ਹਾਂ ਨੇ ਸ਼ਿਵਾ ਜੀ ਨੂੰ ਤਿਆਰ ਕੀਤਾ ਔਰ ਅੱਜ ਉਹ ਸ਼ਿਵਾ ਜੀ ਮਰਹੱਟੇ ਦੇ ਨਾਂ ਨਾਲ ਜਾਣੇ ਜਾਂਦੇ ਹਨ। ਸੋ, ਇਸ ਕਰਕੇ ਮੈਂ ਵਿਸ਼ੇਸ਼ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਇਸ ਗੱਲ ਨੂੰ ਮਹਿਸੂਸ ਕਰਕੇ ਪਾਰਲੀਮੈਂਟ ਵਿੱਚ ਹਿੰਦੂ ਕੋਡ ਬਿਲ ਲੈ ਕੇ ਗਏ। ਚਾਰ ਚੁਫੇਰੇ ਉਨ੍ਹਾਂ ਦਾ ਵਿਰੋਧ ਕੀਤਾ ਗਿਆ। ਪ੍ਰੈਸ ਵਾਲਿਆਂ ਨੇ ਬਾਬਾ ਸਾਹਿਬ ਨੂੰ ਗਾਲਾਂ ਕੱਢੀਆਂ ਔਰ ਕਿਹਾ ਕਿ ਹਿੰਦੂ ਕੋਡ ਬਿਲ ਪਾਰਲੀਮੈਂਟ ਵਿਚ ਨਹੀਂ ਆਉਣਾ ਚਾਹੀਦਾ ਔਰ ਬਾਬਾ ਸਾਹਿਬ ਨੇ ਵਿਰੋਧਤਾ ਵਜੋਂ ਕਾਨੂੰਨ ਮੰਤਰੀ ਦੇ ਅਹੁਦੇ ਤੋਂ ਰਿਜ਼ਾਈਨ ਕੀਤਾ ਅਤੇ ਕਿਹਾ ਕਿ ਜੇ ਤੁਸੀਂ ਹਿੰਦੂ ਕੋਡ ਬਿਲ ਪਾਸ ਨਹੀਂ ਕਰੋਗੇ ਤਾਂ ਮੈਂ ਕਾਨੂੰਨ ਮੰਤਰੀ ਵਜੋਂ ਨਹੀਂ ਰਹਾਂਗਾ ਮਾਨਯੋਗ ਸਪੀਕਰ ਸਾਹਿਬ, ਹਿੰਦੂ ਕੋਡ ਬਿੱਲ ਦੋ-ਦੋ ਪਰਤਾਂ ਵਿੱਚ ਪੇਸ਼ ਕੀਤਾ ਗਿਆ ਔਰ ਮੇਰੇ ਸਨਮਾਨ ਯੋਗ ਬੀਬੀ ਜੀ, ਸੁਸ਼ੀਲਾ ਮਹਾਜਨ ਨੇ ਕਿਹਾ ਕਿ ਇੰਦਰਾ ਨੇ ਨਹਿਰੂ ਦਾ ਵੰਸ ਚਲਾਇਆ, ਮੈਂ ਕਹਿਣਾ ਚਾਹੁੰਦਾ ਹਾਂ ਕਿ ** ** **

**Finance Minister** : Speaker Sahib, these words are unparliamentary and in a bad taste.

**ਸ੍ਰੀ ਸਪੀਕਰ:** ਜੋ ਨਾਮ ਲੈ ਕੇ ਕਿਹਾ ਗਿਆ ਹੈ ਉਹ ਐਕਸਪੰਜ ਕੀਤਾ ਜਾਂਦਾ ਹੈ। It is expunged.

**ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ:** ਇਸ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਗਰਭ ਵਾਸਤੇ ਇਹ ਬਿੱਲ ਲਿਆਂਦਾ ਗਿਆ ਹੈ ਇਸ ਦੇ ਨਾਲ ਨਾਲ ਜਿਹੜਾ ਸਾਹਿਤ ਹੈ, ਉਸ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ। ਐਜੂਕੇਸ਼ਨ ਦਾ ਜੋ ਸਟੈਂਡਰਡ ਹੈ ਜਿਸ ਵਿਚ ਕਿੱਸੇ ਮਿਰਜ਼ਾ ਸਾਹਿਬਾਂ, ਹੀਰ-ਰਾਂਝਾ, ਲੈਲਾ-ਮਜਨੂੰ ਦੇ ਕਿੱਸੇ ਪੜ੍ਹਾਏ ਜਾਂਦੇ ਹਨ, ਸਾਡੀ ਸੁਸਾਇਟੀ, ਮਾਨਯੋਗ ਸਪੀਕਰ ਸਾਹਿਬ, ਇਜਾਜ਼ਤ ਨਹੀਂ ਦਿੰਦੀ ਕਿ ਕੋਈ ਲੜਕੀ ਬੇਲਿਆਂ ਦੇ ਕਿਸੇ ਮੁਸ਼ਟੰਡੇ ਨੂੰ ਰੋਟੀਆਂ ਖਵਾਏ ਜਾਂ ਲੜਕੀ ਆਪਣੀ ਸ਼ਾਦੀ ਤੋਂ ਇੱਕ ਦਿਨ ਪਹਿਲਾਂ ਘਰੋਂ ਚਲੀ ਜਾਵੇ। ਜੇ ਸਾਡੀ ਸੁਸਾਇਟੀ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੀ ਤਾਂ ਐਸੀ ਸੰਸਕ੍ਰਿਤੀ ਸਾਡੇ ਕੰਨਾਂ ਵਿੱਚ ਨਹੀਂ ਪੈਣੀ ਚਾਹੀਦੀ। ਅਸੀਂ ਚਾਹੁੰਦੇ ਹਾਂ ਕਿ ਇਸ ਵਿੱਚ ਸੁਧਾਰ ਹੋਵੇ, ਔਰਤ ਦਾ ਸਨਮਾਨ ਹੋਵੇ ਔਰ ਸਾਡੀਆਂ ਕੈਸਟਾਂ ਔਰ ਜਿਹੜੇ ਸਾਡੇ ਕਲਾਕਾਰ ਹਨ ਉਨ੍ਹਾਂ ਦੇ ਜੋ ਗਾਣੇ ਹੁੰਦੇ ਹਨ ਜੋ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਅਸੀਂ ਸਟੇਜਾਂ ਉੱਤੇ ਸੁਣਦੇ ਹਾਂ, ਉਹ ਗਾਉਂਦੇ ਹਨ, 'ਕੁੜੀ ਪਟਾਕੇ ਵਰਗੀ' ਆਦਿ। ਉਹ ਸਾਡੇ ਕੰਨਾਂ ਵਿਚ ਨਹੀਂ ਪੈਣੇ ਚਾਹੀਦੇ। ਮਾਨਯੋਗ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕਿਸ ਇਨਸਾਨ ਦੇ ਲੜਕੀਆਂ ਨਹੀਂ, ਸਾਰਿਆਂ ਦੀਆਂ ਲੜਕੀਆਂ ਹਨ । ਇਹ ਜਿਹੜੀ ਧਾਰਨਾ ਹੈ ਇਹ ਬੰਦ ਹੋਣੀ ਚਾਹੀਦੀ ਹੈ। ਅੱਛਾ ਸਟੈਂਡਰਡ ਹੋਣਾ ਚਾਹੀਦਾ ਹੈ ਔਰ ਅਗਰ ਇਹ ਬੁਰਾਈ ਹੈ, ਖਾਸ ਕਰਕੇ ਜਿਹੜਾ ਗੰਦਾ ਸਾਹਿਤ ਹੈ, ਜਿਹੜਾ ਲਿਟਰੇਚਰ ਹੈ, ਜਿਸ ਕਾਰਨ ਇਹ ਸਭ ਤੋਂ ਵੱਡੀ ਬੁਰਾਈ ਪੈਦਾ ਹੋਈ ਹੈ। ਲੜਕੀ ਨਹੀਂ ਲੜਕਾ ਹੋਵੇ ਅਗਰ ਲੜਕੀ ਅਸੀਂ ਨਹੀਂ ਚਾਹੁੰਦੇ ਤਾਂ ਉਹਦੇ ਕਾਰਨ ਹਨ, ਕਿਉਂਕਿ ਸਮਾਜ ਦੇ ਅੰਦਰ ਜਿਹੜੀ ਲੜਕੀ ਹੈ ਉਸ ਨੂੰ ਇਸ ਕਰਕੇ ਨੀਵਾਂ ਦਿਖਾਇਆ ਜਾਂਦਾ ਹੈ, ਨੀਵਾਂ ਸਮਝਿਆ ਜਾਂਦਾ ਹੈ ਅਤੇ ਲੜਕਾ ਜਿਹੜਾ ਉਸ ਨੂੰ ਇਸ ਕਰਕੇ ਚੰਗਾ ਮੰਨਿਆ ਜਾਂਦਾ ਹੈ ਕਿਉਂਕਿ ਲੜਕੇ ਬਿਨਾਂ ਵੰਸ਼ ਨਹੀਂ ਚਲਦਾ । ਮਾਨਯੋਗ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੋਂ ਤੱਕ ਵਫਾਦਾਰੀ ਦਾ ਸਵਾਲ ਹੈ, ਵਫਾਦਾਰ ਉਤਨਾ ਲੜਕਾ ਨਹੀਂ ਜਿੰਨੀ ਲੜਕੀ ਵਫਾਦਾਰ ਹੁੰਦੀ ਹੈ । ਉਹ ਸਮਾਜ ਵਿੱਚ ਵਫਾਦਾਰ ਅਤੇ ਉਸ ਦੀ ਕਾਰਗੁਜ਼ਾਰੀ ਨਜ਼ਰ ਆਉਂਦੀ ਹੈ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਗੰਦੇ ਸਾਹਿਤ ਦੇ ਉਤੇ, ਵਿਸ਼ੇਸ ਤੌਰ ਤੇ ਗੰਦੇ ਲਿਟਰੇਚਰ ਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਸਰਕਾਰ ਨੂੰ ਇਸ ਗੱਲ ਉਤੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਮੈਂ ਇਸ ਬਿੱਲ ਦਾ ਸਮੱਰਥਨ ਕਰਦਾ ਹਾਂ, ਇਸ ਦੇ ਨਾਲ-ਨਾਲ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਕਾਨੂੰਨ ਜਿਹੜੇ ਸਾਰੇ ਦੇਸ਼ ਵਿੱਚ ਬਣਦੇ ਹਨ ਉਨ੍ਹਾਂ ਕਾਨੂੰਨਾਂ ਦੀ ਬਰਾਬਰੀ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਜਿੰਨਾ ਚਿਰ ਤੱਕ ਲੋਕ ਸਮਾਜਕ ਤੇ ਆਰਥਿਕ ਤੌਰ ਤੇ ਬਰਾਬਰ ਨਹੀਂ ਹੁੰਦੇ । ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ 1956 ਵਿੱਚ ਆਲ ਇੰਡੀਆ ਰੇਡੀਓ ਤੇ 26 ਜਨਵਰੀ, 1950 ਨੂੰ ਕਿਹਾ ਕਿ ਦੇਸ਼ ਵਿੱਚ ਕਾਨੂੰਨੀ ਬਰਾਬਰੀ ਦਾ ਕੋਈ ਅਰਥ ਨਹੀਂ ਜਿੰਨਾਂ ਚਿਰ ਤੱਕ ਆਰਥਕਿ ਤੇ ਸਮਾਜਿਕ ਤੌਰ ਤੇ ਲੋਕ ਬਰਾਬਰ ਨਹੀਂ ਹੁੰਦੇ ਇਸ ਕਰਕੇ ਮੈਂ ਚਿਤਾਵਨੀ ਦੇਣਾ ਚਾਹੁੰਦਾ ਹਾਂ ਸਰਕਾਰ ਨੂੰ ਕਿ ਦੇਸ਼ ਦੇ ਲੋਕਾਂ ਨੂੰ ਸਮਾਜਿਕ ਤੇ ਆਰਥਿਕ ਤੌਰ ਤੇ ਬਰਾਬਰ ਨਾ ਕੀਤਾ ਗਿਆ ਤਾਂ ਮੇਰੇ ਜਿਹੜੇ ਲੋਕ ਹਨ ਉਹ ਮੇਰੇ ਇਸ ਸੰਵਿਧਾਨ ਦੀਆਂ ਧੱਜੀਆਂ ਉਡਾ ਦੇਣਗੇ।

ਇਸ ਕਰਕੇ, ਮਾਨਯੋਗ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਇਹ ਗੱਲ ਵਿਸ਼ੇਸ਼ ਤੌਰ ਤੇ ਧਿਆਨ ਦੇਣ ਕਿ ਜਿਹੜਾ ਇਹ ਐਕਟ ਲਿਆਂਦਾ ਗਿਆ ਹੈ, ਬਿੱਲ ਲਿਆਂਦਾ ਗਿਆ ਹੈ, ਮੈਂ ਇਸ ਦਾ ਸਮਰਥੱਨ ਕਰਦਾ ਹਾਂ ਇਸ ਦੇ ਨਾਲ ਨਾਲ ਇਹ ਗੱਲ ਵੀ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਐਸਾ ਇਸ ਵਿੱਚ ਕਰਨਾ ਚਾਹੀਦਾ ਹੈ ਕਿ ਜਿਸ ਦੇ ਨਾਲ ਇਸ ਕਾਨੂੰਨ ਦੀ ਲਪੇਟ ਵਿੱਚ ਕੇਵਲ ਗਰੀਬ ਆਦਮੀ ਨਾ ਆਉਣ, ਜਿਹੜੇ ਪੈਸੇ ਵਾਲੇ ਵਾਲੇ ਹਨ ਉਹ ਚੋਰ ਰਸਤਿਆ ਰਾਹੀਂ ਜਾਂਦੇ ਹਨ, ਉਨ੍ਹਾਂ ਬਾਰੇ ਖਾਸ ਤੌਰ ਤੇ ਨਜ਼ਰ ਰਖੀ ਜਾਣੀ ਚਾਹੀਦੀ ਹੈ। ਇਸ ਕਰਕੇ, ਮਾਨਯੋਗ ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਇਸ ਅਹਿਮ ਵਿਸ਼ੇ ਉਤੇ ਚਰਚਾ ਵਿੱਚ ਮੈਨੂੰ ਮੌਕਾ ਦਿੱਤਾ ਹੈ ਔਰ ਮੈਂ ਅੰਤ ਵਿੱਚ ਇਹ ਗੱਲ ਫਿਰ ਜੋਰ ਦੇ ਕੇ ਕਹਾਂਗਾ ਕਿ ਜਿਹੜਾ ਇਹ ਬਿਲ

Original with;
Punjab Vidhan Sabha
Digitized by;
Punjab Digital Library

[ ਸ੍ਰੀ ਸ਼ਿਗਾਰਾ ਰਾਮ ਸਹੁੰਗੜਾ ]

ਲਿਆਂਦਾ ਗਿਆ ਹੈ, ਮੈਂ ਇਸ ਦਾ ਸਮੱਰਥਨ ਕਰਦਾ ਹਾਂ ਔਰ ਸਰਕਾਰ ਦਾ ਇਸ ਗੱਲ ਵੱਲ ਧਿਆਨ ਦਿਵਾਉਂਦਾ ਹਾਂ ਕਿ ਇਸ ਦੇ ਲਈ ਵਿਸ਼ੇਸ਼ ਸੈੱਲ ਬਣਾਏ ਜਾਣ ਜੋ ਇਸ ਤੇ ਨਜ਼ਰਸਾਨੀ ਰੱਖੇ ਤਾਂ ਕਿ ਇਹ ਦੇ ਵਿੱਚ ਗਰੀਬ ਮਾਰ ਨਾ ਹੋਵੇ ਬਰਾਬਰ ਸਾਰਿਆਂ ਤੇ ਲਾਗੂ ਹੋਵੇ । ਸੋ ਅੰਤ ਵਿਚ ਮੈਂ ਆਪ ਜੀ ਦਾ ਧੰਨਵਾਦੀ ਹਾਂ। ਜੈ ਭੀਮ, ਜੈ ਭਾਰਤ!

ਸਰਦਾਰਨੀ ਸੁਰਜੀਤ ਕੌਰ ਕਲਕਟ (ਟਾਂਡਾ): ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਤੇ ਬੋਲਣ ਦੀ ਇਜਾਜ਼ਤ ਦਿਤੀ ਹੈ। ਇਸ ਬਿਲ ਦੇ ਬਾਰੇ ਮੇਰੇ ਤੋਂ ਪਹਿਲਾਂ ਮਾਨਯੋਗ ਮੈਂਬਰਜ਼ ਬਹੁਤ ਕੁਝ ਦਸ ਚੱਕੇ ਹਨ। ਨਾਰੀ ਦੇ ਮਾਨ-ਅਪਮਾਨ ਬਾਰੇ ਸਾਡੇ ਸ਼ਾਸ਼ਤਰਾਂ ਵਿਚ ਦਸਿਆ ਗਿਆ ਹੈ । ਸਾਡੇ ਸ਼ਾਸ਼ਤਰਾਂ ਵਿਚ, ਗੁਰੂ ਗਰੰਥ ਸਾਹਿਬ ਵਿਚ ਨਾਰੀ ਦੀ ਮਾਨਤਾ ਕੀਤੀ ਗਈ ਹੈ। ਲੇਕਿਨ ਸ਼ਾਸ਼ਤਰਾਂ ਦੀ ਗਲਾਂ ਭੁਲ ਕੇ ਸਾਡਾ ਸਮਾਜ ਅਜ ਗਲਤ ਸਾਈਡ ਨੂੰ ਜਾ ਰਿਹਾ ਹੈ। ਨਾਰੀ ਦੇ ਅਪਮਾਨ ਲਈ ਇਕਲੇ ਆਦਮੀਆਂ ਦਾ ਹੀ ਕਸੂਰ ਨਹੀਂ ਨਾਰੀ ਜਾਤੀ ਦਾ ਵੀ ਕਸੂਰ ਹੈ, ਦਹੇਜ ਪ੍ਰਥਾ ਦਾ ਵੀ ਕਸੂਰ ਹੈ। ਆਮ ਤੌਰ ਤੇ ਮਿਸਾਲ ਸਾਹਮਣੇ ਆਉਂਦੀ ਹੈ ਕਿ ਜਦੋਂ ਲੜਕੀ ਦੀ ਸ਼ਾਦੀ ਹੁੰਦੀ ਹੈ ਤਾਂ ਉਹ ਸਹੁਰੇ ਘਰ ਆ ਜਾਂਦੀ ਹੈ ਤਾਂ ਸਹੁਰੇ ਘਰ ਵਿਚ ਸਾਡੇ ਨਾਰੀ ਸਮਾਜ ਵਿੱਚ ਸਭ ਤੋਂ ਵੱਡਾ ਨੁਕਸ ਹੈ ਕਿ ਸੱਸ ਚੀਜ਼ਾਂ ਦੀ ਗਿਣਤੀ ਕਰਦੀ ਹੈ ਕਿ ਇਹ ਚੀਜ਼ ਆਈ ਹੈ ਤੇ ਇਹ ਨਹੀਂ ਆਈ। ਜਿਹੜਾ ਲੜਕੀਆਂ ਨੂੰ ਮਾਰਿਆ ਜਾਂਦਾ ਸੀ ਉਸ ਦੇ ਵਿੱਚ ਵੀ ਸਾਰਿਆਂ ਨਾਲੋਂ ਵੱਡਾ ਕਾਰਨ ਦਹੇਜ ਪ੍ਰਥਾ ਸੀ। ਕੋਈ ਦਹੇਜ ਦੇ ਸਕਦਾ ਹੈ ਅਤੇ ਦੂਸਰਾ ਕੋਈ ਦਹੇਜ ਨਹੀਂ ਦੇ ਸਕਦਾ। ਪਹਿਲਾਂ ਤਾਂ ਇਹ ਹੁੰਦਾ ਸੀ ਕਿ ਲੜਕੀ ਨੂੰ ਜਨਮ ਤੋਂ ਹੀ ਮਾਰ ਦਿੱਤਾ ਜਾਂਦਾ ਸੀ ਪਰ ਹੁਣ ਲੜਕੀ ਨੂੰ ਜਨਮ ਤੋਂ ਪਹਿਲਾਂ ਹੀ ਮਾਰਨਾ ਸ਼ੁਰੂ ਕਰ ਦਿਤਾ ਗਿਆ ਹੈ। ਜਿਥੇ ਸਾਡੀ ਸਰਕਾਰ ਔਰਤ ਜਾਤੀ ਦਾ ਮਾਣ ਕਰਦੀ ਹੈ ਔਰ ਅਸੀਂ ਸਾਰੇ ਇਸ ਗਲ ਨੂੰ ਮੰਨਦੇ ਹਨ ਕਿ ਨਾਰੀ ਹੋਣ ਦੇ ਨਾਤੇ ਲੜਕੀ ਪੁੱਤਰ ਬਣ ਕੇ ਦਿਖਾਂਦੀ ਹੈ। ਅਸੀਂ ਮਿਸਾਲਾਂ ਤਾਂ ਇਸ ਗਲ ਦੀਆਂ ਬਹੁਤ ਦਿੰਦੇ ਹਾਂ ਕਿ ਲੜਕੀਆਂ ਮਾਂ-ਬਾਪ ਦੇ ਦੁੱਖ ਵਿਚ ਜ਼ਿਆਦਾ ਸਹਾਈ ਹੁੰਦੀਆਂ ਹਨ, ਉਨ੍ਹਾਂ ਦਾ ਦੁੱਖ ਜ਼ਿਆਦਾ ਵੰਡਦੀਆਂ ਹਨ ਪਰ ਜਦੋਂ ਬਚੇ ਦਾ ਜਨਮ ਹੁੰਦਾ ਹੈ ਅਤੇ ਚਾਰ ਮਹੀਨੇ ਬਾਅਦ ਜਦੋਂ ਚੈਕ ਅਪ ਕਰਾਉਂਦੇ ਹਾਂ ਤਾਂ ਜੇ ਲੜਕੀ ਹੋਵੇ ਤਾਂ ਅਬਾਰਸ਼ਨ ਕਰਾ ਦਿੰਦੇ ਹਾਂ ਅਤੇ ਜੇ ਲੜਕਾ ਹੋਵੇ ਤਾਂ ਨਹੀਂ ਕਰਾਉਂਦੇ, ਕਹਿਣ ਵਿਚ ਤਾਂ ਇਹ ਕਿਹਾ ਜਾਂਦਾ ਹੈ ਕਿ ਲੜਕੀ ਦੁੱਖ ਜ਼ਿਆਦਾ ਵੰਡਦੀ ਹੈ, ਲੜਕੀ ਵੱਧ ਪਿਆਰ ਕਰਦੀ ਹੈ, ਇਸ ਦੇ ਵਿਚ ਸ਼ਕ ਵੀ ਨਹੀਂ ਹੈ, ਪਰ ਇਸ ਦੇ ਲਈ ਸਾਡਾ ਜਿਹੜਾ ਸਮਾਜ ਹੈ ਉਹ ਦੋਸ਼ੀ ਹੈ। ਇਸ ਦੇ ਵਿਚ ਸਾਡੀ ਸਰਕਾਰ ਦਾ ਦੋਸ਼ ਨਹੀਂ, ਸਾਡੇ ਸਮਾਜ ਦਾ ਦੋਸ਼ ਹੈ। ਅਜ ਸਰਕਾਰ ਨੇ ਤਾਂ 33 ਪ੍ਰਤੀਸ਼ਤ ਰਾਖਵੇਂ ਦੇ ਅਧਿਕਾਰ ਨਾਰੀ ਨੂੰ ਦਿਤੇ ਹਨ। ਇਸ ਦੇ ਲਈ ਸਵਰਗੀ ਪ੍ਰਧਾਨ ਮੰਤਰੀ, ਸ੍ਰੀ ਰਾਜੀਵ ਗਾਂਧੀ ਜੀ ਨੇ ਆਪਣੀ ਸਵਰਗੀਏ ਮਾਤਾ ਇੰਦਰਾ ਗਾਂਧੀ ਜੀ ਦੇ ਉਪਦੇਸ਼ਾਂ ਅਨੁਸਾਰ ਨਾਰੀ ਜਾਤੀ ਲਈ 33 ਪ੍ਰਤੀਸ਼ਤ ਲਈ ਅਧਿਕਾਰ ਵਿਕਸ ਕੀਤੇ । ਸਾਡੀ ਸਰਕਾਰ ਨਾਰੀ ਜਾਤੀ ਵਾਸਤੇ ਬਹੁਤ ਕੁਝ ਕਰ ਰਹੀ ਹੈ। ਇਹ ਵਾਹਦਾ ਕਾਂਗਰਸ ਸਰਕਾਰ ਹੀ ਹੈ

Original with;
Punjab Vidhan Sabha
Digitized by;
Panjab Digital Library

ਜਿਸ ਨੇ ਨਾਰੀਆਂ ਵਾਸਤੇ 33 ਪ੍ਰਤੀਸ਼ਤ ਰਖਿਆ ਹੈ ਔਰ ਇਸੇ ਦਾ ਸਦਕੇ ਅਜ ਬੀਬੀਆਂ ਇਸ ਸਦਨ ਵਿਚ ਆ ਕੇ ਬੈਠੀਆਂ ਹਨ ਔਰ ਕੋਈ ਮੰਤਰੀ ਬਣ ਕੇ ਬੈਠੀਆਂ ਹਨ, ਕੋਈ ਪਾਰਲੀਮੈਂਟਰੀ ਸੈਕਟਰੀ ਬਣ ਕੇ ਬੈਠੀਆਂ ਹਨ ਔਰ ਕੋਈ ਐਮ.ਐਲ.ਏ. ਬਣ ਕੇ ਬੈਠੀਆਂ ਹਨ। ਜਿਥੇ ਇਸ ਸਰਕਾਰ ਨੇ ਸਾਨੂੰ ਬਰਾਬਰ ਦੇ ਹੱਕ ਦਿੱਤੇ ਹਨ ਉਥੇ ਅਸੀਂ ਇਸ ਗੱਲ ਦੀ ਵੀ ਆਸ ਕਰਦੇ ਹਾਂ ਕਿ ਇਹ ਜਿਹੜੀ ਪ੍ਰਥਾ ਹੈ ਸਾਇੰਸ ਦੇ ਤਰੀਕੇ ਨਾਲ ਮੈਡੀਕਲ ਤੌਰ ਤੇ ਟੈਸਟ ਤੋਂ ਬਾਅਦ ਅਬਾਰਸ਼ਨ ਕੀਤੀ ਜਾਵੇ ਉਸ ਤੇ ਜ਼ਬਰਦਸਤ ਬੈਨ ਹੋਣਾ ਚਾਹੀਦਾ ਹੈ। ਸਿਰਫ ਗਲਾਂ ਨਾਲ ਇਹ ਨਹੀਂ ਹੋਣਾ। ਜਦੋਂ ਟਸਟ ਕਰਵਾਇਆ ਜਾਂਦਾ ਹੈ, ਜੇ ਤਾਂ ਲੜਕਾ ਹੋਵੇ ਤਾਂ ਤੇ ਠੀਕ ਹੈ ਪਰ ਜੇ ਲੜਕੀ ਹੋਵੇ ਤਾਂ ਅਬਾਰਸ਼ਨ ਕਰਵਾ ਦਿਤੀ ਜਾਂਦੀ ਹੈ, ਇਸ ਤੇ ਜ਼ਬਰਦਸਤ ਬੈਨ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਨਾ ਕਰਨ ਨਾਲ ਇਕ ਹੋਰ ਵੀ ਪ੍ਰਾਬਲਮ ਹੋ ਸਕਦੀ ਹੈ ਕਿ ਜੇ ਲੜਕੀਆਂ ਦੇਖ ਕੇ ਟੈਸਟ ਤੋਂ ਬਾਅਦ ਲੋਕੀਂ ਅਬਾਰਸ਼ਨ ਕਰਾਈ ਜਾਣਗੇ ਤਾਂ ਇਸ ਨਾਲ ਫਿਰ ਲੜਕੇ ਹੀ ਲੜਕੇ ਦਿਸਣਗੇ ਲੜਕੀਆਂ ਨਜ਼ਰ ਹੀ ਨਹੀਂ ਆਉਣਗੀਆਂ। ਸ੍ਰਿਸ਼ਟੀ ਤਾਂ ਇਸੇ ਤਰਾਂ ਨਰ ਔਰ ਨਾਰੀ ਨਾਲ ਹੀ ਚਲੇਗੀ ਸ਼ਾਸ਼ਤਰਾਂ ਵਿਚ ਵੀ ਆਉਂਦਾ ਹੈ ਸੀਤਾ-ਰਾਮ। ਰਾਧੇ-ਕ੍ਰਿਸ਼ਨ, ਇਸਤਰੀ ਜਾਤੀ ਨੂੰ ਪੂਰਾ ਮਾਣ ਦਿਤਾ ਗਿਆ ਹੈ, ਸਾਨੂੰ ਉਨ੍ਹਾਂ ਗਲਾਂ ਨੂੰ ਭੁਲਣਾ ਨਹੀਂ ਚਾਹੀਦਾ ਜਿਹੜੀ ਸਾਡੇ ਵਿਚ ਪੱਛਮੀ ਸਭਿਅਤਾ ਆ ਗਈ ਹੈ, ਅਸੀਂ ਪ੍ਰਾਚੀਨ ਸਭਿਅਤਾ ਨੂੰ ਭੁਲਦੇ ਜਾ ਰਹੇ ਹਾਂ। ਸਾਡੀ ਇਸਤਰੀ ਜਾਤੀ ਵੀ ਹੱਕ ਮੰਗਦੀ ਹੈ ਲੇਕਿਨ ਆਪਣੇ ਕਰਤੱਵ ਨੂੰ ਭੁਲਦੀ ਜਾਂਦੀ ਹੈ। ਸੋ, ਸਪੀਕਰ ਸਾਹਿਬ, ਸਾਡੀ ਆਪਣੀ ਪਰਾਚੀਨ ਸਭਿਅਤਾ ਨੇ ਨਾਰੀ ਨੂੰ ਬਹੁਤ ਉੱਚਾ ਚੁਕਿਆ ਹੈ ਸਾਨੂੰ ਉਸ ਪਰਾਚੀਨ ਸਭਿਅਤਾ ਨੂੰ ਭੁਲਣਾ ਨਹੀਂ ਚਾਹੀਦਾ । ਨਾਰੀ ਦਾ ਮਾਨ ਪਰਾਚੀਨ ਸਭਿਅਤਾ ਦੀ ਸਭ ਤੋਂ ਵਡੀ ਦੇਣ ਹੈ, । ਸਾਡੀ ਜਿਹੜੀ ਧਰਤੀ ਹੈ, ਰਿਸ਼ੀਆਂ, ਮੁਨੀਆਂ ਦੀ ਧਰਤੀ ਹੈ, ਪੀਰ, ਪੈਗੰਬਰਾਂ ਦੀ ਧਰਤੀ ਹੈ, ਕਰਮ ਔਰ ਧਰਮ ਦੀ ਧਰਤੀ ਹੈ, ਔਰ ਇਨ੍ਹਾਂ ਨੇ ਹਮੇਸ਼ਾਂ ਹੀ ਨਾਰੀ ਨੂੰ ਉੱਚਾ ਚੁਕਿਆ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਅੱਜ ਵੀ ਨਾਰੀ ਜਾਤੀ ਵਿਚ ਜਾਗ੍ਰਤੀ ਲਿਆਉਣ ਲਈ ਪਿੰਡਾਂ ਦੇ ਲੇਵਲ ਤੇ ਕਮੇਟੀਆਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ । ਪਿੰਡਾਂ ਵਿਚ ਜਾ ਜਾ ਕੇ ਲੋਕਾਂ ਨੂੰ ਸਮਝਾਉਣਾ ਚਾਹੀਦਾ ਹੈ ਔਰ ਨਾਰੀ ਜਾਤੀ ਦਾ ਸਨਮਾਨ ਰਖਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਸਤਰੀ ਕਈ ਰੂਪਾਂ ਵਿਚ ਸਾਡਾ ਸਾਥ ਦਿੰਦੀ ਹੈ। ਪਹਿਲੇ ਉਹ ਮਾਂ-ਬਾਪ ਦੀ ਪੁਤਰੀ ਕਹਾਉਂਦੀ ਹੈ, ਫਿਰ ਭਰਾ ਦੀ ਭੈਣ ਕਹਾਉਂਦੀ ਹੈ, ਫਿਰ ਆਦਮੀ ਦੀ ਪਤਨੀ ਬਣਦੀ ਹੈ ਔਰ ਫਿਰ ਉਹੀ ਨਾਰੀ ਮਾਂ ਬਣਦੀ ਹੈ। ਇਸ ਲਈ ਮੈਂ ਸਮਝਦੀ ਹਾਂ ਕਿ ਨਾਰੀ ਦਾ ਅਧਿਕਾਰ ਬਹੁਤ ਜ਼ਿਆਦਾ ਹੈ। ਮੈਂ ਸਮਝਦੀ ਹਾਂ ਕਿ ਜਿਸ ਪਰਿਵਾਰ ਵਿਚ ਨਾਰੀ ਦੀ ਇਜ਼ਤ ਨਹੀਂ ਹੁੰਦੀ ਉਹ ਪਰਿਵਾਰ ਤਰੱਕੀ ਨਹੀਂ ਕਰ ਸਕਦਾ, ਜਿਸ ਦੇਸ਼ ਵਿਚ ਨਾਰੀ ਦੀ ਇਜ਼ਤ ਨਹੀਂ ਹੁੰਦੀ ਉਹ ਦੇਸ਼ ਤਰੱਕੀ ਨਹੀਂ ਕਰ ਸਕਦਾ। ਹਰ ਦੇਸ਼ ਔਰ ਪਰਿਵਾਰ ਦੀ ਤਰੱਕੀ ਦੇ ਪਿਛੇ ਨਾਰੀ ਦਾ ਹੱਥ ਹੁੰਦਾ ਹੈ । ਸਾਡੇ ਸ਼ਾਸ਼ਤਰਾਂ ਵਿਚ ਵੀ ਇਹ ਆਉਂਦਾ ਹੈ। ਸਪੀਕਰ ਸਾਹਿਬ, ਜਦੋਂ 40 ਮੁਕਤੇ ਅਸਤੀਫੇ ਦੇ ਗਏ ਸਨ ਔਰ ਲੜਾਈ ਦਾ ਮੈਦਾਨ ਛੱਡ ਕੇ ਘਰ ਚਲੇ ਗਏ ਸਨ ਤਾਂ ਉਨ੍ਹਾਂ ਦੀ ਇਸਤਰੀਆਂ ਨੇ ਉਨ੍ਹਾਂ ਨੂੰ ਪਰੇਰਿਆ ਅਤੇ ਕਿਹਾ ਕਿ ਤੁਸੀਂ ਮੈਦਾਨ ਛੱਡ ਕੇ ਆਏ ਹੋ, ਇਹ ਚੂੜੀਆਂ ਹੱਥਾਂ ਵਿਚ ਤੁਸੀਂ

Original with;
Punjab Vidhan Sabha
Digitized by;
Panjab Digital Library

[ਸਰਦਾਰਨੀ ਸੁਰਜੀਤ ਕੌਰ ਕਲਕਟ]

ਪਾ ਲਓ ਔਰ ਅਸੀਂ ਮੈਦਾਨ ਵਿਚ ਲੜਾਂਗੀਆਂ। ਇਹ ਸੁਣ ਕੇ ਉਹ 40 ਮੁਕਤੇ ਵਾਪਸ ਗੁਰੂ ਸਾਹਿਬ ਦੇ ਚਰਨਾਂ ਵਿਚ ਚਲੇ ਗਏ ਅਤੇ ਪ੍ਰਾਰਥਨਾ ਕੀਤੀ ਕਿ ਸਾਡੇ ਅਸਤੀਫੇ ਪਾੜ ਦਿੱਤੇ ਜਾਣ। ਇਸੇ ਲਈ ਹੀ ਅੱਜ ਤਕ ਉਨ੍ਹਾਂ 40 ਮੁਕਤਿਆਂ ਦਾ ਨਾਂ ਅਰਦਾਸ ਵਿਚ ਲਿਆ ਜਾਂਦਾ ਹੈ। ਮੈਂ ਸਮਝਦੀ ਹਾਂ ਕਿ ਜਿਨ੍ਹਾਂ ਨੇ ਵੀ ਕੁਰਬਾਨੀਆਂ ਕੀਤੀਆਂ ਉਨ੍ਹਾਂ ਨੂੰ ਹੀ ਕੁਝ ਮਿਲਦਾ ਹੈ ਜਿਸ ਤਰ੍ਹਾਂ ਸਾਡੇ ਇਥੇ ਸ਼ੇਰ-ਏ- ਪੰਜਾਬ ਸਰਦਾਰ ਬੇਅੰਤ ਸਿੰਘ ਜੀ ਨੇ ਨਾਰੀ ਦਾ ਸਨਮਾਨ ਕਰਕੇ ਨਾਰੀ ਜਾਤੀ ਨੂੰ ਉੱਚਾ ਚੁਕਿਆ ਹੈ। ਪਿਛੇ ਜਿਹੇ ਨਾਰੀਆਂ ਦੇ ਫੰਕਸ਼ਨ ਤੇ ਜਿਹੜਾ ਵਿਮੈਨ ਡੇਅ ਮੰਨਾਇਆ ਸੀ ਤਾਂ ਸਰਦਾਰ ਬੇਅੰਤ ਸਿੰਘ ਜੀ ਨੇ ਕਿਹਾ ਸੀ ਕਿ ਜਿਸ ਤਰ੍ਹਾਂ ਪੁੱਤਰਾਂ ਦੀ ਲੋਹੜੀ ਮੰਨਾਈ ਜਾਂਦੀ ਹੈ ਇਸੇ ਤਰ੍ਹਾਂ ਹੀ ਧੀਆਂ ਦੀ ਵੀ ਲੋਹੜੀ ਮੰਨਾਇਆ ਕਰੋ। ਇਸ ਤਰ੍ਹਾਂ ਨਾਲ ਉਨ੍ਹਾਂ ਨੇ ਨਾਰੀ ਜਾਤੀ ਦਾ ਸਨਮਾਨ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਨਾਰੀਆਂ ਨੇ ਹੀ ਸੂਰਬੀਰ ਪੈਦਾ ਕੀਤੇ ਹਨ ਅਤੇ ਦੇਸ਼ ਨੂੰ ਬਚਾਇਆ ਹੈ ਜਿਵੇਂ ਕਿਹਾ ਜਾਂਦਾ ਹੈ

'ਜਨਨੀ ਜਨੇ ਤੋ ਭਗਤ ਜਨ, ਕੈ ਦਾਤਾ ਕੈ ਸੂਰ,<br>
ਨਹੀਂ ਤਾਂ ਜਨਨੀ ਬਾਂਝ ਰਹੇ ਕਾਹੈ ਗਵਾਵੈ ਨੂਰ',

ਇਸ ਤਰ੍ਹਾਂ ਦੀਆਂ ਮਿਸਾਲਾਂ ਦੇ ਕੇ ਉਨ੍ਹਾਂ ਨੇ ਨਾਰੀ ਜਾਤੀ ਨੂੰ ਮਾਨ ਦਿੱਤਾ ਸੀ। ਇਸੇ ਕਰਕੇ ਹੀ ਸਰਦਾਰ ਬੇਅੰਤ ਸਿੰਘ ਵਰਗੇ ਸੂਰਮੇ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਅਤਿਵਾਦ ਨਾਲ ਲੜਕੇ, ਮੁਕਾਬਲਾ ਕਰਕੇ ਭੈਣਾਂ ਨੂੰ ਵਿਧਵਾ ਹੋਣ ਤੋਂ ਬਚਾਇਆ ਹੈ। ਮੈਂ ਸਮਝਦੀ ਹਾਂ ਕਿ ਉਨ੍ਹਾਂ ਨੇ ਅਤਿਵਾਦ ਨਾਲ ਲੜਾਈ ਕਰਕੇ ਆਪਣੀ ਮਾਤਾ ਦਾ ਨਾਂ ਉਚਾ ਚੁੱਕਿਆ ਹੈ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦਾ ਸਾਥ ਦੇਈਏ। ਪਿਛੇ ਜਿਹੜਾ ਫੰਕਸ਼ਨ ਕੀਤਾ ਸੀ ਤਾਂ ਉਸ ਵਿਚ ਨਾਰੀਆਂ ਨੇ ਇਹ ਕਿਹਾ ਸੀ ਕਿ ਸ਼ੇਰੇ ਪੰਜਾਬ ਸਰਦਾਰ ਬੇਅੰਤ ਸਿੰਘ ਜੀ ਨੂੰ ਇਸ ਫੰਕਸ਼ਨ ਵਿਚ ਬੁਲਾਇਆ ਜਾਵੇ ਤਾਂਕਿ ਉਨ੍ਹਾਂ ਦੇ ਦਰਸ਼ਨ ਕਰਕੇ ਲੋਕਾਂ ਨੂੰ ਦਸਿਆ ਜਾ ਸਕੇ ਕਿ ਉਨ੍ਹਾਂ ਵਰਗੇ ਕੁਰਬਾਨੀਆਂ ਦੇਣ ਵਾਲੇ ਹੀ ਬੰਦੇ ਕੁਝ ਪਾ ਸਕਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰੇ ਪੁਤਰ ਵਾਰ ਦਿੱਤੇ ਸਨ ਅੱਜ ਇਥੇ ਸਰਦਾਰ ਬੇਅੰਤ ਸਿੰਘ ਜੀ ਨੇ ਗੁਰੂ ਸਿੱਖ ਬਣਕੇ, ਅਤਿਵਾਦ ਨਾਲ ਲੜਾਈ ਕਰਕੇ ਸਿਰਫ਼ ਪੰਜਾਬ ਦਾ ਨਾਂ ਹੀ ਉਚਾ ਨਹੀਂ ਕੀਤਾ ਬਲਕਿ ਸਾਰੇ ਹਿੰਦੁਸਤਾਨ ਦਾ ਨਾਂ ਉਚਾ ਕੀਤਾ ਹੈ। ਅੱਜ ਅਤਿਵਾਦ ਦਾ ਕੋਈ ਡਰ ਨਹੀਂ ਰਿਹਾ ਔਰ ਸਾਰੇ ਅਰਾਮ ਨਾਲ ਰਹਿ ਰਹੇ ਹਨ। ਮੇਰੇ ਇਲਾਕੇ ਵਿਚ ਜਿਸ ਤਰ੍ਹਾਂ ਪਿਛੇ ਜਿਹੇ ਅੱਤਵਾਦੀਆਂ ਨੇ ਅਟੈਕ ਕੀਤਾ ਅਤੇ ਆਨ ਦੀ ਸਪਾਟ 18 ਬੰਦਿਆਂ ਨੂੰ ਗੋਲੀ ਦਾ ਸ਼ਿਕਾਰ ਬਣਾਇਆ ਗਿਆ, ਜਖਮੀਆਂ ਨੂੰ ਬੜੀ ਹਿੰਮਤ ਕਰਕੇ ਹਸਪਤਾਲ ਵਿਚ ਪਹੁੰਚਾਇਆ ਗਿਆ ਅਤੇ ਇਨ੍ਹਾਂ ਵਿਚੋਂ 12 ਦੀ ਆਨ ਦੀ ਸਪਾਟ ਹੀ ਡੈਥ ਹੋ ਗਈ ਅਤੇ 6 ਨੂੰ ਬਚਾਅ ਲਿਆ ਗਿਆ। ਉਸ ਵਕਤ ਹਥੇਲੀ ਤੇ ਜਾਨ ਰੱਖ ਕੇ ਲੋਕਾਂ ਨੇ ਜਖ਼ਮੀਆਂ ਨੂੰ ਹਸਪਤਾਲ ਵਿਚ ਪਹੁੰਚਾਇਆ ਅਤੇ 6 ਜਾਨਾਂ ਨੂੰ ਫੇਰ ਵੀ ਬਚਾਅ ਲਿਆ ਗਿਆ। ਸਰਦਾਰ ਬੇਅੰਤ ਸਿੰਘ ਜੀ ਨੇ ਉਥੇ ਬੀਬੀਆਂ ਨੂੰ ਆਪਣੀ ਜੇਬ ਵਿਚੋਂ ਆਰਥਿਕ ਸਹਾਇਤਾ ਵੀ ਦਿੱਤੀ ਅਤੇ ਹੌਸਲਾ ਅਤੇ ਪਿਆਰ ਵੀ ਦਿਤਾ। ਇਸ ਸ਼ੇਰ-ਏ- ਪੰਜਾਬ ਨੇ ਉਨ੍ਹਾਂ 12 ਬੀਬੀਆਂ ਨੂੰ ਨੌਕਰੀਆਂ ਦੇ ਕੇ ਐਡਜਸਟ ਵੀ

Original with;
Punjab Vidhan Sabha
Digitized by;
Punjab Digital Library

ਕੀਤਾ ਸਰਕਾਰ ਵਲੋਂ ਜੋ ਮਦਦ ਮਿਲ ਸਕਦੀ ਸੀ ਉਹ ਵੀ ਕੀਤੀ ਅਤੇ ਉਨ੍ਹਾਂ ਦੇ ਘਰ ਘਰ ਜਾ ਕੇ ਹਮਦਰਦੀ ਵੀ ਜ਼ਾਹਿਰ ਕੀਤੀ। ਸਰਦਾਰ ਬੇਅੰਤ ਸਿੰਘ ਜੀ ਨੇ ਆਪਣੇ ਪਰਿਵਾਰ ਅਤੇ ਬਚਿਆਂ ਦੀ ਪਰਵਾਹ ਕੀਤੇ ਬਗੈਰ ਦੁਖੀਆਂ ਦੇ ਨਾਲ ਦੁੱਖ ਵੰਡ ਅਤੇ ਇਸ ਬਹਾਦੁਰ ਸਰਦਾਰ ਬੇਅੰਤ ਸਿੰਘ ਜੀ ਨੇ ਨਾਰੀ ਜਾਤੀ ਦੀ ਰਖਿਆ ਲਈ ਦਿਲੋਂ ਕੋਸ਼ਿਸ਼ ਕਰਕੇ ਸ਼ਾਂਤੀ ਲਿਆਂਦੀ। ਮੇਰੇ ਘਰ ਵੀ ਅਟੈਕ ਹੋਇਆ ਅਤੇ ਉਥੇ ਸਰਦਾਰ ਬੇਅੰਤ ਸਿੰਘ ਜੀ ਅੱਤਵਾਦੀਆਂ ਦੀ ਪਰਵਾਹ ਕੀਤੇ ਬਗੈਰ ਪਹੁੰਚੇ ਅਤੇ ਹੌਸਲਾ ਦਿਤਾ। ਤੀਸਰੀ ਵਾਰ ਫੇਰ ਜਦੋਂ ਅੱਤਵਾਦੀਆਂ ਨੇ ਸਾਡੇ ਘਰ ਅਟੈਕ ਕੀਤਾ ਤਾਂ ਉਸ ਵਕਤ ਵੀ ਸਰਦਾਰ ਬੇਅੰਤ ਸਿੰਘ ਸਾਡੇ ਘਰ ਆਏ ਅਤੇ ਲੋਕਾਂ ਦੇ ਦੁੱਖ ਸੁਣਦੇ ਰਹੇ। ਇਸ ਗਲ ਲਈ ਮੈਂ ਇਨ੍ਹਾਂ ਦਾ ਧੰਨਵਾਦ ਕਰਦੀ ਹਾਂ ਕਿ ਇਨ੍ਹਾਂ ਨੇ ਨਾਰੀ ਜਾਤੀ ਦੀ ਰਖਿਆ ਕੀਤੀ, ਵਿਧਵਾਵਾਂ ਨੂੰ ਸੁਰੱਖਿਆ ਦਿਤੀ ਅਤੇ ਬਚਿਆਂ ਨੂੰ ਹੋਰ ਯਤੀਮ ਹੋਣ ਤੋਂ ਬਚਾਇਆ ਹੈ। ਇਹ ਜਿਹੜਾ ਬਿਲ ਲਿਆਂਦਾ ਗਿਆ ਹੈ ਮੈਂ ਇਸ ਦਾ ਸਮਰਥਨ ਕਰਦੀ ਹਾਂ ਅਤੇ ਕਹਿਣਾ ਚਾਹੁੰਦੀ ਹਾਂ ਕਿ ਜਿਹੜਾ ਚੈਕ ਕਰਨ ਦਾ ਸਿਸਟਮ ਹੈ ਇਸ ਉਤੇ ਸਰਕਾਰੀ ਤੌਰ ਤੇ ਬੈਨ ਲਗਾ ਦੇਣਾ ਚਾਹੁੰਦਾ ਹੈ ਤਾਂਕਿ ਧੀਆਂ ਅਤੇ ਪੁੱਤਰਾਂ ਦੇ ਵਿਚਕਾਰ ਕੋਈ ਫਰਕ ਨਾ ਰਹੇ। ਦਹੇਜ ਦੀ ਪ੍ਰਥਾ ਨੂੰ ਵੀ ਸਖ਼ਤੀ ਨਾਲ ਬੰਦ ਕਰ ਦੇਣਾ ਚਾਹੀਦਾ ਹੈ। ਦਹੇਜ ਪ੍ਰਥਾ ਕਰਕੇ ਹੀ ਨਾਰੀਆਂ ਨੂੰ ਨੀਚਾ ਵੇਖਣਾ ਪੈਂਦਾ ਹੈ ਹੁਣ ਤਾਂ ਕਾਫੀ ਲੜਕੀਆਂ ਆਈ.ਏ.ਐਸ,. ਪੀ.ਸੀ.ਐਸ., ਆਈ.ਪੀ.ਐਸ. ਅਤੇ ਫੌਜ ਵਿਚ ਭਰਤੀ ਹੋ ਰਹੀਆਂ ਹਨ ਅਤੇ ਹਰ ਪਾਸੇ ਮਰਦਾਂ ਦਾ ਮੁਕਾਬਲਾ ਪੂਰਾ ਕਰ ਰਹੀਆਂ ਹਨ, ਇਸ ਲਈ ਇਸ ਨੂੰ ਮਰਦ ਦੇ ਬਰਾਬਰ ਦਾ ਦਰਜਾ ਮਿਲਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ।

ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ): ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਬਿਲ ਉਤੇ ਬੋਲਣ ਲਈ ਸਮਾਂ ਦਿੱਤਾ ਹੈ। ਇਸ ਬਿਲ ਦਾ ਮੈਂ ਜ਼ੋਰਦਾਰ ਸ਼ਬਦਾਂ ਦੇ ਨਾਲ ਸਮੱਰਥਨ ਕਰਦਾ ਹਾਂ ਅਤੇ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਹ ਬਿਲ ਲਿਆ ਕੇ ਬੜਾ ਹੀ ਚੰਗਾ ਕੰਮ ਕੀਤਾ ਹੈ। ਇਸ ਸੋਸਾਇਟੀ ਦੇ ਵਿਚ ਇਕ ਪਰਟੀ-ਕੂਲਰ ਸੈਕਸ਼ਨ ਲੇਡੀਜ਼ ਦੇ ਨਾਲ ਵਿਤਕਰਾ ਕਰਦਾ ਜਾ ਰਿਹਾ ਸੀ, ਉਸ ਨੂੰ ਬੰਦ ਕਰਨ ਦੀ ਬਹੁਤ ਲੋੜ ਸੀ, ਇਸ ਦੇ ਲਈ ਸਰਕਾਰ ਨੇ ਬੜੇ ਉਪਰਾਲੇ ਕੀਤੇ ਹਨ। ਇਹ ਵਿੱਤਕਰਾ ਸਾਰੀ ਸੋਸਾਇਟੀ ਦੇ ਵਿਚ ਕਾਫੀ ਦੇਰ ਤੋਂ ਚਲਦਾ ਆ ਰਿਹਾ ਹੈ ਅਤੇ ਕਦੇ ਇਹ ਵਿੱਤਕਰਾ ਊਚ-ਨੀਚ ਦਾ ਹੈ, ਕਦੇ ਜਾਤ-ਪਾਤ ਦਾ ਹੈ ਅਤੇ ਕਦੇਂ ਅਮੀਰੀ-ਗਰੀਬੀ ਦਾ ਹੈ। ਔਰਤਾਂ ਦੇ ਨਾਲ ਵੀ ਵਿੱਤਕਰਾ ਕਾਫੀ ਦੇਰ ਤੋਂ ਚਲਿਆ ਆ ਰਿਹਾ ਸੀ, ਇਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਹੜਾ ਔਰਤ ਦਾ ਇਸ ਸੋਸਾਇਟੀ ਦੇ ਵਿਚ ਹੱਕ ਬਣਦਾ ਹੈ ਅਤੇ ਦਰਜਾ ਬਣਦਾ ਹੈ, ਉਹ ਮਿਲਣਾ ਚਾਹੀਦਾ ਹੈ। ਇਸ ਵਿੱਤਕਰੇ ਦੇ ਖਿਲਾਫ ਕਾਫੀ ਲੜਾਈ ਲੜਨੀ ਪਈ ਹੈ ਅਤੇ ਔਰਤਾਂ ਦੇ ਵਿਚ ਹੁਣ ਕਾਫੀ ਜਾਗ੍ਰਿਤੀ ਆਈ ਹੈ। ਔਰਤਾਂ ਦੇ ਨਾਲ ਵਿੱਤਕਰਾ ਜਾਗੀਰੇਦਾਰੀ ਸਿਸਟਮ ਤੋਂ ਚਲਿਆ ਆ ਰਿਹਾ ਹੈ। ਔਰਤਾਂ ਨੂੰ ਦਬਾਇਆ ਜਾਂਦਾ ਰਿਹਾ ਹੈ ਅਤੇ ਪਹਿਲਾਂ ਪਹਿਲ ਤਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਤਰਸੇਮ ਜੋਧਾਂ]

ਔਰਤ ਨੂੰ ਮਰਦ ਦੇ ਪੈਰ ਦੀ ਜੁਤੀ ਸਮਝਿਆ ਜਾਂਦਾ ਸੀ। ਔਰਤ ਨਾਲ ਹਰ ਤਰ੍ਹਾਂ ਦੇ ਜ਼ੁਲਮ ਕੀਤੇ ਜਾਂਦੇ ਸਨ। ਇਹੀ ਕਾਰਨ ਹੈ ਕਿ ਸੰਸਾਰ ਵਿਚ ਔਰਤਾਂ ਦੇ ਲਈ ਇਕ ਦਿਨ 8 ਮਾਰਚ ਦਾ ਮਨਾਇਆ ਜਾਂਦਾ ਹੈ ਤਾਂ ਕਿ ਔਰਤਾਂ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਆਵਾਜ਼ ਉਠਾ ਸਕਣ ਦਾ ਮੌਕਾ ਮਿਲੇ ਅਤੇ ਉਨ੍ਹਾਂ ਵਿਚ ਚੇਤਨਾ ਪੈਦਾ ਕੀਤੀ ਜਾ ਸਕੇ।

ਸਾਡੇ ਸਮਾਜ ਵਿਚ ਦਹੇਜ ਇਕ ਲਾਹਨਤ ਹੈ ਅਤੇ ਇਸ ਲਾਹਨਤ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਹਾਲੇ ਇਸ ਉਤੇ ਪੂਰੀ ਤਰ੍ਹਾਂ ਨਾਲ ਕਾਬੂ ਨਹੀਂ ਪਾਇਆ ਗਿਆ, ਇਸ ਲਾਹਨਤ ਨੂੰ ਸਖਤੀ ਦੇ ਨਾਲ ਖਤਮ ਕੀਤਾ ਜਾਵੇ ਇਸ ਦਹੇਜ ਕਰਕੇ ਕਈ ਫਾਰੇਨ ਦੇ ਵਿਚ ਰਹਿੰਦੇ 70-80 ਸਾਲ ਦੇ ਬੰਦੇ ਸਾਡੇ ਦੇਸ਼ ਵਿਚੋਂ 15-15, 20-20 ਸਾਲ ਦੀਆਂ ਲੜਕੀਆਂ ਨਾਲ ਸ਼ਾਦੀ ਕਰ ਲੈਂਦੇ ਹਨ ਅਤੇ ਲੜਕੀ ਦੇ ਮਾਂ ਬਾਪ ਲੜਕੀ ਦਾ ਆਰਥਿਕ ਭਵਿੱਖ ਵੇਖ ਕੇ ਸ਼ਾਦੀ ਕਰ ਦਿੰਦੇ ਹਨ ਇਹ ਸਮਝਦੇ ਹੋਏ ਕਿ ਆਰਥਿਕ ਤੌਰ ਤੇ ਲੜਕੀ ਨੂੰ ਗਰੰਟੀ ਹੋਵੇਗੀ। ਇਸ ਬਿਮਾਰੀ ਨੂੰ ਵੀ, ਔਰਤਾਂ ਦੇ ਉਤੇ ਜਿਹੜੀ ਦਹੇਜ ਦੀ ਲਾਹਨਤ ਹੈ ਉਸ ਨੂੰ ਖ਼ਤਮ ਕੀਤਾ ਜਾਵੇ।

ਸਪੀਕਰ ਸਾਹਿਬ, ਇਹ ਜੋ ਸੈਕਸ ਡਿਟਰਮੀਨੇਸ਼ਨ ਟੈਸਟ ਸ਼ੁਰੂ ਹੋਇਆ ਹੈ, ਇਹ ਟੈਸਟ ਸਖ਼ਤੀ ਦੇ ਨਾਲ ਬੰਦ ਕੀਤਾ ਜਾਵੇ। ਮੈਂ ਸਮਝਦਾ ਹਾਂ ਕਿ ਹਰ ਪਰਿਵਾਰ ਵਿਚ ਇਹ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਘਰ ਵਿਚ ਲੜਕਾ ਹੋਵੇ। ਜੇਕਰ ਲੜਕੀਆਂ ਹੀ ਪੈਦਾ ਹੋਈ ਜਾਣ ਤਾਂ ਲੜਕੇ ਦੀ ਇੱਛਾ ਲਗਾਤਾਰ ਚਲਦੀ ਰਹਿੰਦੀ ਹੈ। ਘਰ ਵਿਚ ਲੜਕੀ ਦੇ ਨਾਲ ਵਿੱਤਕਰਾ ਹੁੰਦਾ ਹੈ, ਉਨ੍ਹਾਂ ਨੂੰ ਜਾਇਦਾਦ ਤੋਂ ਵਾਂਝੇ ਰੱਖਿਆ ਜਾਂਦਾ ਹੈ। ਉਨ੍ਹਾਂ ਦੇ ਹੱਕਾਂ ਨੂੰ ਮਹਿਰੂਮ ਕੀਤਾ ਜਾਂਦਾ ਹੈ। ਸਾਡਾ ਪਿਛਲਾ ਤਜਰਬਾ ਦੱਸਦਾ ਹੈ ਕਿ ਲੜਕੇ ਮਾਂ-ਬਾਪ ਦੀ ਸੇਵਾ ਨਹੀਂ ਕਰਦੇ, ਲੜਕੇ ਸ਼ਰਾਬੀ, ਕਬਾਬੀ ਨਿਕਲ ਆਉਂਦੇ ਹਨ, ਲੜਕੇ ਗਲਤ ਰਸਤਿਆਂ ਤੇ ਚਲਨ ਲਗ ਪੈਂਦੇ ਹਨ ਪਰ ਲੜਕੀਆਂ ਆਪਣੇ ਮਾਂ-ਬਾਪ ਦੇ ਨਾਲ ਦੁਖ ਸੁੱਖ ਵੇਲੇ ਮਦਦ ਕਰਦੀਆਂ ਹਨ, ਲੜਕੀਆਂ ਆਪਣੇ ਮਾਂ-ਬਾਪ ਦੀ ਸੇਵਾ ਕਰਦੀਆਂ ਹਨ। ਬਹੁਤ ਵੱਡੇ ਪੈਮਾਨੇ ਤੇ ਪੰਜਾਬ ਸਰਕਾਰ, ਸਮਾਜਿਕ ਸੰਸਥਾਵਾਂ, ਸੁਸਾਇਟੀਆਂ ਅਤੇ ਹੋਰ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਜੋ ਵਧੀਕੀਆਂ ਲੜਕੀਆਂ ਦੇ ਨਾਲ ਹੁੰਦੀਆਂ ਹਨ, ਉਨ੍ਹਾਂ ਦਾ ਡਟ ਕੇ ਪਰਚਾਰ ਕੀਤਾ ਜਾਵੇ। ਸਪੀਕਰ ਸਾਹਿਬ, ਮੈਂ ਬਹੁਤਾ ਕੁਝ ਨਾ ਕਹਿੰਦਾ ਹੋਇਆ ਇਸ ਬਿਲ ਦਾ ਸਮੱਰਥਨ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਇਹ ਬਿਲ ਪਾਸ ਹੋਣਾ ਚਾਹੀਦਾ ਹੈ। ਇਸ ਚੀਜ਼ ਨੂੰ ਲਾਗੂ ਕਰਨ ਵਾਸਤੇ ਸਰਕਾਰ ਨੂੰ ਸਖਤੀ ਦੇ ਨਾਲ ਕੰਮ ਕਰਨਾ ਪਵੇਗਾ ਕਿਉਂਕਿ ਬਹੁਤ ਸਾਰੇ ਕਾਨੂੰਨ ਬਣੇ ਹੋਏ ਹਨ ਪਰ ਉਹ ਕਾਨੂੰਨ ਫਾਈਲਾਂ ਵਿਚ ਹੀ ਰਹਿ ਜਾਂਦੇ ਹਨ, ਉਨ੍ਹਾਂ ਕਾਨੂੰਨਾਂ ਤੇ ਅਮਲ ਨਹੀਂ ਹੁੰਦਾ। ਕਾਨੂੰਨ ਕਈਆਂ ਵਲੋਂ ਤੋੜੇ ਵੀ ਜਾਂਦੇ ਹਨ। ਪੰਜਾਬ ਐਮ.ਐਲ.ਏ. ਹੋਸਟਲ ਦੇ ਕਮਰਿਆਂ ਵਿਚ ਬਹੁਤ ਸਾਰੇ ਸਜਣਾਂ ਨੇ ਔਰਤਾਂ ਦੀ ਬੇਇਜ਼ਤੀ ਕੀਤੀ (ਵਿਘਨ) ਸੈਕਸ ਡਿਟਰਮੀਨੇਸ਼ਨ ਟੈਸਟ ਦੇ ਨਾਲ ਫੈਮਲੀ ਪਲੈਨਿੰਗ ਨੂੰ ਧੱਕਾ ਵਜੇਗਾ ਕਿਉਂਕਿ ਹਰ ਪਰਿਵਾਰ ਵਿਚ ਲੜਕਾ ਜ਼ਰੂਰ ਚਾਹੁੰਦੇ ਹਨ। ਇਸ ਲਈ ਸਰਕਾਰ ਨੂੰ ਸੋਚ ਸਮਝ

Original with;
Punjab Vidhan Sabha
Digitized by;
Panjab Digital Library

ਕੇ ਠੀਕ ਢੰਗ ਨਾਲ ਆਵਾਜ਼ ਉਠਾਉਣੀ ਪਵੇਗੀ ਕਿ ਲੜਕੀਆਂ ਕਿਸੇ ਗਲੋਂ ਵੀ ਘੱਟ ਨਹੀਂ ਹਨ। ਵੀਅਤਨਾਮ ਦੀ ਲੜਾਈ ਵਿਚ ਉਥੋਂ ਦੀਆਂ ਲੜਕੀਆਂ ਨੇ ਬੰਦੂਕਾਂ ਚੁੱਕੀਆਂ ਅਤੇ ਲੜਾਈ ਵਿਚ ਹਿਸਾ ਲਿਆ। ਖੇਤਾਂ ਵਿਚ ਹੱਲ ਵਾਹੇ ਅਤੇ ਦੁਸ਼ਮਨਾਂ ਦਾ ਡਟ ਕੇ ਮੁਕਾਬਲਾ ਕੀਤਾ। ਪੰਜਾਬ ਵਿਚ ਵੀ ਲੜਕੀਆਂ ਨੇ ਬੰਦੂਕਾਂ ਚੁੱਕੀਆਂ। ਸਪੀਕਰ ਸਾਹਿਬ, ਪਿੰਡ ਭਿੱਖੀ ਵਿਚ ਸਰਦਾਰ ਬਲਵਿੰਦਰ ਸਿੰਘ ਦੀ ਵਾਈਫ ਜਗਦੀਸ਼ ਕੌਰ ਅਤੇ ਉਸ ਦੀ ਬੱਚੀ ਨੇ ਅੱਤਿਵਾਦੀਆਂ ਦਾ ਤਿੰਨ, ਤਿੰਨ ਘੰਟੇ ਮੁਕਾਬਲਾ ਕੀਤਾ। ਛੋਟੀ ਬੱਚੀ ਆਪਣੀ ਮਾਂ ਨੂੰ ਕਾਰਤੂਸ ਦਿੰਦੀ ਸੀ ਅਤੇ ਬਲਵਿੰਦਰ ਸਿੰਘ ਦੀ ਵਾਈਫ ਜਗਦੀਸ਼ ਕੌਰ ਅਤਿਵਾਦੀਆਂ ਤੇ ਕਈ ਕਈ ਘੰਟੇ ਲਗਾਤਾਰ ਗੋਲੀਆਂ ਚਲਾਉਂਦੀ ਸੀ। ਉਨ੍ਹਾਂ ਨੇ ਅੱਤਿਵਾਦੀਆਂ ਨੂੰ ਮਕਾਨ ਦੇ ਨੇੜੇ ਨਹੀਂ ਆਉਣ ਦਿੱਤਾ। ਸਾਡੀਆਂ ਭੈਣਾਂ ਨੇ ਇਹ ਲੜਾਈ ਲੜੀ। ਇਸ ਗਲ ਨੂੰ ਮਦੇ ਨਜ਼ਰ ਰਖਦਿਆਂ ਹੋਇਆਂ ਇਹ ਬਿਲ ਪਾਸ ਕਰੋਨਾ ਚਾਹੀਦਾ ਹੈ। ਪਿਛੇ ਜੋ ਕਾਨੂੰਨ ਬਣੇ ਹੋਏ ਹਨ, ਉਨ੍ਹਾਂ ਨੂੰ ਸਖ਼ਤੀ ਦੇ ਨਾਲ ਸਰਕਾਰ ਲਾਗੂ ਕਰਾਏ। ਸਪੀਕਰ ਸਾਹਿਬ, ਮੈਂ ਇਤਨਾ ਕੁਝ ਕਹਿ ਕੇ ਬਸ ਕਰਦਾ ਹਾਂ ਅਤੇ ਇਸ ਬਿਲ ਦੀ ਜ਼ੋਰ ਦੇ ਨਾਲ ਸਮੱਰਥਨ ਕਰਦਾ ਹਾਂ ਅਤੇ ਬੈਠਦਾ ਹਾਂ। (ਵਿਘਨ)

**ਸ੍ਰੀ ਸਪੀਕਰ :** ਹਰ ਡਰਾਮੇ ਵਿਚ ਇਕ ਜੋਕਰ ਹੋਣਾ ਜ਼ਰੂਰੀ ਹੈ। (ਹਾਸਾ)

**ਸ੍ਰੀ ਵਿਜੇ ਕੁਮਾਰ ਸਾਥੀ (ਬਾਘਾ ਪੁਰਾਣਾ)** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਸਰਕਾਰ ਨੇ ਜੋ ਇਹ ਬਿਲ ਲਿਆਂਦਾ ਹੈ, ਬੜਾ ਨੇਕ ਕੰਮ ਕੀਤਾ ਹੈ ਅਤੇ ਮੈਂ ਸਰਕਾਰ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ। (ਥੰਪਿੰਗ) ਸਪੀਕਰ ਸਾਹਿਬ, ਜਿਥੋਂ ਤਕ ਇਸ ਬਿਲ ਦਾ ਤੁਅੱਲਕ ਹੈ, ਬਿਲ ਦੀ ਭਾਵਨਾ ਦਾ ਤੁਅੱਲਕ ਹੈ, ਇਕ ਪਾਸੇ ਤਾਂ ਔਰਤਾਂ ਨੂੰ ਬਰਾਬਰ ਦਾ ਦਰਜਾ ਦੇਣ ਦਾ ਸਵਾਲ ਹੈ ਅਤੇ ਦੂਸਰੇ ਪਾਸੇ, ਸਪੀਕਰ ਸਾਹਿਬ, ਜਦੋਂ ਔਰਤ ਕਿਸੇ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਉਸ ਵੇਲੇ ਅਨਜੰਮੇ ਬਚੇ ਨੂੰ ਮਾਂ ਦੇ ਪੇਟ ਵਿਚ ਹੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਬਿਲ ਦੇ ਨਾਲ ਇਹ ਗੱਲ ਸਾਹਮਣੇ ਆ ਗਈ ਹੈ ਕਿ ਅਣਜੰਮੇ ਬੱਚੇ ਮਰਨ ਤੋਂ ਬਚ ਜਾਣਗੇ। ਬਿਲ ਪਾਸ ਹੋਣ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ। ਦੇਖਣਾ ਇਹ ਹੈ ਕਿ ਇਹ ਸੈਕਸ ਡਿਟਰਮੀਨੇਸ਼ਨ ਟੈਸਟ ਵਾਲੀ ਜਿਹੜੀ ਗੱਲ ਹੈ ਜਿਸ ਬਾਰੇ ਇਹ ਬਿਲ ਲਿਆਂਦਾ ਗਿਆ ਹੈ ਕਿ ਇਹ ਪੂਰਾ ਅਮਲ ਵਿਚ ਆ ਜਾਏਗਾ ਜਾਂ ਨਹੀਂ? ਕਿਉ? ਕਿਉਂਕਿ ਹਿੰਦੁਸਤਾਨ ਦੇ ਅੱਡ ਅੱਡ ਸੂਬਿਆਂ ਵਿਚ ਅੱਡ ਅੱਡ ਗੱਲਾਂ ਹਨ, ਅੱਡ ਅੱਡ ਕਾਨੂੰਨ ਹਨ। ਪੰਜਾਬ ਛੋਟਾ ਜਿਹਾ ਸੂਬਾ ਹੈ ਲੋਕ ਚੰਡੀਗੜ੍ਹ ਵਿਚ ਭੱਜ ਕੇ ਆ ਜਾਂਦੇ ਹਨ। ਹਰਿਆਣੇ ਵਿਚ ਕਾਨੂੰਨ ਹੈ ਨਹੀਂ, ਹਿਮਾਚਲ ਵਿਚ ਕਾਨੂੰਨ ਹੈ ਨਹੀਂ। ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਕਰਨੀ ਚਾਹੀਦੀ ਹੈ ਕਿ ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਇੰਪਲੀਮੈਂਟ ਕਰਾਉਣ ਲਈ ਕੇਂਦਰ ਦੀ ਸਰਕਾਰ ਨਾਲ ਵੀ ਆਪਣਾ ਤਾਲਮੇਲ ਕਰਨਾ ਚਾਹੀਦਾ ਹੈ ਜਿਸ ਦੇ ਰਾਹੀਂ ਇਹ ਜਿਹੜਾ ਬਿਲ ਹੈ, ਇਹ ਅਮਲ ਰੂਪ ਧਾਰਨ ਕਰ ਸਕੇ। ਅੱਜ ਕੱਲ੍ਹ ਗੱਲਾਂ ਚਲਦੀਆਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਵਿਜੈ ਕੁਮਾਰ ਸਾਥੀ]

ਹਨ ਇਸ ਟੈਸਟ ਦੀਆਂ ਜਦੋਂ ਕਿ ਲੋਕ ਔਰਤ ਨੂੰ, ਧੀ ਨੂੰ ਇਕ ਬੋਝ ਮੰਨਣ ਲਗ ਪਏ ਹਨ। ਮਗਰ, ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਹਿੱਕ ਤੇ ਹੱਥ ਰਖ ਕੇ, ਮੇਰੇ ਵੀ ਧੀ ਹੈ, ਇਕ ਬੱਚੀ ਹੈ, ਇਹ ਇਥੇ ਜਿੰਨਾ ਸਮਾਜ ਬੈਠਾ ਹੈ ਇਸ ਪਵਿੱਤਰ ਸਦਨ ਵਿਚ, ਅਸੀਂ ਵੀ ਜਿਸ ਮਾਂ ਦੀ ਕੁੱਖ ਤੋਂ ਜਨਮ ਲਿਆ ਉਹ ਵੀ ਕਿਸੇ ਦੀ ਧੀ ਸੀ, ਭੈਣ ਸੀ, ਮੈਂ ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਇਸ ਸਮਾਜ ਵਿਚ ਕਿ ਮੈਂ ਉਸ ਮਾਤਾ ਦੇ ਜਦੋਂ ਚਰਨ ਛੂੰਹਦਾ ਹਾਂ ਤਾਂ ਜੀਵਨ ਸਫਲ ਹੁੰਦਾ ਹੈ। ਇਹ ਜਿਹੜੇ ਟੈਸਟ ਹਨ, ਇਹ ਜਿਹੜੀਆਂ ਗੱਲਾਂ ਕਰਦੇ ਹਨ, ਸਾਇੰਸ ਵਿਗਿਆਨ ਕਾਫੀ ਅੱਗੇ ਜਾ ਚੁੱਕਾ ਹੈ ਅਣ-ਜੰਮੀਆਂ ਧੀਆਂ ਨੂੰ ਜਿਹੜੇ ਮਾਰਦੇ ਹਨ, ਉਹ ਸਮਾਂ ਆਏਗਾ ਕਿ ਅੱਜ ਮੁੰਡੇ ਜੰਮਦੇ ਹੋ, ਫੇਰ ਤੁਹਾਨੂੰ ਧੀਆਂ ਪੈਦਾ ਕਰਨੀਆਂ ਪੈਣਗੀਆਂ। ਸਪੀਕਰ ਸਾਹਿਬ, ਅੱਜ ਕੁਦਰਤ ਦੇ ਕਾਨੂੰਨ ਦਾ ਬੈਲੈਂਸ ਇਮਬੈਲੈਂਸ ਹੋ ਰਿਹਾ ਹੈ। ਅੱਜ ਸਾਡੀ ਸਭਿਅਤਾ, ਸਾਡੀ ਕਲਚਰ, ਸਾਡੀ ਸੋਸਾਇਟੀ ਕਿਸ ਪਾਸੇ ਨੂੰ ਜਾ ਰਹੀ ਹੈ? ਇਹ ਰਿਸ਼ੀਆਂ, ਮੁਨੀਆਂ ਦੀ ਧਰਤੀ ਹੈ, ਸਮਾਜ ਹੈ। ਅੱਜ ਆਉ ਆਪਾਂ ਸਾਰੇ ਹਿੱਕ ਤੇ ਹੱਥ ਰਖ ਕੇ ਵਚਨ-ਬੱਧ ਹੋਈਏ ਅਤੇ ਆਪਣੇ ਘਰ ਤੋਂ ਸ਼ੁਰੂ ਹੋਈਏ। ਹਰ ਕਾਨੂੰਨ ਪਹਿਲਾਂ ਆਪਣੇ ਤੋਂ ਹੀ ਲਾਗੂ ਹੁੰਦਾ ਹੈ ਦੂਜਿਆਂ ਤੋਂ ਨਹੀਂ ਇਹ ਟੈਸਟ ਹਿੰਦੁਸਤਾਨ ਦੇ ਕਿੰਨੇ ਪਰਸੈਂਟ ਲੋਕ ਕਰਾ ਸਕਣਗੇ। ਇਕ ਜਾਂ ਦੋ ਪਰਸੈਂਟ ਕਿਉਂ-ਕਿ 80-85 ਕਰੋੜ ਦੀ ਆਬਾਦੀ ਹੈ ਅਤੇ ਉਸ ਵਿਚ ਗਰੀਬ ਜਨਤਾ ਕਿੰਨੀ ਹੈ। ਇਸ ਬਿਲ ਨੂੰ ਅਹਿਮੀਅਤ ਇਸ ਕਰਕੇ ਜ਼ਿਆਦਾ ਦਿੱਤੀ ਜਾਣੀ ਚਾਹੀਦੀ ਹੈ ਕਿ ਜਿਹੜੇ ਪੜ੍ਹੇ ਲਿਖੇ ਲੋਕ ਹਨ, ਪੈਸੇ ਵਾਲੇ ਲੋਕ ਹਨ, ਉਹੀ ਸਮਾਜ ਵਿਚ ਜ਼ਿਆਦਾ ਕੁਰੀਤੀਆਂ ਲਿਆਉਂਦੇ ਹਨ। ਗਰੀਬ ਲੋਕਾਂ ਕੋਲ ਤਾਂ ਪੈਸਾ ਹੈ ਨਹੀਂ ਰੋਟੀ ਖਾਣ ਨੂੰ ਵੀ ਤਾਂ ਉਹ ਟੈਸਟ ਤੇ ਪੈਸੇ ਕਿਥੋਂ ਲਗਾਏਗਾ। ਉਸ ਕੋਲ ਰੀਕਰੀਏਸ਼ਨ ਦਾ ਕੋਈ ਹੋਰ ਸਾਧਨ ਨਹੀਂ। ਸਾਡੇ ਕੋਲ ਤਾਂ ਗੀਤ ਸੰਗੀਤ ਹੈ। ਲਚਰ ਨਾ ਸੁਣੀਏ, ਚੰਗਾ ਸੁਣ ਲਈਏ ਪਰ ਅੱਜ ਸਮਾਜ ਕਿਸੇ ਪਾਸੇ ਨੂੰ ਜਾ ਰਿਹਾ ਹੈ। ਗੀਤ-ਸੰਗੀਤ ਕਿਹੋ ਜਿਹਾ ਹੈ, ਪਹਿਲਾਂ ਕੀ ਸੀ। ਇਤਿਹਾਸ ਵਿਚ ਕਿਹੋ ਜਿਹੀਆਂ ਕਿਤਾਬਾਂ ਪੜ੍ਹੀਆਂ ਜਾ ਰਹੀਆਂ ਹਨ, ਪਹਿਲਾਂ ਕਿਹੋ ਜਿਹੀਆਂ ਸਨ। ਸਵਾਮੀ ਦਿਆਨੰਦ ਨੇ ਔਰਤ ਨੂੰ ਪੜ੍ਹਾਈ ਕਰਨ ਲਈ ਤਤਪਰ ਕੀਤਾ। । ਉਸ ਨੂੰ ਬਰਾਬਰ ਦਾ ਦਰਜਾ ਦਿੱਤਾ। ਸੋ, ਸਪੀਕਰ ਸਾਹਿਬ ਇਸ ਗੱਲ ਨੂੰ ਲਾਗੂ ਕਰਨ ਲਈ ਕਾਨੂੰਨ ਨਾਲ ਨਹੀਂ, ਪਹਿਲਾਂ ਦਿਮਾਗ ਤੇ ਬੋਝ ਪਾ ਕੇ ਅਸਰ ਪਾਉਣਾ ਪਵੇਗਾ ਕਿ ਅਸੀਂ ਪਹਿਲਾਂ ਇਸ ਕਾਬਲ ਬਣੀਏ। ਇਸ ਲਈ ਐਜੂਕੇਸ਼ਨ ਸਭ ਤੋਂ ਵੱਡੀ ਗੱਲ ਹੈ। ਮੇਰੇ ਫਾਜ਼ਲ ਦੋਸਤ ਨੇ ਠੀਕ ਕਿਹਾ ਸੀ ਕਿ ਜਦੋਂ ਇਕ ਧੀ, ਮਾਂ ਪੜ੍ਹ ਜਾਂਦੀ ਹੈ ਤਾਂ ਸਾਰਾ ਪਰਿਵਾਰ ਪੜ੍ਹ ਜਾਂਦਾ ਹੈ। ਇਹ ਬੜੀ ਵਾਜਬ ਗੱਲ ਹੈ। ਐਜੂਕੇਸ਼ਨ ਦੀ ਗੱਲ ਇਸ ਦੇ ਨਾਲ ਨਾਲ ਆਉਂਦੀ ਹੈ। ਐਜੂਕੇਸ਼ਨ ਨਾਲ ਔਰਤ ਜ਼ਾਤ ਵਿਚ, ਸਾਡੀਆਂ ਮਾਵਾਂ, ਭੈਣਾਂ, ਧੀਆਂ ਨੂੰ ਇਹ ਗੱਲ ਸਾਬਤ ਹੋ ਜਾਵੇਗੀ ਕਿ ਉਹ ਅੱਛੇ ਬੁਰੇ ਨੂੰ ਸਮਝਣ ਲਾਇਕ ਹੋ ਜਾਣਗੀਆਂ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਸਾਡਾ ਸਮਾਜ ਕਿਥੇ ਖੜ੍ਹਾ ਹੈ। "ਔਰਤ ਨੇ ਜਨਮ ਦੀਆਂ ਮਰਦੋਂ ਕੋ, ਮਰਦੋਂ ਨੇ ਉਸੇ ਬਾਜ਼ਾਰ ਦੀਆਂ"। ਅਸੀਂ ਇਸ ਗੱਲ ਨੂੰ ਸੱਚੇ ਦਿਲੋਂ ਮੰਨ ਕੇ ਚਲੀਏ। ਮੈਂ, ,ਸਪੀਕਰ

Original with;
Punjab Vidhan Sabha
Digitized by;
Panjab Digital Library

ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਮੈਂ ਸਵੇਰੇ ਲੇਕ ਤੱਕ ਸੈਰ ਕਰਨ ਜਾਂਦਾ ਹਾਂ। ਮੈਂ ਆਉਂਦਿਆਂ ਹੋਇਆਂ ਇਕ ਡਰਾਮਾ ਦੇਖਿਆ। ਤਿੰਨ ਪੁਲਿਸ ਵਾਲੇ ਘੋੜਿਆਂ ਤੇ ਜਾ ਰਹੇ ਹਨ। ਇਕ ਭੈਣ ਜਾ ਰਹੀ ਹੈ ਉਹ ਉਸ ਨੂੰ ਘੋੜਿਆਂ ਤੋਂ ਵੀ ਮੂੰਹ ਮੋੜ ਕੇ ਦੇਖਦੇ ਰਹੇ, ਹਟੇ ਹੀ ਨਹੀਂ। ਅੱਜ ਜ਼ਰੂਰਤ ਹੈ ਕਿ ਔਰਤ ਨੂੰ ਰੁਤਬੇ ਨਾਲ ਦੇਖੀਏ, ਉਸਦੀ ਇੱਜ਼ਤ ਕਰੀਏ ਤਾਂ ਕਿ ਆਉਣ ਵਾਲੇ ਸਮੇਂ ਵਿਚ ਧੀਆਂ ਦੀ ਕਦਰ ਹੋਵੇ। ਉਸਦੇ ਜਨਮ ਤੇ ਕਿਉਂ ਰੋਕ ਲਾਈ ਜਾਂਦੀ ਹੈ। ਹੁਣੇ ਜਿਵੇਂ ਸ਼ਰਮਾ ਜੀ ਨੇ ਕਿਹਾ ਹੈ ਕਿ ਉਹ ਇਨਸਿਕਿਓਰ ਫੀਲ ਕਰਦੀ ਹੈ, ਉਹ ਸਮਾਜ ਤੇ ਬੋਝ ਸਮਝੀ ਜਾਂਦੀ ਹੈ। ਮਗਰ ਦੂਜੇ ਪਾਸੇ ਹਿੰਦੁਸਤਾਨ ਦੇ ਅੰਦਰ ਬੱਚੀਆਂ ਹਨ। ਕੋਈ ਹਵਾਈ ਜਹਾਜ਼ ਉੜਾ ਰਹੀ ਹੈ। ਅੱਜ ਸਾਡੇ ਸਮਾਜ ਦੇ ਵਿਚ ਜੇ 40 ਮੈਰਿਟ ਦੀਆਂ ਪੁਜੀਸ਼ਨਾਂ ਹਨ ਤਾਂ ਉਨ੍ਹਾਂ ਵਿਚੋਂ 35 ਸਾਡੀਆਂ ਭੈਣਾਂ ਦੀਆਂ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਕਾਨੂੰਨ ਹੈ, ਇਹ ਲਾਗੂ ਹੋਣਾ ਚਾਹੀਦਾ ਹੈ। ਸੈਕਸ ਡਿਟਰਮੀਨੇਸ਼ਨ ਵਾਸਤੇ ਇਕ ਮਸ਼ੀਨ ਆਉਂਦੀ ਹੈ ਜਿਸ ਨੂੰ ਅਲਟਰਾ ਸਾਊਂਡ ਕਹਿੰਦੇ ਹਨ। ਇਸ ਮਸ਼ੀਨ ਨਾਲ ਇਹ ਟੈਸਟ ਹੁੰਦੇ ਹਨ। ਜਿਥੇ ਕਈ ਗਲਤ ਲੋਕ ਇਸ ਦੀ ਗਲਤ ਵਰਤੋਂ ਕਰਦੇ ਹਨ, ਉਥੇ ਕਈ ਲੋਕ ਇਸ ਦੀ ਠੀਕ ਵਰਤੋਂ ਵੀ ਕਰਦੇ ਹਨ । ਮੈਂ ਇਕ ਉਦਾਹਰਣ ਦੇਣੀ ਚਾਹੁੰਦਾ ਹਾਂ। ਮੋਗੇ ਦੇ ਵਿਚ ਮੇਰੇ ਇਕ ਦੋਸਤ ਕੋਲ ਇਹ ਐਕਸਰੇ ਅਤੇ ਅਲਟਰਾ ਸਾਊਂਡ ਦੀ ਮਸ਼ੀਨ ਹੈ। ਉਥੇ ਇਕ ਸੱਜਣ ਕੋਲ 2 ਬੱਚੀਆਂ ਪਹਿਲਾਂ ਹੀ ਸਨ ਅਤੇ ਇਕ ਬੱਚਾ ਹੋਰ ਹੋਣ ਵਾਲਾ ਸੀ। ਉਹ ਸੱਜਣ ਟੈਸਟ ਵਾਸਤੇ ਉਸ ਡਾਕਟਰ ਕੋਲ ਗਿਆ ਪਰ ਉਸ ਡਾਕਟਰ ਨੇ ਉਸ ਨੂੰ ਇਹ ਬਿਲਕੁਲ ਨਹੀਂ ਦਸਿਆ ਕਿ ਤੀਸਰੀ ਵਾਰ ਦਾ ਬੱਚਾ ਲੜਕਾ ਹੋਵੇਗਾ ਜਾਂ ਲੜਕੀ। ਮੈਂ ਇਹੋ ਜਿਹੇ ਸਾਫ ਸਪੱਸ਼ਟ ਡਾਕਟਰ ਨੂੰ ਇਸ ਪਵਿੱਤਰ ਹਾਊਸ ਵਿਚ ਵਧਾਈ ਦੇਣੀ ਚਾਹੁੰਦਾ ਹਾਂ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਕਾਨੂੰਨ ਅਤੇ ਇਹ ਸੰਵਿਧਾਨ ਤਾਂ ਹੀ ਲਾਗੂ ਹੋ ਸਕੇਗਾ ਜੇਕਰ ਸਾਡਾ ਇੰਟਰਨਲ ਕਰੈਕਟਰ ਅੱਛਾ ਹੋਵੇਗਾ ਜਿਹੜਾ ਕੋਈ ਇਸ ਕਾਨੂੰਨ ਦੀ ਉਲੰਘਣਾ ਕਰੇ, ਉਸ ਨੂੰ ਸਖਤ ਤੋਂ ਸਖ਼ਤ ਸਜ਼ਾ ਦੇਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਹੁਣ ਕਿਉਂਕਿ ਮਨਿਸਟਰ ਸਾਹਿਬ ਨੇ ਬੋਲਣਾ ਹੈ, ਇਸ ਕਰਕੇ ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਸ ਬਿੱਲ ਦੀ ਪੁਰਜ਼ੋਰ ਸਮਰਥਨ ਕਰਦਾ ਹਾਂ। ਇਸ ਕਾਨੂੰਨ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ, ਥੋੜ੍ਹੀ ਹੈ। ਇਸ ਨੂੰ ਪਾਸ ਕਰਕੇ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ। ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਹਰਚਰਨ ਸਿੰਘ ਬਰਾੜ): ਸਪੀਕਰ ਸਾਹਿਬ, 26 ਮਾਰਚ, 1992 ਨੂੰ ਇਸ ਆਨਰੇਬਲ ਹਾਊਸ ਦੇ ਵਿਚ ਇਸੇ ਵਿਸ਼ੇ ਤੇ ਇਕ ਸਰਬ ਸੰਮਤੀ ਦੇ ਨਾਲ ਮਤਾ ਪਾਸ ਹੋਇਆ ਸੀ। ਉਸ ਨੂੰ ਧਿਆਨ ਵਿਚ ਰਖਦਿਆਂ ਹੋਏ ਅਤੇ ਆਨਰੇਬਲ ਮੈਂਬਰ ਸਾਹਿਬਾਨ ਦੇ ਜਜ਼ਬਾਤ ਅਤੇ ਖਿਆਲਾਤ ਨੂੰ ਧਿਆਨ ਵਿਚ ਰਖਦਿਆਂ ਅਸੀਂ ਇਹ ਬਿੱਲ ਹਾਲਾਂ ਕਿ ਜੋ ਸਾਡੇ ਸਮਾਜ ਵਿਚ ਲੇਡੀਜ਼ ਦੇ ਮੁਤੱਲਿਕ ਬੁਰਾਈਆਂ ਹਨ, ਉਨ੍ਹਾਂ ਸਾਰੀਆਂ ਬੁਰਾਈਆਂ ਦਾ ਇਲਾਜ ਤਾਂ ਨਹੀਂ, ਫਿਰ ਵੀ ਸਾਡੇ ਮਨਾਂ ਵਿਚ ਇਕ ਚੀਜ਼ ਜ਼ਰੂਰ ਸੀ ਜਿਸ ਨੂੰ ਰੋਕਣ ਵਾਸਤੇ

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਇਹ ਬਿੱਲ ਇਥੇ ਲਿਆਂਦਾ ਗਿਆ ਹੈ। ਉਹ ਚੀਜ਼ ਇਹ ਸੀ ਕਿ ਅੱਜ ਕੱਲ੍ਹ ਜਿਹੜੇ ਨਵੇਂ ਸਾਂਇਟੀਫਿਕ ਇੰਸਟਰੂਮੈਂਟ ਹਨ, ਉਨ੍ਹਾਂ ਦੇ ਨਾਨ ਪ੍ਰੀ-ਨੇਟਲ ਟੈਸਟ ਦੇ ਨਾਲ ਸੈਕਸ ਦਾ ਡੀਟਰਮੀਨੇਸ਼ਨ ਕੀਤਾ ਜਾਂਦਾ ਹੈ। ਕੁਝ ਲੋਕ ਐਸੇ ਸਨ ਜਿਨ੍ਹਾਂ ਨੂੰ ਇਸ ਟੈਸਟ ਦੇ ਨਾਲ ਪਤਾ ਲੱਗ ਜਾਂਦਾ ਸੀ ਕਿ ਲੜਕੀ ਆਉਣ ਵਾਲੀ ਹੈ ਤਾਂ ਉਹ ਫੀਮੇਲ ਫੀਅਟਸ ਨੂੰ ਪਹਿਲਾਂ ਹੀ ਡੈਸਟਰਾਏ ਕਰ ਦਿੰਦੇ ਸਨ। ਇਹ ਇਕ ਐਸਾ ਹੀਨੀਅੱਸ ਕਰਾਈਮ ਸੀ ਜਿਸ ਨੂੰ ਰੋਕਣ ਵਾਸਤੇ ਪੰਜਾਬ ਗੌਰਮਿੰਟ ਇਹ ਬਿੱਲ ਲੈ ਕੇ ਆਈ ਹੈ। ਮੈਨੂੰ ਬੜੀ ਖੁਸ਼ੀ ਹੈ ਕਿ ਸਾਰੇ ਮੈਂਬਰ ਸਾਹਿਬਾਨ ਜੋ ਇਥੇ ਬੋਲੇ ਹਨ, ਉਨ੍ਹਾਂ ਨੇ ਇਸ ਬਿੱਲ ਦੀ ਸਪੋਰਟ ਕੀਤੀ ਹੈ ਲੇਕਿਨ ਨਾਲ ਹੀ ਉਨ੍ਹਾਂ ਨੇ ਕੁਝ ਖਦਸ਼ੇ ਵੀ ਜ਼ਾਹਿਰ ਕੀਤੇ ਹਨ। ਉਨ੍ਹਾਂ ਦੀ ਇਹ ਗੱਲ ਬਿਲਕੁਲ ਠੀਕ ਹੈ ਕਿ ਇਕੱਲੇ ਪੰਜਾਬ ਵਿਚ ਇਸ ਬਿੱਲ ਦੇ ਪਾਸ ਕਰ ਦੇਣ ਦੇ ਨਾਲ ਇਸ ਚੀਜ਼ ਨੂੰ ਰੋਕਿਆ ਨਹੀਂ ਜਾ ਸਕੇਗਾ, ਜਦ ਤੱਕ ਦੂਸਰੀਆਂ ਸਟੇਟਾਂ ਦੇ ਵਿਚ ਵੀ ਇਸ ਤਰ੍ਹਾਂ ਦੇ ਬਿੱਲ ਪਾਸ ਨਾ ਕੀਤੇ ਜਾਣ ਕਿਉਂਕਿ ਜੇ ਦੂਜੀਆਂ ਸਟੇਟਾਂ ਵਿਚ ਇਹ ਬਿੱਲ ਪਾਸ ਨਹੀਂ ਹੋਵੇਗਾ ਤਾਂ ਪੰਜਾਬ ਦੇ ਲੋਕ ਦੂਸਰੀਆਂ ਸਟੇਟਾਂ ਵਿਚ ਜਾ ਕੇ ਉਥੇ ਇਹ ਟੈਸਟ ਕਰਵਾ ਕੇ ਫੀਮੇਲ ਫੀਅਟਸ ਨੂੰ ਡੈਸਟਰਾਏ ਕਰ ਸਕਦੇ ਹਨ। ਇਸ ਲਈ ਉਨ੍ਹਾਂ ਦੀ ਜਾਣਕਾਰੀ ਵਾਸਤੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਗੌਰਮਿੰਟ ਆਫ ਇੰਡੀਆ ਨੇ ਸਾਰੀਆਂ ਸਟੇਟਾਂ ਨੂੰ ਇਹ ਐਡਵਾਈਜ਼ ਕੀਤਾ ਹੈ ਕਿ ਉਹ ਸਾਰੀਆਂ ਸਟੇਟਾਂ ਇਹ ਲੈਜਿਸਲੇਸ਼ਨ ਪਾਸ ਕਰਨ ਅਤੇ ਕਾਨੂੰਨ ਬਣਾਉਣ ਮਹਾਰਾਸ਼ਟਰ ਵਿਚ ਇਹ ਪਹਿਲਾ ਹੀ ਕਾਨੂੰਨ ਬਣ ਚੁੱਕਾ ਹੈ ਔਰ ਇਹ ਠੀਕ ਵੀ ਹੈ । ਇਹ ਕਾਨੂੰਨ ਬਣਨਾ ਹੀ ਚਾਹੀਦਾ ਹੈ। ਜਿਹੜੀ ਇਹ ਗੱਲ ਕਹੀ ਗਈ ਹੈ ਕਿ ਗੌਰਮਿੰਟ ਆਫ ਇੰਡੀਆ ਖੁਦ ਕੋਈ ਐਸਾ ਬਿੱਲ ਬਣਾਏ, ਉਸ ਬਾਰੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਗੌਰਮਿੰਟ ਆਫ ਇੰਡੀਆ ਇਹ ਕਾਨੂੰਨ ਨਹੀਂ ਬਣਾ ਸਕਦੀ ਕਿਉਂਕਿ ਹੈਲਥ ਸਟੇਟ ਸਬਜੈਕਟ ਹੈ ਲੇਕਿਨ ਜੋ ਉਨ੍ਹਾਂ ਨੇ ਕਦਮ ਚੁੱਕਿਆ ਹੈ ਉਹ ਇਹ ਕਿ ਉਨ੍ਹਾਂ ਨੇ ਸਾਰਿਆਂ ਨੂੰ ਕਿਹਾ ਹੈ ਕਿ ਇਹ ਬਣਾਓ । ਜਦੋਂ ਸਾਰੀਆਂ ਸਟੇਟਾਂ ਵਿਚ ਇਹ ਬਣ ਗਿਆ ਤਾਂ ਇਹ ਬਹੁਤ ਅੱਛੀ ਤਰ੍ਹਾਂ ਅਫੈਕਟ ਹੋਵੇਗਾ। ਸਪੀਕਰ ਸਾਹਿਬ, ਕੋਈ ਵੀ ਕਾਨੂੰਨ ਹੋਵੇ ਅਤੇ ਕਿੰਨੀ ਵੀ ਸਖ਼ਤ ਸਜ਼ਾ ਉਸ ਵਿੱਚ ਤਜਵੀਜ਼ ਕੀਤੀ ਗਈ ਹੋਵੇ, ਉਸ ਦੀ ਇਪਲੀਮੈਂਟੇਸ਼ਨ ਉਤਨੀ ਦੇਰ ਤੱਕ ਨਹੀਂ ਹੋ ਸਕਦੀ ਜਿੰਨੀ ਦੇਰ ਤੱਕ ਇਹ ਲੋਕਾਂ ਵਿੱਚ ਸੋਸ਼ਲ ਅਵੇਅਰਨੈਸ ਨਾ ਹੋਵੇ। ਕਿਸੇ ਵੀ ਐਕਟ ਨੂੰ ਪੂਰੀ ਤਰ੍ਹਾਂ ਨਾਲ ਇੰਪਲੀਮੈਂਟ ਕਰਨ ਦਾ ਸਭ ਤੋਂ ਵੱਡਾ ਇੰਸਟਰੂਮੈਂਟ ਜਿਹੜਾ ਹੈ, ਉਹ ਲੋਕਾਂ ਤੇ ਮੁਨੱਸਰ ਕਰਦਾ ਹੈ ਅਤੇ ਮੈਂ ਉਮੀਦ ਕਰਦਾ ਹਾਂ ਕਿ ਪੰਜਾਬ ਦੇ ਵਿੱਚ ਇਸ ਤੇ ਪੂਰਾ ਪੂਰਾ ਅਮਲ ਕੀਤਾ ਜਾਵੇਗਾ। ਅਸੀਂ ਸਿਰਫ ਇਸ ਗੱਲ ਤੇ ਹੀ ਨਹੀਂ ਛੱਡਿਆ ਕਿ ਕਦੋਂ ਲੋਕਾਂ ਵਿੱਚ ਸੋਸ਼ਲ ਅਵੇਅਰਨੈਸ ਹੋਵੇਗੀ ਅਤੇ ਅਸੀਂ ਇਸ ਐਕਟ ਦੀ ਉਸ ਵੇਲੇ ਪਾਲਣਾ ਕਰਾਂਗੇ । ਅਸੀਂ ਇਸ ਦੇ ਵਿੱਚ ਕੁਝ ਮਈਅਰਜ਼ ਸੁਜੈਸਟ ਕੀਤੇ ਹਨ ਜਿਸ ਨਾਲ ਇਸ ਦੀ ਇੰਪਲੀਮੈਂਟੇਸ਼ਨ ਕਾਫੀ ਹੱਦ ਤੱਕ ਕਰਵਾ ਸਕਾਂਗੇ । ਅਸੀਂ ਸੁਪਰਵਾਈਜ਼ਰੀ ਕਮੇਟੀਆਂ ਬਣਾਈਆਂ ਹਨ। ਕਿਉਂਕਿ ਇਹ ਇਕ ਟੈਕਨੀਕਲ ਸਬਜੈਕਟ ਹੈ, ਇਸ ਕਰਕੇ ਇਸ ਦੇ ਵਿੱਚ ਡਾਕਟਰ ਜਿਹੜੇ ਕਿ ਇਸ ਚੀਜ਼ ਨਾਲ ਤੁਅੱਲਕ ਰੱਖਦੇ ਹਨ, ਉਨ੍ਹਾਂ ਨੂੰ ਲਿਆ ਗਿਆ ਹੈ। ਹੋਰ ਲੋਕਾਂ ਨੂੰ ਵੀ ਲਿਆ ਜਾਵੇਗਾ, ਨੁਮਾਇੰਦਗੀ ਦਿਆਂਗੇ । ਇਨ੍ਹਾਂ ਕਮੇਟੀਆਂ

Original with;
Punjab Vidhan Sabha
Digitized by;
Panjab Digital Library

ਵਿੱਚ ਉਨ੍ਹਾਂ ਪਰੋਫੈਸ਼ਨਲ ਆਦਮੀਆਂ ਨੂੰ, ਡਾਕਟਰਾਂ ਨੂੰ, ਜੋ ਇਹ ਕਰਦੇ ਹਨ, ਉਹੀ ਸੁਪਰਵਾਈਜ਼ ਕਰਨਗੇ। ਅਸੀਂ ਇਸ ਐਕਟ ਨੂੰ ਆਈਜ਼ ਵੀ ਪਰੋਵਾਈਡ ਕੀਤੀਆਂ ਹਨ ਵਿਜੀਲੈਂਸ ਕਮੇਟੀਆਂ ਦੀ ਸ਼ਕਲ ਵਿਚ ਔਰ ਇਹ ਵਿਜੀਲੈਂਸ ਸਟੇਟ ਦੀ ਹੋਵੇਗੀ, ਇਹ ਹਰੇਕ ਡਿਸਟ੍ਰਿਕ ਦੀ ਹੋਵੇਗੀ। ਇਥੇ ਜਿਹੜਾ ਜ਼ਿਕਰ ਮਿਸਿਜ਼ ਡਾਂਗ ਨੇ ਕੀਤਾ ਹੈ ਅਤੇ ਮੈਡਮ ਲਕਸ਼ਮੀ ਕਾਂਤਾ ਜੀ ਨੇ ਕੀਤਾ ਹੈ ਕਿ ਇਸ ਦੇ ਵਿੱਚ ਸੋਲ ਕੰਮ ਕਰਨ ਵਾਲੇ ਜੋ ਆਦਮੀ ਹਨ ਉਹ ਵੀ ਇਨ੍ਹਾਂ ਕਮੇਟੀਆਂ ਵਿਚ ਸ਼ਾਮਲ ਕੀਤੇ ਜਾਣ, ਉਨ੍ਹਾਂ ਨੂੰ ਵੀ ਸ਼ਾਮਲ ਕਰਾਂਗੇ ਲੇਕਿਨ ਕਿਉਂਕਿ ਇਹ ਇਕ ਟੈਕਨੀਕਲ ਸਬਜੈਕਟ ਹੈ ਅਗਰ ਸਾਰੇ ਉਨ੍ਹਾਂ ਆਦਮੀਆਂ ਨੂੰ ਰੱਖ ਲਿਆ ਜਿਹੜੇ ਟੈਕਨੀਕਲ ਨਹੀਂ ਤਾਂ ਸ਼ਾਇਦ ਫਿਰ ਅਸੀਂ ਇਸ ਦੀ ਪੂਰੀ ਤਰ੍ਹਾਂ ਨਾਲ ਇੰਪਲੀਮੈਂਟੇਸ਼ਨ ਨਾ ਕਰਵਾ ਸਕੀਏ।

ਸਪੀਕਰ ਸਾਹਿਬ, ਅਸੀਂ ਇਸ ਦੇ ਵਿੱਚ ਸਜ਼ਾਵਾਂ ਵੀ ਰੱਖੀਆਂ ਹਨ। ਜਿਹੜਾ ਇਥੇ ਜ਼ਿਕਰ ਕੀਤਾ ਹੈ ਕਿ ਬਹੁਤ ਸਾਰੀਆਂ ਔਰਤਾਂ ਨੂੰ ਆਦਮੀਆਂ ਵੱਲੋਂ ਮਜਬੂਰ ਕੀਤਾ ਜਾਂਦਾ ਹੈ,ਅਤੇ ਉਹ ਇਹ ਕਰਦੇ ਹਨ, ਉਨ੍ਹਾਂ ਵਾਸਤੇ ਵੀ ਸਜ਼ਾਵਾਂ ਰੱਖੀਆਂ ਹਨ । ਜਿਸ ਤਰ੍ਹਾਂ ਮਿਸਿਜ਼ ਡਾਂਗ ਜੀ ਨੇ ਜ਼ਿਕਰ ਕੀਤਾ, ਮੈਨੂੰ ਬੜੀ ਖੁਸ਼ੀ ਹੋਈ ਕਿ ਉਨ੍ਹਾਂ ਨੇ ਇਸ ਨੂੰ ਬੜੀ ਅੱਛੀ ਤਰ੍ਹਾਂ ਸਟੱਡੀ ਕੀਤਾ ਹੈ। ਇਸ ਵਿੱਚ ਇਕ ਸਾਲ ਤੋਂ ਲੈ ਕੇ ਤਿੰਨ ਸਾਲ ਤੱਕ ਦੀ ਸਜ਼ਾ ਅਤੇ ਇਕ ਹਜ਼ਾਰ ਤੋਂ 5 ਹਜ਼ਾਰ ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਇਹ ਦੋਨੋਂ ਵੀ ਕੀਤੇ ਜਾ ਸਕਦੇ ਹਨ । ਇਸ ਤੋਂ ਇਲਾਵਾ ਜਦੋਂ ਕਿਸੇ ਕੇਸ ਦਾ ਕੋਰਟ ਤੋਂ ਫੈਸਲਾ ਹੋ ਜਾਵੇਗਾ ਤਾਂ ਅਸੀਂ ਪੰਜਾਬ ਦੀ ਮੈਡੀਕਲ ਕਾਉਂਸਲ ਨੂੰ ਦੱਸਾਂਗੇ ਕਿ ਇਸ ਨਾਂ ਦੇ ਡਾਕਟਰ ਨੇ ਇਹ ਕੁਝ ਕੀਤਾ ਹੈ, ਉਸ ਵਾਸਤੇ ਵੀ ਅਸੀਂ ਐਕਟ ਦੇ ਵਿੱਚ ਪਰੋਵਾਈਡ ਕੀਤਾ ਹੈ । ਜਿਹੜਾ ਪਹਿਲੀ ਦਫ਼ਾ ਇਹ ਕੰਮ ਕਰਦਾ ਫੜਿਆ ਜਾਂਦਾ ਹੈ ਉਸ ਦਾ ਨਾਂ ਦੋ ਸਾਲ ਲਈ ਲਿਸਟ ਵਿਚੋਂ ਰਿਮੂਵ ਕੀਤਾ ਜਾਵੇਗਾ, ਜਿਸ ਤੋਂ ਇਲਾਵਾ ਉਹ ਪਰੈਕਟਿਸ ਨਹੀਂ ਕਰ ਸਕਦਾ। ਜੇਕਰ ਦੂਸਰੀ ਦਫ਼ਾ ਉਹ ਇਹ ਕੰਮ ਕਰਦਾ ਫੜਿਆ ਜਾਂਦਾ ਹੈ ਤਾਂ ਫਿਰ ਉਸ ਦਾ ਨਾਂ ਹਮੇਸ਼ਾਂ ਵਾਸਤੇ ਉਸ ਲਿਸਟ ਵਿਚੋਂ ਡਿਲੀਟ ਕੀਤਾ ਜਾਵੇਗਾ ਜਿਸ ਵਿੱਚ ਮੈਡੀਕਲ ਕਾਉਂਸਲ ਲਾਇਸੰਸ ਅਪਰੂਵ ਕਰਦੀ ਹੈ। ਇਨ੍ਹਾਂ ਚੀਜ਼ਾਂ ਦੇ ਬਾਵਜੂਦ ਵੀ ਅਸੀਂ ਇਹ ਨਹੀਂ ਕਹਿੰਦੇ ਕਿ ਅਜ ਜਦੋਂ ਇਹ ਬਿਲ ਪਾਸ ਹੋ ਗਿਆ ਤਾਂ ਅੱਜ ਤੋਂ ਬਾਅਦ ਕੋਈ ਐਸੀ ਚੀਜ਼ ਨਹੀਂ ਹੋਵੇਗੀ, ਹੋਵੇਗੀ ਜ਼ਰੂਰ ਲੇਕਿਨ ਮੈਂ ਇਸ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹਾਂਗਾ ਇਹ ਉਨ੍ਹਾਂ ਦੀ ਵੀ ਡਿਊਟੀ ਬਣਦੀ ਹੈ ਕਿ ਜਦੋਂ ਵੀ ਕੋਈ ਉਨ੍ਹਾਂ ਦੇ ਨੋਟਿਸ ਵਿਚ ਇਸ ਤਰ੍ਹਾਂ ਦਾ ਕੇਸ ਆਵੇ ਤਾਂ ਸਾਡੇ ਨੋਟਿਸ ਵਿੱਚ ਲਿਆਉਣ ਕਿਉਂਕਿ ਅਸੀਂ ਕਾਨੂੰਨ ਬਣਾਉਣ ਜਾ ਰਹੇ ਹਾਂ ਅਤੇ ਇਸ ਦੇ ਤਹਿਤ ਸਜ਼ਾਵਾਂ ਵੀ ਮਿਲ ਸਕਣਗੀਆਂ। ਭੈਣ ਕਾਂਤਾ ਜੀ ਨੇ ਇਹ ਕਿਹਾ ਸੀ ਕਿ ਜਿਹੜੀ ਔਰਤ ਨੂੰ ਵੀ ਤਿੰਨ ਮਹੀਨਿਆਂ ਦੀ ਸਜ਼ਾ ਸੁਜੈਸਟ ਕੀਤੀ ਗਈ ਹੈ, ਉਹ ਨਹੀਂ ਹੋਣੀ ਚਾਹੀਦੀ ,ਜਿਹੜੀ ਕਿ ਆਪ ਡਾਕਟਰ ਕੋਲ ਜਾ ਕੇ ਟੈਸਟ ਕਰਵਾ ਕੇ ਫੀਅਟਸ ਨੂੰ ਡਿਸਟਰਾਏ ਕਰਾਏ। ਬਹੁਤ ਸਾਰੀਆਂ ਨੂੰ ਮਜਬੂਰ ਕੀਤਾ ਜਾਂਦਾ ਹੋਵੇਗਾ ਅਤੇ ਬਹੁਤ ਸਾਰੀਆਂ ਐਸੀਆਂ ਵੀ ਹਨ ਜੋ ਆਪ ਟੈਸਟ ਕਰਵਾਉਂਦੀਆਂ ਹਨ, ਜੇ ਇਹ ਪਰੋਵੀਜ਼ਨ ਨਾ ਪਾਉਦੇ ਤਾਂ ਫਿਰ ਵੀ ਇਹ

Original with;
Punjab Vidhan Sabha
Digitized by;
Punjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

ਅਧੂਰਾ ਰਹਿ ਜਾਣਾ ਸੀ। ਅਸੀਂ ਇਹ ਪਰੋਵੀਜ਼ਨ ਇਸ ਕਰਕੇ ਨਹੀਂ ਪਾਈਆ ਕਿ ਅਸੀਂ ਔਰਤਾਂ ਦੇ ਖਿਲਾਫ ਹਾਂ ਲੇਕਿਨ ਫਿਰ ਵੀ ਕਈ ਕੇਸ ਮਿਲਦੇ ਹਨ ਜਿਥੇ ਔਰਤਾਂ ਵੋਲੰਟਰਲੀ ਟੈਸਟ ਕਰਵਾਉਂਦੀਆਂ ਹਨ, ਉਨ੍ਹਾਂ ਨੂੰ ਵੀ ਰੋਕਣ ਲਈ ਇਹ ਜ਼ਰੂਰੀ ਹੈ। ਇਥੇ ਜ਼ਿਕਰ ਆਇਆ ਔਰਤਾਂ ਦੇ ਸਟੇਟਸ ਬਾਰੇ। ਕਈ ਗੱਲਾਂ ਠੀਕ ਕਹੀਆਂ ਗਈਆਂ, ਇਕ ਦੋ ਗੱਲਾਂ ਐਸੀਆਂ ਸਨ ਜਿਹੜੀਆਂ ਗਲਤ ਵੀ ਕਹੀਆਂ ਗਈਆਂ। ਔਰਤਾਂ ਦੇ ਸਟੇਟਸ ਬਾਰੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਹਿਲੀ ਵੇਰ ਬੜਾ ਕੁਝ ਕਿਹਾ ਔਰ ਉਨ੍ਹਾਂ ਨੇ ਇਸ ਦੇ ਨਾਲ ਔਰਤਾਂ ਨੂੰ ਬੜੀ ਇਜ਼ਤ ਅਤੇ ਮਾਣ ਦੀ ਡਿਗਨਿਟੀ ਬਖਸ਼ੀ। ਇਸ ਤੋਂ ਇਲਾਵਾ ਸਾਡੇ ਕੰਸਟੀਚਿਊਸ਼ਨ ਦੇ ਵਿੱਚ ਵੀ ਪੁਲੀਟੀਕਲ ਬਰਾਬਰੀ ਦਾ ਜਿੱਥੇ ਤੱਕ ਤੁਅੱਲਕ ਹੈ, ਅਜੇ ਵੀ ਬਹੁਤ ਸਾਰੇ ਐਸੇ ਕਨਟਰੀਜ਼ ਹਨ ਜਿਥੇ ਔਰਤਾਂ ਨੂੰ ਵੋਟ ਦੇਣ ਦਾ ਹੱਕ ਨਹੀਂ ਮਗਰ ਹਿੰਦੁਸਤਾਨ ਦੇ ਵਿੱਚ ਜੋ ਅਧਿਕਾਰ ਇਕ ਮੇਲ ਮੈਂਬਰ ਨੂੰ ਹਨ ਉਹ ਹੀ ਇਕ ਔਰਤ ਨੂੰ ਹਨ। ਤੁਹਾਡੇ ਸਾਹਮਣੇ ਇੰਦਰਾ ਜੀ ਇਸ ਮੁਲਕ ਦੇ ਪ੍ਰਧਾਨ-ਮੰਤਰੀ ਬਣੇ ਔਰ ਇਸ ਤਰ੍ਹਾਂ ਦੇ ਪ੍ਰਧਾਨ ਮੰਤਰੀ ਬਣੇ ਜੋ ਇਨ-ਇਫੈਕਟਿਵ ਨਹੀਂ ਬਲਕਿ ਇਫੈਕਟਿਵ ਬਣੇ। ਇਸ ਦੇ ਬਾਅਦ ਇੰਗਲੈਂਡ ਵਿੱਚ ਮਿਸਿਜ਼ ਥੈਚਰ ਪ੍ਰਧਾਨ-ਮੰਤਰੀ ਬਣੇ। ਉਸ ਵੇਲੇ ਤਿੰਨ ਚਾਰ ਮੁਲਕਾਂ ਦੀਆਂ ਲੇਡੀਜ਼ ਪ੍ਰਧਾਨ ਮੰਤਰੀ ਬਣੀਆਂ ਸਨ ਅਤੇ ਤੁਸੀਂ ਹੈਰਾਨ ਹੋਵੋਗੇ ਕਿ ਸਵਿਟਜ਼ਰਲੈਂਡ ਨੇ ਹਿੰਦੁਸਤਾਨ ਤੋਂ ਬਾਅਦ ਔਰਤਾਂ ਨੂੰ ਵੋਟ ਦਾ ਹੱਕ ਦਿੱਤਾ ਹੈ, ਅਸੀਂ ਪਹਿਲਾਂ ਹੀ ਦਿੱਤਾ ਸੀ। ਜਿਸ ਤਰ੍ਹਾਂ ਬੀਬੀ ਸੁਰਜੀਤ ਕੌਰ ਜੀ ਨੇ ਦੱਸਿਆ ਕਿ ਅਸੀਂ 'ਸੀਤਾ-ਰਾਮ, ਰਾਧੇ-ਸ਼ਿਆਮ, ਯਾਨੀ ਲੇਡੀਜ਼ ਦਾ ਨਾਉਂ ਪਹਿਲਾਂ ਲੈਂਦੇ ਹਾਂ, ਇਹ ਸਾਡੀ ਪ੍ਰਥਾ ਪੁਰਾਣੇ ਵਕਤਾਂ ਤੋਂ ਹੀ ਚਲਦੀ ਆ ਰਹੀ ਹੈ ਕਿ ਅਸੀਂ ਔਰਤ ਦੀ ਇਜ਼ਤ ਕਰੀਏ ਔਰ ਇਹ ਤਾਂ ਇਕ ਬੜਾ ਕਰਾਈਮ ਹੈ, ਸਪੀਕਰ ਸਾਹਿਬ, ਕਿ ਇੱਕ ਬੱਚਾ ਅਜੇ ਪੈਦਾ ਨਹੀਂ ਹੋਇਆ ਉਸ ਨੂੰ ਪਹਿਲਾਂ ਹੀ ਖਤਮ ਕੀਤਾ ਜਾਵੇ। ਸੋ ਇਸ ਨੂੰ ਰੋਕਣ ਵਾਸਤੇ ਸਾਡਾ ਇਹ ਫ਼ਰਜ਼ ਬਣਦਾ ਸੀ ਕਿ ਅਸੀਂ ਐਸਾ ਬਿਲ ਲਿਆਉਂਦੇ ਔਰ ਖੁਸ਼ੀ ਦੀ ਗੱਲ ਇਹ ਹੈ ਕਿ ਸਾਰਿਆਂ ਨੇ ਇਸ ਬਿਲ ਦੀ ਸਪੋਰਟ ਕੀਤੀ ਹੈ। ਜਿਹੜੀਆਂ ਇਨ੍ਹਾਂ ਨੇ ਸੁਜੈਸ਼ਨਜ਼ ਦਿੱਤੀਆਂ ਹਨ, ਉਹ ਪਹਿਲਾਂ ਹੀ ਇਸ ਵਿੱਚ ਪਰੋਵਾਈਡ ਕੀਤੀਆਂ ਹੋਈਆਂ ਹਨ। ਅਸੀਂ ਗੌਰ ਦੇ ਨਾਲ, ਮਿਹਨਤ ਦੇ ਨਾਲ ਇਹ ਬਿਲ ਬਣਾਇਆ ਹੈ ਅਗਰ ਕੋਈ ਕਮੀ ਹੋਈ ਉਹ ਰੂਲਜ਼ ਦੇ ਵਿੱਚ ਕੱਢ ਦੇਵਾਂਗੇ ਔਰ ਅਗਰ ਫਿਰ ਕਮੀਂ ਵੀ ਰਹਿ ਗਈ ਤਾਂ ਕਿਸੇ ਸਮੇਂ ਵੀ ਅਮੈਂਡਮੈਂਟ ਹੋ ਸਕਦੀਆਂ ਹਨ। ਇਹ ਨਾ ਤਾਂ ਇਕ ਪੁਲੀਟੀਕਲ ਮਈਯਰ ਹੈ, ਨਾ ਇਕਨਾਮੀਕਲ ਮਈਯਰ ਹੈ, ਇਹ ਬੜਾ ਸੋਸ਼ਲ ਮਈਅਰ ਹੈ। ਮੈਨੂੰ ਖੁਸ਼ੀ ਇਸ ਗੱਲ ਦੀ ਹੈ ਕਿ ਕਿਸੇ ਨੇ ਵੀ ਇਸ ਨੂੰ ਪੁਲੀਟੀਕਲ ਸ਼ੇਪ ਨਹੀਂ ਦਿਤੀ ਸਵਾਏ ਇਕ ਮੈਂਬਰ ਸਾਹਿਬ ਦੇ ਜਿਨ੍ਹਾਂ ਨੇ ਕਿਹਾ ਕਿ ਬਾਬਾ ਅੰਬੇਦਕਰ ਦੀ ਵਜ੍ਹਾ ਕਰਕੇ ਇੰਦਰਾ ਜੀ ਪ੍ਰਾਈਮ-ਮਨਿਸਟਰ ਬਣੇ, ਇਹ ਗੱਲ ਦਰੁਸਤ ਨਹੀਂ। ਠੀਕ ਹੈ ਕਿ ਉਹ ਉਸ ਕਮੇਟੀ ਦੇ ਚੇਅਰਮੈਨ ਸਨ ਜਿਸ ਨੇ ਕੰਸਟੀਚਿਊਸ਼ਨਜ਼ ਡਰਾਫਟ ਕੀਤਾ, ਉਨ੍ਹਾਂ ਦੇ ਨਾਲ ਹੋਰ ਵੀ ਆਦਮੀ ਸਨ। ਸਾਰਾ ਕੰਸਟੀਚਿਊਸ਼ਨਜ਼ ਉਨ੍ਹਾਂ ਨੇ ਇਕੱਲਿਆਂ ਨੇ ਨਹੀਂ ਬਣਾਇਆ। ਅਗਰ ਤੁਸੀਂ ਸਮਝੋ, ਮੈਂ ਬੁਰੀ ਗੱਲ ਕਰ ਨਹੀਂ ਰਿਹਾ,

Original with;
Punjab Vidhan Sabha
Digitized by;
Panjab Digital Library

ਅੰਬੇਦਕਰ ਜੀ ਤਾਂ ਪੈਦਾ ਹੀ ਨਹੀਂ ਹੋਏ ਸਨ। ਰਾਣੀ ਝਾਂਸੀ ਨੂੰ ਕਿਸ ਨੇ ਬਣਾਇਆ? (ਥੰਪਿੰਗ) ਸਿੱਖ ਹਿਸਟਰੀ ਵਿਚ ਰਾਣੀ ਝਾਂਸੀ ਤੋਂ ਪਹਿਲਾਂ ਬੇਸ਼ੁਮਾਰ ਬੀਬੀਆਂ ਐਸੀਆਂ ਸਨ ਜਿਨ੍ਹਾਂ ਨੇ ਇਸ ਮੁਲਕ ਦੀ ਆਜ਼ਾਦੀ ਵਾਸਤੇ, ਇਸ ਦੀ ਇਜ਼ਤ ਵਾਸਤੇ ਕੁਰਬਾਨੀਆਂ ਦਿੱਤੀਆਂ। ਉਸ ਵੇਲੇ ਕਿਹੜਾ ਕੰਸਟੀਚਿਊਸ਼ਨ ਬਾਬਾ ਜੀ ਨੇ ਬਣਾਇਆ ਸੀ। (ਥੰਪਿੰਗ) ਅਗਰ ਇੰਦਰਾ ਜੀ ਪ੍ਰਾਈਮ ਮਨਿਸਟਰ ਬਣੇ ਤਾਂ ਉਹ ਸੰਵਿਧਾਨ ਦੀ ਵਜ੍ਹਾ ਕਰਕੇ ਨਹੀਂ ਬਲਕਿ ਉਨ੍ਹਾਂ ਦੇ ਖਾਨਦਾਨ ਦੀਆਂ ਇਸ ਮੁਲਕ ਪ੍ਰਤੀ ਕੁਰਬਾਨੀਆਂ ਸਨ। (ਥੰਪਿੰਗ)। ਇਨ੍ਹਾਂ ਨੂੰ ਇਹ ਗੱਲ ਨਹੀਂ ਕਰਨੀ ਚਾਹੀਦੀ ਸੀ। ਸਪੀਕਰ ਸਾਹਿਬ, ਮੈਂ ਸਾਰੇ ਮੈਂਬਰਾਂ ਨੂੰ ਅਪੀਲ ਕਰਾਂਗਾ, ਸਾਰੇ ਬੋਲ ਚੁੱਕੇ ਹਨ, ਮੈਂ ਬਹੁਤ ਜ਼ਿਆਦਾ ਹੋਰ ਨਹੀਂ ਬੋਲਣਾ ਚਾਹੁੰਦਾ ਅਤੇ ਮੋਟੀਆਂ ਮੋਟੀਆਂ ਗੱਲਾਂ ਮੈਂ ਕਹਿ ਦਿੱਤੀਆਂ ਹਨ, ਇਹ ਅਮੈਂਡਮੈਂਟਾਂ ਵਿਦਡਰਾਅ ਕਰ ਲੈਣ ਅੌਰ ਬਿਲ ਪਾਸ ਕੀਤਾ ਜਾਵੇ।

**Mr. Speaker:** Question is—

That the Punjab Pre-natal Diagnostic Techniques (Control and Regulation) Bill be taken into consideration at once.

*The motion was carried unanimously.*

**Mr. Speaker**: Now the House will proceed to consider the Bill Clause-by-Clause.

**Sub-Clauses (2) and (3) of Clause 1**

**Mr. Speaker:** Question is—

That Sub-Clauses (2) and (3) of Clause I stand part of the Bill.

*The Motion was carried.*

**Clause 2**

**Mr. Speaker:** There is an amendment. Mrs. Vimla Dang.

**Shrimati Vimla Dang:** I press this amendment.

ਮੈਂ "ਇਸ ਤਰਮੀਮ ਨੂੰ ਪ੍ਰੈਸ ਕਰਦੀ ਹਾਂ। ਮੈਂ ਪਹਿਲਾਂ ਐਕਸਪਲੇਨ ਕਰ ਦਿੱਤਾ ਹੈ। ਇਹ ਨਹੀਂ ਹੋਣਾ ਚਾਹੀਦਾ "voluntary organisation" as has been recognised as such by the State Government for the purpose of this Act. ਇਸ ਵਿੱਚ ਕੋਈ ਵਿੱਤਕਰਾ ਹੈ, ਉਹ ਨਹੀਂ ਹੋਣਾ ਚਾਹੀਦਾ। ਕੋਈ ਵੀ ਸੋਸ਼ਲ ਆਰਗੇਨਾਈ-ਜੇਸ਼ਨ ਹੈ, ਉਸ ਨੂੰ ਰਾਈਟ ਦੇਣਾ ਚਾਹੀਦਾ ਹੈ।

Original with;
Punjab Vidhan Sabha
Digitized by;
Punjab Digital Library

**Mr. Speaker:** Question is—

That in part (q) of Clause 2, the words "and has been recognised as such by the State Government for this purpose of this Act," shall be omitted.

*The Motion was lost.*

**Mr. Speaker:** Question is—

That Clause 2 stand part of the Bill.

*The motion was carried.*

**Clauses 3 to 7**

**Mr. Speaker:** Question is—

That Clauses 3 to 7 stand part of the Bill.

*The motion was carried.*

**Clause 8**

**Mr. Speaker** : There is an amendment. Mrs. Vimla Dang.

**Shrimati Vimla Dang** I press this amendment. ਇਹ ਜਿਹੜੀ ਤਰਮੀਮ ਹੈ, ਇਸ ਬਾਰੇ ਮੈਂ ਬਰਾੜ ਸਾਹਿਬ ਨਾਲ ਪਹਿਲਾਂ ਵੀ ਡਿਸਕਸ਼ਨ ਕੀਤੀ ਹੈ। ਮੈਂ ਸਮਝਦੀ ਸੀ ਕਿ ਇਸ ਨੂੰ ਮਨਜ਼ੂਰ ਕਰਨੀ ਚਾਹੀਦੀ ਸੀ ਕਿਉਂਕਿ ਪੰਜਾਬ ਦੇ ਕਿਸੇ ਸਰਕਾਰੀ ਹਸਪਤਾਲ ਵਿਚ ਜੈਨੇਟਿਕ ਲੈਬਾਟਰੀ ਨਹੀਂ ਹੈ ਪੀ. ਜੀ. ਆਈ ਵਿਚ ਵੀ ਨਹੀਂ ਹੈ। ਜੈਨੇਟਿਕ ਲੈਬਾਰਟੀ ਦਾ ਗੌਰਮਿੰਟ ਹਸਪਤਾਲ ਵਿਚ ਹੋਣ ਨਾਲ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ। ਜੈਨੇਟਿਕ ਲੈਬਾਟਰੀਆਂ ਗੌਰਮਿੰਟ ਹਸਪਤਾਲ ਵਿਚ ਹੋਣੀਆਂ ਜ਼ਰੂਰੀ ਹਨ। We should also seek help and cooperation of women organisations in this connection. ਇਹ ਵੀ ਜਿਹੜੀ ਭਾਵਨਾ ਹੈ ਇਹ ਮਨਜ਼ੂਰ ਕਰ ਲੈਣੀ ਚਾਹੀਦੀ ਹੈ। ਮੇਰਾ ਖਿਆਲ ਹੈ ਕਿ ਅਜਿਹਾ ਹੋਣਾ ਚਾਹੀਦਾ ਹੈ।

**Mr. Speaker:** Question is—

That at the end of part (i) of sub clause (1) of Clause 8, the following shall be added :—

"including opening of genetic laboratories equipped with latest available techniques by the Government."

Original with;
Punjab Vidhan Sabha
Digitized by;
Panjab Digital Library

(ii) That at the end of part (viii) of sub-clause (1), of Clause 8 the following shall be added :—

"to seek the help and co-operation of Women's organisations in this connection."

*The motion was lost.*

**Mr. Speaker** : Question is—

That Clause 8 stand part of the Bill.

*The motion was carried.*

**Clauses 9 to 13**

**Mr. Speaker** Question is—

That Clauses 9 to 13 stand part of the Bill.

*The motion was carried.*

**Clause 14**

**Mr. Speaker**: There is an amenament. Mrs. Vimla Dang.

**Shrimati Vimla Dang** I press this also. The State Vigilance Committee, shall, subject to the directions of the State Government and the the Authority, perform all or any of the functions....

ਇਸ ਦੇ ਵਿੱਚ ਤਰਮੀਮ ਹੈ: "for any member of the Committee authorised by it" ਮੇਰਾ ਖਿਆਲ ਹੈ ਇਹ ਮੰਨ ਲੈਣੀ ਚਾਹੀਦੀ ਹੈ । ਮੇਰੇ ਤੇ ਇਸ ਦਾ ਬੜਾ ਅਸਰ ਹੈ। ਜੈਨਟਿਕ ਲੈਬਾਟਰੀਜ ਇਸ ਕਰਕੇ ਨਹੀਂ ਮੰਨੀ ਕਿ ਉਹ ਆਪੋਜ਼ੀਸ਼ਨ ਵਲੋਂ ਤਜਵੀਜ਼ ਦਿੱਤੀ ਗਈ ਹੈ !

I am very sad at the attitude of the ruling party.

**Mr. Speaker**: Question is—

That in Clause 14, in line 1, after the words "The State Vigilence Committee" the following shall be added :—

*"Or any member of the Committee authorisedly by it".*

*The motion was lost.*

Original with;
Punjab Vidhan Sabha
Digitized by;
Panjab Digital Library

**Mr. Speaker** Question is—

That Clause 14 stand part of the Bill.

*The motion was carried.*

**Clauses 15 to 20**

**Mr. Speaker:** Question is—

That Clauses 15 to 20 stand part of the Bill.

*The motion was carried.*

**Clause 21**

**Mr. Speaker:** There is an amendment. Mrs. Vimla Dang.

**Shrimati Vimla Dang:** I press this amendment very strongly.

ਇਹ ਜਿਹੜੀ ਤਰਮੀਮ ਹੈ 21 ਦੀ ਇਸ ਦੇ ਵਿੱਚ ਇਹ ਗੱਲ ਕਹੀ ਗਈ ਹੈ :

> Where an offence under this Act has been committed by any Department of the State Government, the head of the medical institution, where the offence has been committed shall be deemed to be guilty of the offence and shall be liable to be proceeded against and punished accordingly."

ਇਹ ਦੇ ਵਿੱਚ ਐਡ ਕੀਤਾ ਗਿਆ ਹੈ :

> "in the same manner and to the same extent to which persons actually committing the offence are liable to be proceeded against and punished."

ਨੇਚੂਰਲ ਗੱਲ ਇਹ ਹੈ ਕਿ ਉਨਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ।

**Mr. Speaker:** Question is—

That at the end of Clause 21, the following shall be added :—

> "in the same manner and to the same extent to which persons actually committing the offence are liable to be proceeded against and punished."

*The motion was lost.*

**Mr. Speaker:** Question is—

That Clause 21 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

## Clauses 22 to 24

**Mr. Speaker:** Question is—

That Clauses 22 to 24 stand part of the Bill.

*The motion was carried.*

## Clause 25

**Mr. Speaker:** There is an amendment. Mrs. Vimla Dang.

**Shrimati Vimla Dang;** I am pressing this amendment too.

ਇਸ ਐਕਟ ਦੇ ਹੇਠਾਂ ਇਸ ਦੇ ਰੂਲ ਦੇ ਮੁਤਾਬਿਕ 2 ਸਾਲ ਦਾ ਪੀਰੀਅਡ ਰੱਖਿਆ ਗਿਆ ਹੈ। ਅਸੀਂ ਇਸ ਦੇ ਵਿੱਚ ਐਡ ਕਰਵਾਉਣਾ ਚਾਹੁੰਦੇ ਹਾਂ:

"Provided further that if the decision in the proceedings is appealable the records and all documents shall be preserved till the disposal of the appeal if it has been filed or period for filing the appeal is over."

ਇਹ ਪ੍ਰੋਵੀਜ਼ਨ ਜਿਹੜਾ ਹੈ ਇਸ ਦੇ ਵਿਚ ਲਿਖਿਆ ਹੋਇਆ ਹੈ ਕਿ ਅਪੀਲ ਜਿਹੜੀ ਹੈ, ਉਹ ਹੋ ਸਕਦੀ ਹੈ। ਇਸ ਦੇ ਵਿਚ 2 ਸਾਲ ਤੋਂ ਵੱਧ ਸਮਾਂ ਵੀ ਹੋ ਸਕਦਾ ਹੈ।

**Mr. Speaker:** Question is—

That after the proviso to sub-clause (1) of Clause 25, the following new proviso shall be added:—

"Provided further that if the decision in the proceedings is appealable the records and all documents shall be preserved till the disposal of the appeal if it has been filed or period for filing the appeal is over."

*The motion was lost.*

**Mr. Speaker:** Question is—

That Clause 25 stand part of the Bill.

*The motion was carried.*

## Clauses 26 to 29

**Mr. Speaker:** Question is—

That Clauses 26 to 29 stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

## Sub-Clause (1) of Clause 1

**Mr. Speaker:** Question is—

That Sub-Clause (1) of Clause 1 stand part of the Bill.

*The motion was carried.*

TITLE

**Mr. Speaker** Question is—

That Title be the Title of the Bill.

*The motion was carried.*

**Mr. Speaker :** Minister to move that Bill be passed.

**Health and Family Welfare Minister (Sardar Harcharan Singh Brar):** Sir, I beg to move—

That the Punjab pre-natal Diagnostic Techniques (Control and Regulation) Bill be passed.

**Mr. Speaker :** Motion moved—

That the Punjab Pre-natal Diagnostic Techniques (Control and Regulation) Bill be passed.

**Mr. Speaker:** Question is—

That the Punjab Pre-natal Diagnostic Techniques (Control and Regulation) Bill be passed.

*The motion was carried unanimously.*

---

## THE PUNJAB APPROPRIATION (NO. 3) BILL, 1994

**Finance Minister (Doctor Kewal Krishan):** Sir, I beg to introduce the Punjab Appropriation (No. 3) Bill.

Sir, I also beg to move—

That the Punjab Appropriation (No. 3) Bill be taken into consideration at once.

**Mr. Speaker:** Motion moved—

That the Punjab Appropriation (No. 3) Bill be taken into consideration at once.

Discussions, if any.

Original with;
Punjab Vidhan Sabha
Digitized by;
Panjab Digital Library

श्रीमती लक्ष्मी कांता चावला (अमृतसर केन्द्रीय) : जो दो दिन पहले हुआ था, वही अब हमारे सामने है। यह प्रथा ही गलत है कि पिछले सालों का खर्चा अब पास हो। इस की जिम्मेवारी की जब हम कमेटियों में बात करते हैं तो कहा जाता है कि सम्बन्धित अधिकारी either retired or expired, सो जो जिम्मेवारी डालनी थी वह नहीं डाली जा सकती। इस लिये अब इस को इसी रूप में पास कर देना हमारे लिये मजबूरी है। मैं समझती हूं कि जब यहां पर सरकार नहीं थी तो यह केंदर को भेजा जाना चाहिये था।

ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਇਹ ਐਕਸੈਸ ਐਕਸਪੈਂਡੀਚਰ ਦੇ ਬਾਰੇ ਬਹਿਸ ਹੋ ਚੁੱਕੀ ਹੈ ਅਤੇ ਹੁਣ ਕਿਹਾ ਹੈ ਕਿ ਪਾਰਲੀਮੈਂਟ ਵਿਚ ਇਹ ਜਾਣਾ ਚਾਹੀਦਾ ਸੀ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਤਨਾ ਸਮਾਂ ਇਥੇ ਪ੍ਰੈਜ਼ੀਡੈਂਟ ਰੂਲ ਰਿਹਾ, ਇਹ ਇਕ ਸਾਡੀ ਮਜਬੂਰੀ ਸੀ, ਫਿਰ ਇਕ ਦਿਨ ਨਹੀਂ ਪੂਰੇ 8 ਸਾਲ ਦੇ ਕਰੀਬ ਇਹ ਰਿਹਾ। ਹੁਣ ਪੰਜਾਬ ਵਿਚ ਪਾਪੂਲਰ ਸਰਕਾਰ ਬਣੀ ਤਾਂ ਇਸ ਨੇ ਜਿਹੜੀਆਂ ਪਹਿਲੇ ਇਰਰੈਗੂਲੈਰਿਟੀਜ਼ ਹੋਈਆਂ ਸਨ, ਉਨ੍ਹਾਂ ਨੂੰ ਰੈਗੂਲਰ ਕਰਨ ਵਾਸਤੇ ਇਥੇ ਸਦਨ ਵਿਚ ਲਿਆਂਦਾ ਹੈ ਅਤੇ ਪੀ. ਏ. ਸੀ. ਨੇ ਪਿਛਲੇ ਸਾਲ ਵਿੱਚ ਇਹ ਪਾਸ ਕੀਤੇ ਹਨ। ਮੈਂ ਸਮਝਦਾ ਹਾਂ ਕਿ ਆਨਰੇਬਲ ਮੈਂਬਰਜ਼ ਨੂੰ ਇਸ ਗੱਲ ਲਈ ਸਾਡੀ ਸਰਕਾਰ ਦਾ ਮਸ਼ਕੂਰ ਹੋਣਾ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਇਰਰੈਗੂਲੈਰਿਟੀਜ਼ ਨੂੰ ਰੈਗੂਲਰ ਕਰ ਰਹੇ ਹਾਂ। ਪਰ ਇਥੇ ਮੈਂ ਇਹ ਦੱਸ ਦੇਣੀ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਇਸ ਤਰ੍ਹਾਂ ਦੀ ਕੋਈ ਇਰਰੈਗੂਲੈਰਿਟੀ ਨਹੀਂ ਹੋਣ ਦਿਆਂਗੇ ਔਰ ਜਿਹੜਾ ਵੀ ਖਰਚਾ ਹੋਵੇਗਾ, ਉਸ ਨੂੰ ਸਪਲੀਮੈਂਟਰੀ ਦੀ ਸ਼ਕਲ ਵਿਚ ਲੈ ਆਵਾਂਗੇ। ਇਸ ਲਈ ਹੁਣ ਬੇਨਤੀ ਹੈ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ।

**Mr. Speaker:** Question is—

That the Punjab Appropriation (No. 3) Bill be taken into consideration at once.

*The motion was carried.*

**Mr. Speaker:** Now the House will proceed to consider the Bill Clause-by-Clause. If the Hon'ble Members agree, all the clauses of the bill be put to the vote of the House together.

(Voices: Yes, Yes)..

**Clauses 2 and 3 and Schedule I, II, III, IV, V, VI, VII and VIII**

**Mr. Speaker:** Question is—

That Clauses 2 and 3 and Schedule I, II, III, IV, V, VI, VII and VIII stand part of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Clause I**

**Mr. Speaker:** Question is—

That Clause 1 stand part of the Bill.

*The motion was carried.*

TITLE

**Mr. Speaker** Question is—

That Title be the Title of the Bill.

*The motion was carried.*

**Mr. Speaker:** Minister to move that the Bill be passed.

**Finance Minister (Doctor Kewal Krishan) :** Sir, I beg to move—

That the Punjab Appropriation (No. 3) Bill be passed.

**Mr. Speaker:** Motion moved—

That the Punjab Appropriation (No. 3) Bill be passed.

**Mr. Speaker:** Question is—

That the Punjab Appropriation (No. 3) Bill be passed.

*The motion was carried.*

---

## DISCUSSION ON THE 9TH ANNUAL REPORT OF THE PUNJAB KHADI AND VILLAGE INDUSTRIES BOARD FOR THE YEAR 1991-92

## AND

## THE ANNUAL FINANCIAL STATEMENT OF THE PUNJAB STATE ELECTRICITY BOARD FOR THE YEAR 1994-95

**Mr. Speaker :** Discussion on the 9th Annual Report of the Punjab Khadi and Village Industries Board for the year 1991-92 and the Annual Financial Statement of the Punjab State Electricity Board for the year 1994-95. As per the decision of the Business Advisory Committee, both these reports will be discussed together and shall be deemed to have been read and moved.

1. **(i) Shrimati Vimla Dang.**

   **(ii) Comrade Hardev Arshi.**

Original with;
Punjab Vidhan Sabha
Digitized by;
Panjab Digital Library

## DISCUSSION ON THE 9TH ANNUAL REPORT OF THE PUNJAB KHADI AND VILLAGE INDUSTRIES BOARD FOR THE YEAR 1991-92 AND THE ANNUAL FINANCIAL STATEMENT OF THE PUNJAB STATE ELECTRICITY BOARD FOR THE YEAR 1994-95

**(iii) Comrade Ajaib Singh Raunta.**

**(iv) Comrade Gurnam Singh Dhirowal.**

To move that the Annual Report of the Punjab Khadi and Village Industries Board for the year 1991-92, which was laid on the Table of the House on the 9th March, 1994, be discussed.

2. **(i) Comrade Hardev Arshi.**

**(ii) Shrimati Vimla Dang.**

**(iii) Comrade Ajaib Singh Raunta.**

**(iv) Comrade Gurnam Singh Dhirowal.**

} To move that

the Annual Financial Statement of the Punjab State Electricity Board for the year, 1994-95, which was laid on the Table of the House on the 9th March, 1994, be discussed.

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ (ਸ੍ਰੀ ਹਰਗੋਬਿੰਦਪੁਰ):** ਸਪੀਕਰ ਸਾਹਿਬ, ਮੈਂ ਇਸ ਪਵਿੱਤਰ ਸਦਨ ਵਿਚ ਮੈਂਬਰ ਸਾਹਿਬਾਨ ਅਤੇ ਸਰਕਾਰ ਦਾ ਧਿਆਨ ਪੰਜਾਬ ਖਾਦੀ ਬੋਰਡ ਦੀ ਕਾਰਗੁਜ਼ਾਰੀ ਅਤੇ ਕਾਰਕਰਦਗੀ ਵੱਲ ਦਿਵਾਉਣਾ ਚਾਹੁੰਦਾ ਹਾਂ। ਇਸ ਦੇ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਜਾਬ ਖਾਦੀ ਬੋਰਡ ਦੇ ਬਣਨ ਨਾਲ ਸਰਕਾਰ ਨੇ ਇਕ ਬਹੁਤ ਚੰਗਾ ਕੰਮ ਕੀਤਾ ਅਤੇ ਇਸ ਬੋਰਡ ਦੇ ਰਾਹੀਂ ਲੋਕਾਂ ਨੂੰ ਛੋਟੇ ਮੋਟੇ ਕੰਮ-ਕਾਰ ਦੇ ਲਈ, ਆਪਣੇ ਸਵੈ ਰੁਜ਼ਗਾਰ ਦੇ ਲਈ ਅਤੇ ਘਰੇਲੂ ਦਸਤਕਾਰੀਆਂ ਦੇ ਲਈ ਕਰਜ਼ੇ ਮਿਲਦੇ ਹਨ ਅਤੇ ਕਾਫੀ ਘੱਟ ਵਿਆਜ ਤੇ ਮਿਲਦੇ ਹਨ ਜਿਸ ਦੇ ਨਾਲ ਪੇਂਡੂ ਵਿਕਾਸ ਵਿਚ ਕਾਫੀ ਹਿੱਸਾ ਪਿਆ ਹੈ। ਲੋਕਾਂ ਨੂੰ ਕਾਫੀ ਲਾਭ ਇਸ ਬੋਰਡ ਦੇ ਰਾਹੀਂ ਹੋਇਆ ਹੈ ਅਤੇ ਲੋਕਾਂ ਨੂੰ ਆਪਣੇ ਰੋਜ਼ਗਾਰ ਕਰਨ ਵਿੱਚ ਮਦਦ ਮਿਲੀ ਹੈ। ਪਰ ਜਿਹੜਾ ਇਸ ਦਾ ਦੂਸਰਾ ਪੱਖ ਹੈ ਉਸ ਨੂੰ ਮੈਂ ਸਰਕਾਰ ਦੇ, ਸਦਨ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਜਿਥੇ ਸਰਕਾਰ ਦਾ ਕੋਈ ਚੰਗਾ ਕੰਮ ਹੈ, ਉਥੇ ਮੈਂ ਸਰਕਾਰ ਦੀ ਸ਼ਲਾਘਾ ਵੀ ਕਰਾਂਗਾ ਅਤੇ ਜਿਥੇ ਸਰਕਾਰ ਦੀਆਂ ਖਾਮੀਆਂ ਹਨ, ਉਸ ਬਾਰੇ ਸਰਕਾਰ ਨੂੰ ਜਾਣੂੰ ਵੀ ਕਰਵਾਉਣ ਦੀ ਕੋਸ਼ਿਸ਼ ਕਰਾਂਗਾ। ਸਪੀਕਰ ਸਹਿਬ, ਇਸ ਬੋਰਡ ਦੇ ਵਿਚ ਕੁਝ ਬਹੁਤ ਵੱਡੀਆਂ ਧਾਂਦਲੀਆਂ ਹੋਈਆਂ ਜਿਸ ਬਾਰੇ ਪਰੈਸ ਵਿਚ, ਅਖਬਾਰਾਂ ਦੇ ਵਿਚ ਕਾਫੀ ਚਰਚਾ ਹੁੰਦੀ ਰਹੀ ਹੈ ਜਿਸ ਦਾ ਨਤੀਜਾ ਇਹ ਹੋਇਆ ਕਿ ਸਰਕਾਰ ਨੇ ਮੈਂਬਰ ਸੈਕਟਰੀ ਨੂੰ ਸਸਪੈਂਡ ਕਰ ਦਿੱਤਾ ਅਤੇ ਚੇਅਰਮੈਨ ਜਿਸ ਨੂੰ ਪੰਜਾਬ ਸਰਕਾਰ ਨੇ ਨਿਯੁਕਤ ਕੀਤਾ ਸੀ, ਉਸ ਦਾ ਅਸਤੀਫਾ ਸਰਕਾਰ ਨੇ ਲੈ ਲਿਆ, ਇਹ ਇਕ ਸਰਕਾਰ ਨੇ ਚੰਗੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਗੱਲ ਇਥੇ ਹੀ ਖਤਮ ਨਹੀਂ ਹੋ ਜਾਣੀ ਚਾਹੀਦੀ ਸੀ ਬਲਕਿ ਉਨ੍ਹਾਂ ਮੈਂਬਰ ਸੈਕਟਰੀ ਅਤੇ ਚੇਅਰਮੈਨ ਦੇ ਖਿਲਾਫ ਸਰਕਾਰ ਵਲੋਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਗੁਰਨਾਮ ਸਿੰਘ ਧੀਰੋਵਾਲ]

ਕਾਰਵਾਈ ਕੀਤੀ ਜਾਣੀ ਚਾਹੀਦੀ ਸੀ ਜਿਨ੍ਹਾਂ ਨੇ ਲੱਖਾਂ, ਕਰੋੜਾਂ ਰੁਪਏ ਦਾ ਗਬਨ ਅਤੇ ਕੁਰੱਪਸ਼ਨ ਕੀਤੀ ਸੀ। ਅਸਤੀਫਾ ਲੈ ਕੇ ਜਾਂ ਸਸਪੈਂਡ ਕਰਕੇ ਗੱਲ ਖਤਮ ਨਹੀਂ ਹੋ ਜਾਂਦੀ। ਇਹ ਪੈਸਾ ਜਿਹੜਾ ਇਨ੍ਹਾਂ ਨੇ ਗਬਨ ਕੀਤਾ ਹੈ, ਉਸ ਦੀ ਰਿਕਵਰੀਜ਼ ਦੇ ਲਈ ਵੀ ਸਰਕਾਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਇਹ ਆਰਡਰ ਹੁਣ ਤੱਕ ਜਾਰੀ ਹੋ ਜਾਣੇ ਚਾਹੀਦੇ ਸਨ ਤਾਂ ਕਿ ਰਿਕਵਰੀਜ਼ ਦੇ ਸਰਕਾਰ ਨੂੰ ਪੈਸੇ ਆ ਸਕਦੇ। ਸਪੀਕਰ ਸਾਹਿਬ, ਲੱਖਾਂ, ਕਰੋੜਾਂ ਰੁਪਏ ਦਾ ਗਬਨ ਕੀਤਾ ਹੈ, ਉਸ ਦੀ ਰਿਕਵਰੀ ਦੇ ਵੀ ਨਾਲ ਹੀ ਆਰਡਰ ਹੋਣੇ ਚਾਹੀਦੇ ਹਨ। ਸਪੀਕਰ ਸਾਹਿਬ, ਮੈਂ ਸਰਕਾਰ ਕੋਲੋਂ ਮੰਗ ਕਰਾਂਗਾ ਕਿ ਉਨ੍ਹਾਂ ਦੇ ਖਿਲਾਫ ਕੇਸ ਰਜਿਸਟਰਡ ਕਰਕੇ ਅਤੇ ਇਨਕੁਆਇਰੀ ਵਾਸਤੇ ਕੇਸ ਵਿਜੀਲੈਂਸ ਵਿਭਾਗ ਨੂੰ ਦਿੰਦੇ ਤਾਂ ਹੋਰ ਵੀ ਚੰਗਾ ਹੁੰਦਾ।

**ਮੁੱਖ ਸੰਸਦੀ ਸਕੱਤਰ (ਸ੍ਰੀ ਸੰਤੋਖ ਸਿੰਘ ਚੌਧਰੀ ):** ਸਪੀਕਰ ਸਾਹਿਬ, 1991-92 ਦੀ ਰਿਪੋਰਟ ਵਿਚ ਫੈਕਟਸ ਐਂਡ ਫਿਗਰਜ਼ ਹਨ। ਮੈਂਬਰ ਸਾਹਿਬ ਨੂੰ ਚਾਹੀਦਾ ਹੈ ਕਿ ਸਪੈਸੀਫਿਕਲੀ ਰਿਪੋਰਟ ਤੇ ਹੀ ਬੋਲਣ।

**Mr. Speaker** : Dhirowal ji, confine your speech to report.

**ਕਾਮਰੇਡ ਗੁਰਨਾਮ ਸਿੰਘ ਧੀਰੋਵਾਲ :** ਸਪੀਕਰ ਸਾਹਿਬ, ਚਾਹੇ 1991-92 ਦੀ ਰਿਪੋਰਟ ਹੈ, ਚਾਹੇ 1992-93 ਦੀ ਰਿਪੋਰਟ ਹੈ, ਬੋਰਡ ਦੇ ਸਕੱਤਰ ਅਤੇ ਚੇਅਰਮੈਨ ਬਾਰੇ ਡਿਸਕਸ਼ਨ ਹੋ ਸਕਦੀ ਹੈ। ਜੇਕਰ ਡਿਸਕਸ਼ਨ ਨਹੀਂ ਹੋ ਸਕਦੀ ਤਾਂ ਦੱਸੋ। ਇਸ ਕਰਕੇ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਕਿਸੇ ਨੂੰ ਵੀ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਇਨ੍ਹਾਂ ਨੂੰ ਬਾਅਦ ਵਿਚ ਗੱਲ ਕਰ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਕਰਕੇ ਇਨ੍ਹਾਂ ਨੂੰ ਇੰਟਰਫੀਅਰੈਂਸ ਨਹੀਂ ਕਰਨੀ ਚਾਹੀਦੀ ਅਤੇ ਮੇਰਾ ਬੋਲਣ ਦਾ ਟਾਈਮ ਖਰਾਬ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਕਰਕੇ ਮੇਰਾ ਸਮਾਂ ਬੋਲਣ ਦਾ ਜ਼ਾਇਆ ਹੋ ਰਿਹਾ ਹੈ।

ਅਗਲੀ ਗੱਲ, ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਕਰਨੀ ਚਾਹਾਂਗਾ ਕਿ ਸਾਲ 1991-92 ਦੀ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਸਕੈਂਡਲ ਹੋਏ ਹਨ। ਖਾਦੀ ਬੋਰਡ ਦੇ ਸਕੈਂਡਲਾਂ ਬਾਰੇ ਪਰੈਸ ਰਾਹੀਂ ਵੀ ਪਤਾ ਲਗਦਾ ਹੈ। ਜਿਹੜੀ ਗੱਲ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਖਾਦੀ ਬੋਰਡ ਦੇ ਸਕੈਂਡਲ ਨੰਬਰ ਇਕ ਦੀ ਰਿਪੋਰਟ ਵਿਚ 44 ਯੂਨਿਟਾਂ ਨੂੰ ਪੈਸੇ ਦੇ ਕੇ 2 ਕਰੋੜ 56 ਲੱਖ ਰੁਪਏ ਦਾ ਮੁਨਾਫਾ ਸ਼ੋਅ ਕੀਤਾ ਹੈ। ਇਹ ਮੁਨਾਫਾ ਸਾਲ 1991-92 ਦਾ ਵਿਖਾਇਆ ਗਿਆ ਹੈ। ਰਿਪੋਰਟ ਦੱਸਦੀ ਹੈ ਕਿ ਇਨ੍ਹਾਂ ਕੇਸਾਂ ਵਿਚੋਂ 15 ਕੇਸਿਜ਼ (ਯੂਨਿਟ) ਅਜਿਹੇ ਹਨ ਜਿਨ੍ਹਾਂ ਵਿਚ ਪੈਸੇ ਨਹੀਂ ਦਿਤੇ ਅਤੇ ਜਾਲ੍ਹੀ ਤੌਰ ਤੇ ਕਾਰਵਾਈ ਕੀਤੀ ਗਈ ਹੈ। ਸਪੀਕਰ ਸਾਹਿਬ, 15 ਕੇਸਿਜ਼ ਵਿਚੋਂ 1 ਕਰੋੜ 75 ਲੱਖ ਰੁਪਏ ਦਾ ਘਪਲਾ ਕੀਤਾ ਗਿਆ ਹੈ। ਇਸ ਦੀ ਇਨਕੁਆਇਰੀ ਵਿਜੀਲੈਂਸ ਵਿਭਾਗ ਨੂੰ ਕਰਨੀ ਚਾਹੀਦੀ ਹੈ ਤਾਂ ਕਿ ਦੋਸ਼ੀਆਂ ਦੇ ਖਿਲਾਫ ਕਾਰਵਾਈ ਹੋ ਸਕੇ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਪੰਜਾਬ ਖਾਦੀ ਬੋਰਡ ਦਾ ਸਕੈਂਡਲ ਨੰਬਰ 2, 1991-92 ਦੀ ਰਿਪੋਰਟ ਵਿਚ 202 ਕਰੋੜ 52 ਲੱਖ ਰੁਪਏ ਦਾ ਹੈ ਕਿ ਕਰਜ਼ੇ ਕਾਰੋਬਾਰੀ ਬੰਦਿਆਂ ਲਈ ਦਿੱਤੇ ਜਿਸ ਦੇ ਵਿਚੋਂ 101 ਕਰੋੜ 96 ਲੱਖ ਰੁਪਏ ਦੇ ਕਰਜ਼ੇ ਜਾਲ੍ਹੀ ਭੁਗਤਾਨ ਕਰਕੇ ਘਪਲਾ ਕੀਤਾ ਗਿਆ ਹੈ। ਸਪੀਕਰ ਸਾਹਿਬ, ਤੀਜੇ ਸਕੈਂਡਲ ਅਨੁਸਾਰ 1991-92 ਦੀ ਰਿਪੋਰਟ ਅਨੁਸਾਰ 150 ਕੇਸ ਅਜਿਹੇ ਹਨ ਜਿਹੜੇ ਕਿ ਕੋਰਟਾਂ ਵਿਚ ਚਲ ਰਹੇ ਹਨ। ਇਨ੍ਹਾਂ ਵਿਚੋਂ 62 ਕੇਸਾਂ ਬਾਰੇ ਇਹ ਆਪ ਮੰਨਦੇ ਹਨ ਕਿ ਚੇਅਰਮੈਨ ਅਤੇ ਦੂਸਰੇ ਅਧਿਕਾਰੀਆਂ ਦੀ ਮਿਲੀ-ਭੁਗਤ ਦੇ ਨਾਲ ਪੈਸਾ ਬਟੋਰਨ ਲਈ ਕਰਜ਼ੇ ਦਿੱਤੇ ਗਏ ਹਨ। ਅਫਸਰ ਆਪਣੀਆਂ ਮਨ-ਮਾਨੀਆਂ ਕਰਦੇ ਹਨ ਅਤੇ ਇਸ ਤਰ੍ਹਾਂ ਕਰਕੇ ਸਭ ਕੁਝ ਕੀਤਾ ਜਾ ਰਿਹਾ ਹੈ। ਇਨ੍ਹਾਂ ਕੇਸਾਂ ਦੇ ਫੈਸਲੇ ਜਲਦੀ ਕੀਤੇ ਜਾਣ।

ਸਪੀਕਰ ਸਾਹਿਬ, ਅਗਲੀ ਗੱਲ ਮੈਂ ਤੁਹਾਡੇ ਸਾਹਮਣੇ ਕਰਨੀ ਚਾਹਵਾਂਗਾ ਕਿ ਚੌਥਾ ਸਕੈਂਡਲ ਕੰਟਰੀਬਿਊਟਰੀ ਪਰੋਵੀਡੈਂਟ ਫੰਡ ਦੇ ਨਾਂ ਤੇ 77 ਲੱਖ ਰੁਪਏ ਦੀ ਰਕਮ ਕਢਾ ਕੇ ਆਪਣੀ ਮਨ-ਮਰਜ਼ੀ ਦੇ ਨਾਲ ਗੁਲਸ਼ਰੇ ਉਡਾਏ ਹਨ। ਕਿਸੇ ਵੀ ਅਧਿਕਾਰੀ ਕੋਲੋਂ ਇਸ ਦੀ ਮਨਜ਼ੂਰੀ ਨਹੀਂ ਲਈ ਗਈ। ਇਨ੍ਹਾਂ ਫੰਡਾਂ ਦੀ ਸਹੀ ਵਰਤੋਂ ਨਹੀਂ ਕੀਤੀ ਗਈ। ਮੈਂ ਸਮਝਦਾ ਹਾਂ ਕਿ ਫੰਡਾਂ ਦੀ ਸਹੀ ਵਰਤੋਂ ਹੋਣੀ ਚਾਹੀਦੀ ਹੈ। ਮੈਂ ਮੰਗ ਕਰਦਾ ਹਾਂ ਕਿ ਸਰਕਾਰ ਵਿਜੀਲੈਂਸ ਵਿਭਾਗ ਕੋਲੋਂ ਇਸ ਸਕੈਂਡਲ ਦੀ ਜਾਂਚ ਕਰਵਾਏ ਅਤੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ।

ਸਪੀਕਰ ਸਾਹਿਬ, ਅਖਬਾਰਾਂ ਵਿਚ ਪੰਜਵਾਂ ਸਕੈਂਡਲ ਛਪਿਆ ਹੈ ਕਿ ਜਿਨ੍ਹਾਂ ਨੇ ਕਰਜ਼ੇ ਲੈਣੇ ਹੁੰਦੇ ਹਨ, ਉਹ 10 ਪ੍ਰਤੀਸ਼ਤ ਦੇ ਹਿਸਾਬ ਨਾਲ ਰਿਸ਼ਵਤ ਦੇਣ। 10 ਪ੍ਰਤੀਸ਼ਤ ਕਮਿਸ਼ਨ ਦਾ ਕਹਿ ਕੇ ਰਿਸ਼ਵਤ ਲੈਂਦੇ ਹਨ। ਮੈਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਉਹ ਇਸ ਬਾਰੇ ਐਕਸ਼ਨ ਲੈਣ।

ਅਗਲੀ ਗੱਲ ਛੇਵੇਂ ਸਕੈਂਡਲ ਦੇ ਬਾਰੇ, ਬੋਰਡ ਦੇ ਚੇਅਰਮੈਨ ਨੇ ਸਕੱਤਰ ਨਾਲ ਮਿਲਕੇ 16 ਲੱਖ ਰੁਪਏ ਦਾ ਕਾਰਖਾਨਾ ਲਗਾਉਣ ਦੀ ਯੋਜਨਾ ਬਣਾਈ। ਦੁੱਧ ਦੀਆਂ ਵਸਤੂਆਂ ਤੋਂ ਚੀਜ਼ਾਂ ਬਣਾਉਣ ਦਾ ਕਾਰਖਾਨਾ 16 ਲੱਖ ਰੁਪਏ ਦਾ ਲਗਾਉਣ ਵਾਸਤੇ ਜ਼ੀਰਕਪੁਰ ਸੈਂਟਰ ਚੁਣਿਆ। ਪਰ ਯੂ.ਟੀ. ਦੇ ਅੰਦਰ ਦੁੱਧ ਦੀਆਂ ਵਸਤੂਆਂ ਦਾ ਕਾਰਖਾਨਾ ਹੋਣ ਕਰਕੇ ਬੈਂਕ ਨੇ 16 ਲੱਖ ਰੁਪਏ ਦੇਣ ਤੋਂ ਨਾਂਹ ਕਰ ਦਿੱਤੀ। ਫੇਰ ਸ੍ਰੀ ਸੈਦਾ ਸਾਹਿਬ ਚੇਅਰਮੈਨ ਨੇ ਕਾਰਖਾਨੇ ਦੀ ਥਾਂ ਬਦਲ ਕੇ ਬੱਸੀ ਪਠਾਣਾਂ ਕਰ ਦਿੱਤੀ ਅਤੇ 16 ਲੱਖ ਰੁਪਏ ਦਾ ਅਲੀਜੀਬਿਲਟੀ ਸਰਟੀਫਿਕੇਟ ਬੱਸੀ ਪਠਾਣਾਂ ਅੰਦਰ ਕਾਰਖਾਨਾ ਲਗਾਉਣ ਵਾਸਤੇ ਦੋਬਾਰਾ ਦਿੱਤਾ ਪਰ ਉਹ ਵੀ ਕਾਰਖਾਨਾ ਨਾ ਲਗ ਸਕਿਆ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬਾਨ ਦੇ ਅਤੇ ਸਰਕਾਰ ਦੇ ਨੋਟਿਸ ਵਿਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਇਹ 16 ਲੱਖ ਰੁਪਏ ਨਾਲ ਕਾਰਖਾਨਾ ਕਿਉਂ ਨਾ ਲੱਗ ਸਕਿਆ ? ਬੈਂਕ ਨੇ ਪੈਸਾ ਕੈਸ਼ ਕਿਉਂ ਨਾ ਕੀਤਾ ? ਕਾਰਨ ਇਹ ਸੀ ਕਿ ਬੋਰਡ ਦਾ ਮੈਂਬਰ ਚੇਅਰਮੈਨ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਗੁਰਨਾਮ ਸਿੰਘ ਧੀਰੋਵਾਲ]

ਸ੍ਰਾਹਿਬ ਦਾ ਰਿਸ਼ਤੇਦਾਰ ਸੀ ਅਤੇ ਬੈਂਕ ਨੇ ਨਾਂਹ ਕਰ ਦਿੱਤੀ। ਉਸਨੂੰ ਚੇਅਰਮੈਨ ਨੇ ਜੁਆਇੰਟ ਸਕੱਤਰ ਲਾ ਲਿਆ ਅਤੇ ਮੁੜ ਕੇ ਬੋਰਡ ਦੇ ਅੰਦਰ ਨਵਾਂ ਮੈਂਬਰ ਭਰਤੀ ਕਰ ਲਿਆ। ਬੈਂਕ ਨੇ ਫਿਰ ਵੀ ਕਰਜ਼ਾ ਨਾ ਦਿੱਤਾ। ਚੇਅਰਮੈਨ ਨੇ ਮੁੜ ਕੇ ਥਾਂ ਬਦਲ ਕੇ ਭਿਖੀ ਦੇ ਅੰਦਰ ਕਾਰਖਾਨਾ ਦੁੱਧ ਦੀਆਂ ਵਸਤੂਆਂ ਦਾ ਲਾਉਣ ਲਈ ਬੈਂਕ ਨੂੰ ਅਲਿਜੀਬਿਲਟੀ ਸਰਟੀਫਿਕੇਟ ਦੇ ਦਿੱਤਾ ਜਿਸ ਕਰਕੇ ਕਾਗਜ਼ਾਂ ਵਿਚ ਦੁੱਧ ਦੀਆਂ ਵਸਤੂਆਂ ਦਾ ਕਾਰਖਾਨਾ ਲਗਾਇਆ ਗਿਆ ਹੈ ਜਦ ਕਿ ਉਥੇ ਦੁੱਧ ਦੀਆਂ ਵਸਤਾਂ ਦਾ ਨਹੀਂ, ਬਰਫ ਦਾ ਕਾਰਖਾਨਾ ਚਲਦਾ ਹੈ। ਭਿਖੀ ਕਿਉਂਕਿ ਨੋਟੀਫਾਈਡ ਏਰੀਆ ਕਮੇਟੀ ਹੈ ਜਦ ਕਿ ਖਾਦੀ ਬੋਰਡ ਪੇਂਡੂ ਖੇਤਰ ਵਿਚ ਉਦਯੋਗ ਲਾਉਣ ਲਈ ਕਰਜ਼ਾ ਦਿੰਦਾ ਹੈ। ਮੈਂ ਮੰਗ ਕਰਦਾ ਹਾਂ ਕਿ ਇਸ ਸਕੈਂਡਲ ਦੀ ਵੀ ਪੰਜਾਬ ਸਰਕਾਰ ਨੂੰ ਵਿਜੀਲੈਂਸ ਤੋਂ ਜਾਂਚ ਕਰਵਾ ਕੇ ਉਸ ਦੇ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ।

ਸਪੀਕਰ ਸਾਹਿਬ, ਅਗਲੀ ਗੱਲ ਮੈਂ ਸਤਵੇਂ ਸਕੈਂਡਲ ਬਾਰੇ ਤੁਹਾਡੇ ਸਾਹਮਣੇ ਕਰਨੀ ਚਾਹਵਾਂਗਾ। ਉਹ ਇਹ ਕਿ ਦੁੱਧ ਦੀਆਂ ਵਸਤਾਂ ਤੋਂ ਬਣਾਈਆਂ ਚੀਜ਼ਾਂ ਦੀ ਮਸ਼ਹੂਰੀ ਲਈ ਇਕ ਆਪਣੇ ਰਿਸ਼ਤੇਦਾਰ ਨੂੰ ਪੇਸ਼ਗੀ 60 ਹਜ਼ਾਰ ਰੁਪਏ ਦਿੱਤੇ ਅਤੇ ਉਹਦੇ ਕੋਲੋਂ ਬੋਰਡ ਬਣਵਾਏ ਅਤੇ ਜਿਹੜੇ ਬੋਰਡ ਬਣਵਾਏ, 60-60 ਹਜ਼ਾਰ ਰੁਪਏ ਪ੍ਰਤੀ ਬੋਰਡ ਲਗਵਾਇਆ ਜਦ ਕਿ ਇਕ ਬੋਰਡ ਦੀ ਅਸਲ ਕੀਮਤ ਪੰਜ ਹਜ਼ਾਰ ਰੁਪਏ ਤੋਂ ਵੱਧ ਨਹੀਂ ਹੈ, ਪਰ ਜਦੋਂ ਬੋਰਡਾਂ ਦੀ ਚੈਕਿੰਗ ਹੋਈ ਤਾਂ ਬੋਰਡ ਕਿਧਰੇ ਵੀ ਲੱਗੇ ਨਹੀਂ ਪਾਏ ਗਏ। ਜੇ ਕੋਈ ਲੱਗੇ ਵੀ ਸੀ ਤਾਂ ਉਹ ਵੀ ਨਾਮਾਤਰ ਲਈ ਥੋੜ੍ਹੇ ਦਿਨਾਂ ਲਈ ਫੱਟਿਆਂ ਤੇ ਲਾਏ ਹੋਣਗੇ, ਪਲਾਈ ਵੁੱਡ ਦੇ ਲਾਏ ਹੋਣਗੇ। ਸਪੀਕਰ ਸਾਹਿਬ, ਜਦੋਂ ਕੋਈ 5000 ਰੁਪਏ ਤੋਂ ਉਪਰ ਦਾ ਸੌਦਾ ਕਰਨਾ ਹੋਵੇ ਤਾਂ ਲਾਜ਼ਮੀ ਤੌਰ ਤੇ ਟੈਂਡਰ ਲੈਣੇ ਪੈਂਦੇ ਹਨ ਪਰ ਕੋਈ ਟੈਂਡਰ ਨਹੀਂ ਲਏ ਗਏ। 60-60 ਹਜ਼ਾਰ ਰੁਪਏ ਦੇ ਬੋਰਡ ਸ਼ੋਅ ਕਰਕੇ ਲੱਖਾਂ ਰੁਪਏ ਦਾ ਘਪਲਾ ਇਨ੍ਹਾਂ ਬੋਰਡਾਂ ਰਾਹੀਂ ਉਨ੍ਹਾਂ ਨੇ ਕੀਤਾ ਅਤੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ। ਮੈਂ ਮੰਗ ਕਰਦਾ ਹਾਂ ਕਿ ਇਸ ਸਕੈਂਡਲ ਦੀ ਜਾਂਚ ਵੀ ਵਿਜੀਲੈਂਸ ਕੋਲੋਂ ਸਰਕਾਰ ਕਰਵਾਏ।

ਸਕੈਂਡਲ ਨੰਬਰ 8, ਸਪੀਕਰ ਸਾਹਿਬ, ਵਾਣ ਵੱਟਣ ਵਾਲੀਆਂ ਮਸ਼ੀਨਾਂ ਬਾਰੇ ਹੈ ਜੋ ਪੇਂਡੂ ਦਸਤਕਾਰਾਂ ਨੂੰ ਦਿੱਤੀਆਂ ਜਾਂਦੀਆਂ ਹਨ। ਇਹ ਮਹਾਤਮਾ ਗਾਂਧੀ ਦਾ ਵੀ ਸੁਪਨਾ ਸੀ ਕਿ ਛੋਟੇ ਦਸਤਕਾਰ ਉਪਰ ਉਠਣ ਪਰ ਛੋਟੇ ਦਸਤਕਾਰਾਂ ਲਈ ਮਜਬੂਰੀ ਦੇ ਤੌਰ ਤੇ ਮਹਿਕਮਾ ਆਪਣੀ ਬਿਲਾਂ ਦੇ ਉਤੇ ਮਸ਼ੀਨਾਂ ਦਿਵਾਉਂਦਾ ਹੈ ਅਤੇ ਉਹ ਮਸ਼ੀਨਾਂ 19-19 ਸੌ ਰੁਪਏ ਦੀਆਂ ਦਿੱਤੀਆਂ ਗਈਆਂ ਜਦ ਕਿ ਮਾਰਕੀਟ ਅੰਦਰ ਉਸਦੀ ਕੀਮਤ 900 ਰੁਪਏ ਬਣਦੀ ਹੈ। ਇਨ੍ਹਾਂ ਵਿਚ ਵੀ ਪ੍ਰਤੀ ਮਸ਼ੀਨ 1-1 ਹਜ਼ਾਰ ਰੁਪਿਆ ਖਾਦੀ ਬੋਰਡ ਦੇ ਚੇਅਰਮੈਨ, ਸਕੱਤਰ ਅਤੇ ਮੈਂਬਰ ਨੇ ਡਕਾਰਿਆ। ਇਹ ਸਾਰੇ ਹਾਲਾਤ ਸਿੱਧ ਕਰਦੇ ਹਨ ਕਿ ਅੱਜ ਖਾਦੀ ਬੋਰਡ ਦੇ ਅੰਦਰ ਜਿਸ ਤਰ੍ਹਾਂ ਧਾਂਦਲੀ ਮਚੀ ਹੈ, ਉਸ ਸਬੰਧੀ ਜਿਹੜਾ ਮੁੱਖ ਮੰਤਰੀ ਜੀ ਨੇ ਨੇਕ ਕਦਮ ਚੁਕਿਆ ਹੈ, ਉਸਦੀ ਜਿਥੇ ਮੈਂ ਸ਼ਲਾਘਾ ਕਰਦਾ ਹਾਂ

Original with;
Punjab Vidhan Sabha
Digitized by;
Panjab Digital Library

ਉਥੇ ਇਹ ਵੀ ਕਹਾਂਗਾ ਕਿ ਉਸਨੂੰ ਸਿਰਫ 1991-92 ਜਾਂ 1992-93 ਦਾ ਆਧਾਰ ਪਾ ਕੇ ਹੀ ਮਿੱਟੀ ਪਾਉਣ ਦਾ ਯਤਨ ਨਹੀਂ ਕਰਨਾ ਚਾਹੀਦਾ ਬਲਕਿ ਜਿਹੜੀਆਂ ਕੁਰੀਤੀਆਂ ਹਨ, ਅੱਛੀਆਂ ਕਾਰਗੁਜ਼ਾਰੀਆਂ ਹਨ, ਉਨ੍ਹਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਕਮਜ਼ੋਰੀ ਦੇ ਪੱਖਾਂ ਨੂੰ ਦੂਰ ਕਰਕੇ ਖਾਦੀ ਬੋਰਡ ਨੂੰ ਗਰੀਬ ਲੋਕਾਂ ਦੇ ਭਲੇ ਵਾਸਤੇ ਜਿਹੜਾ ਪੈਸਾ ਖਜ਼ਾਨੇ ਵਿਚੋਂ ਨਿਕਲਦਾ ਹੈ, ਉਸਦੀ ਠੀਕ ਵਰਤੋਂ ਹੋਣੀ ਚਾਹੀਦੀ ਹੈ। ਮੈਂ, ਸਪੀਕਰ ਸਾਹਿਬ, ਸਪਸ਼ਟ ਤੌਰ ਤੇ ਹਾਊਸ ਦੇ ਸਾਹਮਣੇ ਕਹਿਣਾ ਚਾਹੁੰਦਾ ਹਾਂ ਕਿ ਜੇ ਇਹੋ ਗੱਲ ਹੋਈ ਕਿ ਮੁਅੱਤਲ ਕਰਕੇ ਉਸ ਬੰਦੇ ਦਾ ਰੀਜ਼ਾਈਨ ਲੈ ਕੇ ਛੁੱਟੀ ਕਰ ਦਿੱਤੀ ਗਈ ਤਾਂ ਲੋਕੀਂ ਇਹੀ ਸਮਝਣਗੇ ਕਿ ਅੱਖਾਂ ਵਿਚ ਘੱਟਾ ਪਾਉਣ ਵਾਲੀ ਗੱਲ ਹੈ। ਉਹ ਇਨਕੁਆਇਰੀ ਵਿਚ ਡੀਲੇਅ ਕਰਕੇ ਬੰਦੇ ਮੁਆਫ ਕਰਨ ਵਾਲੀ ਗੱਲ ਹੈ। ਮੈਂ ਆਪਣੀ ਪਾਰਟੀ ਸੀ.ਪੀ.ਆਈ ਦੇ ਗਰੁੱਪ ਵਲੋਂ ਮੰਗ ਕਰਦਾ ਹਾਂ ਕਿ ਜਿੰਨੇ ਘਪਲੇ ਮੈਂ ਕਹੇ ਹਨ, ਮੈਂ ਇਕੱਲੇ ਇਸੇ ਖਾਦੀ ਬੋਰਡ ਦੀ ਗੱਲ ਹੀ ਨਹੀਂ ਕਰ ਰਿਹਾ, ਕਿਸੇ ਬੋਰਡ ਜਾਂ ਕਿਸੇ ਕਾਰਪੋ-ਰੇਸ਼ਨ ਦੇ ਚੇਅਰਮੈਨ ਤੋਂ ਅਸਤੀਫਾ ਲੈ ਲਿਆ ਜਾਂ ਕਿਸੇ ਸੈਕਟਰੀ ਨੂੰ ਮੁਅੱਤਲ ਕਰ ਦਿੱਤਾ, ਇੰਨਾ ਹੀ ਕਾਫੀ ਨਹੀਂ, ਇਸ ਤੋਂ ਅੱਗੇ ਵੀ ਚਾਲਣਾ ਚਾਹੀਦਾ ਹੈ। ਠੀਕ ਹੈ ਕਿ ਇਨ੍ਹਾਂ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਸਰਕਾਰ ਨੇ ਹੌਲਦੀ ਕਦਮ ਚੁੱਕਿਆ ਹੈ। ਇਸ ਦੇ ਚੰਗੇ ਨਤੀਜੇ ਨਿਕਲਣਗੇ। ਇਸ ਨਾਲ ਇਨ੍ਹਾਂ ਅਦਾਰਿਆਂ ਦੀ ਕਾਰਕਰਦਗੀ ਵਿਚ ਸੁਧਾਰ ਆਵੇਗਾ। ਇਕੱਲੇ ਇਸੇ ਬੋਰਡ ਵਿਚ ਹੀ ਘਪਲੇਬਾਜ਼ੀ ਨਹੀਂ ਹੋਈ। ਇਸ ਤੋਂ ਇਲਾਵਾ ਹੋਰ ਵੀ ਕਿਸੇ ਕਾਰ-ਪੋਰੇਸ਼ਨ ਵਿਚ ਜੇ ਕੋਈ ਘਪਲੇਬਾਜ਼ੀ ਹੋਈ ਤਾਂ ਸਰਕਾਰ ਦੇ ਇਸ ਐਕਸ਼ਨ ਦੇ ਨਾਲ ਉਨ੍ਹਾਂ ਨੂੰ ਵੀ ਪਤਾ ਚਲ ਜਾਵੇਗਾ ਕਿ ਕਲ੍ਹ ਨੂੰ ਸਾਡੇ ਤੇ ਵੀ ਐਕਸ਼ਨ ਹੋ ਸਕਦਾ ਹੈ। ਉਨ੍ਹਾਂ ਨੂੰ ਡਰ ਹੋਵੇਗਾ ਕਿ ਸਾਡੇ ਖਿਲਾਫ ਵੀ ਜੇ ਕੋਈ ਪ੍ਰੈਸ ਵਿਚ ਗਿਆ ਜਾਂ ਸਦਨ ਵਿਚ ਕੋਈ ਗੱਲ ਹੋਈ ਅਤੇ ਅਸੀਂ ਦੋਸ਼ੀ ਪਾਏ ਗਏ ਤਾਂ ਇਸ ਦੇ ਸਿੱਟੇ ਮਾੜੇ ਨਿਕਲਣਗੇ। ਇਸ ਕਰਕੇ ਮੈਂ ਰੇਪੀਟੀਸ਼ਨ ਨਾ ਕਰਦਾ ਹੋਇਆ ਸਦਨ ਦੇ ਸਾਹਮਣੇ ਸਰਕਾਰ ਕੋਲੋਂ ਮੰਗ ਕਰਦਾ ਹਾਂ ਕਿ ਉਨ੍ਹਾਂ ਅਧਿਕਾਰੀਆਂ ਨੂੰ ਅਸਤੀਫਿਆਂ ਤੱਕ ਜਾਂ ਮੁਅੱਤਲੀਆਂ ਤੱਕ ਹੀ ਮੁਆਫ ਨਾ ਕੀਤਾ ਜਾਵੇ ਬਲਕਿ ਪੈਸਿਆ ਦੀ ਵਸੂਲੀ ਵੀ ਉਚੇਚੇ ਤੌਰ ਤੇ ਹੋਣੀ ਚਾਹੀਦੀ ਹੈ। ਉਨ੍ਹਾਂ ਦੇ ਖਿਲਾਫ ਮੁਕੱਦਮੇ ਦਾਇਰ ਕਰਕੇ, ਕੇਸ ਰਜਿਸਟਰ ਕਰਕੇ, ਵਿਜੀਲੈਂਸ ਤੋਂ ਇਨਕੁਆਇਰੀ ਕਰਨ ਦਾ ਮੁਨਾਸਿਬ ਉਪਰਾਲਾ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਇਸ ਸਦਨ ਦੇ ਸਾਹਮਣੇ ਜਿਹੜੀ ਰਿਪੋਰਟ ਪੇਸ਼ ਹੋਈ ਹੈ, ਉਸ ਉਤੇ ਬੋਲਣ ਦਾ ਤੁਸੀਂ ਮੈਨੂੰ ਮੌਕਾ ਦਿੱਤਾ ਹੈ।

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਦੋਨੋਂ ਰਿਪੋਰਟਾਂ ਇਕੱਠੀਆਂ ਹੀ ਪੇਸ਼ ਹੋ ਜਾਣੀਆਂ ਚਾਹੀਦੀਆਂ ਸਨ ਤਾਂ ਕਿ ਬਹਿਸ ਵੀ ਇਕੱਠੀ ਹੀ ਹੋ ਜਾਂਦੀ। ਦੂਸਰੀ ਰਿਪੋਰਟ ਕਿਉਂਕਿ ਮੇਰੇ ਵਲੋਂ ਮੂਵ ਕੀਤੀ ਗਈ ਸੀ, ਇਸ ਕਰਕੇ ਮੈਨੂੰ ਆਪਣੀ ਗੱਲ ਕਹਿਣ ਦਾ ਮੌਕਾ ਮਿਲਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ :** ਉਸ ਵੇਲੇ ਤੁਸੀਂ ਸ਼ਾਇਦ ਧਿਆਨ ਨਹੀਂ ਕੀਤਾ, ਉਸ ਵੇਲੇ ਇਹ ਪੜ੍ਹਿਆ ਗਿਆ ਸੀ।

These shall be discussed together and shall be deemed to have been read and moved.

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ (ਅੰਮ੍ਰਿਤਸਰ ਕੇਂਦਰੀ ) :** ਸਪੀਕਰ ਸਾਹਿਬ, ਖਾਦੀ ਬੋਰਡ ਉਤੇ ਬੋਲਣ ਵਾਸਤੇ ਬਹੁਤ ਕੁਝ ਹੈ, ਇਸ ਦੇ ਵਾਸਤੇ ਬਹੁਤ ਟਾਈਮ ਚਾਹੀਦਾ ਹੈ। ਸਾਲ 1991-92 ਦੀ ਸਾਲਾਨਾ ਰਿਪੋਰਟ ਵਿਚ ਜਦੋਂ ਅਸੀਂ ਰਿਕਵਰੀ ਵਾਲੀ ਗੱਲ ਦੇਖਦੇ ਹਾਂ ਤਾਂ ਇਸ ਵਿਚ ਲਿਖਿਆ ਹੈ— During the year under review, the board recovered a sum of Rs. 90,40,000 ਜਦੋਂ ਕਿ ਅਸਲ ਵਿਚ ਇਹ ਰਾਸ਼ੀ 5 ਕਰੋੜ 85 ਲੱਖ 96 ਹਜ਼ਾਰ ਸੀ । ਇਸ ਦੇ ਵਿਚ ਅਸੀਂ ਸਿਰਫ 90 ਲੱਖ ਰੁਪਏ ਹੀ ਕਿਉਂ ਕਢ ਪਾਏ ਹਾਂ? ਇਸ ਦੇ ਨਾਲ ਆਪਣੇ ਆਪ ਹੀ ਕੁਝ ਪ੍ਰਸ਼ਨ ਪੈਦਾ ਹੋ ਜਾਂਦੇ ਹਨ। ਕਰੋੜਾਂ ਰੁਪਿਆ ਜਨਤਾ ਲੋਨ ਲੈ ਚੀ ਹੈ ਅਤੇ ਖਾਦੀ ਬੋਰਡ ਇਹ ਲੋਨ ਦਿੰਦਾ ਹੈ। ਇਹ ਲੋਨ ਵਾਪਸ ਕਿਉਂ ਨਹੀਂ ਆਉਂਦਾ? 5—5 10-10, 25—25 ਹਜ਼ਾਰ ਰੁਪਏ ਦੇ ਲੋਨ ਦੇਣ ਨਾਲ ਇਹ ਰਕਮ ਕਰੋੜਾਂ ਰੁਪਈਆਂ ਦੀ ਬਣ ਜਾਂਦੀ ਹੈ। ਸਪੀਕਰ ਸਾਹਿਬ, ਖਾਦੀ ਬੋਰਡ ਨਾਲ ਬੜੀ ਪਵਿੱਤਰਤਾ ਜੁੜੀ ਹੋਈ ਹੈ। ਖਾਦੀ ਬੋਰਡ ਅਤੇ ਮਹਾਤਮਾ ਗਾਂਧੀ ਦੋਨੋਂ ਪ੍ਰਾਏਵਾਚੀ ਸ਼ਬਦ ਹਨ। ਮਹਾਤਮਾ ਗਾਂਧੀ ਦਾ ਵਿਚਾਰ ਸੀ ਕਿ ਗਰੀਬ ਦੇ ਘਰ ਵਿਚ ਵੀ ਰੋਜ਼ਗਾਰ ਹੋਵੇ। ਕੇਵਲ ਰੋਟੀ ਹੀ ਨਹੀ, ਰੋਜ਼ਗਾਰ ਵੀ ਹੋਵੇ। ਉਨ੍ਹਾਂ ਦੇ ਵਿਚਾਰਾਂ ਨੂੰ ਠੀਕ ਢੰਗ ਦੇ ਨਾਲ ਲਾਗੂ ਕਰਨ ਲਈ ਹੀ ਇਨ੍ਹਾਂ ਖਾਦੀ ਬੋਰਡਾਂ ਦੀ ਸਥਾਪਨਾ ਕੀਤੀ ਗਈ ਸੀ। ਜਿਹੜਾ ਇਸ ਦਾ ਪ੍ਰਸ਼ਾਸਨਿਕ ਖਰਚਾ ਹੈ, ਉਹ ਤਾਂ ਸਟੇਟ ਗੌਰਮਿੰਟ ਦਿੰਦੀ ਹੈ, ਬਾਕੀ ਪੈਸਾ ਕੇਂਦਰ ਤੋਂ ਆਉਂਦਾ ਹੈ। ਇਹ ਬੋਰਡ ਤਾਂ ਵਿਚ ਵਿਚਾਲੇ ਸਿਰਫ ਇਕ ਏਜੰਸੀ ਹੈ। ਸਰਕਾਰ ਤੋਂ ਪੈਸਾ ਇਹ ਬੋਰਡ ਲੈਂਦਾ ਹੈ ਅਤੇ ਲੋਕਾਂ ਨੂੰ ਅੱਗੇ ਇਹ ਲੋਨ ਦਿੰਦਾ ਹੈ। ਇਹ ਤਾਂ ਲੋਨ ਦੇਣ ਅਤੇ ਵਾਪਸ ਲੈਣ ਵਾਲੀ ਇਕ ਏਜੰਸੀ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਕਿਥੇ ਕਮੀ ਰਹਿ ਜਾਂਦੀ ਹੈ ਜਿਸ ਕਰਕੇ ਜਿਹੜਾ ਕਰਜ਼ਾ ਦਿੱਤਾ ਜਾਂਦਾ ਹੈ, ਉਹ ਮੁੜ ਕੇ ਵਾਪਸ ਨਹੀਂ ਆਉਂਦਾ। ਅੱਜ 1993-94 ਦੀ ਹਾਲਤ ਦੇਖ ਦੇ ਪਤਾ ਲਗਦਾ ਹੈ ਕਿ ਜੋ ਕੁਝ ਹੁਣ ਹੋ ਰਿਹਾ ਹੈ, ਇਹ ਕੁਝ ਪ੍ਰਤੀਸ਼ਤ ਉਦੋਂ ਵੀ ਹੁੰਦਾ ਸੀ। ਅੱਜ ਖਾਦੀ ਬੋਰਡ ਦੇ ਹਰੇਕ ਜ਼ਿਲ੍ਹਾ ਮੈਨੇਜਰ ਨੂੰ ਇਹ ਹਦਾਇਤਾਂ ਹੁੰਦੀਆਂ ਹਨ ਕਿ 2—2 ਲੱਖ ਰੁਪਏ ਦੇ ਬੇਨਾਮੀ ਕਰਜ਼ਿਆਂ ਦੇ ਫਾਰਮ ਭਰੋ। ਜਿਹੜਾ ਜ਼ਿਲ੍ਹਾ ਮੈਨੇਜਰ ਇਹ ਨਹੀਂ ਭਰਦਾ, ਉਸ ਦੀ ਤਾਂ ਫਿਰ ਐਸੀ-ਤੈਸੀ ਕਰ ਦਿੱਤੀ ਜਾਂਦੀ ਹੈ । ਆਖਰ ਇਸ ਤਰ੍ਹਾਂ ਬੇਨਾਮੀ ਨਾਵਾਂ ਤੇ ਦਿੱਤਾ ਗਿਆ ਪੈਸਾ ਕਿਥੋਂ ਵਾਪਸ ਆਵੇਗਾ ? ਖਾਦੀ ਬੋਰਡ ਦਾ ਕਰਜ਼ਾ ਗਰੀਬ ਆਦਮੀਆਂ ਕੋਲ ਜਾਣਾ ਹੁੰਦਾ ਹੈ ਅਤੇ ਰਕਮ ਵੀ ਥੋੜ੍ਹੀ ਹੁੰਦੀ ਹੈ। ਪਿਛੇ ਜਿਹੇ ਜਦੋਂ ਮੁੱਖ ਮੰਤਰੀ ਸਾਹਿਬ ਜਗਰਾਵਾਂ ਵਿੱਚ ਕਰਜ਼ੇ ਵੰਡਣ ਗਏ ਸਨ ਤਾਂ ਉਸ ਤੋਂ ਪਹਿਲਾਂ ਅਸੀਂ ਅਖਬਾਰਾਂ ਵਿੱਚ ਛਪਵਾ ਦਿੱਤਾ ਸੀ ਕਿ ਕੇਵਲ ਮੋਟੇ-ਮੋਟੇ ਕਰਜ਼ੇ ਹੀ ਦਿੱਤੇ ਜਾਂਦੇ ਹਨ ਕਿਉਂਕਿ ਉਨ੍ਹਾਂ ਵਿੱਚ ਕਮਿਸ਼ਨ ਜ਼ਿਆਦਾ ਆਉਂਦਾ ਹੈ। ਜਿਹੜੇ 25 000 ਰੁਪਏ ਦੇ ਕਰਜ਼ੇ ਹਨ, ਇਹ ਇਸ ਕਰਕੇ ਨਹੀਂ ਦਿੰਦੇ ਕਿ

Original with;
Punjab Vidhan Sabha
Digitized by;
Panjab Digital Library

ਇਸ ਵਿੱਚ ਕੀ ਕਮਿਸ਼ਨ ਮਿਲੇਗਾ ਅਤੇ ਕੀ ਹੋਰ ਮਾਲ ਮਤਾ ਮਿਲੇਗਾ। ਇਸ ਤੋਂ ਬਾਅਦ ਹੀ ਮੁੱਖ ਮੰਤਰੀ ਨੇ ਜਗਰਾਵਾਂ ਵਿੱਚ 25 000 ਰੁਪਏ ਦੇ ਕਰਜ਼ੇ ਫੰਕਸ਼ਨ ਵਿੱਚ ਵੰਡੇ ਸਨ।

ਲੈਦਰ ਕਾਰਪੋਰੇਸ਼ਨ ਵਿੱਚ ਜੁੱਤੀ ਬਣਾਉਣ ਵਾਲੀ ਕਿੱਟ ਮਹਿੰਗੀ ਖਰੀਦੀ ਜਾਂਦੀ ਹੈ। ਵਾਣ ਵੱਟਣ ਵਾਲੀ ਮਸ਼ੀਨ ਜਾਂ ਗੰਨਾ ਪੀੜਨ ਵਾਲੀ ਮਸ਼ੀਨ ਜਿਹੜੀ ਲੈ ਕੇ ਗਰੀਬਾਂ ਨੂੰ ਅੱਗੇ ਦੇਣੀ ਹੁੰਦੀ ਹੈ, ਉਹ ਪਹਿਲਾਂ ਹੀ ਬਹੁਤ ਜ਼ਿਆਦਾ ਮਹਿੰਗੀ ਖਰੀਦੀ ਜਾਂਦੀ ਹੈ। ਇਸ ਤਰੀਕੇ ਦੇ ਨਾਲ ਸਬ-ਸਿਡੀ ਦੇਣ ਨਾਲ ਜਨਤਾ ਦਾ ਬਿਲਕੁਲ ਭਲਾ ਨਹੀਂ ਹੋਣਾ। ਚੰਡੀਗੜ੍ਹ ਵਿੱਚ ਖਾਦੀ ਬੋਰਡ ਦਾ ਦਫਤਰ ਹੋਵੇ ਅਤੇ ਉਸ ਦੇ ਨਾਲ ਲਗਦੇ ਹੀ ਸਟੇਟ ਬੈਂਕ ਆਫ ਪਟਿਆਲਾ ਦੀ ਬ੍ਰਾਂਚ ਹੋਵੇ ਅਤੇ ਉਥੇ ਬੋਰਡ ਦਾ ਅਕਾਊਂਟ ਹੋਵੇ ਪਰ ਉਥੋਂ ਅਕਾਊਂਟ ਕੱਢ ਕੇ ਮੋਹਾਲੀ ਓ.ਬੀ.ਸੀ. ਵਿੱਚ ਬਦਲ ਲਿਆ ਜਾਵੇ। ਆਖਿਰ ਇਸ ਦੇ ਕਾਰਨ ਕੀ ਹਨ ? ਕੌਣ ਨਹੀਂ ਜਾਣਦਾ ਕਿ ਓ.ਬੀ.ਸੀ. ਵਾਲਿਆਂ ਨੇ ਮੋਹਾਲੀ ਵਿਖੇ ਅਕਾਊਂਟ ਬਦਲਣ ਦੀ ਖਾਤਰ ਦੋ ਏਅਰ-ਕੰਡੀਸ਼ਨਜ਼ ਦਿੱਤੇ ਹਨ ਅਤੇ ਉਹ ਕਿੱਥੇ ਕਿੱਥੇ ਲੱਗੇ ਹੋਏ ਹਨ? ਕੌਣ ਨਹੀਂ ਜਾਣਦਾ ਉਸੀ ਬੈਂਕ ਨੇ 16 ਲੱਖ ਰੁਪਏ ਦਾ ਕਰਜ਼ਾ ਮਾਨਸਾ ਦੇ ਇਕ ਪਲਾਂਟ ਨੂੰ ਕਿਸ ਤਰ੍ਹਾਂ ਦੇ ਦਿੱਤਾ ? ਇਹ ਵੀ ਪਤਾ ਹੋਣਾ ਚਾਹੀਦਾ ਹੈ। ਮੇਰਾ ਮਤਲਬ ਹੈ ਕਿ ਜਿਥੇ ਧੂੰਆਂ ਹੈ, ਉਥੇ ਅੱਗ ਤਾਂ ਹੋਣੀ ਹੀ ਹੈ। ਪਿਛਲੇ ਸਾਲ 87 ਲੱਖ ਰੁਪਏ ਦੀ ਗਰਾਂਟ ਸਟੇਟ ਗੌਰਮਿੰਟ ਨੇ ਖਾਦੀ ਬੋਰਡ ਨੂੰ ਦੇਣੀ ਸੀ, ਉਹ ਲੇਟ ਹੋ ਗਈ। 31 ਮਾਰਚ ਨੂੰ ਮਸਾਂ ਹੀ ਸਾਈਨ ਕਰਵਾ ਕੇ ਕਰਮਚਾਰੀਆਂ ਨੂੰ ਤਨਖਾਹ ਦਿੱਤੀ ਗਈ। ਅਧਿਅਕਸ਼ ਮਹੋਦਯ, ਮਹਿੰਗੀ ਕਾਰ ਚੇਅਰਮੈਨ ਪਾਸੋਂ ਖਰੀਦੀ ਗਈ, ਉਹ ਵੀ ਬਿਨਾਂ ਆਗਿਆ ਦੇ। ਇਸ ਦੇ ਕਰਕੇ ਹੀ ਸਾਰੀ ਗਰਾਂਟ ਲੇਟ ਹੋਈ ਜਿਸ ਦੇ ਨਾਲ ਖਾਦੀ ਬੋਰਡ ਦੇ ਕਰਮਚਾਰੀਆਂ ਨੂੰ ਵੀ ਕਸ਼ਟ ਉਠਾਉਣਾ ਪਿਆ ਅਤੇ ਸਾਰੇ ਡਿਪਾਰਟਮੈਂਟ ਨੂੰ ਵੀ ਤੰਗ ਹੋਣਾ ਪਿਆ। ਅਧਿਅਕਸ਼ ਮਹੋਦਯ, ਮੈਂ ਇਹ ਕਹਿਣਾ ਚਾਹਾਂਗੀ ਕਿ ਜੋ ਕੁਝ ਵੀ ਮੁੱਖ ਮੰਤਰੀ ਜੀ ਨੇ ਕੀਤਾ ਹੈ, ਚੇਅਰਮੈਨ ਦਾ ਅਸਤੀਫਾ ਲਿਆ ਹੈ, ਉਹ ਅੱਛਾ ਕੰਮ ਕੀਤਾ ਹੈ। ਲੇਕਿਨ ਮੈਂ ਕਹਿੰਦੀ ਹਾਂ ਕਿ ਜਸਟਿਸ ਡੀਲੇਅਡ, ਜਸਟਿਸ ਡਿਨਾਈਡ। ਜੇਕਰ ਪਹਿਲਾਂ ਧਿਆਨ ਦਿੱਤਾ ਜਾਂਦਾ ਤਾਂ ਉਸ ਨੂੰ ਇਤਨੀ ਜ਼ਿਆਦਾ ਲੁੱਟ-ਖਸੁੱਟ ਦਾ ਟਾਈਮ ਨਾ ਮਿਲਦਾ।

ਮੈਂ ਹੋਰ ਕਹਿਣਾ ਚਾਹੁੰਦੀ ਹਾਂ ਕਿ ਜਿਹੜਾ 4 ਪ੍ਰਤੀਸ਼ਤ ਵਿਆਜ ਕਰਜ਼ੇ ਉਤੇ ਲਿਆ ਜਾਂਦਾ ਹੈ, ਉਹ ਕੰਪਾਊਂਡ ' ਕਰਕੇ ਲੋਕਾਂ ਕੋਲੋਂ ਨਹੀਂ ਲਿਆ ਗਿਆ ? ਕੀ ਉਹ ਬੋਰਡ ਆਫ ਡਾਇਰੈਕਟਰਜ਼ ਦੀ ਮਨਜ਼ੂਰੀ ਨਾਲ ਲਿਆ ਗਿਆ ? ਸਾਡੀ ਜਾਣਕਾਰੀ ਦੇ ਮੁਤਾਬਿਕ ਇਹ ਬੋਰਡ ਆਫ ਡਾਇਰੈਕਟਰਜ਼ ਦੀ ਆਗਿਆ ਨਾਲ ਨਹੀਂ ਲਿਆ ਗਿਆ। ਇਥੇ ਘਪਲੇਬਾਜ਼ੀ ਹੋਈ ਹੈ। ਐਵੇਂ ਤਾਂ ਚੰਡੀਗੜ੍ਹ ਦੇ 10 ਸੈਕਟਰ ਵਿੱਚ ਵਿਸ਼ਾਲ ਕੋਠੀ ਖੜ੍ਹੀ ਨਹੀਂ ਹੋ ਜਾਂਦੀ? ਕਿਸੇ ਵੀ ਆਮ ਆਦਮੀ ਵਾਸਤੇ, ਜਿਹੜਾ ਥੋੜ੍ਹਾ ਵੇਤਨ ਲੈਂਦਾ ਹੈ ਅਤੇ ਇਕ ਨੰਬਰ ਦੀ ਕਮਾਈ ਕਰਦਾ ਹੈ, ਉਸ ਕੋਲੋਂ ਇਸ ਤਰ੍ਹਾਂ ਦੀ

Original with;
Punjab Vidhan Sabha
Digitized by;
Panjab Digital Library

[ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ]

ਕੋਠੀ ਬਿਲਕੁਲ ਸੰਭਵ ਨਹੀਂ ਹੈ। ਕਾਰ ਵਾਸਤੇ ਪਟਰੋਲ ਖਰਚ ਦੀ ਮਨਜ਼ੂਰੀ 50 ਹਜ਼ਾਰ ਦੀ ਹੋਈ ਅਤੇ ਖਰਚਾ 2 ਲੱਖ ਰੁਪਏ ਦਾ ਹੋ ਜਾਂਦਾ ਹੈ, ਉਹ ਵੀ ਬਿਨਾ ਕਿਸੇ ਆਗਿਆ ਦੇ। ਜੇਕਰ ਇਨ੍ਹਾਂ ਸਾਰੀਆਂ ਗੱਲਾਂ ਵੱਲ ਟਾਈਮ ਸਿਰ ਧਿਆਨ ਦਿੱਤਾ ਜਾਂਦਾ ਤਾਂ ਸ਼ਾਇਦ ਅੱਜ ਇਹ ਹਾਲਾਤ ਨਾ ਹੁੰਦੇ।

ਹੋਰ ਤਾਂ ਹੋਰ, ਬੇਨਾਮੀ ਭਰਤੀਆਂ ਵੀ ਕੀਤੀਆਂ ਜਾਂਦੀਆਂ ਹਨ, ਇਹ ਬੇਨਾਮੀ ਭਰਤੀਆਂ ਵਾਸਤੇ ਇਕ ਇਕ ਜੀ.ਐਮ. ਨੂੰ ਇਕ ਇਕ ਹਜ਼ਾਰ ਰੁਪਇਆ ਮਹੀਨਾ ਦੇਣਾ ਪੈਂਦਾ ਹੈ, ਮੈਂ ਇਹ ਬੜੇ ਦਾਅਵੇ ਦੇ ਨਾਲ ਕਹਿ ਸਕਦੀ ਹਾਂ, ਸ਼ਪਥ ਪੱਤਰ ਦੇ ਨਾਲ ਕਹਿ ਸਕਦੀ ਹਾਂ। ਜਿਹੜੀਆਂ ਬੇਨਾਮੀ ਭਰਤੀਆਂ ਹੋਈਆਂ ਹਨ, ਉਨ੍ਹਾਂ ਬਾਰੇ ਸਾਨੂੰ ਦੱਸਣ ਤੋਂ ਵੀ ਸੰਕੋਚ ਹੁੰਦਾ ਹੈ ਅਤੇ ਉਹ ਸਾਡੇ ਕਹਿਣ ਦੀ ਗੱਲ ਨਹੀਂ ਹੈ। ਖਾਦੀ ਬੋਰਡ ਵਿੱਚ ਬਹੁਤ ਕੁਝ ਹੋਇਆ ਹੈ, ਤੁਸੀਂ ਉਥੋਂ ਦੇ ਕਰਮਚਾਰੀਆਂ ਨੂੰ ਆਪ ਬੁਲਾ ਕੇ ਪੁੱਛ ਲਵੋ, ਮੁੱਖ ਮੰਤਰੀ ਸਾਹਿਬ ਵੱਖਰੇ ਤੌਰ ਤੇ ਬੁਲਾ ਕੇ ਪੁੱਛ ਲੈਣ, ਉਹ ਸਭ ਕੁਝ ਦੱਸ ਦੇਣਗੇ ਕਿ ਕਿਸ ਤਰ੍ਹਾਂ ਉਥੇ ਆਤੰਕਵਾਦ ਬਣਿਆ ਰਿਹਾ ਹੈ। ਕਦੀ ਇਕ ਸਟੇਸ਼ਨ ਤੇ ਬਦਲੀ ਕਰ ਦਿੱਤੀ ਜਾਂਦੀ ਹੈ ਅਤੇ ਕਦੀ ਦੂਜੇ ਸਟੇਸ਼ਨ ਤੇ। ਜਿਹੜਾ ਬੋਲਣ ਦੀ ਕੋਸ਼ਿਸ਼ ਕਰਦਾ ਹੈ, ਉਸ ਨੂੰ ਸਸਪੈਂਡ ਕਰਨ ਦੀ ਧਮਕੀ ਦਿੱਤੀ ਜਾਂਦੀ ਹੈ। ਔਰ ਸਾਡੀਆਂ ਖਬਰਾਂ ਅਖਬਾਰਾਂ ਵਿੱਚ ਜਾਣ ਤੋਂ ਬਾਅਦ ਵੀ ਚੇਅਰਮੈਨ ਸਾਹਿਬ ਨੇ ਕਰਮਚਾਰੀਆਂ ਨੂੰ ਡਰਾਉਣਾ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਇਹ ਗੱਲ ਬਾਹਰ ਕਿਵੇਂ ਗਈ ਹੈ, ਤੁਸੀਂ ਹੀ ਕੱਢੀ ਹੋਣੀ ਹੈ ਕਿਉਂਕਿ ਉਨ੍ਹਾਂ ਨੂੰ ਇਨ੍ਹਾਂ ਨੇ ਕਈ ਵੇਰ ਬੜਾ ਤੰਗ ਕੀਤਾ ਸੀ ਅਤੇ ਜਬਰੀ ਪੈਸੇ ਲਿਤੇ ਸਨ। ਸਪੀਕਰ ਸਾਹਿਬ, ਖਾਦੀ ਬੋਰਡ ਇੱਕ ਐਸਾ ਡੀਪਾਰਟਮੈਂਟ ਹੈ ਜਿਸ ਦੇ ਕਰਮਚਾਰੀਆਂ ਨੇ ਤੰਗ ਹੋ ਕੇ ਸ਼ਿਕਾਇਤਾਂ ਵੀ ਕੀਤੀਆਂ ਅਤੇ ਐਫੀਡੇਵਿਟ ਦੇ ਕੇ ਕੀਤੀਆਂ, ਜ਼ੁਬਾਨੀ ਨਹੀਂ ਕੀਤੀਆਂ। ਸਭ ਤੋਂ ਪਹਿਲਾਂ ਮੈਂ ਬੇਨਤੀ ਕਰਾਂਗੀ ਕਿ ਖਾਦੀ ਬੋਰਡ ਵਰਗੇ ਮਹਿਕਮੇ ਵਿੱਚ ਦੋਸ਼ ਆਉਣ ਨਹੀਂ ਦੇਣਾ ਚਾਹੀਦਾ। ਜੇ ਆ ਵੀ ਜਾਏ ਤਾਂ ਰੋਕਣ ਲਈ ਸ਼ੀਘਰ ਕਾਰਵਾਈ ਕਰਨੀ ਚਾਹੀਦੀ ਹੈ। ਕਹਿੰਦੇ ਹਨ ਕਿ:

"ਕਾ ਬਰਸ਼ਾ ਜਬ ਕ੍ਰਿਸ਼ੀ ਸੁਖਾਨੀ"

ਜਦ ਖੇਤੀ ਸੁੱਕ ਜਾਏ ਤਾਂ ਮੀਹਾਂ ਦਾ ਕੀ ਫਾਇਦਾ ਅਤੇ ਜਦੋਂ ਲੱਖਾਂ ਦੀ ਹੇਰਾ-ਫੇਰੀ ਹੋ ਗਈ ਤਾਂ ਚੇਅਰਮੈਨ ਔਰ ਸੈਕਟਰੀ ਨੂੰ ਪਰ੍ਹੇ ਕਰ ਦਿੱਤਾ। ਹੁਣ ਵੀ ਜੇ ਇਥੋਂ ਕਾਰਵਾਈ ਹੋ ਜਾਵੇ ਅਤੇ ਜਨਤਾ ਦਾ ਪੈਸਾ ਵਾਪਸ ਆ ਜਾਵੇ ਤਾਂ ਇਸ ਵਿੱਚ ਪੰਜਾਬ ਦਾ ਭਲਾ, ਜਨਤਾ ਦਾ ਭਲਾ ਅਤੇ ਖਾਦੀ ਬੋਰਡ ਦਾ ਭਲਾ ਹੋਵੇਗਾ, ਜੈ ਹਿੰਦ।

**ਕਾਮਰੇਡ ਹਰਦੇਵ ਅਰਸ਼ੀ (ਬੁਢਲਾਡਾ) :** ਸਪੀਕਰ ਸਾਹਿਬ, ਅੱਜ ਦੇ ਬਿਜ਼ਨਸ ਵਿੱਚ 2 ਰਿਪੋਰਟਾਂ ਰੱਖੀਆਂ ਗਈਆਂ ਹਨ। ਪਹਿਲੀ ਰਿਪੋਰਟ ਕਾਮਰੇਡ ਗੁਰਨਾਮ ਸਿੰਘ ਜੀ ਨੇ ਰੱਖੀ ਅਤੇ ਦੂਜੀ ਰਿਪੋਰਟ ਵੀ ਸਾਡੇ ਵਲੋਂ ਹੀ ਪੇਸ਼ ਕੀਤੀ ਗਈ ਸੀ। ਦੂਜੀ ਰਿਪੋਰਟ ਬਿਜਲੀ ਬੋਰਡ ਸਾਲ 1994-95 ਦੀ ਐਨੂਅਲ ਫਾਈਨੈਂਸ਼ਿਅਲ ਸਟੇਟਮੈਂਟ ਸਬੰਧੀ ਹੈ। ਮੈਂ ਇਸ ਦੇ ਬਾਰੇ ਆਪਣੇ

Original with;
Punjab Vidhan Sabha
Digitized by;
Panjab Digital Library

ਗਰੁੱਪ ਵਲੋਂ ਕਹਿਣਾ ਚਾਹੁੰਦਾ ਹਾਂ ਕਿ ਬੀ.ਏ.ਸੀ. ਦੀ ਰਿਪੋਰਟ ਪੇਸ਼ ਹੋਈ ਸੀ ਤਾਂ ਉਸ ਸਮੇਂ ਇਤਰਾਜ਼ ਕੀਤਾ ਗਿਆ ਸੀ ਕਿ ਇਕ ਮਹੀਨੇ ਤੋਂ ਸੈਸ਼ਨ ਚਲਦਾ ਆ ਰਿਹਾ ਹੈ ਅਤੇ ਇਸ ਵਿੱਚ ਬਿਜਲੀ ਬੋਰਡ ਦੇ ਬਾਰੇ ਕਈ ਵੇਰ ਕਿਹਾ ਜਾ ਚੁਕਿਆ ਹੈ। ਇਸ ਲਈ ਇਨ੍ਹਾਂ ਰਿਪੋਰਟਾਂ ਦੀ ਜ਼ਰੂਰਤ ਨਹੀਂ ਕਿਉਂਕਿ ਬਹੁਤ ਕੁਝ ਰਿਪੀਟ ਹੋਣ ਦੀ ਸੰਭਾਵਨਾ ਹੈ। ਇਸ ਲਈ ਮੈਂ ਤੁਹਾਨੂੰ ਵਿਸ਼ਵਾਸ ਦਿਲਾਉਣਾ ਚਾਹੁੰਦਾ ਹਾਂ ਕਿ ਇਕ ਵੀ ਸ਼ਬਦ ਰਿਪੀਟ ਨਹੀਂ ਹੋਵੇਗਾ, ਸਿਵਾਏ ਇਸ ਦੇ ਕਿ ਕੋਈ ਠੋਸ ਰੂਪ ਵਿੱਚ ਸਮਝਾਉਣ ਵਾਸਤੇ ਫੈਕਟਸ ਨੂੰ ਸਾਹਮਣੇ ਰੱਖਣਾ ਪਵੇ, ਨਹੀਂ ਤਾਂ ਮੈਂ ਸਾਰੇ ਦੇ ਸਾਰੇ ਸ਼ਬਦਾਂ ਨੂੰ ਜੋ ਫਾਈਨੈਂਸ਼ੀਅਲ ਰਿਪੋਰਟ ਮੇਰੇ ਕੋਲ ਹੈ, ਉਸ ਨੂੰ ਮੈਂ ਡੀਪਲੀ ਸਟੱਡੀ ਕੀਤਾ ਹੈ, ਉਸ ਦੇ ਅਧਾਰ ਤੇ ਜਿਹੜੇ ਠੋਸ ਤੱਥ ਹਨ, ਉਨ੍ਹਾਂ ਬਾਰੇ ਹੀ ਬੋਲਾਂਗਾ। ਸਪੀਕਰ ਸਾਹਿਬ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਬਿਜਲੀ ਬੋਰਡ ਨੇ ਪੰਜਾਬ ਦੀ ਐਗਰੀਕਲਚਰ, ਇੰਡਸਟਰੀ ਦੀ ਡਿਵੈਲਪਮੈਂਟ ਵਿੱਚ ਬੜਾ ਸ਼ਲਾਘਾਯੋਗ ਰੋਲ ਪਲੇਅ ਕੀਤਾ ਹੈ। ਕਿਉਂਕਿ ਅੱਜ ਦੇ ਸਮੇਂ ਵਿੱਚ ਅਨਰਜੀ ਮੈਨ ਪਾਵਰ ਦੇ ਰੂਪ ਵਿੱਚ ਅਵੇਲੇਬਲ ਹੋ ਸਕਦੀ ਹੈ ਅਤੇ ਪਾਵਰ ਦੀ ਬੜੀ ਮਹੱਤਵਪੂਰਨ ਸਥਿਤੀ ਹੈ। ਮਗਰ ਬਿਜਲੀ ਬੋਰਡ ਦੀ ਗੱਲ ਕਰਦੇ ਹੋਏ ਜਿਹੜੀਆਂ ਅੱਛੀਆਂ ਗੱਲਾਂ ਹਨ, ਉਨ੍ਹਾਂ ਦੀ ਸ਼ਲਾਘਾ ਹੋਣੀ ਜ਼ਰੂਰੀ ਹੈ। ਪੰਜਾਬ ਦੀ ਡੀਵੈਲਪਮੈਂਟ ਲਈ, ਪੰਜਾਬ ਦੀ ਇੰਡਸਟਰੀ ਦੀ ਡੀਵੈਲਪਮੈਂਟ ਲਈ ਜੋ ਰੋਲ ਬਿਜਲੀ ਬੋਰਡ ਨੇ ਪਲੇਅ ਕੀਤਾ ਹੈ, ਜੋ ਰੋਲ ਭਾਖੜਾ ਡੈਮ ਨੇ ਪਲੇਅ ਕੀਤਾ ਹੈ, ਉਸ ਨੂੰ ਅੰਡਰ-ਮਾਈਨ ਕਰ ਦੇਈਏ ਤਾਂ ਇਹ ਠੀਕ ਨਹੀਂ ਹੋਵੇਗਾ। ਮੈਂ ਕਹਿੰਦਾ ਹਾਂ ਕਿ ਬਿਜਲੀ ਬੋਰਡ ਨੇ ਬੜੀ ਚੰਗੀ ਭੂਮਿਕਾ ਨਿਭਾਈ ਹੈ ਪਰ ਮੈਂ ਕੁਝ ਚਿੰਤਾ ਵੀ ਪ੍ਰਗਟ ਕਰਾਂਗਾ ਕੁਝ ਫੈਕਟਸ ਇਸ ਰਿਪੋਰਟ ਵਿੱਚੋਂ ਲੈ ਕੇ। ਉਹ ਇਸ ਪੱਖ ਤੋਂ ਹੋਵੇਗੀ ਕਿ ਆਉਣ ਵਾਲੇ ਸਮੇਂ ਵਿੱਚ ਐਗਰੀਕਲਚਰ ਲਈ, ਇੰਡਸਟਰੀ ਲਈ ਅਤੇ ਹੋਰ ਡੋਮੈਸਟਿਕ ਜ਼ਰੂਰਤਾਂ ਲਈ ਇਸ ਦੀ ਮੰਗ ਵੱਧ ਰਹੀ ਹੈ। ਇਸ ਦੀ ਪੂਰਤੀ ਕਿਸ ਤਰਾਂ ਕਰਨੀ ਹੈ, ਕਿੰਨੀ ਸੰਭਾਵਨਾ ਹੈ, ਇਸ ਦੀ ਝਲਕ ਬਿਜਲੀ ਬੋਰਡ ਦੀ ਰਿਪੋਰਟ ਵਿੱਚੋਂ ਜੋ ਵਿਧਾਨ ਸਭਾ ਦੇ ਸਾਹਮਣੇ ਪੇਸ਼ ਕੀਤੀ ਹੈ ਅਪਰੂਵਲ ਦੇ ਵਾਸਤੇ, ਇਸ ਦੇ ਵਿਚੋਂ ਸਾਫ ਨਜ਼ਰ ਨਹੀਂ ਆਉਂਦੀ। ਜੇ ਇਸ ਨੂੰ ਅਸੀਂ ਗਹੁ ਨਾਲ ਵਿਚਾਰੀਏ ਤਾਂ ਕਾਫੀ ਨਿਰਾਸ਼ਾਜਨਕ ਝਲਕ ਨਜ਼ਰ ਆਉਂਦੀ ਹੈ। ਇਸ ਲਈ ਜੇ ਨੁਕਤਾ-ਚੀਨੀ ਵੀ ਕਰਨੀ ਪਈ ਤਾਂ ਉਹ ਇਸ ਪੱਖ ਤੋਂ ਹੀ ਹੋਵੇਗੀ ਤਾਂ ਕਿ ਬਿਜਲੀ ਬੋਰਡ ਦੀ ਜਿਹੜੀ ਸਮੁੱਚੀ ਫੰਕਸ਼ਨਿੰਗ ਹੈ, ਉਸ ਨੂੰ ਕਿਸ ਤਰ੍ਹਾਂ ਬਿਹਤਰ ਕੀਤਾ ਜਾਵੇ ਤਾਂ ਜੋ ਬਿਜਲੀ ਦਾ ਹੋਰ ਉਤਪਾਦਨ ਕੀਤਾ ਜਾ ਸਕੇ ਅਤੇ ਵਿਕਾਸ ਦੀ ਰਫਤਾਰ ਹੋਰ ਤੇਜ਼ ਹੋ ਸਕੇ। ਇਸ ਕਰਕੇ ਮੈਂ, ਸਪੀਕਰ ਸਾਹਿਬ, ਸਭ ਤੋਂ ਪਹਿਲੀ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਰਿਪੋਰਟ ਵਿੱਚ ਦਸਿਆ ਗਿਆ ਹੈ, ਇਸ ਦੇ ਵਿੱਚ ਦਸਿਆ ਗਿਆ ਹੈ ਕਿ ਬਿਜਲੀ ਦੀ ਸੇਲ ਜੋ ਪਿਛਲੇ ਸਾਲ ਕੀਤੀ ਗਈ ਸਾਲ 1993-94 ਵਿੱਚ, ਜੋ ਟਾਰਗੇਟ ਫਿਕਸ ਕੀਤਾ ਗਿਆ ਸੀ, ਜੇ ਉਸ ਨੂੰ ਮਿਲਾ ਲਈਏ ਤਾਂ ਉਸ ਦੇ ਮੁਤਾਬਿਕ ਵੀ ਬੜੀ ਨਿਰਾਸ਼ਾਜਨਕ ਗੱਲ ਹੈ ਕਿ ਬਿਜਲੀ ਬੋਰਡ ਨੂੰ 60.32 ਕਰੋੜ ਰੁਪਏ ਦੀ ਘੱਟ ਆਮਦਨ ਹੋਈ। ਸਾਲ 1993-94 ਵਿੱਚ ਜਿੰਨਾ ਟਾਰਗੇਟ ਫਿਕਸ ਕੀਤਾ ਸੀ, ਜਿੰਨੀ ਐਕਸਪੈਕਟ ਕਰਦੇ ਸੀ, ਉਸ ਤੋਂ 60.32

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਕਰੋੜ ਰੁਪਏ ਘੱਟ ਆਮਦਨ ਹੋਈ, ਬੜੇ ਦੁੱਖ ਦੀ ਗੱਲ ਹੈ ਕਿ ਇਸ ਦੇ ਕੀ ਰੀਜ਼ਨ ਹਨ, ਇਹ ਇਸ ਰਿਪੋਰਟ ਵਿੱਚ ਮੈਨਸ਼ਨ ਨਹੀਂ ਕੀਤੇ ਗਏ, ਉਹ ਰੀਜ਼ਨ ਦੱਸੇ ਜਾਂਦੇ। ਹੋ ਸਕਦਾ ਹੈ ਕਿ ਅਸੀਂ ਉਨ੍ਹਾਂ ਨਾਲ ਸਹਿਮਤ ਹੁੰਦੇ ਜਾਂ ਉਸਾਰੂ ਰਾਏ ਦਿੱਤੀ ਜਾ ਸਕਦੀ ਸੀ ਕਿ ਫਰਦਰ ਆਉਣ ਵਾਲੇ ਸਮੇਂ ਵਿੱਚ ਪਿਛਲੇ ਤੋਂ ਲੈਸਨ ਡਰਾਅ ਕਰਕੇ ਅਗਲੇ ਫਾਈਨੈਂਸ਼ਲ ਈਅਰ ਵਿੱਚ ਵਿੱਤੀ ਘਾਟਾ ਨਾ ਹੋਵੇ। ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ 60 ਕਰੋੜ ਰੁਪਏ ਦਾ ਲਗਭਗ ਘਾਟਾ ਜਿਹੜਾ ਬਿਜਲੀ ਬੋਰਡ ਦਾ ਹੈ, ਉਦੋਂ ਰਿਪੋਰਟ ਵਿਚ ਦੱਸਿਆ ਗਿਆ ਜਦੋਂ ਅਕਤੂਬਰ, 1993 ਵਿੱਚ ਬਿਜਲੀ ਦਾ ਰੇਟ ਵਧਾ ਦਿੱਤਾ ਗਿਆ। ਕੇਵਲ ਪੰਜ ਮਹੀਨੇ ਵਿਚ 64 ਕਰੋੜ ਰੁਪਏ ਦੀ ਆਮਦਨ ਹੋਈ ਅਤੇ ਫਿਰ ਘਾਟੇ ਦਾ ਹੋਣਾ ਬੜਾ ਚਿੰਤਾ ਦਾ ਵਿਸ਼ਾ ਹੈ। ਇਸ ਲਈ ਮੈਂ ਸੀਰੀਅਸਲੀ ਇਸ ਗੱਲ ਨੂੰ ਹਾਊਸ ਵਿਚ ਪੇਸ਼ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਦੂਸਰੀ ਗੱਲ ਜਿਹੜੀ ਇਸ ਰਿਪੋਰਟ ਵਿਚੋਂ ਲੱਭਦੀ ਹੈ, ਉਹ ਵੀ ਹਾਊਸ ਲਈ ਬੜਾ ਚਿੰਤਾ ਦਾ ਵਿਸ਼ਾ ਹੈ ਕਿ ਇੱਕ ਪਾਸੇ ਤਾਂ ਆਮਦਨ ਸੇਲ ਦੀ 60 ਕਰੋੜ ਦੇ ਕਰੀਬ ਘੱਟ ਗਈ ਔਰ ਦੂਜੇ ਪਾਸੇ ਚਾਲੂ ਖਰਚੇ 152.82 ਕਰੋੜ ਰੁਪਏ ਵੱਧ ਗਏ। ਇਹ ਤਾਂ ਸੈਲਫ ਕੰਟਰਾਡਿਕਟਰੀ ਗੱਲ ਹੈ ਕਿ ਆਮਦਨ ਤਾਂ ਘਟੀ ਜਾਵੇ ਔਰ ਰੁਟੀਨ ਦਾ ਐਕਸਪੈਂਡੀਚਰ 152 ਕਰੋੜ ਤੋਂ ਵੱਧ ਜਾਵੇ। ਇਸ ਨਾਲ ਬਿਜਲੀ ਬੋਰਡ ਦਾ ਭਵਿੱਖ ਸਾਨੂੰ ਕੋਈ ਰੋਸ਼ਨ ਨਜ਼ਰ ਨਹੀਂ ਆਉਂਦਾ। ਇਸ ਤੇ ਵੀ ਪ੍ਰਸ਼ਨ ਚਿੰਨ੍ਹ ਲੱਗਦੇ ਹਨ। ਇਸ ਲਈ ਸਰਕਾਰ ਨੂੰ ਗਹਿਰਾਈ ਨਾਲ ਸੋਚਣਾ ਚਾਹੀਦਾ ਹੈ ਔਰ ਸਾਰੇ ਦਾ ਪੋਸਟ ਮਾਰਟਮ ਕਰਨਾ ਚਾਹੀਦਾ ਹੈ।

ਇਸੇ ਤਰ੍ਹਾਂ ਅੱਗੇ ਜਾ ਕੇ 1994-95 ਵਾਸਤੇ ਜੋ ਟਾਰਗੈਟ ਫਿਕਸ ਕੀਤਾ ਗਿਆ ਹੈ, ਉਸ ਵਿੱਚ 210.9 ਕਰੋੜ ਦਾ ਵਾਧਾ ਰੱਖਿਆ ਗਿਆ ਹੈ ਕਿ ਅਸੀਂ ਆਪਣੀ ਸੇਲ ਵਿੱਚ 210 ਕਰੋੜ ਰੁਪਏ ਦਾ ਵਾਧਾ ਕਰਨਾ ਹੈ। ਠੀਕ ਹੈ, ਬੜੀ ਖੁਸ਼ੀ ਦੀ ਗੱਲ ਹੈ ਕਿ ਟਾਰਗੈਟ ਵਧਾਇਆ ਹੈ ਲੇਕਿਨ ਇਹ ਵਾਧਾ ਕਿੱਥੇ ਕਰਨਾ ਹੈ, ਕਿੰਨੀ ਜੈਨਰੇਟਿੰਗ ਕਪੈਸਟੀ ਵਧਾਉਣੀ ਹੈ, ਕਿਸ ਖੇਤਰ ਵਿਚ ਲੋਡ ਵਧਾਉਣਾ ਹੈ, ਕਿਸ ਖੇਤਰ ਨੂੰ ਪ੍ਰਾਇਰਟੀ ਦੇਣੀ ਹੈ, ਇਸ ਬਾਰੇ ਰਿਪੋਰਟ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ ਜਿਸ ਕਰਕੇ ਅਸੀਂ ਸੰਤੁਸ਼ਟ ਹੋ ਸਕੀਏ ਕਿ ਵਾਕਿਆ ਹੀ ਬਿਜਲੀ ਬੋਰਡ ਕਦਮ ਚੁੱਕੇਗਾ, ਜਿਸ ਦੇ ਸਿੱਟੇ ਵਜੋਂ ਬਿਜਲੀ ਬੋਰਡ ਦੀ ਆਮਦਨ ਵਿਚ ਵਾਧਾ ਹੋਵੇਗਾ ਪਰ ਤਸੱਲੀ ਦੇ ਤੌਰ ਤੇ ਇਸ ਤਰ੍ਹਾਂ ਦੇ ਬੋਗਸ ਅੰਕੜੇ ਸਾਹਮਣੇ ਦੇ ਦਿੱਤੇ ਗਏ ਹਨ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਅਗਲੀ ਗੱਲ ਇਹ ਹੈ ਕਿ ਘਾਟੇ ਤੇ ਵਾਧੇ ਨੂੰ ਮੈਂ ਅੱਗੇ ਜੋੜਨਾ ਚਾਹੁੰਦਾ ਹਾਂ ਅਤੇ ਇਸ ਰਿਪੋਰਟ ਮੁਤਾਬਿਕ ਜੋੜਨਾ ਚਾਹੁੰਦਾ ਹਾਂ। ਸਾਲ 1993-94 ਵਿੱਚ 41.24 ਕਰੋੜ ਦਾ ਘਾਟਾ ਹੋਇਆ ਜੋ ਟਾਰਗੇਟ ਫਿਕਸ ਕੀਤਾ ਗਿਆ ਸੀ, ਪਰ ਇਹ ਵੱਧ ਕੇ 251.42 ਕਰੋੜ ਦਾ ਹੋ ਗਿਆ ਯਾਨੀ ਕਿ ਤੁਹਾਡੇ ਅੰਦਾਜ਼ੇ ਤੋਂ 600 ਗੁਣਾਂ ਜ਼ਿਆਦਾ ਖਰਚ ਹੋ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਸ ਤੋਂ ਵੱਧ ਚਿੰਤਾ ਦਾ ਮਾਮਲਾ ਹੋਰ ਕੋਈ ਨਹੀਂ। ਇਹ ਬਹੁਤ ਵੱਡਾ ਗੰਭੀਰ ਮਾਮਲਾ ਹੈ ਔਰ ਇਸੇ ਤਰ੍ਹਾਂ 1994-95 ਬਾਰੇ ਇਨ੍ਹਾਂ ਨੇ ਕਿਹਾ ਹੈ ਕਿ ਪਿਛਲੇ ਸਾਲ ਨਾਲੋਂ 46.5 ਕਰੋੜ ਰੁਪਏ ਦਾ ਘਾਟਾ ਹੋਵੇਗਾ। ਪਰ ਇਸ ਗੱਲ ਦਾ ਜ਼ਿਕਰ

Original with;
Punjab Vidhan Sabha
Digitized by;
Panjab Digital Library

ਨਹੀਂ ਕੀਤਾ ਗਿਆ ਕਿ ਘਾਟਾ ਘਟਾਉਣ ਦਾ ਉਪਰਾਲਾ ਕਿੱਥੋਂ ਕਰਨਾ ਹੈ।ਮੋਟੇ ਤੌਰ ਤੇ ਉਤਨਾ ਹੀ ਘਾਟਾ ਦੱਸਿਆ ਗਿਆ ਜਿੰਨਾ ਪਿਛਲੇ ਸਾਲ ਸੀ। ਇਸ ਦਾ ਮਤਲਬ ਹੈ ਕਿ ਪਿਛਲਾ 251 ਕਰੋੜ ਰੁਪਿਆ ਸੀ ਅਤੇ ਇਸ ਵਿੱਚ ਮਾਈਨਸ 46.51 ਜਿਹੜਾ ਹੁਣ ਹੈ, ਕਰ ਦਿੱਤਾ ਜਾਵੇ ਤਾਂ 205 ਕਰੋੜ ਰੁਪਏ ਦਾ ਘਾਟਾ ਫਿਰ ਰਿਹਾ। ਇਹ ਘਾਟਾ ਕਿਸ ਤਰ੍ਹਾਂ ਘਟਾਉਣਾ ਹੈ, ਇਸ ਬਾਰੇ ਕੀ ਕਦਮ ਚੁੱਕੇ ਗਏ, ਇਸ ਬਾਰੇ ਜ਼ਿਕਰ ਨਹੀਂ ਕੀਤਾ ਗਿਆ। ਮੈਨੂੰ ਇਸ ਗੱਲ ਦੀ ਚਿੰਤਾ ਹੈ ਕਿ ਘਾਟਾ ਸਾਡਾ ਮਾਨਸਿਕਤਾ ਦਾ ਅੰਗ ਬਣ ਗਿਆ ਹੈ, ਮਾਨਸਿਕਤਾ ਦਾ ਪਾਰਟ ਬਣ ਗਿਆ ਹੈ। ਇਸ ਕਰਕੇ ਇਹ ਮਾਮਲਾ ਵਿਚਾਰਨ ਦੀ ਜ਼ਰੂਰਤ ਹੈ। ਮੈਂ ਸਾਰੀਆਂ ਗੱਲਾਂ ਪੇਸ਼ ਕੀਤੀਆਂ ਹਨ ਅਤੇ ਕੁੱਝ ਨੈਗੇਟਿਵ ਫੈਕਟਰ ਨੋਟ ਕੀਤੇ ਹਨ। ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬਿਜਲੀ ਬੋਰਡ ਦੀ ਹੈਲਪ ਕਰੇ। ਪੰਜਾਬ ਸਰਕਾਰ ਨੇ 1993-94 ਵਿਚ 411.12 ਕਰੋੜ ਰੁਪਏ ਦਾ ਜੋ ਲੋਨ ਦਿੱਤਾ ਹੋਇਆ ਹੈ, ਇਸ ਦਾ ਵਿਆਜ 1994-95 ਵਿਚ ਵੱਧ ਕੇ 500 ਕਰੋੜ ਰੁਪਏ ਹੋ ਜਾਵੇਗਾ। ਪੰਜਾਬ ਪਿਛਲੇ 12 ਸਾਲਾਂ ਤੋਂ ਮਾੜੇ ਹਾਲਾਤ ਵਿਚੋਂ ਨਿਕਲਿਆ ਹੈ। ਬਿਜਲੀ ਦੀ ਚੋਰੀ ਵੀ ਹੋਈ ਔਰ ਬਿਜਲੀ ਰੈਵੀਨਿਊ ਕੁਲੈਕਟ ਕਰਨ ਵਿਚ ਗੜਬੜ ਹੋਈ। ਬਿਜਲੀ ਬੋਰਡ ਦਿਨੋ-ਦਿਨ ਡੂੰਘੇ ਸੰਕਟ ਵਿਚ ਫਸਦਾ ਜਾ ਰਿਹਾ ਹੈ। ਇਸ ਕਰਕੇ ਇਸ ਸੰਕਟ ਵਿਚੋਂ ਕੱਢਣ ਲਈ ਪੰਜਾਬ ਸਰਕਾਰ ਮੂਲ ਨਹੀਂ ਤਾਂ ਘੱਟੋ-ਘੱਟ ਵਿਆਜ ਮਾਫ ਕਰ ਦੇਵੇ ਤਾਂ ਕਿ ਬਿਜਲੀ ਬੋਰਡ ਫਾਈਨੈਂਸ਼ਲ ਕਰਾਈਸਿਜ਼ ਵਿਚੋਂ ਨਿਕਲ ਕੇ ਚੰਗੀ ਤਰ੍ਹਾਂ ਚੱਲ ਸਕੇ। ਇਸ ਕਰਕੇ ਇਕ ਗੱਲ ਮੈਂ ਕਹਿਣੀ ਚਾਹੁੰਦਾ ਹਾਂ, ਜੋ ਪੰਜਾਬ ਦੀ ਸਰਕਾਰ ਨੂੰ ਕੇਂਦਰ ਦੀ ਸਰਕਾਰ ਕੋਲ ਪੁੱਟ ਕਰਨੀ ਚਾਹੀਦੀ ਹੈ। ਦੋ ਕੇਂਦਰ ਦੀਆਂ ਏਜੰਸੀਆਂ ਹਨ—ਪੀ.ਐਫ.ਸੀ. ਔਰ ਆਰ.ਈ.ਸੀ। ਸਪੀਕਰ ਸਾਹਿਬ, ਇਨ੍ਹਾਂ ਦਾ 273 ਕਰੋੜ ਦਾ ਕਰਜ਼ਾ ਹੈ ਜਿਹੜਾ ਬਿਜਲੀ ਬੋਰਡ ਦੇ ਸਿਰ ਤੇ ਹੈ। ਪੰਜਾਬ ਸਰਕਾਰ ਆਪਣੇ ਕਰਜ਼ੇ ਨੂੰ ਮਾਫ ਕਰੇ ਜਾਂ ਕਿਸ਼ਤਾਂ ਵਿਚ ਪਾਵੇ ਕਿਉਂਕਿ ਪੰਜਾਬ ਨੇ ਪਰਾਕਸੀ ਵਾਰ ਲੜੀ ਹੈ। ਅਮਨ ਕਾਨੂੰਨ ਦੀ ਹਾਲਤ ਕੇਵਲ ਪੰਜਾਬ ਦੀ ਗੱਲ ਨਹੀਂ, ਇਹ ਨੈਸ਼ਨਲ ਕੁਐਸਚਨ ਸੀ। ਜਿੱਥੇ ਅਸੀਂ ਸਰਕਾਰ ਦੀ ਉਥੇ ਹਮਾਇਤ ਕੀਤੀ ਹੈ, ਉਥੇ ਪੰਜਾਬ ਸਰਕਾਰ ਨੂੰ ਵੀ ਕੇਂਦਰ ਕੋਲ ਇਹ ਕੇਸ ਪੁੱਟ ਕਰਨਾ ਚਾਹੀਦਾ ਹੈ ਔਰ ਜਿਹੜੀਆਂ ਕੇਂਦਰੀ ਏਜੰਸੀਆਂ ਹਨ, ਉਨ੍ਹਾਂ ਦਾ ਜਿਹੜਾ ਪੈਸਾ ਹੈ, ਉਹ ਮੁਆਫ ਹੋਣਾ ਚਾਹੀਦਾ ਹੈ। ਮੁਆਫ ਹੋ ਜਾਵੇ, ਪੰਜਾਬ ਸਰਕਾਰ ਦਾ ਵਿਆਜ ਹੀ ਮੁਆਫ ਹੋ ਜਾਵੇ ਤਾਂ ਜਿਹੜਾ ਅੱਠ ਸੌ ਕਰੋੜ ਦਾ ਘਾਟਾ ਹੈ, ਤਕਰੀਬਨ ਪੰਜ ਸੌ ਕਰੋੜ ਰੁਪਏ ਦਾ ਰਹਿ ਜਾਂਦਾ ਹੈ। ਇਸ ਕਰਕੇ ਮੈਂ ਇਧਰ-ਉਧਰ ਦੀਆਂ ਗੱਲਾਂ ਨਾ ਕਰਦਾ ਹੋਇਆ ਗੰਭੀਰਤਾ ਦੇ ਨਾਲ ਬਿਜਲੀ ਬੋਰਡ ਨੂੰ ਸੰਕਟ ਦੇ ਵਿਚੋਂ ਕਿਸ ਤਰ੍ਹਾਂ ਕੱਢਿਆ ਜਾਵੇ, ਠੋਸ ਨੁਕਤੇ ਜਿਹੜੇ ਮੈਂ ਨਿੱਜੀ ਤਜਰਬੇ ਦੇ ਤੌਰ ਤੇ ਸਮਝ ਸਕਿਆ ਹਾਂ, ਹਾਊਸ ਦੇ ਸਾਹਮਣੇ ਪੇਸ਼ ਕਰਦਾ ਹਾਂ। ਔਰ ਜੋ ਪੰਜ ਸੌ ਕਰੋੜ ਰੁਪਿਆ ਬਚਿਆ ਰਹਿੰਦਾ, ਮੈਂ ਸਮਝਦਾ ਹਾਂ ਕਿ ਸਾਨੂੰ ਬਕਾਇਆ ਰੀ-ਸ਼ਡਿਊਲ ਬਣਾਉਣਾ ਚਾਹੀਦਾ ਹੈ ਤਾਂ ਕਿ ਬਿਜਲੀ ਬੋਰਡ ਦੀ ਜਿਹੜੀ ਫੰਕਸ਼ਨਿੰਗ ਹੈ, ਉਹ ਹੋਰ ਜ਼ਿਆਦਾ ਬੇਟਰ ਹੋ ਸਕੇ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ ]

ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ, ਜਿਸ ਕਰਕੇ ਅਸੀਂ ਇਸ ਰਿਪੋਰਟ ਨੂੰ ਫਾਇਨੈਂਸ਼ਲ ਸਟੇਟਮੈਂਟ ਦੇ ਤੌਰ ਤੇ ਡਿਸਕਸ ਕਰ ਰਹੇ ਹਾਂ। ਅਗਰ ਇਸ ਤੇ ਬਹਿਸ ਨਾ ਹੁੰਦੀ ਤਾਂ ਆਟੋਮੈਟੀਕਲੀ ਇਹ ਪਾਸ ਹੋ ਜਾਣੀ ਸੀ। ਬਹਿਸ ਸ਼ੁਰੂ ਹੋ ਗਈ, ਇਸ ਤੇ ਕਿਸੇ ਤਰ੍ਹਾਂ ਦੀ ਸਹਿਮਤੀ ਨਹੀਂ ਪ੍ਰਗਟਾਈ ਜਾ ਸਕਦੀ ਕਿਉਂਕਿ ਇਹ ਇੱਕ ਬੜੀ ਚਿੰਤਾ ਵਾਲੀ ਗੱਲ ਹੈ। ਰੇਟ ਬਿਜਲੀ ਦੇ ਵਧਾ ਦਿੱਤੇ ਹਨ, ਹੁਣ ਇਸ ਦੇ ਪੇਜ-5 ਦੇ ਉਪਰ ਸਾਫ ਲਿਖਿਆ ਹੈ ਕਿ ਪੰਜਾਬ ਦੀ ਸਰਕਾਰ ਨੇ ਜਿਹੜਾ 8 ਸੌ ਕਰੋੜ ਦੇ ਲਗਭਗ ਘਾਟਾ ਹੈ ਉਸ ਦੇ ਵਾਸਤੇ ਸਾਫ ਤੌਰ ਤੇ ਜਵਾਬ ਦਿੱਤਾ ਹੈ ਕਿ ਅਸੀਂ ਕਿਸੇ ਵੀ ਤਰ੍ਹਾਂ ਦੀ ਸਬਸਿਡੀ ਜਾਂ ਗਰਾਂਟ ਜਾਂ ਹੋਰ ਕਿਸੇ ਤਰ੍ਹਾਂ ਦੀ ਹੈਲਪ ਨਹੀਂ ਦੇਵਾਂਗੇ। ਇਹ ਦਾ ਮਤਲਬ ਹੈ ਕਿ ਪੰਜਾਬ ਸਰਕਾਰ ਵੱਲੋਂ ਤਾਂ ਕੋਈ ਚੀਜ਼ ਮਿਲਣੀ ਨਹੀਂ। ਫਿਰ ਬਿਜਲੀ ਬੋਰਡ ਵਾਲਿਆਂ ਨੇ ਕਿਹਾ ਕਿ ਅਸੀਂ ਆਪਣੇ ਖਰਚੇ ਦੀ ਪੂਰਤੀ ਕਿਵੇਂ ਕਰਨੀ ਹੈ? ਉਨ੍ਹਾਂ ਨੇ ਕਿਹਾ ਕਿ ਟੈਰਿਫ ਨੂੰ ਸੋਧ ਕੇ ਯਾਨੀ ਬਿਜਲੀ ਦੀਆਂ ਦਰਾਂ ਸੋਧ ਕੇ ਜਾਂ ਹੋਰ ਸਾਧਨਾਂ ਦੇ ਰਾਹੀਂ ਕਰਨੀ ਹੈ। ਬਿਜਲੀ ਤਾਂ ਹਰ ਇੱਕ ਕਨਜ਼ਿਊਮਰ ਨੂੰ ਚਾਹੇ ਉਹ ਐਗਰੀਕਲਚਰ ਦਾ ਹੈ ਚਾਹੇ ਇੰਡਸਟਰੀ ਦਾ ਹੈ, ਉਨ੍ਹਾਂ ਨੇ ਸਮਝ ਜਾਣਾ ਹੈ ਕਿ ਰੇਟ ਪਿਛੇ ਵੀ ਵਧਾ ਦਿੱਤੇ ਹਨ, ਅੱਗੇ ਤੋਂ ਖਤਰਾ ਫਿਰ ਸਾਡੇ ਸਿਰ ਤੇ ਖੜ੍ਹਾ ਹੈ। ਹੋਰ ਜਿਹੜੇ ਸਾਧਨ ਹਨ, ਉਹ ਵੀ ਮੈਂ ਸਮਝਦਾ ਹਾਂ ਕਿ ਪਬਲਿਕ ਤੇ ਪੈਂਦੇ ਹਨ, ਚਾਹੇ ਉਹ ਵਾਧਾ ਸਰਵਿਸ ਚਾਰਜਿਜ਼ ਤੇ ਕਰਨਾ ਹੈ, ਚਾਹੇ ਫਿਊਲ ਚਾਰਜਿਜ਼ ਤੇ, ਚਾਹੇ ਪਬਲਿਕ ਬਾਂਡਾਂ ਵਿੱਚ ਵਾਧਾ ਕਰਨਾ ਹੈ। ਇਸ ਕਰਕੇ ਮੈਂ ਇਹ ਗੱਲ ਸਮਝਦਾ ਹਾਂ ਕਿ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਇਹ ਮੇਰਾ ਆਪਣਾ ਅਨੁਭਵ ਹੈ ਔਰ 1993 ਵਿੱਚ ਰੇਟ ਵਧਾ ਦਿੱਤੇ। ਪੰਜ ਮਹੀਨਿਆਂ ਵਿੱਚ 64 ਕਰੋੜ ਕਿਸਾਨਾਂ ਤੋਂ ਵਸੂਲ ਕਰ ਲਏ। ਅੱਗੇ ਫਿਰ ਸਾਫ ਸ਼ਬਦਾਂ ਵਿੱਚ ਲਿਖ ਦਿੱਤਾ ਕਿ there is no alternative ਕਿ ਅਸੀਂ ਟੈਰਿਫ ਜਿਹੜਾ ਹੈ, ਉਹ ਵਧਾਉਣਾ ਹੈ। ਦੂਸਰੇ ਜਿਹੜੇ ਮਈਅਰਜ਼ ਹਨ, ਜਿਹੜੇ ਹੋਰ ਖਰਚ ਵਧਾਉਣੇ ਹਨ, ਉਹ ਪਾਉਣੇ ਹਨ। ਇਸ ਕਰਕੇ ਸਪੀਕਰ ਸਾਹਿਬ, ਇਹ ਬਹੁਤ ਹੀ ਚਿੰਤਾ ਵਾਲਾ ਮਾਮਲਾ ਹੈ। ਸਾਰੇ ਘਾਟੇ ਨੂੰ ਦੂਰ ਕਰਨ ਵਾਸਤੇ ਗੰਭੀਰਤਾ ਨਾਲ ਯਤਨ ਕਰਨੇ ਚਾਹੀਦੇ ਹਨ। ਅਸੀਂ ਬਾਰ ਬਾਰ ਕਹਿੰਦੇ ਹਾਂ ਕਿ ਬਿਜਲੀ ਬੋਰਡ ਵਿੱਚ ਘਾਟਾ ਨਹੀਂ ਰਹਿ ਸਕਦਾ, ਨੁਕਸ ਇਸ ਦੇ ਅੰਦਰ ਹੈ। ਇਹ ਜਿਹੜੀਆਂ ਗੱਲਾਂ ਹਨ, ਸਰਕਾਰ ਨੂੰ ਕਰਨੀਆਂ ਚਾਹੀਦੀਆਂ ਹਨ। ਮਿਸਾਲ ਦੇ ਤੌਰ ਤੇ ਮੈਂ ਜ਼ਿਕਰ ਕਰ ਦਿੰਦਾ ਹਾਂ, ਆਪਣੀ ਗੱਲ ਨੂੰ ਜ਼ਿਆਦਾ ਮਜ਼ਬੂਤ ਕਰਨ ਵਾਸਤੇ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਰੇਟ ਵਧਾ ਦਿੱਤੇ, ਇਸ ਨਾਲ 64 ਕਰੋੜ ਰੁਪਏ ਇਨਕਮ ਹੋ ਗਈ ਪਰ ਫਿਰ ਵੀ 60 ਕਰੋੜ ਰੁਪਏ ਘਟੇ ਹਨ। ਇਹ ਸਪੀਕਰ ਸਾਹਿਬ, ਬੜਾ ਗੰਭੀਰ ਮਾਮਲਾ ਹੈ। ਇਸੇ ਤਰ੍ਹਾਂ ਰਿਪੋਰਟਾਂ ਦੇ ਮੁਤਾਬਿਕ ਦੱਸਿਆ ਹੈ ਕਿ 881 ਮਿਲੀਅਨ ਯੂਨਿਟ ਬਿਜਲੀ ਘੱਟ ਪੈਦਾ ਹੋਈ ਹੈ। ਅਗਰ ਘੱਟ ਪੈਦਾ ਹੋਈ ਹੈ ਤਾਂ ਇਸ ਦੇ ਲਈ ਕਿਸ ਦੀ ਰਿਸਪਾਂਸਿਬਿਲਟੀ ਹੈ? ਆਫਟਰਆਲ ਕਿਸੇ ਨਾ ਕਿਸੇ ਦੀ ਤਾਂ ਰਿਸਪਾਂਸਿਬਿਲਟੀ ਫਿਕਸ ਹੁੰਦੀ ਹੈ।

ਇਸ ਦੇ ਇਲਾਵਾ ਅਗਲੀ ਚਿੰਤਾ ਜਿਸ ਨਾਲ 72.54 ਕਰੋੜ ਰੁਪਏ ਦਾ ਘਾਟਾ ਹੋਇਆ, ਸਪੀਕਰ ਸਾਹਿਬ, ਇੰਨੀ ਬਿਜਲੀ ਸੇਲ ਕਰਨੀ, ਸੇਲ ਕਰਕੇ ਜੋ ਘਾਟਾ ਹੈ ਰੇਵੀਨਿਊ ਦਾ, ਉਹ ਵੀ 51 ਕਰੋੜ ਦ

Original with;
Punjab Vidhan Sabha
Digitized by;
Panjab Digital Library

ਹੈ। ਔਰ ਇਸੇ ਤਰ੍ਹਾਂ ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨੀ ਹੈ ਇਸ ਗੱਲ ਤੇ ਕਿ ਜਿੰਨਾ ਟਾਰਗੇਟ ਰੱਖਿਆ ਗਿਆ ਸੀ ਕਿ ਬਿਜਲੀ ਇੰਨੀ ਪੈਦਾ ਕਰਨੀ ਹੈ, ਉਸ ਟਾਰਗੇਟ ਵਿੱਚ 881 ਮਿਲੀਅਨ ਯੂਨਿਟ ਘੱਟ ਪੈਦਾ ਹੋਈ। 72 ਕਰੋੜ ਰੁਪਏ ਦੀ ਤੁਸੀਂ ਇਥੇ ਮਾਰ ਖਾ ਲਈ। ਜਿੰਨੀ ਬਿਜਲੀ ਪੈਦਾ ਹੋਈ ਰਿਕਾਰਡ ਦੇ ਮੁਤਾਬਿਕ, ਉਹ ਵੇਚੀ ਔਰ ਉਸ ਦੀ ਵੀ ਤੁਹਾਨੂੰ ਸਾਢੇ 51 ਕਰੋੜ ਰੁਪਏ ਦੀ ਰਿਟਰਨ ਮਿਲੀ. ਵੇਸਟ ਨਹੀਂ ਹੈ, ਇਸ ਰਿਪੋਰਟ ਨੂੰ ਗਹਿਰਾਈ ਨਾਲ ਵਾਚਿਆ ਨਾ ਸਮਝੋ, ਉਨ੍ਹਾਂ ਨੇ ਫੇਕਟਸ ਲਿਖਕੇ ਦੇ ਦਿੱਤੇ, ਉਸ ਨੂੰ ਅਸੀਂ ਪ੍ਰਵਾਨ ਕਰ ਲਈਏ ਤਾਂ ਫਿਰ ਬਿਜਲੀ ਬੋਰਡ ਵਿੱਚ ਕੈਂਸਰ ਵਿਗੜ ਜਾਵੇਗਾ, ਉਸ ਦਾ ਕੋਈ ਹੱਲ ਨਹੀਂ ਫਿਰ। ਕੈਂਸਰ ਪੇਸ਼ੈਂਟ ਦਾ ਜੋ ਐਂਡ ਹੁੰਦਾ ਹੈ, ਲਾਸਟ ਦਾ ਜੋ ਰਿਜ਼ਲਟ ਹੁੰਦਾ ਹੈ, ਫਿਰ ਤਾਂ ਮੈਂ ਸਮਝਦਾ ਉਸੇ ਤਰ੍ਹਾਂ ਦੀ ਇੰਡੀਕੇਸ਼ਨ ਹੋ ਸਕਦੀ ਹੈ। 881 ਮਿਲੀਅਨ ਯੂਨਿਟ ਦਾ ਘੱਟ ਪੈਦਾ ਹੋਣਾ, ਮੈਂ ਸਾਫ ਕਹਿਣਾ ਚਾਹੁੰਦਾ ਹਾਂ ਕਿ ਇਥੇ ਜੋ ਬਿਜਲੀ ਬੋਰਡ ਦੇ ਪ੍ਰਬੰਧਕ ਹਨ, ਉਨ੍ਹਾਂ ਦੀ ਮਿਸ-ਮੈਨੇਜਮੈਂਟ ਹੈ, ਉਨ੍ਹਾਂ ਵੱਲੋਂ ਲਾਪਰਵਾਹੀ ਹੈ, ਇਨਐਫੀਸ਼ੈਂਸੀ ਹੈ ਔਰ ਲੇਜ਼ੀਨੈਸ ਦਾ ਜਿਹੜਾ ਨਤੀਜਾ ਹੈ, ਅਗਰ ਇਹ ਸਾਰੀਆਂ ਗੱਲਾਂ ਨਾ ਹੋਣ ਤਾਂ ਬਿਜਲੀ ਰੱਖੇ ਟਾਰਗੇਟ ਤੋਂ ਘੱਟ ਪੈਦਾ ਹੋ ਜਾਵੇ, ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਮੈਂ ਇੱਕ ਸਿੰਪਲ ਐਗਜ਼ੈਂਪਲ ਦੇਣੀ ਚਾਹੁੰਦਾ ਹਾਂ, ਮੈਂ ਕੋਈ ਪਰਸਨਲ ਗੱਲ ਕਿਸੇ ਦੀ ਨਹੀਂ ਕਰਦਾ, ਪਹਿਲਾ ਚੇਅਰਮੈਨ ਜਾਂ ਦੂਜਾ ਚੇਅਰਮੈਨ ਹੋਵੇ, ਮੈਨੂੰ ਉਨ੍ਹਾਂ ਨਾਲ ਕੋਈ ਤੁਅੱਲਕ ਨਹੀਂ ਲੇਕਿਨ ਇਹ ਹਕੀਕਤ ਹੈ, ਸਪੀਕਰ ਸਾਹਿਬ, ਕਿ ਜਿਹੜੀਆਂ ਵੱਡੀਆਂ ਲਾਈਨਾਂ ਹਨ, 220 ਕੇ.ਵੀ, 132 ਕੇ.ਵੀ ਜਾਂ ਹੋਰ ਇਸ ਤਰ੍ਹਾਂ ਦੀਆਂ, ਅਗਰ ਉਨ੍ਹਾਂ ਵਿੱਚ ਕਿਸੇ ਸਮੇਂ ਵੀ ਫਾਲਟ ਪੈਦਾ ਹੋਵੇ ਚਾਹੇ ਰਾਤ ਨੂੰ ਚਾਹੇ ਡੇਅ ਟਾਈਮ, ਮਿਸਟਰ ਵਸੰਤ ਜਿਸ ਵੇਲੇ ਚੇਅਰਮੈਨ ਹੁੰਦੇ ਸੀ ਤਾਂ ਅਗਰ ਰਾਤ ਨੂੰ ਵੀ ਫਾਲਟ ਪੈ ਗਿਆ ਤਾਂ ਐਨ ਇਮੀਜੀਏਟ ਰਸ਼ ਕਰਦੇ ਸੀ, ਦੋ ਢਾਈ ਘੰਟਿਆਂ ਵਿਚ ਪਹੁੰਚਣ ਦੀ ਕੋਸ਼ਿਸ਼ ਕਰਦੇ ਸੀ। ਇਥੇ ਉੱਤਰ ਜ਼ੋਨ ਵਿੱਚ ਬਿਜਲੀ ਦੀ ਲਾਈਨ ਵਿੱਚ ਮੇਨ ਫਾਲਟ ਹੋਵੇ ਤਾਂ ਵਰਤਮਾਨ ਚੇਅਰਮੈਨ ਸਾਹਿਬ ਤਾਂ ਤੀਸਰੇ ਦਿਨ ਵਿਜ਼ਿਟ ਕਰਦੇ ਹਨ। ਫਿਰ ਐਫੀਸ਼ੈਂਸੀ ਕਿੱਥੇ, ਫਿਰ ਕਿਸ ਤਰ੍ਹਾਂ ਆਸ ਕਰਾਂਗੇ? ਕੋਈ ਮੈਂਬਰ ਵਿਜ਼ਿਟ ਕਰੇ ਤਾਂ ਥੱਲੇ ਜਿਹੜਾ ਅਮਲਾ ਫੈਲਾ ਹੈ, ਉਹ ਖਿਚਿਆ ਰਹਿੰਦਾ ਹੈ ਤੇ ਫਿਰ ਮੈਂ ਸਮਝਦਾ ਹਾਂ ਕਿ ਬਿਜਲੀ ਬੋਰਡ ਦੀ ਜੋ ਕੰਡੀਸ਼ਨ ਹੈ, ਹਾਲਤ ਹੈ, ਬਿਹਤਰ ਹੋ ਜਾਵੇਗੀ। ਇਹ ਬੜੀ ਚਿੰਤਾ ਵਾਲਾ ਮਾਮਲਾ ਹੈ। ਇਸੇ ਤਰ੍ਹਾਂ ਜਿਹੜਾ ਘੱਟ ਮਾਲੀਆ ਪ੍ਰਾਪਤ ਹੋਇਆ ਹੈ, ਸੇਲ ਤੁਸੀਂ ਕਰ ਲਈ, ਬਿਜਲੀ ਤੁਸੀਂ ਪੈਦਾ ਕਰ ਲਈ, ਇਸ ਦੇ ਵਿੱਚ ਜਿਤਨਾ ਚਿਰ ਮੈਂ ਸਮਝਦਾ ਹਾਂ ਕਿ, ਖਾਸ ਤੌਰ ਤੇ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿਉਂਕਿ ਉਨ੍ਹਾਂ ਕੋਲ ਇਹ ਮਹਿਕਮਾ ਹੈ, ਥਲੇ ਵਾਲੇ ਫੀਲਡ ਅਮਲੇ ਦੀ ਗੈਰ ਯੋਜਨਾਬੰਦੀ ਹੈ ਔਰ ਉਸ ਦੇ ਵਿੱਚ ਕੁਰੱਪਸ਼ਨ ਹੈ, ਇਹ ਗੱਲ ਨਹੀਂ ਬਣਨੀ। ਮੈਂ ਸਮਝਦਾ ਹਾਂ ਕਿ ਜੇ ਇਸ ਨੂੰ ਸਟਰੌਂਗਲੀ ਚੈਕ ਨਾ ਕੀਤਾ ਬਿਜਲੀ ਤੁਹਾਡੇ ਰਿਕਾਰਡ ਵਿੱਚ ਪੈਦਾ ਹੋ ਗਈ ਜਿਤਨਾ ਉਸ ਦਾ ਰੈਵੇਨਿਊ ਆਉਣਾ ਚਾਹੀਦਾ ਸੀ, ਉਸ ਤੋਂ ਸਾਢੇ 5 ਕਰੋੜ ਰੁਪਿਆ ਘੱਟ ਆਇਆ ਅਤੇ ਇਸ ਨੂੰ ਕਿਸੇ ਜਗ੍ਹਾ ਵੀ ਚੈਕ ਨਾ ਕਰੀਏ ਅਤੇ ਉਨ੍ਹਾਂ ਦੀ ਇਹ ਦਲੀਲ ਮੰਨ ਲਈਏ ਕਿ ਐਗਰੀਕਲਚਰ ਸੈਕਟਰ ਨੂੰ ਅਸੀਂ ਬਹੁਤ

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਹਰਦੇਵ ਅਰਸ਼ੀ ]

ਸੱਸਤੇ ਦਰਾਂ ਤੇ ਬਿਜਲੀ ਦਿੱਤੀ ਹੈ, ਇਸ ਕਰਕੇ ਬਿਜਲੀ ਬੋਰਡ ਲਾਜ਼ਿਮਜ਼ ਵਿੱਚ ਹੈ, ਰੇਟਸ ਵਧਾ ਦਿਉ ਤੇ ਲੁੱਟੀ ਚਲੋ, ਵਿਚਾਰੇ ਲੋਕਾਂ ਨੂੰ ਜੋ ਕੁਝ ਕਹਿੰਦੇ ਹਨ, ਉਸ ਦੀ ਚਿੰਤਾ ਨਾ ਕਰੋ । ਆਖਰ ਰੇਟ ਵਧਾਉਣ ਦੀ, ਸਪੀਕਰ ਸਾਹਿਬ, ਕੋਈ ਸੀਮਾ ਹੁੰਦੀ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਅਗਲੀ ਗੱਲ ਕਹਿਣਾ ਚਾਹੁੰਦਾ ਹਾਂ । ਇਨ੍ਹਾਂ ਨੇ ਕਿਹਾ ਹੈ ਕਿ ਹੋਰ ਸਾਧਨਾਂ ਵਿੱਚ ਵਾਧਾ ਕਰਕੇ 1993-94 ਵਿੱਚ ਤਿੰਨ ਕਰੋੜ ਰੁਪਿਆ ਰੱਖਿਆ ਸੀ। 1994-95 ਵਿੱਚ ਮੁੜ ਕੇ ਫਿਰ 3 ਕਰੋੜ ਰੁਪਏ ਦਾ ਟਾਰਗੇਟ ਫਿਕਸ ਕਰ ਲਿਆ। ਹੋਰ ਸਾਧਨਾਂ ਦਾ ਮੈਂ ਪਹਿਲਾਂ ਜ਼ਿਕਰ ਕਰ ਚੁੱਕਾ ਹਾਂ, ਇਸ ਤੇ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ। ਇਸ ਕਰਕੇ ਮੈਂ ਸਮਝਦਾ ਹਾਂ ਕਿ ਟੋਟਲੀ ਅਨਜਸਟੀਫਾਈਡ ਇਹ ਲੋਕਾਂ ਤੇ ਬਰਡਨ ਹੋਵੇਗਾ ਕਿ ਹਰ ਤਰ੍ਹਾਂ ਦੀ ਸਰਵਿਸ ਚਾਰਜ ਜਾਂ ਦੂਸਰੇ ਚਾਰਜ ਜੋ ਲੋਕਾਂ ਉਪਰ ਵਧਾ ਦਿੱਤੇ ਸਨ, ਇਸ ਨੂੰ ਕਿਸੇ ਤਰ੍ਹਾਂ ਵਿਧਾਨ ਸਭਾ ਵਿੱਚ ਅਸੀਂ ਤਾਂ ਸਹਿਮਤ ਨਹੀਂ ਕਿ ਇਸ ਨੂੰ ਸਰਬਸੰਮਤੀ ਨਾਲ ਇਥੇ ਪਾਸ ਕਰ ਦਿੱਤਾ ਜਾਵੇ।

ਅਗਲੀ ਗੱਲ ਇਕ ਹੋਰ ਚਿੰਤਾ ਵਾਲੀ ਹੈ, ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੂੰ ਇਹ ਮਾਮਲਾ ਲੈਣਾ ਚਾਹੀਦਾ ਹੈ, ਸਾਰਾ ਕੁਝ ਬਿਜਲੀ ਬੋਰਡ ਦਾ ਨੈਗੇਟਿਵ ਨਹੀਂ, ਕੁਝ ਗੱਲਾਂ ਪਾਜ਼ੇਟਿਵ ਵੀ ਹਨ। ਮਿਸਾਲ ਦੇ ਤੌਰ ਤੇ ਮੈਨੂੰ ਤਾਂ ਰਿਪੋਰਟ ਵਿਚੋਂ ਪੜ੍ਹ ਕੇ ਇਸ ਗੱਲ ਦੀ ਹੈਰਾਨੀ ਹੋਈ ਹੈ ਕਿ ਅਸੀਂ ਕੁਝ ਬਿਜਲੀ ਬਾਹਰੋਂ ਵੀ ਖਰੀਦਦੇ ਹਾਂ ਯਾਨੀ ਕਹਿਣ ਦਾ ਭਾਵ ਕੇਂਦਰ ਸਰਕਾਰ ਦੇ ਅਦਾਰੇ ਜੋ ਹਨ, ਉਨ੍ਹਾਂ ਤੋਂ ਅਸੀਂ ਬਿਜਲੀ ਖਰੀਦਦੇ ਹਾਂ ਜਿਸ ਤਰ੍ਹਾਂ ਇਨ੍ਹਾਂ ਨੇ ਸਾਲ 1994-95 ਵਿੱਚ 4055 ਮਿਲੀਅਨ ਯੂਨਿਟ ਬਿਜਲੀ ਪ੍ਰਚੇਜ਼ ਕਰਨ ਦਾ ਟਾਰਗੇਟ ਰੱਖਿਆ ਹੈ ਔਰ ਉਸ ਤੇ ਟੋਟਲ ਖਰਚ 384.28 ਕਰੋੜ ਰੁਪਿਆ ਆਵੇਗਾ। ਅਗਰ ਇਸ ਦੀ ਐਵਰੇਜ ਕਢ ਲਈ ਜਾਏ ਤਾਂ ਇਕ ਮਿਲੀਅਨ ਯੂਨਿਟ ਤੇ ਲੱਗ ਭੱਗ 9 ਲੱਖ ਰੁਪਏ ਦਾ ਖਰਚਾ ਆਵੇਗਾ। ਉਸ ਦੇ ਮੁਕਾਬਲੇ ਵਿੱਚ ਜਿਹੜਾ ਪੰਜਾਬ ਦਾ ਬਿਜਲੀ ਬੋਰਡ ਬਿਜਲੀ ਪੈਦਾ ਕਰਦਾ ਹੈ, ਉਸ ਦੇ ਖਰਚ ਦੀ ਐਵਰੇਜ ਜੇ ਕਢ ਲਈ ਜਾਵੇ, ਮੈਂ ਜ਼ਿਆਦਾ ਇਸ ਤੇ ਟਾਈਮ ਨਹੀਂ ਲਾਉਣਾ ਚਾਹੁੰਦਾ ਕਿਉਂਕਿ ਸਮਾਂ ਘੱਟ ਹੈ, ਉਸ ਦਾ ਖਰਚ ਆਉਂਦਾ ਹੈ 8 ਲੱਖ ਰੁਪਏ ਅਤੇ ਫਿਰ ਇਸ ਗੱਲ ਦੀ ਵੀ ਹੈਰਾਨੀ ਹੈ ਕਿ ਸਾਡੇ ਕੋਲ ਹਾਈਡਰੋ ਪ੍ਰੋਜੈਕਟ ਹੈ, ਥਰਮਲ ਹੈ ਔਰ ਜਿਹੜੀਆਂ ਸੈਂਟਰ ਦੀਆਂ ਏਜੰਸੀਆਂ ਹਨ ਜਿਨ੍ਹਾਂ ਤੋਂ ਅਸੀਂ ਬਿਜਲੀ ਖਰੀਦਦੇ ਹਾਂ, ਉਨ੍ਹਾਂ ਕੋਲ ਵੀ ਹਾਈਡਰੋ ਪ੍ਰੋਜੈਕਟ ਹੈ, ਉਨ੍ਹਾਂ ਕੋਲ ਵੀ ਥਰਮਲ ਹੈ ਫਿਰ ਇਹ ਗੱਲ ਕਿਸ ਤਰ੍ਹਾਂ ਹੋਈ ਕਿ ਉਨ੍ਹਾਂ ਦੀ ਬਿਜਲੀ ਸਾਨੂੰ ਵੱਧ ਰੇਟ ਤੇ ਮਿਲੇ ਔਰ ਸਾਡੀ ਜੋ ਬਿਜਲੀ ਹੈ, ਉਸ ਦੀ ਔਸਤ ਜੋ ਹੈ, ਉਹ ਘੱਟ ਨਿਕਲੇ । ਫਿਰ ਤਾਂ ਇਸ ਦੇ ਵਿਚੋਂ 2 ਸ਼ਬਦ ਨਿਕਲਦੇ ਹਨ। ਇਕ ਤਾਂ ਮੈਂ ਸਮਝਦਾ ਹਾਂ ਕਿ ਇਹ ਮਾਮਲਾ ਸੈਂਟਰ ਦੇ ਕੋਲ ਉਠਾਉਣਾ ਚਾਹੀਦਾ ਹੈ ਕਿ ਵੱਧ ਰੇਟ ਤੇ ਸਾਨੂੰ ਬਿਜਲੀ ਕਿਉਂ ਦਿੱਤੀ ਜਾਂਦੀ ਹੈ ਔਰ ਦੂਸਰਾ ਜੇ ਲੱਖ ਰੁਪਿਆ ਵੱਧ ਖ਼ਰਚ ਕਰਨਾ ਹੀ ਹੈ ਇਕ ਮਿਲੀਅਨ ਯੂਨਿਟ ਦੇ ਮੁਕਾਬਲੇ ਵਿੱਚ, ਫਿਰ ਸਾਨੂੰ ਜ਼ਿਆਦਾ ਐਫਰਟਸ ਕਰਨੀਆਂ ਚਾਹੀਦੀਆਂ ਹਨ ਕਿ ਅਸੀਂ ਪੰਜਾਬ ਵਿੱਚ ਜਿਹੜੇ ਸਾਧਨ ਹਨ, ਉਹ ਹੋਰ ਜਿਆਦਾ ਜੁਟਾਈਏ ਤਾਂ ਕਿ ਇਦੇ ਘੱਟ ਰੇਟ ਤੇ ਬਿਜਲੀ ਪੈਦਾ ਕਰੀਏ। ਇਕ ਗੱਲ, ਸਪੀਕਰ ਸਾਹਿਬ, ਜਿਹੜੀ ਮੈਨੂੰ ਬੜੀ ਚਿੰਤਾ ਨਾਲ

Original with;
Punjab Vidhan Sabha
Digitized by;
Panjab Digital Library

ਕਹਿਣੀ ਪੈਂਦੀ ਹੈ, ਵਿਸ਼ੇਸ਼ ਕਰਕੇ ਮੈਂ ਸੀ.ਐਮ. ਸਾਹਿਬ ਨੂੰ ਐਡਰੈਸ ਕਰਨਾ ਚਾਹੁੰਦਾ ਕਿ ਰਿਪੋਰਟਾਂ ਵਿੱਚ ਇਹ ਗੱਲ ਲਭਦੀ ਹੈ ਕਿ ਇਥੇ ਟਰਾਂਸਫਾਰਮਰਜ਼ ਦੀ ਰਿਪੇਅਰ ਦਾ ਸਵਾਲ ਆਇਆ। ਇਸ ਦੇ ਵਿੱਚ ਲਿਖਿਆ ਹੋਇਆ ਹੈ ਕਿ 1992-93 ਵਿੱਚ ਟੋਟਲ 12 ਕਰੋੜ, ਸਮਥਿੰਗ ਇਧਰ ਉਧਰ ਹੈ ਥੋੜਾ ਬਹੁਤ, ਲੱਗ ਭੱਗ 12 ਕਰੋੜ ਰੁਪਏ ਟਰਾਂਸਫਾਰਮਰਜ਼ ਦੀ ਰਿਪੇਅਰ ਤੇ ਖਰਚ ਕੀਤਾ ਗਿਆ ਹੈ। ਪਹਿਲੀ ਗੱਲ ਤਾਂ ਸਪੀਕਰ ਸਾਹਿਬ, ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ, ਪਹਿਲੀ ਵਾਰੀ ਮੈਨੂੰ ਇਸ ਗੱਲ ਦਾ ਸ਼ਾਕ ਲੱਗਾ ਹੈ ਕਿ ਵਿਧਾਨ ਸਭਾ ਵਿੱਚ ਵੀ ਗਲਤ ਜਾਣਕਾਰੀ ਦਿੱਤੀ ਜਾ ਸਕਦੀ ਹੈ। ਇਹ ਤਾਂ ਮੈਂ ਸਮਝਦਾ ਹਾਂ ਕਿ ਪ੍ਰਿਵਿਲੇਜ ਦਾ ਸਵਾਲ ਬਣ ਗਿਆ। ਇਹ 12 ਕਰੋੜ ਰੁਪਿਆ ਲਗ ਭਗ ਖਰਚ ਦਸਦੇ ਹਨ ਔਰ ਇਹ ਬਿਜਲੀ ਬੋਰਡ ਦੀ ਰਿਪੋਰਟ ਹੈ ਜਿਹੜੀ ਸਾਥੀ ਸਾਹਿਬ ਦੇ ਇਕ ਸਵਾਲ ਦੇ ਜਵਾਬ ਵਿੱਚ ਦੱਸੀ ਗਈ ਹੈ। ਇਸ ਦੇ ਵਿੱਚ 1992-93 ਦਾ ਖਰਚ ਜੋ ਦੱਸਿਆ ਹੈ ਉਹ 768 ਲੱਖ ਰੁਪਏ ਦੱਸਿਆ ਹੈ। ਹੁਣ ਤੁਸੀਂ, ਸਪੀਕਰ ਸਾਹਿਬ, ਆਪ ਹੀ ਅੰਦਾਜ਼ਾ ਲਗਾ ਲਓ ਕਿ ਸਾਡੀ ਫੀਡ ਬੈਕ ਜਿਹੜੀ ਹੈ, ਉਹ ਕਿਸ ਨੂੰ ਦਰੁਸਤ ਮੰਨੀਏ ਤੇ ਕਿਸ ਨੂੰ ਗਲਤ ਮੰਨੀਏ। ਇਹ 12 ਕਰੋੜ 1992-93 ਵਿੱਚ ਦੱਸਦੇ ਹਨ ਔਰ ਇਹ 768 ਲੱਖ ਰੁਪਿਆ ਦੱਸਦੀ ਹੈ। ਫਿਰ ਇਥੇ ਜਿਹੜੀ ਗੱਲ ਮੈਂ ਉਭਾਰ ਕੇ ਪੇਸ਼ ਕਰਨਾ ਚਾਹੁੰਦਾ ਹਾਂ ਉਹ ਹੈ, ਸਪੀਕਰ ਸਾਹਿਬ, ਕਿ ਬਿਜਲੀ ਬੋਰਡ ਦੀਆਂ 4 ਵਰਕਸ਼ਾਪਸ ਹਨ ਜਿਹੜੀਆਂ ਬਿਲਕੁਲ ਮਾਡਰਨ ਵਰਕਸ਼ਾਪਸ ਹਨ—ਕੋਟਕਪੂਰਾ, ਦੁਰਾਹਾ, ਪਟਿਆਲਾ ਔਰ ਅੰਮ੍ਰਿਤਸਰ ਜਿਨ੍ਹਾਂ ਵਿੱਚ ਟੈਕਨੀਕਲ ਐਕਸਪਰਟਸ ਜੋ ਹਨ, ਉਹ ਉਥੇ ਹਨ ਔਰ ਆਧੁਨਿਕ ਕਿਸਮ ਦੇ ਸਮਾਨ ਹਨ। 1991-92 ਤੋਂ ਪਹਿਲਾਂ ਇਕ ਵੀ ਟਰਾਂਸਫਾਰਮਰ ਦੀ ਰਿਪੇਅਰ ਨਹੀਂ ਹੋਈ। ਪ੍ਰਾਈਵੇਟਲੀ ਬਾਹਰ ਤੋਂ, ਸਾਰੀ ਦੀ ਸਾਰੀ ਜੋ ਹੈ ਉਹ ਬਿਜਲੀ ਬੋਰਡ ਹੀ ਕਰਦਾ ਸੀ। ਮੈਂ ਤਾਂ ਨਹੀਂ ਸਮਝਦਾ ਕਿ ਜਿਹੜੀ ਨਵੀਂ ਪਾਲਿਸੀ ਹੈ ਕਿ ਉਸ ਦਾ ਕੁਝ ਹਿੱਸਾ ਜਾਂ ਫਿਰ ਸਾਰਾ ਕੁਝ ਪ੍ਰਾਈਵੇਟਕਰਨ ਕਰਨਾ ਹੈ ਜਾਂ ਸਰਕਾਰ ਦੇ ਆਉਣ ਤੇ ਕੁਝ ਹੋਇਆ ਹੈ ਜਾਂ ਫਿਰ ਬਿਜਲੀ ਬੋਰਡ ਨੇ ਵੱਟੇ ਚੁੱਕਣੇ ਹੀ ਸ਼ੁਰੂ ਕਰ ਦਿੱਤੇ ਕਿ ਪ੍ਰਾਈਵੇਟ ਦਿਉ ਤੇ ਕਮਿਸ਼ਨ ਵਧਾਉ। ਕਿਉਂ? 1991-92 ਵਿੱਚ ਇਕ ਵੀ ਟਰਾਂਸਫਾਰਮਰ ਰਿਪੇਅਰ ਨਹੀਂ ਹੋਇਆ ਔਰ 1991-92 ਵਿੱਚ ਸਿਰਫ 87 ਲੱਖ ਰੁਪਏ ਦੀ ਰਿਪੇਅਰ ਹੈ ਔਰ ਅਗੇ ਦੇਖੋ ਸਾਡੀ ਪਾਪੂਲਰ ਸਰਕਾਰ ਬਣ ਗਈ, 1992-93 ਵਿੱਚ 10 ਕਰੋੜ 9 ਲੱਖ ਰੁਪਏ ਤਕ ਦੀ ਹੁੰਦੀ ਹੈ ਤਾਂ ਤੁਸੀਂ ਆਪ ਹੀ ਦੇਖੋ ਕਿ ਗੱਲ ਕਿਹੜੇ ਪਾਸੇ ਜਾ ਰਹੀ ਹੈ। ਫਿਰ ਇਨ੍ਹਾਂ ਨੇ ਦੱਸਿਆ ਹੈ ਕਿ 1993-94 ਵਿੱਚ 12 ਕਰੋੜ ਰੁਪਿਆ ਹੈ ਜਦ ਕਿ ਸਾਨੂੰ ਜਿਹੜੀ ਸਟੇਟਮੈਂਟ ਦਿੱਤੀ ਗਈ ਹੈ, ਉਸ ਦੇ ਵਿੱਚ 768 ਲੱਖ ਰੁਪਿਆ ਦਿਖਾਇਆ ਗਿਆ ਹੈ। ਠੀਕ ਹੈ ਤੁਸੀਂ ਦਰੁਸਤ ਕਰ ਦਿੱਤਾ ਹੈ ਪਰ ਮੈਂ ਜੋ ਮੇਨ ਨੁਕਤਾ ਉਭਾਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਕਲ੍ਹ ਨੂੰ ਬਿਜਲੀ ਬੋਰਡ ਇਹ ਕਹਿ ਸਕਦਾ ਹੈ ਕਿ ਅਸੀਂ ਤਾਂ ਪਹਿਲੇ ਸਿਰਫ ਰਿਪਲੇਸਮੈਂਟ ਹੀ ਕਰਦੇ ਸੀ, ਰਿਪੇਅਰ ਨਹੀਂ ਸੀ ਕਰਦੇ। ਹੁਣ ਰਿਪੇਅਰ ਕੀਤੇ ਹਨ ਤਾਂ ਖਰਚ ਹੋਇਆ ਹੈ ਪਰ ਮੈਂ ਇਸ ਦੇ ਜਵਾਬ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਤਾਂ ਹੋਰ ਵੀ ਜ਼ਿਆਦਾ ਗਲਤ ਗੱਲ ਹੋਈ ਹੈ, ਇਸ ਤੋਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਅਰਸ਼ੀ]

ਪਹਿਲਾਂ ਰਿਪੇਅਰ ਕਿਉਂ ਨਹੀ ਕਰਵਾਈ? ਸੋ ਇਸ ਕਰਕੇ ਜ਼ਿੰਮੇਵਾਰੀ ਤਾਂ ਬੋਰਡ ਦੀ ਦੋਨੋਂ ਪਾਸੇ ਹੀ ਬਣਦੀ ਹੈ। ਸਰਕਾਰ ਨੂੰ ਇਸ ਪਾਸੇ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਇਸ ਰਿਪੋਰਟ ਵਿਚ ਇਕ ਗੱਲ ਹੋਰ ਵੇਖ ਕੇ ਬੜੀ ਹੈਰਾਨੀ ਹੋਈ ਹੈ ਕਿ ਜਿਹੜਾ 1994-95 ਵਿਚ ਲੋਨ ਲੈਣਾ ਹੈ, ਉਸ ਵਿਚ ਕੇਵਲ ਗਰੰਟੀ ਪਾਉਣ ਵਾਸਤੇ ਪੰਜਾਬ ਸਰਕਾਰ 7 ਕਰੋੜ ਦੀ ਕਮਿਸ਼ਨ ਲੈ ਰਹੀ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਨਾਲ ਤਾਂ ਬਿਜਲੀ ਬੋਰਡ ਦਾ ਕੰਮ ਨਹੀਂ ਚਲ ਸਕਦਾ ਔਰ ਇਹ ਪੰਜਾਬ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਤਰ੍ਹਾਂ ਦੇ ਜਿਹੜੇ ਖਰਚੇ ਹਨ, ਉਨ੍ਹਾਂ ਤੋਂ ਬਚਿਆ ਜਾਵੇ ਔਰ ਪੰਜਾਬ ਸਰਕਾਰ ਦਲਾਲੀ ਦਾ ਕੰਮ ਨਾ ਕਰੇ।

ਇਕ ਗੱਲ ਮੈਂ ਹੋਰ ਇਹ ਕਰਨੀ ਹੈ ਜੋ ਬਹੁਤ ਸੈਲਫ ਕੰਟਰਾਡੈਕਟਰੀ ਵੀ ਹੈ ਕਿ ਇਹ ਜਿਹੜੀ ਐਸ.ਵਾਈ.ਐਲ. ਹੈ, ਇਹ ਪਤਾ ਨਹੀਂ ਕਦੋਂ ਬਣਨੀ ਹੈ ਜਾਂ ਕਦੋਂ ਨਹੀਂ ਪਰ ਇਸ ਗੱਲ ਵਿਚ ਮੈਂ ਨਾ ਪੈਂਦਾ ਹੋਇਆ ਮੈਂ ਤਾਂ ਖਰਚੇ ਦੀ ਗੱਲ ਕਰਾਂਗਾ ਕਿ ਪਿਛਲੇ ਸਾਲ ਇਸ ਤੇ ਖਰਚੇ ਲਈ 15 ਕਰੋੜ ਰੁਪਏ ਰਖੇ ਸਨ ਅਤੇ ਇਸ ਸਾਲ ਵੀ ਇੱਕ ਕਰੋੜ ਖਰਚਾ ਰੱਖ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਜਿਸ ਦੇ ਭਵਿਖ ਦਾ ਪਤਾ ਨਹੀਂ, ਉਸ ਦਾ ਫੈਸਲਾ ਨਹੀਂ ਹੋਇਆ, ਪਤਾ ਨਹੀਂ 10 ਸਾਲ ਲਗਣਗੇ ਜਾਂ 20 ਸਾਲ ਲਗਣਗੇ, ਉਸ ਤੇ ਇਤਨਾ ਖਰਚਾ ਕਰਨਾ ਠੀਕ ਨਹੀਂ। ਇਸ ਲਈ ਇਸ ਪਾਸੇ ਵੀ ਸਰਕਾਰ ਨੂੰ ਜ਼ਿਆਦਾ ਵਿਚਾਰ ਕਰ ਲੈਣੀ ਚਾਹੀਦੀ ਹੈ।

ਇਕ ਗੱਲ ਮੈਂ ਇਹ ਹੋਰ ਕਰਨੀ ਚਾਹੁੰਦਾ ਹਾਂ ਉਸ ਤੇ ਸਰਕਾਰ ਨੂੰ ਗੰਭੀਰਤਾ ਨਾਲ ਵਿਚਾਰ ਕਰ ਲੈਣਾ ਚਾਹੀਦਾ ਹੈ ਕਿ ਇਹ ਜੋ ਇਨ੍ਹਾਂ ਦੀ ਪਾਲਿਸੀ ਹੈ, ਉਸ ਦਾ ਰਿਫਲੈਕਸ਼ਨ ਹੈ ਕਿ ਬਿਜਲੀ ਬੋਰਡ ਸਬ-ਸਿਡੀ ਦੇਣਾ ਬੰਦ ਕਰ ਦੇਵੇਗਾ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਨਹੀਂ ਚਲਣਾ ਚਾਹੀਦਾ। ਜੇ ਬਿਜਲੀ ਬੋਰਡ ਇਸ ਪਾਸੇ ਚਲ ਪਿਆ ਤਾਂ ਮੈਂ ਸਮਝਦਾ ਹਾਂ ਕਿ ਇਸ ਬੋਰਡ ਦਾ ਰੁਖ ਨਿਜੀਕਰਨ ਵਾਲੇ ਪਾਸੇ ਹੋ ਜਾਵੇਗਾ। ਜਿਵੇਂ ਕਿ ਮਹਾਂਰਾਸ਼ਟਰਾ ਵਿਚ ਹੋ ਰਿਹਾ ਹੈ। ਮੈਂ ਮਹਾਂਰਾਸਟਰ ਦੀ ਮਿਸਾਲ ਦਿੰਦਾ ਹਾਂ ਕਿ ਮਹਾਂਰਾਸ਼ਟਰ ਦੇ ਬਿਜਲੀ ਬੋਰਡ ਨੇ ਅਮਰੀਕਾ ਦੀ ਇਕ ਕੰਪਨੀ ਨਾਲ ਐਗਰੀਮੈਂਟ ਕੀਤਾ ਹੈ ਕਿ ਉਹ ਬਿਜਲੀ ਪੈਦਾ ਕਰਨ ਤੇ ਜਿੰਨੀ ਵੀ ਇਨਵੈਸਟਮੈਂਟ ਕਰਨਗੇ, ਮਹਾਂਰਾਸ਼ਟਰਾ ਬਿਜਲੀ ਬੋਰਡ ਉਸ ਤੇ ਟੋਟਲ ਇਨਵੈਸਟਮੈਂਟ ਦਾ 16 ਪ੍ਰਤੀਸ਼ਤ ਰਿਟਰਨ ਕਰੇਗਾ। ਇਹ ਗੱਲ ਅਖਬਾਰਾਂ ਵਿਚ ਵੀ ਆਈ ਹੈ। ਮੈਂ ਸਮਝਦਾ ਹਾਂ ਕਿ ਇਹੋ ਜਿਹਾ ਐਗਰੀਮੈਂਟ ਅੱਜ ਤਕ ਹਿੰਦੁਸਤਾਨ ਦੀ ਕਿਸੇ ਕੰਪਨੀ ਨਾਲ ਨਹੀਂ ਕੀਤਾ ਤਾਂ ਫਿਰ ਫਾਰੇਨ ਦੀ ਕੰਪਨੀ ਨਾਲ ਇਹ ਐਗਰੀਮੈਂਟ ਕਿਉਂ ਕੀਤਾ ਜਾ ਰਿਹਾ ਹੈ ? ਔਰ ਫਿਰ ਇਹ ਵੀ ਕਿਹਾ ਹੈ ਕਿ ਇਸ ਬਿਜਲੀ ਦੀ ਕਾਸਟ ਉਨ੍ਹਾਂ ਨੂੰ 2 ਰੁਪਏ 40 ਪੈਸੇ ਪਰ ਯੂਨਿਟ ਪਵੇਗੀ। ਇਸ ਦਾ ਮਤਲਬ ਇਹ ਹੋਇਆ ਕਿ ਖਪਤਕਾਰ ਨੂੰ ਇਹ 4 ਰੁਪਏ ਤਕ ਪੈ ਜਾਵੇਗੀ ਜਦੋਂ ਕਿ ਇਸ ਵੇਲੇ 1 ਰੁਪਏ 24 ਪੈਸੇ ਪਰ ਯੂਨਿਟ ਮਿਲ ਰਹੀ ਹੈ। ਸੋ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਜੇ ਇਸ ਤਰ੍ਹਾਂ ਦੀ ਪਾਲਿਸੀ ਬਣਾ ਕੇ ਚਲਣਾ ਹੈ ਤਾਂ ਸਾਡਾ ਵੀ ਬਿਜਲੀ ਬੋਰਡ ਜ਼ਿਆਦਾ ਦੇਰ ਨਹੀਂ ਚਲ ਸਕੇਗਾ। ਇਸ ਲਈ ਮੇਰੀ ਬੇਨਤੀ ਹੈ ਕਿ ਸਾਡੀ ਸਰਕਾਰ ਨੂੰ ਇਸ ਪਾਸੇ ਜ਼ਿਆਦਾ ਧਿਆਨ ਨਾਲ ਚਲਣਾ ਚਾਹੀਦਾ ਹੈ ਅਤੇ ਲੋਕਾਂ ਨੂੰ ਹੋਰ ਜ਼ਿਆਦਾ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਐਨਾ

Original with;
Punjab Vidhan Sabha
Digitized by;
Panjab Digital Library

ਕਹਿੰਦਾ ਹੋਇਆ ਮੈਂ ਆਸ ਕਰਦਾ ਹਾਂ ਕਿ ਬਿਜਲੀ ਬੋਰਡ ਨੂੰ ਹੋਰ ਬੇਹਤਰ ਬਣਾਉਣ ਵਾਸਤੇ ਸਰਕਾਰ ਹੋਰ ਜ਼ਿਆਦਾ ਗੌਰ ਕਰੇਗੀ ਔਰ ਬਿਜਲੀ ਬੋਰਡ ਦਾ ਭਵਿਖ ਚੰਗਾ ਹੋਵੇਗਾ। ਬਸ ਜੀ, ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ, ਤੁਸੀਂ ਮੈਨੂੰ ਸਮਾਂ ਦਿੱਤਾ ਹੈ।

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਸਨ ਪਰ ਮਾਨਯੋਗ ਸਪੀਕਰ ਸਾਹਿਬ ਨੇ ਮੁੱਖ ਸੰਸਦੀ ਸਕੱਤਰ ਸਾਹਿਬ ਨੂੰ ਬੋਲਣ ਲਈ ਕਿਹਾ।) (ਵਿਘਨ)

**ਮੁੱਖ ਸੰਸਦੀ ਸਕੱਤਰ (ਸ਼੍ਰੀ ਸੰਤੋਖ ਸਿੰਘ ਚੌਧਰੀ)**: ਸਪੀਕਰ ਸਾਹਿਬ, ਇਹ ਜੋ ਰਿਪੋਰਟਾਂ ਇਥੇ ਰਖੀਆਂ ਗਈਆਂ ਹਨ, ਜਿਨ੍ਹਾਂ ਤੇ ਮੇਰੇ ਸਾਥੀਆਂ ਨੇ ਆਪਣੇ ਵਿਚਾਰ ਬੜੇ ਐਗਜ਼ੈਜਰੇਟ ਕਰਕੇ ਕਈ ਫੈਕਟਸ ਹਾਊਸ ਦੇ ਸਾਹਮਣੇ ਰਖੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ 1993-94 ਵਿਚ ਜਿਹੜਾ ਸਾਡਾ ਲਾਸ ਹੈ, ਉਹ 204 ਕਰੋੜ ਰੁਪਏ ਦਾ ਹੈ। ਸਾਡੇ ਸੂਬੇ ਵਿਚ ਬਿਜਲੀ ਦਾ ਕੋਈ ਕਰਾਈਸਿਸ ਨਹੀਂ ਹੈ ਜਦ ਕਿ ਦੂਜੀਆਂ ਸਟੇਟਸ ਦੇ ਵਿੱਚ ਬਿਜਲੀ ਦੇ ਕਰਾਈ-ਸਿਜ਼ ਚਲ ਰਹੇ ਹਨ। ਇਸ ਗੱਲ ਦੀ ਸਾਨੂੰ ਖੁਸ਼ੀ ਹੋਣੀ ਚਾਹੀਦੀ ਹੈ। ਇਹ ਸਰਦਾਰ ਬੇਅੰਤ ਸਿੰਘ ਜੀ ਦੀ ਰਹਿਨੁਮਾਈ ਕਰਕੇ ਅਸੀਂ ਬਿਜਲੀ ਦੇ ਖੇਤਰ ਵਿਚ, ਪ੍ਰੋਡੈਕਸ਼ਨ ਵਿਚ ਇਨਕਰੀਜ਼ ਕੀਤੀ ਹੈ ਅਤੇ ਬਿਜਲੀ ਦੀ ਥੁੜ੍ਹ ਨੂੰ ਦੂਰ ਕੀਤਾ ਹੈ। ਸਾਡਾ ਬਿਜਲੀ ਬੋਰਡ ਚਲ ਰਿਹਾ ਹੈ ਅਤੇ ਇਹ ਬੜਾ ਹੀ ਸਟੇਬਲ ਹੈ। ਮੈਂ ਇਸ ਦੇ ਬਾਰੇ ਡੀਟੇਲਜ਼ ਵਿਚ ਦੱਸਣਾ ਚਾਹੁੰਦਾ ਹਾਂ।

(ਇਸ ਸਮੇਂ ਸ੍ਰੀ ਵਿਜੇ ਕੁਮਾਰ ਸਾਥੀ ਅਤੇ ਕਾਮਰੇਡ ਤਰਸੇਮ ਜੋਧਾਂ, ਬਿਜਲੀ ਬੋਰਡ ਉਤੇ ਬੋਲਣਾ ਚਾਹੁੰਦੇ ਸਨ ਅਤੇ ਟਾਈਮ ਦੀ ਮੰਗ ਕਰ ਰਹੇ ਸਨ। ਉਹ ਵਾਰ-ਵਾਰ ਟਾਈਮ ਦੀ ਮੰਗ ਕਰ ਰਹੇ ਸਨ ਅਤੇ ਕਹਿ ਰਹੇ ਸਨ ਕਿ ਤੁਸੀਂ ਸਾਡੇ ਨਾਲ ਵਾਇਦਾ ਵੀ ਕੀਤਾ ਸੀ ਕਿ ਟਾਈਮ ਦੇਵਾਂਗੇ। )

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਮੈਂਬਰ ਸਾਹਿਬਾਨ ਅਨਰੂਲੀ ਨਾ ਹੋਣ। ਇਸ ਉਤੇ ਪਹਿਲੇ ਕਾਫੀ ਬਹਿਸ ਹੋ ਚੁੱਕੀ ਹੈ ਔਰ ਇਹ ਜਿਹੜੀ ਰਿਪੋਰਟ ਰੱਖੀ ਗਈ ਹੈ, ਇਸ ਉਤੇ ਕਾਫੀ ਕੁਝ ਮੈਂਬਰ ਸਾਹਿਬਾਨ ਪਹਿਲੇ ਕਹਿ ਚੁੱਕੇ ਹਨ। ਇਹ ਸੈਸ਼ਨ ਕਾਫੀ ਲੰਬਾ ਚਲਿਆ ਆ ਰਿਹਾ ਹੈ ਅਤੇ ਕੁੱਰਪਸ਼ਨ ਬਾਰੇ ਵੀ ਕਾਫੀ ਕੁਝ ਕਿਹਾ ਗਿਆ ਹੈ ਅਤੇ ਬਿਜਲੀ ਬੋਰਡ ਉਤੇ ਵੀ ਕਾਫੀ ਡਿਸ਼ਕਸਨ ਹੋਈ ਹੈ ਔਰ ਇਥੇ ਇਕ ਕਰੋੜ ਰੁਪਏ ਦੀ ਵੀ ਕਾਫੀ ਰੇਪੀਟੀਸ਼ਨ ਕੀਤੀ ਗਈ ਹੈ। ਇਹ ਪੈਸਾ ਐਸ.ਵਾਈ.ਐਲ. ਲਈ ਰੱਖਿਆ ਗਿਆ ਹੈ ਕਿਉਂਕਿ ਪਿਛਲੇ ਹੜ੍ਹਾਂ ਦੇ ਕਾਰਨ ਸਾਡੇ ਕਈ ਬੈਂਕਸ ਟੁੱਟ ਗਏ ਔਰ ਸਾਡੇ ਕਈ ਪੁੱਲ ਟੁੱਟ ਗਏ ਸਨ ਜਿਨ੍ਹਾਂ ਨਾਲ ਉਥੇ ਸਾਡਾ ਕਾਫੀ ਨੁਕਸਾਨ ਹੋਇਆ। ਉਨ੍ਹਾਂ ਨੂੰ ਠੀਕ ਕਰਨ ਲਈ ਇਹ ਪੈਸੇ ਦਾ ਪ੍ਰਬੰਧ ਕੀਤਾ ਹੈ। ਉਥੇ ਸਾਈਫਨ ਲੱਗਾ ਹੈ, ਪੁਲ ਬਣਾ ਕੇ ਇਹ ਕੰਮ ਕਰਨਾ ਹੈ। ਇਹ ਹਾਊਸ ਦਾ ਵਕਤ ਜ਼ਾਇਆ ਕਰ ਰਹੇ ਹਨ। ਅਜ ਆਪਿਧੀ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਦਿਨ ਹੈ, ਸਾਡੇ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਦਾ ਜਵਾਬ ਇਹ ਧਿਆਨ ਨਾਲ ਸੁਣ ਲੈਣ। (ਇਸ ਸਮੇਂ ਸ੍ਰੀ ਵਿਜੈ ਕੁਮਾਰ ਸਾਥੀ ਅਤੇ ਕਾਮਰੇਡ ਤਰਸੇਮ ਜੋਧਾਂ ਫਿਰ ਟਾਈਮ ਦੀ ਮੰਗ ਕਰ ਰਹੇ ਸਨ ਅਤੇ ਕਹਿ ਰਹੇ ਸਨ, ਸਪੀਕਰ ਸਾਹਿਬ, ਤੁਸੀਂ ਹਾਊਸ ਦਾ ਸਮਾਂ ਐਕਸਟੈਂਡ ਕਰ ਲਵੋ।)

**Mr. Speaker**: Please resume your seat. Sathi Ji, please resume your seat. Jodhan Ji, please resume your seat.

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਬਿਜਲੀ ਬੋਰਡ ਟੈਕਨੀਕਲੀ ਸਾਰੇ ਬਿਜਲੀ ਬੋਰਡਾਂ ਨਾਲੋਂ ਅਗੇ ਹੈ। ਸਾਡੀ ਬਿਜਲੀ ਦੀ ਪ੍ਰੋਡਕਸ਼ਨ ਜ਼ਿਆਦਾ ਹੈ। (ਵਿਘਨ) ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਸਾਡੀ ਗੱਲ ਸੁਣਨੀ ਚਾਹੀਦੀ ਹੈ।

**ਸ੍ਰੀ ਵਿਜੈ ਕੁਮਾਰ ਸਾਥੀ** : ਸਪੀਕਰ ਸਾਹਿਬ, ਤੁਸੀਂ ਸਾਡੇ ਨਾਲ ਵਾਇਦਾ ਕੀਤਾ ਸੀ ਕਿ ਤੁਸੀਂ ਸਾਨੂੰ ਇਸ ਰਿਪੋਰਟ ਉਤੇ ਬੋਲਣ ਲਈ ਸਮਾਂ ਦੇਵੋਗੇ। ਹੁਣ ਤੁਸੀਂ ਸਾਨੂੰ ਟਾਈਮ ਨਾ ਦੇ ਕੇ ਮੁੱਕਰ ਰਹੇ ਹੋ। ਤੁਸੀਂ ਹਾਊਸ ਦਾ ਸਮਾਂ ਥੋੜ੍ਹਾ ਜਿਹਾ ਸਾਨੂੰ ਦੇ ਦਿਉ, ਆਪਣਾ ਵਾਇਦਾ ਪੂਰਾ ਕਰ ਦਿਉ।

**Mr. Speaker**: O. K. You please resume your seat.

**ਮੁੱਖ ਸੰਸਦੀ ਸਕੱਤਰ** : ਸਪੀਕਰ ਸਾਹਿਬ, ਇਥੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਬਿਜਲੀ ਬੋਰਡ ਦੇ ਬਾਰੇ ਆਪਣੇ ਆਪਣੇ ਵਿਚਾਰ ਰਖੇ ਹਨ ਪਰ ਇਹ ਹੁਣ ਇਹ ਗੱਲ ਭੁੱਲ ਗਏ ਹਨ ਪੰਜਾਬ ਬਿਜਲੀ ਬੋਰਡ ਨੇ ਆਪਣੀ ਪਰੋਡਕਸ਼ਨ ਨੂੰ ਬਰਕਰਾਰ ਰਖਿਆ ਹੈ ਅਤੇ ਸਟੇਬਲ ਰਖਿਆ ਹੈ।

**ਸ੍ਰੀਮਤੀ ਵਿਮਲਾ ਡਾਂਗ** : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਡਿਸਕਸ਼ਨ ਹੋ ਰਹੀ ਹੈ, ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਇਹ ਫੈਸਲਾ ਹੋਇਆ ਸੀ ਕਿ ਡਿਸਕਸ਼ਨ ਉਤੇ ਮੈਂਬਰਜ਼ ਨੂੰ ਟਾਈਮ ਦਿੱਤਾ ਜਾਵੇਗਾ। ਇਹ ਇਕ ਡੈਮੋਕਰੇਟਿਕ ਪ੍ਰੋਸੀਜ਼ਰ ਹੈ। ਇਥੇ ਮੈਂਬਰਜ਼ ਟਾਈਮ ਦੀ ਡੀਮਾਂਡ ਕਰ ਰਹੇ ਹਨ ਪਰ ਤੁਸੀਂ ਉਨ੍ਹਾਂ ਨੂੰ ਟਾਈਮ ਨਹੀਂ ਦੇ ਰਹੇ ਅਤੇ ਉਨ੍ਹਾਂ ਦੀ ਗੱਲ ਨੂੰ ਇਗਨੋਰ ਕਰ ਰਹੇ ਹੋ। ਤੁਸੀਂ ਹਾਊਸ ਦਾ ਟਾਈਮ ਹੋਰ ਐਕਸਟੈਂਡ ਕਰ ਲਓ।

---

## EXTENSION OF TIME OF THE SITTING

**Mr. Speaker** : Let him complete. I will give them two minutes each. You can, too speak. There is a discussion only.

ਹਾਂ ਜੀ, ਜੇ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ 10 ਮਿੰਟਾਂ ਲਈ ਵਧਾ ਦਿਤਾ ਜਾਵੇ।

**ਆਵਾਜ਼ਾਂ** : ਹਾਂ ਜੀ।

**ਸ੍ਰੀ ਸਪੀਕਰ** : ਹਾਊਸ ਦਾ ਸਮਾਂ 10 ਮਿੰਟ ਲਈ ਐਕਸਟੈਂਡ ਕੀਤਾ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

# DISCUSSION ON THE 9TH ANNUAL REPORT OF THE PUNJAB KHADI AND VILLAGE INDUSTRIES BOARD FOR THE YEAR, 1991-92 AND THE ANNUAL FINANCIAL STATEMENT OF THE PUNJAB STATE ELECTRICITY BOARD FOR THE YEAR 1994-95 (*Resumption*)

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਬਿਜਲੀ ਦੇ ਖੇਤਰ ਵਿਚ ਸਰਕਾਰ ਨੇ ਬੜੀ ਲੀਡ ਕੀਤੀ ਹੈ। ਸਰ, ਰਣਜੀਤ ਸਾਗਰ ਡੈਮ ਦਾ ਮਸਲਾ ਬੜੀ ਦੇਰ ਤੋਂ ਲਟਕਦਾ ਚਲਿਆ ਆ ਰਿਹਾ ਸੀ। ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ, ਜੀ ਦੀ ਅਗਵਾਈ ਥੱਲੇ ਪਾਣੀ ਸੁਰੰਗਾਂ ਵਿੱਚ ਸੁਟ ਕੇ ਰਾਵੀ ਦਰਿਆ ਦਾ ਰੁੱਖ ਮੋੜਿਆ ਹੈ। ਇਸ ਡੈਮ ਦੀ ਲਾਗਤ ਪਹਿਲਾਂ ਬਹੁਤ ਥੋੜ੍ਹੀ ਸੀ, ਉਹ ਲਾਗਤ ਹੁਣ ਵੱਧ ਕੇ ਤਕਰੀਬਨ 2000 ਕਰੋੜ ਰੁਪਿਆ ਹੋ ਗਈ ਹੈ ਅਤੇ ਇਸੇ ਫਾਈਨੈਂਸ਼ਲ ਈਅਰ ਵਿਚ 175 ਕਰੋੜ ਰੁਪਿਆ ਇਸ ਕੰਮ ਵਾਸਤੇ ਰਖਿਆ ਹੈ। (ਥੰਪਿੰਗ) ਇਹ ਬੜੀ ਹੀ ਖੁਸ਼ੀ ਦੀ ਗੱਲ ਹੈ ਕਿ ਇਸ ਰਣਜੀਤ ਸਾਗਰ ਡੈਮ ਨਾਲ 600 ਮੈਗਾਵਾਟ ਬਿਜਲੀ ਪੈਦਾ ਹੋਣੀ ਹੈ। ਇਹ ਡੈਮ ਪੰਜਾਬ ਵਿਚ ਬਿਜਲੀ ਦੀ ਜ਼ਰੂਰਤ ਨੂੰ ਪੂਰਾ ਕਰੇਗਾ। ਇਸ ਦੇ ਨਾਲ ਹੀ ਇਕ ਹੋਰ ਪ੍ਰਾਜੈਕਟ ਹੈ ਜਿਸ ਤੋਂ 168 ਮੈਗਾਵਾਟ ਬਿਜਲੀ ਪੈਦਾ ਹੋਣੀ ਹੈ। ਪਿਛਲੇ ਸਾਲ 1993-94 ਵਿਚ 15 ਕਰੋੜ ਰੁਪਿਆ ਰਖਿਆ ਗਿਆ ਸੀ ਪਰ ਇਸ ਸਾਲ 50 ਕਰੋੜ ਰੁਪਿਆ ਰੱਖਿਆ ਗਿਆ ਹੈ। (ਥੰਪਿੰਗ) ਸਪੀਕਰ ਸਾਹਿਬ, ਐਸ.ਵਾਈ.ਐਲ ਜਿਹੜੀ ਕੈਨਾਲ ਹੈ, ਬ੍ਰੀਚਿਜ਼ ਅਤੇ ਸਾਈਫਨ ਵਾਸਤੇ 1 ਕਰੋੜ ਰੁਪਿਆ ਰਖਿਆ ਗਿਆ ਹੈ। ਇਸ ਅਮਾਊਂਟ ਨਾਲ ਬ੍ਰੀਚਿਜ਼ ਜੋ ਹੁੰਦੇ ਹਨ, ਉਹ ਠੀਕ ਕਰਨੇ ਹਨ ਅਤੇ ਸਾਈਫਨ ਬਣਾਉਣੇ ਹਨ। (ਕਾਮਰੇਡ ਹਰਦੇਵ ਅਰਸ਼ੀ ਜੀ ਵਲੋਂ ਵਿਘਨ)

ਸਪੀਕਰ ਸਾਹਿਬ, ਮੈਨੂੰ ਇਹ ਗੱਲ ਦੱਸਣ ਵਿਚ ਖੁਸ਼ੀ ਹੁੰਦੀ ਹੈ ਕਿ ਇਸ ਰਿਪੋਰਟ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਥਰਮਲ ਪਲਾਂਟ ਰੋਪੜ ਦਾ ਹੈ। ਇਸ ਥਰਮਲ ਪਲਾਂਟ ਵਾਸਤੇ ਵੀ ਪੈਸਾ ਰਖਿਆ ਗਿਆ ਹੈ। ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਰੋਪੜ ਵਿਖੇ ਜੋ ਪਲਾਂਟ ਲੱਗਿਆ ਹੋਇਆ ਹੈ, ਉਸ ਵਿਚ ਨਵੇਂ ਯੂਨਿਟ ਦਾ ਉਦਘਾਟਨ ਕੀਤਾ ਹੈ ਜਿਸ ਤੋਂ 210 ਮੈਗਾਵਾਟ ਬਿਜਲੀ ਹੋਰ ਆਏਗੀ। ਇਸ ਦੇ ਨਾਲ ਹੀ ਸੁਪਰ ਪਲਾਂਟ ਸ਼ੁਰੂ ਕੀਤੇ ਗਏ ਹਨ। ਇਹ ਸੁਪਰ ਪਲਾਂਟ ਸਾਰੇ ਹਿੰਦੁਸਤਾਨ ਵਿਚ ਬਣਾਏ ਗਏ ਹਨ। ਸਪੀਕਰ ਸਾਹਿਬ, ਬਠਿੰਡਾ ਅਤੇ ਰੋਪੜ ਦੇ ਪਲਾਂਟਾਂ ਨੂੰ ਤਿੰਨ ਚਾਰ ਦਫਾ ਅਵਾਰਡ ਵੀ ਮਿਲ ਚੁਕਿਆ ਹੈ ਕਿਉਂਕਿ ਫਿਊਲ ਦੀ ਕਨਜ਼ੰਮਸ਼ਨ ਬਹੁਤ ਘੱਟ ਕੀਤੀ ਗਈ ਹੈ। (ਥੰਪਿੰਗ) ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਨੇ ਹੁਣ ਦੋ ਸਾਲ ਪੂਰੇ ਕੀਤੇ ਹਨ ਅਤੇ ਤੀਸਰੇ ਸਾਲ ਵਿਚ ਐਂਟਰ ਕੀਤਾ ਹੈ। ਬਠਿੰਡਾ ਥਰਮਲ ਪਲਾਂਟ ਦੀ ਐਕਸਟੈਨਸ਼ਨ ਦੀ ਨੀਂਹ ਵੀ ਸਰਦਾਰ ਬੇਅੰਤ ਸਿੰਘ ਮੁੱਖ ਮੰਤਰੀ ਜੀ ਨੇ ਰਖੀ ਜਿਸ ਨਾਲ 210 ਮੈਗਾਵਾਟ ਬਿਜਲੀ ਮਿਲੇਗੀ।

Original with;
Punjab Vidhan Sabha
Digitized by;
Panjab Digital Library

[ ਮੁੱਖ ਸੰਸਦੀ ਸਕੱਤਰ ]

ਸਪੀਕਰ ਸਾਹਿਬ, ਦੋ ਯੂਨਿਟ ਜਿਨ੍ਹਾਂ ਦੀ ਲਾਗਤ 1142 ਕਰੋੜ ਰੁਪਏ ਹੋਣੀ ਹੈ, ਮੈਨੂੰ ਹਾਊਸ ਨੂੰ ਦੱਸਣ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਪੰਜਾਬ ਵਿਚ ਬਿਜਲੀ ਦੀ ਸਪਲਾਈ ਨੂੰ ਸਟੇਬਲ ਕਰਨ ਵਾਸਤੇ 132 ਸਬ-ਸਟੇਸ਼ਨ 66 ਕੇ.ਵੀ. ਦੇ ਵੀ ਲਗਣੇ ਹਨ। ਕਾਮਰੇਡ ਹਰਦੇਵ ਅਰਸ਼ੀ ਜੀ ਨੇ ਕਿਹਾ ਸੀ ਕਿ 66 ਕੇ.ਵੀ ਸਬ-ਸਟੇਸ਼ਨ ਲਗਾਇਆ ਜਾਵੇ। ਸਪੀਕਰ ਸਾਹਿਬ, ਇਸ ਦੇ ਲਈ 60 ਕਰੋੜ ਰੁਪਿਆ ਰਖਿਆ ਹੈ। ਸਰਦਾਰ ਬੇਅੰਤ ਸਿੰਘ ਜੀ ਉਸ ਦੇ ਲਈ ਕੋਸ਼ਿਸ਼ ਕਰ ਰਹੇ ਹਨ ਜੋ ਅਰਸ਼ੀ ਜੀ ਨੇ ਬੇਨਤੀ ਕੀਤੀ ਸੀ ਕਿ ਜਿਆਦਾ ਤੋਂ ਜ਼ਿਆਦਾ ਸਬ-ਸਟੇਸ਼ਨ ਖੋਲ੍ਹੇ ਜਾਣ ਤਾਂਕਿ ਬਿਜਲੀ ਦੀ ਸਪਲਾਈ ਸਟੇਬਲ ਕੀਤੀ ਜਾਏ।

ਸਪੀਕਰ ਸਾਹਿਬ, ਟੈਰਿਫ ਦੀ ਗੱਲ ਵੀ ਅਰਸ਼ੀ ਸਾਹਿਬ ਨੇ ਕੀਤੀ ਹੈ। ਟੈਰਿਫ ਵਧਾਉਣ ਵਾਲੀ ਜੋ ਗੱਲ ਸੀ, ਉਸ ਬਾਰੇ ਹਿੰਦੁਸਤਾਨ ਦੇ ਪਾਵਰ ਮਨਿਸਟਰ ਸਾਹਿਬ ਨੇ ਦਿੱਲੀ ਵਿਖੇ ਮੀਟਿੰਗ ਕੀਤੀ ਸੀ ਅਤੇ ਉਸ ਮੀਟਿੰਗ ਵਿਚ ਫੈਸਲਾ ਹੋਇਆ ਸੀ ਕਿ ਟੈਰਿਫ ਵਧਾਉਣਾ ਹੈ ਪਰ ਸਰਦਾਰ ਬੇਅੰਤ ਸਿੰਘ, ਮੁੱਖ ਮੰਤਰੀ, ਜੀ ਨੇ ਟੈਰਿਫ ਨਹੀਂ ਵਧਾਏ।

ਸਪੀਕਰ ਸਾਹਿਬ, ਬਿਜਲੀ ਦੀ ਪਰੋਡਕਸ਼ਨ ਤੇ ਖਰਚਾ 1 ਰੁਪਿਆ 40 ਪੈਸੇ ਪਰ ਯੂਨਿਟ ਆਉਂਦਾ ਹੈ। ਪਰ ਅਸੀਂ ਕਿਸਾਨਾਂ ਨੂੰ 24 ਪੈਸੇ ਪਰ ਯੂਨਿਟ ਦਿੰਦੇ ਹਾਂ, ਸਪੀਕਰ ਸਾਹਿਬ, ਫਾਰਮਰਜ਼ ਨੂੰ ਸਬਸਿਡੀ ਦਿੰਦੇ ਹਾਂ। ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਫਾਰਮਰੋਜ਼ ਨੂੰ ਅਪਲਿਫਟ ਕਰਨ ਵਾਸਤੇ ਯਤਨਸ਼ੀਲ ਰਹੀ ਹੈ ਔਰ ਯਤਨਸ਼ੀਲ ਰਹੇਗੀ। ਜਿਥੇ 64 ਕਰੋੜ ਰੁਪਿਆ ਬਿਜਲੀ ਬੋਰਡ ਦਾ ਰੈਵੇਨਿਊ ਵਧਿਆ ਹੈ, ਮੈਨੂੰ ਦਸਦਿਆਂ ਖੁਸ਼ੀ ਹੁੰਦੀ ਹੈ ..

**ਸ੍ਰੀ ਸਪੀਕਰ :** ਵਾਈਂਡ ਅੱਪ ਕਰੋ ਜੀ।

**ਮੁੱਖ ਸੰਸਦੀ ਸਕੱਤਰ :** ਫਾਰਮਰਜ਼ ਦੀ ਪਰੋਕਿਓਰਮੈਂਟ ਪ੍ਰਾਈਸ ਸਰਕਾਰ ਨੇ ਵਧਾਈ ਹੈ ਜਿਸ ਕਰਕੇ 2260 ਕਰੋੜ ਰੁਪਿਆ ਕਿਸਾਨਾਂ ਦੇ ਘਰਾਂ ਵਿੱਚ ਗਿਆ ਹੈ। ਇਸੇ ਤਰ੍ਹਾਂ ਗੰਨੇ ਦੀ ਫਸਲ ਦਾ ਰੇਟ ਵਧਾਇਆ ਹੈ ਜਿਸ ਕਰਕੇ 54 ਕਰੋੜ ਰੁਪਿਆ ਜਾਣਾ ਹੈ। ਇਸੇ ਤਰੀਕੇ ਨਾਲ ਜਿਹੜੇ ਬਿਜਲੀ ਦੇ ਟਰਾਂਸਮਿਸ਼ਨ ਲਾਸਿਜ਼ ਹੁੰਦੇ ਹਨ ਜਾਂ ਦੂਸਰੇ ਵੀ ਲਾਸਿਜ਼ ਹੁੰਦੇ ਹਨ, ਅਸੀਂ ਫੈਸਲਾ ਕੀਤਾ ਹੈ ਕਿ ਟਾਸਕ ਫੋਰਸ ਰਾਹੀਂ ਜ਼ਿਆਦਾ ਤੋਂ ਜ਼ਿਆਦਾ ਚੈਕਿੰਗ ਕਰਕੇ ਅਤੇ ਹੋਰ ਮਈਯਰਜ਼ ਅਡਾਪਟ ਕਰਕੇ ਇਹ ਇਰਰੈਗੂਲੈਰਿਟੀਜ਼ ਦੂਰ ਕਰਨੀਆਂ ਹਨ।

**ਸ੍ਰੀ ਸਪੀਕਰ :** ਵਾਈਂਡ ਅੱਪ ਕਰੋ ਜੀ।

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਅਸੀਂ 35541 ਚੋਰੀ ਦੇ ਕੇਸਿਜ਼ ਜਿਥੇ ਬਿਜਲੀ ਦੀ ਚੋਰੀ ਹੁੰਦੀ ਸੀ, ਫੜੇ ਹਨ ਜਿਸ ਕਾਰਨ 21 ਕਰੋੜ ਰੁਪਿਆ ਬਿਜਲੀ ਬੋਰਡ ਨੂੰ ਰੈਵੇਨਿਊ ਦਾ ਆਇਆ ਹੈ।

Original with;
Punjab Vidhan Sabha
Digitized by;
Panjab Digital Library

ਟਰਾਂਸਫਾਰਮਰਜ਼ ਦੀ ਗੱਲ ਵੀ ਅਰਸ਼ੀ ਸਾਹਿਬ ਨੇ ਕੀਤੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਟੇਰਾਂਸਫਰਮਰ ਖਰੀਦਣ ਨਾਲੋਂ ਉਨ੍ਹਾਂ ਦੀ ਰਿਪੇਅਰ ਸਾਨੂੰ ਸਸਤੀ ਪੈਂਦੀ ਹੈ। ਅਸੀਂ ਰਿਪੇਅਰ ਦਾ ਕੰਮ ਸ਼ੁਰੂ ਕੀਤਾ ਹੈ ਤਾਂ ਕਿ ਪੈਸਾ ਬਚਾ ਸਕੀਏ। ਇਸ ਦੇ ਨਾਲ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਅੱਗੇ ਵੀ ਜਿਵੇਂ ਸਵਾਲ ਆਇਆ ਸੀ ਅਤੇ ਸੀ.ਐਮ.ਸਾਹਿਬ ਨੇ ਜਵਾਬ ਦਿੱਤਾ ਸੀ ਕਿ ਜਦੋਂ ਟਰਾਂਸਫਾਰਮਰ ਖਰੀਦਣ ਲਈ ਟੈਂਡਰ ਦਿੱਤੇ ਜਾਂਦੇ ਹਨ, ਉਹ ਨੈਸ਼ਨਲ ਨਿਊਜ਼-ਪੇਪਰਜ਼ ਵਿਚ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਟੈਂਡਰਜ਼ ਦੇ ਮੁਤਾਬਿਕ ਹੀ ਖਰੀਦ ਕੀਤੀ ਜਾਂਦੀ ਹੈ।

**ਸ੍ਰੀ ਸਪੀਕਰ :** ਵਾਈਂਡ ਅੱਪ ਕਰੋ ਜੀ।

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਮੈਂ ਅੰਤ ਵਿਚ ਕਹਿਣਾ ਚਾਹੁੰਦਾ ਹਾਂ ਅਤੇ ਮੈਂਬਰ ਸਾਹਿਬਾਨ ਨੂੰ ਵੀ ਦੱਸਣਾ ਚਾਹੁੰਦਾ ਹਾਂ ਕਿ ਉਹ ਜਿਹੜੇ ਵੀ ਕੋਈ ਇਰਰੈਗੂਲੇਰਿਟੀਜ਼ ਦੇ ਕੇਸਜ਼ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦੀ ਜਾਣਕਾਰੀ ਵਿਚ ਲਿਆਉਣਗੇ, ਸਰਦਾਰ ਬੇਅੰਤ ਸਿੰਘ ਦੀ ਸਰਕਾਰ ਜਿਹੜਾ ਵੀ ਕੋਈ ਘਪਲਾ ਹੋਵੇਗਾ, ਉਸਨੂੰ ਮੁਆਫ ਨਹੀਂ ਕਰੇਗੀ। ਇਹ ਪਰੂਫ ਲਿਆ ਕੇ ਦੇਣ, ਅਸੀਂ ਕਾਰਵਾਈ ਕਰਾਂਗੇ।

**ਸ੍ਰੀ ਸਪੀਕਰ :** ਵਾਈਂਡ ਅੱਪ ਕਰੋ ਜੀ।

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਮੈਂ ਕੁਝ ਲਫਜ਼ ਖਾਦੀ ਬੋਰਡ ਦੀ ਰਿਪੋਰਟ ਬਾਰੇ ਵੀ ਕਹਿਣਾ ਚਾਹਵਾਂਗਾ।

---

## EXTENSION OF TIME OF THE SITTING

**ਸ੍ਰੀ ਸਪੀਕਰ :** ਜੇ ਹਾਊਸ ਦੀ ਸਹਿਮਤੀ ਹੋਵੇ ਤਾਂ ਹਾਊਸ ਦਾ ਸਮਾਂ 10 ਮਿੰਟ ਲਈ ਹੋਰ ਵੱਧਾ ਦਿੱਤਾ ਜਾਵੇ ?

**ਆਵਾਜ਼ਾਂ :** ਹਾਂ ਜੀ, ਹਾਂ ਜੀ।

**ਸ੍ਰੀ ਸਪੀਕਰ :** ਹਾਊਸ ਦਾ ਸਮਾਂ 10 ਮਿੰਟ ਲਈ ਹੋਰ ਵਧਾਇਆ ਜਾਂਦਾ ਹੈ।

---

## DISCUSSION ON THE 9TH ANNUAL REPORT OF THE PUNJAB KHADI AND VILLAGE INDUSTRIES BOARD FOR THE YEAR 1991-92 AND THE ANNUAL FINNACIAL STATEMENT OF THE PUNJAB STATE ELECTRICITY BOARD FOR THE YEAR 1994-95

*(Resumption)*

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਖਾਦੀ ਬੋਰਡ ਐਕਟ 1955 ਵਿਚ ਬਣਿਆ ਅਤੇ 1957 ਵਿਚ ਪੰਜਾਬ ਵਿਚ ਖਾਦੀ ਬੋਰਡ ਕਾਂਸਟੀਚਿਊਟ ਹੋਇਆ ਜਿਸ ਦੇ ਵਿਚ 26 ਇੰਡਸਟਰੀਜ਼ ਨੂੰ

Original with;
Punjab Vidhan Sabha
Digitized by;
Panjab Digital Library

[ ਮੁੱਖ ਸੰਸਦੀ ਸਕੱਤਰ ]

ਐਡ ਕੀਤਾ ਗਿਆ। ਔਰ ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਉਨ੍ਹਾਂ ਵਿਚ ਹੋਰ ਇੰਡਸਟਰੀਜ਼ ਉਸ ਦੇ ਘੇਰੇ ਵਿਚ ਲਿਜਾਈਆਂ ਜਾਣ ਜਿਵੇਂ ਐਗਰੋ ਬੇਸਡ, ਮਿਨਰਲ ਬੇਸਡ, ਟੈਕਸਟਾਈਲ, ਕੈਮੀਕਲ, ਫਾਰੇਸਟ ਅਤੇ ਇੰਜੀਨੀਰਿੰਗ ਬੇਸਡ, ਉਹ ਅਸੀਂ ਇਸ ਵਿਚ ਲਿਆ ਰਹੇ ਹਾਂ। 4 ਪ੍ਰਤੀਸ਼ਤ ਤੇ ਇਹ ਜੋ ਲੋਨ ਦਿੱਤੇ ਜਾਂਦੇ ਹਨ ਖਾਦੀ ਬੋਰਡ ਦੇ ਸਪੈਸ਼ਲ ਪ੍ਰੋਗਰਾਮ ਰਾਹੀਂ, ਬਾਰਡਰ ਦਾ ਜੋ ਏਰੀਆ ਹੈ ਅੰਮ੍ਰਿਤਸਰ ਅਤੇ ਫਿਰੋਜ਼ਪੁਰ ਦਾ, ਉਸ ਵਿਚ ਜ਼ਿਆਦਾ ਕੰਮ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਜਿਹੜੇ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਦੇ ਸਾਥੀ ਹਨ, ਉਨ੍ਹਾਂ ਦੀਆਂ ਜੋ ਬੈਨੀਫਿਸ਼ਰੀ ਸਕੀਮਾਂ ਹਨ, ਉਨ੍ਹਾਂ ਨੂੰ ਵੀ ਅੱਗੇ ਨਾਲੋਂ ਵਧਾਇਆ ਹੈ। ਇਹ 12507 ਤੋਂ 12665 ਕੀਤੀਆਂ ਹਨ ਅਤੇ ਉਸ ਤੇ ਸੇਲਜ਼ ਟੈਕਸ ਵੀ ਐਗਜ਼ੈਂਪਟ ਕੀਤਾ ਹੈ ਜੋ ਕਿ 2291.36 ਲੱਖ ਰੁਪਏ ਹੈ। ਇਸ ਦੀ ਰਿਕਵਰੀ 585.96 ਲੱਖ ਰੁਪਏ ਹੈ, ਖਾਦੀ ਤੇ ਰਿਬੇਟ 5 ਲੱਖ ਰੁਪਏ ਦੀ ਕੀਤੀ ਗਈ ਹੈ। ਮੇਰੇ ਮਾਨਯੋਗ ਸਾਥੀਆਂ ਨੇ ਆਪਣੇ ਆਪ ਹੀ ਕਹਿੰਦੇ ਹੋਏ ਮੁੱਖ ਮੰਤਰੀ ਸਾਹਿਬ ਦੀ ਪ੍ਰਸ਼ੰਸਾ ਕੀਤੀ ਹੈ ਕਿ ਇਨ੍ਹਾਂ ਨੇ ਬੜੇ ਅੱਛੇ ਸਟੈਪਸ ਲਏ ਹਨ ਇਸ ਦੀ ਬੇਹਤਰੀ ਵਾਸਤੇ ਅਤੇ ਇਸ ਦੀ ਫੰਕਸ਼ਨਿੰਗ ਵਿਚ ਜਿਹੜੀਆਂ ਇਰਰੈਗੂਲੈਰਿਟੀਜ਼ ਕੋਈ ਹਨ, ਉਨ੍ਹਾਂ ਨੂੰ ਦੂਰ ਕਰਨ ਵਸਤੇ। ਮੈਂ ਅੱਜ ਤੁਹਾਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਜੋ ਹੈ, ਕਿਉਂਕਿ ਖਾਦੀ ਬੋਰਡ ਜੋ ਹੈ, ਉਹ ਬੜਾ ਅਹਿਮ ਬੋਰਡ ਹੈ ਅਤੇ ਹਮੇਸ਼ਾ ਹੀ ਬੜੇ ਬੜੇ ਸਟਾਲਵਰਟਸ ਇਸ ਦੇ ਚੇਅਰਮੈਨ ਰਹੇ ਹਨ, ਗੋਪੀਚੰਦ ਜੀ ਵਰਗੇ ਇਸ ਦੇ ਚੇਅਰਮੈਨ ਰਹੇ ਹਨ, ਉਸ ਬੋਰਡ ਸਬੰਧੀ ਜਿਹੜੇ ਵੀ ਖਦਸੇ ਹਨ, ਸਰਦਾਰ ਬੇਅੰਤ ਸਿੰਘ ਜੀ ਆਲਰੇਡੀ ਵਾਰ ਵਾਰ ਏਥੇ ਹਾਊਸ ਵਿਚ ਕਹਿੰਦੇ ਰਹੇ ਹਨ ਔਰ ਤੁਹਾਨੂੰ ਵੀ ਕਹਿੰਦੇ ਰਹੇ ਹਨ ਕਿ ਕੋਈ ਠੋਸ ਸਬੂਤ ਹਨ, ਉਨ੍ਹਾਂ ਨੂੰ ਲਿਆ ਕੇ ਦਿਉ, ਐਫੀਡੇਵਿਟ ਲਿਆ ਕੇ ਦਿਓ, ਕਿਸੇ ਨੂੰ ਵੀ ਉਸ ਤੋਂ ਮੁਆਫ ਨਹੀਂ ਕੀਤਾ ਜਾਵੇਗਾ। ਜੇ ਹਵਾ ਵਿਚ ਹੀ ਗੱਲਾਂ ਕਰਨੀਆਂ ਹਨ, ਜਸਟ ਫਾਰ ਦੀ ਸੇਕ ਆਫ ਆਪੋਜ਼ੀਸ਼ਨ ਤਾਂ ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ) :** ਸਪੀਕਰ ਸਾਹਿਬ, ਅਰਸ਼ੀ ਸਾਹਿਬ ਨੇ ਪੂਰੇ ਅੰਕੜਿਆਂ ਦੇ ਨਾਲ ਹੁਣੇ ਇਥੇ ਸਾਰੀ ਗੱਲ ਕੀਤੀ ਹੈ। ਇਸ ਰਿਪੋਰਟ ਵਿਚ ਲਿਖਿਆ ਹੈ ਕਿ ਪੰਜਾਬ ਰਾਜ ਬਿਜਲੀ ਬੋਰਡ ਦੇ ਘਾਟੇ ਨੂੰ ਪੂਰਾ ਕਰਨ ਲਈ ਸਾਲ 1994-95 ਦੌਰਾਨ ਰਾਜ ਸਰਕਾਰ ਨੇ ਬੋਰਡ ਨੂੰ ਕੋਈ ਵਿੱਤੀ ਸਹਾਇਤਾ ਨਾ ਦੇਣ ਦਾ ਫੈਸਲਾ ਕੀਤਾ ਹੈ। ਇਹ ਘਾਟਾ ਬਿਜਲੀ ਬੋਰਡ ਬਿਜਲੀ ਦੀਆਂ ਦਰਾਂ ਵੱਧਾ ਕੇ ਜਾਂ ਕੋਈ ਹੋਰ ਉਪਾਅ ਕਰਕੇ ਦੂਰ ਕਰੇਗਾ। ਸਪੀਕਰ ਸਾਹਿਬ, ਇਹ ਘਾਟੇ ਬੋਰਡ ਦੇ ਪ੍ਰਬੰਧਕਾਂ ਦੀ ਨਾਲਾਇਕੀ, ਟ੍ਰਾਂਸਮਿਸ਼ਨ ਲਾਸਿਜ਼ ਅਤੇ ਟ੍ਰਾਂਸਫਾਰਮਾਂ ਦੀ ਰਿਪੇਅਰ ਵਿਚ ਕੀਤੀ ਗਈ ਘਪਲੇਬਾਜ਼ੀ ਕਰਕੇ ਹੁੰਦੇ ਹਨ। ਇਹ ਘਾਟੇ ਬਿਜਲੀ ਬੋਰਡ ਦੇ ਮਾੜੇ ਪ੍ਰਬੰਧ ਕਰਕੇ ਪਏ ਹਨ ਲੇਕਿਨ ਭੁਗਤਣੇ ਪੈ ਰਹੇ ਹਨ ਸਾਰੇ ਪੰਜਾਬ ਨੂੰ। ਪ੍ਰਬੰਧਕਾਂ ਨੂੰ ਸਜ਼ਾ ਦੇਣ ਦੀ ਬਜਾਏ ਸਰਕਾਰ ਨੇ ਇਹ ਕਹਿ ਕੇ ਸਾਰ ਦਿੱਤਾ ਹੈ ਕਿ ਅਸੀਂ ਬੋਰਡ ਦੀ ਹੋਰ ਸਹਾਇਤਾ ਨਹੀਂ ਕਰਨੀ। ਬਿਜਲੀ ਬੋਰਡ ਆਪਣੇ ਖਰਚੇ ਦਾ ਆਪ ਇੰਤਜ਼ਾਮ ਕਰੇ। ਮਾਨਯੋਗ ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ 24 ਪੈਸੇ ਪ੍ਰਤੀ ਯੂਨਿਟ ਦੀ ਰਿਆਇਤੀ

Original with;
Punjab Vidhan Sabha
Digitized by;
Panjab Digital Library

ਦਰ ਤੇ ਕਿਸਾਨਾਂ ਨੂੰ ਬਿਜਲੀ ਦੇ ਰਹੇ ਹਾਂ ਪਰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਬਿਜਲੀ ਉਨ੍ਹਾਂ ਨੂੰ ਫਲੈਟ ਰੇਟ ਤੇ ਦਿੱਤੀ ਜਾਂਦੀ ਹੈ ਅਤੇ ਇਹ 4—5—6 ਘੰਟੇ ਤੋਂ ਵੱਧ ਨਹੀਂ ਮਿਲਦੀ। ਅਸੀਂ ਕਿਵੇਂ ਮੰਨ ਲਈਏ ਕਿ ਇਹ ਬਿਜਲੀ ਕਿਸਾਨਾਂ ਨੂੰ ਸਸਤੀਆਂ ਦਰਾਂ ਤੇ ਦਿੱਤੀ ਜਾ ਰਹੀ ਹੈ। ਉਨ੍ਹਾਂ ਦੀ ਸਪਲਾਈ ਤੇ ਬੜੀ ਭਾਰੀ ਕੱਟ ਲਗਦੀ ਹੈ। ਇਹ ਬਿਜਲੀ ਬੋਰਡ ਦਾ ਜਿਹੜਾ ਘਾਟਾ ਪ੍ਰਬੰਧਕਾਂ ਦੀ ਨਲਾਇਕੀ ਦੇ ਕਾਰਨ ਲਗਦਾ ਹੈ, ਇਸ ਦੀ ਸਜ਼ਾ ਪੰਜਾਬ ਦੇ ਲੋਕਾਂ ਨੂੰ ਦਿੱਤੀ ਜਾ ਰਹੀ ਹੈ। ਅਸੀਂ ਕਹਿੰਦੇ ਹਾਂ ਕਿ ਬਿਜਲੀ ਦੀਆਂ ਦਰਾਂ ਵਧਾਉਣ ਦੀ ਬਜਾਏ ਅਤੇ ਇਸ ਵਿਚ ਸੁਧਾਰ ਲਿਆਉਣ ਵਾਸਤੇ ਬਿਜਲੀ ਦੀ ਹੋ ਰਹੀ ਚੋਰੀ ਨੂੰ ਫੜੋ। ਪਿੰਡਾਂ ਵਿਚ ਚੋਰੀ ਹੁੰਦੀ ਹੋਵੇਗੀ ਲੇਕਿਨ ਸ਼ਹਿਰਾਂ ਵਿਚ ਇਹ ਚੋਰੀ ਬਹੁਤ ਜ਼ਿਆਦਾ ਹੈ। ਕਾਰਖਾਨੇਦਾਰ ਇਹ ਚੋਰੀ ਬਹੁਤ ਕਰਦੇ ਹਨ। (ਇਕ ਆਵਾਜ਼: ਚੋਰੀ ਦੇ ਕਈ ਕੇਸ ਫੜੇ ਹਨ ਅਤੇ ਐਕਸ਼ਨ ਵੀ ਲਿਆ ਹੈ।) ਮੈਨੂੰ ਪਤਾ ਹੈ ਕਿ ਕਿੰਨਾ ਕੁ ਐਕਸ਼ਨ ਲਿਆ ਹੈ। ਕਿਸੇ ਐਕਸੀਅਨ ਨੂੰ ਬਦਲ ਦੇਣਾ, ਕੋਈ ਐਕਸ਼ਨ ਲੈਣ ਵਾਲੀ ਗੱਲ ਨਹੀਂ ਹੈ। ਇੰਨੇ ਨਾਲ ਗੱਲ ਨਹੀਂ ਬਣਦੀ। 3—3 ਕਰੋੜ ਰੁਪਏ ਦੀ ਚੋਰੀ ਫੜੀ ਗਈ ਹੈ ਲੇਕਿਨ ਉਹ ਸਾਰਾ ਪੈਸਾ ਖੁਰਦ ਬੁਰਦ ਹੋ ਗਿਆ ਹੈ। ਸਾਡੇ ਕੋਲ ਅਜਿਹੇ ਇਕ ਨਹੀਂ, ਸੈਂਕੜੇ ਕੇਸ ਆ ਰਹੇ ਹਨ। ਸਰਕਾਰ ਸ਼ਡਿਊਲਡ ਕਾਸਟ ਲੋਕਾਂ ਦੀ ਬਹੁਤ ਹਮਦਰਦ ਬਣਦੀ ਹੈ ਲੇਕਿਨ ਇਹ ਬਿਜਲੀ ਦੀਆਂ ਦਰਾਂ ਵਧਾਉਣ ਨਾਲ ਸ਼ਡਿਊਲਡ ਕਾਸਟ ਲੋਕਾਂ ਤੇ ਭਾਰ ਪਾਇਆ ਜਾ ਰਿਹਾ ਹੈ। ਸਾਨੂੰ ਨਹੀਂ ਪਤਾ ਕਿ ਕਿਸ ਤਰ੍ਹਾਂ ਮੀਟਰ ਰੀਡਿੰਗ ਕੀਤੀ ਜਾਂਦੀ ਹੈ ਲੇਕਿਨ ਐਵਰੇਜ ਕਢ ਕੇ ਜਾਂ ਕਿਸੇ ਹੋਰ ਤਰ੍ਹਾਂ ਨਾਲ 5—5 ਹਜ਼ਾਰ ਰੁਪਏ ਦੇ ਬਿੱਲ ਆ ਰਹੇ ਹਨ। 2 ਮਹੀਨਿਆਂ ਦਾ ਬਿੱਲ 500 ਰੁਪਏ ਦਾ ਆ ਜਾਂਦਾ ਹੈ। ਸਰਕਾਰ ਦੀ, ਬੋਰਡ ਦੀ ਨੀਤੀ ਹੈ ਅਤੇ ਇਨ੍ਹਾਂ ਨੂੰ ਉਪਰੋਂ ਹਦਾਇਤ ਆਈ ਹੈ ਕਿ ਇਨ੍ਹਾਂ ਨੂੰ ਖਤਮ ਕਰ ਦਿਓ। ਇਥੇ ਬਜਟ ਵਿਚ ਵੀ ਕਿਹਾ ਗਿਆ ਹੈ ਕਿ ਸਿਲਸਿਲੇਵਾਰ ਸਬਸਿਡੀਆਂ ਘਟਾਈਆਂ ਜਾਣੀਆਂ ਹਨ । ਸਾਨੂੰ ਖਤਰਾ ਹੈ.. .. (ਵਿਘਨ)

**ਸ੍ਰੀ ਸਪੀਕਰ:** ਰਿਪੋਰਟ ਦੀ ਗੱਲ ਕਰੋ।

**ਕਾਮਰੇਡ ਤਰਸੇਮ ਜੋਧਾਂ:** ਇਸ ਦੇ ਨਾਲ ਕਿਸਾਨ ਪੁਰਾਣੇ ਬਿਜਲੀ ਦੇ ਬਿੱਲ ਜਮ੍ਹਾਂ ਕਰਵਾ ਰਹੇ ਹਨ। ਉਹ ਕਹਿ ਰਹੇ ਹਨ ਕਿ ਅਗਲੇ ਬਿੱਲ ਨਹੀਂ ਜਮ੍ਹਾਂ ਕਰਵਾਉਣੇ। ਰਿਪੋਰਟ ਦੇ ਮੁਤਾਬਿਕ ਵੀ ਅਤੇ ਸਰਕਾਰ ਦਾ ਬਜਟ ਵੀ ਇਹ ਦਸਦਾ ਹੈ ਕਿ ਆਉਣ ਵਾਲੇ ਸਾਲਾਂ ਵਿਚ ਬਿਜਲੀ ਬੋਰਡ ਦਾ ਜੋ ਘਾਟਾ ਹੈ, ਉਸ ਦੀ ਸਜ਼ਾ ਪੰਜਾਬ ਦੇ ਲੋਕਾਂ ਨੂੰ ਦਿੱਤੀ ਜਾਣੀ ਹੈ। ਇਸ ਦੇ ਖਿਲਾਫ ਐਜੀਟੇਸ਼ਨਾਂ ਹੋਣਗੀਆਂ। ਮੈਂ ਕਹਿੰਦਾ ਹਾਂ ਕਿ ਬਿਜਲੀ ਦੀ ਮਿਸਮੈਨੇਜਮੈਂਟ ਨੂੰ ਠੀਕ ਕਰਨ ਲਈ ਅਤੇ ਇਸ ਦੇ ਘਾਟੇ ਨੂੰ ਪੂਰਾ ਕਰਨ ਲਈ ਬਿਜਲੀ ਬੋਰਡ ਦੇ ਅੰਦਰ ਇਕ ਵੱਖਰਾ ਵਿੰਗ ਬਣਾਇਆ ਜਾਵੇ ਜਿਹੜਾ ਬੋਰਡ ਦੇ ਘਾਟੇ ਲਈ ਜ਼ਿੰਮੇਵਾਰ ਅਧਿਕਾਰੀਆਂ ਕੋਲੋਂ ਪੈਸੇ ਦੀ ਵਸੂਲੀ ਕਰੇ। ਕੱਲ੍ਹ ਦਿੱਲੀ ਵਿਚ ਡਾਂਗਾਂ ਪਈਆਂ ਹਨ। ਲੋਕਾਂ ਨੂੰ ਕੁਟਾਪਾ ਚੜ੍ਹਿਆ ਹੈ। ਇਸ ਕਰਕੇ ਬਿਜਲੀ ਬੋਰਡ ਨੂੰ ਦਰੁਸਤ ਕਰਨ

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਤਰਸੇਮ ਜੋਧਾਂ ]

ਵਾਸਤੇ ਇਸ ਦੀ ਮੈਨੇਜਮੈਂਟ ਨੂੰ ਠੀਕ ਕੀਤਾ ਜਾਵੇ ਤਾਂ ਕਿ ਮਿਸਮੈਨੇਜਮੈਂਟ ਦੀ ਸਜ਼ਾ ਪੰਜਾਬ ਦੇ ਲੋਕਾਂ ਨੂੰ ਨਾ ਮਿਲੇ। ਅੰਤ ਵਿਚ, ਇਹ ਜਿਹੜੀ ਰਿਪੋਰਟ ਇਥੇ ਪੇਸ਼ ਕੀਤੀ ਗਈ ਹੈ, ਉਸ ਦੀ ਮੈਂ ਵਿਰੋਧਤਾ ਕਰਦਾ ਹਾਂ।

**ਸਰਦਾਰ ਸ਼ਮਸ਼ੇਰ ਸਿੰਘ ਰਾਏ :** ਸਪੀਕਰ ਸਾਹਿਬ, ਮੰਤਰੀ ਜੀ ਬੋਲ ਚੁਕੇ ਹਨ। ਉਨ੍ਹਾਂ ਦਾ ਜਵਾਬ ਆ ਚੁਕਿਆ ਹੈ। ਹੁਣ ਇਹ ਸਪੀਚ ਕਿਉਂ ਦੇ ਰਹੇ ਹਨ? ਇਸ ਵਕਤ ਹੁਣ ਇਹ ਬੋਲ ਨਹੀਂ ਸਕਦੇ।

**ਸ੍ਰੀ ਵਿਜੇ ਕੁਮਾਰ ਸਾਥੀ (ਬਾਘਾਪੁਰਾਣਾ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਸਭ ਤੋਂ ਪਹਿਲਾਂ ਤਾਂ ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਖਾਦੀ ਬੋਰਡ ਵਿੱਚ ਸਫਾਇਆ ਕਰਨਾ ਸ਼ੁਰੂ ਕੀਤਾ ਹੈ ਅਤੇ ਉਸ ਨੂੰ ਅੱਗੇ ਵੀ ਜਾਰੀ ਰੱਖਣਗੇ। ਮੈਂ ਸਾਲ 1992-93 ਦੀ ਆਡਿਟ ਰਿਪੋਰਟ ਵਿੱਚ ਦਿੱਤੇ ਗਏ ਅਖੀਰਲੇ ਕੁਝ ਸ਼ਬਦ ਪੜ੍ਹਦਾ ਹਾਂ। The Board was contesting 125 cases in the court of law against loanees and others. Kindly note it. No note regarding the contingent liability in this regard has been given in the balance sheet. ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਤੋਂ ਪਤਾ ਲਗਦਾ ਹੈ ਕਿ ਆਡਿਟ ਰਿਪੋਰਟ ਮੁਤਾਬਿਕ ਖਾਦੀ ਬੋਰਡ ਵਿੱਚ ਕੀ ਹਾਲ ਹੋ ਰਿਹਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੀ.ਪੀ. ਫੰਡ ਦਾ ਰੁਪਿਆ ਵੀ ਖਾਦੀ ਬੋਰਡ ਨੇ ਪ੍ਰੋਵੀਡੈਂਟ ਫੰਡ ਕਮਿਸ਼ਨਰ ਕੋਲ ਜਮ੍ਹਾਂ ਨਹੀਂ ਕਰਵਾਇਆ। ਮੈਂ ਇਹ ਟੈਕਨੀਕਲ ਗੱਲ ਦੱਸਣਾ ਚਾਹੁੰਦਾ ਹਾਂ। (ਸ਼ੋਰ, ਵਿਘਨ)

**Mr. Speaker :** Let him complete. Do not disturb.

**ਸ੍ਰੀ ਵਿਜੇ ਕੁਮਾਰ ਸਾਥੀ :** ਸਪੀਕਰ ਸਾਹਿਬ, ਇਸ ਵਿੱਚ 15—20 ਅਜਿਹੇ ਕੇਸ ਹਨ ਜਿਹੜੇ ਜਾਅਲੀ ਫਰਮਾਂ ਦੇ ਹਨ। ਉਹ ਇਨ੍ਹਾਂ 125 ਕੇਸਾਂ ਦੇ ਵਿੱਚ ਆਉਂਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਖਾਦੀ ਬੋਰਡ ਵਿੱਚ ਕਿੰਨੀ ਲੁੱਟ-ਖਸੁੱਟ ਹੋ ਰਹੀ ਹੈ। ਸਪੀਕਰ ਸਾਹਿਬ, ਇਹ ਖਾਦੀ ਬੋਰਡ ਮਹਾਤਮਾ ਗਾਂਧੀ ਦੇ ਪੂਰਨਿਆਂ ਤੇ ਚਲਣ ਲਈ ਬਣਿਆ ਹੈ। ਕਾਟੇਜ ਇੰਡਸਟਰੀ ਲਈ, ਸਮਾਲ ਸਕੇਲ ਇੰਡਸਟਰੀ ਲਈ ਅਤੇ ਖਾਦੀ ਪਾਉਣ ਲਈ, ਇਹ ਗੱਲਾਂ ਹੀ ਖਾਦੀ ਬੋਰਡ ਨਾਲ ਤਹਿ ਹੋਈਆਂ ਹਨ।

ਅਗਲੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਖਾਦੀ ਬੋਰਡ ਦੇ ਚੇਅਰਮੈਨ ਨੂੰ ਸਸਪੈਂਡ ਕਰਨਾ ਪਿਆ। ਸਾਡੇ ਇਸ ਹਾਊਸ ਦੇ ਵਿੱਚ ਇਕ ਐਮ.ਐਲ.ਏ. ਜੋ ਕਿ ਚੇਅਰਮੈਨ ਵੀ ਹਨ, ਉਸ ਦੇ ਮੁੰਡੇ ਤੋਂ ਚੇਅਰਮੈਨ ਨੇ ਪੈਸਾ ਲਿਆ ਤਾਂ ਇਹ ਸਾਰਾ ਸਿਆਪਾ ਪਿਆ। ਜਦੋਂ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਇਹ ਗੱਲ ਆਈ ਤਾਂ ਉਸ ਤੋਂ ਬਾਅਦ ਹੀ ਖਾਦੀ ਬੋਰਡ ਨੂੰ ਨੰਗਾ ਕੀਤਾ ਗਿਆ। ਸਪੀਕਰ ਸਾਹਿਬ, ਇਹ ਖਾਦੀ ਬੋਰਡ ਇਕ ਸਕੈਂਡਲ ਬੋਰਡ ਬਣ ਚੁੱਕਾ ਹੈ। ਡਾਕਟਰ ਕੇਵਲ ਕ੍ਰਿਸ਼ਨ ਜੀ ਕਹਿੰਦੇ ਹਨ ਕਿ

Original with;
Punjab Vidhan Sabha
Digitized by;
Panjab Digital Library

ਹਲਫੀਆ ਬਿਆਨ ਦਿਓ। ਮੈਂ ਤਾਂ ਹਲਫੀਆ ਬਿਆਨ ਨਾਲ ਲੈ ਕੇ ਆਇਆ ਹਾਂ। ਡਾਕਟਰ ਸਾਹਿਬ, ਜੇ ਇਮਾਨਦਾਰੀ ਨਾਲ ਇਸ ਦੀ ਘੋਖ ਕਰੀਏ ਤਾਂ ਇਹ ਪਤਾ ਲਗ ਜਾਵੇਗਾ ਕਿ ਖਾਦੀ ਬੋਰਡ, ਖਾਦੀ ਬੋਰਡ ਨਹੀਂ ਹੈ ਸਗੋਂ ਇਕ ਸਕੈਂਡਲ ਬੋਰਡ ਹੈ। ਸਪੀਕਰ ਸਾਹਿਬ, ਬੇਸ਼ੱਕ ਇਹ ਸਾਰਾ ਮਾਮਲਾ ਕਿਸੇ ਕਮੇਟੀ ਨੂੰ ਦੇ ਦਿਓ। ਉਹ ਇਸ ਦੀ ਘੋਖ ਕਰੇ ਅਤੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਸਾਹਮਣੇ ਆ ਜਾਵੇਗਾ। 4 ਪ੍ਰਤੀਸ਼ਤ ਦੇ ਨਾਲ ਹੀ ਉਹ ਕਿੰਨਾ ਰੁਪਿਆ ਹੜੱਪ ਕਰ ਗਏ ਹਨ। ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੇਰੀ ਸਾਰੀ ਗੱਲਬਾਤ ਸੁਣੀ ਹੈ। ਇਨ੍ਹਾਂ ਸਾਰਿਆਂ ਨੂੰ ਪਤਾ ਹੈ ਅਤੇ ਇਹ ਜਾਣਦੇ ਹਨ ਕਿ ਖਾਦੀ ਬੋਰਡ ਵਿੱਚ ਕਿੰਨੇ ਘਪਲੇ ਹਨ। ਮੈਂਬਰ ਸਾਹਿਬਾਨ ਸਭ ਕੁਝ ਜਾਣਦੇ ਹਨ। ਕੁਝ ਤਾਂ ਵਿਚੋਂ ਖੁਸ਼ ਵੀ ਹਨ ਕਿ ਗੱਲਾਂ ਹੋਈਆਂ ਹਨ। ਅੱਧ-ਪਚੱਧੇ ਤਾਂ ਮੇਰੇ ਨਾਲ ਵੀ ਹਨ। ਧੰਨਵਾਦ।

**ਸ੍ਰੀ ਸਪੀਕਰ :** ਮੈਂ ਸਾਰੇ ਮੈਂਬਰ ਸਾਹਿਬਾਨ ਦਾ, ਪਰਟੀਕੁਲਰਲੀ ਮੁੱਖ ਮੰਤਰੀ ਜੀ ਦਾ ਔਰ ਅਪੋਜ਼ੀਸ਼ਨ ਦੇ ਲੀਡਰ ਸਾਹਿਬਾਨ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਬਹੁਤ ਕੋ-ਆਪਰੇਟ ਕੀਤਾ। ਅਪੋਜ਼ੀਸ਼ਨ ਦੀ ਮੰਗ ਤੇ, ਮੁੱਖ ਮੰਤਰੀ ਜੀ ਅਤੇ ਦੂਸਰੇ ਸਰਕਾਰੀ ਪੱਖ ਨੇ ਜਿੰਨਾ ਵੀ ਸਮਾਂ ਮੰਗਿਆ, ਉਤਨਾ ਹੀ ਹਾਊਸ ਦਾ ਸਮਾਂ ਵਧਾਇਆ ਗਿਆ ਅਤੇ ਸਭ ਨੂੰ ਖੁਲ੍ਹਾ ਸਮਾਂ ਦਿੱਤਾ ਗਿਆ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸੀ.ਪੀ.ਆਈ. ਨੇ ਬਹੁਤ ਅੱਛਾ ਰੋਲ ਅਦਾ ਕੀਤਾ ਹੈ ਔਰ ਤਿਆਰੀ ਕਰਕੇ ਆਏ। ਮੈਂ ਦੂਸਰੇ ਆਪੋਜ਼ੀਸਨ ਦੇ ਲੀਡਰ ਸਾਹਿਬਾਨ ਨੂੰ ਵੀ ਪ੍ਰਾਰਥਨਾ ਕਰਾਂਗਾ ਕਿ ਅੱਗੋਂ ਲਈ ਉਹ ਵੀ ਪੂਰਾ ਹਿੱਸਾ ਲੈਣ, ਤਿਆਰੀ ਕਰਕੇ ਆਉਣਗੇ ਅਤੇ ਰੌਲਾ ਕੇਵਲ ਬਾਹਰ ਪਾਉਣਗੇ, ਅੰਦਰ ਨਹੀਂ ਪਾਉਣਗੇ(ਥੰਪਿੰਗ)। Thank you very much.

The House stands adjourned *sine-die* (*The Sahba then adjourned* sinedie*)

*1.49 P.M.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

APPENDIX

TO

# PUNJAB VIDHAN SABHA DEBATES

*Dated the 6th April, 1994*

*Vol. VII—No. 21*

## POSTPONED STARRED QUESTION AND ANSWER

### Payment of Compensation to Farmers

***1885. Doctor Mohinder Kumar Rinwa** : Will the Chief Minister be pleased to state the time by which the compensation is likely to be paid to the farmers whose land has been acquired for fencing the Indo-Pak Border ?

**ਸਰਦਾਰ ਬੇਅੰਤ ਸਿੰਘ** : ਭਾਰਤ-ਪਾਕਿ ਸਰਹੱਦ ਦੇ ਨਾਲ ਲਗਦੇ ਇਲਾਕੇ ਵਿੱਚ, ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਕੰਡਿਆਲੀ ਤਾਰ ਲਗਾਉਣ ਲਈ ਐਕਵਾਇਰ ਕੀਤੀ ਗਈ ਹੈ, ਨੂੰ ਮੁਆਵਜ਼ੇ ਦੀ ਅਦਾਇਗੀ ਕਰਨ ਲਈ ਫੰਡ ਉਪਲੱਬਧ ਹੋ ਗਏ ਹਨ ਅਤੇ ਅਦਾਇਗੀ ਕਰਨ ਲਈ ਤਤਕਾਲ ਉਪਰਾਲੇ ਕੀਤੇ ਜਾ ਰਹੇ ਹਨ।

————

9927/PVS—Govt. Press, U.T., Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Panjab Digital Library

© 1994
Published under the authority of the Punjab Vidhan Sabha and printed by the Controller, Govt. Press, (U.T.), Chandigarh.

Original with;
Punjab Vidhan Sabha
Digitized by;
Punjab Digital Library

२११

# Punjab Vidhan Sabha

## Debates

*6th April, 1994*

ANNEXURE

**Vol. VII—No. 21**

OFFICIAL REPORT

CONTENTS

*Wednesday, the 6th April, 1994*


| | Page |
|---|---|
| Unstarred Questions (converted as such from being Starred Questions) and Answers for the meeting of the Punjab Vidhan Sabha held on 6th April, 1994 .. | (21)1 |
| Appendix .. | (i) |



Punjab Vidhan Sabha Secretariat, Chandigarh.

Price: Rs.


330:-3


Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Wednesday, the 6th April, 1994*

## ANNEXURE

*This Annexure contains Unstarred Questions (Converted as such from being Starred Questions) and Answers for the meeting dated 6th April, 1994.*

UNSTARRED QUESTIONS (CONVERTED AS SUCH FROM BEING STARRED QUESTIONS) AND ANSWERS FOR THE 6TH APRIL, 1994.

**ਪੰਚਾਇਤ ਸਕੱਤਰਾਂ ਦੀਆਂ ਅਸਾਮੀਆਂ**

*1293. (ਸੀ. ਯੂ.) **ਕਾਮਰੇਡ ਹਰਦੇਵ ਅਰਸ਼ੀ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) 1 ਜੁਲਾਈ, 1993 ਨੂੰ ਪੰਚਾਇਤ ਸਕੱਤਰਾਂ ਦੀਆਂ ਖਾਲੀ ਆਸਾਮੀਆਂ ਦੀ ਜ਼ਿਲ੍ਹਾ ਵਾਰ ਗਿਣਤੀ ਕਿੰਨੀ ਸੀ ?

(ਅ) ਕੀ 1 ਜੁਲਾਈ, 1993 ਤੋਂ ਬਾਅਦ ਉਕਤ ਆਸਾਮੀਆਂ ਨੂੰ ਭਰਨ ਲਈ ਉਮੀਦਵਾਰਾਂ ਨੂੰ ਚੁਣਨ ਲਈ ਕੋਈ ਇੰਟਰਵਿਊਜ਼ ਕੀਤੀਆਂ ਗਈਆਂ ਹਨ ; ਜੇਕਰ ਅਜਿਹਾ ਹੋਵੇ ਤਾਂ ਉਕਤ ਮੰਤਵ ਲਈ ਇੰਟਰਵਿਊਜ਼ ਕਿੰਨ੍ਹਾਂ ਕਿੰਨ੍ਹਾਂ ਮਿਤੀਆਂ ਨੂੰ ਅਤੇ ਕਿਸ ਕਿਸ ਥਾਂ ਤੇ ਹੋਈਆਂ ਸਨ ;

(ੲ) ਹੁਣ ਤੱਕ ਪਹਿਲਾਂ ਚੁਣੇ ਗਏ ਅਤੇ ਨਿਯੁਕਤ ਕੀਤੇ ਗਏ ਉਮੀਦਵਾਰਾਂ ਦੀ ਜ਼ਿਲ੍ਹਾ ਵਾਰ ਗਿਣਤੀ ਕਿੰਨੀ ਕਿੰਨੀ ਹੈ ?

**ਮਾਸਟਰ ਜਾਗੀਰ ਸਿੰਘ** : (ੳ) ਅੰਤਿਕਾ 1 ਤੇ ਨਾਲ ਨੱਥੀ ਹੈ।

(ਅ) ਹਾਂ ਜੀ। ਅੰਤਿਕਾ 2 ਤੇ ਨਾਲ ਨੱਥੀ ਹੈ।

(ੲ) ਹੁਣ ਤੱਕ ਕੋਈ ਉਮੀਦਵਾਰ ਨਾ ਹੀ ਚੁਣਿਆ ਗਿਆ ਹੈ ਅਤੇ ਨਾ ਹੀ ਨਿਯੁਕਤ ਕੀਤਾ ਹੈ।

Original with;
Punjab Vidhan Sabha
Digitized by;
Panjab Digital Library

[ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ]

ਅੰਤਿਕਾ-1

ਮਿਤੀ 1 ਜੁਲਾਈ, 1993 ਨੂੰ ਪੰਚਾਇਤ ਸਕੱਤਰਾਂ ਦੀਆਂ ਖਾਲੀ ਆਸਾਮੀਆਂ ਦੀ ਜ਼ਿਲ੍ਹਾ ਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ :--

| ਲੜੀ ਨੰ: | ਜ਼ਿਲ੍ਹੇ ਦਾ ਨਾਂ | | ਪੰਚਾਇਤ ਸਕੱਤਰਾਂ ਦੀਆਂ ਮਿਤੀ 1 ਜੁਲਾਈ, 1993 ਨੂੰ ਖਾਲੀ ਆਸਾਮੀਆਂ ਦੀ ਗਿਣਤੀ |
|---|---|---|---|
| 1 | ਅੰਮ੍ਰਿਤਸਰ | ... | 41 |
| 2 | ਬਠਿੰਡਾ | ... | 2 |
| 3 | ਫਰੀਦਕੋਟ | ... | 16 |
| 4 | ਫਤਿਹਗੜ੍ਹ ਸਾਹਿਬ | ... | 11 |
| 5 | ਫਿਰੋਜ਼ਪੁਰ | ... | 24 |
| 6 | ਗੁਰਦਾਸਪੁਰ | ... | ... |
| 7 | ਹੁਸ਼ਿਆਰਪੁਰ | ... | 46 |
| 8 | ਜਲੰਧਰ | ... | 47 |
| 9 | ਕਪੂਰਥਲਾ | ... | 21 |
| 10 | ਲੁਧਿਆਣਾ | ... | 28 |
| 11 | ਮਾਨਸਾ | ... | 3 |
| 12 | ਪਟਿਆਲਾ | ... | 20 |
| 13 | ਰੂਪਨਗਰ | ... | 39 |
| 14 | ਸੰਗਰੂਰ | ... | 28 |
| | ਕੁੱਲ | ... | 326 |

Original with;
Punjab Vidhan Sabha
Digitized by;
Panjab Digital Library

ਅੰਤਿਕਾ-2

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਉਮੀਦਵਾਰਾਂ ਦੀ ਇੰਟਰਵਿਊ ਰਖਣ ਦੀ ਮਿਤੀ ਅਤੇ ਸਥਾਨ |
|---|---|---|
| 1 | ਅੰਮ੍ਰਿਤਸਰ | 5 ਜੁਲਾਈ, 1993 ਤੋਂ 26 ਜੁਲਾਈ, 1993, ਦਫ਼ਤਰ ਸਕੱਤਰ, ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ |
| 2 | ਬਠਿੰਡਾ | 12 ਜੁਲਾਈ, 1993 ਤੋਂ 9 ਅਗਸਤ, 1993, ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਬਠਿੰਡਾ |
| 3 | ਫਰੀਦਕੋਟ | 30 ਜੁਲਾਈ, 1993 ਤੋਂ 9 ਅਗਸਤ, 1993, ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਫਰੀਦਕੋਟ। 22, 23, 24, 26, 27, 30 ਜੁਲਾਈ, 1993 ਅਤੇ 2 ਅਗਸਤ, 1993 ਦਫ਼ਤਰ ਜ਼ਿਲ੍ਹਾ ਪ੍ਰੀਸ਼ਦ ਫਰੀਦਕੋਟ। |
| 4 | ਫਤਿਹਗੜ੍ਹ ਸਾਹਿਬ | 7 ਜੁਲਾਈ, 1993 ਤੋਂ 28 ਜੁਲਾਈ, 1993, ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਫਤਿਹਗੜ੍ਹ ਸਾਹਿਬ, |
| 5 | ਫਿਰੋਜ਼ਪੁਰ | 8, 9, 12 ਤੋਂ 16, 19 ਤੋਂ 30 ਜੁਲਾਈ, 1993 ਅਤੇ 9 ਸਤੰਬਰ, 1993, ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਫਿਰੋਜ਼ਪੁਰ, 19 ਜੁਲਾਈ, 1993 ਤੋਂ 21 ਜੁਲਾਈ, 1993 ਦਫ਼ਤਰ ਜ਼ਿਲ੍ਹਾ ਪ੍ਰੀਸ਼ਦ, ਫਿਰੋਜ਼ਪੁਰ। |
| 6 | ਗੁਰਦਾਸਪੁਰ | 9, 10, 12, 13, 16 ਤੋਂ 20, 23 ਤੋਂ 27, 30, 31 ਅਗਸਤ, 1993; 1, 2, 3 ਅਤੇ 6 ਸਤੰਬਰ, 1993 ਦਫ਼ਤਰ ਪੰਚਾਇਤ ਭਵਨ ਗੁਰਦਾਸਪੁਰ। 23, 24 ਜੁਲਾਈ, 1993, 7, 9, 10, 13, 16, 20, 21 ਅਤੇ 22 ਸਤੰਬਰ, 1993 ਦਫ਼ਤਰ ਸਕੱਤਰ, ਜ਼ਿਲ੍ਹਾ ਪ੍ਰੀਸ਼ਦ, ਗੁਰਦਸਪੁਰ |
| 7 | ਹੁਸ਼ਿਆਰਪੁਰ | 14 ਜੁਲਾਈ, 1993 ਤੋਂ 30 ਜੁਲਾਈ, 1993, ਦਫ਼ਤਰ ਜ਼ਿਲ੍ਹਾ ਪ੍ਰੀਸ਼ਦ ਹਾਲ, ਹੁਸ਼ਿਆਰਪੁਰ। |

Original with;
Punjab Vidhan Sabha
Digitized by;
Panjab Digital Library

[ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ]

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਉਮੀਦਵਾਰਾਂ ਦੀ ਇੰਟਰਵਿਊ ਰੱਖਣ ਦੀ ਮਿਤੀ ਅਤੇ ਸਥਾਨ |
|---|---|---|
| 8 | ਜਲੰਧਰ | 14, 16, 19, 21, 23, 26, 28, 30 ਜੁਲਾਈ, 1993 4, 6, 9, 11, ਅਤੇ 13 ਅਗਸਤ, 1993 ਦਫਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ,) ਜਲੰਧਰ । |
| 9 | ਕਪੂਰਥਲਾ | 7, 8, 9, 15 ਅਤੇ 19 ਜੁਲਾਈ, 1993, ਦਫਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਕਪੂਰਥਲਾ |
| 10 | ਲੁਧਿਆਣਾ | 15 ਜੁਲਾਈ, 1993 ਤੋਂ 20 ਜੁਲਾਈ, 1993 ਦਫਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਲੁਧਿਆਣਾ । |
| 11 | ਮਾਨਸਾ | 6, 7, 8, 9 ਜੁਲਾਈ, 1993 ਦਫਤਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਮਾਨਸਾ |
| 12 | ਪਟਿਆਲਾ | 4, 5, 6, 7, 9, 10,12, 13, 14, 16, 17, 19 ਅਤੇ 30 ਅਗਸਤ, 1993, ਦਫਤਰ ਜ਼ਿਲ੍ਹਾ ਪ੍ਰੀਸ਼ਦ, ਪਟਿਆਲਾ |
| 13 | ਸੰਗਰੂਰ | 13 ਜੁਲਾਈ, 1993, 13, 14, 18, 19, 20, 21, 22, 30, 31, ਅਗਸਤ, 1993 ਅਤੇ 2 ਸਤੰਬਰ, 1993 ਦਫਤਰ ਜ਼ਿਲ੍ਹਾ ਪ੍ਰੀਸ਼ਦ ਸੰਗਰੂਰ |
| 14 | ਯੂ.ਟੀ. ਚੰਡੀਗੜ੍ਹ ਅਤੇ ਰਾਜ ਤੋਂ ਬਾਹਰ ਦੇ ਉਮੀਦਵਾਰਾਂ ਦੀ ਇੰਟਰਵਿਊ | 23 ਅਗਸਤ, 1993 ਦਫਤਰ ਜ਼ਿਲ੍ਹਾ ਪ੍ਰੀਸ਼ਦ, ਪਟਿਆਲਾ |

### ਗੈਰ-ਕਾਸ਼ਤਕਾਰ ਬੇਰੁਜ਼ਗਾਰ ਲੋਕਾਂ ਨੂੰ ਕਰਜ਼ੇ

*1295. (ਸੀ. ਯੂ.) **ਕਾਮਰੇਡ ਹਰਦੇਵ ਅਰਸ਼ੀ** : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪੰਜਾਬ ਕੋ-ਆਪ੍ਰੇਟਿਵ ਬੈਂਕਾਂ ਨੇ ਹਾਲ ਹੀ ਵਿਚ ਗੈਰ ਕਾਸ਼ਤਕਾਰ ਬੇਰੁਜ਼ਗਾਰ ਲੋਕਾਂ ਨੂੰ ਕਰਜ਼ੇ ਦੇਣ ਲਈ ਕੋਈ ਨਵੀਂ ਸਕੀਮ ਚਾਲੂ ਕੀਤੀ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਸਕੀਮ ਅਧੀਨ ਕਰਜ਼ੇ ਦੇਣ ਲਈ ਸ਼ਰਤਾਂ ਕੀ ਕੀ ਹਨ;

Original with; Punjab Vidhan Sabha Digitized by; Panjab Digital Library

(ਅ) ਉਨ੍ਹਾਂ ਲਾਭ-ਪਾਤਰਾਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਉਕਤ ਸਕੀਮ ਅਧੀਨ ਹੁਣ ਤੱਕ ਕਰਜ਼ੇ ਦਿੱਤੇ ਗਏ ਹਨ ?

**ਸ੍ਰੀ ਸੱਜਨ ਕੁਮਾਰ ਜਾਖੜ** : (ੳ) ਹਾਂ ਜੀ, ਪੰਜਾਬ ਰਾਜ ਦੇ ਸਾਰੇ ਕੇਂਦਰੀ ਸਹਿਕਾਰੀ ਬੈਂਕਾਂ ਨੂੰ ਗੈਰ-ਜ਼ਰਾਇਤੀ ਬੇਰੁਜ਼ਗਾਰ ਲੋਕਾਂ ਨੂੰ ਦਸਤਕਾਰੀ ਦੀਆਂ 22 ਗਰੁੱਪਾਂ ਹੇਠ ਗੈਰ ਜ਼ਰਾਇਤੀ ਕੰਮਾਂ ਲਈ ਕਰਜ਼ਾ ਦੇਣ ਦੀ ਸਕੀਮ ਲਾਗੂ ਕੀਤੀ ਗਈ ਹੈ। ਇਹ ਕਰਜ਼ਾ 10 ਸਾਲਾਂ ਵਿੱਚ ਵਸੂਲਿਆਂ ਜਾਵੇਗਾ ਤੇ ਇਸ ਤੇ ਸੂਦ ਦੀ ਦਰ 12 ਪ੍ਰਤੀਸ਼ਤ ਤੋਂ 15 ਪ੍ਰਤੀਸ਼ਤ ਸਾਲਾਨਾ ਤੱਕ ਕਰਜੇ ਦੀ ਰਕਮ ਮੁਤਾਬਿਕ ਹੋਵੇਗੀ।

(ਅ) 31 ਮਾਰਚ, 1993 ਤੋਂ ਪਹਿਲਾਂ ਸਿਰਫ 4 ਕੇਂਦਰੀ ਸਹਿਕਾਰੀ ਬੈਂਕਾਂ ਜਲੰਧਰ, ਨਵਾਂ-ਸ਼ਹਿਰ, ਕਪੂਰਥਲਾ ਤੇ ਲੁਧਿਆਣਾ ਨੂੰ ਗੈਰ-ਜ਼ਰਾਇਤੀ ਕਰਜ਼ਾ ਦੇਣ ਦੀ ਮਨਜ਼ੂਰੀ ਦਿੱਤੀ ਗਈ ਸੀ। ਸਤੰਬਰ, 1993 ਵਿੱਚ ਰਾਜ ਦੇ ਬਾਕੀ ਰਹਿੰਦੇ ਬੈਂਕਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਲਾਭਕਾਰਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:--

(ਰੁਪਏ ਲੱਖਾਂ ਵਿੱਚ)

| | 31-3-1993 ਤੱਕ | 1-4-93 ਤੋਂ 31-1-994 ਤੱਕ |
|---|---|---|
| ਪੰਜਾਬ ਰਾਜ ਸਹਿਕਾਰੀ ਬੈਂਕ ਲਿਮ: ਚੰਡੀਗੜ੍ਹ | 109 | 392 |
| ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਲਿਮ: ਚੰਡੀਗੜ੍ਹ | ... | 52 |
| ਕੁੱਲ | 109 | 444 |

## ਰਾਜ ਵਿਚ ਦਹੇਜ ਕਾਰਨ ਹੋਈਆਂ ਮੌਤਾਂ

*1206. (ਸ਼੍ਰੀ ਯੂ) ਕਾਮਰੇਡ ਹਰਦੇਵ ਅਰਸੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਰਾਜ ਵਿਚ ਪਹਿਲੀ ਜਨਵਰੀ 1982 ਤੋਂ ਹੁਣ ਤਕ ਦਹੇਜ ਕਾਰਣ ਹੋਈਆਂ ਮੌਤਾਂ ਦੇ ਦਰਜ ਕੀਤੇ ਗਏ ਕੇਸਾਂ ਦੀ ਜ਼ਿਲ੍ਹਾਵਾਰ ਕੁਲ ਗਿਣਤੀ ਕਿੰਨੀ ਕਿੰਨੀ ਹੈ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚੋਂ ਅਜਿਹੇ ਕੇਸਾਂ ਦੀ ਕੁਲ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਦੋਸ਼ੀਆਂ ਨੂੰ ਸਜਾਵਾਂ ਦਿਤੀਆਂ ਗਈਆਂ ਹਨ ਅਤੇ ਕਿੰਨੇ ਕੇਸ ਅਜੇ ਪੈਂਡਿਗ ਪਾਏ ਹਨ?

Original with;
Punjab Vidhan Sabha
Digitized by;
Panjab Digital Library

**Sardar Beant Singh** : The requisite information in respect of part A and B in given as under:—

| S. No. | District | Total | U. Inv. | U. Trail | Acquitted | Convicted | Untraced | Cancelled |
|---|---|---|---|---|---|---|---|---|
| 1 | Hoshiarpur .. | 20 | 4 | 14 | .. | 1 | .. | 1 |
| 2 | Jalandhar .. | 18 | 7 | 9 | .. | .. | .. | 2 |
| 3 | Gurdaspur .. | 13 | 3 | 8 | 1 | .. | .. | 1 |
| 4 | Ferozepur .. | 16 | 7 | 9 | .. | .. | .. | .. |
| 5 | Sangrur .. | 17 | 5 | 10 | .. | .. | 1 | 1 |
| 6 | Patiala .. | 36 | 7 | 25 | 1 | .. | 3 | .. |
| 7 | Batala .. | 13 | 3 | 9 | 1 | .. | .. | .. |
| 8 | Bathinda .. | 10 | 1 | 8 | .. | .. | 1 | .. |
| 9 | Faridkot .. | 25 | 3 | 21 | .. | .. | 1 | .. |
| 10 | Khanna .. | 3 | .. | 3 | .. | .. | .. | .. |
| 11 | Amritsar .. | 14 | 2 | 11 | .. | .. | .. | 1 |
| 12 | Ropar .. | 12 | 5 | 6 | .. | .. | 1 | .. |
| 13 | Kapurthala .. | 8 | 1 | 6 | .. | .. | .. | 1 |
| 14 | Mansa .. | 2 | 1 | 1 | .. | .. | .. | .. |
| 15 | Ludhiana .. | 14 | 4 | 10 | .. | .. | .. | .. |
| 16 | Majitha .. | 4 | .. | 2 | .. | 2 | .. | .. |
| 17 | Tarn Taran .. | 3 | 3 | .. | .. | .. | .. | .. |
| 18 | Barnala .. | 3 | 3 | .. | .. | .. | .. | .. |
| 19 | Fatehgarh Sahib | 1 | 1 | .. | .. | .. | .. | .. |
| 20 | Jagraon .. | 6 | 3 | 3 | .. | .. | .. | .. |
| 21 | G.P. Patiala .. | 2 | 1 | 1 | .. | .. | .. | .. |
| | Total .. | 240 | 64 | 156 | 3 | 3 | 7 | 7 |

Original with;
Punjab Vidhan Sabha
Digitized by;
Panjab Digital Library

## ਹੋਮ ਗਾਰਡ ਕਰਮਚਾਰੀਆਂ ਦੀ ਛਾਂਟੀ

*1298. (ਸੀ.ਯੂ.) ਕਾਮਰਡ ਹਰਦੇਵ ਅਰਸ਼ੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿਚ ਇਸ ਸਮੇਂ ਹੋਮ ਗਾਰਡ ਕਰਮਚਾਰੀਆਂ ਦੀ ਜ਼ਿਲ੍ਹਾ-ਵਾਰ ਕੁੱਲ ਗਿਣਤੀ ਕਿੰਨੀ ਕਿੰਨੀ ਹੈ ;

(ਅ) ਕੀ ਇਹ ਠੀਕ ਹੈ ਕਿ ਉਕਤ ਭਾਗ (ੳ) ਵਿਚ ਵਰਣਿਤ ਹੋਮ ਗਾਰਡ ਦੇ ਕਰਮਚਾਰੀਆਂ ਵਿਚੋਂ 15 ਪ੍ਰਤੀਸ਼ਤ ਕਰਮਚਾਰੀਆਂ ਦੀ ਛਾਂਟੀ ਕਰਨ ਲਈ ਸਰਕਾਰ ਦੁਆਰਾ ਕੋਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ?

ਸਰਦਾਰ ਬੇਅੰਤ ਸਿੰਘ : (ੳ) ਜ਼ਿਲ੍ਹਾ-ਵਾਰ ਸੂਚੀ ਨਥੀ ਹੈ ਜੀ।

(ਅ) ਨਹੀਂ ਜੀ ।

### ਪੰਜਾਬ ਰਾਜ ਵਿਚ ਹੋਮ ਗਾਰਡ ਕਰਮਚਾਰੀਆਂ ਦੀ ਜ਼ਿਲ੍ਹਾ-ਵਾਰ ਗਿਣਤੀ

| | | | |
|---|---|---|---|
| 1. | ਜ਼ਿਲ੍ਹਾ ਕਮਾਂਡਰ, ਪੰਜਾਬ ਹੋਮ ਗਾਰਡਜ਼, | ਅੰਮ੍ਰਿਤਸਰ | 185 |
| 2. | ,, | ਫਿਰੋਜ਼ਪੁਰ | 164 |
| 3. | ,, | ਗੁਰਦਾਸਪੁਰ | 178 |
| 4. | ,, | ਬਠਿੰਡਾ | 51 |
| 5. | ,, | ਫਰੀਦਕੋਟ | 61 |
| 6. | ,, | ਫਤਿਹਗੜ੍ਹ ਸਾਹਿਬ | 4 |
| 7. | ,, | ਹੁਸ਼ਿਆਰ ਪੁਰ | 40 |
| 8. | ,, | ਜਲੰਧਰ | 70 |
| 9. | ,, | ਕਪੂਰਥਲਾ | 11 |
| 10. | ,, | ਲੁਧਿਆਣਾ | 72 |

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

| | | | |
|---|---|---|---|
| 11. | ਪੰਜਾਬ ਹੋਮ ਗਾਰਡਜ਼ | ਮਾਨਸਾ | 4 |
| 12. | " | ਪਟਿਆਲਾ | 50 |
| 13. | " | ਰੋਪੜ | 38 |
| 14. | " | ਸੰਗਰੂਰ | 51 |

ਇਨ੍ਹਾਂ ਜ਼ਿਲ੍ਹਿਆਂ ਵਿੱਚ ਬਾਰਡਰ ਵਿੰਗ ਦੇ ਬਟਾਲੀਅਨ ਕਮਾਂਡਰ ਦੇ ਦਫਤਰਾਂ ਦੇ ਰੈਗੂਲਰ ਕਰਮਚਾਰੀਆਂ ਦੀ ਗਿਣਤੀ ਵੀ ਸ਼ਾਮਿਲ ਹੈ ।

ਉਪਰੋਕਤ ਤੋਂ ਇਲਾਵਾ ਹੇਠ ਲਿਖੇ ਸਥਾਨਾਂ ਤੇ ਪੰਜਾਬ ਹੋਮ ਗਾਰਡ ਦੇ ਰੈਗੂਲਰ ਕਰਮਚਾਰੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :--

(1) ਕਮਾਂਡੈਂਟ ਸਾਂਝੀ ਟ੍ਰੇਨਿੰਗ ਸੰਸਥਾ, ਮੋਹਾਲੀ 39

(2) ਸਟੇਟ ਹੈਡਕੁਆਟਰ, ਪੰਜਾਬ ਹੋਮ ਗਾਰਡਜ਼, ਚੰਡੀਗੜ੍ਹ 59

## ਪੰਜਾਬ ਜ਼ਮੀਨ ਵਿਕਾਸ ਅਤੇ ਸੁਧਾਰ ਕਾਰਪੋਰੇਸ਼ਨ ਦੇ ਭ੍ਰਿਸ਼ਟ ਅਫਸਰਾਂ ਦੇ ਵਿਰੁੱਧ ਜਾਂਚ-ਪੜਤਾਲ

*1299. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਜ਼ਮੀਨ ਵਿਕਾਸ ਅਤੇ ਸੁਧਾਰ ਕਾਰਪੋਰੇਸ਼ਨ ਦੇ ਕੁੱਝ ਅਫਸਰਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਲਗਾਏ ਗਏ ਦੋਸ਼ਾਂ ਦੀ ਕੋਈ ਜਾਂਚ-ਪੜਤਾਲ ਕਰਵਾਈ ਜਾ ਰਹੀ ਹੈ ? ਜੇਕਰ ਅਜਿਹਾ/ਹੋਵੇ ਤਾਂ ਅਜਿਹੇ ਅਫਸਰਾਂ ਦੇ ਨਾਂ ਅਤੇ ਅਹੁਦੇ ਕੀ ਕੀ ਹਨ ਅਤੇ ਉਕਤ ਜਾਂਚ-ਪੜਤਾਲ ਕਦੋਂ ਤਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : ਭਾਗ 1. ਹਾਂ ਜੀ ।

ਭਾਗ 2. ਸੂਚਨਾ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

ਭਾਗ 3. ਕੀਤੀਆਂ ਜਾ ਰਹੀਆਂ ਪੜਤਾਲਾਂ ਨੂੰ ਮੁਕੰਮਲ ਕਰਨ ਲਈ ਸਮੇਂ ਬਾਰੇ ਨਹੀਂ ਦਸਿਆ ਜਾ ਸਕਦਾ ।

ਵਿਜੀਲੈਂਸ ਇਨਕੁਆਇਰੀਆਂ:

1. ਸ੍ਰੀ ਰਮਿੰਦਰਜੀਤ ਸਿੰਘ, ਮਹਾਂ ਪ੍ਰਬੰਧਕ ਮੰਡੀਕਰਣ, ਚੰਡੀਗੜ੍ਹ ।
2. ਸ੍ਰੀ ਆਰ. ਕੇ. ਕਾਲੀਆ, ਖੇਤਰੀ ਪ੍ਰਬੰਧਕ ਪਟਿਆਲਾ ।

Original with;
Punjab Vidhan Sabha
Digitized by;
Panjab Digital Library

3. ਸ੍ਰੀ ਕੇ.ਐੱਲ ਸਭਰਵਾਲ, ਪ੍ਰਬੰਧਕ ਅਮਲਾ, ਚੰਡੀਗੜ੍ਹ।

4. ਸ੍ਰੀ ਐਸ.ਪੀ. ਗੁਪਤਾ, ਸਹਾਇਕ ਪ੍ਰਬੰਧਕ ਲੇਖਾ, ਚੰਡੀਗੜ੍ਹ।

ਵਿਭਾਗੀ ਇਨਕੁਆਇਰੀਆਂ:

5. ਸ੍ਰੀ ਰਮਿੰਦਰਜੀਤ ਸਿੰਘ, ਮਹਾਂ ਪ੍ਰਬੰਧਕ ਮੰਡੀਕਰਣ, ਚੰਡੀਗੜ੍ਹ।

6. ਸ੍ਰੀ ਆਰ.ਕੇ. ਕਾਲੀਆ, ਖੇਤਰੀ ਪ੍ਰਬੰਧਕ, ਪਟਿਆਲਾ।

7. ਸ੍ਰੀ ਖੁਸ਼ਵੰਤ ਸਿੰਘ, ਪ੍ਰਬੰਧਕ ਮਸ਼ੀਨਰੀ ਤੇ ਕਸਟਮ (ਮੁਅੱਤਲੀ ਅਧੀਨ)

8. ਸ੍ਰੀ ਨਰਿੰਦਰ ਪਾਲ, ਸਹਾਇਕ ਪ੍ਰਬੰਧਕ ਲੇਖਾ, ਲੁਧਿਆਣਾ।

9. ਸ੍ਰੀ ਜਸਕਰਨਜੀਤ ਸਿੰਘ, ਸੰਧੂ, ਸਹਾਇਕ ਪ੍ਰਬੰਧਕ, ਅੰਮ੍ਰਿਤਸਰ।

10. ਸ੍ਰੀ ਐਸ.ਪੀ. ਗੁਪਤਾ, ਸਹਾਇਕ ਪ੍ਰਬੰਧਕ, ਚੰਡੀਗੜ੍ਹ।

11. ਸ੍ਰੀ ਅਸ਼ੋਕ ਕਮਾਰ, ਸਹਾਇਕ ਪ੍ਰਬੰਧਕ ਬਠਿੰਡਾ।

12. ਸ੍ਰੀ ਬੀਰਬਰਿੰਦਰ ਸਿੰਘ, ਸਹਾਇਕ ਪ੍ਰਬੰਧਕ (ਮੁਅੱਤਲੀ ਅਧੀਨ)

13. ਸ੍ਰੀ ਅਮਨਬੀਰ ਸਿੰਘ ਗਰਚਾ, ਸਹਾਇਕ ਪ੍ਰਬੰਧਕ, ਜਲੰਧਰ।

---

**ਪੀ.ਐਸ.ਟੀ.ਸੀ ਦੇ ਕਸੂਰਵਾਰ ਅਫਸਰਾਂ ਦੇ ਵਿਰੁੱਧ ਕਾਰਵਾਈ**

*1300. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਦੁਆਰਾ ਪਹਿਲੀ ਜਨਵਰੀ, 1993 ਤੋਂ 20 ਦਸੰਬਰ 1993 ਤੱਕ ਦੇ ਸਮੇਂ ਦੇ ਦੌਰਾਨ ਵੱਖ ਵੱਖ ਕੰਮਾਂ ਲਈ ਕੁੱਲ ਕਿੰਨੇ ਟੈਂਡਰ ਮੰਗੇ ਗਏ;

(ਅ) ਕੀ ਇਹ ਠੀਕ ਹੈ ਕਿ ਉਕਤ ਭਾਗ (ੳ) ਵਿਚ ਵਰਣਿਤ ਟੈਂਡਰ ਨਿਯਮਾਂ ਅਨੁਸਾਰ ਨਹੀਂ ਸਨ; ਜੇਕਰ ਅਜਿਹਾ ਹੋਵੇ ਤਾਂ ਕਸੂਰਵਾਰ ਅਫਸਰਾਂ ਦੇ ਵਿਰੁਧ ਕੀ ਕਾਰਵਾਈ ਕੀਤੀ ਗਈ ?

ਸਰਦਾਰ ਬੇਅੰਤ ਸਿੰਘ: (ੳ) ਸੱਤ ਨੰਬਰ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਅ) ਛੇ ਨੰਬਰ ਟੈਂਡਰ ਨਿਯਮਾਂ ਅਨੁਸਾਰ ਸਨ ਅਤੇ ਇਕ ਕੇਸ ਵਿੱਚ ਚੌਕਸੀ ਵਿਭਾਗ ਵਲੋਂ ਪੜਤਾਲ ਕੀਤੀ ਜਾ ਰਹੀ ਹੈ।

---

ਜ਼ਿਲ੍ਹਾ ਮਾਨਸਾ ਵਿਚ ਨਵੀਆਂ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਖੋਲ੍ਹਣਾ

*1303. (ਸੀ..ਯੂ) ਕਾਮਰੇਡ ਹਰਦੇਵ ਅਰਸ਼ੀ: ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲਾਂ 1992-93 ਅਤੇ 1993-94 ਦੇ ਦੌਰਾਨ ਜ਼ਿਲ੍ਹਾ ਮਾਨਸਾ ਵਿਚ ਖੋਲ੍ਹੀਆਂ ਗਈਆਂ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਹ ਕਿਹੜੇ ਕਿਹੜੇ ਪਿੰਡਾਂ ਵਿਚ ਖੋਲ੍ਹੀਆਂ ਗਈਆਂ ?

ਸਰਦਾਰ ਹਰਬੰਸ ਸਿੰਘ ਸਿੱਧੂ :

| ਸਾਲ | ਖੋਲ੍ਹੀਆਂ ਗਈਆਂ ਡਿਸਪੈਂਸਰੀਆਂ ਦੀ ਗਿਣਤੀ | ਪਿੰਡ ਦਾ ਨਾਂ |
|---|---|---|
| 1992-93 | ਕੋਈ ਨਹੀਂ | ਕੋਈ ਨਹੀਂ |
| 1993-94 | 5 | 1. ਬੁਰਜਰਾਠੀ |
| | | 2. ਚੁਕੇਰੀਆਂ |
| | | 3. ਕਿਸ਼ਨਗੜ੍ਹ |
| | | 4. ਕਾਹਨਗੜ੍ਹ |
| | | 5. ਧਰਮਪੁਰਾ। |

ਸਹਿਕਾਰਤਾ ਵਿਭਾਗ ਦੇ ਅਫਸਰਾਂ ਦੇ ਸੇਵਾ ਕਾਲ ਵਿੱਚ ਵਾਧਾ ਕਰਨਾ

*1306. (ਸੀ..ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਹਿਕਾਰਤਾ ਵਿਭਾਗ ਵਿੱਚ ਕੰਮ ਕਰ ਰਹੇ ਅਜਿਹੇ ਅਫਸਰਾਂ ਦੀ ਕੁੱਲ ਗਿਣਤੀ, ਨਾਂ ਅਤੇ ਅਹੁਦੇ ਕੀ ਕੀ ਹਨ, ਜਿਨ੍ਹਾਂ ਦੇ ਸੇਵਾ ਕਾਲ ਵਿੱਚ ਸਾਲ 1993 ਦੇ ਦੌਰਾਨ ਵਾਧਾ ਕੀਤਾ ਗਿਆ ਅਤੇ ਹਰ ਇੱਕ ਕੇਸ ਵਿੱਚ ਸੇਵਾ ਕਾਲ ਵਿੱਚ ਵਾਧਾ ਕਰਨ ਦੇ ਵਿਸ਼ੇਸ਼ ਕਾਰਨ ਕੀ ਹਨ?

ਸ੍ਰੀ ਸੱਜਨ ਕੁਮਾਰ ਜਾਖੜ : ਸਾਲ 1993 ਦੌਰਾਨ ਸਹਿਕਾਰਤਾ ਵਿਭਾਗ ਵਿੱਚ ਕੰਮ ਕਰ ਰਹੇ ਕਿਸੇ ਵੀ ਅਫਸਰ ਦੀ ਸੇਵਾ ਕਾਲ ਵਿੱਚ ਵਾਧਾ ਨਹੀਂ ਕੀਤਾ ਗਿਆ।

---

Original with;
Punjab Vidhan Sabha
Digitized by;
Panjab Digital Library

ਆਫਥਾਲਮਿਕ ਸਹਾਇਕਾਂ ਦੀਆਂ ਆਸਾਮੀਆਂ ਭਰਨਾ

*1307. ਕਾਮਰੇਡ ਹਰਦੇਵ ਅਰਸ਼ੀ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਕਿਰਪਾ ਕਰਕੇ ਦੱਸਣਗੇ ਕਿ 30 ਨਵੰਬਰ, 1993 ਨੂੰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿਚ ਆਫਥਾਲਮਿਕ ਸਹਾਇਕਾਂ ਦੀਆਂ ਕੁੱਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਸਨ ਅਤੇ ਕਿੰਨੀਆਂ ਆਸਾਮੀਆਂ ਹੁਣ ਤੱਕ ਭਰ ਲਈਆਂ ਗਈਆਂ ਹਨ ?

ਸਰਦਾਰ ਹਰਚਰਨ ਸਿੰਘ ਬਰਾੜ : ਲੋੜੀਂਦੀ ਸੂਚਨਾ ਹੇਠ ਅਨੁਸਾਰ ਹੈ:—

(1) ਮਿਤੀ 30 ਨਵੰਬਰ, 1993 ਤੱਕ ਖਾਲੀ ਆਸਾਮੀਆਂ ... 36

(2) ਹੁਣ ਤੱਕ ਭਰੀਆਂ ਆਸਾਮੀਆਂ ... 24

---

ਜ਼ਿਲ੍ਹਾ ਰੋਪੜ ਵਿਚ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਨੂੰ ਭਰਨਾ

*1319. (ਸੀ.ਯੂ.) ਡਾਕਟਰ ਰਮੇਸ਼ ਦੱਤ ਸ਼ਰਮਾ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਰੋਪੜ ਵਿਚ ਇਸ ਸਮੇਂ ਸਰਕਾਰੀ ਹਸਪਤਾਲਾਂ/ ਡਿਸਪੈਂਸਰੀਆਂ ਵਿਚ ਡਾਕਟਰਾਂ ਦੀਆਂ ਕੁਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਉਕਤ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦਾ ਪ੍ਰਸਤਾਵ ਹੈ ?

ਸਰਦਾਰ ਹਰਚਰਨ ਸਿੰਘ ਬਰਾੜ : ਇਸ ਸਮੇਂ 6 ਆਸਾਮੀਆਂ ਐਲੋਪੈਥਿਕ ਸਾਈਡ ਤੇ ਖਾਲੀ ਹਨ । ਇਹਨਾਂ ਖਾਲੀ ਆਸਾਮੀਆਂ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ ਪਾਸੋਂ ਚੁਣੇ ਉਮੀਦਵਾਰਾਂ ਦੀ ਸਿਫਾਰਸ਼ ਪ੍ਰਾਪਤ ਹੋਣ ਤੇ ਸ਼ੀਘਰ ਹੀ ਭਰਿਆ ਜਾਵੇਗਾ, ਜਿਨ੍ਹਾਂ ਨੂੰ ਮਹੀਨਾ ਸਤੰਬਰ, 1993 ਵਿਚ ਮੰਗ ਪੱਤਰ ਭੇਜਿਆ ਗਿਆ ਸੀ।

ਹੋਮੀਓਪੈਥਿਕ/ਆਯੂਰਵੇਦਿਕ ਸਾਈਡ ਤੇ ਕੋਈ ਡਾਕਟਰ ਦੀ ਆਸਾਮੀ ਖਾਲੀ ਨਹੀਂ ਹੈ।

---

ਪੰਜਾਬ ਲੋਕ ਸੇਵਾ ਕਮਿਸ਼ਨ ਦੇ ਅਧਿਕਾਰ ਖੇਤਰ ਵਿਚੋਂ ਕੱਢੀਆਂ ਗਈਆਂ ਆਸਾਮੀਆਂ

*1321. (ਸੀ..ਯੂ.) (1) ਕਾਮਰੇਡ ਹਰਦੇਵ ਅਰਸ਼ੀ
(2) ਸ਼੍ਰੀਮਤੀ ਵਿਮਲਾ ਡਾਂਗ } : ਕੀ ਸਿੱਖਿਆ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਸਾਲ 1992-93 ਅਤੇ 1993-94 (ਹੁਣ ਤੱਕ) ਦੇ ਦੌਰਾਨ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਅਧਿਕਾਰ ਖੇਤਰ ਵਿਚੋਂ ਕੱਢੀਆਂ ਗਈਆਂ ਸਿਖਿਆ ਵਿਭਾਗ ਦੀਆਂ ਆਸਾਮੀਆਂ ਦੀ ਸ਼੍ਰੇਣੀ-ਵਾਰ ਗਿਣਤੀ ਕਿੰਨੀ ਕਿੰਨੀ ਹੈ ?

Original with;
Punjab Vidhan Sabha
Digitized by;
Panjab Digital Library

ਸਰਦਾਰ ਲਖਮੀਰ ਸਿੰਘ ਰੰਧਾਵਾ : ਕੋਈ ਵੀ ਆਸਾਮੀ ਸਾਲ 1992-93 ਦੌਰਾਨ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਖੇਤਰ ਤੋਂ ਬਾਹਰ ਨਹੀਂ ਕੱਢੀ ਗਈ ਸੀ। ਸਾਲ 1993-94 ਦੌਰਾਨ ਕਾਲਜ ਲੈਕਚਰਾਰਾਂ ਦੀਆਂ 245 ਆਸਾਮੀਆਂ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਖੇਤਰ ਤੋਂ ਬਾਹਰ ਕੱਢੀਆਂ ਗਈਆਂ ਹਨ।

---

## ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਵਿਚ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਸਾਇੰਸ ਕਾਮਰਸ/ਕਿੱਤੇ ਸਬੰਧੀ ਕਲਾਸਾਂ ਚਾਲੂ ਕਰਨੀਆਂ

*1324. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) 1 ਜਨਵਰੀ, 1993 ਨੂੰ ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ ਕਿੰਨੀ ਸੀ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਸਕੂਲਾਂ ਵਿਚੋਂ ਉਨ੍ਹਾਂ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ 1 ਜਨਵਰੀ, 1993 ਨੂੰ ਸਾਇੰਸ/ਕਾਮਰਸ/ਕਿੱਤੇ ਸਬੰਧੀ ਗਰੁੱਪ ਚਾਲੂ ਕੀਤੇ ਗਏ ?

ਸਰਦਾਰ ਲਖਮੀਰ ਸਿੰਘ ਰੰਧਾਵਾ : ਲੋੜੀਂਦੀ ਸੂਚਨਾ ਹੇਠ ਦਿੱਤੀ ਜਾਂਦੀ ਹੈ :--

(ੳ)

| ਜ਼ਿਲ੍ਹਾ | ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ |
|---|---|
| ਬਠਿੰਡਾ | 23 |
| ਮਾਨਸਾ | 11 |

(ਅ)

| | 1-1-93 ਤੱਕ ਸਾਇੰਸ | 1-1-93 ਤੱਕ ਕਾਮਰਸ | 1-1-93 ਤੱਕ ਵੋਕੇਸ਼ਨਲ |
|---|---|---|---|
| ਬਠਿੰਡਾ | 19 | 15 | 14 |
| | 11 | 10 | 5 |

Original with;
Punjab Vidhan Sabha
Digitized by;
Panjab Digital Library

**ਸਸਤੇ ਭਾਅ ਦੀਆਂ ਦੁਕਾਨਾਂ ਰਾਹੀਂ ਸਪਲਾਈ ਕੀਤੀਆਂ ਜਾਂਦੀਆਂ ਵਸਤਾਂ ਦੀ ਕੀਮਤ ਸੂਚੀ**

*1329. **(ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਵੇਲੇ ਸਰਕਾਰੀ ਰਾਸ਼ਨ ਡਿਪੂਆਂ ਰਾਹੀਂ ਕਿੰਨੀਆਂ ਜ਼ਰੂਰੀ ਵਸਤਾਂ ਸਪਲਾਈ ਕੀਤੀਆਂ ਜਾ ਰਹੀਆਂ ਹਨ ਅਤੇ ਹਰ ਇਕ ਵਸਤੂ ਦੀ ਪ੍ਰਤੀ ਕਿਲੋਗ੍ਰਾਮ ਕੀਮਤ ਕਿੰਨੀ ਹੈ ?

**ਸਰਦਾਰ ਲਾਲ ਸਿੰਘ** : ਲੋਕ ਵੰਡ ਪ੍ਰਣਾਲੀ ਅਧੀਨ ਹੇਠ ਲਿਖੀਆਂ ਵਸਤਾਂ ਸਰਕਾਰੀ ਰਾਸ਼ਨ ਡੀਪੂਆਂ ਦੁਆਰਾ ਵੰਡੀਆਂ ਜਾਂਦੀਆਂ ਹਨ :-

1. ਕਣਕ/ਕਣਕ ਦਾ ਆਟਾ
2. ਚਾਵਲ
3. ਲੈਵੀ ਖੰਡ
4. ਪਾਮੋਲੀਨ
5. ਮਿੱਟੀ ਦਾ ਤੇਲ

ਇਨ੍ਹਾਂ ਵਸਤਾਂ ਦੀਆਂ ਕੀਮਤਾਂ ਨਾਲ ਨੱਥੀ ਅਨੁਲੱਗ-1 ਵਿਚ ਦਰਸਾਈਆਂ ਗਈਆਂ ਹਨ।

ਅਨੁਲੱਗ-1

| ਲੜੀ ਨੰ: | ਵਸਤੂ ਦਾ ਨਾਂ | ਕੀਮਤ ਪ੍ਰਤੀ ਕਿਲੋਗ੍ਰਾਮ |
|---|---|---|
| 1. | (ੳ) ਕਣਕ | .. 4.05 ਰੁਪਏ ਪ੍ਰਤੀ ਕਿਲੋਗ੍ਰਾਮ |
| | (ਅ) ਕਣਕ ਦਾ ਆਟਾ (ਖੁੱਲ੍ਹਾ) | .. 4.60 ਰੁਪਏ ਪ੍ਰਤੀ ਕਿਲੋਗ੍ਰਾਮ |
| | (ੲ) ਕਣਕ ਦਾ ਆਟਾ (ਥੈਲੀਆਂ ਵਿੱਚ) | .. 48.86 ਰੁਪਏ ਪ੍ਰਤੀ 10 ਕਿਲੋਗ੍ਰਾਮ ਦੀ ਥੈਲੀ। |
| 2. | ਪੀ.ਆਰ.-106 ਚਾਵਲ | .. 6.79 ਰੁਪਏ ਪ੍ਰਤੀ ਕਿਲੋਗ੍ਰਾਮ |
| 3. | ਲੈਵੀ ਖੰਡ | .. 9.05 ਰੁਪਏ ਪ੍ਰਤੀ ਕਿਲੋਗ੍ਰਾਮ। |

Original with;
Punjab Vidhan Sabha
Digitized by;
Panjab Digital Library

[ ਖੁਰਾਕ ਅਤੇ ਸਪਲਾਈਜ਼ ਮੰਤਰੀ ]

| ਲੜੀ ਨੰ: ਵਸਤੂ ਦਾ ਨਾਂ | | ਕੀਮਤ ਪ੍ਰਤੀ ਕਿਲੋਗ੍ਰਾਮ |
|---|---|---|
| 4. ਪਾਮੋਲੀਨ | .. | 34.00 ਰੁਪਏ ਪ੍ਰਤੀ ਕਿਲੋਗ੍ਰਾਮ। |
| 5. ਮਿੱਟੀ ਦਾ ਤੇਲ: | .. | 2.70 ਰੁਪਏ ਤੋਂ ਲੈਕੇ 3.00 ਰੁਪਏ ਪ੍ਰਤੀ ਲੀਟਰ। (ਮਿੱਟੀ ਦੇ ਤੇਲ ਦੀਆਂ ਕੀਮਤਾਂ ਕੰਪਨੀ ਸਟੋਰ ਪੁਆਇੰਟ ਤੋਂ ਹੋਲ ਸੇਲ ਪੁਆਇੰਟ ਅਤੇ ਅਗੇ ਸਸਤੇ ਭਾਅ ਦੀ ਦੁਕਾਨ/ਰਿਟੇਲ ਲਾਇਸੰਸ ਦੀ ਦੁਕਾਨ ਦੀ ਦੂਰੀ ਤੇ ਨਿਰਭਰ ਕਰਦੀ ਹੈ। |

## ਅੰਮ੍ਰਿਤਸਰ ਅਤੇ ਮਾਨਸਾ ਜ਼ਿਲ੍ਹਿਆਂ ਵਿਚ ਨਵੀਆਂ ਪੰਚਾਇਤਾਂ ਬਣਾਉਣਾ

*1332. (ਸੀ.ਯੂ.)ਕਾਮਰੇਡ ਹਰਦੇਵ ਅਰਸ਼ੀ: ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਹਾਲ ਹੀ ਵਿਚ ਹੋਈਆਂ ਪੰਚਾਇਤ ਚੋਣਾਂ ਤੋਂ ਪਹਿਲਾਂ ਇਕ ਮਹੀਨੇ ਦੇ ਦੌਰਾਨ ਅੰਮ੍ਰਿਤਸਰ ਅਤੇ ਮਾਨਸਾ ਜ਼ਿਲ੍ਹਿਆਂ ਵਿਚ ਕਿੰਨੀਆਂ ਕਿੰਨੀਆਂ ਨਵੀਆਂ ਪੰਚਾਇਤਾਂ ਬਣਾਈਆਂ ਗਈਆਂ;

(ਅ) ਉਕਤ ਦੋਹਾਂ ਜ਼ਿਲ੍ਹਿਆ ਦੇ ਉਨ੍ਹਾਂ ਪਿੰਡਾਂ ਦੇ ਬਲਾਕ-ਵਾਰ ਨਾਂ ਕੀ ਕੀ ਹਨ ਜਿਨ੍ਹਾਂ ਪਾਸੋਂ ਨਵੀਆਂ ਪੰਚਾਇਤਾਂ ਬਣਾਉਣ ਲਈ ਅਰਜ਼ੀਆਂ ਜ਼ਿਲ੍ਹਾ ਅਧਿਕਾਰੀਆਂ ਨੂੰ ਪ੍ਰਾਪਤ ਹੋਈਆਂ ਪਰੰਤੂ ਉਨ੍ਹਾਂ ਦਾ ਫੈਸਲਾ ਹੋਣਾ ਅਜੇ ਪੈਂਡਿੰਗ ਹੈ ਅਤੇ ਇਨ੍ਹਾਂ ਅਰਜ਼ੀਆਂ ਦਾ ਨਿਪਟਾਰਾਂ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

ਮਾਸਟਰ ਜਾਗੀਰ ਸਿੰਘ: (ੳ) ਅੰਮ੍ਰਿਤਸਰ 81 ਅਤੇ ਮਾਨਸਾ ਕੋਈ ਨਹੀਂ।

(ਅ) ਜ਼ਿਲ੍ਹਾ ਅਧਿਕਾਰੀਆਂ ਪਾਸ ਇਹੋ ਜਿਹੀ ਕੋਈ ਅਰਜ਼ੀ ਪੈਂਡਿੰਗ ਨਹੀ ਹੈ।

Original with;
Punjab Vidhan Sabha
Digitized by;
Panjab Digital Library

## ਨਕਲੀ ਅਤੇ ਘਟੀਆ ਖਾਦਾਂ ਦੀ ਵਿਕਰੀ ਵਿਰੁੱਧ ਕਾਰਵਾਈ

*1338. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਖਾਦਾਂ ਦੀ ਵੰਡ ਦੇ ਵਪਾਰ ਵਿਚ ਲੱਗੀਆਂ ਅਜਿਹੀਆਂ ਪ੍ਰਾਈਵੇਟ ਫਰਮਾਂ ਦੀ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਦੇ ਗੁਦਾਮਾਂ ਤੇ ਖੇਤੀਬਾੜੀ ਵਿਭਾਗ ਦੇ ਅਫ਼ਸਰਾਂ ਦੁਆਰਾ ਮਾਰਚ, 1991 ਵਿਚ ਛਾਪੇ ਮਾਰੇ ਗਏ ਸਨ ਅਤੇ ਉਨ੍ਹਾਂ ਫਰਮਾਂ/ਡਿਸਟ੍ਰੀਬਿਊਟਰਾਂ ਦੇ ਨਾਂ ਕੀ ਕੀ ਹਨ ਜੋ ਉਕਤ ਛਾਪਿਆਂ ਦੌਰਾਨ ਨਕਲੀ ਜਾਂ ਘਟੀਆ ਖਾਦਾਂ ਦੀ ਵਿਕਰੀ ਕਰਦੀਆਂ ਪਾਈਆਂ ਗਈਆਂ ;

(ਅ) ਅਜਿਹੀਆਂ ਫਰਮਾਂ, ਜੋ ਨਕਲੀ, ਜਾਂ ਘਟੀਆ ਖਾਦਾਂ ਦੀ ਵਿਕਰੀ ਕਰਦੀਆਂ ਪਾਈਆਂ ਗਈਆਂ ਸਨ, ਦੇ ਵਿਰੁੱਧ ਕੀਤੀ ਗਈ ਕਾਰਵਾਈ, ਜੇਕਰ ਕੋਈ ਹੋਵੇ, ਦੇ ਵੇਰਵੇ ਕੀ ਹਨ ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ :** (ੳ) (i) ਮਾਰਚ, 1991 ਦੌਰਾਨ ਖਾਦਾਂ ਦੀ ਵੰਡ ਨੂੰ ਡੀਲ ਕਰਦੀਆਂ 82 ਪ੍ਰਾਈਵੇਟ ਫਰਮਾਂ ਦੇ ਗੁਦਾਮਾਂ ਤੇ ਛਾਪੇ ਮਾਰੇ ਗਏ।

(ii) ਇਨ੍ਹਾਂ ਛਾਪਿਆਂ ਦੌਰਾਨ ਸਿਰਫ ਇੱਕ ਫਰਮ ਮੈਸ: ਫੌਜੀ ਖਾਦ ਸਟੋਰ ਢਾਹਾਂ, ਜ਼ਿਲ੍ਹਾ ਜਲੰਧਰ, ਸਬ-ਸਟੈਂਡਰਡ ਖਾਦ ਵੇਚਦੀ ਪਾਈ ਗਈ।

(ਅ) ਮੈਸ: ਫੌਜੀ ਖਾਦ ਸਟੋਰ, ਢਾਹਾਂ ਦਾ ਰਜਿਸਟਰੇਸ਼ਨ ਸਰਟੀਫਿਕੇਟ ਰੱਦ ਕਰ ਦਿੱਤਾ ਗਿਆ ਹੈ ਅਤੇ ਪੁਲਿਸ ਕੇਸ ਦਰਜ ਕਰਾ ਦਿਤਾ ਗਿਆ ਹੈ ਕੇਸ ਪੁਲਿਸ ਪਾਸ ਤਫਤੀਸ਼ ਅਧੀਨ ਹੈ।

## ਮਾਲੀ ਤੌਰ ਤੇ ਕਮਜ਼ੋਰ ਮਿਊਨਿਸਪਲ ਕਮੇਟੀਆਂ ਨੂੰ ਵਿਸ਼ੇਸ਼ ਸਹਾਇਤਾ

*1341. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਰਾਜ ਵਿਚ 'ਬੀ' ਅਤੇ 'ਸੀ' ਸ਼ਰੇਣੀਆਂ ਦੀਆਂ ਮਾਲੀ ਤੌਰ ਤੇ ਕਮਜ਼ੋਰ ਕਿਸੇ ਮਿਊਨਿਸਪਲ ਕਮੇਟੀਆਂ ਨੂੰ ਵਿੱਤੀ ਸਾਲ 1993-94 ਦੇ ਦੌਰਾਨ ਉਨ੍ਹਾਂ ਨੇ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਲਈ ਕੋਈ ਵਿਸ਼ੇਸ਼ ਸਹਾਇਤ ਦਿਤੀ ਗਈ ਹੈ ਜਾਂ ਦਿਤੇ ਜਾਣ ਦੀ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

**ਡਾਕਟਰ ਕੇਵਲ ਕ੍ਰਿਸ਼ਨ :** ਰਾਜ ਸਰਕਾਰ ਵੱਲੋਂ ਮਾਲੀ ਸਾਲ 1993-94 ਦੌਰਾਨ 'ਬੀ' ਅਤੇ 'ਸੀ' ਕਲਾਸ ਨਗਰਪਾਲਿਕਾਵਾਂ ਨੂੰ 1062.50 ਲੱਖ ਰੁਪਏ ਵਿਕਾਸ ਦੇ ਕੰਮਾਂ ਲਈ ਐਲੋਕੇਟ ਕੀਤੇ ਹਨ।

Original with;
Punjab Vidhan Sabha
Digitized by;
Panjab Digital Library

### ਰੋਜ਼ਾਨਾ ਲਾਟਰੀਆਂ ਤੋਂ ਸਰਕਾਰ ਨੂੰ ਮਾਲੀ ਲਾਭ

*1342. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਰਕਾਰ ਦੁਆਰਾ ਚਲਾਈ ਜਾ ਰਹੀ ਰੋਜ਼ਾਨਾ ਲਾਟਰੀਆਂ ਦੀ ਮੌਜੂਦਾ ਪ੍ਰਣਾਲੀ ਕਦੋਂ ਤੋਂ ਚਾਲੂ ਹੈ ;

(ਅ) ਸਰਕਾਰ ਨੂੰ ਉਕਤ ਲਾਟਰੀਆਂ ਤੋਂ ਹੁਣ ਤੱਕ ਕੁੱਲ ਕਿੰਨਾ ਮਾਲੀ ਲਾਭ ਹੋਇਆ ;

(ੲ) ਕੀ ਸਰਕਾਰ ਰੋਜ਼ਾਨਾ ਲਾਟਰੀਆਂ ਦੀ ਉਕਤ ਪ੍ਰਣਾਲੀ ਨੂੰ ਬੰਦ ਕਰਨ ਦਾ ਵਿਚਾਰ ਰੱਖਦੀ ਹੈ ?

**ਡਾਕਟਰ ਕੇਵਲ ਕ੍ਰਿਸ਼ਨ** :(ੳ) 17 ਅਗਸਤ, 1992 ਤੋਂ ।

(ਅ) ਸਾਲ 1992-93 ... 545.90 ਲੱਖ

ਸਾਲ 1993-94 (15 ਦਸੰਬਰ ਤਕ) .. 1275.80 ਲੱਖ

ਸਾਲ 1993-94 (ਐਕਸਪੈਕਟਡ 31 ਮਾਰਚ, 1994) ... 1700.00 ਲੱਖ ਅਨੁਮਾਨਤ

(ੲ) ਨਹੀਂ ਜੀ।

---

### ਸਰਕਾਰੀ ਅਫਸਰਾਂ ਦੇ ਵਿਦੇਸ਼ੀ ਦੌਰਿਆਂ ਤੇ ਖਰਚਾ

*1344. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿਚ ਅਜਿਹੇ ਆਈ.ਏ.ਐਸ. ਅਤੇ ਪੀ.ਸੀ.ਐਸ. ਅਫ਼ਸਰਾਂ ਦੀ ਗਿਣਤੀ ਕਿੰਨੀ ਹੈ ਜਿਹੜੇ 1 ਜਨਵਰੀ, 1993 ਤੋਂ 31 ਜੁਲਾਈ, 1993 ਤੱਕ ਦੇ ਸਮੇਂ ਦੇ ਦੌਰਾਨ ਸਰਕਾਰੀ ਡਿਊਟੀ ਤੇ ਵਿਦੇਸ਼ੀ ਦੌਰਿਆਂ ਤੇ ਗਏ ;

(ਅ) ਉਕਤ ਵਿਦੇਸ਼ੀ ਦੌਰਿਆਂ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ?

**ਸਰਦਾਰ ਬੇਅੰਤ ਸਿੰਘ** : (ੳ) 6 (ਸਾਰੇ ਆਈ.ਏ.ਐਸ. ਅਧਿਕਾਰੀ)

(ਅ) 7,81,255.79 ਰੁਪਏ ।

---

Original with;
Punjab Vidhan Sabha
Digitized by;
Panjab Digital Library

### ਸਰਕਾਰੀ ਅਫਸਰਾਂ ਦੇ ਵਿਦੇਸ਼ੀ ਦੌਰਿਆਂ ਤੇ ਖਰਚਾ

*1345. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿਚ ਅਜਿਹੇ ਆਈ.ਪੀ.ਐਸ. ਅਫ਼ਸਰਾਂ ਦੀ ਗਿਣਤੀ ਕਿੰਨੀ ਹੈ ਜਿਹੜੇ 1 ਜਨਵਰੀ, 1993 ਤੋਂ 31 ਜੁਲਾਈ, 1993 ਤੱਕ ਦੇ ਸਮੇਂ ਦੇ ਦੌਰਾਨ ਸਰਕਾਰੀ ਡਿਊਟੀ ਤੇ ਵਿਦੇਸ਼ੀ ਦੌਰਿਆਂ ਤੇ ਗਏ ;

(ਅ) ਉਕਤ ਵਿਦੇਸ਼ੀ ਦੌਰਿਆਂ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ?

ਸਰਦਾਰ ਬੇਅੰਤ ਸਿੰਘ : (ੳ) ਮਿਤੀ 1 ਜਨਵਰੀ, 1993 ਤੋਂ 31 ਜੁਲਾਈ, 1993 ਦੇ ਸਮੇਂ ਦੌਰਾਨ ਰਾਜ ਦਾ ਕੋਈ ਆਈ.ਪੀ.ਐਸ. ਅਫਸਰ ਸਰਕਾਰੀ ਡਿਊਟੀ ਤੇ ਵਿਦੇਸ਼ੀ ਦੌਰੇ ਤੇ ਨਹੀਂ ਗਿਆ।

(ਅ) ਕੁੱਝ ਨਹੀਂ ਜੀ।

---

### ਖੇਡ ਸੰਗਠਨ ਜਿਨ੍ਹਾਂ ਦੇ ਮੁੱਖੀ ਆਈ.ਏ.ਐਸ., ਆਈ.ਪੀ.ਐਸ. ਅਤੇ ਪੀ.ਸੀ.ਐਸ. ਅਫਸਰ ਹਨ

*1346. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਯੁਵਕ ਸੇਵਾਵਾਂ ਅਤੇ ਖੇਡਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਇਸ ਸਮੇਂ ਅਜਿਹੇ ਖੇਡ ਸੰਗਠਨਾਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਨ੍ਹਾਂ ਦੇ ਮੁੱਖੀ ਆਈ.ਏ.ਐਸ. ਆਈ.ਪੀ.ਐਸ. ਅਤੇ ਪੀ.ਸੀ.ਐਸ. ਅਫ਼ਸਰ ਹਨ ?

ਸ੍ਰੀ ਮਹਿੰਦਰ ਸਿੰਘ ਕੇ.ਪੀ : ਨੌਂ (9) ।

### ਪਨਸਪ ਦੁਆਰਾ ਨਿਰਮਾ ਸਾਬਣ ਅਤੇ ਧੁਆਈ (ਵਾਸ਼ਿੰਗ) ਪਾਊਡਰ ਦੀ ਖਰੀਦ

*1347. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਖੁਰਾਕ ਅਤੇ ਸਪਲਾਈਜ਼ ਮੰਤਰ ਕਿਰਪਾ ਕਰਕੇ ਦੱਸਣਗੇ ਕਿ--

(ੳ) ਸਾਲ 1993 ਦੌਰਾਨ ਪਨਸਪ ਦੁਆਰਾ ਖਰੀਦੇ ਗਏ ਨਿਰਮਾ ਸਾਬਣ ਅਤੇ ਵਾਸ਼ਿੰਗ ਪਾਊਡਰ ਦੀ ਕੁੱਲ ਲਾਗਤ ਕਿੰਨੀ ਹੈ ਅਤੇ ਇਨ੍ਹਾਂ ਦੀ ਖਰੀਦ ਦਾ ਮੰਤਵ ਕੀ ਸੀ ;

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਹਰਦੇਵ ਅਰਸ਼ੀ ]

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਨਿਰਮਾ ਸਾਬਣ ਅਤੇ ਵਾਸ਼ਿੰਗ ਪਾਊਡਰ ਦੀ ਖਰੀਦ ਲਈ ਅਪਣਾਈਆਂ ਗਈਆਂ ਸ਼ਰਤਾਂ ਅਤੇ ਕਸੌਟੀ ਕੀ ਹੈ ?

**ਸਰਦਾਰ ਲਾਲ ਸਿੰਘ :** (ੳ) ਲਗਭਗ ਰੁ: 1.09 ਕਰੋੜ । ਇਨ੍ਹਾਂ ਵਸਤੂਆਂ ਨੂੰ ਠੀਕ ਕੀਮਤ ਵਾਲੀਆਂ ਦੁਕਾਨਾਂ/ਪਨਸਪ ਦੀਆਂ ਪ੍ਰਚੂਨ ਦੁਕਾਨਾਂ ਰਾਹੀਂ ਵੇਚਿਆ ਜਾਣਾ ਸੀ।

(ਅ) ਨਿਰਮਾ ਸਾਬਣ ਅਤੇ ਧੁਲਾਈ ਦਾ ਪਾਊਡਰ ਪ੍ਰਾਂਤ ਵਿੱਚ ਰਾਸ਼ਨ ਕਾਰਡ ਹੋਲਡਰਾਂ ਦੀ 50 ਪ੍ਰਤੀਸ਼ਤ ਸ਼ਹਿਰੀ ਅਤੇ 20 ਪ੍ਰਤੀਸ਼ਤ ਪੇਂਡੂ ਖਪਤ ਲਈ ਖਰੀਦਿਆ ਗਿਆ ਸੀ।

---

**ਰਾਜ ਵਿਚ ਮੈਡੀਕਲ ਕਾਲਜਾਂ ਵਿਚ "ਮੁਫਤ" ਸੀਟਾਂ ਅਤੇ "ਅਦਾਇਗੀ ਵਾਲੀਆਂ" ਸੀਟਾਂ ਸਬੰਧੀ ਸੁਪਰੀਮ ਕੋਰਟ ਦਾ ਫੈਸਲਾ ਲਾਗੂ ਕਰਨਾ**

***1350. (ਸੀ.ਯੂ.) (1) ਕਾਮਰੇਡ ਹਰਦੇਵ ਅਰਸ਼ੀ**
**(2) ਸ਼੍ਰੀਮਤੀ ਵਿਮਲਾ ਡਾਂਗ** } : ਕੀ ਡਾਕਟਰੀ ਸਿੱਖਿਆ ਅਤੇ ਖੋਜ ਅਤੇ ਸਰਕਾਰੀ ਮੈਡੀਕਲ ਅਤੇ ਡੈਂਟਲ ਕਾਲਜਾਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਰਾਜ ਵਿਚ ਉਨ੍ਹਾਂ ਪ੍ਰਾਈਵੇਟ ਕਾਲਜਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਮੈਡੀਕਲ ਕੌਂਸਲ ਆਫ਼ ਇੰਡੀਆ ਦੁਆਰਾ ਮਾਨਤਾ ਦਿੱਤੀ ਗਈ ਹੈ ਅਤੇ ਉਸ ਯੂਨੀਵਰਸਿਟੀ ਦਾ ਨਾਂ ਕੀ ਹੈ ਜਿਸ ਨਾਲ ਇਹ ਸਾਰੇ ਸਬੰਧਤ ਹਨ ;

(ਅ) ਕੀ ਉਕਤ ਕਾਲਜਾਂ ਨੇ "ਮੁਫਤ" ਅਤੇ "ਅਦਾਇਗੀ ਵਾਲੀਆਂ" ਸੀਟਾਂ ਸਬੰਧੀ ਸੁਪਰੀਮ ਕੋਰਟ ਦੇ ਫੈਸਲੇ ਨੂੰ ਲਾਗੂ ਕਰ ਦਿੱਤਾ ਹੈ ਜੇਕਰ ਕਰ ਦਿੱਤਾ ਹੈ, ਤਾਂ ਉਕਤ ਹਰ ਇਕ ਕਾਲਜ ਵਿਚ ਐਮ.ਬੀ.ਬੀ.ਐਸ. ਲਈ 'ਮੁਫਤ" ਅਤੇ "ਅਦਾਇਗੀ ਵਾਲੀਆਂ" ਸੀਟਾਂ ਦੀ ਗਿਣਤੀ ਕਿੰਨੀ ਕਿੰਨੀ ਹੈ ਅਤੇ ਹਰ ਕਿਸਮ ਦੀ ਸੀਟ ਲਈ ਵਸੂਲ ਕੀਤੀ ਜਾ ਰਹੀ ਫੀਸ ਦੀ ਦਰ ਕੀ ਹੈ ? ਜੇਕਰ ਨਹੀਂ ਤਾਂ ਉਸ ਦੇ ਕਾਰਨ ਕੀ ਹਨ?

**ਸ਼੍ਰੀ ਬ੍ਰਹਮ ਮਹਿੰਦਰਾ :** (ੳ) ਦਿਆਨੰਦ ਮੈਡੀਕਲ ਕਾਲਜ ਲੁਧਿਆਣਾ ਅਤੇ ਕਰਿਸ਼ਚਨ ਮੈਡੀਕਲ ਕਾਲਜ, ਲੁਧਿਆਣਾ ਪ੍ਰਾਈਵੇਟ ਮੈਡੀਕਲ ਕਾਲਜ ਹਨ, ਜਿਨ੍ਹਾਂ ਨੂੰ ਮੈਡੀਕਲ ਕੌਂਸਲ ਆਫ ਇੰਡੀਆਂ ਵਲੋਂ ਮਾਨਤਾ ਦਿੱਤੀ ਗਈ ਹੈ ਅਤੇ ਇਹ ਦੋਵੇਂ ਕਾਲਜਾਂ ਦਾ ਸਬੰਧ ਪੰਜਾਬ ਯੂਨੀਵਰਸਿਟੀ [illegible] ਹੈ।

Original with;
Punjab Vidhan Sabha
Digitized by;
Panjab Digital Library

(ਅ) ਦਿਆਨੰਦ ਮੈਡੀਕਲ ਕਾਲਜ, ਲੁਧਿਆਣਾ ਨੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਲਾਗੂ ਕਰ ਦਿੱਤਾ ਹੈ ਅਤੇ ਜਿਸ ਅਨੁਸਾਰ ਸੀਟਾਂ ਦੀ ਵੰਡ ਅਤੇ ਫੀਸ ਦੀ ਦਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :--

| | ਸੀਟ | ਨੰਬਰ | ਫੀਸ ਦਾ ਵੇਰਵਾ | |
|---|---|---|---|---|
| 1. | ਮੁਫਤ ਸੀਟਾਂ | 35 | ਪਹਿਲੇ ਸਾਲ ਲਈ ਰੁਪਏ | 4947.50 |
| | | | ਦੂਜੇ ਸਾਲ ਲਈ ਰੁਪਏ | 434 9.50 |
| | | | ਤੀਜੇ ਸਾਲ ਲਈ ਰੁਪਏ | 4849 .50 |
| | | | ਚੌਥੇ ਸਾਲ ਲਈ ਰੁਪਏ | 5349.50 |
| | | | ਪੰਜਵੇਂ ਸਾਲ ਲਈ ਰੁਪਏ | 5849.50 |
| 2. | ਅਦਾਇਗੀ ਵਾਲੀਆਂ ਸੀਟਾਂ | 28 | ਰੁਪਏ 1.10 ਲੱਖ | |
| 3. | ਐਨ.ਆਰ.ਆਈ. | 7 | ਡਾਲਰ 85,000.00 | |

ਕਰਿਸ਼ਚਨ ਮੈਡੀਕਲ ਕਾਲਜ, ਲੁਧਿਆਣਾ ਦੇ ਕੇਸ ਵਿੱਚ ਮੁਫਤ ਅਤੇ ਅਦਾਇਗੀ ਸੀਟਾਂ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਅਜੇ ਤੀਕ ਲਾਗੂ ਨਹੀਂ ਹੋਇਆ, ਕਿਉਂ ਜੋ ਸੁਪਰੀਮ ਕੋਰਟ ਦੇ ਰਿੱਟ ਪਟੀਸ਼ਨ ਨੰ: 432/1987 ਵਿੱਚ ਫੈਸਲੇ ਮਿਤੀ 24 ਅਪ੍ਰੈਲ, 1990 ਰਾਹੀਂ ਇਸ ਨੂੰ ਛੋਟੀ ਕਮਿਊਨਿਟੀ ਕਰਾਰ ਦਿੱਤਾ ਗਿਆ ਹੈ।

---

### ਬੁਢਾਪਾ, ਵਿਧਵਾ ਪੈਨਸ਼ਨ ਅਤੇ ਨਕਾਰਾ ਅਤੇ ਨਿਆਸਰੇ ਬੱਚਿਆਂ ਨੂੰ ਪੈਨਸ਼ਨਾਂ ਦੀ ਵੰਡ

*1357. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਵਾ ਪੈਨਸ਼ਨ, ਬੁਢਾਪਾ ਪੈਨਸ਼ਨ ਅਤੇ ਨਕਾਰਾ ਅਤੇ ਨਿਆਸਰੇ ਬੱਚਿਆਂ ਲਈ ਪੈਨਸ਼ਨ ਦੇ ਕੇਸਾਂ ਦੀ ਜ਼ਿਲ੍ਹਾਵਾਰ ਕੁੱਲ ਗਿਣਤੀ ਵੱਖ-ਵੱਖ ਕਿੰਨੀ ਹੈ ਜੋ ਇਸ ਸਮੇਂ ਰਾਜ ਵਿਚ ਸਮਾਜ ਭਲਾਈ ਦੇ ਦਫਤਰਾਂ ਵਿਚ ਪੈਂਡਿੰਗ ਪਏ ਹਨ ਅਤੇ ਜਿਨ੍ਹਾਂ ਕੇਸਾਂ ਵਿਚ ਪੈਨਸ਼ਨਾਂ ਮਨਜ਼ੂਰ ਹੋ ਜਾਣ ਤੋਂ ਬਾਅਦ ਵੀ ਪੈਨਸ਼ਨ ਦੀ ਬਣਦੀ ਰਕਮ ਦੀ ਅਦਾਇਗੀ ਨਹੀਂ ਕੀਤੀ ਗਈ ਅਤੇ ਇਸ ਦੇ ਕੀ ਕਾਰਨ ਹਨ ?

**ਚੌਧਰੀ ਜਗਜੀਤ ਸਿੰਘ :** ਬੁਢਾਪਾ ਪੈਨਸ਼ਨ, ਵਿਧਵਾ ਅਤੇ ਨਿਆਸਰਿਤ ਔਰਤਾਂ ਨੂੰ ਵਿੱਤੀ ਸਹਾਇਤਾ, ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਅਤੇ ਆਸਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਸਕੀਮਾਂ ਅਧੀਨ ਮਨਜ਼ੂਰ ਹੋਏ ਕੇਸਾਂ ਦਾ ਜ਼ਿਲ੍ਹਾਵਾਰ ਵੇਰਵਾ ਜਿਨ੍ਹਾਂ ਨੂੰ ਬਣਦੀ ਰਕਮ ਦੀ ਅਦਾਇਗੀ ਅਜੇ ਤੱਕ ਨਹੀਂ ਕੀਤੀ ਗਈ, ਕਾਰਨਾਂ ਸਹਿਤ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

## ਅਨੁਲੱਗ

ਪੈਨਸ਼ਨਰਾਂ ਨੂੰ ਪੈਨਸ਼ਨ ਦੀ ਬਣਦੀ ਰਕਮ ਦੀ ਅਦਾਇਗੀ ਨਾ ਹੋਣ ਦੇ ਕਾਰਨ ਹੇਠ ਲਿਖੇ ਅਨੁਸਾਰ ਹਨ :--

1 ਬਿਨੈਕਾਰਾਂ ਵੱਲੋਂ ਬੈਂਕ ਵਿਚ ਆਪਣੇ ਖਾਤੇ ਖੁਲਵਾਉਣੇ ਹੁੰਦੇ ਹਨ (ਜਿਲ੍ਹਾ ਸਮਾਜ ਭਲਾਈ ਅਫਸਰਾਂ ਨਾਲ ਸਾਂਝੇ ਖਾਤੇ ਤਾਂ ਜੋ ਉਨ੍ਹਾਂ ਦੇ ਖਾਤੇ ਵਿਚ ਉਨ੍ਹਾਂ ਦੀ ਪੈਨਸ਼ਨ ਦੀ ਬਣਦੀ ਰਕਮ ਦੀ ਅਦਾਇਗੀ ਕੀਤੀ ਜਾ ਸਕੇ। ਬਹੁਤ ਸਾਰੇ ਲਾਭ ਪਾਤਰੀਆਂ ਵੱਲੋਂ ਸਮੇਂ ਸਿਰ ਖਾਤੇ ਨਾ ਖੁਲ੍ਹਵਾਉਣ ਦੇ ਕਾਰਨ ਪੈਨਸ਼ਨ ਦੀ ਅਦਾਇਗੀ ਨਹੀਂ ਕੀਤੀ ਜਾ ਸਕੀ।

2. ਬਜਟ ਦੀ ਘਾਟ ਕਾਰਨ ਕੁੱਝ ਲਾਭਪਾਤਰੀਆਂ ਨੂੰ ਬਣਦੀ ਰਕਮ ਦੀ ਅਦਾਇਗੀ ਨਹੀਂ ਹੋ ਸਕੀ। ਹੁਣ ਪੈਨਸ਼ਨ ਸਕੀਮ ਅਧੀਨ 4 ਕਰੋੜ ਰੁਪਏ ਦਾ ਵਾਧੂ ਬਜਟ ਪ੍ਰਾਪਤ ਹੋ ਰਿਹਾ ਹੈ ਅਤੇ ਸਾਰੇ ਲਾਭਪਾਰੀਆਂ ਨੂੰ ਪੈਨਸ਼ਨ ਦੀ ਅਦਾਇਗੀ ਹੋ ਜਾਵੇਗੀ।

**ਮਨਜ਼ੂਰ ਹੋਏ ਪੈਂਡਿੰਗ ਪਏ ਕੇਸਾਂ ਦੀ ਜ਼ਿਲ੍ਹਾਵਾਰ ਵੇਰਵਾ ਜਿਨ੍ਹਾਂ ਨੂੰ ਬਣਦੀ ਰਕਮ ਦੀ ਅਦਾਇਗੀ ਅਜੇ ਤੱਕ ਨਹੀਂ ਹੋਈ**

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਸਕੀਮ ਦਾ ਨਾਂ | | | |
|---|---|---|---|---|---|
| | | ਬੁਢਾਪਾ ਪੈਨਸ਼ਨ ਸਕੀਮ | ਵਿਧਵਾ ਪੈਨਸ਼ਨ ਸਕੀਮ | ਆਸਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਸਕੀਮ | ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਸਕੀਮ |
| 1 | 2 | 3 | 4 | 5 | 6 |
| 1 | ਅੰਮ੍ਰਿਤਸਰ ... | 9,601 | 381 | 63 | 386 |
| 2 | ਬਠਿੰਡਾ ... | 756 | 98 | 78 | 19 |
| 3 | ਫਰੀਦਕੋਟ ... | 1,364 | 348 | 147 | 72 |

Original with;
Punjab Vidhan Sabha
Digitized by;
Panjab Digital Library

| 1 | 2 | | 3 | 4 | 5 | 6 |
|---|---|---|---|---|---|---|
| 4 | ਫਤਿਹਗੜ੍ਹ ਸਾਹਿਬ | ... | 317 | 114 | 74 | 31 |
| 5 | ਫਿਰੋਜ਼ਪੁਰ | ... | 749 | 529 | 269 | 116 |
| 6 | ਗੁਰਦਾਸਪੁਰ | ... | 478 | 84 | 553 | 155 |
| 7 | ਹੁਸ਼ਿਆਰਪੁਰ | ... | 108 | 82 | 73 | 18 |
| 8 | ਜਲੰਧਰ | ... | 2,982 | 494 | 573 | 154 |
| 9 | ਕਪੂਰਥਲਾ | ... | 263 | 12 | 9 | 6 |
| 10 | ਲੁਧਿਆਣਾ | ... | 457 | 262 | 84 | 46 |
| 11 | ਮਾਨਸਾ | ... | 187 | 49 | ... | .. |
| 12 | ਪਟਿਆਲਾ | ... | 993 | 526 | 87 | 37 |
| 13 | ਰੋਪੜ | ... | 1,190 | 397 | 19 | 40 |
| 14 | ਸੰਗਰੂਰ | ... | 1,990 | 633 | 245 | 191 |
| | | | 21,435 | 4,009 | 2,274 | 1,271 |

## ਰਾਜ ਵਿਚ ਸਹਿਕਾਰੀ ਮਿੱਲਾਂ ਵਿਚ ਭ੍ਰਿਸ਼ਟਾਚਾਰ ਦੇ ਕੇਸ

*1359. (ਸੀ ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿਚ ਭ੍ਰਿਸ਼ਟਾਚਾਰ ਦੇ ਅਜਿਹੇ ਕੇਸਾਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਹੜੇ 1 ਜਨਵਰੀ, 1989 ਤੋਂ ਅੱਜ ਤੱਕ ਦੇ ਸਮੇਂ ਦੇ ਦੌਰਾਨ ਸਹਿਕਾਰੀ ਮਿੱਲਾਂ ਦੇ ਪ੍ਰਬੰਧਕਾਂ ਦੇ ਧਿਆਨ ਵਿਚ ਆਏ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿਚ ਕਸੂਰਵਾਰ ਪਾਏ ਗਏ ਅਫ਼ਸਰਾਂ ਦੀ ਕੁੱਲ ਗਿਣਤੀ ਕਿੰਨੀ ਹੈ ;

Original with;
Punjab Vidhan Sabha
Digitized by;
Panjab Digital Library

[ਕਾਮਰੇਡ ਹਰਦੇਵ ਸਿੰਘ ਅਰਸ਼ੀ]

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਅਫ਼ਸਰਾਂ ਵਿਚੋਂ ਉਨ੍ਹਾਂ ਅਫ਼ਸਰਾਂ ਦੀ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਸਜ਼ਾ ਦਿੱਤੀ ਗਈ ਹੈ ?

ਸ਼੍ਰੀ ਸੱਜਣ ਕੁਮਾਰ ਜਾਖੜ : (ੳ) 1 ਜਨਵਰੀ, 1989 ਤੋਂ ਅੱਜ ਤੱਕ ਦੇ ਸਮੇਂ ਦੌਰਾਨ ਸਹਿਕਾਰੀ ਖੰਡ ਮਿੱਲਾਂ ਵਿੱਚ 20 ਅਤੇ ਸਹਿਕਾਰੀ ਕਤਾਈ ਮਿੱਲਾਂ ਵਿੱਚ 9 ਭ੍ਰਿਸ਼ਟਾਚਾਰ ਦੇ ਕੇਸ ਸਬੰਧਤ ਮਿੱਲਾਂ ਦੀ ਮੈਨੇਜਮੈਂਟ ਦੇ ਧਿਆਨ ਵਿੱਚ ਆਏ ਹਨ।

(ਅ) ਸਹਿਕਾਰੀ ਖੰਡ ਮਿੱਲਾਂ ਦੇ 20 ਕੇਸਾਂ ਵਿਚੋਂ 4 ਕੇਸ ਇਨਕੁਆਰੀ ਕਰਨ ਉਪਰੰਤ ਫਾਈਲ ਕਰ ਦਿੱਤੇ ਗਏ ਹਨ । ਇਸ ਤੋਂ ਇਲਾਵਾ 6 ਕੇਸਾਂ ਵਿੱਚ ਚਾਰਜਸ਼ੀਟਾਂ ਜ਼ਾਰੀ ਕੀਤੀਆਂ ਜਾ ਚੁੱਕੀਆਂ ਹਨ ਅਤੇ ਬਾਕੀ ਰਹਿੰਦੇ 10 ਕੇਸਾਂ ਦੀ ਇਨਕੁਆਰੀ ਹੋ ਰਹੀ ਹੈ। ਇਸੇ ਤਰ੍ਹਾਂ ਸਹਿਕਾਰੀ ਕਤਾਈ ਮਿੱਲਾਂ ਵਿੱਚ 9 ਅਫਸਰ ਕਸੂਰਵਾਰ ਪਾਏ ਗਏ ਹਨ, ਜਿਵੇਂ ਕਿ ਉਪਰੋਕਤ (ੳ) ਵਿੱਚ ਵਰਣਨ ਕੀਤਾ ਗਿਆ ਹੈ।

(ੲ) ਉਪਰੋਕਤ ਭਾਗ (ਅ) ਵਿੱਚ ਵਰਣਿਤ ਅਫਸਰਾਂ ਵਿਚੋਂ ਸਹਿਕਾਰੀ ਖੰਡ ਮਿੱਲਾਂ ਦੇ 6 ਅਫਸਰਾਂ ਨੂੰ ਚਾਰਜਸ਼ੀਟ ਕੀਤਾ ਗਿਆ ਹੈ ਅਤੇ ਸਹਿਕਾਰੀ ਕਤਾਈ ਮਿੱਲਾਂ ਵਿੱਚ 4 ਅਫਸਰਾਂ/ਕਰਮਚਾਰੀਆਂ ਦੀਆਂ ਸੇਵਾਵਾਂ ਖਤਮ ਕੀਤੀਆਂ ਜਾ ਚੁੱਕੀਆਂ ਹਨ।

---

## ਰਾਜ ਵਿਚ ਸੜਕਾਂ ਚੌੜੀਆਂ ਕਰਨਾ

*1361. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਧ ਰਹੀ ਆਵਾਜਾਈ ਕਾਰਣ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਿੱਤੀ ਸਾਲ 1993-94 ਦੇ ਦੌਰਾਨ ਰਾਜ ਵਿਚ ਸੜਕਾਂ ਨੂੰ ਚੌੜੀਆਂ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ : ਜੇਕਰ ਹੈ, ਤਾਂ ਅਜਿਹੀਆਂ ਸੜਕਾਂ ਦੇ ਨਾਂ ਕੀ ਕੀ ਹਨ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ?

ਸਰਦਾਰ ਬੇਅੰਤ ਸਿੰਘ : ਨਹੀਂ ਜੀ। ਧੰਨ ਦੀ ਘਾਟ ਕਾਰਨ।

---

## ਬਠਿੰਡਾ ਵਿਖੇ ਇੰਜੀਨੀਅਰਿੰਗ ਕਾਲਜ ਦੀ ਇਮਾਰਤ ਦੀ ਉਸਾਰੀ

*1363 (ਸੀ.ਯੂ.). ਕਾਮਰੇਡ ਹਰਦੇਵ ਅਰਸ਼ੀ : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਬਠਿੰਡਾ ਵਿਖੇ ਇੰਜੀਨੀਅਰਿੰਗ ਕਾਲਜ ਦੀ ਇਮਾਰਤ ਦੀ ਉਸਾਰੀ ਮੁਕੰਮਲ ਕਰਨ ਤੇ ਕੁੱਲ ਕਿੰਨਾ ਅਨੁਮਾਨਤ ਖਰਚ ਕੀਤੇ ਜਾਣ ਦੀ ਸੰਭਾਵਨਾ ਹੈ ;

Original with;
Punjab Vidhan Sabha
Digitized by;
Panjab Digital Library

(ਅ) ਉਕਤ ਭਾਗ (ੳ) ਵਿਚ ਵਰਣਿਤ ਰਕਮ ਵਿਚ ਹੁਣ ਤੱਕ ਕੁੱਲ ਕਿੰਨੀ ਰਕਮ ਖਰਚ ਕੀਤੀ ਜਾ ਚੁੱਕੀ ਹੈ ;

(ੲ) ਉਕਤ ਭਾਗ (ਅ) ਵਿਚ ਵਰਣਿਤ ਰਕਮ ਨਾਲ ਉਸਾਰੀ ਦਾ ਕਿੰਨੇ ਪ੍ਰਤਿਸ਼ਤ ਕੰਮ ਮੁਕੰਮਲ ਕੀਤਾ ਗਿਆ ਹੈ ?

**ਸਰਦਾਰਨੀ ਰਾਜਿੰਦਰ ਕੌਰ ਭੱਠਲ** : (ੳ) 2125.55 ਲੱਖ (ਦੋ ਹਜ਼ਾਰ ਇੱਕ ਸੌ ਪੰਝੀ ਲੱਖ ਅਤੇ ਪਚਵੰਜਾਂ ਹਜ਼ਾਰ ਰੁਪਏ ਕੇਵਲ) ।

(ਅ) 1531.40 ਲੱਖ (ਇੱਕ ਹਜਾਰ ਪੰਜ ਸੌ ਇੱਕਤੀ ਲੱਖ ਅਤੇ ਚਾਲ੍ਹੀ ਹਜ਼ਾਰ ਰੁਪਏ ਕੇਵਲ) (ਨਵੰਬਰ 1993 ਤੱਕ) ।

(ੲ) 72% (ਬਹੱਤਰ ਪ੍ਰਤੀਸ਼ਤ) ।

---

**ਪਸ਼ੂ ਪਾਲਣ ਵਿਭਾਗ ਦੇ ਕੁਝ ਅਫਸਰਾਂ ਦੀ ਸੇਵਾ ਵਿਚ ਵਾਧਾ**

*1366. (ਸੀ.ਯੂ.) **ਕਾਮਰੇਡ ਹਰਦੇਵ ਅਰਸ਼ੀ** : ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਸ਼ੂ ਪਾਲਣ ਵਿਭਾਗ ਦੇ ਕੁੱਝ ਅਫਸਰਾਂ ਨੂੰ ਸਾਲ 1993 ਦੇ ਦੌਰਾਨ ਉਨ੍ਹਾਂ ਦੀ ਸੇਵਾ ਨਿਵਰਤੀ ਦੀ ਉਮਰ ਤੇ ਪਹੁੰਚਣ ਤੋਂ ਬਾਅਦ ਉਨ੍ਹਾਂ ਦੀ ਸੇਵਾ ਵਿਚ ਕੋਈ ਵਾਧਾ ਕੀਤਾ ਗਿਆ ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਅਫਸਰਾਂ ਦੇ ਨਾਂ ਦਰਸਾਉਂਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਵੇ ?

**ਸਰਦਾਰ ਹਰਬੰਸ ਸਿੰਘ ਸਿੱਧੂ** : ਪਸ਼ੂ ਪਾਲਣ ਵਿਭਾਗ ਵਿਚ ਸਾਲ 1993 ਦੌਰਾਨ ਕਿਸੇ ਅਧਿਕਾਰੀ ਨੂੰ ਸੇਵਾ ਨਵਿਰਤੀ ਦੀ ਉਮਰ ਤੇ ਪਹੁੰਚਣ ਤੋਂ ਬਾਅਦ ਸੇਵਾ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ।

---

**ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਅਤੇ ਪੰਜਾਬ ਰੋਡਵੇਜ਼ ਦਾ ਨਿੱਜੀਕਰਣ**

*1368. (ਸੀ.ਯੂ.) **ਕਾਮਰੇਡ ਹਰਦੇਵ ਅਰਸ਼ੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਅਤੇ ਪੰਜਾਬ ਰੋਡਵੇਜ ਨੂੰ ਪੂਰਣ ਤੌਰ ਤੇ ਜਾਂ ਅੰਸ਼ਿਕ ਤੌਰ ਤੇ ਨਿੱਜੀਕਰਣ ਕਰਨ ਦਾ ਵਿਚਾਰ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਕਾਰਣ ਕੀ ਹਨ ?

**ਸਰਦਾਰ ਬੇਅੰਤ ਸਿੰਘ** : ਪੰਜਾਬ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਦਾ ਨਿੱਜੀਕਰਣ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

## ਪੰਜਾਬ ਰਾਜ ਬਿਜਲੀ ਬੋਰਡ ਦਾ ਨਿੱਜੀਕਰਣ

*1369. (ਸੀ.ਯੂ.) ਕਾਮਰੇਡ ਹਰਦੇਵ ਅਰਸ਼ੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰਾਜ ਬਿਜਲੀ ਬੋਰਡ ਦਾ ਨਿੱਜੀਕਰਣ ਕਰਨ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਜੇਕਰ ਹੈ, ਤਾਂ ਉਸ ਦੇ ਕਾਰਣ ਕੀ ਹਨ?

ਸਰਦਾਰ ਬੇਅੰਤ ਸਿੰਘ : (ੳ) ਤੇ (ਅ) ਨਹੀਂ ਜੀ।

---

## ਸਰਕਾਰੀ ਪ੍ਰਾਇਮਰੀ ਸਕੂਲ ਨੂੰ ਬਦਲਣਾ

*1380. (ਸੀ.ਯੂ.) ਸ਼੍ਰੀਮਤੀ ਵਿਮਲਾ ਡਾਂਗ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਨੇ ਸਰਕਾਰੀ ਪ੍ਰਾਇਮਰੀ ਸਕੂਲ, ਸਰਾਜਗੰਜ, ਜਲੰਧਰ ਨੂੰ ਬੇਅੰਤ ਨਗਰ, ਜਲੰਧਰ ਵਿਖੇ ਬਦਲਣ ਸਬੰਧੀ 1992 ਵਿਚ ਕਿਸੇ ਸਮੇਂ ਹੁਕਮ ਦਿੱਤੇ ਸਨ ਜੇਕਰ ਅਜਿਹਾ ਹੋਵੇ, ਤਾਂ ਕੀ ਉਕਤ ਹੁਕਮ ਤੇ ਅਮਲ ਕੀਤਾ ਗਿਆ ਹੈ; ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ : ਇਹ ਠੀਕ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲ, ਸਰਾਜਗੰਜ, ਜਲੰਧਰ ਨੂੰ ਬੇਅੰਤ ਨਗਰ ਜਲੰਧਰ ਵਿਖੇ ਸ਼ਿਫਟ ਕਰਨ ਦੇ ਹੁਕਮ ਮਿਤੀ 7 ਅਕਤੂਬਰ, 1992 ਨੂੰ ਹੋਏ ਸਨ। ਮੁੜ ਵਿਚਾਰਨ ਉਪਰੰਤ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਤੇ ਰੋਕ ਲਗਾ ਦਿੱਤੀ ਗਈ ਸੀ।

---

## ਰਾਜ ਵਿਚ ਸੜਕ ਦੁਰਘਟਨਾ

*1381. (ਸੀ.ਯੂ.) ਸ਼੍ਰੀਮਤੀ ਵਿਮਲਾ ਡਾਂਗ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਸਾਲਾਂ 1991-92 ਅਤੇ 1993 ਦੇ ਦੌਰਾਨ ਹਰ ਇਕ ਸਾਲ ਵਿਚ ਪੰਜਾਬ ਰੋਡਵੇਜ਼, ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਅਤੇ/ਜਾਂ ਪ੍ਰਾਈਵੇਟ ਬੱਸਾਂ ਦੀਆਂ ਕਿੰਨੀਆਂ ਸੜਕ ਦੁਰਘਟਨਾਵਾਂ ਹੋਈਆਂ ;

(ਅ) ਉਕਤ ਤਿੰਨ ਸਾਲਾਂ ਦੇ ਦੌਰਾਨ ਹਰ ਸਾਲ ਉਕਤ ਦੁਰਘਟਨਾਵਾਂ ਦੇ ਸਿੱਟੇ ਵਜੋਂ ਮਾਰੇ ਗਏ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ;

(ੲ) ਮਾਰੇ ਗਏ ਵਿਅਕਤੀਆਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਮੁਆਵਜ਼ੇ ਵਜੋਂ ਕਿੰਨੀ ਰਕਮ ਦਿੱਤੀ ਗਈ ਅਤੇ ਤਿੰਨ ਸਾਲਾਂ ਦੇ ਦੌਰਾਨ ਹਰ ਇਕ ਸਾਲ ਨਾਲ ਸਬੰਧਤ ਅਜਿਹੇ ਕੇਸਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦਾ ਫੈਸਲਾ ਅਜੇ ਕੀਤਾ ਜਾਣਾ ਹੈ ;

Original with;
Punjab Vidhan Sabha
Digitized by;
Panjab Digital Library

(ਸ) ਅਜਿਹੀਆਂ ਸੜਕ ਦੁਰਘਟਨਾਵਾਂ ਨੂੰ ਘੱਟ ਕਰਨ ਲਈ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

ਸਰਦਾਰ ਬੇਅੰਤ ਸਿੰਘ : (ੳ, ਅ, ੲ ਅਤੇ ਸ) ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

## ਸਟੇਟਮੈਂਟ

ਸਾਲ 1991, 1992 ਅਤੇ 1993 ਦੌਰਾਨ ਹੋਈਆਂ ਸੜਕ ਦੁਰਘਟਨਾਵਾਂ ਅਤੇ ਮਾਰੇ ਗਏ ਵਿਅਕਤੀਆਂ ਦੀ ਗਿਣਤੀ, ਦਿੱਤੇ ਗਏ ਮੁਆਵਜ਼ੇ ਅਤੇ ਪੈਂਡਿੰਗ ਕੇਸਾਂ ਦਾ ਵੇਰਵਾ ਨਿਮਨ ਅਨੁਸਾਰ ਹੈ:-

### ਐਕਸੀਡੈਂਟ ਦੀ ਗਿਣਤੀ

| | ਸਾਲ | | ਪੰਜਾਬ ਰੋਡਵੇਜ | ਪੀ.ਆਰ.ਟੀ.ਸੀ. | ਪ੍ਰਾਈਵੇਟ |
|---|---|---|---|---|---|
| (ੳ) | 1991 | ... | 198 | 240 | 151 |
| | 1992 | ... | 218 | 303 | 121 |
| | 1993 | ... | 198 | 63 | 154 |
| | | | **ਮਾਰੇ ਗਏ ਵਿਅਕਤੀ** | | |
| (ਅ) | 1991 | ... | 134 | 88 | 137 |
| | 1992 | ... | 178 | 90 | 119 |
| | 1993 | ... | 218 | 122 | 144 |
| | | | **ਦਿੱਤਾ ਗਿਆ ਮੁਆਵਜ਼ਾ** | | |
| (ੲ) | 1991 | ... | 1,33,03,783 | 33,70,404 | ਪ੍ਰਾਈਵੇਟ ਬੱਸਾਂ ਦੇ ਐਕਸੀਡੈਂਟਾਂ ਵਿੱਚ |
| | 1992 | ... | 1,02,09,970 | 8,91,039 | ਦਿੱਤੇ ਗਏ ਮੁਆਵਜ਼ੇ ਅਤੇ ਲੰਬਿਤ ਕੇਸਾਂ |
| | 1993 | ... | 1,24,95,419.72 | (ਨਿਲ (ਕੋਰਟ ਵਲੋਂ ਕਿਸੇ ਕੇਸ | ਸਬੰਧੀ ਸੂਚਨਾ ਉਪਲੱਬਧ ਨਹੀਂ |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| | | | | |
|---|---|---|---|---|
| | | ਲੰਬਿਤ ਕੇਸਾਂ ਦੀ ਗਿਣਤੀ | ਦਾ ਫੈਸਲਾ ਨਹੀਂ ਕੀਤਾ ਗਿਆ) | ਕਿਉਂਕਿ ਇਨ੍ਹਾਂ ਕੇਸਾਂ ਵਿੱਚ ਵੱਖੋ-ਵੱਖ ਅਦਾਲਤਾਂ ਦੇ ਫੈਸਲਿਆਂ ਅਨੁਸਾਰ ਮੁਆਵਜ਼ਾ ਪ੍ਰਾਈਵੇਟ ਬੱਸਾਂ ਦੇ ਮਾਲਕਾਂ ਵਲੋਂ ਦਿੱਤਾ ਜਾਂਦਾ ਹੈ ਨਾ ਕਿ ਸਰਕਾਰ ਵਲੋਂ ਦਿੱਤਾ ਜਾਂਦਾ ਹੈ। |
| 1991 | ... | 55 | 378 | |
| 1992 | ... | 89 | 101 | |
| 1993 | ... | 272 | 97 | |

(ਸ) ਸੜਕ ਦੁਰਘਟਨਾਵਾਂ ਤੋਂ ਬਚਣ ਲਈ ਨਿਮਨਲਿਖਤ ਉਪਰਾਲੇ ਕੀਤੇ ਗਏ ਹਨ :--

1. ਸਪੀਡ ਗਵਰਨਰਾਂ ਰਾਹੀਂ ਬੱਸਾਂ ਦੀ ਵੱਧੋ-ਵੱਧ ਸਪੀਡ 75 ਕਿਲੋਮੀਟਰ ਪ੍ਰਤੀਘੰਟਾ ਨਿਰਧਾਰਿਤ ਕੀਤੀ ਗਈ ਹੈ।

2. ਅਚਨਚੇਤੀ ਚੈਕਿੰਗ ਦੌਰਾਨ ਜੋ ਡਰਾਈਵਰ ਨਸ਼ੇ ਦੇ ਅਸਰ ਹੇਠ ਪਾਏ ਜਾਂਦੇ ਹਨ ਉਨ੍ਹਾਂ ਨੂੰ ਯੋਗ ਸਜ਼ਾ ਦਿੱਤੀ ਜਾਂਦੀ ਹੈ।

3. ਸੜਕ ਦੁਰਘਟਨਾਵਾਂ ਤੋਂ ਬਚਣ ਲਈ ਡਰਾਈਵਰਾਂ ਨੂੰ ਡਰਾਈਵਰ ਟ੍ਰੇਨਿੰਗ ਸਕੂਲਾਂ ਵਿੱਚ ਟਰੇਨਿੰਗ ਦਿੱਤੀ ਜਾਂਦੀ ਹੈ।

4. ਜਿਨ੍ਹਾਂ ਡਰਾਈਵਰਾਂ ਦੀ ਸੇਵਾ ਦੁਰਘਟਨਾ ਰਹਿਤ ਹੋਵੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ।

5. ਡਰਾਈਵਰਾਂ ਦਾ ਡਾਕਟਰੀ ਮੁਆਇਨਾ ਖਾਸ ਕਰਕੇ ਅੱਖਾਂ ਦਾ ਮੁਆਇਨਾ ਨਿਯਮਤ ਤੌਰ ਤੇ ਕੀਤਾ ਜਾਂਦਾ ਹੈ।

6. ਆਮ ਲੋਕਾਂ ਨੂੰ ਖਾਸ ਕਰਕੇ ਡਰਾਈਵਰਾਂ ਨੂੰ ਸੜਕ ਸੁਰੱਖਿਆ ਸਬੰਧੀ ਜਾਗਰਿਤ ਕਰਨ ਲਈ ਹਰੇਕ ਸਾਲ ਸੜਕ ਸੁਰੱਖਿਆ ਹਫਤਾ ਮਨਾਇਆ ਜਾਂਦਾ ਹੈ।

7. ਮਾਰੂ ਦੁਰਘਟਨਾਵਾਂ ਦੇ ਕਾਰਨ ਲੱਭਣ ਲਈ ਰੋਡ ਸੇਫਟੀ ਡਵੀਜਨ ਦੀ ਰਚਨਾ ਕਰਨ ਬਾਰੇ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ। ਹਾਈਵੇ ਪੈਟਰੋਲਿੰਗ ਅਤੇ ਟ੍ਰੈਫਿਕ ਏਡ ਪੋਸਟਾਂ ਸਥਾਪਤ ਕੀਤੀਆਂ ਜਾ ਰਹੀਆਂ ਹਨ।

---

Original with;
Punjab Vidhan Sabha
Digitized by;
Punjab Digital Library

### ਕਮੀ ਸੁਰੱਖਿਆ ਐਕਟ ਹੇਠ ਨਜ਼ਰਬੰਦੀਆਂ

*1383 (ਸੀ.ਯੂ.). (1) ਸ੍ਰੀਮਤੀ ਵਿਮਲਾ ਡਾਂਗ
(2) ਕਾਮਰੇਡ ਹਰਦੇਵ ਅਰਸ਼ੀ } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਰਕਾਰ ਦੇ ਹੁਕਮ ਅਧੀਨ ਕੌਮੀ ਸੁਰੱਖਿਆ ਐਕਟ ਅਧੀਨ ਇਸ ਸਮੇਂ ਜੇਲ੍ਹਾਂ ਵਿਚ ਨਜ਼ਰਬੰਦ ਰੱਖੇ ਗਏ ਵਿਅਕਤੀਆਂ ਦੇ ਨਾਂ ਅਤੇ ਪਤੇ ਕੀ ਕੀ ਹਨ ਅਤੇ ਉਨ੍ਹਾਂ ਹਰ ਇਕ ਨੂੰ ਕਿਸ ਕਿਸ ਤਰੀਕ ਤੋਂ ਨਜ਼ਰਬੰਦ ਰੱਖਿਆ ਗਿਆ ਹੈ ?

**ਸਰਦਾਰ ਬੇਅੰਤ ਸਿੰਘ :** ਇਸ ਸਮੇਂ ਕੇਵਲ ਇੱਕ ਵਿਅੱਕਤੀ, ਡਾਕਟਰ ਸੋਹਣ ਸਿੰਘ, ਪੁਤਰ ਨੱਥਾ ਸਿੰਘ, ਮੁੱਖੀ ਪੰਥਕ ਕਮੇਟੀ (ਡਾਕਟਰ ਸੋਹਣ ਸਿੰਘ, ਪੰਥਕ ਕਮੇਟੀ) ਮਕਾਨ ਨੰ: 119, ਫੇਜ਼-2, ਮੋਹਾਲੀ, (ਰੋਪੜ) ਨਜ਼ਰਬੰਦ ਹੈ। ਉਸ ਨੂੰ ਪੰਜਾਬ ਸਰਕਾਰ ਦੇ ਹੁਕਮ ਮਿਤੀ 4 ਨਵੰਬਰ, 1993 ਅਨੁਸਾਰ ਰਾਸ਼ਟਰੀ ਸੁਰੱਖਿਆ ਐਕਟ, 1980 ਅਧੀਨ ਨਜ਼ਰਬੰਦ ਕੀਤਾ ਗਿਆ ਸੀ। ਹੁਣ ਡਾਕਟਰ ਸੋਹਣ ਸਿੰਘ ਨੂੰ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਰੱਖਿਆ ਗਿਆ ਹੈ।

---

### ਗੰਨਾ ਖੋਜ ਕੇਂਦਰ ਨੂੰ ਬਦਲਣਾ

*1384. (ਸੀ.ਯੂ.) ਸ੍ਰੀਮਤੀ ਵਿਮਲਾ ਡਾਂਗ : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਗੰਨਾ ਖੋਜ ਕੇਂਦਰ, ਜੋ ਜ਼ਿਲ੍ਹਾ ਜਲੰਧਰ ਵਿੱਚ ਗੜ੍ਹਾ ਵਿਖੇ ਸਥਿਤ ਹੈ, ਨੂੰ ਕਿਸੇ ਹੋਰ ਥਾਂ ਤੇ ਬਦਲਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ :** ਹਾਂ ਜੀ, ਗੰਨਾ ਖੋਜ ਕੇਂਦਰ ਨੂੰ ਸ਼ਿਫਟ ਕਰਨ ਦੀ ਤਜਵੀਜ਼ ਹੈ ਕਿਉਂਕਿ ਇਸ ਦੀ ਜ਼ਮੀਨ ਅਤੇ ਲੋਕੇਸ਼ਨ ਮੈਡੀਕਲ ਕਾਲਜ ਦੀ ਸਥਾਪਨਾ ਲਈ ਸਭ ਤੋਂ ਵੱਧ ਢੁਕਵੀਂ ਸਮਝੀ ਗਈ ਹੈ।

---

### ਬੁਢਾਪਾ ਅਤੇ ਵਿਧਵਾ ਪੈਨਸ਼ਨਾਂ ਦੇਣ ਲਈ ਕਸੌਟੀ

*1386. (ਸੀ.ਯੂ.). (1) ਸ੍ਰੀਮਤੀ ਵਿਮਲਾ ਡਾਂਗ
(2) ਕਾਮਰੇਡ ਹਰਦੇਵ ਅਰਸ਼ੀ } : ਕੀ ਸਮਾਜ ਭਲਾਈ

ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 60 ਸਾਲਾਂ ਤੋਂ ਜ਼ਿਆਦਾ ਉਮਰ ਦੀਆਂ ਔਰਤਾਂ ਅਤੇ 65 ਸਾਲਾਂ ਤੋਂ ਜ਼ਿਆਦਾ ਉਮਰ ਦੇ ਆਦਮੀਆਂ ਨੂੰ ਬੁਢਾਪਾ ਪੈਨਸ਼ਨਾਂ ਅਤੇ ਵਿਧਵਾਂਵਾਂ ਅਤੇ ਨਿਆਸਰਾਂ ਔਰਤਾਂ ਨੂੰ ਪੈਨਸ਼ਨਾਂ ਦੇਣ ਲਈ ਰੱਖੀ ਗਈ ਕਸੌਟੀ ਕੀ ਹੈ ?

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਜੀਤ ਸਿੰਘ** : 60 ਸਾਲ ਤੋਂ ਜ਼ਿਆਦਾ ਉਮਰ ਦੀਆਂ ਔਰਤਾਂ ਅਤੇ 65 ਸਾਲ ਤੋਂ ਜ਼ਿਆਦਾ ਉਮਰ ਦੇ ਆਦਮੀਆਂ ਨੂੰ ਬੁਢਾਪਾ ਪੈਨਸ਼ਨ ਅਤੇ ਵਿਧਵਾ ਅਤੇ ਨਿਆਸਰਿਤ ਔਰਤਾਂ ਨੂੰ ਪੈਨਸ਼ਨ ਦੇਣ ਲਈ ਕਸੌਟੀ ਨਾਲ ਨੱਥੀ ਹੈ। (ਅਨੁਲੱਗ)

ਅਨੁਲੱਗ

60 ਸਾਲ ਤੋਂ ਜ਼ਿਆਦਾ ਉਮਰ ਦੀਆਂ ਔਰਤਾਂ ਅਤੇ 65 ਸਾਲ ਤੋਂ ਜ਼ਿਆਦਾ ਉਮਰ ਦੇ ਆਦਮੀਆਂ ਨੂੰ ਬੁਢਾਪਾ ਪੈਨਸ਼ਨ ਦੇਣ ਲਈ ਰੱਖੀ ਗਈ ਕਸੌਟੀ ਹੇਠ ਲਿਖੇ ਅਨੁਸਾਰ ਹੈ :--

1. ਜਿਨ੍ਹਾਂ ਕੋਲ ਨਿਰਬਾਹ ਦੇ ਕੋਈ ਸਾਧਨ ਨਹੀਂ ਹਨ ਅਤੇ ਉਨ੍ਹਾਂ ਦੀ ਇਮਦਾਦ ਕਰਨ ਵਾਲਾ ਕੋਈ ਨਾ ਹੋਵੇ ਅਤੇ 3 ਸਾਲਾਂ ਤੋਂ ਪੰਜਾਬ ਵਿਚ ਰਹਿ ਰਿਹਾ ਹੋਵੇ।

2. ਜੇਕਰ ਬਿਰਧ ਵਿਅਕਤੀ ਦਾ ਕੋਈ ਬਾਲਗ ਲੜਕਾ ਹੋਵੇ ਅਤੇ ਉਹ ਕੁਆਰਾ ਹੋਵੇ ਤਾਂ ਉਸਦੀ ਆਮਦਨ 50/- ਤੋਂ ਵੱਧ ਨਾ ਹੋਵੇ।

3. ਜੇਕਰ ਬਿਰਧ ਵਿਅਕਤੀ ਨੂੰ ਕਿਤੋਂ ਮਾਇਕ ਸਹਾਇਤਾ ਮਿਲਦੀ ਹੋਵੇ ਜਾਂ ਆਮਦਨ ਹੋਵੇ ਤਾਂ ਉਸਦੀ ਆਮਦਨ ਸਾਰੇ ਵਸੀਲਿਆਂ ਤੋਂ 50 ਰੁਪਏ ਪ੍ਰਤੀ ਮਹੀਨਾ ਤੋਂ ਘੱਟ ਹੋਵੇ। ਜੇਕਰ ਪਤੀ ਪਤਨੀ ਦੋਵੇਂ ਹੋਣ ਤਾਂ ਉਨ੍ਹਾਂ ਦੀ ਅਮਦਨ 30 ਰੁਪਏ ਪ੍ਰਤੀ ਮਹੀਨਾ ਤੋਂ ਘੱਟ ਨਾ ਹੋਵੇ।

4. ਜੇਕਰ ਬਿਰਧ ਵਿਅਕਤੀ ਦੇ ਪੁੱਤ/ਪੋਤਰੇ ਕਮਾਉਂਦੇ ਹੋਣ ਅਤੇ ਵਿਆਹੇ ਹੋਣ ਤਾਂ ਪਤੀ ਪਤਨੀ ਦੀ ਸਮੁੱਚੀ ਆਮਦਨ 90 ਰੁਪਏ ਪ੍ਰਤੀ ਮਹੀਨਾ ਤਂ ਵੱਧ ਨਾ ਹਵ ਅਤੇ ਜੇਕਰ ਉਨ੍ਹਾਂ ਦੇ ਬੱਚੇ ਹੋਣ ਤਾਂ ਪ੍ਰਤੀ ਬੱਚਾ 25 ਰੁਪਏ ਪ੍ਰਤੀ ਮਹੀਨਾ, ਪ੍ਰਤੀ ਪਰਿਵਾਰ ਛੋਟ ਦਿੰਦੇ ਹੋਏ, ਵੱਧ ਤੋਂ ਵੱਧ ਮਾਸਿਕ ਆਮਦਨ 150 ਰੁਪਏ ਤੋਂ ਵੱਧ ਨਾ ਹੋਵੇ।

5. ਪੇਸ਼ਾਵਾਰ ਮੰਗਤਾ ਅਤੇ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਵਾਲੇ ਨੂੰ ਬੁਢਾਪਾ ਪੈਨਸ਼ਨ ਮਨਜ਼ੂਰ ਨਹੀਂ ਕੀਤੀ ਜਾਂਦੀ।

ਵਿਧਵਾ ਅਤੇ ਨਿਆਸਰਾ ਔਰਤਾਂ ਨੂੰ ਵਿਤੀ ਸਹਾਇਤਾ ਮਨਜ਼ੂਰ ਕਰਨ ਲਈ ਕਸੌਟੀ ਹੇਠ ਲਿਖੇ ਅਨੁਸਾਰ ਹੈ :--

1. ਵਿਧਵਾ ਅਤੇ ਬੇਸਹਾਰਾ ਔਰਤ, ਜਿਸ ਦਾ ਗੁਜ਼ਾਰੇ ਦਾ ਕੋਈ ਸਾਧਨ ਨਾ ਹੋਵੇ ਅਤੇ ਉਸਦੀ ਸਾਰੇ ਵਸੀਲਿਆਂ ਤੋ ਆਮਦਨ 50 ਰੁਪਏ ਪ੍ਰਤੀ ਮਹੀਨਾ ਤੋਂ ਘੱਟ ਹੋਵੇ।

2. ਬਿਨੈਕਾਰ ਪੰਜਾਬ ਰਾਜ ਦੀ ਪਿਛਲੇ 3 ਸਾਲਾਂ ਤੋਂ ਵਸਨੀਕ ਹਵੇ।

Original with;
Punjab Vidhan Sabha
Digitized by;
Panjab Digital Library

3. ਜੇਕਰ ਵਿਧਵਾ ਅਤੇ ਨਿਆਸਰਿਤ ਔਰਤ ਦਾ ਕਮਾਊ ਪੁੱਤਰ ਹੋਵੇ ਪਰ ਉਸ ਦੀ ਮੱਦਦ/ਸਹਾਇਤਾ ਨਾ ਕਰਦਾ ਹੋਵੇ।

4. ਜੇਕਰ ਵਿਧਵਾ ਅਤੇ ਬੇਸਹਾਰਾ ਔਰਤ ਦਾ ਪੁੱਤਰ 18 ਸਾਲ ਦਾ ਹੋਵੇ ਜਾਂ ਨੌਕਰ ਹੋ ਜਾਵੇ ਤਾਂ ਉਸਦੀ ਮਾਸਿਕ ਆਮਦਨ 50 ਰੁਪਏ ਪ੍ਰਤੀ ਮਹੀਨਾ ਤੋਂ ਘੱਟ ਹੋਵੇ।

5. ਵਿਧਵਾ ਅਤੇ ਬੇਸਹਾਰਾ ਔਰਤ ਨੂੰ ਬਦਚਲਣੀ ਦੇ ਜੁਰਮ ਵਿਚ ਅਪਰਾਧੀ ਨਾ ਠਹਿਰਾਇਆ ਗਿਆ ਹੋਵੇ।

6. ਬਿਨੈਕਾਰ ਪੇਸ਼ਾਵਾਰ ਮੰਗਤਾ ਨਾ ਹੋਵੇ ਅਤੇ ਨਸ਼ੇ ਦਾ ਸੇਵਨ ਨਾ ਕਰਦੀ ਹੋਵੇ।

— — —

**ਛੇਹਰਟਾ ਨੂੰ ਦਰਾਮਦ ਅਤੇ ਬਰਾਮਦ ਲਈ 'ਡਰਾਈਪੋਰਟ' ਵੱਜੋਂ ਐਲਾਨ ਕਰਨਾ**

*1388. (ਸੀ.ਯੂ.) (1) ਸ਼੍ਰੀਮਤੀ ਵਿਮਲਾ ਡਾਂਗ
(2) ਕਾਮਰੇਡ ਅਜੈਬ ਸਿੰਘ ਰੌਂਤਾ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਰਾਜ ਸਰਕਾਰ ਦੇ ਧਿਆਨ ਵਿਚ ਇਹ ਗੱਲ ਹੈ ਕਿ ਭਾਰਤ ਸਰਕਾਰ ਨੇ ਕੁਝ ਵਸਤਾਂ ਦੀ ਦਰਾਮਦ ਅਤੇ ਬਰਾਮਦ ਲਈ ਛੇਹਰਟਾ, ਜ਼ਿਲ੍ਹਾ ਅੰਮ੍ਰਿਤਸਰ ਨੂੰ ਡਰਾਈਪੋਰਟ ਵਜੋਂ ਅਧਿਸੂਚਿਤ ਕੀਤਾ ਸੀ; ਜੇਕਰ ਅਜਿਹਾ ਹੋਵੇ ਤਾਂ ਉਕਤ ਅਧਿਸੂਚਨਾ ਵਿਚ ਵਰਣਿਤ ਵਸਤਾਂ ਦੇ ਨਾਂ ਕੀ ਕੀ ਹਨ?

(ਅ) ਕੀ ਰਾਜ ਸਰਕਾਰ ਨੇ ਕਦੇ ਭਾਰਤ ਸਰਕਾਰ ਨੂੰ ਛੇਹਰਟਾ ਨੂੰ ਸਾਰੀਆਂ ਵਸਤਾਂ ਵਾਸਤੇ ਡਰਾਈਪੋਰਟ ਵਜੋਂ ਅਧਿਸੂਚਿਤ ਕੀਤੇ ਜਾਣ ਲਈ ਬਿਨੈ ਕੀਤੀ; ਜੇਕਰ ਅਜਿਹੇ ਹੋਵੇ ਤਾਂ ਉਸਦੇ ਸਿੱਟੇ ਕੀ ਨਿਕਲੇ ?

**ਸਰਦਾਰ ਬੇਅੰਤ ਸਿੰਘ :** (ੲ) ਹਾਂ ਜੀ, ਕੇਂਦਰੀ ਸਰਕਾਰ ਨੇ ਛੇਹਰਟਾ ਜ਼ਿਲ੍ਹਾ ਅੰਮ੍ਰਿਤਸਰ ਨੂੰ ਸਿਰਫ ਚਾਵਲ ਦੀ ਨਿਰਯਾਤ ਲਈ ਨੋਟੀਫਾਈ ਕੀਤਾ ਹੈ।

(ਬੀ) ਹਾਂ ਜੀ, ਰਾਜ ਸਰਕਾਰ ਵਲੋਂ ਭਾਰਤ ਸਰਕਾਰ ਨੂੰ ਛੇਹਰਟਾ (ਅੰਮ੍ਰਿਤਸਰ) ਸਥਿਤ ਖੁਸ਼ਕ ਬੰਦਰਗਾਹ ਨੂੰ ਸਾਰੀਆਂ ਵਸਤੂਆਂ ਲਈ ਪਰਵਾਨਗੀ ਦੇਣ ਲਈ ਨੋਟੀਫਿਕੇਸ਼ਨ ਜਾਰੀ ਕਰਨ ਲਈ ਲਿਖਿਆ ਗਿਆ ਹੈ। ਮਾਮਲਾ ਉਨ੍ਹਾਂ ਦੇ ਵਿਚਾਰ ਅਧੀਨ ਹੈ।

— — —

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲੇ (ਸੀ.ਯੂ.) ਪ੍ਰਸ਼ਨ ਨੰਬਰ 1389 ਅਤੇ 1394

(ਇਨ੍ਹਾਂ ਸਵਾਲਾਂ ਦੇ ਜਵਾਬ ਹਾਲੇ ਤਕ ਪ੍ਰਾਪਤ ਨਹੀਂ ਹੋਏ ।)

---

### ਪੰਜਾਬ ਪੁਲਿਸ ਦੇ ਏ. ਐਸ. ਆਈਜ਼ ਦੀ ਮੁਅੱਤਲੀ

*1398.(ਸੀ.ਯੂ.) ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਤਰਨਤਾਰਨ, ਪੁਲਿਸ ਜ਼ਿਲ੍ਹੇ ਵਿੱਚ ਸਤੰਬਰ, 1993 ਦੇ ਦੌਰਾਨ ਪੁਲਿਸ ਦੇ ਕੋਈ ਏ. ਐਸ. ਆਈਜ਼ ਮੁਅੱਤਲ ਕੀਤੇ ਗਏ ਸਨ, ਜੇਕਰ ਕੀਤੇ ਗਏ ਸਨ ਤਾਂ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਅਤੇ ਜਿਨ੍ਹਾਂ ਦੋਸ਼ਾਂ/ਅਪਰਾਧਾਂ ਅਧੀਨ ਉਹ ਮੁਅੱਤਲ ਕੀਤੇ ਗਏ ਹਨ, ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਬੇਅੰਤ ਸਿੰਘ : ਤਰਨਤਾਰਨ ਪੁਲਿਸ ਜ਼ਿਲ੍ਹੇ ਵਿੱਚ 4 ਸਤੰਬਰ, 1993 ਨੂੰ ਕੇਵਲ ਇਕ ਸਹਾਇਕ ਥਾਣੇਦਾਰ ਦਰਬਾਰਾ ਸਿੰਘ, ਨੂੰ 3148/ਤਰਨਤਾਰਨ ਨੂੰ ਬਾਰ-ਬਾਰ ਗੈਰ ਹਾਜ਼ਰ ਰਹਿਣ ਅਤੇ ਸ਼ਰਾਬੀ ਹਾਲਤ ਵਿੱਚ ਪਾਏ ਜਾਣ ਕਾਰਨ ਮੁਅੱਤਲ ਕੀਤਾ ਗਿਆ ਸੀ।

---

### ਲੁਧਿਆਣਾ ਸ਼ਹਿਰ ਵਿਚ ਬਿਜਲੀ ਤੋਂ ਆਮਦਨ

*1408. (ਸੀ.ਯੂ. (1) ਕਾਮਰੇਡ ਅਜੈਬ ਸਿੰਘ ਰੌਂਤਾ
(2) ਕਾਮਰੇਡ ਗੁਰਨਾਮ ਸਿੰਘ ਧੀਰੋਵਾਲ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਸਾਲਾਂ 1991-92, 1992-93 ਅਤੇ ਅਪ੍ਰੈਲ, 1993 ਤੋਂ ਨਵੰਬਰ, 1993 ਤੱਕ ਦੇ ਸਮੇਂ ਲਈ ਲੁਧਿਆਣਾ ਸ਼ਹਿਰ ਤੋਂ ਬਿਜਲੀ ਤੋਂ ਔਸਤਨ ਸਾਲਾਨਾ ਕਿੰਨੀ ਆਮਦਨ ਇਕੱਠੀ ਹੋਈ;

(ਅ) ਕੀ ਸਰਕਾਰ ਲੁਧਿਆਣਾ ਸ਼ਹਿਰ ਵਿਚ ਬਿਜਲੀ ਤੋਂ ਆਮਦਨ ਵਧਾਉਣ ਦੇ ਖਿਆਲ ਨਾਲ ਮੌਜੂਦਾ ਚਾਰ ਪੱਧਰੀ ਪ੍ਰਣਾਲੀ ਦੀ ਥਾਂ ਦੋ ਪੱਧਰੀ ਪ੍ਰਣਾਲੀ ਲਾਗੂ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਵੇਰਵੇ ਅਤੇ ਪ੍ਰਣਾਲੀ ਦੇ ਕਿਸ ਸਮੇਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਬੇਅੰਤ ਸਿੰਘ: (ੳ) ਅਤੇ (ਅ) ਸਾਰਣੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

Original with;
Punjab Vidhan Sabha
Digitized by;
Panjab Digital Library

## ਸਾਰਣੀ

(ੳ) ਲੁਧਿਆਣਾ ਸ਼ਹਿਰ ਤੋਂ ਬਿਜਲੀ ਦੀ ਖ਼ਰਚੇ ਦੀ ਸਾਲਾਨਾ ਪ੍ਰਾਪਤੀ ਹੇਠ ਲਿਖੇ ਅਨੁਸਾਰ ਹੈ:

| ਸਾਲ | | ਰਕਮ (ਲੱਖਾਂ ਵਿਚ) |
|---|---|---|
| 1991-92 | ... | 14,964 |
| 1992-93 | ... | 20,487 |
| 1993-94 (ਅਪਰੈਲ 93 ਤੋਂ ਨਵੰਬਰ 93) | .. | 15,904 |

(ਅ) ਪੰਜਾਬ ਰਾਜ ਬਿਜਲੀ ਬੋਰਡ ਦੀ ਤਜਵੀਜ਼ ਰਾਜ ਸਰਕਾਰ ਦੇ ਵਿਚਾਰ ਅਧੀਨ ਹੈ। ਪੰਜਾਬ ਰਾਜ ਬਿਜਲੀ ਬੋਰਡ ਨੇ ਤਜਰਬੇ ਵਜੋਂ ਟੂ ਟਾਇਰ ਸਿਸਟਮ ਨੂੰ ਮਿਲਰ ਗੰਜ ਅਤੇ ਜਨਤਾ ਨਗਰ ਵੰਡ ਮੰਡਲ ਵਿਚ ਲਾਗੂ ਕੀਤਾ ਹੈ। ਕਿਉਂਕਿ ਤਜਵੀਜ਼ ਵਿਚ ਵਿੱਤੀ ਉਲਝਣਾਂ ਅਤੇ ਉਚ ਪੱਧਰ ਦੀਆਂ ਆਸਾਮੀਆਂ ਦੀ ਰਚਨਾ ਸ਼ਾਮਲ ਹੈ। ਇਸ ਲਈ ਰਾਜ ਸਰਕਾਰ ਤਜਵੀਜ਼ ਨੂੰ ਅਗਜ਼ਾਮਿਨ ਕਰ ਰਹੀ ਹੈ।

## ਰੂਟ ਪਰਮਿਟਾਂ ਤੋਂ ਬਿਨਾਂ ਬੱਸਾਂ ਚਲਾਉਣਾ

*1430. (ਸੀ.ਯੂ.) ਸਰਦਾਰ ਅਵਤਾਰ ਸਿੰਘ ਕਰੀਮਪੁਰੀ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਗੱਲ ਸਰਕਾਰ ਦੇ ਧਿਆਨ ਵਿਚ ਆਈ ਹੈ ਕਿ ਕੁਝ ਬੱਸ ਵੈਧ ਰੂਟ ਪਰਮਿਟਾਂ ਤੋਂ ਬਿਨਾਂ ਚਲਾਈਆਂ ਜਾ ਰਹੀਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਉਕਤ ਬੱਸ ਉਪਰੇਟਰਾਂ ਵਿਰੁੱਧ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ਹੈ?

ਸਰਦਾਰ ਬੇਅੰਤ ਸਿੰਘ: ਹਾਂ ਜੀ, ਟਰਾਂਸਪੋਰਟ ਵਿਭਾਗ ਦੇ ਖੇਤਰੀ ਅਫਸਰਾਂ ਵਲੋਂ ਰੈਗੂਲਰ ਤੌਰ ਤੇ ਚੈਕਿੰਗ ਕੀਤੀ ਜਾਂਦੀ ਹੈ ਅਤੇ ਮੋਟਰ ਗੱਡੀ ਐਕਟ-1988 ਦੇ ਉਪਬੰਧਾਂ ਤਹਿਤ ਅਜਿਹੀਆਂ ਗੱਡੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਂਦੀ ਹੈ।

## ਸਭਿਆਚਾਰਕ ਮੇਲਿਆਂ ਤੇ ਖਰਚ

*1431. (ਸੀ.ਯੂ.). ਸਰਦਾਰ ਅਵਤਾਰ ਸਿੰਘ ਕਰੀਮਪੁਰੀ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਫਰਵਰੀ, 1992 ਤੋਂ 18 ਫਰਵਰੀ, 1994 ਤੱਕ ਦੇ ਸਮੇਂ ਦੇ ਦੌਰਾਨ ਸਰਕਾਰ ਦੁਆਰਾ ਕੁੱਲ ਕਿੰਨੇ ਸਭਿਆਚਾਰਕ ਮੇਲੇ ਲਗਾਏ ਗਏ ਅਤੇ ਉਹ ਕਿਹੜੀਆਂ ਕਿਹੜੀਆਂ ਥਾਵਾਂ ਤੇ ਲਗਾਏ ਗਏ ਅਤੇ ਉਕਤ ਮੇਲਿਆਂ ਤੇ ਕੀਤੇ ਗਏ ਖ਼ਰਚੇ ਦੇ ਵੇਰਵੇ ਕੀ ਹਨ?

ਸਰਦਾਰ ਬੇਅੰਤ ਸਿੰਘ: ਪੰਜਾਬ ਸਰਕਾਰ ਵਲੋਂ ਫਰਵਰੀ, 1992 ਤੋਂ 18 ਜਨਵਰੀ, 1994 ਤੱਕ ਰਾਜ ਵਿੱਚ ਕੋਈ ਸਭਿਆਚਾਰਕ ਮੇਲਾ ਨਹੀਂ ਲਗਾਇਆ ਗਿਆ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਰਕਾਰ ਵਲੋਂ ਰਾਜ ਵਿੱਚ ਵੱਖ ਵੱਖ ਥਾਵਾਂ ਤੇ ਕੇਵਲ ਸਭਿਆਚਾਰਕ ਪਰੋਗਰਾਮ ਆਯੋਜਿਤ ਕੀਤੇ ਗਏ ਹਨ ਜਾਂ ਪਿੰਡਾਂ ਦੀਆਂ ਪੰਚਾਇਤਾਂ ਅਤੇ ਰਾਜ ਵਿੱਚ ਕੰਮ ਕਰ ਰਹੀਆਂ ਸਭਿਆਚਾਰਕ ਸੰਸਥਾਵਾਂ ਵਲੋਂ ਆਯੋਜਿਤ ਕੀਤੇ ਪਰੋਗਰਾਮਾਂ ਦੌਰਾਨ ਕਲਾਕਾਰ ਪ੍ਰਯੋਜਿਤ ਕੀਤੇ ਗਏ ਹਨ ਜਿੰਨ੍ਹਾਂ ਤੇ ਹੇਠ ਦਿੱਤੇ ਅਨੁਸਾਰ ਖਰਚਾ ਹੋਇਆ ਹੈ:--

| | | |
|---|---|---|
| ਫਰਵਰੀ--ਮਾਰਚ, 1992 | 53 ਪਰੋਗਰਾਮ | ਖ਼ਰਚਾ 10.28 ਲੱਖ ਰੁਪਏ |
| 1-4-92 ਤੋ 31-3-1993 | 161 ਪਰੋਗਰਾਮ | ਕੁੱਲ ਖ਼ਰਚਾ 50.00 ਲੱਖ ਰੁਪਏ |
| 1-4-93 ਤੋਂ ਜਨਵਰੀ' 1994 | 130 ਪਰੋਗਰਾਮ | 31-1-94 ਤੱਕ ਕੱਲ ਖਰਚਾ 30 ਲੱਖ ਰੁਪਏ । |

------

## ਸਕੂਲਾਂ ਵਿਚ ਪੇਸ਼ਾਵਰਾਨਾ ਸਿੱਖਿਆ ਆਰੰਭ ਕਰਨਾ

*1435 (ਸੀ.ਯੂ.). ਸ਼੍ਰੀ ਬਾਬੂ ਰਾਮ ਚਾਵਲਾ: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲ੍ਹਾ ਫਿਰੋਜ਼ਪੁਰ ਵਿਚ ਅਜਿਹੇ ਕੁੱਲ ਕਿੰਨੇ ਸਕੂਲ ਹਨ ਜਿਨ੍ਹਾਂ ਵਿਚ ਇਸ ਸਮੇਂ ਪੇਸ਼ਾਵਾਰਨਾ ਸਿੱਖਿਆ ਅਰੰਭ ਕੀਤੀ ਗਈ ਹੈ;

(ਅ) ਕੀ ਸਰਕਾਰ ਦਾ ਨਿਕਟ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਹੋਰ ਸਕੂਲਾਂ ਵਿਚ ਪੇਸ਼ਾਵਰਾਨਾ ਸਿੱਖਿਆ ਅਰਭ ਕਰਨ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵ ਤਾਂ ਉਸ ਦੇ ਵੇਰਵੇ ਕੀ ਹਨ?

ਸਰਦਾਰ ਲਖਮੀਰ ਸਿੰਘ ਰੰਧਾਵਾ: (ੳ) ਫਿਰੋਜ਼ਪੁਰ ਜ਼ਿਲ੍ਹੇ ਵਿੱਚ ਅਜਿਹੇ ਸਕੂਲਾਂ ਦੀ ਗਿਣਤੀ 23 ਹੈ।

(ਅ) ਨਿਕਟ ਭਵਿੱਖ ਵਿੱਚਜ਼ਿਲ੍ਹਾ ਫਿਰੋਜ਼ਪੁਰ ਵਿੱਚ 6 ਹੋਰ ਸਕੂਲਾਂ ਵਿੱਚ ਪੇਸ਼ਾਵਰਾਨਾ ਸਿੱਖਿਆ ਲਾਗੂ ਕਰਨ ਦੀ ਤਜਵੀਜ਼ ਹੈ। ਕੋਰਸਾਂ ਦਾਵੇਰਵਾ ਹੇਠ ਲਿਖੇ ਅਨੁਸਾਰ ਹੈ:--

| ਸਕੂਲ ਦਾ ਨਾਂ | ਉਪਲਬਧ ਵੋਕੇਸ਼ਨਲ ਕੋਰਸਿਜ਼ |
|---|---|
| 1. ਸ:ਸ:ਸ:ਸ: ਗੁਰੂ ਹਰ ਸਹਾਇ | (1) ਗਾਰਮੈਂਟ ਮੇਕਿੰਗ<br>(2) ਨਿਟਿੰਗ ਟੈਕਨੋਲੋਜੀ<br>(3) ਫੂਡ ਪ੍ਰੀਜ਼ਰਵੇਸ਼ਨ |

Original with;
Punjab Vidhan Sabha
Digitized by;
Panjab Digital Library

| ਸਕੂਲ ਦਾ ਨਾਂ | ਉਪਲਬਧ ਵੋਕੇਸ਼ਨਲ ਕਰੋਸਿਜ |
|---|---|
| 2. ਸ:ਸ:ਸ:ਸ: (ਲੜਕੇ) ਜ਼ੀਰਾ | (1) ਆਟੋ ਇੰਜੀਨੀਰਿੰਗ ਟੈਕਨਾਲੋਜੀ<br>(2) ਐਗਰੀ ਬਿਜਨੈਸ<br>(3) ਇਲੈਕਟਰੀਕਲ ਗੇਗਡਿਸ ਦੀ ਮੁਰੰਮਤ ਤੇ ਸੰਭਾਲ |
| 3. ਸ:ਸ:ਸ:ਸ: ਦਤਾਰਾ ਵਾਲੀ | (1) ਇਲੈਕਟਰੀਕਲ ਗੇਜਡਿਸ ਦੀ ਮੁਰਮਤ ਤੇ ਸੰਭਾਲ<br>(2) ਐਗਰੋ ਸਰਵਿਸ<br>(3) ਫਰਨੀਚਰ ਮੇਕਿੰਗ |
| 4. ਸ:ਗ:ਸ:ਸ:ਸ: ਜੀਰਾ | (1) ਫੂਡ ਪ੍ਰੀਜ਼ਰਵੇਸ਼ਨ<br>(2) ਨੀਟਿੰਗ ਟੈਕਨਾਲੋਜੀ<br>(3) ਗਾਰਮੈਂਟ ਮੇਕਿੰਗ |
| 5. ਸ:ਸ:ਸ:ਸ: ਜੰਡਵਾਲਾ ਭੀਮਸ਼ਾਹ | (1) ਮਕੈਨੀਕਲ ਇੰਜੀਨੀਰਿਗ ਟੈਕਨੋਲੋਜੀ<br>(2) ਆਟੋ ਇੰਜੀਨੀਰਿੰਗ ਟੈਕਨਾਲੋਜੀ<br>(3) ਇਲੈਕਟਰੀਕਲ ਗੇਜਡਿਸ ਦੀ ਮੁਰੰਮਤ ਤੇ ਸੰਭਾਲ |
| 6. ਸ:ਸ:ਸ:ਸ: ਮਲੌਣ ਵਾਲੀ ਖਾਸ | (1) ਮਕੈਨੀਕਲ ਇੰਜੀਨੀਰਿੰਗ ਟੈਕਨੋਲੋਜੀ<br>(2) ਆਟੋ ਇੰਜੀਨੀਰਿੰਗ ਟੈਕਨੋਲੋਜੀ<br>(3) ਇਲੈਕਟਰੀਕਲ ਗੇਜਡਿਸ ਦੀ ਮੁਰੰਮਤ ਤੇ ਸੰਭਾਲ |

------

## ਜ਼ਿਲ੍ਹਾ ਫਿਰੋਜ਼ਪੁਰ ਵਿਚ ਲਿੰਕ ਸੜਕਾਂ ਦੀ ਮੁਰੰਮਤ

***1436. (ਸੀ.ਯੂ.) ਸ੍ਰੀ ਬਾਬੂ ਰਾਮ ਚਾਵਲਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਵਿਚ ਲਿੰਕ ਸੜਕਾਂ ਦੀ ਮੁਰੰਮਤ ਲਈ ਚਾਲੂ ਵਿਤੀ ਸਾਲ ਦੇ ਦੌਰਾਨ ਕੁੱਲ ਕਿੰਨਾ ਖਰਚ ਕੀਤਾ ਗਿਆ ਹੈ ਅਤੇ ਅਗਲੇ ਵਿੱਤੀ ਸਾਲ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚ ਕੀਤੇ ਜਾਣ ਦੀ ਤਜਵੀਜ਼ ਹੈ ?

**ਸਰਦਾਰ ਬੇਅੰਤ ਸਿੰਘ:** (ੳ) 698.76 ਲੱਖ ਰੁਪਏ (1ਅਪ੍ਰੈਲ, 1993 ਤੋਂ 31 ਮਾਰਚ, 1994) ।

(ਅ) 746.00 ਲੱਖ ਰੁਪਏ ਦੀ ਤਜਵੀਜ਼ ਹੈ, ਬਸ਼ਰਤੇ ਕਿ ਫੰਡ ਉਪਲਬਧ ਹੋਣ ।

———

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਫਿਰੋਜ਼ਪੁਰ ਵਿਚ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਦੀ ਗਿਣਤੀ

*1437. (ਸੀ.ਯੂ.) **ਸ੍ਰੀ ਬਾਬੂ ਰਾਮ ਚਾਵਲਾ**: ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲ੍ਹਾ ਫਿਰਜ਼ਪੁਰ ਵਿਚ ਇਸ ਸਮੇਂ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਸਰਕਾਰ ਦਾ ਨਿਕਟ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕਈ ਨਵੀਆਂ ਪਸ਼ੂ ਚਿਕਿਤਸਾ ਡਿਸਪੈਂਸਰੀਆਂ ਖੋਲ੍ਹਣ ਦਾ ਪ੍ਰਸਤਾਵ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

**ਸਰਦਾਰ ਹਰਬੰਸ ਸਿੰਘ ਸਿੱਧੂ** : (ੳ) ਜ਼ਿਲ੍ਹਾ ਫਿਰੋਜ਼ਪੁਰ ਵਿਚ ਇਸ ਸਮੇਂ ਪਸ਼ੂ ਡਿਸਪੈਂਸ-ਰੀਆਂ ਦੀ ਕੁੱਲ ਗਿਣਤੀ 46 ਹੈ।

(ਅ) ਹਾਂ ਜੀ, ਚਾਲੂ ਮਾਲੀ ਸਾਲ 1993-94 ਦੌਰਾਨ ਇਸ ਜ਼ਿਲ੍ਹੇ ਵਿਚ 13 ਨਵੀਆਂ ਡਿਸਪੈਂਸਰੀਆਂ ਮਨਜ਼ੂਰ ਕੀਤੀਆਂ ਗਈਆਂ ਹਨ, ਜੋ ਜਲਦੀ ਹੀ ਚਾਲੂ ਹੋ ਜਾਣਗੀਆਂ। ਨਵੀਆਂ ਡਿਸਪੈਂਸਰੀਆਂ ਦਾ ਖੋਹਲਣਾ ਮੰਗ ਅਤੇ ਉਚਿਤਤਾ ਤੇ ਨਿਰਭਰ ਕਰੇਗਾ।

---

## ਜ਼ਿਲ੍ਹਾ ਫਿਰੋਜ਼ਪੁਰ ਵਿਚ ਵੈਟਰਨਰੀ ਡਾਕਟਰ ਦੀਆਂ ਖਾਲੀ ਆਸਾਮੀਆਂ ਨੂੰ ਭਰਨਾ

*1438. (ਸੀ.ਯੂ.) **ਸ੍ਰੀ ਬਾਬੂ ਰਾਮ ਚਾਵਲਾ**: ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਿਰੋਜ਼ਪੁਰ ਵਿਚ ਇਸ ਸਮੇਂ ਵੈਟਰਨਰੀ ਡਾਕਟਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਕਤ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ। ਕੀਤੇ ਜਾਣ ਦੀ ਤਜਵੀਜ਼ ਹੈ ?

**ਸਰਦਾਰ ਹਰਬੰਸ ਸਿੰਘ ਸਿੱਧੂ**: ਇਸ ਵੇਲੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਵੈਟਰਨਰੀ ਡਾਕਟਰਾਂ ਦੀਆਂ 12 ਆਸਾਮੀਆਂ ਖਾਲੀ ਪਈਆਂ ਹਨ। ਇਹਨਾਂ ਨੂੰ ਐਡਹਾਕ ਤੇ ਅਤੇ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਛੇਤੀ ਭਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

---

## ਜ਼ਿਲ੍ਹਾ ਫਿਰੋਜ਼ਪੁਰ ਵਿਚ ਆਈ.ਟੀ.ਆਈਜ਼ ਦੀ ਗਿਣਤੀ

*1439. (ਸੀ.ਯੂ.) **ਸ੍ਰੀ ਬਾਬੂ ਰਾਮ ਚਾਵਲਾ**: ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਜ਼ਿਲਾ ਫਿਰੋਜ਼ਪੁਰ ਵਿਚ ਇਸ ਸਮੇਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੀ ਕੁੱਲ ਗਿਣਤੀ ਕਿੰਨੀ ਹੈ ;

Original with;
Punjab Vidhan Sabha
Digitized by;
Panjab Digital Library

(ਅ) ਕੀ ਸਰਕਾਰ ਦਾ ਨੇੜੇ ਦੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਆਈ.ਟੀ.ਆਈਜ਼. ਖੋਲਣ ਦਾ ਪ੍ਰਸਤਾਵ ਹੈ; ਜੇਕਰ ਹੈ ਤਾਂ ਉਸ ਦੇ ਵੇਰਵੇ ਕੀ ਹਨ ?

**ਸਰਦਾਰਨੀ ਰਾਜਿੰਦਰ ਕੌਰ ਭੱਠਲ :** (ੳ) ਚਾਰ।

(ਅ) ਹਾਂ ਜੀ, ਇਕ ਜਲਾਲਾਬਾਦ ਵਿਖੇ। ਦੂਜੀਆਂ ਤਜਵੀਜ਼ਾਂ ਬਾਰੇ ਫੈਸਲਾ ਤਕਨੀਕੀ ਆਰਥਿਕ ਸਹੂਲਤਾਂ ਦੀ ਸੰਭਵਤਾ ਅਤੇ ਫੰਡਜ਼ ਦੀ ਉਪਲਬਧਤਾ ਨੂੰ ਧਿਆਨ ਵਿੱਚ ਰਖਦੇ ਹੋਏ ਲਿਆ ਜਾਵੇਗਾ।

---

### ਜ਼ਿਲ੍ਹਾ ਫਿਰੋਜ਼ਪੁਰ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ

***1441. (ਸੀ.ਯੂ.) ਸ਼੍ਰੀ ਬਾਬੂ ਰਾਮ ਚਾਵਲਾ :** ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ, 1993-94 ਦੇ ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਆਉਂਦੇ ਵਿੱਤੀ ਸਾਲ ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਦਾ ਪ੍ਰਸਤਾਵ ਹੈ ?

**ਚੌਧਰੀ ਜਗਜੀਤ ਸਿੰਘ :** ਸ੍ਰੀ ਮਾਨ ਜੀ, ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸਾਲ 1993-94 ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੋਈ ਰਕਮ ਖਰਚ ਨਹੀਂ ਕੀਤੀ ਗਈ। ਇਸ ਮੰਤਵ ਲਈ ਸਾਲ 1994-95 ਵਿੱਚ ਬਜ਼ਟ ਦੇਣ ਬਾਰੇ ਕੋਈ ਅੰਤਮ ਫੈਸਲਾ ਨਹੀਂ ਕੀਤਾ ਗਿਆ ਪਰੰਤੂ ਧਰਮਸ਼ਾਲਾਵਾਂ ਦੀ ਮੁਰੰਮਤ ਲਈ ਫੰਡ ਦੇਣ ਬਾਰੇ ਤਜਵੀਜ਼ ਬਾਰੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

---

### ਜ਼ਿਲ੍ਹਾ ਫਿਰੋਜ਼ਪੁਰ ਵਿੱਚ ਗਲੀਆਂ ਨੂੰ ਪੱਕਾ ਕਰਨ ਤੇ ਖਰਚ

***1442. (ਸੀ.ਯੂ.) ਸ਼੍ਰੀ ਬਾਬੂ ਰਾਮ ਚਾਵਲਾ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ 1993-94 ਦੌਰਾਨ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਦਿਹਾਤੀ ਇਲਾਕੇ ਵਿੱਚ ਸੜਕਾਂ ਅਤੇ ਗਲੀਆਂ ਨੂੰ ਪੱਕਾ ਕਰਨ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਵਿੱਤੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚ ਕੀਤੇ ਜਾਣ ਦਾ ਪ੍ਰਸਤਾਵ ਹੈ ?

**ਮਾਸਟਰ ਜਾਗੀਰ ਸਿੰਘ :** ਜ਼ਿਲ੍ਹਾ ਫਿਰੋਜ਼ਪੁਰ ਵਿਖੇ ਗਲੀਆਂ ਪੱਕੀਆਂ ਕਰਨ ਅਤੇ ਨਾਲੀਆਂ ਬਣਾਉਣ ਤੇ ਮਿਤੀ 31 ਜਨਵਰੀ, 1994 ਤੱਕ 522.29 ਲੱਖ ਰੁਪਏ ਖਰਚ ਕੀਤੇ ਗਏ ਹਨ। ਸਾਲ 1994-95 ਦੇ ਵਿੱਤੀ ਸਾਲ ਲਈ ਇਸ ਸਕੀਮ ਤਹਿਤ ਰਾਜ ਦੇ ਪਲਾਨ ਵਿਚੋਂ 4,000.00 ਲੱਖ ਰੁਪਏ

Original with;
Punjab Vidhan Sabha
Digitized by;
Panjab Digital Library

[ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ]

ਤਜ਼ਵੀਜ਼ ਕੀਤੇ ਗਏ ਹਨ। ਬਜ਼ਟ ਪ੍ਰਵਾਨ ਹੋਣ ਉਪਰੰਤ ਪਲਾਨਿੰਗ ਵਿਭਾਗ ਵੱਲੋਂ ਜ਼ਿਲ੍ਹਾਵਾਰ ਵੰਡ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਾਲ 1994-95 ਵਿੱਚ ਰੂਰਲ ਡਿਵੈਲਪਮੈਂਟ ਬੋਰਡ ਵਲੋਂ ਫੰਡ ਉਪਲੱਬਧ ਕੀਤੇ ਜਾਣਗੇ।

---

ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਸਸਤੇ ਭਾਅ ਦੀਆਂ ਨਵੀਆਂ ਦੁਕਾਨਾਂ ਖੋਲ੍ਹਣਾ

*1457. (ਸੀ.ਯੂ.) ਸਰਦਾਰ ਸਾਧੂ ਸਿੰਘ : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਇਸ ਸਮੇਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਸਸਤੇ ਭਾਅ ਦੀਆਂ ਕੁੱਲ ਕਿੰਨੀਆਂ ਦੁਕਾਨਾਂ ਹਨ;

(ਅ) ਕੀ ਸਰਕਾਰ ਦੀ ਨੇੜੇ ਦੇ ਭਵਿੱਖ ਵਿੱਚ ਉਕਤ ਜ਼ਿਲ੍ਹੇ ਵਿੱਚ ਸਸਤੇ ਭਾਅ ਦੀਆਂ ਕੋਈ ਨਵੀਆਂ ਦੁਕਾਨਾਂ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਲਾਲ ਸਿੰਘ : (ੳ) 328.

(ਅ) ਇਸ ਜ਼ਿਲ੍ਹੇ ਵਿੱਚ ਨਵੀਆਂ ਸਸਤੇ ਭਾਅ ਦੀਆਂ ਦੁਕਾਨਾਂ ਖੋਲ੍ਹਣ ਲਈ ਜ਼ਿਲ੍ਹਾ ਅਧਿਕਾਰੀਆਂ ਵਲੋਂ ਤਜਵੀਜ਼ ਮੰਗੀ ਹੋਈ ਹੈ। ਤਜਵੀਜ਼ ਆਉਣ ਤੇ ਨਾਰਮ ਮੁਤਾਬਿਕ ਪ੍ਰਵਾਨਗੀ ਦੇਣ ਤੇ ਵਿਚਾਰ ਕੀਤਾ ਜਾਵੇਗਾ।

---

ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ

*1458. (ਸੀ.ਯੂ.) ਸਰਦਾਰ ਸਾਧੂ ਸਿੰਘ : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਚਾਲੂ ਮਾਲੀ ਸਾਲ ਦੇ ਦੌਰਾਨ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੁੱਲ ਕਿੰਨਾ ਖਰਚਾ ਕੀਤਾ ਗਿਆ ਅਤੇ ਅਗਲੇ ਮਾਲੀ ਸਾਲ ਦੇ ਦੌਰਾਨ ਇਸ ਮੰਤਵ ਲਈ ਕਿੰਨੀ ਰਕਮ ਖਰਚ ਕੀਤੇ ਜਾਣ ਦਾ ਪ੍ਰਸਤਾਵ ਹੈ ?

ਚੌਧਰੀ ਜਗਜੀਤ ਸਿੰਘ : ਚਾਲੂ ਮਾਲੀ ਸਾਲ ਦੇ ਦੌਰਾਨ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੋਈ ਖਰਚ ਨਹੀਂ ਕੀਤਾ ਗਿਆ। ਇਸ ਮੰਤਵ ਲਈ ਸਾਲ 1994-95 ਵਿੱਚ ਬਜਟ ਦੇਣ ਬਾਰੇ ਕੋਈ ਅੰਤਮ ਫੈਸਲਾ ਨਹੀਂ ਕੀਤਾ ਗਿਆ ਪਰੰਤੂ ਧਰਮਸ਼ਾਲਾਵਾਂ ਦੀ ਮਰੰਮਤ ਲਈ ਫੰਡ ਦੇਣ ਬਾਰੇ ਤਜਵੀਜ਼ ਬਾਰੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

---

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਗਲੀਆਂ ਨਾਲੀਆਂ ਨੂੰ ਪੱਕਾ ਕਰਨ ਤੇ ਖਰਚ

*1459. (ਸੀ.ਯੂ.) ਸਰਦਾਰ ਸਾਧੂ ਸਿੰਘ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਚਾਲੂ ਮਾਲੀ ਸਾਲ ਦੇ ਦੌਰਾਨ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਦਿਹਾਤੀ ਇਲਾਕਿਆਂ ਵਿੱਚ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰਨ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ਅਤੇ ਅਗਲੇ ਮਾਲੀ ਸਾਲ ਦੇ ਦੌਰਾਨ ਇਸ ਮੰਤਵ ਲਈ ਕਿੰਨਾ ਖਰਚਾ ਕੀਤੇ ਜਾਣ ਦੀ ਤਜ਼ਵੀਜ਼ ਹੈ ?

ਮਾਸਟਰ ਜਾਗੀਰ ਸਿੰਘ : ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਗਲੀਆਂ ਪੱਕੀਆਂ ਕਰਨ ਅਤੇ ਨਾਲੀਆਂ ਬਣਾਉਣ ਤੇ ਮਿਤੀ 31 ਜਨਵਰੀ, 1994 ਤੱਕ 145.24 ਲੱਖ ਰੁਪਏ ਖਰਚ ਕੀਤੇ ਗਏ ਹਨ । ਸਾਲ 1994-95 ਦੇ ਵਿੱਤੀ ਸਾਲ ਲਈ ਇਸ ਸਕੀਮ ਤਹਿਤ ਰਾਜ ਪਲਾਨ ਦੇ ਵਿਚੋਂ 4000.00 ਲੱਖ ਰਪਏ ਤਜ਼ਵੀਜ਼ ਕੀਤੇ ਗਏ ਹਨ। ਬਜਟ ਪ੍ਰਵਾਨ ਹੋਣ ਉਪਰੰਤ ਪਲੈਨਿੰਗ ਵਿਭਾਗ ਵਲੋਂ ਜਿਲ੍ਹਾਵਾਰ ਵੰਡ ਕੀਤੀ ਜਾਵੇਗੀ । ਇਸ ਤੋਂ ਇਲਾਵਾ ਸਾਲ 1994-95 ਵਿੱਚ ਰੂਰਲ ਡਿਵੈਲਪਮੈਂਟ ਬੋਰਡ ਵਲੋਂ ਵੀ ਫੰਡ ਉਪਲਬਧ ਕਰਵਾਉਣ ਦੇ ਉਪਰਾਲੇ ਕੀਤੇ ਜਾਣਗੇ।

---

## ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਦਿਹਾਤੀ ਜਲ ਸਪਲਾਈ ਸਕੀਮ ਨੂੰ ਲਾਗੂ ਕਰਨਾ

*1460. (ਸੀ.ਯੂ.) ਸਰਦਾਰ ਸਾਧੂ ਸਿੰਘ : ਕੀ ਜਨ-ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਅਜਿਹੇ ਕੁੱਲ ਕਿੰਨੇ ਪਿੰਡ ਹਨ, ਜਿਨ੍ਹਾਂ ਵਿਚ ਦਿਹਾਤੀ ਜਲ ਸਪਲਾਈ ਸਕੀਮ ਲਾਗੂ ਕਰ ਦਿੱਤੀ ਗਈ ਹੈ ਅਤੇ ਉਕਤ ਜ਼ਿਲ੍ਹੇ ਦੇ ਬਾਕੀ ਪਿੰਡਾਂ ਵਿਚ ਉਕਤ ਸਕੀਮ ਦੇ ਕਦੋਂ ਤੱਕ ਲਾਗੂ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਸੁਰਿੰਦਰ ਕਪੂਰ : ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ 365 ਪਿੰਡ ਅਜਿਹੇ ਹਨ ਜਿਥੇ ਪੇਂਡੂ ਜਲ ਸਪਲਾਈ ਸਕੀਮਾਂ ਲਾਗੂ ਨਹੀਂ ਕੀਤੀਆਂ ਗਈਆਂ, ਇਹਨਾਂ ਵਿਚੋਂ ਸਿਰਫ 25 ਪਿੰਡ ਜੋ ਕਿ 1980 ਅਤੇ 1985 ਵਿੱਚ ਕੀਤੇ ਸਰਵੇ ਵਿੱਚ ਪਾਣੀ ਦੀ ਸਮਸਿਆ ਵਾਲੇ ਪਿੰਡ ਪਾਏ ਗਏ ਹਨ, ਵਿੱਚ ਪੇਂਡੂ ਜਲ ਸਪਲਾਈ ਸਕੀਮ ਅਧੀਨ 31 ਮਾਰਚ, 1995 ਤੱਕ ਸਾਫ ਪੀਣ ਲਈ ਪਾਣੀ ਮੁਹੱਈਆ ਕੀਤਾ ਜਾਵੇਗਾ ਬਸ਼ਰਤੇ ਕਿ ਇਸ ਕੰਮ ਲਈ ਸਾਲ 1994-95 ਵਿੱਚ ਲੋੜੀਂਦੇ ਫੰਡਜ਼ ਉਪਲਬਧ ਹੋਣ।

---

## ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਆਬਕਾਰੀ ਡਿਊਟੀ ਤੋਂ ਆਮਦਨ

*1461. (ਸੀ.ਯੂ.) ਸਰਦਾਰ ਸਾਧੂ ਸਿੰਘ : ਕੀ ਆਬਕਾਰੀ ਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਚਾਲੂ ਮਾਲੀ ਸਾਲ ਦੇ ਦੌਰਾਨ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਆਬਕਾਰੀ ਡਿਊਟੀ ਤੋਂ ਕੁੱਲ ਕਿੰਨੀ ਆਮਦਨ ਹੋਈ ?

Original with;
Punjab Vidhan Sabha
Digitized by;
Panjab Digital Library

ਸਰਦਾਰ ਸ਼ਮਸ਼ੇਰ ਸਿੰਘ ਦੂਲੋ : ਸਾਲ 1993-94 (ਮਿਤੀ 1 ਅਪਰੈਲ, 1993 ਤੋਂ 31 ਜਨਵਰੀ, 1994 ਤੱਕ) ਦੌਰਾਨ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਆਬਕਾਰੀ ਡਿਊਟੀ ਤੋਂ ਕੁਲ 46,22,240 ਰੁਪਏ ਆਮਦਨ ਹੋਈ ਹੈ ਜੀ।

---

ਜ਼ਿਲ੍ਹਾ ਰੋਪੜ ਵਿਚ ਨਵੇਂ ਹਸਪਤਾਲ/ਡਿਸਪੈਂਸਰੀਆਂ ਖੋਲ੍ਹਣਾ

*1465. (ਸੀ.ਯੂ.) ਸ਼੍ਰੀ ਰਮੇਸ਼ ਦੱਤ ਸ਼ਰਮਾ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲ੍ਹਾ ਰੋਪੜ ਵਿਚ ਇਸ ਸਮੇਂ ਸਰਕਾਰੀ ਹਸਪਤਾਲਾਂ/ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ;

(ਅ) ਕੀ ਸਰਕਾਰ ਦੀ ਅਗਲੇ ਵਿੱਤੀ ਸਾਲ ਦੇ ਦੌਰਾਨ ਉਕਤ ਜ਼ਿਲ੍ਹੇ ਵਿਚ ਕੋਈ ਨਵੇਂ ਸਰਕਾਰੀ ਹਸਪਤਾਲ/ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਹੈ ; ਜੇਕਰ ਅਜਿਹਾ ਹੈ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਹਰਚਰਨ ਸਿੰਘ ਬਰਾੜ : (ੳ) ਹਸਪਤਾਲ 7.
ਡਿਸਪੈਂਸਰੀਆਂ 70 (ਅਰਬਨ 9 + ਪੇਂਡੂ 61) ।

(ਅ) ਹਾਂ ਜੀ। ਜ਼ਿਲ੍ਹਾ ਰੋਪੜ ਵਿਚ ਮੁੰਡੀ ਖਰੜ ਵਿਖੇ ਅਗਲੇ ਵਿੱਤੀ ਸਾਲ ਦੇ ਦੌਰਾਨ ਕੇਵਲ ਇਕ ਨਵੀਂ ਡਿਸਪੈਂਸਰੀ ਖੋਲ੍ਹਣ ਦੀ ਤਜਵੀਜ਼ ਹੈ।

---

ਜ਼ਿਲ੍ਹਾ ਰੋਪੜ ਵਿੱਚ ਨਵੀਆਂ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹਣਾ

*1466. (ਸੀ.ਯੂ.) ਸ਼੍ਰੀ ਰਮੇਸ਼ ਦੱਤ ਸ਼ਰਮਾ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਦੱਸਣਗੇ ਕਿ:--

(ੳ) ਇਸ ਸਮੇਂ ਜ਼ਿਲ੍ਹਾ ਰੋਪੜ ਵਿੱਚ ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ ਦੀ ਕੁਲ ਗਿਣਤੀ ਕਿੰਨੀ ਹੈ;

(ਅ) ਕੀ ਸਰਕਾਰ ਦਾ ਨੇੜੇ ਦੇ ਭਵਿੱਖ ਵਿੱਚ ਉਕਤ ਜ਼ਿਲ੍ਹੇ ਵਿੱਚ ਕੋਈ ਨਵੀਆਂ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹਣ ਦਾ ਪ੍ਰਸਤਾਵ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਹਰਚਰਨ ਸਿੰਘ ਬਰਾੜ : (ੳ) ਇਸ ਸਮੇਂ 35 ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ ਕੰਮ ਕਰ ਰਹੀਆਂ ਹਨ ।

Original with;
Punjab Vidhan Sabha
Digitized by;
Panjab Digital Library

(ਅ) ਹਾਂ ਜੀ। ਸਾਲ 1993-94 ਦੌਰਾਨ ਜ਼ਿਲ੍ਹਾ ਰੋਪੜ ਵਿੱਚ ਪਿੰਡ ਸਹੌੜਾਂ ਅਤੇ ਮਿੰਨੀ ਸਕੱਤਰੇਤ, ਪੰਜਾਬ, ਸੈਕਟਰ, 9, ਚੰਡੀਗੜ੍ਹ ਵਿਖੇ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

---

## ਜ਼ਿਲ੍ਹਾ ਰੋਪੜ ਦੇ ਸਕੂਲਾਂ ਵਿਚ ਪੇਸ਼ਾਵਰਾਨਾ ਸਿਖਿਆ ਸ਼ੁਰੂ ਕਰਨਾ

*1467. (ਸੀ.ਯੂ.) ਸ੍ਰੀ ਰਮੇਸ਼ ਦੱਤ ਸ਼ਰਮਾ : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲ੍ਹਾ ਰੋਪੜ ਦੇ ਉਨ੍ਹਾਂ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਪੇਸ਼ਾਵਰਾਨਾ ਸਿਖਿਆ ਸ਼ੁਰੂ ਕੀਤੀ ਗਈ ਹੈ;

(ਅ) ਕੀ ਸਰਕਾਰ ਦਾ ਨੇੜੇ ਦੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਵਧੇਰੇ ਸਕੂਲਾਂ ਵਿਚ ਪੇਸ਼ਾਵਰਾਨਾ ਸਿਖਿਆ ਸ਼ੁਰੂ ਕਰਨ ਦਾ ਪ੍ਰਸਤਾਵ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਲਖਮੀਰ ਸਿੰਘ ਰੰਧਾਵਾ: (ੳ) ਰੋਪੜ ਜ਼ਿਲ੍ਹੇ ਵਿੱਚ ਅਜਿਹੇ ਸਕੂਲਾਂ ਦੀ ਗਿਣਤੀ 9 ਹੈ।

(ਅ) ਨਿਕਟ ਭਵਿੱਖ ਵਿਚ ਜ਼ਿਲ੍ਹਾ ਰੋਪੜ ਵਿੱਚ 10 ਹੋਰ ਸਕੂਲਾਂ ਵਿੱਚ ਪੇਸ਼ਾਵਰਾਨਾ ਸਿੱਖਿਆ ਲਾਗੂ ਕਰਨ ਦੀ ਤਜਵੀਜ਼ ਹੈ। ਕੋਰਸਾਂ ਦੀ ਵੇਰਵਾ ਅਨੁਲੱਗ 'ੳ' ਤੇ ਹੈ।

### Annexure-'A'

Names of the schools where vocational scheme is to be introduced in District Ropar in near future and their Traders are as under:--

| Name of School | Vocational Courses available |
|---|---|
| 1. G.S.S.S., Bhalan | 1. Repair and Maintenance of Electrical Gadgets<br>2. Commercial Garment Making<br>3. Auto Engineering Technology |
| 2. G.S.S.S, Ghanauli | 1. Mechanical Engineering Technology<br>2. Repair and Maintenance of Radio and T.V.<br>3. Textile Designing and Printing |
| 3. G.S.S.S., Mullanpur | 1. Repair and Maintenance of Radio and T.V.<br>2. Book Keeping & Accountancy<br>3. Mechanical Engineering Technology |

Original with;
Punjab Vidhan Sabha
Digitized by;
Panjab Digital Library

[Education Minister]

| Name of School | | Vocational Courses available |
|---|---|---|
| 4. | G.S.S.S.. (G), Kurali .. | 1. Commercial Garment Making<br>2. Food Preservation<br>3. Secretariat Practice |
| 5. | G.S.S.S., Kiratpur Sahib | 1. Mechanical Engineering Technology<br>2. Agri. buisness<br>3. Secretariat Practice |
| 6. | G.S.S.S., Jhalian Kalan.. | 1. Agri. Service<br>2. Auto Engineering Techrology<br>3. Commercial Garment Making |
| 7. | G.S.S.S., Chamkaur Sahib | 1. Computer Science<br>2. Garment Making<br>3. Secretariat Practice |
| 8. | G.S.S.S., Khijrabad .. | 1. Auto Engineering Technology<br>2. Mechanical Engineering Technology<br>3. Repair and Maintenance of Electrical Gadgets |
| 9. | G.S.S.S., Anandpur Sahib | 1. Secretariat Practice<br>2. Computer Science<br>3. Food Preservation |
| 10. | G.S.S.S., Boormajra .. | 1. Mechanical Engineering Technology<br>2. Auto Engineering Technology<br>3. Repair and Maintenance of Radio & T.V. |

## ਜ਼ਿਲ੍ਹਾ ਰੋਪੜ ਵਿਚ ਨਵੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਖੋਲ੍ਹਣਾ

*1468. (ਸੀ.ਯੂ.) ਸ੍ਰੀ ਰਮੇਸ਼ ਦੱਤ ਸ਼ਰਮਾ: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਇਸ ਸਮੇਂ ਜ਼ਿਲ੍ਹਾ ਰੋਪੜ ਵਿਚ ਹੋਮਿਓਪੈਥਿਕ ਡਿਸਪੈਂਸਰੀਆਂ ਦੀ ਕੁਲ ਗਿਣਤੀ ਕਿੰਨੀ ਹੈ ;

(ਅ) ਕੀ ਸਰਕਾਰ ਦਾ ਨੇੜੇ ਦੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਖੋਲ੍ਹਣ ਦਾ ਪ੍ਰਸਤਾਵ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਹਰਚਰਨ ਸਿੰਘ ਬਰਾੜ : (ੳ) 12.

(ਅ) ਨਹੀਂ ਜੀ।

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਰੋਪੜ ਵਿਚ ਲਿੰਕ ਸੜਕਾਂ ਦੀ ਮੁਰੰਮਤ

*1469. (ਸੀ.ਯੂ.) ਸ਼੍ਰੀ ਰਮੇਸ਼ ਦੱਤ ਸ਼ਰਮਾ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਚਾਲੂ ਵਿੱਤੀ ਸਾਲ ਦੇ ਦੌਰਾਨ ਜ਼ਿਲ੍ਹਾ ਰੋਪੜ ਵਿਚ ਲਿੰਕ ਸੜਕਾਂ ਦੀ ਮੁਰੰਮਤ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਅਗਲੇ ਵਿੱਤੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚ ਕਰਨ ਦਾ ਪ੍ਰਸਤਾਵ ਹੈ?

ਸਰਦਾਰ ਬੇਅੰਤ ਸਿੰਘ: (ੳ) 613.77 ਲੱਖ ਰੁਪਏ (1 ਅਪ੍ਰੈਲ, 1993 ਤੋਂ 31 ਮਾਰਚ, 1994)।

(ਅ) 681.00 ਲੱਖ ਰੁਪਏ ਦੀ ਤਜਵੀਜ਼ ਹੈ, ਬਸ਼ਰਤੇ ਕਿ ਫੰਡ ਉਪਲੱਬਧ ਹੋਣ।

---

## ਜ਼ਿਲ੍ਹਾ ਰੋਪੜ ਵਿਚ ਸਸਤੇ ਭਾਅ ਦੀਆਂ ਨਵੀਆਂ ਦੁਕਾਨਾਂ ਖੋਲ੍ਹਣਾ

*1473. (ਸੀ.ਯੂ.) ਸ਼੍ਰੀ ਰਮੇਸ਼ ਦੱਤ ਸ਼ਰਮਾ: ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਇਸ ਸਮੇਂ ਜ਼ਿਲ੍ਹਾ ਰੋਪੜ ਵਿਚ ਸਸਤੇ ਭਾਅ ਦੀਆਂ ਕੁੱਲ ਕਿੰਨੀਆਂ ਦੁਕਾਨਾਂ ਹਨ;

(ਅ) ਕੀ ਸਰਕਾਰ ਦੀ ਨੇੜੇ ਦੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਸਸਤੇ ਭਾਅ ਦੀਆਂ ਕੋਈ ਨਵੀਆਂ ਦੁਕਾਨਾਂ ਖੋਲ੍ਹਣ ਦੀ ਤਜਵੀਜ਼ ਹੈ, ਜੇਕਰ ਹੈ, ਉਨ੍ਹਾਂ ਦਾ ਵੇਰਵਾ ਕੀ ਹੈ?

ਸਰਦਾਰ ਲਾਲ ਸਿੰਘ: (ੳ) 493.

(ਅ) ਇਸ ਜ਼ਿਲ੍ਹੇ ਵਿਚ ਹੇਠ ਲਿਖੇ ਅਨੁਸਾਰ ਸਸਤੇ ਭਾਅ ਦੀਆਂ ਨਵੀਆਂ ਦੁਕਾਨਾਂ ਖੋਲ੍ਹਣ ਦਾ ਪ੍ਰਸਤਾਵ ਹੈ:--

| ਲੜੀ ਨੰ: | ਸ਼ਹਿਰ ਦਾ ਨਾਂ | ਸਸਤੇ ਭਾਅ ਦੀਆਂ ਨਵੀਆਂ ਦੁਕਾਨਾਂ ਖੋਲ੍ਹਣ ਦੀ ਤਜਵੀਜ਼ |
|---|---|---|
| 1 | ਰੋਪੜ | 5 |
| 2 | ਆਨੰਦਪੁਰ ਸਾਹਿਬ | 3 |
| 3 | ਨੰਗਲ | 2 |
| 4 | ਮੋਰਿੰਡਾ | 1 |
| 5 | ਖਰੜ | 6 |
| 6 | ਮੋਹਾਲੀ | 7 |
| 7 | ਕੁਰਾਲੀ | 4 |
| | ਕੁੱਲ | 28 |

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ (ਸੀ.ਯੂ.) ਪ੍ਰਸ਼ਨ ਨੰਬਰ *1474

(ਇਸ ਸਵਾਲ ਦਾ ਜਵਾਬ ਹਾਲੇ ਤਕ ਪ੍ਰਾਪਤ ਨਹੀਂ ਹੋਇਆ।)

ਜ਼ਿਲ੍ਹਾ ਰੋਪੜ ਵਿੱਚ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰਨ ਤੇ ਖਰਚ ਕੀਤੀ ਗਈ ਰਕਮ

*1475. (ਸੀ.ਯੂ.) ਸ਼੍ਰੀ ਰਮੇਸ਼ ਦੱਤ ਸ਼ਰਮਾ: ਕੀ ਦਿਹਾਤੀ ਵਿਕਾਸ ਅਤੇ ਪੰਚਾਇਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਲੀ ਸਾਲ 1993-94 ਦੇ ਦੌਰਾਨ, ਜ਼ਿਲ੍ਹਾ ਰੋਪੜ ਵਿੱਚ ਦਿਹਾਤੀ ਇਲਾਕਿਆਂ ਵਿੱਚ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰਨ ਤੇ ਕੁੱਲ ਕਿੰਨਾ ਖਰਚ ਹੋਇਆ ਅਤੇ ਮਾਲੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚ ਕਰਨ ਦੀ ਤਜ਼ਵੀਜ਼ ਹੈ?

ਮਾਸਟਰ ਜਾਗੀਰ ਸਿੰਘ: ਜ਼ਿਲ੍ਹਾ ਰੋਪੜ ਵਿਖੇ ਗਲੀਆਂ ਪੱਕੀਆਂ ਕਰਨ ਅਤੇ ਨਾਲੀਆਂ ਬਣਾਉਣ ਤੇ ਮਿਤੀ 31 ਜਨਵਰੀ, 1994 ਤੱਕ 51.57 ਲੱਖ ਰੁਪਏ ਖਰਚ ਕੀਤੇ ਗਏ ਹਨ। ਸਾਲ 1994-95 ਦੇ ਵਿੱਤੀ ਸਾਲ ਲਈ ਇਸ ਸਕੀਮ ਤਹਿਤ ਰਾਜ ਦੇ ਪਲਾਨ ਬਜਟ ਵਿਚੋਂ 4000.00 ਲੱਖ ਰੁਪਏ ਤਜ਼ਵੀਜ ਕੀਤੇ ਗਏ ਹਨ। ਬਜਟ ਪ੍ਰਵਾਨ ਹੋਣ ਉਪਰੰਤ ਪਲੈਨਿੰਗ ਵਿਭਾਗ ਵਲੋਂ ਜ਼ਿਲ੍ਹਾ-ਵਾਰ ਵੰਡ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਾਲ 1994-95 ਵਿੱਚ ਰੂਰਲ ਡਿਵੈਲਪਮੈਂਟ ਬੋਰਡ ਵਲੋਂ ਵੀ ਫੰਡ ਉਪਲਬੱਧ ਕਰਾਉਣ ਦੇ ਉਪਰਾਲੇ ਕੀਤੇ ਜਾਣਗੇ।

ਜ਼ਿਲ੍ਹਾ ਰੋਪੜ ਵਿਚ ਦਿਹਾਤੀ ਜਲ ਸਪਲਾਈ ਸਕੀਮ ਲਾਗੂ ਕਰਨਾ

*1476. (ਸੀ. ਯੂ.) ਸ਼੍ਰੀ ਰਮੇਸ਼ ਦੱਤ ਸ਼ਰਮਾ: ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰੋਪੜ ਜ਼ਿਲ੍ਹੇ ਵਿਚ ਅਜਿਹੇ ਕੁੱਲ ਕਿੰਨੇ ਪਿੰਡ ਹਨ ਜਿਨ੍ਹਾਂ ਵਿਚ ਅਜੇ ਤੱਕ ਦਿਹਾਤੀ ਜਲ ਸਪਲਾਈ ਸਕੀਮ ਲਾਗੂ ਨਹੀਂ ਕੀਤੀ ਗਈ ਹੈ ਅਤੇ ਇਸ ਸਕੀਮ ਦੇ ਉਕਤ ਜ਼ਿਲ੍ਹੇ ਦੇ ਇਨ੍ਹਾਂ ਪਿੰਡਾਂ ਵਿਚ ਕਦੋਂ ਤੱਕ ਲਾਗੂ ਕਰ ਦਿੱਤੇ ਜਾਣ ਦੀ ਸੰਭਾਵਨਾ ਹੈ?

ਸ਼੍ਰੀ ਸੁਰਿੰਦਰ ਕਪੂਰ: ਜ਼ਿਲ੍ਹਾ ਰੋਪੜ ਵਿੱਚ 310 ਪਿੰਡ ਅਜਿਹੇ ਹਨ ਜਿਥੇ ਪੇਂਡੂ ਜਲ ਸਪਲਾਈ ਸਕੀਮਾਂ ਲਾਗੂ ਨਹੀਂ ਕੀਤੀਆਂ ਗਈਆਂ, ਇਹਨਾਂ ਵਿਚੋਂ ਸਿਰਫ 15 ਪਿੰਡ ਜੋ ਕਿ 1980 ਅਤੇ 1985 ਵਿੱਚ ਕੀਤੇ ਸਰਵੇ ਵਿੱਚ ਪਾਣੀ ਦੀ ਸਮੱਸਿਆ ਵਾਲੇ ਪਿੰਡ ਪਾਏ ਗਏ ਹਨ, ਵਿੱਚ ਪੇਂਡੂ ਜਲ ਸਪਲਾਈ ਸਕੀਮ ਅਧੀਨ 31 ਮਾਰਚ, 1995 ਤੱਕ ਸਾਫ ਪੀਣ ਲਈ ਪਾਣੀ ਮੁਹੱਈਆ ਕੀਤਾ ਜਾਵੇਗਾ ਬਸ਼ਰਤੇ ਕਿ ਇਸ ਕੰਮ ਲਈ ਸਾਲ 1994-95 ਵਿੱਚ ਲੋੜੀਂਦੇ ਫੰਡਜ਼ ਉਪਲਬੱਧ ਹੋਣ।

ਜ਼ਿਲ੍ਹਾ ਰੋਪੜ ਵਿੱਚ ਆਬਕਾਰੀ ਡਿਊਟੀ ਤੋਂ ਆਮਦਨ

*1477. (ਸੀ.ਯੂ.) ਸ਼੍ਰੀ ਰਮੇਸ਼ ਦੱਤ ਸ਼ਰਮਾ: ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਲੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਰੋਪੜ ਵਿਚ ਆਬਕਾਰੀ ਡਿਊਟੀ ਤੋਂ ਕੁਲ ਕਿੰਨੀ ਆਮਦਨ ਹੋਈ?

*For S.Q. (C. U.) No. 1474 and reply thereto please see Appendix to this Annexure.

Original with;
Punjab Vidhan Sabha
Digitized by;
Panjab Digital Library

ਸਰਦਾਰ ਸ਼ਮਸ਼ੇਰ ਸਿੰਘ ਦੂਲੋ : ਸਾਲ 1993-94 (ਮਿਤੀ 1 ਅਪ੍ਰੈਲ, 1993 ਤੋਂ 31 ਜਨਵਰੀ, 1994) ਤੱਕ ਦੌਰਾਨ ਜ਼ਿਲ੍ਹਾ ਰੋਪੜ ਵਿਚ ਆਬਕਾਰੀ ਡਿਊਟੀ ਤੋਂ ਕੁਲ 2,83,55,317 ਰੁਪਏ ਆਮਦਨ ਹੋਈ ਹੈ ਜੀ।

———

## ਜ਼ਿਲ੍ਹਾ ਪਟਿਆਲਾ ਵਿਚ ਲਿੰਕ ਸੜਕਾਂ ਦੀ ਮੁਰੰਮਤ

*1486. (ਸੀ.ਯੂ.) ਸਰਦਾਰ ਹਮੀਰ ਸਿੰਘ ਘੱਗਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਪਟਿਆਲਾ ਵਿਚ ਵਿੱਤੀ ਸਾਲ 1993-94 ਦੇ ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਤੇ ਕੁੱਲ ਕਿੰਨਾ ਖਰਚ ਕੀਤਾ ਗਿਆ ;

(ਅ) ਉਕਤ ਜ਼ਿਲ੍ਹੇ ਵਿਚ ਅਗਲੇ ਮਾਲੀ ਸਾਲ 1994-95 ਦੇ ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਤੇ ਕਿੰਨੀ ਰਕਮ ਖਰਚ ਕੀਤੇ ਜਾਣ ਦੀ ਤਜਵੀਜ਼ ਹੈ ?

ਸਰਦਾਰ ਬੇਅੰਤ ਸਿੰਘ : (ੳ) 828.56 ਲੱਖ ਰੁਪਏ (1 ਅਪ੍ਰੈਲ, 1993 ਤੋਂ 31 ਮਾਰਚ, 1994) ।

(ਅ) 1027.56 ਲੱਖ ਰੁਪਏ ਦੀ ਤਜਵੀਜ਼ ਹੈ, ਬਸ਼ਰਤੇ ਕਿ ਫੰਡ ਉਪਲਬੱਧ ਹੋਣ ।

———

## ਜ਼ਿਲ੍ਹਾ ਪਟਿਆਲਾ ਵਿਚ ਪਸ਼ੂ-ਚਿਕਿਤਸਾ ਡਿਸਪੈਂਸਰੀਆਂ

*1487. (ਸੀ.ਯੂ.) ਸਰਦਾਰ ਹਮੀਰ ਸਿੰਘ ਘੱਗਾ : ਕੀ ਪਸ਼ੂ-ਪਾਲਣ ਅਤੇ ਮੱਛੀ-ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਪਟਿਆਲਾ ਵਿਚ ਇਸ ਸਮੇਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਸਰਕਾਰ ਨੇੜੇ ਦੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਅਜਿਹੀਆਂ ਹੋਰ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਹਰਬੰਸ ਸਿੰਘ ਸਿੱਧੂ : (ੳ) ਜ਼ਿਲ੍ਹਾ ਪਟਿਆਲਾ ਵਿੱਚ ਇਸ ਸਮੇਂ 75 ਪਸ਼ੂ ਡਿਸਪੈਂਸਰੀਆਂ ਚੱਲ ਰਹੀਆਂ ਹਨ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਪਸ਼ੂ ਪਾਲਣ ਅਤੇ ਮੱਛੀ ਪਾਲਣ ਵਿਕਾਸ]

(ਅ) ਹਾਂ ਜੀ, ਉਪਰੋਕਤ ਤੋਂ ਇਲਾਵਾ ਚਾਲੂ ਮਾਲੀ ਸਾਲ 1993-94 ਦੌਰਾਨ ਜ਼ਿਲ੍ਹਾ ਪਟਿਆਲਾ ਵਿੱਚ 5 ਪਸ਼ੂ ਡਿਸਪੈਂਸਰੀਆਂ ਮਨਜ਼ੂਰ ਕੀਤੀਆਂ ਜਾਂ ਚੁੱਕੀਆਂ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :--

ਲੜੀ ਨੰ: ਪਿੰਡ ਦਾ ਨਾਂ

1 ਹਰੀ ਨਗਰ ਖੇੜਕੀ

2 ਨੂਰ ਖੇੜੀਆਂ

3 ਕਰਹਾਲੀ

4 ਨੌਗਾਵਾਂ

5 ਅਲੀਪੁਰ ਜੱਟਾਂ

ਹੋਰ ਪਸ਼ੂ ਡਿਸਪੈਂਸਰੀਆਂ ਖੋਲ੍ਹਣਾ ਇਨ੍ਹਾਂ ਦੀ ਮੰਗ ਅਤੇ ਉਚਿੱਤਤਾ ਤੇ ਨਿਰਭਰ ਕਰੇਗਾ।

---

## ਪਸ਼ੂ-ਚਿਕਿਤਸਾ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਭਰਨਾ

*1488. (ਸੀ.ਯੂ.) **ਸਰਦਾਰ ਹਮੀਰ ਸਿੰਘ ਘੱਗਾ** : ਕੀ ਪਸ਼ੂ-ਪਾਲਣ ਅਤੇ ਮੱਛੀ-ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਪਟਿਆਲਾ ਵਿਚ ਇਸ ਸਮੇਂ ਪਸ਼ੂ-ਚਿਕਿਤਸਾ ਡਾਕਟਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਕਤ ਖਾਲੀ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦਾ ਵਿਚਾਰ ਹੈ ?

**ਸਰਦਾਰ ਹਰਬੰਸ ਸਿੰਘ ਸਿੱਧੂ** : (ੳ) ਇਸ ਵੇਲੇ ਜ਼ਿਲ੍ਹਾ ਪਟਿਆਲਾ ਵਿਚ ਵੈਟਰਨਰੀ ਡਾਕਟਰ ਦੀ ਕੋਈ ਅਸਾਮੀ ਖਾਲੀ ਨਹੀਂ ਹੈ।

(ਅ) ਉਪਰੋਕਤ ਅਨੁਸਾਰ ਇਹ ਸਵਾਲ ਹੀ ਪੈਦਾ ਨਹੀਂ ਹੁੰਦਾ।

---

## ਜ਼ਿਲ੍ਹਾ ਪਟਿਆਲਾ ਵਿਚ ਉਦਯੋਗਿਕ ਸਿਖਲਾਈ ਸੰਸਥਾਵਾਂ

*1489. (ਸੀ.ਯੂ.) **ਸਰਦਾਰ ਹਮੀਰ ਸਿੰਘ ਘੱਗਾ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲ੍ਹਾ ਪਟਿਆਲਾ ਵਿਚ ਇਸ ਸਮੇਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੀ ਕੁੱਲ ਗਿਣਤੀ ਕਿੰਨੀ ਹੈ;

Original with;
Punjab Vidhan Sabha
Digitized by;
Panjab Digital Library

(ਅ) ਕੀ ਸਰਕਾਰ ਨੇੜੇ ਦੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ; ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

**ਸਰਦਾਰਨੀ ਰਾਜਿੰਦਰ ਕੌਰ ਭੱਠਲ:** (ੳ) ਦਸ ।

(ਅ) ਤਜਵੀਜ਼ਾਂ ਵਿਚਾਰ ਅਧੀਨ ਹਨ ਅਤੇ ਫੰਡਜ਼ ਦੀ ਉਪਲਬਧਤਾ ਅਤੇ ਤਕਨੀਕੀ-ਆਰਥਿਕ ਸਹੂਲਤਾਂ ਦੀ ਸੰਭਾਵਤਾ ਨੂੰ ਧਿਆਨ ਵਿੱਚ ਰਖਦੇ ਹੋਏ ਵਿਚਾਰ ਲਿਆ ਜਾਵੇਗਾ ।

---

## ਜ਼ਿਲ੍ਹਾ ਪਟਿਆਲਾ ਵਿੱਚ ਸਸਤੇ ਭਾਅ ਦੀਆਂ ਦੁਕਾਨਾਂ ਦੀ ਗਿਣਤੀ

*1490. (ਸੀ.ਯੂ.) **ਸਰਦਾਰ ਹਮੀਰ ਸਿੰਘ ਘੱਗਾ :** ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ——

(ੳ) ਜ਼ਿਲ੍ਹਾ ਪਟਿਆਲਾ ਵਿਚ ਇਸ ਸਮੇਂ ਸਸਤੇ ਭਾਅ ਦੀਆਂ ਦੁਕਾਨਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਸਰਕਾਰ ਨੇੜੇ ਦੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਸਸਤੇ ਭਾਅ ਦੀਆਂ ਕੋਈ ਹੋਰ ਨਵੀਆਂ ਦੁਕਾਨਾਂ ਖੋਲਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

**ਸਰਦਾਰ ਲਾਲ ਸਿੰਘ:** (ੳ) 1009.

(ਅ) ਪਟਿਆਲਾ ਜ਼ਿਲ੍ਹੇ ਵਿਚ 7 ਨਵੀਆਂ ਸਸਤੇ ਭਾਅ ਦੀਆਂ ਦੁਕਾਨਾਂ ਖੋਲ੍ਹਣ ਦੀ ਤਜਵੀਜ਼ ਹੈ ।

---

## ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ

*1491. (ਸੀ.ਯੂ.) **ਸਰਦਾਰ ਹਮੀਰ ਸਿੰਘ ਘੱਗਾ :** ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਲੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਪਟਿਆਲਾ ਵਿੱਚ ਅਨੁਸੂਚਿਤ ਜਾਤੀਆਂ ਲਈ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਅਗਲੇ ਮਾਲੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਰੱਖੀ ਗਈ ਹੈ ?

**ਚੌਧਰੀ ਜਗਜੀਤ ਸਿੰਘ :** ਨਹੀਂ ਜੀ । ਸਾਲ 1993-94 ਵਿੱਚ ਜ਼ਿਲ੍ਹਾ ਪਟਿਆਲਾ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਵਾਂ ਦੀ ਮੁਰੰਮਤ ਲਈ ਕੋਈ ਰਕਮ ਖਰਚ ਨਹੀਂ ਕੀਤੀ ਗਈ । ਇਸ ਮੰਤਵ ਲਈ ਸਾਲ 1994-95 ਵਿੱਚ ਬਜਟ ਬਾਰੇ ਕੋਈ ਅੰਤਮ ਫੈਸਲਾ ਨਹੀਂ ਕੀਤਾ ਗਿਆ ਪ੍ਰੰਤੂ ਧਰਮਸ਼ਲਾਵਾਂ ਦੀ ਮੁਰੰਮਤ ਲਈ ਫੰਡ ਦੇਣ ਬਾਰੇ ਤਜਵੀਜ਼ ਬਾਰੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ ।

---

Original with;
Punjab Vidhan Sabha
Digitized by;
Panjab Digital Library

ਗਲੀਆਂ ਅਤੇ ਡਰੇਨਾਂ ਪੱਕੀਆਂ ਕਰਨਾ

*1492. (ਸੀ.ਯੂ.) ਸਰਦਾਰ ਹਮੀਰ ਸਿੰਘ ਘੱਗਾ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਪਟਿਆਲਾ ਦੇ ਦਿਹਾਤੀ ਇਲਾਕਿਆਂ ਵਿੱਚ ਗਲੀਆਂ ਅਤੇ ਡ੍ਰੇਨਾਂ ਪੱਕੀਆਂ ਕਰਨ ਲਈ ਵਿੱਤੀ ਸਾਲ 1993-94 ਦੇ ਦੌਰਾਨ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਅਗਲੇ ਸਾਲ 1994-95 ਦੌਰਾਨ ਉਕਤ ਮੰਤਵ ਲਈ ਕੁੱਲ ਕਿੰਨੀ ਰਕਮ ਮਖਸੂਸਾਂ ਕੀਤੀ ਗਈ ਹੈ ?

ਮਾਸਟਰ ਜਾਗੀਰ ਸਿੰਘ : ਜ਼ਿਲ੍ਹਾ ਪਟਿਆਲਾ ਵਿਖੇ ਗਲੀਆਂ ਪੱਕੀਆਂ ਕਰਨ ਅਤੇ ਨਾਲੀਅ ਬਣਾਉਣ ਤੇ ਮਿਤੀ 31 ਜਨਵਰੀ, 1994 ਤੱਕ 246.26 ਲੱਖ ਰੁਪਏ ਖਰਚ ਕੀਤੇ ਗਏ ਹਨ। ਸਾਲ 1994-95 ਦੇ ਵਿੱਤੀ ਸਾਲ ਲਈ ਇਸ ਸਕੀਮ ਤਹਿਤ ਰਾਜ ਦੇ ਪਲਾਨ ਵਿਚੋਂ 4000.00 ਲੱਖ ਰੁਪਏ ਤਜਵੀਜ਼ ਕੀਤੇ ਗਏ ਹਨ। ਬਜਟ ਪ੍ਰਵਾਨ ਹੋਣ ਉਪਰੰਤ ਪਲਾਨਿੰਗ ਵਿਭਾਗ ਵਲੋਂ ਜ਼ਿਲ੍ਹਾਵਾਰ ਵੰਡ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਾਲ 1994-95 ਵਿੱਚ ਰੂਰਲ ਡਿਵੈਲਪਮੈਂਟ ਬੋਰਡ ਵਲੋਂ ਵੀ ਫੰਡ ਉਪਲਬੱਧ ਕੀਤੇ ਜਾਣਗੇ।

ਪਸ਼ੂ-ਚਿਕਿਤਸਾ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਨੂੰ ਭਰਨਾ

*1505. (ਸੀ.ਯੂ.) ਸ੍ਰੀ ਉਪਿੰਦਰ ਕਮਾਰ ਸ਼ਰਮਾ : ਕੀ ਪਸ਼ੂ-ਪਾਲਣ ਅਤੇ ਮੱਛੀ-ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਜ਼ਿਲ੍ਹਾ ਫਰੀਦਕੋਟ ਵਿਚ ਇਸ ਸਮੇਂ ਪਸ਼ੂ-ਚਿਕਿਤਸਾ ਡਾਕਟਰਾਂ ਦੀਆਂ ਕੁੱਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ;

(ਅ) ਉਕਤ ਖਾਲੀ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦਾ ਵਿਚਾਰ ਹੈ ?

ਸਰਦਾਰ ਹਰਬੰਸ ਸਿੰਘ ਸਿੱਧੂ : (ੳ) ਇਸ ਵੇਲੇ ਜ਼ਿਲ੍ਹਾ ਫਰੀਦਕੋਟ ਵਿਚ ਵੈਟਰਨਰੀ ਡਾਕਟਰਾਂ ਦੀਆਂ 9 ਆਸਾਮੀਆਂ ਖਾਲੀ ਹਨ;

(ਅ) ਇਹਨਾਂ ਆਸਾਮੀਆਂ ਨੂੰ ਐਡਹਾਕ ਤੇ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਛੇਤੀ ਭਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਜ਼ਿਲ੍ਹਾ ਫਰੀਦਕੋਟ ਵਿੱਚ ਆਈ.ਟੀ.ਆਈਜ਼.

*1506. (ਸੀ.ਯੂ.) ਸ੍ਰੀ ਉਪਿੰਦਰ ਕੁਮਾਰ ਸ਼ਰਮਾ : ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਜ਼ਿਲ੍ਹਾ ਫਰੀਦਕੋਟ ਵਿਚ ਇਸ ਸਮੇਂ ਕੁੱਲ ਕਿੰਨੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਹਨ ;

Original with;
Punjab Vidhan Sabha
Digitized by;
Panjab Digital Library

(ਅ) ਕੀ ਸਰਕਾਰ ਨੇੜੇ ਦੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਆਈ.ਟੀ. ਆਈਜ਼ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰਨੀ ਰਾਜਿੰਦਰ ਕੌਰ ਭੱਠਲ: (ੳ) ਬਾਰਾਂ।

(ਅ) ਤਜਵੀਜ਼ਾਂ ਵਿਚਾਰ ਅਧੀਨ ਹਨ ਅਤੇ ਤਕਨੀਕੀ ਆਰਥਿਕ ਸਹੂਲਤਾਂ ਦੀ ਸੰਭਾਵਤਾ ਅਤੇ ਫੰਡਜ਼ ਦੀ ਉਪਲਬਧਤਾ ਨੂੰ ਧਿਆਨ ਵਿੱਚ ਰਖਦੇ ਹੋਏ ਵਿਚਾਰ ਕੀਤਾ ਜਾਵੇਗਾ।

## ਜ਼ਿਲ੍ਹਾ ਫਰੀਦਕੋਟ ਵਿੱਚ ਸਸਤੇ ਭਾਅ ਦੀਆਂ ਦੁਕਾਨਾਂ ਦੀ ਗਿਣਤੀ

*1507. (ਸੀ.ਯੂ.) ਸ੍ਰੀ ਉਪਿੰਦਰ ਕੁਮਾਰ ਸ਼ਰਮਾ : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :--

(ੳ) ਜ਼ਿਲ੍ਹਾ ਫਰੀਦਕੋਟ ਵਿੱਚ ਇਸ ਸਮੇਂ ਸਸਤੇ ਭਾਅ ਦੀਆਂ ਕੁੱਲ ਕਿੰਨੀਆਂ ਦੁਕਾਨਾਂ ਹਨ ;

(ਅ) ਕੀ ਸਰਕਾਰ ਨੇੜੇ ਦੇ ਭਵਿੱਖ ਵਿੱਚ ਉਕਤ ਜ਼ਿਲ੍ਹੇ ਵਿੱਚ ਸਸਤੇ ਭਾਅ ਦੀਆਂ ਕੋਈ ਨਵੀਆਂ ਦੁਕਾਨਾਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਲਾਲ ਸਿੰਘ : (ੳ) 798.

(ਅ) ਇਸ ਜ਼ਿਲ੍ਹੇ ਵਿੱਚ ਹੇਠ ਲਿਖੇ ਅਨੁਸਾਰ ਸਸਤੇ ਭਾਅ ਦੀਆਂ ਨਵੀਆਂ ਦੁਕਾਨਾਂ ਖੋਲ੍ਹਣ ਦਾ ਪ੍ਰਸਤਾਵ ਹੈ :--

| ਲੜੀ ਨੰ: | ਸ਼ਹਿਰ ਦਾ ਨਾਂ | ਸਸਤੇ ਭਾਅ ਦੀਆਂ ਨਵੀਆਂ ਦੁਕਾਨਾਂ ਖੋਲ੍ਹਣ ਦੀ ਤਜਵੀਜ਼ |
|---|---|---|
| 1 | ਮੁਕਤਸਰ | 2 |
| 2 | ਮੋਗਾ | 20 |
| 3 | ਬਾਘਾ ਪੁਰਾਣਾ | 1 |
| 4 | ਕੋਟਕਪੂਰਾ | 8 |
| 5 | ਫਰੀਦਕੋਟ | 14 |
| 6 | ਮਲੋਟ | 2 |
| 7 | ਗਿੱਦੜਬਾਹਾ | 1 |
| | ਕੁੱਲ | 48 |

Original with;
Punjab Vidhan Sabha
Digitized by;
Panjab Digital Library

## ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ

***1508. ਸ੍ਰੀ ਉਪਿੰਦਰ ਕੁਮਾਰ ਸ਼ਰਮਾ :** ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਫਰੀਦਕੋਟ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੁਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਵਿੱਤੀ ਸਾਲ 1994-95 ਲਈ ਉਕਤ ਮੰਤਵ ਲਈ ਕਿੰਨੀ ਰਕਮ ਰੱਖੀ ਗਈ ਹੈ ?

**ਚੌਧਰੀ ਜਗਜੀਤ ਸਿੰਘ :** ਹਾਂ ਜੀ। ਸਾਲ 1993-94 ਵਿੱਚ ਫਰੀਦਕੋਟ ਜ਼ਿਲ੍ਹੇ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਲਾਵਾਂ ਤੇ 5.80 ਲੱਖ ਰੁਪਏ ਖਰਚ ਕੀਤੇ ਗਏ। ਇਸ ਮੰਤਵ ਲਈ ਸਾਲ 1994-95 ਵਿੱਚ ਬਜਟ ਦੇਣ ਬਾਰੇ ਕੋਈ ਅੰਤਮ ਫੈਸਲਾ ਨਹੀਂ ਕੀਤਾ ਗਿਆ ਪ੍ਰੰਤੂ ਧਰਮਸ਼ਾਲਾਵਾਂ ਦੀ ਮੁਰੰਮਤ ਲਈ ਫੰਡ ਦੇਣ ਬਾਰੇ ਤਜਵੀਜ਼ ਬਾਰੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

## ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰਨਾ

***1509 (ਸੀ.ਯੂ.)ਸ੍ਰੀ ਉਪਿੰਦਰ ਕੁਮਾਰ ਸ਼ਰਮਾ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦਸਣਗੇ ਕਿ --

(ੳ) ਵਿੱਤੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਫਰੀਦਕੋਟ ਵਿੱਚ ਦਿਹਾਤੀ ਇਲਾਕੇ ਵਿੱਚ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰਨ ਲਈ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ;

(ਅ) ਅਗਲੇ ਵਿੱਤੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਰੱਖਣ ਦੀ ਤਜਵੀਜ਼ ਹੈ ?

**ਮਾਸਟਰ ਜਾਗੀਰ ਸਿੰਘ :** (ੳ) ਜਿਲ੍ਹਾ ਫਰੀਦਕੋਟ ਵਿਖੇ ਗਲੀਆਂ ਨਾਲੀਆਂ ਪੱਕੀਆਂ ਕਰਨ ਤੇ ਮਿਤੀ 31 ਜਨਵਰੀ, 1994 ਤੱਕ 359.53 ਲੱਖ ਰੁਪਏ ਖਰਚ ਕੀਤੇ ਗਏ ਹਨ ;

(ਅ) ਸਾਲ 1994-95 ਦੇ ਵਿੱਤੀ ਸਾਲ ਲਈ ਇਸ ਸਕੀਮ ਤਹਿਤ ਰਾਜ ਦੇ ਪਲਾਨ ਬਜ਼ਟ ਵਿਚੋਂ 4000.00 ਲੱਖ ਰੁਪਏ ਤਜਵੀਜ਼ ਕੀਤੇ ਗਏ ਹਨ। ਬਜਟ ਪ੍ਰਵਾਨ ਹੋਣ ਉਪਰੰਤ ਪਲਾਨਿੰਗ ਵਿਭਾਗ ਵਲੋਂ ਜ਼ਿਲ੍ਹਾਵਾਰ ਵੰਡ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਾਲ 1994-95 ਵਿੱਚ ਰੂਰਲ ਡਿਵੈਲਪਮੈਂਟ ਬੋਰਡ ਵਲੋਂ ਵੀ ਫੰਡ ਉਪਲੱਬਧ ਕੀਤੇ ਜਾਣਗੇ।

— — — —

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਫਰੀਦਕੋਟ ਦੇ ਪਿੰਡਾਂ ਵਿਚ ਪੀਣ ਦੇ ਪਾਣੀ ਦਾ ਉਪਬੰਧ ਕਰਨਾ

*1510. (ਸੀ.ਯੂ.) ਸ੍ਰੀ ਉਪਿੰਦਰ ਕੁਮਾਰ ਸ਼ਰਮਾ: ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਫਰੀਦਕੋਟ ਦੇ ਅਜਿਹੇ ਪਿੰਡਾਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਚ ਹੁਣ ਤੱਕ ਦਿਹਾਤੀ ਜਲ ਸਪਲਾਈ ਸਕੀਮ ਲਾਗੂ ਨਹੀਂ ਕੀਤੀ ਗਈ ਹੈ; ਉਕਤ ਪਿੰਡਾਂ ਵਿਚ ਉਕਤ ਸਕੀਮ ਦੇ ਕਦੋਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ?

ਸ੍ਰੀ ਸੁਰਿੰਦਰ ਕਪੂਰ : ਜ਼ਿਲ੍ਹਾ ਫਰੀਦਕੋਟ ਵਿੱਚ 19 ਪਿੰਡ ਅਜਿਹੇ ਹਨ ਜਿਥੇ ਪੇਂਡੂ ਜਲ ਸਪਲਾਈ ਸਕੀਮਾਂ ਲਾਗੂ ਨਹੀਂ ਕੀਤੀਆਂ ਗਈਆਂ। ਇਹਨਾਂ ਵਿਚੋਂ ਸਿਰਫ 4 ਪਿੰਡ ਜੋ ਕਿ 1980 ਅਤੇ 1985 ਵਿੱਚ ਕੀਤੇ ਸਰਵੇ ਵਿੱਚ ਪਾਣੀ ਦੀ ਸਮੱਸਿਆ ਵਾਲੇ ਪਿੰਡ ਪਾਏ ਗਏ ਹਨ, ਵਿੱਚ ਪੇਂਡੂ ਜਲ ਸਪਲਾਈ ਸਕੀਮ ਅਧੀਨ ਪੀਣ ਦਾ ਪਾਣੀ ਸਪਲਾਈ ਕੀਤਾ ਜਾਣਾ ਬਾਕੀ ਰਹਿੰਦਾ ਹੈ। ਪਿੰਡ ਚੱਕ ਧੀਮਾਂ ਨੋਟੀਫਾਈਡ ਏਰੀਆ ਕਮੇਟੀ ਬਣ ਗਿਆ ਹੈ। ਪਿੰਡ ਸੁਖਾਨੰਦ ਬਲਾਕ ਬਾਘਾ ਪੁਰਾਨਾ ਵਿੱਚ, ਇਨਲੈੱਟ ਚੈਨਲ ਤੋਂ ਇਲਾਵਾ ਬਾਕੀ ਦਾ ਸਾਰਾ ਕੰਮ ਮੁਕੰਮਲ ਹੋ ਚੁੱਕਾ ਹੈ ਪਰ ਪਿੰਡ ਦੀ ਪੰਚਾਇਤ ਵਲੋਂ ਇੰਨਲੈੱਟ ਚੈਨਲ ਲਈ ਜਮੀਨ ਦਾ ਯੋਗ ਪ੍ਰਬੰਧ ਨਾ ਹੋਣ ਕਾਰਣ ਇੰਨਲੈੱਟ ਦਾ ਕੰਮ ਪੂਰਾ ਨਹੀਂ ਹੋ ਸਕਿਆ। ਬਾਕੀ ਦੇ 2 ਪਿੰਡਾਂ ਦਾ ਕੰਮ ਸਾਲ 1994-95 ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ।

---

## ਆਬਕਾਰੀ ਡਿਊਟੀ ਤੋਂ ਹੋਈ ਆਮਦਨ

*1511. (ਸੀ. ਯੂ.) ਸ੍ਰੀ ਉਪਿੰਦਰ ਕੁਮਾਰ ਸ਼ਰਮਾ: ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਚਾਲੂ ਵਿੱਤੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਫਰੀਦਕੋਟ ਵਿੱਚ ਸਰਕਾਰ ਨੂੰ ਆਬਕਾਰੀ ਡਿਊਟੀ ਤੋਂ ਕੁੱਲ ਕਿੰਨੀ ਆਮਦਨ ਹੋਈ?

ਸਰਦਾਰ ਸ਼ਮਸ਼ੇਰ ਸਿੰਘ ਦੂਲੋ : ਸਾਲ 1993-94 (ਮਿਤੀ 1 ਅਪ੍ਰੈਲ, 1993 ਤੋਂ 31 ਜਨਵਰੀ, 1994 ਤੱਕ) ਦੌਰਾਨ ਜ਼ਿਲ੍ਹਾ ਫਰੀਦਕੋਟ ਵਿੱਚ ਆਬਕਾਰੀ ਡਿਊਟੀ ਤੋਂ ਕੁਲ 2,90,28,492 ਰੁ: ਆਮਦਨ ਹੋਈ ਹੈ ਜੀ।

---

## ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਮਿਓਪੈਥਿਕ ਡਿਸਪੈਂਸਰੀਆਂ

*1519. (ਸੀ.ਯੂ.) ਸਰਦਾਰਨੀ ਸੁਰਜੀਤ ਕੌਰ ਕਲਕਟ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :--

(ੳ) ਇਸ ਸਮੇਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੁੱਲ ਕਿੰਨੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਹਨ;

(ਅ) ਕੀ ਸਰਕਾਰ ਨੇੜੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਹੋਰ ਹੋਮਿਓਪੈਥਿਕ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਬਰਾੜ: (ੳ) 8

(ਅ) ਨਹੀਂ ਜੀ।

---

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਲਿੰਕ ਸੜਕਾਂ ਦੀ ਮੁਰੰਮਤ

*1520. (ਸੀ.ਯੂ.) ਸਰਦਾਰਨੀ ਸੁਰਜੀਤ ਕੌਰ ਕਲਕਟ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਾਲੀ ਸਾਲ 1993-94 ਦੇ ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਤੇ ਕੁੱਲ ਕਿੰਨਾ ਖਰਚਾ ਕੀਤਾ ਗਿਆ ਅਤੇ ਮਾਲੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚੇ ਜਾਣ ਦਾ ਪ੍ਰਸਤਾਵ ਹੈ?

ਸਰਦਾਰ ਬੇਅੰਤ ਸਿੰਘ: (ੳ) 520.39 ਲੱਖ ਰੁਪਏ (1 ਅਪ੍ਰੈਲ, 1993 ਤੋਂ 31 ਮਾਰਚ, 1994 ਤੱਕ)

(ਅ) 763.60 ਲੱਖ ਰੁਪਏ ਦੀ ਤਜਵੀਜ਼ ਹੈ ਕਿ ਬਸ਼ਰਤੇ ਕਿ ਫੰਡ ਉਪਲਭਧ ਹੋਣ।

---

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਸ਼ੂ-ਚਿਕਿਤਸਾ ਡਿਸਪੈਂਸਰੀਆਂ

*1521. (ਸੀ.ਯੂ.) ਸਰਦਾਰਨੀ ਸੁਰਜੀਤ ਕੌਰ ਕਲਕਟ: ਕੀ ਪਸ਼ੂ-ਪਾਲਣ ਅਤੇ ਮੱਛੀ-ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲ੍ਹਾ ਹੁਸ਼ਿਆਰਪੁਰ ਵਿਚ ਇਸ ਸਮੇਂ ਕੁੱਲ ਕਿੰਨੀਆਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਹਨ;

(ਅ) ਕੀ ਸਰਕਾਰ ਨੇੜੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਹੋਰ ਅਜਿਹੀਆਂ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

ਸਰਦਾਰ ਹਰਬੰਸ ਸਿੰਘ ਸਿੱਧੂ: (ੳ) ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਸ ਸਮੇਂ ਪਸ਼ੂ ਡਿਸਪੈਂਸਰੀਆਂ ਕੁੱਲ ਗਿਣਤੀ 69 ਹੈ।

(ਅ) ਹਾਂ ਜੀ, ਚਾਲੂ ਮਾਲੀ ਸਾਲ 1993-94 ਦੌਰਾਨ ਜ਼ਿਲ੍ਹਾ ਹੁਸ਼ਿਆਰਪੁਰ ਵਿਚ 11 ਪਸ਼ੂ ਡਿਸਪੈਂਸਰੀਆਂ ਮਨਜ਼ੂਰ ਕੀਤੀਆਂ ਜਾ ਚੁੱਕੀਆਂ ਹਨ। ਇਹ ਜਲਦੀ ਚਾਲੂ ਕਰ ਦਿੱਤੀਆਂ ਜਾਣਗੀਆਂ। ਪਸ਼ੂ ਡਿਸਪੈਂਸਰੀਆਂ ਦਾ ਖੋਲ੍ਹਣਾ ਲੋੜ ਅਤੇ ਉਚਿਤਾ ਤੇ ਨਿਰਭਰ ਕਰੇਗਾ।

---

Original with;
Punjab Vidhan Sabha
Digitized by;
Panjab Digital Library

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਸ਼ੂ-ਚਕਿਸਤਾ ਡਾਕਟਰਾਂ ਦੀਆਂ ਖਾਲੀ ਆਸਾਮੀਆਂ

*1522. (ਸੀ.ਯੂ.) ਸਰਦਾਰਨੀ ਸੁਰਜੀਤ ਕਰ ਕਲਕਟ: ਕੀ ਪਸ਼ੂ-ਪਾਲਣ ਅਤੇ ਮੱਛੀ-ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਇਸ ਸਮੇਂ ਪਸ਼ੂ ਚਿਕਿੱਤਸਾ ਡਾਕਟਰਾਂ ਦੀਆਂ ਕੁੱਲ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਉਕਤ ਖਾਲੀ ਆਸਾਮੀਆਂ ਨੂੰ ਪੁਰ ਕਰਨ ਲਈ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦੀ ਪ੍ਰਸਤਾਵ ਹੈ?

ਸਰਦਾਰ ਹਰਬੰਸ ਸਿੰਘ ਸਿੱਧੂ: ਇਸ ਵੇਲੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਵੈਟਨਰੀ ਡਾਕਟਰਾਂ ਦੀਆਂ 13 ਅਸਾਮੀਆਂ ਖਾਲੀ ਹਨ। ਇਹਨਾਂ ਅਸਾਮੀਆਂ ਨੂੰ ਐਡਹਾਕ ਤੇ ਅਤੇ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਛੇਤੀ ਭਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

---

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ

*1525. (ਸੀ.ਯੂ.) ਸਰਦਾਰਨੀ ਸੁਰਜੀਤ ਕੌਰ ਕਲਕਟ: ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ 1993-94 ਦੌਰਾਨ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੁੱਲ ਕਿੰਨੀ ਰਕਮ ਖ਼ਰਚ ਕੀਤੀ ਗਈ ਅਤੇ ਵਿੱਤੀ ਸਾਲ 1994-95 ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚ ਕੀਤੇ ਜਾਣ ਦਾ ਪ੍ਰਸਤਾਵ ਹੈ?

ਚੌਧਰੀ ਜਗਜੀਤ ਸਿੰਘ: ਸ੍ਰੀ ਮਾਨ ਜੀ, ਸਾਲ 1993-94 ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਅਨਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਲਈ ਕੋਈ ਫੰਡਜ਼ ਖਰਚ ਨਹੀਂ ਕੀਤੇ ਗਏ। ਇਸ ਮੰਤਵ ਲਈ 1994-95 ਵਿੱਚ ਬਜਟ ਦੇਣ ਬਾਰੇ ਕੋਈ ਅੰਤਮ ਫੈਸਲਾ ਨਹੀ ਕੀਤਾ ਗਿਆ ਪ੍ਰੰਤੂ ਧਰਮਸ਼ਾਲਾਵਾਂ ਦੀ ਮੁਰੰਮਤ ਲਈ ਫੰਡ ਦੇਣ ਬਾਰੇ ਤਜਵੀਜ਼ ਬਾਰੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

---

ਜ਼ਿਲ੍ਹਾ ਹੁਸ਼ਿਆਰਪੁਰ ਦੇ ਦਿਹਾਤੀ ਇਲਾਕਿਆਂ ਵਿਚ ਗਲੀਆਂ ਤੇ ਨਾਲੀਆਂ ਪੱਕੀਆਂ ਕਰਨਾ

*1526. (ਸੀ.ਯੂ.) ਸਰਦਾਰਨੀ ਸੁਰਜੀਤ ਕੌਰ ਕਲਕਟ: ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ 1993-94 ਦੌਰਾਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਦਿਹਾਤੀ ਇਲਾਕਿਆਂ ਵਿੱਚ ਗਲੀਆਂ ਤੇ ਨਾਲੀਆਂ ਪੱਕੀਆਂ ਕਰਨ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਵਿੱਤੀ ਸਾਲ 1994-95 ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚ ਕੀਤੇ ਜਾਣ ਦੀ ਪ੍ਰਸਤਾਵ ਹੈ?

ਮਾਸਟਰ ਜਾਗੀਰ ਸਿੰਘ: ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਗਲੀਆਂ ਪੱਕੀਆਂ ਕਰਨ ਅਤੇ ਨਾਲੀਆਂ ਬਣਾਉਣ ਤੇ ਮਿਤੀ 31 ਜਨਵਰੀ, 1994 ਤੱਕ 474.91 ਲੱਖ ਰੁਪਏ ਖਰਚ ਕੀਤੇ ਗਏ ਹਨ। ਸਾਲ 1994-95 ਲਈ ਵਿੱਤੀ ਸਾਲ ਲਈ ਇਸ ਸਕੀਮ ਤਹਿਤ ਰਾਜ ਦੇ ਪਲਾਨ ਵਿਚੋਂ 4000.00 ਲੱਖ ਰੁਪਏ

Original with;
Punjab Vidhan Sabha
Digitized by;
Panjab Digital Library

[ਵਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ]

ਤਜਵੀਜ਼ ਕੀਤੇ ਗਏ। ਬਜਟ ਪ੍ਰਵਾਨ ਹੋਣ ਉਪਰੰਤ ਪਲੈਨਿੰਗ ਵਿਭਾਗ ਵਲੋਂ ਜਿਲ੍ਹਾਵਾਰ ਵੰਡ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਾਲ 1994-95 ਵਿੱਚ ਰੂਰਲ ਡਿਵੈਲਪਮੈਂਟ ਬੋਰਡ ਵਲੋਂ ਵੀ ਫੰਡ ਉਪਲੱਬਧ ਕੀਤੇ ਜਾਣਗੇ।

---

## ਜ਼ਿਲ੍ਹਾ ਹੁਸ਼ਿਆਰਪੁਰ ਵਿਚ ਵਿਹਾਤੀ ਜਲ-ਸਪਲਾਈ ਸਕੀਮ ਲਾਗੂ ਕਰਨਾ

*1527. (ਸੀ.ਯੂ.) ਸਰਦਾਰਨੀ ਸੁਰਜੀਤ ਕੌਰ ਕਲਕਟ : ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਅਜਿਹੇ ਪਿੰਡਾਂ ਦੀ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਵਿਚ ਅਜੇ ਵਿਹਾਤੀ ਜਲ-ਸਪਲਾਈ ਸਕੀਮ ਲਾਗੂ ਨਹੀਂ ਕੀਤੀ ਗਈ ਅਤੇ ਉਕਤ ਪਿੰਡਾਂ ਵਿਚ ਇਹ ਸਕੀਮ ਕਦੋਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਸੁਰਿੰਦਰ ਕਪੂਰ : ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 790 ਪਿੰਡ ਅਜਿਹੇ ਹਨ ਜਿਥੇ ਪੇਂਡੂ ਜਲ-ਸਪਲਾਈ ਸਕੀਮਾਂ ਲਾਗੂ ਨਹੀਂ ਕੀਤੀਆਂ ਗਈਆਂ, ਇਹਨਾਂ ਵਿਚੋਂ ਸਿਰਫ 250 ਪਿੰਡ ਜੋ ਕਿ 1980 ਅਤੇ 1985 ਵਿੱਚ ਕੀਤੇ ਸਰਵੇ ਵਿੱਚ ਪਾਣੀ ਦੀ ਸਮੱਸਿਆ ਵਾਲੇ ਪਿੰਡ ਪਾਏ ਗਏ ਹਨ, ਵਿੱਚ ਪੇਂਡੂ ਜਲ-ਸਪਲਾਈ ਸਕੀਮ ਅਧੀਨ 31 ਮਾਰਚ, 1995 ਤੱਕ ਸਾਫ ਪੀਣ ਲਈ ਪਾਣੀ ਮੁਹੱਈਆ ਕੀਤਾ ਜਾਵੇਗਾ ਬਸ਼ਰਤੇ ਕਿ ਇਸ ਕੰਮ ਲਈ ਸਾਲ 1994-95 ਵਿੱਚ ਲੋੜੀਂਦੇ ਫੰਡਜ਼ ਉਪਲਬਧ ਹੋਣ।

---

## ਲੈਕਚਰਾਰਾਂ (ਕਾਲਜ ਕਾਡਰ) ਦੀਆਂ ਆਸਾਮੀਆਂ

~*1549. (ਸੀ.ਯੂ.) (1) ਕਾਮਰੇਡ ਅਜੈਬ ਸਿੰਘ ਰੌਂਤਾ
(2) ਸ੍ਰੀਮਤੀ ਵਿਮਲਾ ਡਾਂਗ } : ਕੀ ਸਿੱਖਿਆ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਸਾਲ 1994 ਦੌਰਾਨ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਅਧਿਕਾਰ ਖੇਤਰ ਵਿਚੋਂ ਕੱਢੀਆਂ ਗਈਆਂ ਲੈਕਚਰਾਰਾਂ (ਕਾਲਜ ਕਾਡਰ) ਦੀਆਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਉਸ ਦੇ ਕਾਰਣ ਕੀ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ: ਕੋਈ ਵੀ ਲੈਕਚਰਾਰ (ਕਾਲਜ ਕਾਡਰ) ਦੀ ਆਸਾਮੀ ਸਾਲ 1994 ਦੌਰਾਨ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਖੇਤਰ ਤੋਂ ਬਾਹਰ ਨਹੀਂ ਕੱਢੀ ਗਈ ਹੈ।

---

## ਈ.ਐਸ.ਆਈ.ਹਸਪਤਾਲ,ਅੰਮ੍ਰਿਤਸਰ ਵਿੱਚ ਮਲ ਨਿਕਾਸ ਨਿਪਟਾਰਾ ਪ੍ਰਬੰਧ

*1550.(ਸੀ.ਯੂ.) ਸ੍ਰੀਮਤੀ ਵਿਮਲਾ ਡਾਂਗ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਈ.ਐਸ.ਆਈ. ਹਸਪਤਾਲ, ਅੰਮ੍ਰਿਤਸਰ ਦੇ ਆਹਾਤੇ ਅੰਦਰ ਕੋਈ ਮਲ ਨਿਕਾਸ ਨਿਪਟਾਰਾ ਪ੍ਰਬੰਧ ਕੀਤੇ ਜਾ ਰਹੇ/ਕੀਤੇ ਗਏ ਹਨ, ਜੇਕਰ ਅਜਿਹਾ ਹੋਵੇ, ਤਾਂ ਹਸਪਤਾਲ ਵਿੱਚ ਅਜਿਹੇ ਪ੍ਰਬੰਧ ਕਰਨ ਲਈ ਕਿਸ ਅਧਿਕਾਰੀ ਨੇ ਆਗਿਆ ਦਿੱਤੀ ਹੈ ?

Original with;
Punjab Vidhan Sabha
Digitized by;
Panjab Digital Library

ਡਾਕਟਰ ਕੇਵਲ ਕ੍ਰਿਸ਼ਨ: ਜੀ ਹਾਂ। ਇਸ ਮੰਤਵ ਲਈ ਈ.ਐਸ.ਆਈ. ਹਸਪਤਾਲ ਦੀ ਜ਼ਮੀਨ ਜ਼ਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਵਲੋਂ ਰੈਕੂਜ਼ੀਸ਼ਨ ਕੀਤੀ ਗਈ ਸੀ।

---

## ਰਾਜ ਵਿਚ ਬਿਜਲੀ ਦੀ ਪੈਦਾਵਾਰ

*1563. (ਸੀ.ਯੂ.) ਸ੍ਰੀ ਜੇ ਕਿਸ਼ਨ ਸੈਣੀ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਔਸਤਨ ਪ੍ਰਤੀਦਿਨ ਕੁੱਲ ਕਿੰਨੀ ਬਿਜਲੀ ਪੈਦਾ ਹੁੰਦੀ ਹੈ ਅਤੇ ਬਿਜਲੀ ਦੀ ਕਮੀ ਜੇਕਰ ਕੋਈ ਹੋਵੇ, ਨੂੰ ਪੂਰਾ ਕਰਨ ਲਈ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ?

ਸਰਦਾਰ ਬੇਅੰਤ ਸਿੰਘ: 1 ਜਨਵਰੀ, 1993 ਤੋਂ 18 ਮਾਰਚ, 1994 ਤੱਕ ਕੇਂਦਰੀ ਸਟੇਸ਼ਨਾਂ ਵਿਖੇ ਉਤਪਾਦਨ ਕੀਤੀ ਗਈ ਬਿਜਲੀ ਦੇ ਸਾਡੇ ਹਿੱਸੇ ਸਮੇਤ ਅਸਲ ਵਿਚ ਉਤਪਾਦਨ ਕੀਤੀ ਗਈ ਔਸਤ ਊਰਜਾ ਅਤੇ ਮੰਗ ਕ੍ਰਮਵਾਰ 515 ਲੱਖ ਯੂਨਿਟ ਅਤੇ 2146 ਮਗਾਵਾਟ ਪ੍ਰਤੀ ਦਿਨ ਸੀ। ਪ੍ਰੰਤੂ ਪਿਛਲੀ ਗੰਨੇ ਦੀ ਫ਼ਸਲ ਦੌਰਾਨ ਅਰਥਾਤ 1 ਜੂਨ, 1993 ਤੋਂ 30 ਸਤੰਬਰ, 1993 ਤੱਕ ਰੋਜ਼ਾਨਾਂ ਔਸਤ ਉਤਪਾਦਨ ਅਤੇ ਮੰਗ ਕ੍ਰਮਵਾਰ 610 ਲੱਖ ਯੂਨਿਟ ਅਤੇ 2542 ਮੈਗਾਵਾਟ ਸੀ।

ਝੋਨੇ ਦੀ ਫ਼ਸਲ ਦੌਰਾਨ ਅਰਥਾਤ 1 ਜੂਨ, 1993 ਤੋਂ 30 ਸਤੰਬਰ, 1993 ਤੱਕ ਦੇ ਸਮੇਂ ਤੋਂ ਇਲਾਵਾ ਬਿਜਲੀ ਦੀ ਕੋਈ ਕਮੀ ਨਹੀਂ ਸੀ। ਬਿਜਲੀ ਦੀ ਕਮੀ ਨੂੰ ਨਿਮਨ ਢੰਗ ਨਾਲ ਪੂਰਾ ਕੀਤਾ ਗਿਆ:--

(ੳ) ਜਿਥੇ ਕਿਤੇ ਵੀ ਸੰਭਵ ਹੋਇਆ ਆਪਣਾ ਉਤਪਾਦਨ ਵਧਾ ਕੇ।

(ਅ) ਸਾਂਝੇ ਪੂਲ ਹਾਈਡਰੋ ਸਟੇਸ਼ਨਾਂ ਵਿਖੇ ਕੀਤੇ ਗਏ ਉਤਪਾਦਨ ਵਿਚੋਂ ਵੱਧ ਤੋਂ ਵੱਧ ਬਿਜਲੀ ਹਾਸਲ ਕਰਕੇ।

(ੲ) ਬਿਜਲੀ ਮੰਤਰਾਲਾ, ਭਾਰਤ ਸਰਕਾਰ ਦੀ ਪ੍ਰਵਾਨਗੀ ਨਾਲ ਕੇਂਦਰੀ ਸੈਕਟਰ ਉਤਪਾਦਨ ਦੇ ਅਣ-ਐਲੋਕੇਟਿਡ ਭਾਗ ਵਿਚੋਂ ਅਤਿਰਿਕਤ ਖਰੀਦਾਂ ਕਰਕੇ।

(ਸ) ਹਿਮਾਚਲ ਪ੍ਰਦੇਸ਼ ਰਾਜ ਬਿਜਲੀ ਬੋਰਡ ਤੋਂ ਖਰੀਦਾਂ ਕਰਕੇ।

(ਹ) ਜਦੋਂ ਕਦੇ ਉਪਰੋਕਤ ਦਰਜ ਉਪਾਅ ਕਮੀ ਨੂੰ ਪੂਰਾ ਕਰਨ ਵਿਚ ਅਸਫਲ ਰਹੇ ਹੋਣ ਤਾਂ ਰਾਜ ਦੇ ਖਪਤਕਾਰਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਦੀ ਖਪਤ ਅਤੇ ਮੰਗ ਤੇ ਨਿਯਮਤ ਉਪਾਅ ਲਾਗੂ ਕਰਕੇ।

---

Original with;
Punjab Vidhan Sabha
Digitized by;
Panjab Digital Library

ਬਠਿੰਡਾ ਅਤੇ ਰੋਪੜ ਪਾਵਰ ਪਲਾਂਟਾਂ ਦਾ ਵਿਸਥਾਰ ਕਰਨਾ

*1565. (ਸੀ.ਯੂ.) (1) ਸ੍ਰੀ ਜੇ ਕਿਸ਼ਨ ਸੈਣੀ
(2) ਸਰਦਾਰ ਸ਼ਮਸ਼ੇਰ ਸਿੰਘ ਰਾਏ } : ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਬਠਿੰਡਾ ਥਰਮਲ ਪਾਵਰ ਪਲਾਂਟ/ਰੋਪੜ ਥਰਮਲ ਪਾਵਰ ਪਲਾਟ ਦਾ ਵਿਸਥਾਰ ਕਰਨ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ ?

ਸਰਦਾਰ ਬੇਅੰਤ ਸਿੰਘ: ਰੋਪੜ ਥਰਮਲ ਪਾਵਰ ਪਲਾਂਟ ਦੇ ਵਿਸਥਾਰ ਲਈ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਪਰੰਤੂ ਬਠਿੰਡਾ ਥਰਮਲ ਪਾਵਰ ਪਲਾਂਟ ਦੇ ਵਿਸਥਾਰ ਅਰਥਾਤ ਲਹਿਰਾ ਮੁਹੱਬਤ ਵਿਖੇ 2×210 ਮੈਗਾਵਾਟ ਸਟੇਜ-3 ਲਈ ਸਰਕਾਰ ਦੀ ਤਜਵੀਜ਼ ਪਹਿਲਾਂ ਹੀ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਤਾਮੀਲ ਅਧੀਨ ਹੈ। ਗੁਰੂ ਨਾਨਕ ਦੇਵ ਥਰਮਲ ਪਲਾਂਟ ਸਟੇਜ-3 ਦੇ ਯੂਨਿਟ 3 ਅਤੇ 4 (2×250 ਮੈਗਾਵਾਟ) ਦਾ ਵਿਸਥਾਰ ਕਰਨ ਦੀ ਤਜਵੀਜ਼ ਹੈ।

———

ਨਿਸ਼ਾਨ ਵਾਲਾ (ਸੀ.ਯੂ.) ਪ੍ਰਸ਼ਨ ਨੰਬਰ 1584

(ਇਸ ਸਵਾਲ ਦਾ ਜਵਾਬ ਹਾਲੇ ਤਕ ਪ੍ਰਾਪਤ ਨਹੀਂ ਹੋਇਆ।)

———

ਸੜਕਾਂ ਉਤੇ ਸਥਾਈ ਸਾਈਨ ਬੋਰਡਾਂ ਆਦਿ (ਫਿਕਸਚਰਜ਼) ਤੇ ਕੁਝ ਨਿਯਮ ਅਤੇ ਸੰਕੇਤ ਦਰਸਾਉਣਾ

*1585. (ਸੀ.ਯੂ.) ਸਰਦਾਰ ਸ਼ਮਸ਼ੇਰ ਸਿੰਘ ਰਾਏ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿਚ ਸੜਕਾਂ ਦੇ ਪਾਸਿਆਂ ਤੇ ਸਥਾਈ ਸਾਈਨ ਬੋਰਡਾਂ ਆਦਿ ਤੇ ਕੁੱਝ ਨਿਯਮ ਅਤੇ ਸੰਕੇਤ ਦਰਸਾਉਣ ਦਾ ਵਿਚਾਰ ਰੱਖਦੀ ਹੈ, ਤਾਂ ਜੋ ਸਲਾਮਤੀ ਨਾਲ ਗੱਡੀਆਂ ਆਦਿ ਚਲਾਉਣ ਅਤੇ ਦੁਰਘਟਨਾਵਾਂ ਦੇ ਮੌਕਿਆਂ ਵਿਚ ਕਮੀ ਲਿਆਉਣ ਨੂੰ ਯਕੀਨੀ ਬਣਾਇਆ ਜਾ ਸਕੇ ;ਜੇਕਰ ਅਜਿਹਾ ਹੋਵੇ, ਤਾਂ ਕਦੋਂ ?

ਸਰਦਾਰ ਬੇਅੰਤ ਸਿੰਘ: ਨਹੀਂ ਜੀ। ਇੰਡੀਅਨ ਰੋਡਜ਼ ਕਾਂਗਰਸ ਅਜਿਹੇ ਪੱਕੇ (ਸਥਾਈ) ਸਾਈਨ ਬੋਰਡ ਫਿਕਸਚਰਜ਼ ਨੂੰ ਲਾਉਣ ਦੀ ਇਜ਼ਾਜ਼ਤ ਨਹੀਂ ਦਿੰਦੇ।

———

ਰਾਜ ਵਿਚ ਇਕ ਹਾਈਡਰੋ-ਇਲੈਕਟ੍ਰਿਕ ਪ੍ਰਾਜੈਕਟ ਲਗਾਉਣਾ

*1587. (ਸੀ.ਯੂ.) ਸ੍ਰੀ ਜੇ ਕਿਸ਼ਨ ਸੈਣੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਿਮਾਚਲ ਪ੍ਰਦੇਸ਼ ਸਰਕਾਰ ਦੇ ਸਹਿਯੋਗ ਨਾਲ ਰਾਜ ਵਿਚ ਇਕ ਹਾਈਡਰੋ-ਇਲੈਕਟ੍ਰਿਕ ਪ੍ਰਾਜੈਕਟ

Original with;
Punjab Vidhan Sabha
Digitized by;
Panjab Digital Library

ਲਗਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ, ਤਾਂ ਇਸ ਨੂੰ ਕਿਥੇ ਅਤੇ ਕਦੋਂ ਲਗਾਇਆ ਜਾਣਾ ਹੈ?

ਸਰਦਾਰ ਬੇਅੰਤ ਸਿੰਘ : ਨਹੀਂ ਜੀ।

---

ਪਿੰਡ ਦੇ ਚੌਂਕੀਦਾਰਾਂ ਦੀ ਤਨਖਾਹ ਵਧਾਉਣਾ

*1592. (ਸੀ.ਯੂ. (1) ਕਾਮਰੇਡ ਅਜੈਬ ਸਿੰਘ ਰੌਂਤਾ
(2) ਸ਼੍ਰੀਮਤੀ ਵਿਮਲਾ ਡਾਂਗ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਰਤਮਾਨ ਸਰਕਾਰ ਦੇ ਅਹੁਦਾ ਸੰਭਾਲਣ ਤੋਂ ਬਾਅਦ ਰਾਜ ਵਿੱਚ ਪਿੰਡਾਂ ਦੇ ਚੌਂਕੀਦਾਰਾਂ ਨੂੰ ਪ੍ਰਤੀ ਮਹੀਨਾ ਦਿੱਤੀ ਜਾਂਦੀ ਤਨਖਾਹ/ਭੱਤੇ ਦੇ ਦਰ ਵਿੱਚ ਵਾਧਾ ਕੀਤਾ ਗਿਆ ਹੈ; ਜੇਕਰ ਕੀਤਾ ਗਿਆ ਹੈ ਤਾਂ ਉਸ ਦਾ ਵਰਤਮਾਨ ਦਰ ਕੀ ਹੈ?

ਸਰਦਾਰ ਬੇਅੰਤ ਸਿੰਘ : ਮੌਜੂਦਾ ਸਰਕਾਰ ਨੇ ਅਹੁਦਾ ਸੰਭਾਲਣ ਉਪਰੰਤ ਪਿੰਡਾਂ ਦੇ ਚੌਂਕੀਦਾਰ ਦੀ ਤਨਖਾਹ/ਭੱਤੇ ਨੂੰ ਵਧਾ ਕੇ 300 ਰੁਪਏ ਪ੍ਰਤੀ ਮਹੀਨਾ ਕਰਨ ਦਾ ਫੈਸਲਾ ਲਿਆ ਹੈ। ਇਹ ਫੈਸਲਾ ਅਮਲ ਵਿਚ ਲਿਆਉਣ ਲਈ, ਕਾਰਵਾਈ ਅਧੀਨ ਹੈ।

---

ਦਿਹਾਤੀ ਇਲਾਕਿਆਂ ਵਿਚ ਜਨਮ ਤੇ ਮੌਤ ਦਾ ਰਿਕਾਰਡ ਰੱਖਣਾ

*1593. (ਸੀ.ਯੂ.) (1) ਕਾਮਰੇਡ ਅਜੈਬ ਸਿੰਘ ਰੌਂਤਾ
(2) ਸ਼੍ਰੀਮਤੀ ਵਿਮਲਾ ਡਾਂਗ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਰਾਜ ਵਿਚ ਪਿੰਡਾਂ (ਦਿਹਾਤੀ ਇਲਾਕਿਆਂ) ਵਿਚ ਜਨਮ ਅਤੇ ਮੌਤ ਦਾ ਰਿਕਾਰਡ ਕਿਹੜੀ ਅਥਾਰਟੀ ਜਾਂ ਏਜੰਸੀ ਰੱਖਦੀ ਹੈ;

(ਅ) ਕੀ ਉਕਤ ਮੰਤਵ ਲਈ ਕੋਈ ਨਿਯਤ ਰਜਿਸਟਰ ਹਨ; ਜੇਕਰ ਹਨ, ਤਾਂ ਕੀ ਉਕਤ ਰਜਿਸਟਰ ਰਿਕਾਰਡ ਰੱਖਣ ਵਾਲੀ ਏਜੰਸੀ/ਅਥਾਰਟੀ ਪਾਸ ਹਰ ਸਮੇਂ ਉਪਲੱਬਧ ਹੁੰਦੇ ਹਨ?

ਸਰਦਾਰ ਬੇਅੰਤ ਸਿੰਘ : (ੳ) ਪਿੰਡ ਦਾ ਚੌਂਕੀਦਾਰ।

(ਅ) ਹਾਂ ਜੀ।

---

Original with;
Punjab Vidhan Sabha
Digitized by;
Panjab Digital Library

## ਸਿੱਖਿਆ ਵਿਭਾਗ ਵਿਚ ਖਾਲੀ ਆਸਾਮੀਆਂ ਨੂੰ ਭਰਨਾ

*1594. (ਸੀ.ਯੂ.) (1) ਕਾਮਰੇਡ ਗੁਰਨਾਮ ਸਿੰਘ ਧੀਰੋਵਾਲ
(2) ਕਾਮਰੇਡ ਅਜੈਬ ਸਿੰਘ ਰੌਂਤਾ } : ਕੀ ਸਿੱਖਿਆ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਡਿਪਟੀ ਡਾਇਰੈਕਟਰਾਂ, ਯੁਵਕ ਭਲਾਈ ਅਫਸਰਾਂ, ਪੀ. ਈ. ਐਸ. ਅਫਸਰਾਂ, ਸਾਇੰਸ ਸੁਪਰਵਾਈਜ਼ਰਾਂ, ਲੈਕਚਰਾਰਾਂ ਅਤੇ ਇਨਸਰਵਿਸ ਟ੍ਰੇਨਿੰਗ ਸੈਂਟਰਾਂ ਦੇ ਪ੍ਰਿੰਸੀਪਲਾਂ ਦੀਆਂ ਉਨ੍ਹਾਂ ਆਸਾਮੀਆਂ ਦੀ ਗਿਣਤੀ ਕਿੰਨੀ ਹੈ ਜੋ ਕ੍ਰਮਵਾਰ ਅਕਤੂਬਰ,1993 ਅਤੇ ਜਨਵਰੀ, 1994 ਵਿਚ ਖਾਲੀ ਪਈਆਂ ਸਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਆਸਾਮੀਆਂ ਨੂੰ ਭਰਨ ਵਿਚ ਦੇਰੀ ਦੇ ਕੀ ਕਾਰਨ ਹਨ ਅਤੇ ਉਕਤ ਆਸਾਮੀਆਂ ਨੂੰ ਭਰਨ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਸਰਦਾਰ ਲਖਮੀਰ ਸਿਘ** ਰੰਧਾਵਾ : (ੳ) ਪੀ.ਈ.ਐਸ. ਕਲਾਸ-I (ਸਕੂਲ ਅਤੇ ਇੰਸਪੈਕਸ਼ਨ ਕਾਡਰ) ਅਤੇ ਪੀ. ਈ. ਐਸ. ਕਲਾਸ- II(ਸਕੂਲ ਅਤੇ ਇੰਸਪੈਕਸ਼ਨ ਕਾਡਰ) ਦੀਆਂ ਮਹੀਨਾ ਅਕਤੂਬਰ, 1993 ਅਤੇ ਜਨਵਰੀ, ਮਹੀਨਾ 1994 ਵਿਚ ਖਾਲੀ ਆਸਾਮੀਆਂ ਦੀ ਗਿਣਤੀ ਕ੍ਰਮਵਾਰ 181 ਅਤੇ 195 ਸੀ।

(ਅ) ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਿਵਲ ਰਿਟ ਪਟੀਸ਼ਨ ਨੰ: 7528 ਆਫ 1993 ਫੁਲੇਲ ਸਿੰਘ ਅਤੇ ਹੋਰ ਹੈਡਮਾਸਟਰ ਬਨਾਮ ਸਟੇਟ ਆਫ ਪੰਜਾਬ ਰਾਜ ਵਿੱਚ ਪੀ.ਈ.ਐਸ. ਕਲਾਸ-II (ਸਕੂਲ ਅਤੇ ਇੰਸਪੈਕਸ਼ਨ ਕਾਡਰ) ਵਿੱਚ ਅਗਲੀ ਤਰੱਕੀ ਤੇ ਰੋਕ ਲਗਾ ਦਿੱਤੀ ਹੈ। ਇਸ ਰੋਕ ਨੂੰ ਹਟਾਉਣ ਲਈ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ। ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨੂੰ ਪੀ.ਈ.ਐਸ. ਕਲਾਸ-I ਅਤੇ II (ਸਕੂਲ ਅਤੇ ਇੰਸਪੈਕਸ਼ਨ ਕਾਡਰ) ਦੀਆਂ 5+39=44 ਖਾਲੀ ਆਸਾਮੀਆਂ ਸਿੱਧੀ ਭਰਤੀ ਰਾਹੀਂ ਭਰਨ ਲਈ ਮੰਗ ਪੱਤਰ 2 ਦਸੰਬਰ, 1993 ਅਤੇ 13 ਸਤੰਬਰ, 1993 ਨੂੰ ਭੇਜੇ ਹੋਏ ਹਨ। ਜਿਉਂ ਹੀ ਪੰਜਾਬ ਲੋਕ ਸੇਵਾ ਕਮਿਸ਼ਨ ਤੋਂ ਸਿਫਾਰਸ਼ਾਂ ਪ੍ਰਾਪਤ ਹੋਣਗੀਆਂ, ਖਾਲੀ ਆਸਾਮੀਆਂ ਭਰ ਦਿੱਤੀਆਂ ਜਾਣਗੀਆਂ।

---

## ਜ਼ਿਲ੍ਹਾ ਲੁਧਿਆਣਾ ਵਿਚ ਲਿੰਕ ਸੜਕਾਂ ਦੀ ਮੁਰੰਮਤ

*1604. (ਸੀ.ਯੂ.) (1) ਸਰਦਾਰ ਨਿਰਮਲ ਸਿੰਘ ਮਹੰਤ
(2) ਸਰਦਾਰ ਮਲਕੀਤ ਸਿੰਘ ਬਿਲਾਸਪੁਰ } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਲੁਧਿਆਣਾ ਵਿਚ ਮਾਲੀ ਸਾਲ 1993-94 ਦੇ ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਤੇ ਕੁੱਲ ਕਿੰਨੀ ਰਕਮ ਖ਼ਰਚ ਕੀਤੀ ਗਈ;

Original with;
Punjab Vidhan Sabha
Digitized by;
Panjab Digital Library

(ਅ) ਉਕਤ ਜ਼ਿਲ੍ਹੇ ਵਿਚ ਮਾਲੀ ਸਾਲ 1994-95 ਦੇ ਦੌਰਾਨ ਲਿੰਕ ਸੜਕਾਂ ਦੀ ਮੁਰੰਮਤ ਤੇ ਕੁੱਲ ਕਿੰਨੀ ਰਕਮ ਖ਼ਰਚ ਕੀਤੀ ਜਾਣ ਦੀ ਤਜਵੀਜ਼ ਹੈ ?

ਸਰਦਾਰ ਬੇਅੰਤ ਸਿੰਘ : (ੳ) 1044.27 ਲੱਖ ਰੁਪਏ (1 ਅਪਰੈਲ, 1993 ਤੋਂ 31 ਮਾਰਚ, 1994)

(ਅ) 1275.27 ਲੱਖ ਰੁਪਏ ਬਸ਼ਰਤੇ ਕਿ ਫੰਡ ਉਪਲੱਬਧ ਹੋਣ।

---

### ਜ਼ਿਲ੍ਹਾ ਲੁਧਿਆਣਾ ਵਿਚ ਪਸ਼ੂ-ਚਿਕਿਤਸਾ ਡਿਸਪੈਂਸਰੀਆਂ

*1605. (ਸੀ.ਯੂ.) (1) ਸਰਦਾਰ ਨਿਰਮਲ ਸਿੰਘ ਮਹੰਤ
(2) ਸਰਦਾਰ ਮਲਕੀਤ ਸਿੰਘ ਬਿਲਾਸਪੁਰ } : ਕੀ

ਪਸ਼ੂ-ਪਾਲਣ ਅਤੇ ਮੱਛੀ-ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਲੁਧਿਆਣਾ ਵਿਚ ਇਸ ਸਮੇਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ;

(ਅ) ਕੀ ਸਰਕਾਰ ਉਕਤ ਜ਼ਿਲ੍ਹੇ ਵਿਚ ਨੇੜੇ ਦੇ ਭਵਿੱਖ ਵਿਚ ਅਜਿਹੀਆਂ ਕੋਈ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ , ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਹਰਬੰਸ ਸਿੰਘ ਸਿੱਧੂ : (ੳ) ਜ਼ਿਲ੍ਹਾ ਲੁਧਿਆਣਾ ਵਿਚ ਇਸ ਵੇਲੇ 96 ਪਸ਼ੂ ਡਿਸਪੈਂਸਰੀਆਂ ਚਲ ਰਹੀਆਂ ਹਨ।

(ਅ) ਹਾਂ ਜੀ। ਚਾਲੂ ਮਾਲੀ ਸਾਲ, 1993-94 ਦੌਰਾਨ ਇਸ ਜ਼ਿਲ੍ਹੇ ਵਿਚ 17 ਪਸ਼ੂ ਡਿਸਪੈਂਸਰੀਆਂ ਮਨਜ਼ੂਰ ਕੀਤੀਆਂ ਗਈਆਂ ਹਨ, ਜੋ ਛੇਤੀ ਹੀ ਚਾਲੂ ਹੋ ਜਾਣਗੀਆਂ।

ਹੋਰ ਨਵੀਆਂ ਪਸ਼ੂ ਡਿਸਪੈਂਸਰੀਆਂ ਦਾ ਖੋਲ੍ਹਣਾ ਮੰਗ ਅਤੇ ਉਚਿਤਤਾ ਤੇ ਨਿਰਭਰ ਕਰੇਗਾ।

---

### ਜ਼ਿਲ੍ਹਾ ਲੁਧਿਆਣਾ ਵਿਚ ਪਸ਼ੂ-ਚਿਕਿਤਸਾ ਡਾਕਟਰਾਂ ਦੀਆਂ ਖਾਲੀ ਆਸਾਮੀਆਂ

*1606. (ਸੀ.ਯੂ.) (1) ਸਰਦਾਰ ਨਿਰਮਲ ਸਿੰਘ ਮਹੰਤ
(2) ਸਰਦਾਰ ਮਲਕੀਤ ਸਿੰਘ ਬਿਲਾਸਪੁਰ } ਕੀ ਪਸ਼ੂ-ਪਾਲਣ

ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਲੁਧਿਆਣਾ ਵਿਚ ਇਸ ਸਮੇਂ ਪਸ਼ੂ ਚਿਕਿਤਸਾ ਡਾਕਟਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਕੁੱਲ ਗਿਣਤੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਨਿਰਮਲ ਸਿੰਘ ਮਹੰਤ]

ਕਿੰਨੀ ਹੈ ਅਤੇ ਉਕਤ ਖਾਲੀ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ ਕੀਤੇ ਜਾਣ ਦਾ ਵਿਚਾਰ ਹੈ ?

**ਸਰਦਾਰ ਹਰਬੰਸ ਸਿੰਘ ਸਿੱਧੂ** : ਇਸ ਵੇਲੇ ਜ਼ਿਲ੍ਹਾ ਲੁਧਿਆਣਾ ਵਿਚ ਵੈਟਨਰੀ ਡਾਕਟਰਾਂ ਦੀਆਂ 5 ਅਸਾਮੀਆਂ ਖਾਲੀ ਹਨ; ਇਹਨਾਂ ਨੂੰ ਐਡਹਾੱਕ ਤੇ ਅਤੇ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਛੇਤੀ ਭਰਨ ਦੇ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

---

**ਜ਼ਿਲ੍ਹਾ ਲੁਧਿਆਣਾ ਵਿਚ ਆਈ.ਟੀ.ਆਈਜ਼**

*1607. (ਸੀ.ਯੂ.) (1) **ਸਰਦਾਰ ਨਿਰਮਲ ਸਿੰਘ ਮੰਹਤ**
(2) **ਸਰਦਾਰ ਮਲਕੀਤ ਸਿੰਘ ਬਿਲਾਸਪੁਰ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਲੁਧਿਆਣਾ ਵਿਚ ਇਸ ਸਮੇਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਸਰਕਾਰ ਉਕਤ ਜ਼ਿਲ੍ਹੇ ਵਿਚ ਨੇੜੇ ਦੇ ਭਵਿੱਖ ਵਿਚ ਕੋਈ ਹੋਰ ਨਵੀਆਂ ਆਈ.ਟੀ.ਆਈਜ਼ ਖੋਲ੍ਹਣ ਦਾ ਵਿਚਾਰ ਰੱਖਦੀ ਹੈ ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

**ਸਰਦਾਰਨੀ ਰਾਜਿੰਦਰ ਕੌਰ ਭੱਠਲ** (ੳ) ਦਸ।

(ਅ) ਹਾਂ ਜੀ, ਇਕ ਗੁੱਜਰਵਾਲ ਅਤੇ ਇਕ ਖੰਨਾ ਵਿਖੇ।

---

**ਜ਼ਿਲ੍ਹਾ ਲੁਧਿਆਣਾ ਵਿਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ**

*1609. (ਸੀ.ਯੂ.)(1) ਸਰਦਾਰ ਨਿਰਮਲ ਸਿੰਘ ਮਹੰਤ
(2) ਸਰਦਾਰ ਮਲਕੀਤ ਸਿੰਘ ਬਿਲਾਸਪੁਰ : ਕੀ

ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਲੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਲੁਧਿਆਣਾ ਵਿਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਮਾਲੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਰੱਖਣ ਦਾ ਪ੍ਰਸਤਾਵ ਹੈ?

Original with;
Punjab Vidhan Sabha
Digitized by;
Panjab Digital Library

ਚੌਧਰੀ ਜਗਜੀਤ ਸਿੰਘ: ਜ਼ਿਲ੍ਹਾ ਲੁਧਿਆਣਾ ਵਿੱਚ ਸਾਲ 1993-94 ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ 4.10 ਲੱਖ ਰੁਪਏ ਖਰਚ ਕੀਤੇ ਗਏ। ਇਸ ਮੰਤਵ ਲਈ ਸਾਲ 1994-95 ਵਿੱਚ ਬਜਟ ਦੇਣ ਬਾਰੇ ਕੋਈ ਅੰਤਿਮ ਫੈਸਲਾ ਨਹੀਂ ਕੀਤਾ ਗਿਆ ਪ੍ਰੰਤੂ ਧਰਮਸ਼ਾਲਾਵਾਂ ਦੀ ਮੁਰੰਮਤ ਲਈ ਫੰਡ ਦੇਣ ਬਾਰੇ ਤਜਵੀਜ਼ ਬਾਰੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

---

## ਜ਼ਿਲ੍ਹਾ ਲੁਧਿਆਣਾ ਵਿਚ ਦਿਹਾਤੀ ਜਲ ਸਪਲਾਈ ਸਕੀਮ

*1611. (ਸੀ.ਯੂ.) (1) ਸਰਦਾਰ ਨਿਰਮਲ ਸਿੰਘ ਮਹੰਤ
(2) ਸਰਦਾਰ ਮਲਕੀਤ ਸਿੰਘ ਬਿਲਾਸਪੁਰ } : ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਲੁਧਿਆਣਾ ਵਿਚ ਕੁੱਲ ਕਿੰਨੇ ਪਿੰਡਾਂ ਵਿਚ ਦਿਹਾਤੀ ਜਲ ਸਪਲਾਈ ਸਕੀਮ ਅਜੇ ਤੱਕ ਲਾਗੂ ਨਹੀਂ ਕੀਤੀ ਗਈ ਹੈ ਅਤੇ ਉਕਤ ਜ਼ਿਲ੍ਹੇ ਦੇ ਅਜਿਹੇ ਪਿੰਡਾਂ ਵਿਚ ਉਕਤ ਸਕੀਮ ਕਦੋਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸ੍ਰੀ ਸੁਰਿੰਦਰ ਕਪੂਰ : ਜ਼ਿਲ੍ਹਾ ਲੁਧਿਆਣਾ ਵਿੱਚ 749 ਪਿੰਡ ਅਜਿਹੇ ਹਨ ਜਿਥੇ ਪੇਂਡੂ ਜਲ ਸਪਲਾਈ ਸਕੀਮਾਂ ਲਾਗੂ ਨਹੀਂ ਕੀਤੀਆਂ ਗਈਆਂ, ਇਹਨਾਂ ਵਿਚੋਂ ਸਿਰਫ 64 ਪਿੰਡ ਜੋ ਕਿ 1980 ਅਤੇ 1985 ਵਿੱਚ ਕੀਤੇ ਸਰਵੇ ਵਿੱਚ ਪਾਣੀ ਦੀ ਸਮੱਸਿਆ ਵਾਲੇ ਪਿੰਡ ਪਾਏ ਗਏ ਹਨ, ਵਿਚ ਪੇਂਡੂ ਜਲ ਸਪਲਾਈ ਸਕੀਮ ਅਧੀਨ 31 ਮਾਰਚ, 1995 ਤੱਕ ਸਾਫ ਪੀਣ ਲਈ ਪਾਣੀ ਮੁਹੱਈਆ ਕੀਤਾ ਜਾਵੇਗਾ ਬਸ਼ਰਤੇ ਕਿ ਇਸ ਕੰਮ ਲਈ ਸਾਲ 1994-95 ਵਿੱਚ ਲੋੜੀਂਦੇ ਫੰਡਜ਼ ਉਪਲੱਬਧ ਹੋਣ।

---

## ਜ਼ਿਲ੍ਹਾ ਲੁਧਿਆਣਾ ਵਿੱਚ ਆਬਕਾਰੀ ਡਿਊਟੀ ਤੋਂ ਆਮਦਨ

*1612. (ਸੀ.ਯੂ.) ਸਰਦਾਰ ਨਿਰਮਲ ਸਿੰਘ ਮਹੰਤ
(2) ਸਰਦਾਰ ਮਲਕੀਤ ਸਿੰਘ ਬਿਲਾਸਪੁਰ } : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ/ਚਾਲੂ ਮਾਲੀ ਸਾਲ ਦੇ ਦੌਰਾਨ ਜ਼ਿਲ੍ਹਾ ਲੁਧਿਆਣਾ ਵਿੱਚ ਆਬਕਾਰੀ ਡਿਊਟੀ ਤੋਂ ਰਾਜ ਸਰਕਾਰ ਨੂੰ ਕੁੱਲ ਕਿੰਨੀ ਆਮਦਨ ਹੋਈ?

ਸਰਦਾਰ ਸ਼ਮਸ਼ੇਰ ਸਿੰਘ ਦੂਲੋ : ਸਾਲ 1993-94 (ਮਿਤੀ 1 ਅਪ੍ਰੈਲ, 1993 ਤੋਂ 31 ਜਨਵਰੀ 1994 ਤੱਕ) ਦੌਰਾਨ ਜ਼ਿਲ੍ਹਾ ਲੁਧਿਆਣਾ ਵਿਚ ਆਬਕਾਰੀ ਡਿਊਟੀ ਤੋਂ ਕੁਲ 18,57,37,695 ਰੁਪਏ ਆਮਦਨ ਹੋਈ ਹੈ ਜੀ।

---

## ਸਪੱਰਾਂ ਦੀ ਮੁਰੰਮਤ ਤੇ ਖਰਚ

*1630. (ਸੀ.ਯੂ.) (1) ਸਰਦਾਰ ਹਰਨੇਕ ਸਿੰਘ
(2) ਸ੍ਰੀ ਕ੍ਰਿਸ਼ਨ ਕੁਮਾਰ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਤੰਬਰ, 1993 ਵਿਚ ਹੜ੍ਹਾਂ ਤੋਂ ਬਾਅਦ ਵੱਖ ਵੱਖ ਦਰਿਆਵਾਂ ਤੇ ਸਪੱਰਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਨੇਕ ਸਿੰਘ]

ਦੀ ਮੁਰੰਮਤ ਲਈ ਕੁੱਲ ਕਿੰਨੀ ਰਕਮ ਮਖਸੂਸ ਕੀਤੀ ਗਈ/ਖਰਚ ਕੀਤੀ ਗਈ ਅਤੇ 1 ਦਸੰਬਰ, 1993 ਤੱਕ ਕਿੰਨੀ ਰਕਮ ਖ਼ਰਚ ਕੀਤੀ ਗਈ ?

**ਸਰਦਾਰ ਬੇਅੰਤ ਸਿੰਘ :** ਸਤੰਬਰ, 1993 ਵਿਚ ਹੜ੍ਹਾਂ ਤੋਂ ਬਾਅਦ ਵੱਖ ਵੱਖ ਦਰਿਆਵਾਂ ਤੇ ਸਪੱਰਾਂ ਦੀ ਮੁਰੰਮਤ ਲਈ ਕੁਲ 58.19 ਲੱਖ ਰੁਪਏ ਦੀ ਰਾਸ਼ੀ ਮਖਸੂਸ ਕੀਤੀ ਗਈ ਸੀ ਅਤੇ 31 ਦਸੰਬਰ, 1993 ਤੱਕ ਸਾਰੀ ਰਕਮ ਖਰਚ ਕਰ ਦਿੱਤੀ ਗਈ ਹੈ ।

### ਰਾਜ ਵਿਚ ਦਿਹਾਤੀ ਜਲ ਸਪਲਾਈ ਸਕੀਮ

*1631. (ਸੀ.ਯੂ.) (1) ਸਰਦਾਰ ਹਰਨੇਕ ਸਿੰਘ }
(2) ਸ਼੍ਰੀ ਕ੍ਰਿਸ਼ਨ ਕੁਮਾਰ } : ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਦੋ ਵਿੱਤੀ ਸਾਲਾਂ ਦੇ ਦੌਰਾਨ ਰਾਜ ਵਿੱਚ ਸਰਕਾਰ ਦੁਆਰਾ ਮਨਜ਼ੂਰ ਕੀਤੀਆਂ ਗਈਆਂ ਦਿਹਾਤੀ ਜਲ ਸਪਲਾਈ ਸਕੀਮਾਂ ਦੀ ਸਾਲ-ਵਾਰ ਗਿਣਤੀ ਕਿੰਨੀ ਕਿੰਨੀ ਹੈ ਅਤੇ ਉਨ੍ਹਾਂ ਵਿਚੋਂ ਅਜਿਹੀਆਂ ਸਕੀਮਾਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਨੂੰ ਅਸਲ ਵਿਚ ਮੁਕੰਮਲ ਕੀਤਾ ਗਿਆ ਹੈ?

**ਸ਼੍ਰੀ ਸੁਰਿੰਦਰ ਕਪੂਰ :** ਰਾਜ ਵਿੱਚ ਪਿਛਲੇ 2 ਮਾਲੀ ਸਾਲਾਂ ਵਿੱਚ ਜੋ ਪੇਂਡੂ ਜਲ ਸਪਲਾਈ ਸਕੀਮਾਂ ਦੀ ਮਨਜ਼ੂਰੀ ਦਿੱਤੀ ਗਈ ਹੈ ਅਤੇ ਜੋ ਸਕੀਮਾਂ ਮੁਕੰਮਲ ਹੋ ਗਈਆਂ ਹਨ, ਉਹਨਾਂ ਦਾ ਸਾਲ-ਵਾਰ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ :--

| ਸਾਲ | ਮਨਜ਼ੂਰ ਹੋਈਆਂ ਸਕੀਮਾਂ ਦੀ ਗਿਣਤੀ | ਮੁਕੰਮਲ ਹੋਈਆਂ ਸਕੀਮਾਂ ਦੀ ਗਿਣਤੀ ਜਿਨ੍ਹਾਂ ਵਿੱਚ ਪਾਣੀ ਦੀ ਸਪਲਾਈ ਸ਼ੁਰੂ ਕਰ ਦਿੱਤੀ ਗਈ ਹੈ |
|---|---|---|
| 1991-92 | 238 | 232 (1991-92 and 1992-93) |
| 1992-93 | 102 | |
| ਕੁੱਲ | 340 | |

Original with;
Punjab Vidhan Sabha
Digitized by;
Panjab Digital Library

### ਚੰਗਰ ਇਲਾਕੇ ਵਿਚ ਡੂੰਘੇ ਟਿਊਬਵੈੱਲ ਲਗਾਉਣੇ

*1633. (ਸੀ.ਯੂ.) ਸ੍ਰੀ ਰਮੇਸ਼ ਦੱਤ ਸ਼ਰਮਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਕੀਰਤਪੁਰ-ਬਿਲਾਸਪੁਰ ਸੜਕ ਤੇ ਨਹਿਰ ਤੋਂ ਪਾਰ ਅਨੰਦਪੁਰ ਸਾਹਿਬ ਤੋਂ ਦਹਿਨੀ ਮੱਸੇਵਾਲ ਦਰਮਿਆਨ ਸਥਿਤ ਤਹਿਸੀਲ ਅਨੰਦਪੁਰ ਸਾਹਿਬ ਦੇ ਚੰਗਰ ਇਲਾਕੇ ਵਿਚ ਡੂੰਘੇ ਟਿਊਬਵੈੱਲ ਲਗਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਾਂਹ ਵਿਚ ਹੋਵੇ ਤਾਂ ਕੀ ਸਰਕਾਰ ਦੀ ਉਕਤ ਇਲਾਕੇ ਵਿਚ ਉਠਾਵੀਂ ਸਿੰਜਾਈ ਸਕੀਮ ਮੁਹੱਈਆਂ ਕਰਨ ਦੀ ਤਜਵੀਜ਼ ਹੈ ?

**ਸਰਦਾਰ ਬੇਅੰਤ ਸਿੰਘ** : (ੳ) ਜੀ ਨਹੀਂ।

(ਅ) ਜੀ ਨਹੀਂ।

---

### ਕੰਡੀ ਇਲਾਕੇ ਵਿਚ ਡੂੰਘੇ ਟਿਊਬਵੈੱਲ ਲਗਾਉਣਾ

*1634. (ਸੀ.ਯੂ.) ਸ੍ਰੀ ਰਮੇਸ਼ ਦੱਤ ਸ਼ਰਮਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਬਲਾਕ ਰੋਪੜ ਵਿਚ ਕੰਡੀ ਇਲਾਕੇ (ਨੀਮ ਪਹਾੜੀ ਇਲਾਕਾ) ਵਿਚ ਨਵੇਂ ਡੂੰਘੇ ਟਿਊਬਵੈੱਲ ਲਗਾਉਣ ਦੀ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ ਤਾਂ ਉਸ ਦੇ ਵੇਰਵੇ ਕੀ ਹਨ?

**ਸਰਦਾਰ ਬੇਅੰਤ ਸਿੰਘ** : ਜੀ ਹਾਂ। ਰੋਪੜ ਬਲਾਕ ਵਿੱਚ ਸਟੇਟ ਪਲਾਨ ਦੇ ਅਧੀਨ ਅਠਵੀਂ ਪੰਜ ਸਾਲਾ ਯੋਜਨਾ ਦੌਰਾਨ 10 ਟਿਊਬਵੈੱਲ ਲਗਾਉਣ ਦੀ ਇਕ ਸਕੀਮ ਹੈ। (8 ਕੰਡੀ ਵਿੱਚ ਅਤੇ 2 ਗੈਰ ਕੰਡੀ ਇਲਾਕੇ ਵਿੱਚ)

---

ਨਿਸ਼ਾਨ ਵਾਲਾ (ਸੀ.ਯੂ. ਪ੍ਰਸ਼ਨ ਨੰ: 1635)

(ਇਸ ਸਵਾਲ ਦਾ ਜਵਾਬ ਹਾਲੇ ਤਕ ਪ੍ਰਾਪਤ ਨਹੀਂ ਹੋਇਆ।)

---

### ਦਿਹਾਤੀ ਵਿਕਾਸ ਸਕੀਮਾਂ ਲਈ ਉਪਲਭਧ ਕੀਤੇ ਗਏ ਫੰਡ

*1636. (ਸੀ.ਯੂ.) ਕਾਮਰੇਡ ਗੁਰਨਾਮ ਸਿੰਘ ਧੀਰੋਵਾਲ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:--

(ੳ) ਜ਼ਿਲ੍ਹਾ ਯੋਜਨਾਬੰਦੀ ਬੋਰਡ ਗੁਰਦਾਸਪੁਰ ਦੁਆਰਾ ਸਾਲ 1993-94 ਲਈ ਦਿਹਾਤੀ ਵਿਕਾਸ ਸਕੀਮਾਂ ਵਾਸਤੇ ਕੁੱਲ ਕਿੰਨਾਂ ਪੈਸਾ ਰੱਖਿਆ ਗਿਆ ਹੈ;

Original with;
Punjab Vidhan Sabha
Digitized by;
Panjab Digital Library

[ਕਾਮਰੇਡ ਗੁਰਨਾਮ ਸਿੰਘ ਧੀਰੋਵਾਲ]

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਰਕਮ ਵਿਚੋਂ ਕਿੰਨੇ ਫੰਡ ਚੇਅਰਮੈਨ ਦੀ ਅਖਤਿਆਰੀ ਗ੍ਰਾਂਟ ਵਜੋਂ ਰਿਜ਼ਰਵ ਰੱਖੇ ਗਏ ਹਨ ਅਤੇ ਉਕਤ ਰਕਮ ਕਿਹੜੀਆਂ ਕਿਹੜੀਆਂ ਚੀਜ਼ਾਂ ਲਈ ਰਿਜ਼ਰਵ ਰੱਖੀ ਗਈ ਹੈ ;

(ੲ) ਉਪਰੋਕਤ ਰਕਮ ਵਿਚੋਂ ਅਜਿਹੀ ਕੁੱਲ ਕਿੰਨੀ ਰਕਮ ਹੈ ਜੋ ਹੁਣ ਤੱਕ ਦਿਹਾਤੀ ਵਿਕਾਸ ਸਕੀਮਾਂ ਅਧੀਨ ਖਰਚ ਕਰ ਲਈ ਗਈ ਹੈ ?

**ਮਾਸਟਰ ਜਾਗੀਰ ਸਿੰਘ :** (ੳ) 834.55 ਲੱਖ ਰੁਪਏ ।

(ਅ) 148.00 ਲੱਖ ਰੁਪਏ ਉੱਨਤ ਗਰਾਮ ਸਕੀਮ ਲਈ ।

(ੲ) 511.67 ਲੱਖ ਰੁਪਏ ।

---

**ਜ਼ਿਲ੍ਹਾ ਅੰਮ੍ਰਿਤਸਰ ਵਿੱਚ ਨਵੀਆਂ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹਣਾ**

*1642. (ਸੀ.ਯੂ.) **ਸ੍ਰੀ ਫਕੀਰ ਚੰਦ ਸ਼ਰਮਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਅੰਮ੍ਰਿਤਸਰ ਵਿੱਚ ਇਸ ਸਮੇਂ ਕੁੱਲ ਕਿੰਨੀਆਂ ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ ਹਨ ;

(ਅ) ਕੀ ਸਰਕਾਰ ਨੇੜੇ ਭਵਿੱਖ ਵਿੱਚ ਉਕਤ ਜ਼ਿਲ੍ਹੇ ਵਿੱਚ ਕੋਈ ਨਵੀਆਂ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

**ਸਰਦਾਰ ਹਰਚਰਨ ਸਿੰਘ ਬਰਾੜ :** (ੳ) ਇਸ ਸਮੇਂ ਕੁੱਲ 42 ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ ਹਨ ।

(ਅ) ਹਾਂ ਜੀ। ਸਾਲ 1993-94 ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ।

---

**ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਮਿਓਪੈਥਿਕ ਡਿਸਪੈਂਸਰੀਆਂ**

*1644. (ਸੀ.ਯੂ.) **ਸ੍ਰੀ ਫਕੀਰ ਚੰਦ ਸ਼ਰਮਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਅੰਮ੍ਰਿਤਸਰ ਵਿਚ ਇਸ ਸਮੇਂ ਕੁੱਲ ਕਿੰਨੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਹਨ ;

Original with;
Punjab Vidhan Sabha
Digitized by;
Panjab Digital Library

(ਅ) ਕੀ ਸਰਕਾਰ ਨੇੜੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਹੋਮਿਓ-ਪੈਥਿਕ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

**ਸਰਦਾਰ ਹਰਚਰਨ ਸਿੰਘ ਬਰਾੜ :** (ੳ) 7.

(ਅ) ਨਹੀਂ ਜੀ।

---

### ਜ਼ਿਲ੍ਹਾ ਅੰਮ੍ਰਿਤਸਰ ਵਿਚ ਲਿੰਕ ਸੜਕਾਂ ਦੀ ਮੁਰੰਮਤ

*1645. (ਸੀ.ਯੂ.) **ਸ੍ਰੀ ਫਕੀਰ ਚੰਦ ਸ਼ਰਮਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਵਿੱਤੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਲਿੰਕ ਸੜਕਾਂ ਦੀ ਮੁਰੰਮਤ ਤੇ ਸਰਕਾਰ ਦੁਆਰਾ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ;

(ਅ) ਵਿੱਤੀ ਸਾਲ 1994-95 ਦੇ ਦੌਰਾਨ ਉਕਤ ਜ਼ਿਲ੍ਹੇ ਵਿਚ ਲਿੰਕ ਸੜਕਾਂ ਦੀ ਮੁਰੰਮਤ ਤੇ ਖਰਚ ਕਰਨ ਲਈ ਕਿੰਨੀ ਰਕਮ ਰੱਖੀ ਗਈ ?

**ਸਰਦਾਰ ਬੇਅੰਤ ਸਿੰਘ :** (ੳ) 656.17 ਲੱਖ ਰੁਪਏ (1 ਅਪਰੈਲ, 93 ਤੋਂ 31 ਮਾਰਚ 94)

(ਅ) 1116.17 ਲੱਖ ਰੁਪਏ ਦੀ ਤਜਵੀਜ਼ ਹੈ, ਬਸ਼ਰਤੇ ਕਿ ਫੰਡ ਉਪਲਭਧ ਹੋਣ ।

---

### ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸਸਤੇ ਭਾਅ ਦੀਆਂ ਦੁਕਾਨਾਂ

*1648. (ਸੀ.ਯੂ.) **ਸ੍ਰੀ ਫਕੀਰ ਚੰਦ ਸ਼ਰਮਾ :** ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਅੰਮ੍ਰਿਤਸਰ ਵਿੱਚ ਇਸ ਸਮੇਂ ਸਸਤੇ ਭਾਅ ਦੀਆਂ ਦੁਕਾਨਾਂ ਦੀ ਕੁੱਲ ਗਿਣਤੀ ਕਿੰਨੀ ਹੈ ;

(ਅ) ਕੀ ਨੇੜੇ ਭਵਿੱਖ ਵਿਚ ਸਰਕਾਰ ਦਾ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਸਸਤੇ ਭਾਅ ਦੀਆਂ ਦੁਕਾਨਾਂ ਖੋਲ੍ਹਣ ਦਾ ਵਿਚਾਰ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

**ਸਰਦਾਰ ਲਾਲ ਸਿੰਘ :** (ੳ) 1498.

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈਜ਼ ਮੰਤਰੀ]

(ਅ) ਨਿੱਕਟ ਭਵਿਖ ਵਿਚ ਇਸ ਜ਼ਿਲ੍ਹੇ ਵਿਚ ਹੇਠ ਲਿਖੇ ਅਨੁਸਾਰ ਸਸਤੇ ਭਾਅ ਦੀਆਂ ਨਵੀਆਂ ਦੁਕਾਨਾਂ ਖੋਲ੍ਹਣ ਦਾ ਵਿਚਾਰ ਹੈ:—

| ਲੜੀ ਨੰ: | ਸ਼ਹਿਰ ਦਾ ਨਾਂ | ਨਵੀਆਂ ਸਸਤੇ ਭਾਅ ਦੀਆਂ ਦੁਕਾਨਾਂ ਖੋਲ੍ਹਣ ਦੀ ਤਜਵੀਜ਼। |
|---|---|---|
| 1. | ਅੰਮ੍ਰਿਤਸਰ | 19 |
| 2. | ਸੁਲਤਾਨ ਵਿੰਡ | 1 |
| 3. | ਵੱਲਾ | 1 |
| 4. | ਛੇਹਰਟਾ | 2 |
| 5. | ਗੁਰੂ ਕੀ ਵਡਾਲੀ | 1 |
| 6. | ਕਾਲੇ | 1 |
| 7. | ਮਜੀਠਾ | 3 |
| 8. | ਰਈਆ | 1 |
| 9. | ਰਾਮਦਾਸ | 1 |
| 10. | ਪੱਟੀ | 1 |
| | ਕੁੱਲ | 31 |

## ਜ਼ਿਲ੍ਹਾ ਅੰਮ੍ਰਿਤਸਰ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ

*1649. (ਸੀ.ਯੂ.) **ਸ੍ਰੀ ਫਕੀਰ ਚੰਦ ਸ਼ਰਮਾ** : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਲੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਕਰਨ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਮਾਲੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਦੇ ਖਰਚੇ ਜਾਣ ਦੀ ਤਜਵੀਜ਼ ਹੈ ?

**ਚੌਧਰੀ ਜਗਜੀਤ ਸਿੰਘ** : ਸ੍ਰੀ ਮਾਨ ਜੀ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸਾਲ 1993-94 ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੋਈ ਰਕਮ ਖਰਚ ਨਹੀਂ ਕੀਤੀ ਗਈ। ਇਸ ਮੰਤਵ ਲਈ ਸਾਲ **1994-95** ਵਿੱਚ ਬਜਟ ਦੇਣ ਬਾਰੇ ਕੋਈ ਅੰਤਮ ਫੈਸਲਾ ਨਹੀਂ ਕੀਤਾ ਗਿਆ ਪ੍ਰੰਤੂ ਧਰਮਸ਼ਾਲਾਵਾਂ ਦੀ ਮੁਰੰਮਤ ਲਈ ਫੰਡ ਦੇਣ ਬਾਰੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

Original with;
Punjab Vidhan Sabha
Digitized by;
Panjab Digital Library

### ਜ਼ਿਲ੍ਹਾ ਅੰਮ੍ਰਿਤਸਰ ਵਿੱਚ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨਾ

*1650 (ਸੀ.ਯੂ.) **ਸ੍ਰੀ ਫਕੀਰ ਚੰਦ ਸ਼ਰਮਾ** : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਲੀ ਸਾਲ 1993-94 ਦੌਰਾਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਦਿਹਾਤੀ ਇਲਾਕਿਆਂ ਵਿਚ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਮਾਲੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚੇ ਜਾਣ ਦਾ ਪ੍ਰਸਤਾਵ ਹੈ ?

**ਮਾਸਟਰ ਜਾਗੀਰ ਸਿੰਘ** : ਜ਼ਿਲ੍ਹਾ ਅੰਮ੍ਰਿਤਸਰ ਵਿਖੇ ਗਲੀਆਂ ਪੱਕੀਆਂ ਕਰਨ ਅਤੇ ਨਾਲੀਆਂ ਬਣਾਉਣ ਤੇ ਮਿਤੀ 31 ਜਨਵਰੀ' 1994 ਤੱਕ 468.87 ਲੱਖ ਰੁਪਏ ਕੀਤੇ ਗਏ ਹਨ। ਸਾਲ 1994-95 ਦੇ ਵਿੱਤੀ ਸਾਲ ਲਈ ਇਸ ਸਕੀਮ ਤਹਿਤ ਰਾਜ ਦੇ ਪਲਾਨ ਬਜਟ ਵਿਚੋਂ 4000.00 ਲੱਖ ਰੁਪਏ ਤਜਵੀਜ਼ ਕੀਤੇ ਗਏ ਹਨ। ਬਜਟ ਪ੍ਰਵਾਨ ਹੋਣ ਉਪਰੰਤ ਪਲੈਨਿੰਗ ਵਿਭਾਗ ਵਲੋਂ ਜ਼ਿਲ੍ਹਾਵਾਰ ਵੰਡ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਾਲ 1994-95 ਵਿਚ ਰੂਰਲ ਡਿਵੈਲਪਮੈਂਟ ਬੋਰਡ ਵਲੋਂ ਵੀ ਫੰਡ ਉਪਲਬਧ ਕੀਤੇ ਜਾਣਗੇ।

---

### ਜ਼ਿਲ੍ਹਾ ਅੰਮ੍ਰਿਤਸਰ ਵਿਚ ਦਿਹਾਤੀ ਜਲ ਸਪਲਾਈ ਸਕੀਮ

*1651.. (ਸੀ.ਯੂ.) **ਸ੍ਰੀ ਫਕੀਰ ਚੰਦ ਸ਼ਰਮਾ** : ਕੀ ਜਨ-ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਉਨ੍ਹਾਂ ਪਿੰਡਾਂ ਦੀ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਵਿਚ ਅਜੇ ਤੱਕ ਦਿਹਾਤੀ ਜਲ ਸਪਲਾਈ ਸਕੀਮ ਲਾਗੂ ਨਹੀਂ ਕੀਤੀ ਗਈ ਹੈ ਅਤੇ ਉਕਤ ਪਿੰਡਾਂ ਵਿਚ ਦਿਹਾਤੀ ਜਲ ਸਪਲਾਈ ਸਕੀਮ ਦੇ ਕਦੋਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ?

**ਸ੍ਰੀ ਸੁਰਿੰਦਰ ਕਪੂਰ** : ਜ਼ਿਲ੍ਹਾ ਅੰਮ੍ਰਿਤਸਰ ਵਿੱਚ 698 ਪਿੰਡ ਅਜਿਹੇ ਹਨ ਜਿਥੇ ਪੇਂਡੂ ਜਲ ਸਪਲਾਈ ਸਕੀਮਾਂ ਲਾਗੂ ਨਹੀਂ ਕੀਤੀਆਂ ਗਈਆਂ, ਇਨ੍ਹਾਂ ਵਿਚੋਂ ਸਿਰਫ 136 ਪਿੰਡ ਜੋ ਕਿ 1980 ਅਤੇ 1985 ਵਿੱਚ ਕੀਤੇ ਸਰਵੇ ਵਿੱਚ ਪਾਣੀ ਦੀ ਸਮੱਸਿਆ ਵਾਲੇ ਪਿੰਡ ਪਾਏ ਗਏ ਹਨ, ਵਿੱਚ ਪੇਂਡੂ ਜਲ ਸਪਲਾਈ ਸਕੀਮ ਅਧੀਨ 31 ਮਾਰਚ, 1995 ਤੱਕ ਸਾਫ ਪਾਣੀ ਪੀਣ ਲਈ ਮੁਹੱਈਆ ਕੀਤਾ ਜਾਵੇਗਾ ਬਸ਼ਰਤੇ ਕਿ ਇਸ ਕੰਮ ਲਈ ਸਾਲ 1994-95 ਵਿੱਚ ਲੋੜੀਂਦੇ ਫੰਡਜ਼ ਉਪਲਬਧ ਹੋਣ।

---

### ਅੰਮ੍ਰਿਤਸਰ ਸ਼ਹਿਰ ਵਿਚ ਇਕ ਨਵਾਂ ਡਿਗਰੀ ਕਾਲਜ ਖੋਲ੍ਹਣਾ

*1652. (ਸੀ.ਯੂ.) **ਸ੍ਰੀ ਫਕੀਰ ਚੰਦ ਸ਼ਰਮਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੰਮ੍ਰਿਤਸਰ ਸ਼ਹਿਰ ਵਿਚ ਇਕ ਨਵਾਂ ਡਿਗਰੀ ਕਾਲਜ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ, ਤਾਂ ਕਦੋਂ; ਜੇਕਰ ਨਹੀਂ, ਤਾਂ ਉਸ ਦੇ ਕਾਰਨ ਕੀ ਹਨ ?

Original with;
Punjab Vidhan Sabha
Digitized by;
Panjab Digital Library

ਸਰਦਾਰ ਲਖਮੀਰ ਸਿੰਘ ਰੰਧਾਵਾ : ਨਹੀਂ ਜੀ। ਅੰਮ੍ਰਿਤਸਰ ਸ਼ਹਿਰ ਵਿਚ 9 ਮਾਨਤਾ ਪ੍ਰਾਪਤ ਕਾਲਜ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਧੀਨ ਗਰੈਜੂਏਟ ਅਤੇ ਪੋਸਟ ਗਰੈਜੂਏਟ ਕੋਰਸ ਚੱਲ ਰਹੇ ਹਨ। ਇਹ ਸਾਰੀਆਂ ਸਹੂਲਤਾਂ ਸ਼ਹਿਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫੀ ਹਨ।

———

### ਜ਼ਿਲ੍ਹਾ ਗੁਰਦਾਸਪੁਰ ਵਿਚ ਪਸ਼ੂ ਚਿਕਿਤਸਾ ਡਿਸਪੈਂਸਰੀਆਂ

*1662.(ਸੀ.ਯੂ.) (1) ਸ੍ਰੀ ਰਘੂ ਨਾਥ ਸਹਾਏ ਪੁਰੀ
(2) ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ
(3) ਸ੍ਰੀ ਕ੍ਰਿਸ਼ਨ ਕੁਮਾਰ ਕੌਸ਼ਲ
(4) ਸ੍ਰੀ ਕਿਸ਼ਨ ਚੰਦ } :

ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ——

(ੳ) ਜ਼ਿਲ੍ਹਾ ਗੁਰਦਾਸਪੁਰ ਵਿਚ ਇਸ ਸਮੇਂ ਕੁੱਲ ਕਿੰਨੀਆਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਹਨ ;

(ਅ) ਕੀ ਸਰਕਾਰ ਨੇੜੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

ਸਰਦਾਰ ਹਰਬੰਸ ਸਿੰਘ ਸਿੱਧੂ : (ੳ) ਜ਼ਿਲ੍ਹਾ ਗੁਰਦਾਸਪੁਰ ਵਿੱਚ ਇਸ ਵੇਲੇ ਕੁੱਲ 86 ਪਸ਼ੂ ਡਿਸਪੈਂਸਰੀਆਂ ਕੰਮ ਕਰ ਰਹੀਆਂ ਹਨ।

(ਅ) ਚਾਲੂ ਮਾਲੀ ਸਾਲ 1993-94 ਦੌਰਾਨ ਜ਼ਿਲ੍ਹਾ ਗੁਰਦਾਸਪੁਰ ਵਿਚ ਇੱਕ ਪਸ਼ੂ ਡਿਸਪੈਂਸਰੀ ਪਿੰਡ ਭੰਡਾਲ, ਜ਼ਿਲ੍ਹਾ ਗੁਰਦਾਸਪੁਰ ਵਿਖੇ ਖੋਲ੍ਹਣ ਦੀ ਮਨਜ਼ੂਰੀ ਦਿੱਤੀ ਗਈ ਹੈ। ਹੋਰ ਨਵੀਆਂ ਪਸ਼ੂ ਡਿਸਪੈਂਸਰੀਆਂ ਦਾ ਖੋਲ੍ਹਣਾ ਇਨ੍ਹਾਂ ਦੀ ਮੰਗ ਅਤੇ ਉਚਿੱਤਤਾ ਤੇ ਨਿਰਭਰ ਕਰੇਗਾ।

———

### ਜ਼ਿਲ੍ਹਾ ਗੁਰਦਾਸਪੁਰ ਵਿਚ ਪਸ਼ੂ ਚਿਕਿਤਸਾ ਡਾਕਟਰਾਂ ਦੀਆਂ ਖਾਲੀ ਪਈਆਂ ਆਸਾਮੀਆਂ

*1663. (ਸੀ.ਯੂ.) (1) ਸ੍ਰੀ ਰਘੂ ਨਾਥ ਸਹਾਏ ਪੁਰੀ
(2) ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ
(3) ਸ੍ਰੀ ਕ੍ਰਿਸ਼ਨ ਕੁਮਾਰ ਕੌਸ਼ਲ
(4) ਸ੍ਰੀ ਕਿਸ਼ਨ ਚੰਦ } :

ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਜ਼ਿਲਾ ਗੁਰਦਾਸਪੁਰ ਵਿਚ ਇਸ ਸਮੇਂ ਪਸ਼ੂ ਚਿਕਿਤਸਾ ਡਾਕਟਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

Original with;
Punjab Vidhan Sabha
Digitized by;
Panjab Digital Library

(ਅ) ਉਕਤ ਖਾਲੀ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦੀ ਤਜਵੀਜ਼ ਹੈ?

**ਸਰਦਾਰ ਹਰਬੰਸ ਸਿੰਘ ਸਿੱਧੂ**: (ੳ) ਇਸ ਵੇਲੇ ਜ਼ਿਲ੍ਹਾ ਗੁਰਦਾਸਪੁਰ ਵਿਚ ਵੈਟਨਰੀ ਡਾਕਟਰਾਂ ਦੀਆਂ 31 ਆਸਾਮੀਆਂ ਖਾਲੀ ਹਨ,

(ਅ) ਇਹਨਾਂ ਆਸਾਮੀਆਂ ਨੂੰ ਐਡਹਾਕ ਤੇ ਅਤੇ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਛੇਤੀ ਭਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

---

**ਜ਼ਿਲ੍ਹਾ ਗੁਰਦਾਸਪੁਰ ਵਿਚ ਆਈ.ਟੀ.ਆਈਜ਼**

*1664. (ਸੀ.ਯੂ.) (1) **ਸ਼੍ਰੀ ਰਘੂ ਨਾਥ ਸਹਾਏ ਪੁਰੀ**
(2) **ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ**
(3) **ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ**
(4) **ਸ਼੍ਰੀ ਕਿਸ਼ਨ ਚੰਦ** :

ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਗੁਰਦਾਸਪੁਰ ਵਿਚ ਇਸ ਸਮੇਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਸਰਕਾਰ ਦਾ ਨੇੜੇ ਦੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਆਈ.ਟੀ.ਆਈਜ਼ ਖੋਲ੍ਹਣ ਦਾ ਪ੍ਰਸਤਾਵ ਹੈ, ਜੇਕਰ ਅਜਿਹਾ ਹੈ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

**ਸਰਦਾਰਨੀ ਰਾਜਿੰਦਰ ਕੌਰ ਭੱਠਲ** : (ੳ) ਬਾਰਾਂ।

(ਅ) ਹਾਂ ਜੀ, ਇਕ ਬਮਿਆਲ ਵਿਖੇ।

---

**ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ**

*1666. (ਸੀ.ਯੂ.) (1) **ਸ਼੍ਰੀ ਰਘੂ ਨਾਥ ਸਹਾਏ ਪੁਰੀ**
(2) **ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ**
(3) **ਸ਼੍ਰੀ ਕ੍ਰਿਸ਼ਨ ਕੁਮਾਰ ਕੌਸ਼ਲ**
(4) **ਸ਼੍ਰੀ ਕਿਸ਼ਨ ਚੰਦ** :

ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ, 1993-94 ਦੇ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਕਰਨ ਤੇ ਕੁੱਲ

Original with;
Punjab Vidhan Sabha
Digitized by;
Panjab Digital Library

[ਸ੍ਰੀ ਰਘੂ ਨਾਥ ਸਹਾਏ ਪੁਰੀ]
ਕਿੰਨੀ ਰਕਮ ਖਰਚ ਕੀਤੀ ਗਈ ਅਤੇ ਵਿੱਤੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚ ਕੀਤੇ ਜਾਣ ਦੀ ਤਜਵੀਜ਼ ਹੈ?

**ਚੌਧਰੀ ਜਗਜੀਤ ਸਿੰਘ** : ਨਹੀਂ ਜੀ। ਜ਼ਿਲ੍ਹਾ ਗੁਰਦਾਸਪੁਰ ਵਿੱਚ ਸਾਲ 1993-94 ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੋਈ ਰਕਮ ਖਰਚ ਨਹੀਂ ਕੀਤੀ ਗਈ। ਇਸ ਮੰਤਵ ਲਈ 1994-95 ਵਿੱਚ ਬਜਟ ਦੇਣ ਬਾਰੇ ਕੋਈ ਅੰਤਿਮ ਫੈਸਲਾ ਨਹੀਂ ਕੀਤਾ ਗਿਆ। ਪ੍ਰੰਤੂ ਧਰਮਸ਼ਾਲਾਵਾਂ ਦੀ ਮੁਰੰਮਤ ਲਈ ਫੰਡ ਦੇਣ ਬਾਰੇ ਤਜਵੀਜ਼ ਬਾਰੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

**ਜ਼ਿਲ੍ਹਾ ਗੁਰਦਾਸਪੁਰ ਵਿਚ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰਨਾ**

*1667. (ਸੀ.ਯੂ.) (1) ਸ੍ਰੀ ਰਘੂ ਨਾਥ ਸਹਾਏ ਪੁਰੀ
(2) ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ
(3) ਸ੍ਰੀ ਕ੍ਰਿਸ਼ਨ ਕੁਮਾਰ ਕੌਸ਼ਲ
(4) ਸ੍ਰੀ ਕਿਸ਼ਨ ਚੰਦ :

ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ, 1993-94 ਦੌਰਾਨ ਜ਼ਿਲ੍ਹਾ ਗੁਰਦਾਸਪੁਰ ਦੇ ਦਿਹਾਤੀ ਇਲਾਕਿਆਂ ਵਿਚ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਵਿੱਤੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚ ਕੀਤੇ ਜਾਣ ਦਾ ਪ੍ਰਸਤਾਵ ਹੈ?

ਮਾਸਟਰ ਜਾਗੀਰ ਸਿੰਘ: ਜ਼ਿਲ੍ਹਾ ਗੁਰਦਾਸਪੁਰ ਵਿਖੇ ਗਲੀਆਂ ਪੱਕੀਆਂ ਕਰਨ ਅਤੇ ਨਾਲੀਆਂ ਬਣਾਉਣ ਤੇ ਮਿਤੀ 31 ਜਨਵਰੀ, 1994 ਤੱਕ 492.29 ਲੱਖ ਰੁਪਏ ਖਰਚ ਕੀਤੇ ਗਏ ਹਨ। ਸਾਲ 1994-95 ਦੇ ਵਿੱਤੀ ਸਾਲ ਲਈ ਇਸ ਸਕੀਮ ਤਹਿਤ ਰਾਜ ਦੇ ਪਲਾਨ ਵਿਚੋਂ 4000.00 ਲੱਖ ਰੁਪਏ ਤਜਵੀਜ਼ ਕੀਤੇ ਗਏ ਹਨ। ਬਜਟ ਪ੍ਰਵਾਨ ਹੋਣ ਉਪਰੰਤ ਪਲਾਨਿੰਗ ਵਿਭਾਗ ਵਲੋਂ ਜ਼ਿਲ੍ਹਾਵਾਰ ਵੰਡ ਕੀਤੀ ਜਾਵੇਗੀ। ਇਸਤੋਂ ਇਲਾਵਾ ਸਾਲ 1994-95 ਵਿੱਚ ਰੂਰਲ ਡਿਵੈਲਪਮੈਂਟ ਬੋਰਡ ਵਲੋਂ ਵੀ ਫੰਡ ਉਪਲੱਬਧ ਕੀਤੇ ਜਾਣਗੇ।

**ਜ਼ਿਲ੍ਹਾ ਗੁਰਦਾਸਪੁਰ ਵਿਚ ਦਿਹਾਤੀ ਜਲ ਸਪਲਾਈ ਸਕੀਮ**

*1668. (ਸੀ.ਯੂ.) (1) ਸ੍ਰੀ ਰਘੂ ਨਾਥ ਸਹਾਏ ਪੁਰੀ
(2) ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ
(3) ਸ੍ਰੀ ਕ੍ਰਿਸ਼ਨ ਕੁਮਾਰ ਕੌਸ਼ਲ
(4) ਸ੍ਰੀ ਕਿਸ਼ਨ ਚੰਦ :

ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਉਨ੍ਹਾਂ ਪਿੰਡਾਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਵਿਚ ਹੁਣ ਤੱਕ ਦਿਹਾਤੀ ਜਲ ਸਪਲਾਈ ਸਕੀਮ ਲਾਗੂ

Original with;
Punjab Vidhan Sabha
Digitized by;
Panjab Digital Library

ਨਹੀਂ ਕੀਤੀ ਗਈ ਅਤੇ ਉਕਤ ਪਿੰਡਾਂ ਵਿਚ ਉਕਤ ਸਕੀਮ ਨੂੰ ਕਦੋਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਸੁਰਿੰਦਰ ਕਪੂਰ** : ਜ਼ਿਲ੍ਹਾ ਗੁਰਦਾਸਪੁਰ ਵਿੱਚ 1170 ਪਿੰਡ ਅਜਿਹੇ ਹਨ, ਜਿਥੇ ਪੇਂਡੂ ਜਲ ਸਪਲਾਈ ਸਕੀਮਾਂ ਲਾਗੂ ਨਹੀਂ ਕੀਤੀਆਂ ਗਈਆਂ, ਇਹਨਾਂ ਵਿਚੋਂ ਸਿਰਫ 31 ਪਿੰਡ ਜੋ ਕਿ 1980 ਅਤੇ 1985 ਵਿੱਚ ਕੀਤੇ ਸਰਵੇ ਵਿੱਚ ਪਾਣੀ ਦੀ ਸਮੱਸਿਆ ਵਾਲੇ ਪਿੰਡ ਪਾਏ ਗਏ ਹਨ, ਵਿੱਚ ਪੇਂਡੂ ਜਲ ਸਪਲਾਈ ਸਕੀਮ ਅਧੀਨ 31 ਮਾਰਚ, 1995 ਤੱਕ ਸਾਫ ਪੀਣ ਲਈ ਪਾਣੀ ਮੁਹੱਈਆ ਕੀਤਾ ਜਾਵੇਗਾ ਬਸ਼ਰਤੇ ਕਿ ਇਸ ਕੰਮ ਲਈ ਸਾਲ 1994-95 ਵਿੱਚ ਲੋੜੀਂਦੇ ਫੰਡਜ਼ ਉਪਲੱਬਧ ਹੋਣ ।

---

**ਜ਼ਿਲ੍ਹਾ ਗੁਰਦਾਸਪੁਰ ਵਿੱਚ ਆਬਕਾਰੀ ਡਿਊਟੀ ਤੋਂ ਆਮਦਨ**

*1669. (ਸੀ.ਯੂ.) (1) ਸ੍ਰੀ ਰਘੂ ਨਾਥ ਸਹਾਏ ਪੁਰੀ
(2) ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ
(3) ਸ੍ਰੀ ਕ੍ਰਿਸ਼ਨ ਕੁਮਾਰ ਕੌਸ਼ਲ
(4) ਸ੍ਰੀ ਕਿਸ਼ਨ ਚੰਦ } : ਕੀ

ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਵਿੱਤੀ ਸਾਲ (1993-94) ਦੇ ਦੌਰਾਨ ਰਾਜ ਸਰਕਾਰ ਨੂੰ ਆਬਕਾਰੀ ਡਿਊਟੀ ਤੋਂ ਕੁੱਲ ਕਿੰਨੀ ਆਮਦਨ ਹੋਈ ?

**ਸਰਦਾਰ ਸ਼ਮਸ਼ੇਰ ਸਿੰਘ ਦੂਲੋ** : ਜ਼ਿਲ੍ਹਾ ਗੁਰਦਾਸਪੁਰ ਵਿਚ ਚਾਲੂ ਵਿੱਤੀ ਸਾਲ (ਮਿਤੀ 1 ਅਪਰੈਲ, 1993 ਤੋਂ 31 ਜਨਵਰੀ, 1994 ਤੱਕ) ਦੇ ਦੌਰਾਨ ਰਾਜ ਸਰਕਾਰ ਨੂੰ ਆਬਕਾਰੀ ਡਿਊਟੀ ਤੋਂ ਕੁੱਲ 6,14,23,920 ਰੁਪਏ ਆਮਦਨ ਹੋਈ ਹੈ ਜੀ।

---

ਨਿਸ਼ਾਨ ਵਾਲਾ (ਸੀ.ਯੂ.) ਪ੍ਰਸ਼ਨ ਨੰਬਰ 1680*
(ਇਸ ਸਵਾਲ ਦਾ ਜਵਾਬ ਹਾਲੇ ਤਕ ਪ੍ਰਾਪਤ ਨਹੀਂ ਹੋਇਆ)

---

**ਜ਼ਿਲ੍ਹਾ ਕਪੂਰਥਲਾ ਵਿਚ ਹਸਪਤਾਲਾਂ/ਡਿਸਪੈਂਸਰੀਆਂ ਵਿਚ ਡਾਕਟਰਾਂ ਦੀਆਂ ਖਾਲੀ ਆਸਾਮੀਆਂ**

*1681 (ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਜ਼ਿਲ੍ਹਾ ਕਪੂਰਥਲਾ ਵਿਚ ਸਰਕਾਰੀ ਹਸਪਤਾਲਾਂ/ਸਿਵਿਲ ਡਿਸਪੈਂਸਰੀਆਂ ਵਿਚ ਡਾਕਟਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਕਤ ਖਾਲੀ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦੀ ਤਜਵੀਜ਼ ਹੈ?

---

*For S.Q. (C.U.) No. 1680 and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚਰਨ ਸਿੰਘ ਬਰਾੜ :** ਆਸਾਮੀਆਂ ਦੀ ਗਿਣਤੀ 9 ਹੈ।

ਇਹਨਾਂ ਖਾਲੀ ਆਸਾਮੀਆਂ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ ਪਾਸੋਂ ਚੁਣੇ ਉਮੀਦਵਾਰਾਂ ਦੀ ਸਿਫਾਰਸ਼ ਪ੍ਰਾਪਤ ਹੋਣ ਤੇ ਸ਼ੀਘਰ ਹੀ ਭਰਿਆ ਜਾਵੇਗਾ, ਜਿਨ੍ਹਾਂ ਨੂੰ ਮਹੀਨਾ ਸਤੰਬਰ, 1993 ਵਿਚ ਮੰਗ ਪੱਤਰ ਭੇਜਿਆ ਗਿਆ ਸੀ।

---

## ਜ਼ਿਲ੍ਹਾ ਕਪੂਰਥਲਾ ਵਿਚ ਸਰਕਾਰੀ ਸਕੂਲਾਂ ਨੂੰ ਅੱਪਗਰੇਡ ਕਰਨਾ

*1682. **(ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਵਿੱਤੀ ਸਾਲ 1994-95 ਦੇ ਦੌਰਾਨ ਜ਼ਿਲ੍ਹਾ ਕਪੂਰਥਲਾ ਵਿਚ ਕ੍ਰਮਵਾਰ ਕਿਸੇ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲਾਂ ਨੂੰ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਪੱਧਰ ਤੱਕ ਅਪਗਰੇਡ ਕਰਨ ਦੀ ਕੋਈ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦਾ ਵੱਖ-ਵੱਖ ਵੇਰਵਾ ਕੀ ਹੈ?

**ਸਰਦਾਰ ਲਖਮੀਰ ਸਿੰਘ ਰੰਧਾਵਾ :** ਸਾਲ 1994-95 ਦੌਰਾਨ ਸਰਕਾਰ ਵਲੋਂ 120 ਹਾਈ ਤੋਂ ਸੀਨੀਅਰ ਸੈਕੰਡਰੀ, 120 ਮਿਡਲ ਤੋਂ ਹਾਈ ਅਤੇ 300 ਪ੍ਰਾਇਮਰੀ ਸਕੂਲਾਂ ਤੋਂ ਮਿਡਲ ਸਕੂਲਾਂ ਦਾ ਪੱਧਰ ਉਚਾ ਕਰਨ ਦੀ ਤਜਵੀਜ਼ ਹੈ। ਇਹਨਾਂ ਸਕੂਲਾਂ ਦੀ ਜ਼ਿਲ੍ਹਾਵਾਰ ਵੰਡ ਬਾਰੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ।

---

## ਜ਼ਿਲ੍ਹਾ ਕਪੂਰਥਲਾ ਵਿੱਚ ਨਵੀਆਂ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹਣਾ

*1684. **(ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਕਪੂਰਥਲਾ ਵਿੱਚ ਇਸ ਸਮੇਂ ਕੁੱਲ ਕਿੰਨੀਆਂ ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ ਹਨ ;

(ਅ) ਕੀ ਸਰਕਾਰ ਨੇੜੇ ਭਵਿੱਖ ਵਿੱਚ ਉਕਤ ਜ਼ਿਲ੍ਹੇ ਵਿੱਚ ਕੋਈ ਨਵੀਆਂ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

**ਸਰਦਾਰ ਹਰਚਰਨ ਸਿੰਘ ਬਰਾੜ :** (ੳ) ਇਸ ਸਮੇਂ 25 ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ ਹਨ।

Original with;
Punjab Vidhan Sabha
Digitized by;
Panjab Digital Library

(ਅ) ਹਾਂ ਜੀ। ਸਾਲ 1993-94 ਦੌਰਾਨ ਇਸ ਜ਼ਿਲ੍ਹੇ ਵਿੱਚ ਅਕਬਰਪੁਰਾ ਬਲਾਕ ਨਡਾਲਾ ਵਿੱਚ ਇੱਕ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਖੋਲ੍ਹਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

---

## ਜ਼ਿਲ੍ਹਾ ਕਪੂਰਥਲਾ ਵਿਚ ਸਕੂਲਾਂ ਵਿਚ ਪੇਸ਼ਾਵਰਾਨਾ ਸਿਖਿਆ

***1685. (ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਕਪੂਰਥਲਾ ਵਿਚ ਉਨ੍ਹਾਂ ਸਕੂਲਾਂ ਦੀ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਵਿਚ ਪੇਸ਼ਾਵਰਾਨਾ ਸਿਖਿਆ ਚਾਲੂ ਕੀਤੀ ਗਈ ਹੈ ;

(ਅ) ਕੀ ਸਰਕਾਰ ਨੇੜੇ ਭਵਿੱਖ ਵਿਚ ਉਕਤ ਜ਼ਿਲ੍ਹੇ ਦੇ ਹੋਰ ਸਕੂਲਾਂ ਵਿਚ ਪੇਸ਼ਾਵਰਾਨਾ ਸਿਖਿਆ ਚਾਲੂ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

**ਸਰਦਾਰ ਲਖਮੀਰ ਸਿੰਘ ਰੰਧਾਵਾ**: (ੳ) ਜ਼ਿਲ੍ਹਾ ਕਪੂਰਥਲਾ ਵਿਚ ਅਜਿਹੇ ਸਕੂਲਾਂ ਦੀ ਗਿਣਤੀ 9 ਹੈ।

(ਅ) ਨਿਕਟ ਭਵਿੱਖ ਵਿੱਚ ਇਸ ਜ਼ਿਲ੍ਹੇ ਦੇ 7 ਹੋਰ ਸਕੂਲਾਂ ਵਿੱਚ ਪੇਸ਼ਾਵਰਾਨਾ ਸਿੱਖਿਆ ਲਾਗੂ ਕਰਨ ਦੀ ਤਜਵੀਜ਼ ਹੈ। ਕੋਰਸਾਂ ਦਾ ਵੇਰਵਾ ਅਨੁਲੱਗ (ੳ) ਤੇ ਹੈ।

### ਅਨੁਲੱਗ 'ੳ'

ਨਿਕਟ ਭਵਿੱਖ ਵਿੱਚ ਜ਼ਿਲ੍ਹਾ ਕਪੂਰਥਲਾ ਦੇ ਹੇਠਾਂ ਲਿਖਿਆਂ ਸਕੂਲਾਂ ਵਿੱਚ ਇਹ ਸਕੀਮ ਸ਼ੁਰੂ ਕਰਨ ਦੀ ਤਜਵੀਜ਼ ਹੈ ਅਤੇ ਉਹਨਾਂ ਦੇ ਕੋਰਸਿਜ਼ ਹੇਠ ਲਿਖੇ ਅਨੁਸਾਰ ਹਨ :—

| ਸਕੂਲਾਂ ਦਾ ਨਾਂ | ਉਪਲਭਧ ਵੋਕੇਸ਼ਨਲ ਕੋਰਸਿਜ਼ |
|---|---|
| 1. ਸ:ਸ:ਸ:ਸ:(ਗ) ਸੁਲਤਾਨਪੁਰ ਲੋਧੀ | 1. ਕਮਰਸ਼ੀਅਲ ਗਾਰਮੈਂਟ ਮੇਕਿੰਗ<br>2. ਸਕੱਤਰੇਤ ਪਰੈਕਟਿਸ<br>3. ਟੈਕਸਟਾਈਲ ਡਿਜ਼ਾਇਨਿੰਗ ਤੇ ਪ੍ਰਿੰਟਿੰਗ |
| 2. ਸ:ਸ:ਸ:ਸ: ਰਮਿਦੀ | 1. ਐਗਰੋ ਸਰਵਿਸਜ਼<br>2. ਇਲੈਕਟਰੀਕਲ ਗੈਜਿਡਸ ਦੀ ਮੁਰੰਮਤ ਤੇ ਸੰਭਾਲ |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

| ਸਕੂਲ ਦਾ ਨਾਂ | ਉਪਲਭਧ ਵੋਕੇਸ਼ਨਲ ਕੋਰਸਿਜ਼ |
|---|---|
| | 3. ਫਰਨੀਚਰ ਮੇਕਿੰਗ ਅਤੇ ਡਿਜ਼ਾਇਨਿੰਗ |
| 3. ਸ:ਸ:ਸ:ਸ:ਖੇੜਾ ਦੋਨਾ | 1. ਮਕੈਨੀਕਲ ਇੰਜੀਨੀਅਰਿੰਗ ਟੈਕਨੋਲੋਜੀ<br>2. ਆਟੋ ਇੰਜੀਨੀਅਰਿੰਗ ਟੈਕਨੋਲੋਜੀ<br>3. ਕਮਰਸ਼ੀਅਲ ਗਾਰਮੈਂਟ ਮੇਕਿੰਗ |
| 4. ਸ:ਸ:ਸ:ਸ: ਰਾਮਪੁਰ ਜਾਗੀਰ | 1. ਕਮਰਸ਼ੀਅਲ ਗਾਰਮੈਂਟ ਮੇਕਿੰਗ<br>2. ਸਕੱਤਰੇਤ ਪ੍ਰੈਕਟਿਸ<br>3. ਟੈਕਸਟਾਈਲ ਡਿਜ਼ਾਇਨਿੰਗ ਅਤੇ ਪ੍ਰਿੰਟਿੰਗ |
| 5. ਸ:ਸ:ਸ:ਸ: ਬਲੋਹਰ ਖਾਨਪੁਰ | 1. ਮਕੈਨੀਕਲ ਇੰਜੀਨੀਅਰਿੰਗ ਟੈਕਨੋਲੋਜੀ<br>2. ਕਮਰਸ਼ੀਅਲ ਗਾਰਮੈਂਟ ਮੇਕਿੰਗ<br>3. ਹਾਰਟੀਕਲਚਰ |
| 6 ਸ:ਸ:ਸ:ਸ:ਬ: ਹੁਸੈਨਪੁਰ | 1. ਇਲੈਕਟਰੀਕਲ ਗੈਜਿਡਸ ਦੀ ਮੁਰੰਮਤ ਤੇ ਸੰਭਾਲ<br>2. ਆਟੋ ਇੰਜੀਨੀਅਰਿੰਗ ਟੈਕਨੋਲੋਜੀ<br>3. ਮਕੈਨੀਕਲ ਇੰਜੀਨੀਅਰਿੰਗ ਟੈਕਨੋਲੋਜੀ |
| 7. ਸ:ਸ:ਸ:ਸ: ਰਾਣੀਪੁਰ | 1. ਗਾਰਮੈਂਟ ਮੇਕਿੰਗ<br>2. ਇਲੈਕਟਰੀਕਲ ਗੈਜਿਡਸ ਦੀ ਮੁਰੰਮਤ ਤੇ ਸੰਭਾਲ<br>3. ਟੈਕਸਟਾਇਲ ਕਰਾਫਟ (ਵੀਵਿੰਗ) |

## ਜ਼ਿਲ੍ਹਾ ਕਪੂਰਥਲਾ ਵਿਚ ਹੋਮਿਓਪੈਥਿਕ ਡਿਸਪੈਂਸਰੀਆਂ

*1686. **(ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਕਪੂਰਥਲਾ ਵਿਚ ਇਸ ਸਮੇਂ ਕੁੱਲ ਕਿੰਨੀਆਂ ਹੋਮਿਓਪੈਥਿਕ ਡਿਸਪੈਂਸਰੀਆਂ ਹਨ ;

(ਅ) ਕੀ ਸਰਕਾਰ ਨੇੜੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਹੋਮਿਓ-ਪੈਥਿਕ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਬਰਾੜ : (ੳ) 7

(ਅ) ਨਹੀਂ ਜੀ।

## ਜ਼ਿਲ੍ਹਾ ਕਪੂਰਥਲਾ ਵਿਚ ਲਿੰਕ ਸੜਕਾਂ ਦੀ ਮੁਰੰਮਤ

*1687. (ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਮਾਲੀ ਸਾਲ, 1993-94 ਦੇ ਦੌਰਾਨ ਜ਼ਿਲ੍ਹਾ ਕਪੂਰਥਲਾ ਵਿਚ ਲਿੰਕ ਸੜਕਾਂ ਦੀ ਮੁਰੰਮਤ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ;

(ਅ) ਮਾਲੀ ਸਾਲ, 1994-95 ਦੇ ਦੌਰਾਨ ਉਕਤ ਜ਼ਿਲ੍ਹੇ ਵਿਚ ਲਿੰਕ ਸੜਕਾਂ ਦੀ ਮੁਰੰਮਤ ਤੇ ਕਿੰਨੀ ਰਕਮ ਖਰਚੇ ਜਾਣ ਦਾ ਪ੍ਰਸਤਾਵ ਹੈ ?

ਸਰਦਾਰ ਬੇਅੰਤ ਸਿੰਘ : (ੳ) 140.02 ਲੱਖ ਰੁਪਏ (1 ਅਪ੍ਰੈਲ, 1993 ਤੋਂ 31 ਮਾਰਚ, 1994 ਤੱਕ) ।

(ਅ) 296.36 ਲੱਖ ਰੁਪਏ ਦੀ ਤਜਵੀਜ਼ ਹੈ, ਬਸ਼ਰਤੇ ਕਿ ਫੰਡ ਉਪਲਬਧ ਹੋਣ।

## ਜ਼ਿਲ੍ਹਾ ਕਪੂਰਥਲਾ ਵਿਚ ਪਸ਼ੂ-ਚਿਕਿਤਸਾ ਡਿਸਪੈਂਸਰੀਆਂ

*1688. (ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ : ਕੀ ਪਸ਼ੂ-ਪਾਲਣ ਅਤੇ ਮੱਛੀ-ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲ੍ਹਾ ਕਪੂਰਥਲਾ ਵਿਚ ਇਸ ਸਮੇਂ ਕੁੱਲ ਕਿੰਨੀਆਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਹਨ ;

(ਅ) ਕੀ ਸਰਕਾਰ ਨੇੜੇ ਭਵਿੱਖ ਵਿੱਚ ਉਕਤ ਜ਼ਿਲ੍ਹੇ ਵਿਚ ਅਜਿਹੀਆਂ ਕੋਈ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਹਰਬੰਸ ਸਿੰਘ ਸਿੱਧੂ : (ੳ) ਇਸ ਵੇਲੇ ਜ਼ਿਲ੍ਹਾ ਕਪੂਰਥਲਾ ਵਿੱਚ ਪਸ਼ੂ ਡਿਸਪੈਂਸਰੀਆਂ ਦੀ ਕੁੱਲ ਗਿਣਤੀ 30 ਹੈ।

(ਅ) ਹਾਂ ਜੀ, ਚਾਲੂ ਮਾਲੀ ਸਾਲ 1993-94 ਦੌਰਾਨ ਜ਼ਿਲ੍ਹਾ ਕਪੂਰਥਲਾ ਵਿੱਚ ਪਿੰਡ ਭੋਗਪੁਰ ਵਿਖੇ ਇੱਕ ਪਸ਼ੂ ਡਿਸਪੈਂਸਰੀ ਮਨਜ਼ੂਰ ਕੀਤੀ ਗਈ ਹੈ। ਹੋਰ ਨਵੀਆਂ ਡਿਸਪੈਂਸਰੀਆਂ ਦਾ ਖੋਲ੍ਹਣਾ ਇਨ੍ਹਾਂ ਦੀ ਮੰਗ ਅਤੇ ਉਚਿਤਤਾ ਤੇ ਨਿਰਭਰ ਕਰੇਗਾ।

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਕਪੂਰਥਲਾ ਵਿਚ ਵੈਟਰਨਰੀ ਡਾਕਟਰਾਂ ਦੀਆਂ ਖਾਲੀ ਆਸਾਮੀਆਂ

*1689. (ਸੀ.ਯੂ.). ਸਰਦਾਰ ਜਗਤਾਰ ਸਿੰਘ ਮੁਲਤਾਨੀ: ਕੀ ਪਸ਼ੂ-ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਕਪੂਰਥਲਾ ਵਿਚ ਇਸ ਸਮੇਂ ਵੈਟਰਨਰੀ ਡਾਕਟਰਾਂ ਦੀਆਂ ਕੁੱਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਉਕਤ ਖਾਲੀ ਆਸਾਮੀਆਂ ਨੂੰ ਭਰਨ ਲਈ ਸਰਕਾਰ ਦਆਰਾ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦਾ ਪ੍ਰਸਤਾਵ ਹੈ ?

ਸਰਦਾਰ ਹਰਬੰਸ ਸਿੰਘ ਸਿੱਧੂ: ਇਸ ਵੇਲੇ ਜ਼ਿਲ੍ਹਾ ਕਪੂਰਥਲਾ ਵਿਚ ਵੈਟਨਰੀ ਡਾਕਟਰਾਂ ਦੀਆਂ 8 ਆਸਾਮੀਆਂ ਖਾਲੀ ਪਈਆਂ ਹਨ। ਇਹਨਾਂ ਆਸਾਮੀਆਂ ਨੂੰ ਐਡਹਾਕ ਤੇ ਅਤੇ ਪਬਲਿੱਕ ਸਰਵਿਸ ਕਮਿਸ਼ਨ ਦੁਆਰਾ ਛੇਤੀ ਭਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

---

## ਜ਼ਿਲ੍ਹਾ ਕਪੂਰਥਲਾ ਵਿਚ ਆਈ.ਟੀ.ਆਈਜ਼

*1690. (ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲ੍ਹਾ ਕਪੂਰਥਲਾ ਵਿਚ ਇਸ ਸਮੇਂ ਕੁੱਲ ਕਿੰਨੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਹਨ ;

(ਅ) ਕੀ ਸਰਕਾਰ ਨੇੜੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਆਈ. ਟੀ. ਆਈਜ਼ ਖੋਲਣ ਦਾ ਵਿਚਾਰ ਰਖਦੀ ਹੈ। ਜੇਕਰ ਅਜਿਹਾ ਹੋਵੇ, ਤਾਂ ਉਨਾਂ ਦਾ ਵੇਰਵਾ ਕੀ ਹੈ ?

ਸਰਦਾਰਨੀ ਰਾਜਿੰਦਰ ਕੌਰ ਭੱਠਲ: (ੳ) ਸੱਤ।

(ਅ) ਤਜ਼ਵੀਜ਼ਾਂ ਵਿਚਾਰ ਅਧੀਨ ਹਨ ਅਤੇ ਤਕੀਨੀਕੀ ਆਰਥਿਕ ਸਹੂਲਤਾਂ ਦੀ ਸੰਭਵਤਾ ਅਤੇ ਫੰਡਜ਼ ਦੀ ਉਲਬਧਤਾ ਨੂੰ ਧਿਆਨ ਵਿੱਚ ਰਖਦੇ ਹੋਏ ਵਿਚਾਰ ਲਿਆ ਜਾਵੇਗਾ।

---

## ਜ਼ਿਲ੍ਹਾ ਕਪੂਰਥਲਾ ਵਿਚ ਸਸਤੇ ਭਾਅ ਦੀਆਂ ਦੁਕਾਨਾਂ

*1691.(ਸੀ.ਯੂ.). ਸਰਦਾਰ ਜਗਤਾਰ ਸਿੰਘ ਮੁਲਤਾਨੀ: ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲਾ ਕਪੂਰਥਲਾ ਵਿਚ ਇਸ ਸਮੇਂ ਸਸਤੇ ਭਾਅ ਦੀਆਂ ਦੁਕਾਨਾਂ ਦੀ ਕੁੱਲ ਗਿਣਤੀ ਕਿੰਨੀ ਹੈ ;

Original with;
Punjab Vidhan Sabha
Digitized by;
Panjab Digital Library

(ਅ) ਕੀ ਸਰਕਾਰ ਨੇੜੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਸਸਤੇ ਭਾਅ ਦੀਆਂ ਕੋਈ ਨਵੀਆਂ ਦੁਕਾਨਾਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ;

ਸਰਦਾਰ ਲਾਲ ਸਿੰਘ : (ੳ) 310.

(ਅ) ਨਿੱਕਟ ਭਵਿੱਖ ਵਿੱਚ ਇਸ ਜ਼ਿਲ੍ਹੇ ਵਿੱਚ ਹੇਠ ਲਿਖੇ ਅਨੁਸਾਰ ਸਸਤੇ ਭਾਅ ਦੀਆਂ ਨਵੀਆਂ ਦੁਕਾਨਾਂ ਖੋਲ੍ਹਣ ਦਾ ਵਿਚਾਰ ਹੈ :—

| ਲੜੀ ਨੰ: | ਸ਼ਹਿਰ ਦਾ ਨਾਂ | ਨਵੀਆਂ ਸਸਤੇ ਭਾਅ ਦੀਆਂ ਦੁਕਾਨਾਂ ਖੋਲ੍ਹਣ ਦੀ ਤਜਵੀਜ਼ |
|---|---|---|
| 1 | ਕਪੂਰਥਲਾ | 5 |
| 2 | ਫਗਵਾੜਾ | 7 |
| | ਕੁੱਲ | 12 |

## ਜ਼ਿਲ੍ਹਾ ਕਪੂਰਥਲਾ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ

*1692. (ਸੀ.ਯੂ. ). ਸਰਦਾਰ ਜਗਤਾਰ ਸਿੰਘ ਮੁਲਤਾਨੀ : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਮਾਲੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਕਪੂਰਥਲਾ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਕਰਨ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਮਾਲੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਦੇ ਖਰਚ ਕੀਤੇ ਜਾਣ ਦਾ ਪ੍ਰਸਤਾਵ ਹੈ ?

ਚੌਧਰੀ ਜਗਜੀਤ ਸਿੰਘ : ਸ੍ਰੀ ਮਾਨ ਜੀ, ਸਾਲ 1993-94 ਵਿੱਚ ਜ਼ਿਲ੍ਹਾ ਕਪੂਰਥਲਾ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀਆਂ ਮੁਰੰਮਤ ਤੇ ਕੋਈ ਰਕਮ ਖਰਚ ਨਹੀਂ ਕੀਤੀ ਗਈ। ਇਸ ਮੰਤਵ ਲਈ ਸਾਲ 1994-95 ਵਿੱਚ ਬਜਟ ਦੇਣ ਬਾਰੇ ਕੋਈ ਅੰਤਮ ਫੈਸਲਾ ਨਹੀਂ ਕੀਤਾ ਗਿਆ ਪ੍ਰੰਤੂ ਧਰਮਸ਼ਾਲਾਵਾਂ ਦੀ ਮੁਰੰਮਤ ਲਈ ਫੰਡ ਦੇਣ ਬਾਰੇ ਤਜਵੀਜ਼ ਬਾਰੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

## ਜ਼ਿਲ੍ਹਾ ਕਪੂਰਥਲਾ ਵਿਚ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰਨਾ

*1693. (ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ : ਕੀ ਦਿਹਾਤੀ ਵਿਕਾਸ ਅਤੇ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਲੀ ਸਾਲ 1993-94 ਦੇ ਦੌਰਾਨ

Original with;
Punjab Vidhan Sabha
Digitized by;
Panjab Digital Library

[ਜਗਤਾਰ ਸਿੰਘ ਮੁਲਤਾਨੀ]

ਜ਼ਿਲ੍ਹਾ ਕਪੂਰਥਲਾ ਵਿਚ ਦਿਹਾਤੀ ਇਲਾਕਿਆਂ ਵਿਚ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰਨ ਲਈ ਕੁਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਮਾਲੀ ਸਾਲ 1994-95 ਵਾਸਤੇ ਇਸ ਮੰਤਵ ਲਈ ਕਿੰਨੀ ਰਕਮ ਰੱਖਣ ਦੀ ਤਜਵੀਜ਼ ਹੈ ?

ਮਾਸਟਰ ਜਾਗੀਰ ਸਿੰਘ : ਜ਼ਿਲ੍ਹਾ ਕਪੂਰਥਲਾ ਵਿਖੇ ਗਲੀਆਂ ਪੱਕੀਆਂ ਕਰਨ ਅਤੇ ਨਾਲੀਆਂ ਬਣਾਉਣ ਤੇ ਮਿਤੀ 31 ਜਨਵਰੀ, 1994 ਤੱਕ 196.08 ਲੱਖ ਰੁਪਏ ਖਰਚ ਕੀਤੇ ਗਏ ਹਨ। ਸਾਲ 1994-95 ਦੇ ਵਿੱਤੀ ਸਾਲ ਲਈ ਇਸ ਸਕੀਮ ਤਹਿਤ ਰਾਜ ਦੇ ਪਲਾਨ ਵਿੱਚੋਂ 4000.00 ਲੱਖ ਰੁਪਏ ਤਜਵੀਜ਼ ਕੀਤੇ ਗਏ ਹਨ। ਬਜਟ ਪ੍ਰਵਾਨ ਹੋਣ ਉਪਰਤ ਪਲੈਨਿੰਗ ਵਿਭਾਗ ਵਲੋਂ ਜ਼ਿਲ੍ਹਾਵਾਰ ਵੰਡ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਾਲ 1994-95 ਵਿੱਚ ਰੂਰਲ ਡਿਵੈਲਪਮੈਂਟ ਬੋਰਡ ਵਲੋਂ ਵੀ ਫੰਡ ਉਪਲਬੱਧ ਕੀਤੇ ਜਾਣਗੇ।

---

## ਜ਼ਿਲ੍ਹਾ ਕਪੂਰਥਲਾ ਵਿਚ ਦਿਹਾਤੀ ਜਲ ਸਪਲਾਈ ਸਕੀਮ

*1694. (ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ : ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਕਪੂਰਥਲਾ ਵਿਚ ਅਜਿਹੇ ਪਿੰਡਾਂ ਦੀ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਵਿਚ ਅਜੇ ਤੱਕ ਦਿਹਾਤੀ ਜਲ ਸਪਲਾਈ ਸਕੀਮ ਲਾਗੂ ਨਹੀਂ ਕੀਤੀ ਗਈ ਹੈ ਅਤੇ ਉਕਤ ਪਿੰਡਾਂ ਵਿਚ ਇਸ ਸਕੀਮ ਦੇ ਕਦੋਂ ਤੱਕ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ?

ਸ਼੍ਰੀ ਸੁਰਿੰਦਰ ਕਪੂਰ : ਜ਼ਿਲ੍ਹਾ ਕਪੂਰਥਲਾ ਵਿੱਚ 561 ਪਿੰਡ ਅਜਿਹੇ ਹਨ ਜਿਥੇ ਪੇਂਡੂ ਜਲ ਸਪਲਾਈ ਸਕੀਮਾਂ ਲਾਗੂ ਨਹੀਂ ਕੀਤੀਆਂ ਗਈਆਂ, ਇਹਨਾਂ ਵਿਚੋਂ ਸਿਰਫ 31 ਪਿੰਡ ਜੋ ਕਿ 1980 ਅਤੇ 1985 ਵਿੱਚ ਕੀਤੇ ਸਰਵੇ ਵਿੱਚ ਪਾਣੀ ਦੀ ਸਮੱਸਿਆ ਵਾਲੇ ਪਿੰਡ ਪਾਏ ਗਏ ਹਨ, ਵਿੱਚ ਪੇਂਡੂ ਜਲ ਸਪਲਾਈ ਸਕੀਮ ਅਧੀਨ 31 ਮਾਰਚ, 1995 ਤੱਕ ਸਾਫ ਪੀਣ ਲਈ ਪਾਣੀ ਮੁਹੱਈਆ ਕੀਤਾ ਜਾਵੇਗਾ ਬਸ਼ਰਤੇ ਕਿ ਇਸ ਕੰਮ ਲਈ ਸਾਲ 1994-95 ਵਿੱਚ ਲੋੜੀਂਦੇ ਫੰਡਜ਼ ਉਪਲਬਧ ਹੋਣ।

---

## ਜ਼ਿਲ੍ਹਾ ਕਪੂਰਥਲਾ ਵਿੱਚ ਆਬਕਾਰੀ ਡਿਊਟੀ ਤੋਂ ਆਮਦਨ

*1695. (ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਕਪੂਰਥਲਾ ਵਿਚ ਰਾਜ ਸਰਕਾਰ ਨੂੰ ਆਬਕਾਰੀ ਡਿਊਟੀ ਤੋਂ ਕੁੱਲ ਕਿੰਨੀ ਆਮਦਨ ਹੋਈ?

ਸਰਦਾਰ ਸ਼ਮਸ਼ੇਰ ਸਿੰਘ ਦੂਲੋਂ: ਜ਼ਿਲ੍ਹਾ ਕਪੂਰਥਲਾ ਵਿਚ ਮਾਲੀ ਸਾਲ 1993-94 (ਮਿਤੀ 1 ਅਪਰੈਲ, 1993 ਤੋਂ 31 ਜਨਵਰੀ, 1994) ਤੱਕ ਦੇ ਦੌਰਾਨ ਰਾਜ ਸਰਕਾਰ ਨੂੰ ਆਬਕਾਰੀ ਡਿਊਟੀ ਤੋਂ ਕੁੱਲ 77,46,186 ਰੁਪਏ ਆਮਦਨ ਹੋਈ ਹੈ ਜੀ।

---

Original with;
Punjab Vidhan Sabha
Digitized by;
Panjab Digital Library

## ਜੇ.ਬੀ.ਟੀ. ਅਤੇ ਡਾਇਟ ਕਾਲਜ ਨੂੰ ਬਦਲਣਾ

*1697. (ਸੀ.ਯੂ.) ਸ੍ਰੀ ਰਮੇਸ਼ ਦੱਤ ਸ਼ਰਮਾ: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਾ ਜੇ.ਬੀ.ਟੀ. ਅਤੇ ਡਾਇਟ ਕਾਲਜ ਨੰਗਲ ਨੂੰ ਕਿਸੇ ਹੋਰ ਥਾਂ ਬਦਲਣ ਦਾ ਪ੍ਰਸਤਾਵ ਹੈ: ਜੇਕਰ ਹੈ, ਤਾਂ ਇਸਦੇ ਕਾਰਣ ਕੀ ਹਨ ?

ਸਰਦਾਰ ਲਖਮੀਰ ਸਿੰਘ ਰੰਧਾਵਾ : ਹਾਂ ਜੀ, ਰਾਸ਼ਟਰੀ ਸਿੱਖਿਆ ਨੀਤੀ-1986 ਅਧੀਨ ਰਾਜ ਦੀਆਂ ਸਾਰੀਆਂ ਜੇ.ਬੀ.ਟੀ. ਸੰਸਥਾਵਾਂ ਦਾ ਪੱਧਰ ਉਚਾ ਕਰਕੇ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਬਣਾਈਆਂ ਗਈਆ ਹਨ ਤਾਂ ਜੋ ਪ੍ਰਾਇਮਰੀ ਸਕੂਲ ਦੇ ਅਧਿਆਪਕਾਂ ਦੀ ਪ੍ਰੀ-ਸਰਵਿਸ ਅਤੇ ਇੰਨਸਰਵਿਸ ਟ੍ਰੇਨਿੰਗ ਵਾਸਤੇ ਵੱਡਾ ਦਾਇਰਾ ਹੋ ਸਕੇ। ਇਸ ਮੰਤਵ ਲਈ ਘੱਟੋ-ਘੱਟ 10 ਏਕੜ ਜ਼ਮੀਨ ਜ਼ਿਲ੍ਹਾ ਹੈਡ-ਕੁਆਟਰ ਦੇ ਨਜ਼ਦੀਕ ਤਰਜੀਹ ਦਿੰਦੇ ਹੋਏ ਲੋੜੀਂਦੀ ਹੈ। ਇਸ ਦੇ ਸਨਮੁੱਖ ਮੌਜੂਦਾ ਜੇ.ਬੀ.ਟੀ. ਸਕੂਲ/ਡਾਇਟ ਸੰਸਥਾ, ਨੰਗਲ ਦੀ ਇਮਾਰਤ ਕਿਰਾਏ ਤੇ ਹੈ ਅਤੇ ਇਸ ਦਾ ਖੇਤਰ ਘੱਟ ਹੈ। ਇਸ ਕਰਕੇ ਸਥਾਪਿਤ ਸਟੇਟ ਲੈਵਲ ਇੰਪਾਵਰਡ ਕਮੇਟੀ ਦੀਆਂ ਸਿਫਾਰਿਸ਼ਾਂ ਅਨੁਸਾਰ ਡਾਇਟ ਨੰਗਲ ਨੂੰ ਖੇੜੀ ਸਲਾਬਤਪੁਰ ਤਬਦੀਲ ਕਰਨ ਦਾ ਮਾਮਲਾ ਸਰਕਾਰ ਦੇ ਵਿਚਾਰ-ਅਧੀਨ ਹੈ। ਗਰਾਮ ਪੰਚਾਇਤ ਖੇੜੀ ਸਲਾਬਤਪੁਰ ਨੇ ਸਿੱਖਿਆ ਵਿਭਾਗ ਨੂੰ 10 ਏਕੜ ਜ਼ਮੀਨ ਮੁਫ਼ਤ ਤੋਹਫੇ ਵਜੋਂ ਇਸ ਮੰਤਵ ਲਈ ਦੇਣ ਦਾ ਇਕਰਾਰ ਕੀਤਾ ਹੋਇਆ ਹੈ।

---

## ਜ਼ਿਲ੍ਹਾ ਅੰਮ੍ਰਿਤਸਰ ਵਿੱਚ ਆਬਕਾਰੀ ਡਿਊਟੀ ਤੋਂ ਆਮਦਨ

*1710. (ਸੀ.ਯੂ.) ਸ੍ਰੀ ਫਕੀਰ ਚੰਦ ਸ਼ਰਮਾ: ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਮਾਲੀ ਸਾਲ 1993-94 ਦੇ ਦੌਰਾਨ ਰਾਜ ਸਰਕਾਰ ਨੂੰ ਆਬਕਾਰੀ ਡਿਊਟੀ ਤੋਂ ਕੁੱਲ ਕਿੰਨੀ ਆਮਦਨ ਹੋਈ ?

ਸਰਦਾਰ ਸ਼ਮਸ਼ੇਰ ਸਿੰਘ ਦੂਲੋ : ਅੰਮ੍ਰਿਤਸਰ ਜ਼ਿਲ੍ਹੇ ਵਿਚ ਚਾਲੂ ਮਾਲੀ ਸਾਲ ਦੇ ਦੌਰਾਨ (ਮਿਤੀ 1 ਅਪ੍ਰੈਲ, 1993 ਤੋਂ 31 ਜਨਵਰੀ, 1994 ਤੱਕ) ਰਾਜ ਸਰਕਾਰ ਨੂੰ ਆਬਕਾਰੀ ਡਿਊਟੀ ਤੋਂ ਕੁਲ 6,43,13,566 ਰੁਪਏ ਆਮਦਨ ਹੋਈ ਹੈ ਜੀ ।

---

## ਵੋਟਰਾਂ ਨੂੰ ਸ਼ਨਾਖਤੀ ਕਾਰਡ ਜਾਰੀ ਕਰਨੇ

*1717. (ਸੀ.ਯੂ.) (1) ਸ਼੍ਰੀਮਤੀ ਵਿਮਲਾ ਡਾਂਗ
(2) ਕਾਮਰੇਡ ਹਰਦੇਵ ਅਰਸ਼ੀ } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਨੂੰ ਰਾਜ ਵਿਚ ਸਾਰੇ ਵੋਟਰਾਂ ਨੂੰ ਸ਼ਨਾਖਤੀ ਕਾਰਡ ਜਾਰੀ ਕਰਨ ਸਬੰਧੀ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਵਲੋਂ ਕੋਈ ਹਦਾਇਤਾਂ ਪ੍ਰਾਪਤ ਹੋਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧ ਵਿਚ ਹੁਣ ਤੱਕ ਕੀਤੀ ਗਈ ਕਾਰਵਾਈ ਜੇਕਰ ਕੋਈ ਹੋਵੇ, ਦੇ ਵੇਰਵੇ ਕੀ ਹਨ?

Original with;
Punjab Vidhan Sabha
Digitized by;
Panjab Digital Library

ਸਰਦਾਰ ਬੇਅੰਤ ਸਿੰਘ: ਹਾਂ ਜੀ। ਹਦਾਇਤਾਂ ਲਾਗੂ ਕਰਨ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

---

### ਹਮੀਰਾ ਤੋਂ ਕਪੂਰਥਲਾ ਤੱਕ ਸੜਕ ਚੌੜੀ ਕਰਨਾ

*1718. (ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਮੀਰਾ ਤੋਂ ਕਪੂਰਥਲਾ ਤੱਕ ਸੜਕ ਚੌੜੀ ਕਰਨ ਦਾ ਕੰਮ ਸਾਲ 1992 ਵਿਚ ਸ਼ੁਰੂ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਕੀ ਉਕਤ ਕੰਮ ਮੁਕੰਮਲ ਹੋ ਗਿਆ ਹੈ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ?

ਸਰਦਾਰ ਬੇਅੰਤ ਸਿੰਘ: ਨਹੀਂ ਜੀ। ਇਹ ਕੰਮ ਅਕਤੂਬਰ, 1993 ਵਿਚ ਸ਼ੁਰੂ ਕੀਤਾ ਗਿਆ ਸੀ। ਜ਼ਿਲ੍ਹਾ ਯੋਜਨਾ ਬੋਰਡ ਪਾਸੋਂ ਪੂਰੇ ਪੈਸੇ ਜਮ੍ਹਾਂ ਨਾ ਕਰਵਾਉਣ ਕਾਰਨ ਇਹ ਕੰਮ ਅਜੇ ਪੂਰਾ ਨਹੀਂ ਹੋਇਆ।

---

### ਨਿਸ਼ਾਨ ਵਾਲੇ (ਸੀ.ਯੂ.) ਪ੍ਰਸ਼ਨ ਨੰਬਰ 1719* ਅਤੇ 1720*

(ਇਨ੍ਹਾਂ ਸਵਾਲਾਂ ਦੇ ਜਵਾਬ ਹਾਲੇ ਤਕ ਪ੍ਰਾਪਤ ਨਹੀਂ ਹੋਏ।)

---

### ਰਾਜ ਵਿੱਚ ਦਰਜ ਕੀਤੇ ਗਏ ਚੋਰੀ ਦੇ ਕੇਸਾਂ ਦੀ ਗਿਣਤੀ

*1725. (ਸੀ.ਯੂ.) 1. ਸਰਦਾਰ ਸ਼ਮਸ਼ੇਰ ਸਿੰਘ ਰਾਏ
2. ਸਰਦਾਰ ਗੁਰਮੇਲ ਸਿੰਘ ਚੀਮਾ
: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

(ੳ) ਪਿਛਲੇ ਤਿੰਨ ਸਾਲਾਂ ਦੇ ਦੌਰਾਨ ਸਾਲ-ਵਾਰ ਦਸੰਬਰ, 1993, ਤੱਕ ਪੰਜਾਬ ਪੁਲਿਸ ਪਾਸ ਦਰਜ ਕੀਤੇ ਗਏ ਚੋਰੀ ਦੇ ਕੇਸਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਕੇਸਾਂ ਵਿਚੋਂ ਉਨ੍ਹਾਂ ਕੇਸਾਂ ਦੀ ਗਿਣਤੀ ਕਿੰਨੀ ਕਿੰਨੀ ਹੈ ਜਿਨ੍ਹਾਂ ਦਾ ਪਤਾ ਲਗਾਇਆ ਗਿਆ ਹੈ?

ਸਰਦਾਰ ਬੇਅੰਤ ਸਿੰਘ: ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

---

*For S. Q. (C. U.) Nos. 1719 and 1720 and replies thereto, please see Appendix to this Annexure.

Original with;
Punjab Vidhan Sabha
Digitized by;
Panjab Digital Library

ਸੂਚਨਾ

(ੳ ਅਤੇ ਅ) ਰਾਜ ਵਿੱਚ ਦਰਜ ਕੀਤੇ ਗਏ ਚੋਰੀ ਦੇ ਜ਼ਿਲ੍ਹਾਵਾਰ ਕੇਸਾਂ ਦਾ ਸਾਲਵਾਰ ਵੇਰਵਾ ਇਸ ਪ੍ਰਕਾਰ ਹੈ :—

| ਲੜੀ ਨੰ· | ਜ਼ਿਲ੍ਹਾ | ਦਰਜ ਮੁਕੱਦਮੇ | | | ਜਿਨ੍ਹਾਂ ਮੁਕੱਦਮਿਆਂ ਵਿੱਚ ਸੁਰਾਗ ਮਿਲਿਆ | | |
|---|---|---|---|---|---|---|---|
| | | 1991 | 1992 | 1993 | 1991 | 1992 | 1993 |
| 1 | ਅੰਮ੍ਰਿਤਸਰ | 405 | 311 | 179 | 145 | 102 | 46 |
| 2 | ਤਰਨਤਾਰਨ | 59 | 52 | 36 | 4 | 7 | 7 |
| 3 | ਮਜੀਠਾ | 109 | 64 | 25 | 41 | 20 | 10 |
| 4 | ਗੁਰਦਾਸਪੁਰ | 99 | 123 | 114 | 40 | 55 | 52 |
| 5 | ਬਟਾਲਾ | 114 | 50 | 30 | 32 | 9 | 10 |
| 6 | ਜਲੰਧਰ | 525 | 506 | 364 | 152 | 90 | 117 |
| 7 | ਹੁਸ਼ਿਆਰਪਰ | 189 | 109 | 98 | 71 | 26 | 28 |
| 8 | ਕਪੂਰਥਲਾ | 128 | 90 | 66 | 33 | 28 | 30 |
| 9 | ਪਟਿਆਲਾ | 474 | 300 | 208 | 127 | 42 | 22 |
| 10 | ਸੰਗਰੂਰ | 247 | 82 | 52 | 126 | 25 | 23 |
| 11 | ਬਰਨਾਲਾ | 102 | 33 | 18 | 47 | 14 | 11 |
| 12 | ਫਤਿਹਗੜ੍ਹ ਸਾਹਿਬ | 73 | 48 | 37 | 21 | 5 | 13 |
| 13 | ਲੁਧਿਆਣਾ | 517 | 275 | 238 | 117 | 62 | 78 |
| 14 | ਜਗਰਾਓਂ | 96 | 41 | 30 | 28 | 12 | 13 |
| 15 | ਖੰਨਾ | 115 | 66 | 37 | 32 | 13 | 10 |
| 16 | ਰੋਪੜ | 266 | 170 | 136 | 63 | 41 | 67 |
| 17 | ਫਿਰੋਜ਼ਪੁਰ | 222 | 164 | 125 | 83 | 67 | 67 |
| 18 | ਬਠਿੰਡਾ | 204 | 81 | 79 | 89 | 33 | 37 |
| 19 | ਫਰੀਦਕੋਟ | 200 | 162 | 108 | 147 | 46 | 29 |
| 20 | ਮਾਨਸਾ | 38 | 28 | 24 | 13 | 10 | 10 |
| | ਕੁੱਲ ਜੋੜ | 4,182 | 2,755 | 2,004 | 1,411 | 707 | 680 |

Original with;
Punjab Vidhan Sabha
Digitized by;
Panjab Digital Library

ਨਿਸ਼ਾਨ ਵਾਲਾ (ਸੀ.ਯੂ.) ਪ੍ਰਸ਼ਨ ਨੰਬਰ 1730 *)

(ਇਸ ਸਵਾਲ ਦਾ ਜਵਾਬ ਹਾਲੇ ਤਕ ਪ੍ਰਾਪਤ ਨਹੀ ਹੋਇਆ।

---

**ਰਾਜ ਵਿਚ 66 ਕੇ.ਵੀ.ਸਬ-ਸਟੇਸ਼ਨਜ਼ ਸਥਾਪਤ ਕਰਨਾ**

*1733. (ਸੀ.ਯੂ.) ਸ੍ਰੀ ਹੰਸ ਰਾਜ ਜੋਸਨ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਿਜਲੀ ਬੋਰਡ ਨੇ ਵਿੱਤੀ ਸਾਲ 1993-94 ਦੇ ਦੌਰਾਨ ਰਾਜ ਵਿਚ ਕੋਈ ਨਵੇਂ 66 ਕੇ.ਵੀ. ਸਬ-ਸਟੇਸ਼ਨਜ਼ ਮਨਜ਼ੂਰ ਕੀਤੇ ਹਨ; ਜੇਕਰ ਕੀਤੇ ਹਨ; ਤਾਂ ਉਨ੍ਹਾਂ ਦਾ ਜ਼ਿਲ੍ਹਾਵਾਰ ਵੇਰਵਾ ਕੀ ਹੈ ਅਤੇ ਉਕਤ ਸਬ-ਸਟੇਸ਼ਨਜ਼ ਨੂੰ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਬੇਅੰਤ ਸਿੰਘ** : ਸਾਰਣੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

**ਸਾਰਣੀ**

ਸਾਲ 1993-94 ਦੌਰਾਨ ਯੋਜਨਾਬਧ ਕੀਤੇ ਨਵੇਂ 66 ਕੇ.ਵੀ ਗਰਿਡ-ਸਟੇਸ਼ਨਾਂ ਅਤੇ ਉਨ੍ਹਾਂ ਦੀ ਚਾਲੂ ਕਰਨ ਦੀ ਪ੍ਰਸਥਿਤੀ ਦੇ ਜ਼ਿਲ੍ਹਵਾਰ ਵੇਰਵੇ :

| ਕ੍ਰਮ ਨੰ: | ਜ਼ਿਲ੍ਹੇ ਦਾ ਨਾਂ | ਸਬ-ਸਟੇਸ਼ਨ ਦਾ ਨਾਂ | ਚਾਲੂ ਕਰਨ ਦੀ ਪ੍ਰਸਥਿਤੀ |
|---|---|---|---|
| 1. | ਫਿਰੋਜ਼ਪੁਰ | 1. ਚੱਕ ਬੁਧੋਕੇ | ਫੰਡਾਂ ਦੀ ਕਿੱਲਤ ਕਾਰਨ 1994-95 ਵਿਚ ਸਥਿਗਤ ਹੋ ਜਾਣਗੇ। |
| | | 2. ਚਿਮਨੇਵਾਲਾ | ਉਹੀ |
| 2. | ਮਾਨਸਾ | 1. ਬੋਹਾ | ਉਹੀ |
| 3. | ਸੰਗਰੂਰ | 1. ਕਣਕਵਾਲ | 6/94 ਤੱਕ ਚਾਲੂ ਹੋਣ ਦੀ ਸੰਭਵਨਾ ਹੈ |
| | | 2. ਬੰਧਣ | 3/94 ਉਹੀ |
| 4. | ਪਟਿਆਲਾ | 1. ਰੋਹੜ ਜਗੀਰ | 6/94 ਉਹੀ |
| | | 2. ਗਜੂਖੇੜਾ | ਉਹੀ |
| | | 3. ਟੋਹੜਾ | ਪਹਿਲਾਂ ਹੀ ਚਾਲੂ ਕਰ ਦਿੱਤਾ ਗਿਆ ਹੈ |
| | | 4. ਘੱਗਾ | ਉਹੀ |
| | | 5. ਨਾਭਾ-2 | ਉਹੀ |
| 5. | ਫਹਿਤਗੜ੍ਹ ਸਾਹਿਬ | 1. ਗੋਬਿੰਦਗੜ੍ਹ ਸੈਂਟਰਲ | ਉਹੀ |
| | | 2. ਫਹਿਤਗੜ੍ਹ ਸਾਹਿਬ | 4/94 ਤੱਕ ਚਾਲੂ ਹੋਣ ਦੀ ਸੰਭਾਵਨਾ ਹੈ। |

*For S. Q. (C. U.) No. 1730 and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

| ਕ੍ਰਮ ਨੰ: ਜ਼ਿਲ੍ਹੇ ਦਾ ਨਾਂ | ਸਬ ਸਟੇਸ਼ਨ ਦਾ ਨਾਂ | | ਚਾਲੂ ਕਰਨ ਦੀ ਪ੍ਰਸਥਿਤੀ |
|---|---|---|---|
| 6. ਲੁਧਿਆਣਾ | 1. ਢੰਡਾਰੀ ਕਲਾ-2 | 4/94 | ਉਹੀ |
| | 2. ਮਾਡਲ ਟਾਊਨ ਲੁਧਿਆਣਾ | 6/94 | ਉਹੀ |
| | 3. ਫਿਰੋਜ਼ ਗਾਂਧੀ ਮਾਰਕੀਟ | | ਉਹੀ |
| | | | ਉਹੀ |
| 7. ਜਲੰਧਰ | 1. ਸਪੋਰਟਸ ਕੰਪਲੈਕਸ, ਜਲੰਧਰ | | ਉਹੀ |
| | 2. ਫੋਕਲ ਪੁਆਇੰਟ, ਜਲੰਧਰ | | ਉਹੀ |
| | 3. ਪਟਾਰਾ | | ਉਹੀ |
| | 4. ਦੌਲਤਪੁਰ | | ਪਹਿਲਾਂ ਹੀ ਚਾਲੂ ਕਰ ਦਿੱਤਾ ਗਿਆ ਹੈ। |
| 8. ਕਪੂਰਥਲਾ | 1 ਪਰਜੀਆਂ | | ਉਹੀ |
| 9. ਅੰਮ੍ਰਿਤਸਰ | 1. ਰਣਜੀਤ ਐਵੇਨਿਊ | | ਉਹੀ |
| | 2 ਦਿਆਲ ਭੜੰਗ/ਸੁਧਾਰ | | ਉਹੀ |
| | 3. ਸਰਹਾਲੀ ਕਲਾਂ . | | 4/94 ਤੱਕ ਚਾਲੂ ਹੋਣ ਦੀ ਸੰਭਾਵਨਾ ਹੈ। |
| | 4. ਸਭਰਾਓ | | ਪਹਿਲਾਂ ਹੀ ਚਾਲੂ ਕਰ ਦਿੱਤਾ ਹੈ। |
| 10. ਗੁਰਦਾਸਪੁਰ | 1. ਉਮਰਪੁਰਾ | | ਉਹੀ |
| | 2. ਹਰਦੋ ਛੀਨੀ | | ਉਹੀ |
| | 3. ਭੈਣੀ ਮੀਆਂ ਖਾਨ | | ਪਹਿਲਾਂ ਹੀ ਚਾਲੂਕਰ ਦਿੱਤਾ ਗਿਆ ਹੈ। |
| 11. ਹੁਸ਼ਿਆਰਪੁਰ | ਭੰਗਾਲਾ | | ਉਹੀ |

---

## ਭੂਮੀ ਪੱਟੇਦਾਰਾਂ ਨੂੰ ਮਾਲਕੀ ਹੱਕ ਦੇਣਾ

*1737. (ਸੀ.ਯੂ.) ਸ੍ਰੀ ਹੰਸ ਰਾਜ ਜੋਸਨ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਰਾਜ ਵਿਚ ਇਸ ਸਮੇਂ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਨਾਲ ਸਬੰਧਤ ਜ਼ਿਲ੍ਹਾ-ਵਾਰ ਕਿੰਨੇ-ਕਿੰਨੇ ਏਕੜ ਭੂਮੀ ਹੈ;

Original with;
Punjab Vidhan Sabha
Digitized by;
Panjab Digital Library

[ਸ਼੍ਰੀ ਹੰਸ ਰਾਜ ਜੋਸਨ]

(ਅ) ਕੀ ਸਰਕਾਰ ਅਜਿਹੇ ਵਿਅਕਤੀਆਂ ਨੂੰ, ਜਿਨ੍ਹਾਂ ਦੇ ਕਬਜ਼ੇ ਹੇਠ ਉਕਤ ਭੂਮੀ ਹੈ, ਮਾਲਕੀ ਹੱਕ ਦੇਣ ਦਾ ਵਿਚਾਰ ਰਖਦੀ ਹੈ; ਜੇਕਰ ਰਖਦੀ ਹੈ; ਤਾਂ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ?

ਸਰਦਾਰ ਬੇਅੰਤ ਸਿੰਘ : (ੳ) ਸੂਚੀ ਨੱਥੀ ਹੈ।

(ਅ) ਹਾਂ ਸ੍ਰੀਮਾਨ ਜੀ। ਇਹੋ ਜਿਹੀ ਜ਼ਮੀਨਾਂ ਨੂੰ ਨਿਪਟਾਉਣ ਲਈ ਬਣਾਈ ਗਈ ਮੌਜੂਦਾ ਪਾਲਿਸੀ ਅਨੁਸਾਰ, ਕਬਜ਼ੇ ਦੇ ਆਧਾਰ ਤੇ ਵਿਅਕਤੀਆਂ ਨੂੰ ਮਾਲਕੀ ਦੇ ਹੱਕ ਦਿੱਤੇ ਜਾਂਦੇ ਹਨ।

## ਸੂਚੀ

ਜ਼ਿਲ੍ਹਾਵਾਰ ਰਾਜ ਅਤੇ ਕੇਂਦਰੀ ਸਰਕਾਰ ਦੀ ਏਕੜਾਂ ਵਿਚ ਜ਼ਮੀਨ ਹੇਠ ਲਿਖੇ ਅਨੁਸਾਰ ਹੈ:—

| ਜ਼ਿਲ੍ਹੇ ਦਾ ਨਾਂ | ਕੇਂਦਰੀ ਸਰਕਾਰ ਦੀ ਭੌਂ | | | ਰਾਜ ਸਰਕਾਰ ਦੀ ਭੌਂ | | |
|---|---|---|---|---|---|---|
| | ਏਕੜ | ਕਨਾਲ | ਮਰਲੇ | ਏਕੜ | ਕਨਾਲ | ਮਰ |
| ਜਲੰਧਰ | 9,643 | 3 | 9 | 8,463 | 0 | 0 |
| ਫਤਿਹਗੜ੍ਹ ਸਾਹਿਬ | 18 | 9 | 16½ | -- | -- | -- |
| ਸੰਗਰੂਰ | 87 | 2 | 15 | 65 | 5 | 6 |
| ਰੋਪੜ | 268 | 4 | 0 | 5 | -- | -- |
| ਬਠਿੰਡਾ | 12 | 3 | 12 | 2,398 | -- | -- |
| ਫਿਰੋਜ਼ਪੁਰ | 9,109 | -- | -- | 2,787 | -- | -- |
| ਅੰਮ੍ਰਿਤਸਰ | 5,628 | 1 | 7 | 616 | 2 | 0 |
| ਕਪੂਰਥਲਾ | 4,206 | 0 | 0 | 283 | 5 | 0 |
| ਗੁਰਦਾਸਪੁਰ | 8,773 | 4 | 7 | 1,588 | 3 | 6 |
| ਫਰੀਦਕੋਟ | 204 | 3 | 6 | 870 | 5 | 5 |
| ਮਾਨਸਾ | 42 | 3 | 18 | 81 | 13 | 0 |
| ਪਟਿਆਲਾ | 370 | 3 | 14 | 624 | 3 | 3 |
| ਲੁਧਿਆਣਾ | 7,7554 | 0 | 0 | 2,011 | 3 | 1 |
| ਹੁਸ਼ਿਆਰਪੁਰ | 4,497 | 0 | 0 | -- | -- | -- |

Original with;
Punjab Vidhan Sabha
Digitized by;
Punjab Digital Library

## ਰਾਜ ਵਿਚ 220 ਕੇ.ਵੀ. ਸਬ-ਸਟੇਸ਼ਨਾਂ ਦੀ ਗਿਣਤੀ

*1741 (ਸੀ.ਯੂ.) ਸ੍ਰੀ ਹੰਸ ਰਾਜ ਜੋਸਨ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਇਸ ਸਮੇਂ ਰਾਜ ਵਿਚ 220 ਕੇ.ਵੀ. ਸਬ-ਸਟੇਸ਼ਨਾਂ ਦੀ ਜ਼ਿਲ੍ਹੇਵਾਰ ਕੁੱਲ ਗਿਣਤੀ ਕਿੰਨੀ ਹੈ;

(ਅ) ਕੀ ਪੰਜਾਬ ਰਾਜ ਬਿਜਲੀ ਬੋਰਡ ਦਾ ਜਲਾਲਾਬਾਦ (ਪੱਛਮ) ਵਿਖੇ ਚਾਲੂ 132 ਕੇ. ਵੀ. ਸਬ-ਸਟੇਸ਼ਨ ਨੂੰ 220 ਕੇ.ਵੀ. ਸਬ-ਸਟੇਸਨ ਵਿਚ ਬਦਲਣ ਦਾ ਕੋਈ ਵਿਚਾਰ ਹੈ; ਜੇਕਰ ਹੈ ਤਾਂ ਕਦੋਂ ?

**ਸਰਦਾਰ ਬੇਅੰਤ ਸਿੰਘ** :(ੳ) ਸਾਰਣੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਨਹੀਂ ਜੀ ।

### ਸਾਰਣੀ

**ਪੰਜਾਬ ਵਿਚ 220 ਕੇ.ਵੀ. ਗਰਿਡ ਸਬ-ਸਟੇਸ਼ਨ (ਬੀ.ਬੀ.ਐਮ.ਬੀ.) ਦੇ ਸਬ-ਸਟੇਸ਼ਨਾਂ ਸਹਿਤ ਦੀ ਜ਼ਿਲ੍ਹੇਵਾਰ ਗਿਣਤੀ :**

| ਕ੍ਰਮ ਨੰ: | ਜ਼ਿਲ੍ਹੇ ਦਾ ਨਾਂ | ਸਬ ਸਟੇਸ਼ਨਾਂ ਦੀ ਗਿਣਤੀ |
|---|---|---|
| 1 | ਫਿਰੋਜ਼ਪੁਰ | 1 |
| 2 | ਫਰੀਦਕੋਟ | 2 |
| 3 | ਬਠਿੰਡਾ | 1 |
| 4 | ਸੰਗਰੂਰ | 3 |
| 5 | ਪਟਿਆਲਾ | 3 |
| 6 | ਮਾਨਸਾ | ... |
| 7 | ਲੁਧਿਆਣਾ | 4 |
| 8 | ਰੋਪੜ | 3 |
| 9 | ਹੁਸ਼ਿਆਰਪੁਰ | 2 |
| 10 | ਅੰਮ੍ਰਿਤਸਰ | 3 |
| 11 | ਫਤਿਹਗੜ੍ਹ ਸਾਹਿਬ | 1 |
| 13 | ਗੁਰਦਾਸਪੁਰ | 3 |
| 13 | ਕਪੂਰਥਲਾ | 1 |
| 14 | ਜਲੰਧਰ | 2 |
| | ਜੋੜ | 29 |

Original with;
Punjab Vidhan Sabha
Digitized by;
Panjab Digital Library

## ਟਿਊਬਵੈਲਾਂ ਲਈ ਕੁਨੈਕਸ਼ਨ ਦੇਣੇ

*1743. (ਸੀ.ਯੂ.) ਸ੍ਰੀ ਹੰਸ ਰਾਜ ਜੋਸਨ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿਚ ਟਿਊਬਵੈਲਾਂ ਲਈ ਕੁਨੈਕਸ਼ਨ ਦੇਣ ਲਈ ਪੰਜਾਬ ਰਾਜ ਬਿਜਲੀ ਬੋਰਡ ਪਾਸ ਇਸ ਸਮੇਂ ਪੈਂਡਿੰਗ ਅਰਜ਼ੀਆਂ ਦੀ ਗਿਣਤੀ ਕਿੰਨੀ ਹੈ;

(ਅ) ਰਾਜ ਵਿਚ ਸਾਲ 1993 ਦੌਰਾਨ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਟਿਊਬਵੈਲਾਂ ਲਈ ਦਿੱਤੇ ਗਏ ਕੁਨੈਕਸ਼ਨਾਂ ਦੀ ਗਿਣਤੀ ਕਿੰਨੀ ਹੈ ਅਤੇ ਸਾਲ 1994 ਦੌਰਾਨ ਅਜਿਹੇ ਕਿੰਨੇ ਕੁਨੈਕਸ਼ਨ ਦਿੱਤੇ ਜਾਣ ਦੀ ਸੰਭਾਵਨਾ ਹੈ?

ਸਰਦਾਰ ਬੇਅੰਤ ਸਿੰਘ : (ੳ) 297195.

(ਅ) ਸਾਲ 1993 ਦੌਰਾਨ ਪੰਜਾਬ ਰਾਜ ਬਿਜਲੀ ਬੋਰਡ ਵਲੋਂ ਪੰਜਾਬ ਵਿੱਚ ਕੁਲ 26832 ਟਿਊਬਵੈੱਲ ਕੁਨੈਕਸ਼ਨ ਜਾਰੀ ਕੀਤੇ ਗਏ । ਸਾਲ 1994 ਦੌਰਾਨ 25000 ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਦੀ ਸੰਭਾਵਨਾ ਹੈ ।

---

## ਪੰਜਾਬ ਰੋਡਵੇਜ਼ ਦੀ ਇਜਾਰੇਦਾਰੀ ਅਧੀਨ ਰੂਟਾਂ ਦੀ ਗਿਣਤੀ

*1744. (ਸੀ.ਯੂ.) ਸ੍ਰੀ ਹੰਸ ਰਾਜ ਜੋਸਨ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਰਾਜ ਵਿਚ ਅਜਿਹੇ ਰੂਟਾਂ ਦੀ ਜ਼ਿਲ੍ਹੇਵਾਰ ਗਿਣਤੀ ਕਿੰਨੀ ਹੈ ਜਿਹੜੇ ਇਸ ਸਮੇਂ ਪੰਜਾਬ ਰੋਡਵੇਜ਼ ਦੇ ਇਜਾਰੇ ਅਧੀਨ ਹਨ;

(ਅ) ਕੀ ਸਰਕਾਰ ਦਾ ਫਾਜ਼ਿਲਕਾ-ਫਿਰੋਜ਼ਪੁਰ ਰੂਟ ਤੇ ਪੰਜਾਬ ਰੋਡਵੇਜ਼ ਦੀ ਇਜਾਰੇਦਾਰੀ ਨੂੰ ਖਤਮ ਕਰਨ ਦਾ ਕੋਈ ਪ੍ਰਸਤਾਵ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ?

ਸਰਦਾਰ ਬੇਅੰਤ ਸਿੰਘ : (ੳ) ਹੇਠ ਲਿਖੇ ਦੋ ਰੂਟਾਂ ਤੇ ਪੰਜਾਬ ਰੋਡਵੇਜ਼ ਦੀ ਮਨਾਪਲੀ ਹੈ :--

1. ਫਿਰੋਜ਼ਪੁਰ-ਫਾਜ਼ਿਲਕਾ (ਜ਼ਿਲ੍ਹਾ ਫਿਰੋਜ਼ਪੁਰ)

2. ਜਲੰਧਰ-ਅੰਮ੍ਰਿਤਸਰ (ਜ਼ਿਲ੍ਹਾ ਜਲੰਧਰ ਅਤੇ ਅੰਮ੍ਰਿਤਸਰ)

(ਅ) ਨਹੀਂ ਜੀ। ਫਿਰੋਜ਼ਪੁਰ-ਫਾਜ਼ਿਲਕਾ ਰੂਟ ਤੇ ਪੰਜਾਬ ਰੋਡਵੇਜ਼ ਵਲੋਂ ਤਸੱਲੀਬਖਸ਼ ਬੱਸ-ਸੇਵਾ ਉਪਲਬੱਧ ਕਰਵਾਈ ਜਾ ਰਹੀ ਹੈ। ਇਸ ਲਈ ਇਸ ਰੂਟ ਤੇ ਪੰਜਾਬ ਰੋਡਵੇਜ਼ ਦੀ ਮਨਾਪਲੀ ਖਤਮ ਕਰਨ ਦਾ ਕੋਈ ਕਾਰਨ ਜਾਂ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

Original with;
Punjab Vidhan Sabha
Digitized by;
Panjab Digital Library

## ਰਾਜ ਵਿੱਚ ਜੇਲਾਂ ਤੋਂ ਭਗੌੜਿਆਂ ਦੀ ਗਿਣਤੀ

*1745. (ਸੀ.ਯੂ.) (1) ਸਰਦਾਰ ਜਗਤਾਰ ਸਿੰਘ ਮੁਲਤਾਨੀ
(2) ਸਰਦਾਰ ਅਵਤਾਰ ਸਿੰਘ ਬਰਾੜ
(3) ਸਰਦਾਰ ਮਲਕੀਤ ਸਿੰਘ
} : ਕੀ ਮੁੱਖ ਮੰਤਰੀ

ਕ੍ਰਿਪਾ ਕਰਕੇ ਦੱਸਣਗੇ ਕਿ ਪਿਛਲੇ ਤਿੰਨ ਸਾਲਾਂ ਦੇ ਦੌਰਾਨ ਰਾਜ ਦੀਆਂ ਵੱਖ-ਵੱਖ ਜੇਲਾਂ ਵਿਚੋਂ ਭਗੌੜੇ ਹੋਏ ਵਿਅਕਤੀਆਂ ਦੀ ਸਾਲਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਅਜਿਹੇ ਕਿੰਨੇ ਭਗੌੜਿਆਂ ਨੂੰ ਦੁਬਾਰਾ ਗ੍ਰਿਫਤਾਰ ਕੀਤਾ ਗਿਆ ਹੈ ?

**ਸਰਦਾਰ ਬੇਅੰਤ ਸਿੰਘ :**

| ਸਾਲ | ਭਗੌੜੇ ਹੋਏ ਕੈਦੀਆਂ ਦੀ ਸੰਖਿਆ | ਮੁੜ ਗ੍ਰਿਫ਼ਤਾਰ ਕੀਤੇ ਕੈਦੀਆਂ ਦੀ ਸੰਖਿਆ |
|---|---|---|
| 1991 | 6 | 1 |
| 1992 | 2 | 2 |
| 1993 | 2 | 1 |

## ਮਿਲਕਫੈਡ ਦੁਆਰਾ ਦੁੱਧ ਦੀ ਖਰੀਦ

*1746. (ਸੀ.ਯੂ) (1) ਸਰਦਾਰ ਜਗਤਾਰ ਸਿੰਘ ਮੁਲਤਾਨੀ
(2) ਸਰਦਾਰ ਅਵਤਾਰ ਸਿੰਘ ਬਰਾੜ
} : ਕੀ ਸਹਿਕਾਰਤਾ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਪਿਛਲੇ ਤਿੰਨ ਸਾਲਾਂ ਦੌਰਾਨ ਮਿਲਕਫੈਡ ਦੁਆਰਾ ਕੁੱਲ ਕਿਨਾ ਦੁੱਧ ਖਰੀਦਿਆ ਅਤੇ ਵੇਚਿਆ ਗਿਆ ;

(ਅ) ਰਾਜ ਤੋਂ ਬਾਹਰ ਦੀਆਂ ਏਜੰਸੀਆਂ ਨੂੰ ਕਿੰਨੀ ਮਾਤਰਾ ਵਿਚ ਦੁੱਧ ਸਪਲਾਈ ਕੀਤਾ ਗਿਆ ਅਤੇ ਉਸ ਤੋਂ ਕਿੰਨੀ ਆਮਦਨ ਹੋਈ ?

**ਸ੍ਰੀ ਸੱਜਨ ਕੁਮਾਰ ਜਾਖੜ :**

(ੳ) ਦੁੱਧ ਦੀ ਕੁੱਲ ਖਰੀਦ (ਲੱਖ ਕਿਲੋ)

| | |
|---|---|
| 1990-91 | 1438.67 |
| 1991-92 | 1755.90 |
| 1992-93 | 2426.83 |

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਮੰਤਰੀ]

ਪੰਜਾਬ ਰਾਜ ਅਤੇ ਪੰਜਾਬ ਦੇ ਬਾਹਰਲੇ ਅਦਾਰਿਆ ਨੂੰ ਦੁਧ ਦੀ ਕੁਲ ਵੇਚ

| ਸਾਲ | ਪੰਜਾਬ ਰਾਜ | ਪੰਜਾਬ ਤੋਂ ਬਾਹਰ | ਕੁੱਲ |
|---|---|---|---|
| 1990-91 | 508.44 | 224.66 | 733.10 |
| 1991-92 | 621.60 | 144.66 | 766.26 |
| 1992-93 | 682.18 | 403.29 | 1085.47 |

(ਅ) ਰਾਜ ਤੋਂ ਬਾਹਰ ਦੂਸਰੀਆ 9 ਏਜੰਸੀਆਂ ਨੂੰ ਭੇਜਿਆ ਦੁੱਧ (ਲੱਖ ਕਿਲੋ)

| | |
|---|---|
| 1990-91 | 224.66 |
| 1991-92 | 144.66 |
| 1992-93 | 403.29 |

ਰਾਜ ਤੋਂ ਬਾਹਰ ਦੂਜੇ ਰਾਜਾਂ ਨੂੰ ਭੇਜੇ ਗਏ ਦੁਧ ਦਾ ਮੁਲ (ਲੱਖ ਰੁਪਏ)

| | |
|---|---|
| 1990-91 | 1064.80 |
| 1991-92 | 1029.20 |
| 1992-93 | 2848.34 |

---

### ਨਵੇਂ ਜ਼ਿਲ੍ਹਿਆਂ ਦਾ ਐਲਾਨ

*1747. (ਸੀ.ਯੂ.) (1) ਸਰਦਾਰ ਜਗਤਾਰ ਸਿੰਘ ਮੁਲਤਾਨੀ
(2) ਸਰਦਾਰ ਅਵਤਾਰ ਸਿੰਘ ਬਰਾੜ : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਹੋਰ ਜ਼ਿਲ੍ਹੇ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ; ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਬੇਅੰਤ ਸਿੰਘ : ਸਰਕਾਰ ਵੱਲੋਂ ਜ਼ਿਲ੍ਹਾ ਪੁਨਰਗਠਨ ਕਮੇਟੀ ਦੀ ਸਥਾਪਨਾ ਕੀਤੀ ਗਈ ਹੈ। ਕਮੇਟੀ ਦੀ ਰਿਪੋਰਟ ਪ੍ਰਾਪਤ ਹਣ ਤੇ ਇਸ ਮਾਮਲੇ ਤੇ ਵਿਚਾਰ ਕੀਤਾ ਜਾਵੇਗਾ।

---

### ਛੋਟੇ ਪੈਮਾਨੇ ਦੇ ਯੂਨਿਟਾਂ ਦੀ ਸਥਾਪਨਾ

*1748. (ਸੀ.ਯੂ.) (1) ਸਰਦਾਰ ਜਗਤਾਰ ਸਿੰਘ ਮੁਲਤਾਨੀ
(2) ਸਰਦਾਰ ਮਲਕੀਤ ਸਿੰਘ : ਕੀ ਮੁੱਖ ਮੰਤਰੀ
(3) ਸਰਦਾਰ ਅਵਤਾਰ ਸਿੰਘ ਬਰਾੜ

ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਤਿੰਨ ਵਿੱਤੀ ਸਾਲਾਂ ਦੇ ਦੌਰਾਨ ਰਾਜ ਸਰਕਾਰ ਦੁਆਰਾ ਸਾਲ-ਵਾਰ ਮਨਜ਼ੂਰ ਕੀਤੇ ਗਏ ਛੋਟੇ ਪੈਮਾਨੇ ਦੇ ਉਦਯੋਗਿਕ ਯੂਨਿਟਾਂ ਦੀ ਜ਼ਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬੇਅੰਤ ਸਿੰਘ:** ਛੋਟੀਆਂ ਉਦਯੋਗਿਕ ਇਕਾਈਆਂ ਸਥਾਪਤ ਕਰਨ ਲਈ ਰਾਜ ਸਰਕਾਰ ਦੀ ਮਨਜ਼ੂਰੀ ਦੀ ਲੋੜ ਨਹੀਂ ਹੈ, ਫਿਰ ਵੀ ਉਦਯੋਗ ਵਿਭਾਗ ਨਾਲ ਜ਼ਿਲ੍ਹਾ-ਵਾਰ ਪਿਛਲੇ ਤਿੰਨ ਵਿੱਤੀ ਸਾਲਾਂ ਦੇ ਦੌਰਾਨ ਛੋਟੇ ਉਦਯੋਗਾਂ ਦੇ ਤੌਰ ਤੇ ਰਜਿਸਟਰ ਕੀਤੀਆਂ ਇਕਾਈਆਂ ਦੀ ਸੂਚੀ ਅਨੁਲੱਗ 'ੳ' ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

## ਅਨੁਲੱਗ 'ੳ'

ਉਦਯੋਗ ਵਿਭਾਗ ਨਾਲ ਜ਼ਿਲ੍ਹਾਵਾਰ ਪਿਛਲੇ ਤਿੰਨ ਵਿੱਤੀ ਸਾਲਾਂ ਦੇ ਦੌਰਾਨ ਛੋਟੇ ਉਦਯੋਗਾਂ ਦੇ ਤੌਰ ਤੇ ਰਜਿਸਟਰ ਕੀਤੀਆਂ ਇਕਾਈਆਂ ਦੀ ਸੂਚੀ:—

| ਲੜੀ ਨੰ: | ਜ਼ਿਲ੍ਹਾ | | ਸਾਲ-ਵਾਰ ਵੇਰਵਾ | | |
|---|---|---|---|---|---|
| | | | 1990-91 | 1991-92 | 1992-93 |
| 1 | ਅੰਮ੍ਰਿਤਸਰ | ... | 20,10 | 2,286 | 552 |
| 2 | ਬਠਿੰਡਾ | ... | 772 | 897 | 229 |
| 3 | ਫਰੀਦਕੋਟ | ... | 740 | 850 | 388 |
| 4 | ਫਿਰੋਜ਼ਪੁਰ | ... | 581 | 670 | 338 |
| 5 | ਗੁਰਦਾਸਪੁਰ | ... | 860 | 990 | 227 |
| 6 | ਹੁਸ਼ਿਆਰਪੁਰ | ... | 800 | 912 | 191 |
| 7 | ਜਲੰਧਰ | ... | 2,100 | 2,400 | 738 |
| 8 | ਕਪੂਰਥਲਾ | ... | 500 | 570 | 228 |
| 9 | ਲੁਧਿਆਣਾ | ... | 2,788 | 3,178 | 1,161 |
| 10 | ਪਟਿਆਲਾ | ... | 1,158 | 1,305 | 322 |
| 11 | ਰੋਪੜ | ... | 600 | 694 | 255 |
| 12 | ਸੰਗਰੂਰ | ... | 1,200 | 1,371 | 473 |
| 13 | ਫਤਿਹਗੜ੍ਹ ਸਾਹਿਬ | ... | ... | ... | 113 |
| 14 | ਮਾਨਸਾ | ... | ... | ... | 90 |
| | ਜੋੜ | ... | 14,109 | 16,123 | 5,305 |

ਨੋਟ— ਫਤਿਹਗੜ੍ਹ ਸਾਹਿਬ ਅਤੇ ਮਾਨਸਾ ਜ਼ਿਲ੍ਹੇ ਸਾਲ 1992-93 ਵਿੱਚ ਹੋਂਦ ਵਿੱਚ ਆਏ।

Original with;
Punjab Vidhan Sabha
Digitized by;
Panjab Digital Library

### ਦਿੱਲੀ ਪੈਟਰਨ ਤੇ ਮਿਉਂਸਪਲ ਇਲਾਕਿਆਂ ਵਿਚ ਪ੍ਰਾਈਵੇਟ ਬੱਸਾਂ

*1749. (ਸੀ.ਯੂ.) (1) ਸਰਦਾਰ ਜਗਤਾਰ ਸਿੰਘ ਮੁਲਤਾਨੀ
(2) ਸਰਦਾਰ ਮਲਕੀਅਤ ਸਿੰਘ : ਕੀ ਮੁੱਖ ਮੰਤਰੀ
(3) ਸਰਦਾਰ ਅਵਤਾਰ ਸਿੰਘ ਬਰਾੜ

ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦਿੱਲੀ ਪੈਟਰਨ ਤੇ ਵੱਡੇ ਸਹਿਰਾਂ ਤੇ ਮਿਊਂਸਪਲ ਇਲਾਕਿਆਂ ਵਿੱਚ 50 ਪ੍ਰਤੀਸ਼ਤ ਪ੍ਰਾਈਵੇਟ ਬੱਸਾਂ ਚਾਲੂ ਕਰਨ ਦਾ ਵਿਚਾਰ ਰੱਖ ਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨਾਂ ਦਾ ਵੇਰਵਾ ਕੀ ਹੈ ?

ਡਾਕਟਰ ਕੇਵਲ ਕ੍ਰਿਸ਼ਨ (ਵਿੱਤ ਮੰਤਰੀ): ਨਹੀਂ ਜੀ।

---

### ਰਾਜ ਵਿੱਚ ਆਯੁਰਵੈਦਿਕ ਕਾਲਜਾਂ ਦੀ ਗਿਣਤੀ

*1750. (ਸੀ.ਯੂ.) (1) ਸਰਦਾਰ ਜਗਤਾਰ ਸਿੰਘ ਮੁਲਤਾਨੀ
(2) ਸਰਦਾਰ ਅਵਤਾਰ ਸਿੰਘ ਬਰਾੜ : ਕੀ ਸਿਹਤ ਅਤੇ

ਪਰਿਵਾਰ ਭਲਾਈ ਮੰਤਰੀ ਕਿਰਪਾ ਕ੍ਰਰਕੇ ਦੱਸਣਗੇ ਕਿ --

(ੳ) 31 ਦਸੰਬਰ, 1993 ਨੂੰ ਰਾਜ ਵਿਚ ਚੱਲ ਰਹੇ ਮਾਨਤਾ-ਪ੍ਰਾਪਤ ਆਯੂਰਵੈਦਿਕ ਕਾਲਜਾਂ ਦੀ ਗਿਣਤੀ ਕਿੰਨੀ ਸੀ ਅਤੇ ਉਹ ਕਿਥੇ-ਕਿਥੇ ਸਥਿਤ ਹਨ ਅਤੇ 31 ਦਸੰਬਰ, 1993 ਨੂੰ ਅਜਿਹੇ ਹਰ ਇਕ ਕਾਲਜ ਵਿਚ ਵਿਦਿਆਰਥੀਆਂ ਦੀ ਗਿਣਤੀ ਕਿੰਨੀ-ਕਿੰਨੀ ਸੀ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਸਾਰੇ ਕਾਲਜ ਰਾਜ ਦੀਆਂ ਯੂਨੀਵਰਸਿਟੀਆਂ ਨਾਲ ਸਬੰਧਤ ਹਨ ?

ਸ੍ਰੀ ਬ੍ਰਹਮ ਮਹਿੰਦਰਾ (ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ) : (ੳ) 31 ਦਸੰਬਰ, 1993 ਨੂੰ ਰਾਜ ਵਿਚ ਚੱਲ ਰਹੇ ਮਾਨਤਾ ਪ੍ਰਾਪਤ ਆਯੂਰਵੈਦਿਕ ਕਾਲਜਾਂ ਦੀ ਗਿਣਤੀ 4 ਸੀ ਅਤੇ ਉਹ ਪਟਿਆਲਾ ਅੰਮ੍ਰਿਤਸਰ, ਜਲੰਧਰ ਅਤੇ ਮੋਗਾ ਵਿਖੇ ਸਥਿਤ ਹਨ। ਮਿਤੀ 31 ਦਸੰਬਰ, 1993 ਨੂੰ ਇਹਨਾਂ ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਹੇਠ ਦਰਸਾਏ ਅਨੁਸਾਰ ਸੀ : --

| | | | |
|---|---|---|---|
| 1. | ਸਰਕਾਰੀ ਆਯੂਰਵੈਦਿਕ ਕਾਲਜ, ਪਟਿਆਲਾ | ... | 167 |
| 2. | ਸ੍ਰੀ ਲਕਸ਼ਮੀ ਨਰਾਇਣ ਆਯੂਰਵੈਦਿਕ ਕਾਲਜ, ਅੰਮ੍ਰਿਤਸਰ | ... | 233 |
| 3. | ਦਯਾ ਨੰਦ ਆਯੂਰਵੈਦਿਕ ਕਾਲਜ, ਜਲੰਧਰ | ... | 240 |
| 4. | ਸ੍ਰੀ ਸਤਿਆ ਸਾਈਂ ਮੁਰਲੀਧਰ ਆਯੂਰਵੈਦਿਕ ਕਾਲਜ, ਮੋਗਾ, ਜ਼ਿਲ੍ਹਾ ਫਰੀਦਕੋਟ | | 242 |

(ਅ) ਹਾਂ ਜੀ।

---

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਉਦਯੋਗਿਕ ਫੋਕਲ ਪੁਆਇੰਟਾਂ ਦੀ ਗਿਣਤੀ

*1751. (ਸੀ.ਯੂ.) (1) ਸਰਦਾਰ ਜਗਤਾਰ ਸਿੰਘ ਮੁਲਤਾਨੀ
(2) ਸਰਦਾਰ ਮਲਕੀਤ ਸਿੰਘ
(3) ਸਰਦਾਰ ਅਵਤਾਰ ਸਿੰਘ ਬਰਾੜ } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ 31 ਦਸੰਬਰ, 1993 ਨੂੰ ਰਾਜ ਵਿਚ ਉਦਯੋਗਿਕ ਫੋਕਲ ਪੁਆਇੰਟਾਂ ਦੀ ਗਿਣਤੀ ਕਿੰਨੀ ਸੀ ਅਤੇ ਅਜਿਹੇ ਫੋਕਲ ਪੁਆਇੰਟਾਂ ਦੀ ਗਿਣਤੀ ਕਿੰਨੀ ਹੈ ਜਿਨਾਂ ਦੇ ਚਾਲੂ ਸਾਲ ਦੇ ਦੌਰਾਨ ਖੋਲ੍ਹੇ ਜਾਣ ਦਾ ਵਿਚਾਰ ਹੈ?

ਸਰਦਾਰ ਬੇਅੰਤ ਸਿੰਘ: ਪੰਜਾਬ ਰਾਜ ਵਿਚ ਮਿਤੀ 31 ਦਸੰਬਰ, 1993 ਤੱਕ 17 ਫੋਕਲ ਪੁਆਇੰਟ ਸਥਾਪਿਤ ਕੀਤੇ ਜਾ ਚੁੱਕੇ ਹਨ ਅਤੇ ਇਸ ਸਾਲ 5 ਨਵੇਂ ਫੋਕਲ ਪੁਆਇੰਟ ਸਥਾਪਿਤ ਕੀਤੇ ਜਾਣਗੇ।

### ਅਨੈਕਸਚਰ 'ੲ'

### ਪੰਜਾਬ ਰਾਜ ਵਿਚ ਮਿਤੀ 31 ਦਸੰਬਰ, 1993 ਤੱਕ ਸਥਾਪਿਤ ਕੀਤੇ ਗਏ ਫੋਕਲ ਪੁਆਇੰਟਾਂ ਦੀ ਸੂਚੀ

ਕ੍ਰਮ ਨੰ: ਫੋਕਲ ਪੁਆਇੰਟਾਂ ਦਾ ਨਾਉਂ

1. ਢੰਡਾਰੀ ਕਲਾਂ ਫੇਜ਼ 4, 4ੲ, 5, 6 ਅਤੇ 7 ।
2. ਐਸ:ੲ:ਐਸ: ਨਗਰ ਫੇਜ਼ 7, 9, ਅਤੇ 9 (ਐਕਸਪੈਂਸ਼ਨ) ।
3. (ੲ) ਜਲੰਧਰ ਫੋਕਲ ਪੁਆਇੰਟ।
   (ਬੀ) ਜਲੰਧਰ (ਐਕਸਪੈਂਸ਼ਨ)।
   (ਸੀ) ਸਪੋਰਟਸ ਗੁਡਜ਼ ਕੰਪਲੈਕਸ, ਜਲੰਧਰ।
4. ਅੰਮ੍ਰਿਤਸਰ
5. (ੲ) ਬਠਿੰਡਾ (ਨਵਾਂ)
   (ਬੀ) ਬਠਿੰਡਾ (ਪੁਰਾਣਾ)
6. ਮੋਗਾ
7. ਕੋਟਕਪੂਰਾ
8. ਨਵਾਂ ਸ਼ਹਿਰ
9. ਨਾਭਾ
10. ਬਟਾਲਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਕ੍ਰਮ ਨੰ: | ਫੋਕਲ ਪੁਆਇੰਟਾਂ ਦਾ ਨਾਉਂ |
|---|---|
| 11. | ਹੁਸ਼ਿਆਰਪੁਰ |
| 12. | ਸੰਗਰੂਰ |
| 13. | ਤਰਨ ਤਾਰਨ |
| 14. | ਖੰਨਾ |
| 15. | ਡੇਰਾ ਬਸੀ |
| 16. | ਰਾਜਪੁਰਾ |
| 17. | ਚਨਾਲੋਂ |

## ਅੱਤਵਾਦ ਤੋਂ ਪ੍ਰਭਾਵਤ ਵਿਧਵਾ ਪੈਨਸ਼ਨ ਪ੍ਰਾਪਤ ਕਰਤਾ ਵਿਧਵਾਵਾਂ ਦੀ ਗਿਣਤੀ

*1752. (ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਖਾੜਕੂਆਂ ਦੁਆਰਾ ਮਾਰੇ ਗਏ ਵਿਅੱਕਤੀਆਂ ਦੀਆਂ ਉਨ੍ਹਾਂ ਵਿਧਵਾਵਾਂ ਦੀ ਜਿਲ੍ਹਾ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਜਿਨ੍ਹਾਂ ਨੂੰ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਪੈਨਸ਼ਨਾਂ ਦਿੱਤੀਆਂ ਸਨ ?

ਸਰਦਾਰ ਬੇਅੰਤ ਸਿੰਘ:

| ਸਾਲ | ਵਿਧਵਾਵਾਂ ਦੀ ਗਿਣਤੀ ਜਿਨ੍ਹਾਂ ਨੂੰ ਪੈਂਨਸ਼ਨ ਦਿੱਤੀ ਗਈ |
|---|---|
| 1991 | 2826 |
| 1992 | 1389 |
| 1993 | 624 |
| ਕੁਲ ਜੋੜ | 3839 |

## ਰਾਜ ਸਰਕਾਰ ਦੇ ਅਫਸਰਾਂ ਨੂੰ ਰਾਸ਼ਟਰੀ ਪੁਰਸਕਾਰ ਦੇਣਾ

*1754. (ਸੀ.ਯੂ.) (1) ਸਰਦਾਰ ਜਗਤਾਰ ਸਿੰਘ ਮੁਲਤਾਨੀ
(2) ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ } : ਕੀ

ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਪਦਮ ਸ਼੍ਰੀ/ਪਦਮਾਂਵਿਭੂਸ਼ਨ ਵਰਗੇ ਰਾਸ਼ਟਰੀ ਪੁਰਸਕਾਰਾਂ ਲਈ ਰਾਜ ਸਰਕਾਰ ਦੁਆਰਾ ਸਾਲ-ਵਾਰ ਸਿਫਾਰਸ਼ ਕੀਤੇ ਗਏ ਅਫਸਰਾਂ ਦੇ ਨਾਂ ਕੀ ਕੀ ਹਨ ਅਤੇ ਇਸ ਲਈ ਕੀ ਕਸੌਟੀ ਅਪਣਾਈ ਗਈ ਹੈ ਅਤੇ ਉਨਾਂ ਅਫਸਰਾਂ ਦੇ ਨਾਂ ਕੀ ਕੀ ਹਨ ਜਿਨਾਂ ਨੂੰ ਉਕਤ ਸਮੇਂ ਦੇ ਦੌਰਾਨ ਅਜਿਹੇ ਪੁਰਸਕਾਰ ਦਿੱਤੇ ਗਏ ਹਨ ?

Original with;
Punjab Vidhan Sabha
Digitized by;
Panjab Digital Library

ਸਰਦਾਰ ਬੇਅੰਤ ਸਿੰਘ: ਪਿਛਲੇ ਤਿੰਨ ਸਾਲਾਂ ਦੌਰਾਨ ਜਿਨ੍ਹਾਂ ਸਰਕਾਰੀ ਅਫਸਰਾਂ ਨੂੰ ਰਾਜ ਸਰਕਾਰ ਵਲੋਂ ਪਦਮ ਸ੍ਰੀ/ਪਦਮ ਵਿਭੂਸ਼ਨ ਵਰਗੇ ਰਾਸ਼ਟਰੀ ਪੁਰਸਕਾਰ ਦੇਣ ਦੀ ਸਿਫਾਰਸ਼ ਕੀਤੀ ਗਈ ਹੈ ਉਨ੍ਹਾਂ ਸਬੰਧੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅਜਿਹੇ ਪੁਰਸਕਾਰ ਦੇਣ ਲਈ ਅਪਨਾਈ ਜਾਣ ਵਾਲੀ ਕਸੌਟੀ ਅਤੇ ਕੰਮ ਕਾਰਜ ਦਾ ਖੇਤਰ ਇਸ ਅਨੁਸਾਰ ਹੈ:--

(ੳ) ਕਲਾ (ਜਿਵੇਂ ਕਿ ਲੋਕ ਕਲਾ, ਸੰਗੀਤ, ਚਿੱਤਰਕਾਰੀ, ਭਵਨ ਨਿਰਮਾਣ, ਬੁੱਤ ਤਰਾਸ਼ੀ, ਫੋਟੋਗ੍ਰਾਫੀ) ;

(ਅ) ਸਮਾਜਕ ਕੰਮ;

(ੲ) ਲੋਕ ਹਿੱਤ (ਜਿਵੇਂ ਕਿ ਕਾਨੂੰਨ ਅਤੇ ਜਨ-ਜੀਵਨ);

(ਸ) ਵਿਗਿਆਨ, ਇੰਜੀਨੀਅਰਿੰਗ, ਤਕਨੀਕੀ ਅਤੇ ਕਿੱਤਾ ਮਾਹਿਰ ;

(ਹ) ਸਾਹਿਤ ਅਤੇ ਸਿੱਖਿਆ, ਜਨਰਲਿਜ਼ਮ ;

(ਕ) ਵਪਾਰ ਅਤੇ ਉਦਯੋਗ (ਜਿਵੇਂ ਕਿ ਬੈਂਕਿੰਗ, ਸੈਰ ਸਪਾਟਾ, ਹਸਤਕਲਾ ਆਦਿ) ;

(ਖ) ਦਵਾਈਆਂ ;

(ਗ) ਸਿਵਲ ਸੇਵਾਵਾਂ;

(ਘ) ਖੇਡਾਂ, ਅਥਲੈਟਿਕਸ ਅਤੇ ਸਾਹਿਸੀ ਕਾਰਨਾਮੇ।

ਉਪਰੋਕਤ ਖੇਤਰਾਂ ਵਿੱਚ ਕੰਮ ਕਰਨ ਵਾਲੇ ਵਿਅਕਤੀਆਂ ਦੇ ਸਿਫਾਰਸ਼ ਕੀਤੇ ਨਾਮ ਮੰਤਰੀ ਸਾਹਿਬਾਨ/ਕਮਿਸ਼ਨਰ/ਡਿਪਟੀ ਕਮਿਸ਼ਨਰ, ਪ੍ਰਬੰਧਕੀ ਸਕੱਤਰ ਅਤੇ ਵਿਭਾਗਾਂ ਦੇ ਮੁੱਖੀਆਂ ਪਾਸੋਂ ਪ੍ਰਾਪਤ ਹੋਣ ਉਪਰੰਤ ਇਨਾਂ ਦੀ ਪੜਚੋਲ ਉਚ ਅਧਿਕਾਰੀਆਂ ਦੀ ਕਮੇਟੀ/ਮੁੱਖ ਮੰਤਰੀ ਜੀ ਦੀ ਪੱਧਰ ਤੇ ਕੀਤੀ ਜਾਂਦੀ ਹੈ। ਇਹ ਤੋਂ ਬਾਅਦ ਉਨਾਂ ਵਲੋਂ ਸੁਝਾਏ ਯੋਗ ਅਫਸਰਾਂ ਦੇ ਨਾਮ ਰਾਜ ਸਰਕਾਰ ਵਲੋਂ ਭਾਰਤ ਸਰਕਾਰ ਨੂੰ ਭੇਜ ਦਿੱਤੇ ਜਾਂਦੇ ਹਨ ਅਤੇ ਅੰਤਮ ਫੈਸਲਾ ਭਾਰਤ ਸਰਕਾਰ ਵਲੋਂ ਕੀਤਾ ਜਾਂਦਾ ਹੈ।

ਸਾਲ 1991 ਦੌਰਾਨ ਕਿਸੇ ਸਰਕਾਰੀ ਅਫਸਰ ਨੂੰ ਅਜਿਹਾ ਰਾਸ਼ਟਰੀ ਪੁਰਸਕਾਰ ਨਹੀਂ ਮਿਲਿਆ ਅਤੇ ਸਾਲ 1992 ਵਿੱਚ ਸ੍ਰੀ ਖੇਮ ਸਿੰਘ ਗਿੱਲ, ਵਾਈਸ ਚਾਂਸਲਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੂੰ 'ਪਦਮ ਵਿਭੂਸ਼ਨ' ਅਤੇ ਸਾਲ 1993 ਵਿੱਚ ਸ੍ਰੀਮਤੀ ਨਿਰਮਲ ਕਾਂਤਾ (ਮਰਨ ਉਪਰੰਤ) ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰਾਜਪੁਰਾ ਨੂੰ 'ਕੀਰਤੀ ਚੱਕਰ' ਨਾਲ ਸਨਮਾਨਿਤ ਕੀਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਪਿਛਲੇ ਤਿੰਨ ਸਾਲਾਂ ਦੌਰਾਨ ਜਿਨ੍ਹਾਂ ਸਰਕਾਰੀ ਅਫਸਰਾਂ ਨੂੰ ਰਾਜ ਸਰਕਾਰ ਵਲੋਂ ਪਦਮ ਵਿਭੂਸ਼ਨ ਵਰਗੇ ਰਾਸ਼ਟਰੀ ਅਵਾਰਡ ਦੇਣ ਦੀ ਸਿਫਾਰਸ਼ ਕਰਨ ਸਬੰਧੀ ਵਰ੍ਹੇਵਾਰ ਸੂਚੀ ।

**ਸਾਲ 1991**

| | | |
|---|---|---|
| 1. | ਡਾਕਟਰ ਹਰਬੰਸ ਲਾਲ ਉੱਪਲ<br>ਪ੍ਰੋਫੈਸਰ ਡਿਪਾਰਟਮੈਂਟ ਆਫ ਸੁਆਇਲ,<br>ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ। | ਪਦਮ ਸ੍ਰੀ ਅਵਾਰਡ ਲਈ ਨਾਂ ਸਿਫਾਰਸ਼ ਕੀਤਾ ਗਿਆ। |
| 2. | ਸ੍ਰੀ ੳ.ਪੀ. ਸ਼ਰਮਾ, ਆਈ.ਪੀ.ਐਸ.<br>ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ,<br>ਪੰਜਾਬ | —ੳਕਤ— |

**ਸਾਲ 1992**

| | | |
|---|---|---|
| 1. | ਸ੍ਰੀ ਖੇਮ ਸਿੰਘ ਗਿੱਲ,<br>ਵੀ.ਸੀ. ਪੰਜਾਬ ਐਗਰੀਕਲਚਰ ਯੂਨੀਵਰਸਿਟੀ,<br>ਲੁਧਿਆਣਾ | ਪਦਮ ਵਿਭੂਸ਼ਨ ਅਵਾਰਡ ਲਈ ਨਾਂ ਸਿਫਾਰਸ਼ ਕੀਤਾ ਗਿਆ । |
| 2. | ਸ੍ਰੀ ੳ.ਪੀ. ਸ਼ਰਮਾ, ਆਈ.ਪੀ.ਐਸ.<br>ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ,<br>ਪੰਜਾਬ | ਪਦਮ ਸ੍ਰੀ ਅਵਾਰਡ ਲਈ ਨਾਂ ਸਿਫਾਰਸ਼ ਕੀਤਾ ਗਿਆ। |
| 3. | ਲੇਟ ਸ੍ਰੀਮਤੀ ਨਿਰਮਲ ਕਾਂਤਾ,<br>ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,<br>ਰਾਜਪੁਰਾ, ਜਿਲ੍ਹਾ ਪਟਿਆਲਾ | ਕੀਰਤੀ ਚੱਕਰ ਅਵਾਰਡ ਲਈ ਨਾਂ ਸਿਫਾਰਸ਼ ਕੀਤਾ ਗਿਆ। |

**ਸਾਲ 1993**

| | | |
|---|---|---|
| 1. | ਲੇਟ ਸ੍ਰੀ ਏ.ਕੇ. ਮਿਸ਼ਰਾ, ਆਈ.ਏ.ਐਸ<br>ਸਾਬਕਾ ਕਮਿਸ਼ਨਰ,<br>ਐਕਸਾਈਜ਼ ਐਂਡ ਟੈਕਸੇਸ਼ਨ, ਪੰਜਾਬ | ਪਦਮ ਸ੍ਰੀ ਅਵਾਰਡ ਲਈ ਨਾਂ ਸਿਫਾਰਸ਼ ਕੀਤਾ ਗਿਆ । |
| 2. | ਸ੍ਰੀ ੳ.ਪੀ. ਸ਼ਰਮਾ,ਆਈ.ਪੀ.ਐਸ.<br>ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ<br>ਪੰਜਾਬ । | —ਉਪਰੋਕਤ— |

Original with;
Punjab Vidhan Sabha
Digitized by;
Panjab Digital Library

## ਐਸ.ਏ.ਐਸ. ਨਗਰ ਮੁਹਾਲੀ ਵਿਖੇ ਕ੍ਰਿਕਟ ਸਟੇਡੀਅਮ ਦੀ ਉਸਾਰੀ

*1755. (ਸੀ.ਯੂ.) **ਸਰਦਾਰ ਹਰਨੇਕ ਸਿੰਘ** : ਕੀ ਯੁਵਕ ਭਲਾਈ ਅਤੇ ਖੇਡਾਂ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਐਸ.ਏ.ਐਸ. ਨਗਰ ਮੁਹਾਲੀ ਵਿਖੇ; ਕ੍ਰਿਕਟ ਸਟੇਡੀਅਮ ਬਣਾਉਣ ਲਈ ਪੰਜਾਬ ਕ੍ਰਿਕਟ ਐਸੋਸੀਏਸ਼ਨ ਨੂੰ ਹੁਣ ਤੱਕ ਸਰਕਾਰੀ ਗਰਾਂਟ ਵਜੋਂ ਕਿੰਨੀ ਰਕਮ ਵੰਡੀ ਗਈ ਹੈ ?

**ਸ੍ਰੀ ਮਹਿੰਦਰ ਸਿੰਘ ਕੇ.ਪੀ.** : ਪੰਜਾਬ ਕ੍ਰਿਕਟ ਐਸੋਸੀਏਸ਼ਨ ਨੂੰ ਐਸ.ਏ.ਐਸ. ਨਗਰ ਮੁਹਾਲੀ ਵਿਖੇ ਕ੍ਰਿਕਟ ਸਟੇਡੀਅਮ ਦੀ ਉਸਾਰੀ ਲਈ 15.00 ਲੱਖ ਰੁਪਏ ਦੀ ਗਰਾਂਟ ਦਿਤੀ ਗਈ ਹੈ ।

## ਖੇਡਾਂ ਲਈ ਬਜਟ ਐਲੋਕੇਸ਼ਨ

*1763. (ਸੀ.ਯੂ.) (1) **ਸ੍ਰੀ ਵਿਜੇ ਕੁਮਾਰ ਸਾਥੀ**
(2) **ਕਾਮਰੇਡ ਤਰਸੇਮ ਜੋਧਾਂ** } : ਕੀ ਖੇਡਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਖੇਡਾਂ ਦਾ ਪੱਧਰ ਉਚਾ ਚੁਕਣ ਲਈ ਮਾਲੀ ਸਾਲ 1992-93 ਦੇ ਦੌਰਾਨ ਸਰਕਾਰ ਦੁਆਰਾ ਕੀਤੀ ਗਈ ਬਜਟ ਐਲੋਕੇਸ਼ਨ ਦੇ ਵੇਰਵੇ ਕੀ ਹਨ ?

**ਸ੍ਰੀ ਮਹਿੰਦਰ ਸਿੰਘ ਕੇ.ਪੀ.** : ਵਿਵਰਣ ਸਦਨ ਦੀ ਮੇਜ ਤੇ ਰੱਖਿਆ ਜਾਂਦਾ ਹੈ ।

ਸਾਲ 1992-93 ਦੌਰਾਨ ਸਪੋਰਟਸ ਵਿਭਾਗ ਨੂੰ ਹੇਠ ਲਿਖੀ ਬਜਟ ਐਲੋਕੇਸ਼ਨ ਸਰਕਾਰ ਵਲੋਂ ਕੀਤੀ ਗਈ ਸੀ :—

| "ੳ" ਪਲਾਨ ਸਕੀਮ | | (ਰੁਪਏ ਲੱਖਾਂ ਵਿੱਚ) |
|---|---|---|
| 1. ਕੋਚਿੰਗ ਸਕੀਮ | .. | 7.20 |
| 2. ਕੰਪੀਟੀਸ਼ਨ ਸਕੀਮ | .. | 10.00 |
| 3. ਸਕਾਲਰਸ਼ਿਪ ਸਕੀਮ | .. | 4.02 |
| 4. ਸਪੋਰਟਸ ਇਕੂਪਮੈਂਟ | .. | 9.00 |
| 5. ਗਰਾਂਟ ਇਨ ਏਡ ਟੂ ਪੰਜਾਬ ਸਟੇਟ ਸਪੋਰਟਸ ਕੌਂਸਲ ਅਧੂਰੇ ਸਟੇਡੀਅਮ ਨੂੰ ਪੂਰਾ ਕਰਨ ਅਤੇ ਉਨ੍ਹਾਂ ਦੇ ਰੱਖ ਰੱਖਾਵ ਲਈ ਮਾਲੀ ਸਹਾਇਤਾ | .. | 14.00 |

Original with;
Punjab Vidhan Sabha
Digitized by;
Panjab Digital Library

[ਖੇਡਾਂ ਦੇ ਰਾਜ ਮੰਤਰੀ]

"ੳ" ਪਲਾਨ ਸਕੀਮ

| | | (ਰੁਪਏ ਲੱਖਾਂ ਵਿੱਚ) |
|---|---|---|
| 6. | ਐਸ.ਪੀ.ਡੀ.ਏ. ਸੈਂਟਰ (ਸਪੋਰਟਸ ਪਰੋਜੈਕਟ ਡਿਵੈਲਪਮੈਂਟ ਏਰੀਆ ਸੈਂਟਰ) .. | 16.40 |
| 7. | ਹਾਕੀ ਅਕਾਡਮੀ, ਜਲੰਧਰ .. | 5.00 |
| 8. | ਪਿੰਡ ਪੱਧਰ ਦੇ ਖੇਡ ਮੈਦਾਨ .. | 110.00 |
| 9. | ਬਲਾਕ ਲੈਵਲ ਖੇਡ ਮੈਦਾਨ .. | 50.00 |
| 10. | ਜ਼ਿਲ੍ਹਾ ਲੈਵਲ ਸਟੇਡੀਅਮ .. | 21.00 |
| 11. | ਸਪੋਰਟਸ ਕੰਪਲੈਕਸ ਐਟ ਮੁਹਾਲੀ .. | 153.38 |
| | ਜੋੜ .. | 400.00 |

'ਅ' ਨਾਨ ਪਲਾਨ ਸਕੀਮ

(I) 001—ਦਿਸ਼ਾ ਅਤੇ ਪ੍ਰਸ਼ਾਸਨ

01—ਦਿਸ਼ਾ ਅਤੇ ਪ੍ਰਸ਼ਾਸਨ

| | | (ਰੁਪਏ ਲੱਖਾਂ ਵਿੱਚ) |
|---|---|---|
| 1. | ਤਨਖਾਹਾਂ .. | 160.00 |
| 2. | ਉਜਰਤਾਂ .. | 0.40 |
| 3. | ਸਫਰ ਭੱਤੇ .. | 1.80 |
| 4. | ਦਫ਼ਤਰੀ ਖਰਚੇ .. | 0.95 |
| 5. | ਪੈਟਰੋਲ ਆਦਿ .. | 0.15 |
| 6. | ਕਿਰਾਏ, ਦਰ ਅਤੇ ਕਰ | 0.30 |
| 7. | ਵਿਗਿਆਪਨ ਅਤੇ ਪਰਚਾਰ .. | 0.05 |
| 8. | ਹੋਰ ਖਰਚੇ .. | 0.09 |

Original with;
Punjab Vidhan Sabha
Digitized by;
Panjab Digital Library

| "ਉ" ਪਲਾਨ ਸਕੀਮ | | (ਰੁਪਏ ਲੱਖਾਂ ਵਿੱਚ) |
|---|---|---|
| 9. | ਡਾਕਟਰੀ ਖਰਚੇ ਦੀ ਪ੍ਰਤੀਪੂਰਤੀ .. | 0.30 |
| 10. | ਵਰਦੀਆਂ .. | 0.55 |
| 11. | ਡਿਗਰੀਆਂ ਖਰਚੇ .. | 1.02 |
| 12. | ਮਸ਼ੀਨਰੀ ਅਤੇ ਇਕੁਪਮੈਂਟ .. | 0.05 |
| 13. | ਵਜੀਫੇ .. | 2.10 |
| 14. | ਪੰਜਾਬ ਸਟੇਟ ਸਪੋਰਟਸ ਕੌਂਸਲ ਨੂੰ ਅਮਲੇ ਦੇ ਖਰਚੇ ਲਈ ਮਾਲੀ ਸਹਾਇਤਾ .. | 28.90 |
| | ਜੋੜ .. | 196.66 |
| (II) | ਕੋਚਿੰਗ ਸਕੀਮ | |
| 1. | ਤਨਖਾਹਾਂ .. | 11.60 |
| 2. | ਉਜਰਤਾਂ .. | 0.10 |
| 3. | ਸਫਰ ਭੱਤੇ .. | 0.10 |
| 4. | ਦਫ਼ਤਰੀ ਖਰਚੇ .. | 1.10 |
| 5. | ਪੈਟਰੋਲ ਆਦਿ .. | 0.15 |
| 6. | ਹੋਰ ਖਰਚੇ .. | 3.25 |
| 7. | ਡਾਕਟਰੀ ਖਰਚੇ ਦੀ ਪ੍ਰਤੀਪੂਰਤੀ .. | 0.04 |
| 8. | ਵਰਦੀਆਂ .. | 0.04 |
| 9. | ਕੰਪੀਟੀਸ਼ਨ ਸਕੀਮ—ਹੋਰ ਖਰਚੇ .. | 3.00 |
| 10. | ਖੇਡ ਵਜੀਫੇ .. | 9.00 |
| 11. | ਖੇਡਾਂ ਦੇ ਸਮਾਨ ਦੀ ਖਰੀਦ .. | 6.60 |
| | ਜੋੜ .. | 34.98 |
| | ਜੋੜ ਨਾਨ-ਪਲਾਨ ਬਜਟ .. | 231.64 |
| | ਕੁਲ ਬਜਟ (ਪਲਾਨ ਅਤੇ ਨਾਨ-ਪਲਾਨ) .. | 631.64 |

Original with;
Punjab Vidhan Sabha
Digitized by;
Panjab Digital Library

### ਸਰੀਰਕ ਸਿੱਖਿਆ ਦਾ ਵਿਸ਼ਾ

*1764. (ਸੀ.ਯੂ.) (1) ਸ੍ਰੀ ਵਿਜੇ ਕੁਮਾਰ ਸਾਥੀ
(2) ਕਾਮਰੇਡ ਤਰਸੇਮ ਜੋਧਾਂ } ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਖੇਡਾਂ ਦੇ ਵਿਕਾਸ ਅਤੇ ਬੱਚਿਆਂ ਦੇ ਸਰੀਰਕ ਵਿਕਾਸ ਲਈ ਪ੍ਰਾਇਮਰੀ ਪੱਧਰ ਤੋਂ ਸਰੀਰਕ ਸਿੱਖਿਆ ਦਾ ਵਿਸ਼ਾ ਲਾਗੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਲਖਮੀਰ ਸਿੰਘ ਰੰਧਾਵਾ** : ਨਹੀਂ ਜੀ।

---

### ਜ਼ਿਲ੍ਹਾ ਸਦਰ-ਮੁਕਾਮਾਂ ਤੇ ਲੋਕ ਕਾਰਜ ਵਿਭਾਗ (ਭਵਨ ਅਤੇ ਸੜਕਾਂ) ਦੇ ਸਰਕਲ ਅਤੇ ਮੰਡਲ ਦਫਤਰਾਂ ਦੀ ਸਥਾਪਨਾ

*1765. (ਸੀ.ਯੂ.) **ਸਰਦਾਰ ਸ਼ਮਸ਼ੇਰ ਸਿੰਘ ਰਾਏ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਜ਼ਿਲ੍ਹਾ ਸਦਰ ਮੁਕਾਮਾਂ ਤੇ ਲੋਕ ਨਿਰਮਾਣ ਵਿਭਾਗ (ਭਵਨ ਅਤੇ ਸੜਕਾਂ) ਦੇ ਸਰਕਲ ਅਤੇ ਮੰਡਲ ਦਫਤਰ ਸਥਾਪਿਤ ਕੀਤੇ ਗਏ ਹਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ?

**ਸਰਦਾਰ ਬੇਅੰਤ ਸਿੰਘ** : ਨਹੀਂ ਜੀ।

ਸਾਰੇ ਜ਼ਿਲ੍ਹਾ ਸਦਰ-ਮੁਕਾਮਾਂ ਤੇ ਲੋਕ ਕਾਰਜ ਵਿਭਾਗ (ਭਵਨ ਤੇ ਸੜਕਾਂ) ਦੇ ਮੰਡਲ ਦਫਤਰ ਸਥਾਪਤ ਹਨ, ਪਰੰਤੂ ਸਰਕਲ ਦਫਤਰ ਹਾਲਾਂ ਸਥਾਪਿਤ ਨਹੀਂ ਕੀਤੇ ਗਏ। ਰਾਜ ਦੇ 14 ਜ਼ਿਲ੍ਹਿਆਂ ਵਿਚੋਂ 9 ਜ਼ਿਲ੍ਹਿਆਂ ਦੇ ਸਦਰ ਮੁਕਾਮਾਂ ਤੇ ਸਰਕਲ ਦਫਤਰ ਸਥਾਪਤ ਹਨ। ਤਿੰਨ ਜ਼ਿਲ੍ਹਿਆਂ ਵਿਚ ਕੋਈ ਸਰਕਲ ਦਫਤਰ ਨਹੀਂ ਹੈ। ਜ਼ਿਲ੍ਹਾ ਗੁਰਦਾਸਪੁਰ ਦਾ ਸਰਕਲ ਦਫਤਰ ਦਾ ਸਦਰ ਮੁਕਾਮ ਗੁਰਦਾਸਪੁਰ ਦੀ ਬਜਾਏ ਪਠਾਨਕੋਟ ਵਿਖੇ ਹੈ, ਜਿਹੜਾ ਕਿ ਇਸ ਜ਼ਿਲ੍ਹੇ ਦਾ ਹੀ ਮਹੱਤਵਪੂਰਨ ਸ਼ਹਿਰ ਹੈ। ਇਸ ਸ਼ਹਿਰ ਦੀ ਮਹੱਤਤਾ ਨੂੰ ਬਰਕਰਾਰ ਰੱਖਣ ਲਈ ਹੀ ਕੁਝ ਦਫਤਰ ਇਥੇ ਖੋਲ੍ਹੇ ਗਏ ਹਨ। ਜ਼ਿਲ੍ਹਾ ਰੋਪੜ ਦਾ ਸਰਕਲ ਦਫਤਰ, ਚੰਡੀਗੜ੍ਹ ਵਿਖੇ ਹੈ। ਇਸ ਹਲਕੇ ਦਾ ਸਦਰ ਮੁਕਾਮ, ਚੰਡੀਗੜ੍ਹ ਤਾਂ ਸਥਾਪਤ ਕੀਤਾ ਗਿਆ ਹੈ ਕਿਉਂ ਜੋ ਸਰਕਲ ਦੇ ਨਿਗਰਾਨ ਇੰਜੀਨੀਅਰ ਨੂੰ ਰਾਜ ਦੇ ਮੰਤਰੀਆਂ ਦੀਆਂ ਕੋਠੀਆਂ ਪੰਜਾਬ ਵਿਧਾਨ ਸਭਾ ਦੀ ਇਮਾਰਤ, ਪੰਜਾਬ ਸਿਵਲ ਸਕੱਤਰੇਤ ਦੀ ਇਮਾਰਤ ਅਤੇ ਹੋਰ ਮਹੱਤਵਪੂਰਨ ਇਮਾਰਤਾਂ ਦੀ ਦੇਖ-ਰੇਖ ਸਬੰਧੀ ਰਾਜ ਦੇ ਮੁੱਖ ਸਕੱਤਰ ਅਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਤਾਲ-ਮੇਲ ਰੱਖਣਾ ਪੈਂਦਾ ਹੈ।

ਰਾਜ ਦੇ ਕੰਮਾਂ ਨੂੰ ਕਰਨ ਵਾਲੇ ਫੀਲਡ ਦੇ ਮਹਿਕਮਿਆਂ ਦੀ ਗਿਣਤੀ ਰਾਜ ਦੇ ਜ਼ਿਲ੍ਹਿਆਂ ਦੀ ਗਿਣਤੀ ਨਾਲੋਂ ਘੱਟ ਹੈ। ਇਸ ਲਈ ਜ਼ਿਲ੍ਹੇ ਦੇ ਹਰ ਸਦਰ ਮੁਕਾਮ ਤੇ ਸਰਕਲ ਦਫਤਰ ਦੀ ਸਥਾਪਨਾ ਕਰਨੀ ਸੰਭਵ ਨਹੀਂ। ਕਪੂਰਥਲਾ, ਫਤਿਹਗੜ੍ਹ ਸਾਹਿਬ ਅਤੇ ਮਾਨਸਾ ਤਿੰਨ ਜ਼ਿਲ੍ਹਿਆਂ

Original with;
Punjab Vidhan Sabha
Digitized by;
Panjab Digital Library

ਵਿਚ ਕੋਈ ਸਰਕਲ ਦਫਤਰ ਨਹੀਂ ਹੈ। ਫਿਰ ਵੀ ਰਾਜ ਵਿਚ ਹੋਰ ਸਰਕਲਾਂ ਦੀ ਰਚਨਾ ਕਰਨ ਸਬੰਧੀ ਪੰਜਾਬ ਸਰਕਾਰ ਪਾਸ ਤਜਵੀਜ਼ ਵਿਚਾਰ ਅਧੀਨ ਹੈ। ਇਸ ਤਜਵੀਜ਼ ਦੀ ਪ੍ਰਵਾਨਗੀ ਉਪਰੰਤ ਰਾਜ ਦੇ ਸਾਰੇ ਜ਼ਿਲ੍ਹਾ ਸਦਰ ਮੁਕਾਮਾਂ ਤੇ ਸਟੇਟ ਸਰਕਲਾਂ ਦੀ ਸਥਾਪਨਾ ਕਰਨ ਸਬੰਧੀ ਵਿਚਾਰ ਕੀਤਾ ਜਾਵੇਗਾ।

ਰਾਸ਼ਟਰੀ ਮਹਾਂ-ਮਾਰਗਾਂ ਦਾ ਕੰਮ ਕਰਨ ਸਬੰਧੀ ਰਾਜ ਵਿਚ ਪੰਜ ਹੋਰ ਸਰਕਲ ਹਨ। ਇਨ੍ਹਾਂ ਸਰਕਲਾਂ ਦੇ ਸਦਰ ਮੁਕਾਮ, ਸਵਾਏ ਸੈਂਟਰਲ ਵਰਕਸ ਸਰਕਲ, ਚੰਡੀਗੜ੍ਹ ਦੇ ਜ਼ਿਲ੍ਹਾ ਹੈਡ-ਕੁਆਟਰਾਂ ਤੇ ਹਨ, ਇਨ੍ਹਾਂ ਸਰਕਲਾਂ ਦੇ ਸਦਰ ਮੁਕਾਮ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਵਿਖੇ ਹਨ। ਇਨ੍ਹਾਂ ਸਰਕਲਾਂ ਦੇ ਸਦਰ ਮੁਕਾਮ, ਕੀਤੇ ਜਾਣ ਵਾਲੇ ਕੰਮਾਂ ਦੇ ਸਥਾਨ ਨੂੰ ਮੁੱਖ ਰੱਖਕੇ ਮੁਕੱਰਰ ਕੀਤੇ ਗਏ ਹਨ। ਇਹ ਕੰਮ ਮਨਿਸਟਰੀ ਆਫ ਸਰਫੇਸ ਟਰਾਂਸਪੋਰਟ ਦੀ ਸਲਾਹ ਨਾਲ ਹੱਥ ਵਿਚ ਲਏ ਜਾਂਦੇ ਹਨ।

---

## ਸੈਂਟਰਲ ਕੋਆਪਰੇਟਿਵ ਬੈਂਕ ਦੇ ਚੇਅਰਮੈਨ ਨੂੰ ਹਟਾਉਣਾ

*1766. **(ਸੀ.ਯੂ.) ਸ੍ਰੀਮਤੀ ਵਿਮਲਾ ਡਾਂਗ :** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਦਸੰਬਰ, 1993 ਜਾਂ ਜਨਵਰੀ, 1994 ਦੇ ਮਹੀਨੇ ਦੇ ਦੌਰਾਨ ਰਾਜ ਦੇ ਕਿਸੇ ਸੈਂਟਰਲ ਕੋਆਪਰੇਟਿਵ ਬੈਂਕ ਦੇ ਚੇਅਰਮੈਨ ਨੂੰ ਸਰਕਾਰ ਜਾਂ ਸਹਿਕਾਰਤਾ ਵਿਭਾਗ ਦੇ ਕਿਸੇ ਅਫਸਰ ਦੁਆਰਾ ਹਟਾਇਆ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਬੈਂਕ ਦਾ ਨਾਂ, ਚੇਅਰਮੈਨ ਨੂੰ ਹਟਾਉਣ ਦੀ ਮਿਤੀ ਅਤੇ ਇਸ ਦੇ ਕਾਰਣ ਕੀ ਹਨ ;

(ਅ) ਕੀ ਉਕਤ ਬੈਂਕ ਦੇ ਨਵੇਂ ਚੇਅਰਮੈਨ ਦੀ ਚੋਣ ਕਰ ਲਈ ਗਈ ਹੈ ; ਜੇਕਰ ਅਜਿਹਾ ਹੋਵੇ, ਤਾਂ ਚੋਣ ਕਿਸ ਮਿਤੀ ਨੂੰ ਹੋਈ ਅਤੇ ਨਵੇਂ ਚੇਅਰਮੈਨ ਦਾ ਨਾਂ ਅਤੇ ਪਤਾ ਕੀ ਹੈ ?

**ਸ੍ਰੀ ਸੱਜਣ ਕੁਮਾਰ ਜਾਖੜ:** (ੳ) ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਵਲੋਂ ਮਿਤੀ 12 ਜਨਵਰੀ, 1994 ਨੂੰ ਆਪਣੀ ਕਾਨੂੰਨੀ ਡਿਊਟੀ ਨਿਭਾਉਂਦੇ ਹੋਏ, ਦੀ ਅੰਮ੍ਰਿਤਸਰ ਸੈਂਟਰਲ ਸਹਿਕਾਰੀ ਬੈਂਕ ਲਿਮਟਿਡ ਦੇ ਚੇਅਰਮੈਨ ਨੂੰ ਹਟਾਇਆ ਗਿਆ ਸੀ।

(ਅ) ਇਹ ਦੱਸਿਆ ਜਾਂਦਾ ਹੈ ਕਿ ਨਵੇਂ ਚੇਅਰਮੈਨ ਸ੍ਰੀ ਗੁਰਚਰਨ ਸਿੰਘ ਵਾਸੀ ਸੋਹਲ ਠੱਠੀ, ਤਹਿਸੀਲ ਤਰਨ ਤਾਰਨ ਮਿਤੀ 17 ਜਨਵਰੀ, 1994 ਨੂੰ ਚੁਣ ਲਿਆ ਗਿਆ ਹੈ। ਇਹ ਮਾਮਲਾ ਅਦਾਲਤ ਕੋਲ ਹੈ ਅਤੇ ਮਾਨਯੋਗ ਹਾਈਕੋਰਟ ਵਿੱਚ ਫੈਸਲੇ ਲਈ ਪੈਂਡਿੰਗ ਹੈ।

---

Original with;
Punjab Vidhan Sabha
Digitized by;
Panjab Digital Library

**ਅਧੀਨ ਸੇਵਾਵਾਂ ਚੋਣ ਬੋਰਡ ਦੀ ਮੁੜ ਸਥਾਪਨਾ ਕਰਨਾ**

*1767. (ਸੀ.ਯੂ.) **ਸ੍ਰੀ ਵਿਜੇ ਕੁਮਾਰ ਸਾਥੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਨੂੰ ਮੁੜ ਸਥਾਪਿਤ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ, ਤਾਂ ਇਸ ਦੀ ਮੁੜ-ਸਥਾਪਨਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਪਿਛਲੀ ਵਾਰ ਇਹ ਕਿਸ ਮਿਤੀ ਨੂੰ ਭੰਗ ਕੀਤਾ ਗਿਆ ਸੀ ?

**ਸਰਦਾਰ ਬੇਅੰਤ ਸਿੰਘ :** ਅਧੀਨ ਸੇਵਾਵਾਂ ਚੋਣ ਬੋਰਡ ਨੂੰ ਮੁੜ ਸਥਾਪਤ ਕਰਨ ਬਾਰੇ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਪਿਛਲਾ ਅਧੀਨ ਸੇਵਾਵਾਂ ਚੋਣ ਬੋਰਡ ਮਿਤੀ 30 ਸਤੰਬਰ, 1985 ਨੂੰ ਭੰਗ ਕੀਤਾ ਗਿਆ ਸੀ।

— — —

**ਪੁਲਿਸ ਦੇ ਕਬਜ਼ੇ ਹੇਠੋਂ ਡਿਸਪੈਂਸਰੀਆਂ ਦੀਆਂ ਇਮਾਰਤਾਂ ਖਾਲੀ ਕਰਵਾਉਣਾ**

*1774. (ਸੀ.ਯੂ.) **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਗੁਰਦਾਸਪੁਰ ਵਿਚ ਬਲਾਕ ਸ੍ਰੀ ਹਰਗੋਬਿੰਦ ਪੁਰ ਵਿਚ ਇਸ ਸਮੇਂ ਚਲ ਰਹੀਆਂ ਕੁੱਲ ਕਿੰਨੀਆਂ ਸਰਕਾਰੀ ਡਿਸਪੈਂਸਰੀਆਂ ਹਨ ;

(ਅ) ਉਕਤ ਭਾਗ (ੳ) ਵਿਚ ਵਰਣਿਤ ਡਿਸਪੈਂਸਰੀਆਂ ਵਿਚੋਂ ਕਿੰਨੀਆਂ ਡਿਸਪੈਂਸਰੀਆਂ ਦੀਆਂ ਇਮਾਰਤਾਂ ਇਸ ਸਮੇਂ ਸੁਰੱਖਿਆ ਬਲਾਂ ਦੇ ਕਬਜ਼ੇ ਹੇਠ ਹਨ ਅਤੇ ਉਕਤ ਡਿਸਪੈਂਸਰੀਆਂ ਦੀਆਂ ਇਮਾਰਤਾਂ ਨੂੰ ਖਾਲੀ ਕਰਵਾਉਣ ਲਈ ਕੀ ਕਾਰਵਾਈ ਕੀਤੀ ਜਾ ਰਹੀ ਹੈ ?

**ਸਰਦਾਰ ਹਰਚਰਨ ਸਿੰਘ ਬਰਾੜ :** (ੳ) 7.

(ਅ) ਕੋਈ ਨਹੀਂ ਜੀ।

— — —

**ਪੰਜਾਬ ਚਮੜਾ ਵਿਕਾਸ ਕਾਰਪੋਰੇਸ਼ਨ ਦੇ ਵਾਧੂ ਕਰਮਚਾਰੀਆਂ ਦੀ ਛਾਂਟੀ**

*1775. (ਸੀ.ਯੂ.) **ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਚਮੜਾ ਵਿਕਾਸ ਕਾਰਪੋਰੇਸ਼ਨ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਅਜਿਹੇ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਦੇ ਵਾਧੂ ਕਰਾਰ ਦਿੱਤੇ ਜਾਣ ਤੋਂ ਬਾਅਦ, ਛਾਂਟੀ ਕਰ ਦਿੱਤੀ ਗਈ ਹੈ ਅਤੇ ਇਨ੍ਹਾਂ ਕਰਮਚਾਰੀਆਂ ਨੂੰ ਐਡਜੇਸਟ ਕਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬੇਅੰਤ ਸਿੰਘ** : ਹੁਣ ਤੱਕ ਕੋਈ ਵੀ ਅਨੁਸੂਚਿਤ ਜਾਤੀ ਦਾ ਕਰਮਚਾਰੀ ਨੌਕਰੀ ਵਿਚੋਂ ਨਹੀਂ ਕੱਢਿਆ ਗਿਆ ।

---

**ਸੰਤਾਂ ਮਹੰਤਾਂ ਦੇ ਡੇਰਿਆਂ ਨਾਲ ਸਬੰਧਤ ਜ਼ਮੀਨਾਂ ਦਾ ਨਾਜਾਇਜ਼ ਕਬਜ਼ਾ**

*1777. (ਸੀ.ਯੂ.) **ਸਰਦਾਰ ਨਿਰਮਲ ਸਿੰਘ ਮਹੰਤ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਰਕਾਰ ਦੇ ਧਿਆਨ ਵਿਚ ਕੋਈ ਅਜਿਹੇ ਕੇਸ ਆਏ ਹਨ ਕਿ ਮਹੰਤਾਂ/ਸੰਤਾਂ ਦੇ ਡੇਰਿਆਂ ਦੀਆਂ ਜੱਦੀ ਜ਼ਮੀਨਾਂ ਤੇ ਹੋਰਨਾਂ ਲੋਕਾਂ ਦੁਆਰਾ ਨਾਜਾਇਜ਼ ਕਬਜ਼ਾ ਕੀਤਾ ਜਾ ਰਿਹਾ ਹੈ ; ਜੇਕਰ ਅਜਿਹਾ ਹੋਵੇ, ਤਾਂ ਉਕਤ ਕੇਸ ਕਿਹੜੇ ਕਿਹੜੇ ਜ਼ਿਲ੍ਹਿਆਂ ਨਾਲ ਸਬੰਧਤ ਹਨ ਅਤੇ ਇਨ੍ਹਾਂ ਨਾਜਾਇਜ਼ ਕਬਜ਼ਿਆਂ ਨੂੰ ਰੋਕਣ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ ;

(ਅ) ਕੀ ਪਿੰਡ ਰੋਹਾਣੋ, ਥਾਣਾ ਖੰਨ੍ਹਾ, ਜ਼ਿਲ੍ਹਾ ਲੁਧਿਆਣਾ ਅਤੇ ਪਿੰਡ ਦੋਦਾਂ, ਤਹਿਸੀਲ ਮੁਕਤਸਰ, ਜ਼ਿਲ੍ਹਾ ਫਰੀਦਕੋਟ ਦੇ ਲੋਕਾਂ ਨੇ ਮਹੰਤਾਂ ਦੀਆਂ ਜ਼ਮੀਨਾਂ ਤੇ ਜ਼ਬਰ-ਦਸਤੀ ਕਬਜ਼ਾ ਕਰ ਲਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਸਰਕਾਰ ਦੁਆਰਾ ਉਕਤ ਕਬਜ਼ਿਆਂ ਨੂੰ ਛੁਡਾਉਣ ਦੇ ਲਈ ਕੀ ਕਾਰਵਾਈ ਕੀਤੀ ਗਈ ਹੈ ?

**Sardar Beant Singh** : (a) No please.

(b) (i) In village Rohano, District Ludhiana, the land belonging to Smadh Kirpal Dass Wali, a private dera, controlled by late Shri Sewa Dass has not been forcibly occupied by any other person. The case relating to the mutation of inheritence of the land of this Smadh is pending in the court of Sub-Divisional Officer (Civil), Khanna.

(ii) In village Doda, district Faridkot, land of a private dera of Baba Dhian Dass is in dispute between two parties and the case is pending in the Court of Commissioner, Ferozepur Division. The parties are agitating their case in the criminal court also.

---

**ਪੰਜਾਬ ਰੋਡਵੇਜ਼ ਦੇ ਨਵੇਂ ਡਿਪੂ ਸਬ ਡਿਪੂ ਖੋਲ੍ਹਣੇ**

*1778. (ਸੀ.ਯੂ.) **ਸਰਦਾਰ ਨਿਰਮਲ ਸਿੰਘ ਮਹੰਤ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿਚ ਪੰਜਾਬ ਰੋਡਵੇਜ਼ ਦੇ ਕੋਈ ਨਵੇਂ ਡਿਪੂ/ਸਬ-ਡਿਪੂ ਖੋਲ੍ਹਣ ਦਾ ਵਿਚਾਰ ਰੱਖਦੀ ਹੈ : ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਥਾਵਾਂ ਦੇ ਨਾਂ ਕੀ ਕੀ ਹਨ ਜਿਥੇ ਇਹ ਖੋਲ੍ਹੇ ਜਾ ਰਹੇ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬੇਅੰਤ ਸਿੰਘ:** ਹਾਲ ਦੀ ਘੜੀ ਪੰਜਾਬ ਰੋਡਵੇਜ਼ ਦਾ ਕੋਈ ਨਵਾਂ ਡਿਪੂ/ਸਬ ਡਿਪੂ ਖੋਲ੍ਹਣ ਦੀ ਤਜਵੀਜ਼ ਨਹੀਂ ਹੈ।

———

**ਨਵੀਆਂ ਪੌਲੀਟੈਕਨਿਕ ਸੰਸਥਾਵਾਂ ਖੋਲ੍ਹਣਾ**

***1779. (ਸੀ.ਯੂ.) ਸਰਦਾਰ ਨਿਰਮਲ ਸਿੰਘ ਮਹੰਤ :** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:—

ੳ) ਰਾਜ ਵਿਚ ਅਗਲੇ ਸਾਲ ਦੌਰਾਨ ਖੋਲ੍ਹੇ ਜਾਣ ਵਾਲੇ ਪੌਲੀਟੈਕਨਿਕਸ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ ;

(ਅ) ਕੀ ਸਰਕਾਰ ਦਾ ਰਾਏਕੋਟ, ਜ਼ਿਲ੍ਹਾ ਲੁਧਿਆਣਾ ਵਿਚ ਵੀ ਪੌਲੀਟੈਕਨਿਕ ਖੋਲ੍ਹਣ ਦਾ ਵਿਚਾਰ ਹੈ ?

**ਸਰਦਾਰਨੀ ਰਾਜਿੰਦਰ ਕੌਰ ਭੱਠਲ:** (ੳ) ਰਾਜ ਵਿਚ ਅਗਲੇ ਮਾਲੀ ਸਾਲ ਦੌਰਾਨ ਅੱਠ ਨਵੇਂ ਬਹੁਤਕਨੀਕੀ ਖੋਲ੍ਹੇ ਜਾਣ ਦਾ ਕੰਮ ਹੱਥ ਵਿਚ ਲੈਣ ਦੀ ਤਜਵੀਜ਼ ਹੈ। ਇਹਨਾਂ ਦੀ ਜ਼ਿਲ੍ਹਾਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਬਹੁਤਕਨੀਕੀਆਂ ਦੀ ਗਿਣਤੀ |
|---|---|---|
| 1 | ਮਾਨਸਾ | 1 |
| 2 | ਰੋਪੜ .. | 2 |
| 3 | ਲੁਧਿਆਣਾ .. | 2 |
| 4 | ਸੰਗਰੂਰ .. | 1 |
| 5 | ਅੰਮ੍ਰਿਤਸਰ .. | 2 |
| | | 8 |

(ਅ) ਰਾਏਕੋਟ ਜ਼ਿਲ੍ਹਾ ਲੁਧਿਆਣਾ ਵਿਖੇ ਬਹੁਤਕਨੀਕੀ ਖੋਲ੍ਹਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

———

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਨਵੇਂ ਟੂਰਿਸਟ ਕੰਪਲੈਕਸ ਸਥਾਪਤ ਕਰਨੇ

*1780. (ਸੀ.ਯੂ.) **ਸਰਦਾਰ ਨਿਰਮਲ ਸਿੰਘ ਮਹੰਤ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਉਨ੍ਹਾਂ ਥਾਵਾਂ ਦੇ ਜ਼ਿਲ੍ਹਾਵਾਰ ਨਾਂ ਅਤੇ ਵੇਰਵੇ ਕੀ ਕੀ ਹਨ ਜਿਥੇ ਸਾਲ 1994-95 ਦੇ ਦੌਰਾਨ ਟੂਰਿਸਟ ਕੰਪਲੈਕਸ ਸਥਾਪਤ ਕੀਤੇ ਜਾਣ ਦਾ ਪ੍ਰਸਤਾਵ ਹੈ ;

(ਅ) ਕੀ ਸਰਕਾਰ ਦਾ ਰਾਏਕੋਟ ਜ਼ਿਲ੍ਹਾ ਲੁਧਿਆਣਾ ਵਿਖੇ ਕੋਈ ਟੂਰਿਸਟ ਕੰਪਲੈਕਸ ਬਣਾਉਣ ਦਾ ਵਿਚਾਰ ਹੈ ?

**ਸਰਦਾਰ ਬੇਅੰਤ ਸਿੰਘ :** (ੳ) ਰਾਜ ਵਿਚ ਸਾਲ 1994-95 ਦੇ ਦੌਰਾਨ ਜਿਨ੍ਹਾਂ ਸਥਾਨਾਂ ਉਤੇ ਯਾਤਰਾ ਕੰਪਲੈਕਸ ਬਣਾਉਣ ਦੀ ਤਜਵੀਜ਼ ਹੈ ਉਨ੍ਹਾਂ ਦੇ ਜ਼ਿਲ੍ਹੇਵਾਰ ਨਾਂ ਅਤੇ ਵੇਰਵੇ ਸਟੇਟਮੈਂਟ ਵਿਚ ਅੱਗੇ ਦਿੱਤੇ ਹਨ ਜੀ।

(ਅ) ਨਹੀਂ ਜੀ ।

### ਸਾਲ 1994-95 ਦੌਰਾਨ ਰਾਜ ਵਿਚ ਸਥਾਪਤ ਕੀਤੇ ਜਾਣ ਵਾਲੇ ਯਾਤਰਾ ਕੰਪਲੈਕਸਾਂ ਦੀ ਸੂਚੀ

| ਲੜੀ ਨੰ: | ਜ਼ਿਲ੍ਹਾ | ਪ੍ਰਾਜੈਕਟ ਦੀ ਥਾਂ |
|---|---|---|
| 1 | ਰੋਪੜ | (ੳ) ਯਾਤਰਾ ਕੰਪਲੈਕਸ, ਕੀਰਤਪੁਰ ਸਾਹਿਬ । |
| | | (ਅ) ਯਾਤਰਾ ਕੰਪਲੈਕਸ, ਮੁਹਾਲੀ । |
| 2 | ਗੁਰਦਾਸਪੁਰ | (ੳ) ਯਾਤਰਾ ਕੰਪਲੈਕਸ, ਗੁਰਦਾਸਪੁਰ । |
| | | (ਅ) ਆਈਲੈਂਡ ਰੈਸਟੋਰਾਂ, ਮਾਧੋਪੁਰ । |
| | | (ੲ) ਯਾਤਰਾ ਕੰਪਲੈਕਸ, ਪਠਾਨਕੋਟ । |
| 3 | ਪਟਿਆਲਾ | ਯਾਤਰਾ ਕੰਪਲੈਕਸ, ਰਾਜਪੁਰਾ । |
| 4 | ਲੁਧਿਆਣਾ | ਯਾਤਰਾ ਕੰਪਲੈਕਸ, ਦੋਰਾਹਾ । |
| 5 | ਜਲੰਧਰ | ਯਾਤਰਾ ਕੰਪਲੈਕਸ, ਬਾਈਪਾਸ, ਜਲੰਧਰ । |

Original with;
Punjab Vidhan Sabha
Digitized by;
Panjab Digital Library

## ਕੰਪਿਊਟਰਾਈਜ਼ਡ ਐਸ.ਟੀ.ਡੀ. (ਬਿਲਿੰਗ) ਪ੍ਰਣਾਲੀ

*1781. (ਸੀ.ਯੂ.). (1) ਸ੍ਰੀਮਤੀ ਵਿਮਲਾ ਡਾਂਗ
(2) ਕਾਮਰੇਡ ਹਰਦੇਵ ਅਰਸ਼ੀ } : ਕੀ ਛਪਾਈ ਅਤੇ

ਲਿਖਣ ਸਮਗਰੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ ਤਿੰਨਾਂ ਡਿਵੀਜ਼ਨਾਂ ਦੇ ਕਮਿਸ਼ਨਰਾਂ ਅਤੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅਤੇ ਨਿਵਾਸ ਅਸਥਾਨਾਂ ਵਿਚ ਕੰਪਿਊਟਰਾਈਜ਼ਡ ਐਸ.ਟੀ.ਡੀ. ਬਿਲਿੰਗ (ਫੋਨਜ਼) ਪ੍ਰਣਾਲੀ ਲਾਗੂ ਕਰ ਦਿੱਤੀ ਗਈ ਹੈ; ਜੇਕਰ ਨਹੀਂ ਤਾਂ ਕੀ ਅਜਿਹੀ ਪ੍ਰਣਾਲੀ ਨੂੰ ਨੇੜੇ ਭਵਿਖ ਵਿਚ ਲਾਗੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸ੍ਰੀ ਧਰਮ ਪਾਲ ਸੱਭਰਵਾਲ** : ਰਾਜ ਵਿਚ ਤਿੰਨਾਂ ਡਵੀਜ਼ਨਾਂ ਦੇ ਕਮਿਸ਼ਨਰਾਂ ਅਤੇ ਰਾਜ ਦੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅਤੇ ਨਿਵਾਸ ਅਸਥਾਨਾਂ ਵਿਖੇ ਲੱਗੇ ਟੈਲੀਫੂਨਾਂ ਤੇ ਕੰਪਿਊਟਰਾਈਜ਼ਡ ਐਸ.ਟੀ.ਡੀ. ਬਿਲਿੰਗ (ਫੋਨਜ਼) ਪ੍ਰਣਾਲੀ ਉਪਲਬਧ ਹੈ। ਇਹ ਸਿਸਟਮ ਸਿਰਫ ਉਥੇ ਹੀ ਹੁੰਦਾ ਹੈ ਜਿਥੇ ਟੈਲੀਫੋਨ ਸਟੇਸ਼ਨ ਇਲੈਕਟਰੋਨਿਕ ਟੈਲੀਫੋਨ ਐਕਸਚੇਂਜ ਨਾਲ ਜੁੜੇ ਹੋਏ ਹੋਣ।

---

### ਨਿਸ਼ਾਨ ਵਾਲਾ (ਸੀ.ਯੂ.) ਪ੍ਰਸ਼ਨ ਨੰਬਰ 1782

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ)

---

## ਬਿਜਲੀ ਦੇ ਕੁਨੈਕਸ਼ਨਾਂ ਲਈ ਸਪਲਾਈ ਲਾਈਨ ਚਾਰਜਿਜ਼

*1789. (ਸੀ..ਯੂ.) **ਸ੍ਰੀ ਰਮੇਸ਼ ਦੱਤ ਸ਼ਰਮਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਹਿਸੀਲ ਰੋਪੜ ਦੇ ਨੀਮ-ਪਹਾੜੀ ਇਲਾਕਿਆਂ ਵਿਚ ਪੰਜਾਬ ਰਾਜ ਬਿਜਲੀ ਬੋਰਡ ਤੋਂ ਬਿਜਲੀ ਦੇ ਕੁਨੈਕਸ਼ਨ ਲੈਣ ਵਾਲੇ ਪ੍ਰਾਰਥੀਆਂ ਨੂੰ ਸਪਲਾਈ ਲਾਈਨ ਚਾਰਜਿਜ਼ ਦੇਣੇ ਲੋੜੀਂਦੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੀ ਇਹ ਸ਼ਰਤ ਖਤਮ ਕਰਨ ਦੀ ਤਜਵੀਜ਼ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਬੇਅੰਤ ਸਿੰਘ** : ਹਾਂ ਜੀ, ਜ਼ਿਲ੍ਹਾ ਰੋਪੜ ਦੇ ਨੀਮ ਪਹਾੜੀ ਇਲਾਕੇ ਵਿੱਚ ਜੋ ਬਿਨੈਕਾਰ ਬਿਜਲੀ ਕੁਨੈਕਸ਼ਨ ਲੈਣ ਦੇ ਇਛੁਕ ਹਨ ਉਨ੍ਹਾਂ ਨੂੰ ਬਿਜਲੀ ਬੋਰਡ ਦੁਆਰਾ ਅਜਿਹੇ ਕੁਨੈਕਸ਼ਨਾਂ ਨੂੰ ਜਾਰੀ ਕਰਨ ਸਮੇਂ ਸਪਲਾਈ ਲਾਈਨਾਂ ਦੀ ਉਸਾਰੀ ਤੇ ਆਏ ਖਰਚੇ ਦੇ ਸਿਰਫ ਕੁਝ ਹਿੱਸੇ ਦੀ ਅਦਾਇਗੀ ਕਰਨੀ ਪੈਂਦੀ ਹੈ। ਅਜਿਹੇ ਖਰਚੇ ਵਿਚ ਛੋਟ ਦੇਣ ਦੀ ਕੋਈ ਤਜਵੀਜ਼ ਨਹੀਂ ਕਿਉਂਕਿ ਪੰਜਾਬ ਰਾਜ ਬਿਜਲੀ ਬੋਰਡ ਨੂੰ ਅਜਿਹੀਆਂ ਲਾਈਨਾਂ ਦੀ ਉਸਾਰੀ ਤੇ ਬਹੁਤ ਭਾਰੀ ਖਰਚਾ ਕਰਨਾ ਪੈਂਦਾ ਹੈ।

---

### ਨਿਸ਼ਾਨ ਵਾਲਾ (ਸੀ.ਯੂ.) ਪ੍ਰਸ਼ਨ ਨੰਬਰ 1790*

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ)

*For S.Q. (C.U.) No. 1790 and reply there to, please see Appendix to this Annexure.

Original with;
Punjab Vidhan Sabha
Digitized by;
Panjab Digital Library

**ਜ਼ਿਲ੍ਹਾ ਅੰਮ੍ਰਿਤਸਰ ਵਿਚ ਪਸ਼ੂ-ਚਿਕਿਤਸਾ ਡਿਸਪੈਂਸਰੀਆਂ**

*1791. (ਸੀ.ਯੂ.) **ਸ੍ਰੀ ਫਕੀਰ ਚੰਦ ਸ਼ਰਮਾ** : ਕੀ ਪਸ਼ੂ-ਪਾਲਣ ਅਤੇ ਮੱਛੀ-ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਅੰਮ੍ਰਿਤਸਰ ਵਿਚ ਇਸ ਸਮੇਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ;

(ਅ) ਕੀ ਸਰਕਾਰ ਦੀ ਨੇੜੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਅਜਿਹੀਆਂ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ ?

**ਸਰਦਾਰ ਹਰਬੰਸ ਸਿੰਘ ਸਿੱਧੂ** : (ੳ) ਇਸ ਵੇਲੇ ਅੰਮ੍ਰਿਤਸਰ ਜ਼ਿਲ੍ਹੇ ਵਿਚ 124 ਪਸ਼ੂ ਡਿਸਪੈਂਸਰੀਆਂ ਹਨ ।

(ਅ) ਹਾਂ ਜੀ। ਇਸ ਤੋਂ ਇਲਾਵਾ 4 ਹੋਰ ਪਸ਼ੂ ਡਿਸਪੈਂਸਰੀਆਂ ਚਾਲੂ ਮਾਲੀ ਸਾਲ 1993-94 ਦੌਰਾਨ ਮਨਜ਼ੂਰ ਕੀਤੀਆਂ ਜਾ ਚੁੱਕੀਆਂ ਹਨ। ਹੋਰ ਨਵੀਆਂ ਡਿਸਪੈਂਸਰੀਆਂ ਦਾ ਖੋਲ੍ਹਣਾ ਇਨ੍ਹਾਂ ਦੀ ਮੰਗ ਅਤੇ ਉਚਿੱਤਤਾ ਤੇ ਨਿਰਭਰ ਕਰੇਗਾ।

---

**ਦਰਿਆ ਬਿਆਸ ਤੇ ਡੈਮ ਦੀ ਉਸਾਰੀ**

*1792. (ਸੀ.ਯੂ.). **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਿੰਡ ਬੁਧੋ ਬਰਕਤ ਵਿਖੇ ਦਰਿਆ ਬਿਆਸ ਤੇ ਡੈਮ ਦੀ ਉਸਾਰੀ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਉਕਤ ਡੈਮ ਦੀ ਉਸਾਰੀ ਲਈ ਕੋਈ ਅਨੁਮਾਨ ਤਿਆਰ ਕਰ ਲਏ ਗਏ ਹਨ ?

**ਸਰਦਾਰ ਬੇਅੰਤ ਸਿੰਘ** : ਨਹੀਂ ਜੀ।

---

**ਜ਼ਮੀਨਾਂ ਅਤੇ ਫਸਲਾਂ ਤੇ ਜ਼ਬਰੀ ਕਬਜ਼ਾ ਕਰਨ ਵਿਰੁੱਧ ਸ਼ਿਕਾਇਤਾਂ**

*1794. (ਸੀ..ਯੂ.) **ਸ੍ਰੀ ਸਜਵਾਰ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਥਾਣਾ ਸ਼ਾਹਕੋਟ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਅਧੀਨ ਪੈਂਦੇ ਪਿੰਡ ਦੀਆਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਜ਼ਮੀਨਾਂ ਅਤੇ ਫਸਲਾਂ ਤੇ ਜ਼ਬਰੀ ਕਬਜ਼ਾ ਕਰਨ ਸਬੰਧੀ ਰਾਜ ਦੇ ਜ਼ਿਲ੍ਹਾ ਪੁਲਿਸ ਅਫ਼ਸਰਾਂ ਅਤੇ ਸੀਨੀਅਰ ਪੁਲਿਸ ਅਫ਼ਸਰਾਂ ਨੂੰ 1 ਅਗਸਤ, 1993 ਤੋਂ ਅੱਜ ਤੱਕ ਦੇ ਸਮੇਂ ਦੇ ਦੌਰਾਨ ਮਿਲੀਆਂ ਸ਼ਿਕਾਇਤਾਂ ਦੀ ਗਿਣਤੀ ਅਤੇ ਵੇਰਵੇ ਕੀ ਕੀ ਹਨ ;

Original with;
Punjab Vidhan Sabha
Digitized by;
Panjab Digital Library

[ਸ੍ਰੀ ਸਰਵਾਰ ਸਿੰਘ]

(ਅ) ਕੀ ਸਰਕਾਰ ਨੇ ਉਕਤ ਸ਼ਿਕਾਇਤਾਂ ਬਾਰੇ ਕੋਈ ਪੜਤਾਲ/ਕਾਰਵਾਈ ਕੀਤੀ ਹੈ ਜੇਕਰ ਕੀਤੀ ਹੈ ਤਾਂ ਉਸ ਦਾ ਵੇਰਵਾ ਕੀ ਹੈ ?

ਸਰਦਾਰ ਬੇਅੰਤ ਸਿੰਘ : (ੳ) 'ਨਿੱਲ' ।

(ਅ) ਸਵਾਲ ਪੈਦਾ ਨਹੀਂ ਹੁੰਦਾ ।

---

ਨਿਸ਼ਾਨ ਵਾਲਾ (ਸੀ.ਯੂ.) ਪ੍ਰਸ਼ਨ ਨੰਬਰ 1801*

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ)

---

ਰਾਜ ਵਿਚ ਮਿਊਂਨਿਸਪਲ ਕਾਰਪੋਰੇਸ਼ਨਾਂ/ਕਮੇਟੀਆਂ/ਨੋਟੀਫਾਈਡ ਏਰੀਆ ਕਮੇਟੀਆਂ/ ਇੰਪਰੂਵਮੈਂਟ ਟਰੱਸਟਾਂ ਦੀ ਗਿਣਤੀ

*1803. (ਸੀ.ਯੂ.) ਸ੍ਰੀ ਵਿਜੇ ਕੁਮਾਰ ਸਾਥੀ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ ਵੱਖ-ਵੱਖ ਕੁੱਲ ਕਿੰਨੀਆਂ ਮਿਊਂਸੀਪਲ ਕਾਰਪੋਰੇਸ਼ਨਾਂ/ ਕਮੇਟੀਆਂ/ਨੋਟੀਫਾਈਡ ਏਰੀਆ ਕਮੇਟੀਆਂ ਹਨ ਅਤੇ ਹਰ ਇਕ ਦਾ ਗਰੇਡ ਕੀ ਕੀ ਹੈ;

(ਅ) ਰਾਜ ਵਿਚ ਇਸ ਸਮੇਂ ਗਰੇਡ-I, ਗਰੇਡ-II ਅਤੇ ਗਰੇਡ-III ਦੇ ਇੰਪਰੂਵਮੈਂਟ ਟਰੱਸਟ ਦੇ ਨਾਂ ਕੀ ਕੀ ਹਨ ?

Doctor Kewal Krishan :

(a) At present, there are 3 Municipal Corporations, 95 Municiplities of which 25 are class-I, 39 Class-II, 81 Class-III and 31 Notified Area Committees in the state (statement-I)

(b) A statement is laid on the lable of the House. (statement-II )

STATEMENT I

List of Municipal Corporations and Municipal Committees

**Municipal Corporations**

1. Amritsar
2. Ludhiana
3. Jalandhar

**Municipal Committees Class 1 (25)**

1. Patiala
2. Nabha
3. Rajpura
4. Gobindgarh
5. Sangrur
6. Malerkotla
7. Barnala
8. Hoshiarpur
9. Khanna
10. Jagraon
11. Ferozepur
12. Abohar
13. Fazilka
14. Faridkot
15. Kotkapura
16. Moga
17. Muktsar
18. Malout
19. Bhatinda
20. Mansa
21. Gurdaspur
22. Batala
23. Pathankot
24. Kapurthala
25. Phagwara

**Municipal Committee, Class-II (39)**

1. Samana
2. Sirhind
3. Bassi Pathana
4. Sunam

---

*For S.Q. (C. U.) No. 1801 and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

5. Ahmedgarh
6. Dhuri
7. Nakodar
8. Nawanshahr
9. Banga
10. Phillaur
11. Nurmahal
12. Dasua
13. Urmar Tanda
14. Mukerian
15. Garhshankar
16. Doraha
17. Raikot
18. Samrala
19. Ropar
20. Morinda
21. Kharar
22. Kurali
23. Guruharsahai
24. Jalalabad
25. Zira
26. Jaito
27. Giderbaha
28. Bhuchomandi
29. Guniana
30. Rama Mandi
31. Maur
32. Rampura Phool
33. Bhudlada
34. Jandiala
35. Patti
36. Tarn Taran
37. Dhariwal
38. Dina Nagar
39. Sultanpur Lodhi

**Municipal Committees Class -III(31)**

1. Sangrur
2. Dera Bassi
3. Banur
4. Longowal
5. Bhawanigarh
6. Lehragaga
7. Dhanaula
8. Tapa
9. Bhadaur
10. Kartarpur
11. Alawalpur
12. Adampur
13. Rahon
14. Gardiwala
15. Shamchurashi
16. Hariana
17. Payal
18. Anandpur Sahib
19. Talwandi Bhai
20. Dharamkot
21. Sangat
22. Kofiateh
23. Bareta
24. Majitha
25. Ramdas
26. Kadian
27. Dera Baba Nanak
28. Sri Hargobindpur
29. Amloh
30. Fatehgarh Churian
31. Sujanpur

**List of Notified Area Committees in the State**

1. Mohali
2. Nangal
3. Baga Purana
4. Goraya
5. Mulanpur Dakha
6. Patran
7. Ajnala
8. Bikhi Vind
9. Khem Karan
10. Rayaa
11. Urriwala
12. Baadni Kalan
13. Maku

Original with;
Punjab Vidhan Sabha
Digitized by;
Panjab Digital Library

[Finance Minister]

14. Balachaur
15. Mahelpur
16. Boghpur
17. Shahkot
18. Beghowal
19. Bhulth
20. Dhilwan
21. Machhiwara
22. Maloud
23. Sahnewal
24. Bhikhi
25. Ghagha
26. Ghanaur
27. Khanori
28. Chima
29. Munak
30. Hadiaya
31. Dirbha

**STATEMENT-II**

**Class-wise names of Improvement Trusts in the State of Punjab**

| Sr. No. | Name of the Trust | Sr. No. | Name of the Trust |
|---|---|---|---|
| | **Class-I** | | **Class-III** |
| 1 | Amritsar | 9 | Batala |
| 2 | Ludhiana | 10 | Phagwara |
| 3 | Jalandhar | 11 | Nabha |
| 4 | Pathankot | 12 | Abohar |
| 5 | Patiala | 13 | Kotakpura |
| | **Class- II** | 14 | Khanna |
| 6 | Hoshiarpur | 15 | Sangrur |
| 7 | Moga | 16 | Barnala |
| 8 | Bhatinda | 17 | Gurdaspur |
| | | 18 | Kapurthala |
| | | 19 | Faridkot |
| | | 20 | Malerkotla |
| | | 21 | Mansa |
| | | 22 | Roop Nagar |

---

## ਸਥਾਨਕ ਸੰਸਥਾਵਾਂ ਦੇ ਕਰਮਚਾਰੀਆਂ ਦੀਆਂ ਸੇਵਾਵਾਂ ਦਾ ਪ੍ਰਾਂਤੀਕਰਣ

*1804. **(ਸੀ. ਯੂ.) ਸ਼੍ਰੀ ਵਿਜੇ ਕੁਮਾਰ ਸਾਥੀ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਸਥਾਨਕ ਸੰਸਥਾਵਾਂ ਦੇ ਕਰਮਚਾਰੀਆਂ ਦੀਆਂ ਸੇਵਾਵਾਂ ਦਾ ਪ੍ਰਾਂਤੀਕਰਣ ਕਿਸ ਤਰੀਕ ਤੋਂ ਕੀਤਾ ਗਿਆ ਹੈ ;

(ਅ) ਅਜਿਹੀਆਂ ਸਥਾਨਕ ਸੰਸਥਾਵਾਂ ਦੇ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਦੇ ਪ੍ਰਾਂਤੀਕਰਣ ਕਾਰਣ ਲਾਭ ਹੋਇਆ ?

**ਡਾਕਟਰ ਕੇਵਲ ਕ੍ਰਿਸ਼ਨ :** (ੳ) ਅਤੇ (ਅ) ਸੂਚੀ ਵਿਧਾਨ ਸਭਾ ਦੀ ਮੇਜ਼ ਤੇ ਰੱਖੀ **ਜਾਂਦੀ ਹੈ।**

Original with;
Punjab Vidhan Sabha
Digitized by;
Panjab Digital Library

## ਸਟੇਟਮੈਂਟ

ਨਿਮਨ ਲਿਖਤ ਲੋਕਲ ਬਾਡੀਜ਼ ਦੇ ਕਰਮਚਾਰੀਆਂ ਦੀ ਸੇਵਾਵਾਂ ਸਮੇਂ-ਸਮੇਂ ਸਿਰ ਪ੍ਰਾਂਤੀਕਰਨ ਕੀਤੀਆਂ ਗਈਆਂ ਸਨ :—

| ਲੜੀ ਨੰ: | ਵਰਣਨ | ਸੇਵਾਵਾਂ ਦਾ ਨਾਮ | ਸੇਵਾਵਾਂ ਦੇ ਬਣਤਰ ਦੀ ਮਿਤੀ | ਕਰਮਚਾਰੀਆਂ ਦੀ ਗਿਣਤੀ |
|---|---|---|---|---|
| 1 | 2 | 3 | 4 | 5 |
| I. | **ਨਗਰ ਨਿਗਮ ਸੇਵਾਵਾਂ** | | | |
| 1 | ਪੰਜਾਬ ਸਰਵਿਸ ਆਫ ਕਾਰਪੋਰੇਸ਼ਨ | ਕਾਰਜ ਸਾਧਕ ਅਫਸਰ | 8-8-78 | 1 |
| 2 | —ਉਹੀ — | ਸਕੱਤਰ | ,, | 2 |
| 3 | —ਉਹੀ — | ਸਹਾਇਕ ਸਕੱਤਰ | ,, | .. |
| 4 | —ਉਹੀ — | ਸੁਪਰਡੰਟ | ,, | 52 |
| 5 | —ਉਹੀ — | ਸਹਾਇਕ ਸੁਪਰਡੰਟ | ,, | .. |
| 5 | —ਉਹੀ — | ਲੇਖਾ ਅਫਸਰ | ,, | 3 |
| 7 | —ਉਹੀ — | ਲੇਖਾਕਾਰ | ,, | .. |
| 8 | —ਉਹੀ — | ਇੰਜੀਨੀਅਰ | ,, | 11 |
| 9 | —ਉਹੀ — | ਸਹਾਇਕ ਇੰਜਨੀਅਰ | ,, | 43 |
| 10 | —ਉਹੀ — | ਬਾਗ ਅਫਸਰ | ,, | 13 |
| 11 | —ਉਹੀ — | ਟਾਊਨ ਪਲੈਨਰ | ,, | 1 |
| 12 | —ਉਹੀ — | ਸਹਾਇਕ ਟਾਊਨ ਪਲੈਨਰ | ,, | 3 |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| 1 | 2 | 3 | 4 | 5 |
|---|---|---|---|---|
| 13 | ਪੰਜਾਬ ਸਰਵਿਸ ਆਫ ਕਾਰਪੋਰੇਸ਼ਨ | ਹੈਡ ਡਰਾਫਟਸਮੈਨ | 8-8-78 | .. |
| 14 | —ਉਹੀ— | ਪਲੈਨਿੰਗ ਅਸਿਸਟੈਂਟ | " | .. |
| 15 | —ਉਹੀ— | ਸਹਾਇਕ ਆਰਚੀਟੈਕਟ | " | .. |
| 16 | —ਉਹੀ— | ਆਰਕੀਟੈਕਟ | " | .. |
| 17 | —ਉਹੀ— | ਆਰਕੀਟੈਕਚਰਲ ਸਹਾਇਕ | " | .. |
| 18 | —ਉਹੀ— | ਲਾਅ ਅਫਸਰ | " | .. |
| 19 | —ਉਹੀ— | ਲੀਗਲ ਅਸਿਸਟੈਂਟ | " | 1 |
| 20 | —ਉਹੀ— | ਮੈਡੀਕਲ ਅਫਸਰ ਆਫ ਹੈਲਥ | " | 4 |
| 21 | —ਉਹੀ— | ਅਸਿਸਟੈਂਟ ਮੈਡੀਕਲ ਅਫਸਰ ਆਫ ਹੈਲਥ | " | |
| 22 | —ਉਹੀ— | ਅਸਿਸਟੈਂਟ ਡਵੀਜਨਲ ਫਾਇਰ ਅਫਸਰ | 11-6-79 | 2 |
| 23 | —ਉਹੀ— | ਫਾਇਰ ਸਟੇਸ਼ਨ ਅਫਸਰ/ ਸੁਪਰਡੈਂਟ | " | 4 |
| 24 | —ਉਹੀ— | ਨਿਗਰਾਨ ਇੰਜੀਨੀਅਰ | 8-2-80 | 3 |
| 25 | ਪੰਜਾਬ ਸਰਵਿਸ ਆਫ ਕਾਰਪੋਰੇਸ਼ਨ | ਅਸਿਸਟੈਂਟ/ਇਨਸਪੈਕਟਰ | 7-5-93 | 202 |
| | | | ਜੋੜ | 480 |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| II. | ਮਿਉਂਨਿਸਪਲ ਸੇਵਾਵਾਂ | | | |
| 1 | ਮਿਉਂਨਿਸਪਲ ਸਰਵਿਸ ਆਫ ਸੈਕਟਰੀਜ਼ | | 17-12-75 | .. |
| 2 | —ਉਹੀ— | ਅਸਿਸਟੈਂਟ ਸੈਕਟਰੀ | ,, | .. |
| 3 | —ਉਹੀ— | ਮੈਡੀਕਲ ਅਫਸਰ ਆਫ ਹੈਲਥ | ,, | .. |
| 4 | —ਉਹੀ— | ਇੰਜੀਨੀਅਰ | ,, | 4 |
| 5 | —ਉਹੀ— | ਸਹਾਇਕ ਇੰਜੀਨੀਅਰ | ,, | 27 |
| 6 | —ਉਹੀ— | ਭਾਗ ਅਫਸਰ | ,, | 102 |
| 7 | —ਉਹੀ— | ਲੇਖਾਕਾਰ ਗਰੇਡ-I | | 18 |
| 8 | —ਉਹੀ— | ਲੇਖਾਕਾਰ ਗਰੇਡ-ਬੀ | | 46 |
| 9 | —ਉਹੀ— | ਸੁਪਰਡੰਟ | | 39 |
| 10 | —ਉਹੀ— | ਕਾਰਜ ਸਾਧਕ ਅਫ਼ਸਰ-I | 6-4-76 | 22 |
| 11 | —ਉਹੀ— | ਕਾਰਜ ਸਾਧਕ ਅਫਸਰ-II | | 38 |
| 12 | —ਉਹੀ— | ਕਾਰਜ ਸਾਧਕ ਅਫਸਰ-III | | 21 |
| 13 | —ਉਹੀ— | ਸਹਾਇਕ ਸੁਪਰਡੰਟ | 4-8-76 | .. |
| 14 | —ਉਹੀ— | ਸਹਾਇਕ/ਇਨਸਪੈਕਟਰ ਹੈਡ ਕਲਰਕ | ' | 170 |
| 15 | —ਉਹੀ— | ਸਟੈਨੋਗਰਾਫਰ | ,, | 3 |
| 16 | —ਉਹੀ— | ਚੀਫ ਸੈਨਟਰੀ ਇਨਸਪੈਕਟਰ | ,, | .. |
| 17 | —ਉਹੀ— | ਸੈਨਟਰੀ ਇਨਸਪੈਕਟਰ | ,, | 56 |

Original with;
Punjab Vidhan Sabha
Digitized by;
Punjab Digital Library

[ਵਿੱਤ ਮੰਤਰੀ]

| 1 | 2 | 3 | 4 | 5 |
|---|---|---|---|---|
| 18 | ਮਿਉਂਨਿਸਪਲ ਸਰਵਿਸ ਆਫ ਸੈਕਟਰੀਜ਼ | ਲਾਅ ਅਫਸਰ | 4-8-76 | .. |
| 19 | —ਉਹੀ— | ਲੀਗਲ ਸਹਾਇਕ | " | .. |
| 20 | —ਉਹੀ— | ਫਾਇਰ ਬ੍ਰਿਗੇਡ ਸੁਪਰਵਾਈਜ਼ਰ/ਸੁਪਰਡੰਟ ਫਾਇਰ ਸਟੇਸ਼ਨ ਅਫਸਰ | ,, | 16 |
| 21 | —ਉਹੀ— | ਅਸਿਸਟੈਂਟ ਡਵੀਜਨਲ ਫਾਇਰ ਅਫਸਰ | ,, | 1 |
| 22 | —ਉਹੀ— | ਟਾਊਨ ਪਲੈਨਰ | ,, | .. |
| 23 | —ਉਹੀ— | ਅਸਿਸਟੈਂਟ ਪਲੈਨਰ | ,, | .. |
| 24 | —ਉਹੀ— | ਆਰਕੀਟੈਕਟ | ,, | .. |
| 25 | —ਉਹੀ— | ਅਸਿਸਟੈਂਟ ਆਰਚੀਟੈਕਟ | ,, | .. |
| 26 | —ਉਹੀ— | ਆਰਕੀਟੈਕਟ ਐਸਿਸਟੈਂਟ | ,, | .. |
| 27 | —ਉਹੀ— | ਹੈਡ ਡਰਾਫਟਸਮੈਨ | ,, | .. |
| 28 | —ਉਹੀ— | ਡਰਾਫਸਮੈਨ | ,, | 3 |
| | | ਜੋੜ | | 566 |

III. ਨਗਰ ਸੁਧਾਰ ਟਰੱਸਟ ਸੇਵਾਵਾਂ

| | | | | |
|---|---|---|---|---|
| 1 | ਟਰੱਸਟ ਸਰਵਿਸ ਆਫ | ਕਾਰਜ ਸਾਧਕ ਅਫਸਰ ਕਲਾਸ-1 | 29-3-78 | 2 |
| 2 | —ਉਹੀ— | ਕਾਰਜ ਸਾਧਕ ਅਫਸਰ ਕਲਾਸ-II | " | 1 |
| 3 | —ਉਹੀ— | ਕਾਰਜ ਸਾਧਕ ਅਫਸਰ ਕਲਾਸ-III | " | 6 |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| 4 | ਟਰੱਸਟ ਸਰਵਿਸ ਆਫ | ਸਕੱਤਰ | 29-3-78 | .. |
| 5 | ਉਹੀ | ਇੰਜੀਨੀਅਰ | " | 4 |
| 6 | ਉਹੀ | ਸਹਾਇਕ ਇੰਜੀਨੀਅਰ | " | 11 |
| 7 | ਉਹੀ | ਸੁਪਰਡੈਂਟ | ' | 8 |
| 8 | ਉਹੀ | ਲੇਖਾਕਾਰ | " | 12 |
| 9 | ਉਹੀ | ਟਾਊਨ ਪਲੈਨਰ | " | .. |
| 10 | ਉਹੀ | ਸਹਾਇਕ ਟਾਊਨ ਪਲੈਨਰ | " | .. |
| 11 | ਉਹੀ | ਆਰਕੀਟੈਕਟ | " | .. |
| 12 | ਉਹੀ | ਸਹਾਇਕ ਆਰਕੀਟੈਕਟ | " | .. |
| 13 | ਉਹੀ | ਲਾਅ ਅਫ਼ਸਰ | " | 2 |
| 14 | ਉਹੀ | ਲੀਗਲ ਸਹਾਇਕ | ' | .. |
| 15 | ਉਹੀ | ਆਰਕੀਟੈਕਚਰਲ ਅਸਿਸਟੈਂਟ | " | .. |
| 16 | ਉਹੀ | ਹੈਡ ਡਰਾਫਟਸਮੈਨ | " | 5 |
| 17 | ਉਹੀ | ਡਰਾਫਟਸਮੈਨ | " | 8 |
| 18 | ਉਹੀ | ਭਾਗ ਅਫਸਰ | " | 29 |
| 19 | ਉਹੀ | ਸਹਾਇਕ/ਇਨਸਪੈਕਟਰ | " | 41 |
| 20 | ਉਹੀ | ਸਟੈਨੋਗਰਾਫਰ | " | 4 |
| 21 | ਉਹੀ | ਸਹਾਇਕ ਸੁਪਰਡੈਂਟ | " | .. |
| 22 | ਉਹੀ | ਪਲੈਨਿੰਗ ਸਹਾਇਕ | " | .. |
| | | | ਜੋੜ | 133 |

Original with;
Punjab Vidhan Sabha
Digitized by;
Panjab Digital Library

### ਗੰਨੇ ਦਾ ਸਮਰਥਨ ਮੁੱਲ

*1822. (ਸੀ.ਯੂ.) (1) ਸਰਦਾਰ ਈਸ਼ਰ ਸਿੰਘ
(2) ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ } : ਕੀ ਖੇਤੀਬਾੜੀ ਅਤੇ

ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1991-92, 1992-93 ਅਤੇ 1993-94 ਦੌਰਾਨ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੁਆਰਾ ਗੰਨੇ ਦੇ ਦਿੱਤੇ ਗਏ ਸਮਰਥਨ ਮੁੱਲ ਦੇ ਵੱਖ-ਵੱਖ ਵੇਰਵੇ ਕੀ-ਕੀ ਹਨ ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ :**

| ਸਾਲ | ਭਾਰਤ ਸਰਕਾਰ ਵਲੋਂ ਦਿੱਤਾ ਸਮਰਥਨ ਮੁੱਲ (ਪ੍ਰਤੀ ਕੁਇੰਟਲਾਂ ਵਿੱਚ) | ਪੰਜਾਬ ਸਰਕਾਰ ਵਲੋਂ ਦਿੱਤਾ ਸਮਰਥਨ ਮੁੱਲ (ਪ੍ਰਤੀ ਕੁਇੰਟਲਾਂ ਵਿੱਚ) | | |
|---|---|---|---|---|
| | | ਅਗੇਤੀਆਂ ਕਿਸਮਾਂ | ਦਰਮਿਆਨੀਆਂ ਕਿਸਮਾਂ | ਪਛੇਤੀਆਂ ਕਿਸਮਾਂ |
| 1991-92 .. | 26.00 | 49.00 | 47.00 | 45.00 |
| 1992-93 .. | 31.00 | 50.00 | 48.00 | 46.00 |
| 1993-94 | 34.50 | 62.00 | 60.00 | 58.00 |

ਨਿਸ਼ਾਨ ਵਾਲਾ (ਸੀ.ਯੂ.) ਪ੍ਰਸ਼ਨ ਨੰਬਰ 1823

(ਇਸ ਸਵਾਲ ਦਾ ਜਵਾਬ ਹਾਲੇ ਤਕ ਪ੍ਰਾਪਤ ਨਹੀਂ ਹੋਇਆ।)

---

### ਜ਼ਿਲ੍ਹਾ ਸੰਗਰੂਰ ਵਿਚ ਆਯੂਰਵੈਦਿਕ ਡਿਸਪੈਂਸਰੀਆਂ ਦੀ ਗਿਣਤੀ

*1829. (ਸੀ.ਯੂ.) (1) ਸ਼੍ਰੀ ਸੋਮ ਦੱਤ ਸ਼ਰਮਾ
(2) ਸਰਦਾਰ ਜਸਬੀਰ ਸਿੰਘ } : ਕੀ ਸਿਹਤ ਅਤੇ ਪਰਿਵਾਰ ਭਲਾਈ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਸੰਗਰੂਰ ਵਿਚ ਇਸ ਸਮੇਂ ਸਰਕਾਰੀ ਆਯੂਰਵੈਦਿਕ ਡਿਸਪੈਂਸਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ;

Original with;
Punjab Vidhan Sabha
Digitized by;
Panjab Digital Library

(ਅ) ਕੀ ਸਰਕਾਰ ਉਕਤ ਜ਼ਿਲ੍ਹੇ ਵਿਚ ਨੇੜੇ ਦੇ ਭਵਿੱਖ ਵਿਚ ਅਜਿਹੀਆਂ ਕੋਈ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

**ਸਰਦਾਰ ਹਰਚਰਨ ਸਿੰਘ ਬਰਾੜ :** (ੳ) 42 (ਬਿਆਲੀ) ।

(ਅ) ਹਾਂ ਜੀ। ਸਾਲ 1993-94 ਦੌਰਾਨ ਅਹਿਮਦਗੜ੍ਹ ਤਹਿਸੀਲ ਮਲੇਰਕੋਟਲਾ ਵਿਖੇ ਆਯੁਰਵੈਦਿਕ ਡਿਸਪੈਂਸਰੀ ਖੋਲ੍ਹਣ ਦੀ ਤਜਵੀਜ਼ ਸੀ ਪਰੰਤੂ ਯੋਜਨਾ ਬੰਦੀ ਵਿਭਾਗ, ਪੰਜਾਬ ਵੱਲੋਂ ਪ੍ਰਵਾਨਗੀ ਨਾ ਮਿਲਣ ਕਾਰਨ ਇਹ ਡਿਸਪੈਂਸਰੀ ਖੋਲ੍ਹੀ ਨਹੀਂ ਜਾ ਸਕੀ। ਸਾਲ 1994-95 ਦੌਰਾਨ ਅਜਿਹੀ ਕੋਈ ਡਿਸਪੈਂਸਰੀ ਖੋਲ੍ਹਣ ਬਾਰੇ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

———

**ਜ਼ਿਲ੍ਹਾ ਸੰਗਰੂਰ ਵਿਚ ਲਿੰਕ ਸੜਕਾਂ ਦੀ ਮੁਰੰਮਤ ਤੇ ਖਰਚ**

***1832. (ਸੀ.ਯੂ.) (1) ਸ੍ਰੀ ਸੋਮ ਦੱਤ ਸ਼ਰਮਾ**
**(2) ਸਰਦਾਰ ਜਸਬੀਰ ਸਿੰਘ** } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ 1993-94 ਦੌਰਾਨ ਜ਼ਿਲ੍ਹਾ ਸੰਗਰੂਰ ਵਿਚ ਲਿੰਕ ਸੜਕਾਂ ਦੀ ਮੁਰੰਮਤ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਵਿੱਤੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚ ਕੀਤੇ ਜਾਣ ਦੀ ਤਜਵੀਜ਼ ਹੈ?

**ਸਰਦਾਰ ਬੇਅੰਤ ਸਿੰਘ :** (ੳ) 778.00 ਲੱਖ ਰੁਪਏ (1 ਅਪਰੈਲ, 1993 ਤੋਂ 31 ਮਾਰਚ 1994)।

(ਅ) 957.00 ਲੱਖ ਰੁਪਏ ਦੀ ਤਜਵੀਜ਼ ਹੈ, ਬਸ਼ਰਤੇ ਕਿ ਫੰਡ ਉਪਲਭਧ ਹੋਣ।

———

**ਜ਼ਿਲ੍ਹਾ ਸੰਗਰੂਰ ਵਿਚ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਦੀ ਗਿਣਤੀ**

***1833. (ਸੀ.ਯੂ.) (1) ਸ੍ਰੀ ਸੋਮ ਦੱਤ ਸ਼ਰਮਾ**
**(2) ਸਰਦਾਰ ਜਸਬੀਰ ਸਿੰਘ** } : ਕੀ ਪਸ਼ੂ-ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਜ਼ਿਲ੍ਹਾ ਸੰਗਰੂਰ ਵਿਚ ਕੁੱਲ ਕਿੰਨੀਆਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਹਨ ;

(ਅ) ਕੀ ਸਰਕਾਰ ਦੀ ਨੇੜੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਬੰਸ ਸਿੰਘ ਸਿੱਧੂ**: (ੳ) ਇਸ ਵੇਲੇ ਸੰਗਰੂਰ ਜ਼ਿਲ੍ਹੇ ਵਿਚ 90 ਪਸ਼ੂ ਡਿਸਪੈਂਸਰੀਆਂ ਹਨ।

(ਅ) ਹਾਂ ਜੀ। ਇਸ ਤੋਂ ਇਲਾਵਾ 20 ਹੋਰ ਪਸ਼ੂ ਡਿਸਪੈਂਸਰੀਆਂ ਚਾਲੂ ਮਾਲੀ ਸਾਲ 1993-94 ਦੌਰਾਨ ਮਨਜ਼ੂਰ ਕੀਤੀਆਂ ਜਾ ਚੁੱਕੀਆਂ ਹਨ। ਹੋਰ ਨਵੀਆਂ ਡਿਸਪੈਂਸਰੀਆਂ ਦਾ ਖੋਲ੍ਹਣਾ ਇਨ੍ਹਾਂ ਦੀ ਮੰਗ ਅਤੇ ਉਚਿੱਤਤਾ ਤੇ ਨਿਰਭਰ ਕਰੇਗਾ।

———

### ਜ਼ਿਲ੍ਹਾ ਸੰਗਰੂਰ ਵਿਚ ਪਸ਼ੂ-ਚਿਕਿਤਸਾ ਡਾਕਟਰਾਂ ਦੀਆਂ ਖਾਲੀ ਆਸਾਮੀਆਂ

*1834. (ਸੀ.ਯੂ.) (1) **ਸ੍ਰੀ ਸੋਮ ਦੱਤ ਸ਼ਰਮਾ**
(2) **ਸਰਦਾਰ ਜਸਬੀਰ ਸਿੰਘ** } : ਕੀ ਪਸ਼ੂ-ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਸੰਗਰੂਰ ਵਿਚ ਇਸ ਸਮੇਂ ਪਸ਼ੂ-ਚਿਕਿਤਸਾ ਡਾਕਟਰਾਂ ਦੀਆਂ ਕੁੱਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਉਕਤ ਖਾਲੀ ਆਸਾਮੀਆਂ ਨੂੰ ਭਰਨ ਲਈ ਕੀਤੀ ਗਈ/ਕੀਤੀ ਜਾਣ ਵਾਲੀ ਤਜਵੀਜ਼ਤ ਕਾਰਵਾਈ ਦੇ ਵੇਰਵੇ ਕੀ ਹਨ ?

**ਸਰਦਾਰ ਹਰਬੰਸ ਸਿੰਘ ਸਿੱਧੂ** : ਜ਼ਿਲ੍ਹਾ ਸੰਗਰੂਰ ਵਿਚ ਇਸ ਵੇਲੇ ਵੈਟੀ. ਡਾਕਟਰ ਦੀ ਇਕ ਆਸਾਮੀ ਖਾਲੀ ਹੈ। ਇਸ ਆਸਾਮੀ ਨੂੰ ਐਡਹਾਕ ਤੇ ਅਤੇ ਪਬਲਿਕ ਸਰਵਿਸ ਕਮਿਸ਼ਨ ਦੁਆਰਾ ਛੇਤੀ ਭਰਨ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ।

———

### ਜ਼ਿਲ੍ਹਾ ਸੰਗਰੂਰ ਵਿਚ ਆਈ.ਟੀ.ਆਈਜ਼ ਦੀ ਗਿਣਤੀ

*1835. (ਸੀ.ਯੂ.) (1) **ਸ੍ਰੀ ਸੋਮ ਦੱਤ ਸ਼ਰਮਾ**
(2) **ਸਰਦਾਰ ਜਸਬੀਰ ਸਿੰਘ** } : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਸੰਗਰੂਰ ਵਿਚ ਇਸ ਸਮੇਂ ਕੁੱਲ ਕਿੰਨੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਹਨ ;

(ਅ) ਕੀ ਸਰਕਾਰ ਦੀ ਨੇੜੇ ਭਵਿਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਆਈ. ਟੀ.ਆਈਜ਼ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

**ਸਰਦਾਰਨੀ ਰਾਜਿੰਦਰ ਕੌਰ ਭੱਠਲ** : (ੳ) ਨੌ (9)।

Original with;
Punjab Vidhan Sabha
Digitized by;
Panjab Digital Library

(ਅ) ਹਾਂ ਜੀ, ਇਕ ਬਨਾਰਸੀ ਵਿਖੇ। ਦੂਜੀ ਤਜਵੀਜ਼ ਵਿਚਾਰ ਅਧੀਨ ਹੈ ਅਤੇ ਤਕਨੀਕੀ ਆਰਥਿਕ ਸਹੂਲਤਾਂ ਦੀ ਸੰਭਵਤਾ ਅਤੇ ਫੰਡਜ਼ ਦੀ ਉਪਲਬਧਤਾ ਨੂੰ ਮੁੱਖ ਰੱਖਦੇ ਹੋਏ ਵਿਚਾਰ ਲਿਆ ਜਾਵੇਗਾ।

———

**ਜ਼ਿਲ੍ਹਾ ਸੰਗਰੂਰ ਵਿੱਚ ਸਸਤੇ ਭਾਅ ਦੀਆਂ ਦੁਕਾਨਾਂ ਦੀ ਗਿਣਤੀ**

*1836. (ਸੀ.ਯੂ.) 1. **ਸ੍ਰੀ ਸੋਮ ਦੱਤ ਸ਼ਰਮਾ**
(2) **ਸਰਦਾਰ ਜਸਬੀਰ ਸਿੰਘ** } : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਸੰਗਰੂਰ ਵਿੱਚ ਇਸ ਸਮੇਂ ਸਸਤੇ ਭਾਅ ਦੀਆਂ ਕੁੱਲ ਕਿੰਨੀਆਂ ਦੁਕਾਨਾਂ ਹਨ;

(ਅ) ਕੀ ਸਰਕਾਰ ਦੀ ਉਕਤ ਜ਼ਿਲ੍ਹੇ ਵਿੱਚ ਨੇੜੇ ਭਵਿੱਖ ਵਿੱਚ ਸਸਤੇ ਭਾਅ ਦੀਆਂ ਕੋਈ ਨਵੀਆਂ ਦੁਕਾਨਾਂ ਖੋਲ੍ਹਣ ਦੀ ਤਜਵੀਜ਼ ਹੈ, ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

**ਸਰਦਾਰ ਲਾਲ ਸਿੰਘ** : (ੳ) 889.

(ਅ) ਨਿਕਟ ਭਵਿਖ ਵਿੱਚ ਇਸ ਜ਼ਿਲ੍ਹੇ ਵਿੱਚ ਹੇਠ ਲਿਖੇ ਅਨੁਸਾਰ ਸਸਤੇ ਭਾਅ ਦੀਆਂ ਨਵੀਆਂ ਦੁਕਾਨਾਂ ਖੋਲ੍ਹਣ ਦਾ ਵਿਚਾਰ ਹੈ :—

| ਲੜੀ ਨੰ: | ਸ਼ਹਿਰ ਦਾ ਨਾਂ | ਨਵੀਆਂ ਸਸਤੇ ਭਾਅ ਦੀਆਂ ਦੁਕਾਨਾ ਖੋਲ੍ਹਣ ਦੀ ਤਜਵੀਜ਼ |
|---|---|---|
| 1 | ਸੰਗਰੂਰ | 1 |
| 2 | ਲੌਂਗੋਵਾਲ | 1 |
| 3 | ਸੁਨਾਮ | 6 |
| 4 | ਲਹਿਰਾਗਾਗਾ | 3 |
| 5 | ਮਲੇਰਕੋਟਲਾ | 5 |
| 6 | ਧੂਰੀ | 6 |
| 7 | ਅਹਿਮਦਗੜ੍ਹ | 3 |
| 8 | ਤਪਾ | 1 |
| 9 | ਧਨੌਲਾ | 1 |
| 10 | ਭਦੌੜ | 1 |
| | ਕੁੱਲ | 28 |

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਸੰਗਰੂਰ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ

*1837. (ਸੀ.ਯੂ.) (1) ਸ੍ਰੀ ਸੋਮ ਦੱਤ ਸ਼ਰਮਾ
(2) ਸਰਦਾਰ ਜਸਬੀਰ ਸਿੰਘ } : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਸੰਗਰੂਰ ਵਿੱਚ ਮਾਲੀ ਸਾਲ 1993-94 ਦੌਰਾਨ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੁੱਲ ਕਿੰਨਾ ਖਰਚਾ ਕੀਤਾ ਗਿਆ ਅਤੇ ਇਸ ਜ਼ਿਲ੍ਹੇ ਵਿੱਚ ਮਾਲੀ ਸਾਲ 1994-95 ਦੌਰਾਨ ਉਕਤ ਮਕਸਦ ਲਈ ਕਿੰਨੀ ਰਕਮ ਖਰਚ ਕੀਤੇ ਜਾਣ ਦੀ ਤਜਵੀਜ਼ ਹੈ ?

**ਚੌਧਰੀ ਜਗਜੀਤ ਸਿੰਘ :** ਨਹੀਂ ਜੀ। ਜ਼ਿਲ੍ਹਾ ਸੰਗਰੂਰ ਵਿੱਚ ਸਾਲ 1993-94 ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੋਈ ਰਕਮ ਖਰਚ ਨਹੀਂ ਕੀਤੀ ਗਈ। ਇਸ ਮੰਤਵ ਲਈ 1994-95 ਵਿੱਚ ਬਜਟ ਦੇਣ ਬਾਰੇ ਕੋਈ ਅੰਤਿਮ ਫੈਸਲਾ ਨਹੀਂ ਕੀਤਾ ਗਿਆ ਪ੍ਰੰਤੂ ਧਰਮਸ਼ਾਲਾਵਾਂ ਦੀ ਮੁਰੰਮਤ ਲਈ ਫੰਡ ਦੇਣ ਬਾਰੇ ਤਜਵੀਜ਼ ਬਾਰੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

---

## ਪੀ.ਸੀ.ਐਸ. (ਕਾਰਜਕਾਰੀ ਸ਼ਾਖਾ) ਅਫਸਰਾਂ ਨੂੰ ਸਿਲੈਕਸ਼ਨ ਗ੍ਰੇਡ ਦੇਣਾ

*1847. (ਸੀ.ਯੂ.) ਸ੍ਰੀ ਵਿਜੇ ਕੁਮਾਰ ਸਾਥੀ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਇਹ ਠੀਕ ਹੈ ਕਿ ਤੀਜੇ ਤਨਖਾਹ ਕਮਿਸ਼ਨ ਨੇ ਪੀ.ਸੀ.ਐਸ. (ਕਾਰਜਕਾਰੀ ਸ਼ਾਖਾ) ਅਫਸਰਾਂ ਦੀ ਸੇਵਾ ਦਾ ਵਿਸ਼ੇਸ਼ ਨਿਸਚਿਤ ਸਮਾਂ ਪੂਰਾ ਹੋਣ ਤੇ ਉਨ੍ਹਾਂ ਲਈ ਸੀਨੀਅਰ ਸਕੇਲ ਅਤੇ ਸਿਲੈਕਸ਼ਨ ਗ੍ਰੇਡ ਦੇਣ ਦੀ ਸਿਫਾਰਸ਼ ਕੀਤੀ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਕੁੱਝ ਪੀ.ਸੀ.ਐਸ. ਅਫਸਰਾਂ ਨੂੰ ਇਹ ਨਿਸਚਿਤ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਸਿਲੈਕਸ਼ਨ ਗ੍ਰੇਡ ਦੇ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਣ ਕੀ ਹਨ ਅਤੇ ਅਜਿਹੇ ਅਫਸਰਾਂ ਦੇ ਨਾਂ ਕੀ ਕੀ ਹਨ?

**ਸਰਦਾਰ ਬੇਅੰਤ ਸਿੰਘ :** (ੳ) ਹਾਂ ਜੀ। ਤੀਜੇ ਪੰਜਾਬ ਤਨਖਾਹ ਕਮਿਸ਼ਨ ਨੇ ਪੀ.ਸੀ.ਐਸ. ਕਾਰਜਕਾਰੀ ਸ਼ਾਖਾ) ਅਧਿਕਾਰੀਆਂ ਨੂੰ 8 ਸਾਲ ਦੀ ਸੇਵਾ ਬਾਅਦ ਸੀਨੀਅਰ ਸਕੇਲ ਅਤੇ 18 ਸਾਲ ਦੀ ਸੇਵਾ ਬਾਅਦ ਸਿਲੈਕਸ਼ਨ ਗ੍ਰੇਡ ਦੇਣ ਦੀ ਸਿਫਾਰਸ਼ ਕੀਤੀ ਸੀ।

(ਅ) ਹਾਂ ਜੀ। ਤੀਜੇ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਪਹਿਲਾਂ ਪੀ.ਸੀ.ਐਸ. ਅਧਿਕਾਰੀਆਂ ਨੂੰ ਸੇਵਾ ਦੇ 13ਵੇਂ ਸਾਲ ਵਿੱਚ ਦਾਖਲ ਹੋਣ ਤੇ ਸਿਲੈਕਸ਼ਨ ਗ੍ਰੇਡ ਮਿਲਦਾ ਸੀ। ਅਧਿਕਾਰੀਆਂ ਦੀ ਵਿੱਤੀ ਔਕੜ ਨੂੰ ਮੁੱਖ ਰੱਖਦਿਆਂ ਸਰਕਾਰ ਨੇ ਜਿਵੇਂ ਕਿ ਤੀਜੇ ਤਨਖਾਹ ਕਮਿਸ਼ਨ

Original with;
Punjab Vidhan Sabha
Digitized by;
Panjab Digital Library

ਤੋਂ ਪਹਿਲਾਂ ਪ੍ਰਥਾ ਸੀ, ਸਿਲੈਕਸ਼ਨ ਗ੍ਰੇਡ ਦੀਆਂ 90 ਆਸਾਮੀਆਂ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ ਅਤੇ ਇਸ ਵਾਸਤੇ 12 ਸਾਲ ਦੀ ਸੇਵਾ ਦਾ ਪੁਰਾਣਾ ਮਾਪਦੰਡ ਜਾਰੀ ਰੱਖਿਆ। ਜਿਹੜੇ ਅਫਸਰ ਇਨ੍ਹਾਂ 90 ਆਸਾਮੀਆਂ ਦੇ ਦਾਇਰੇ ਵਿੱਚ ਨਹੀਂ ਆਉਂਦੇ, ਉਨ੍ਹਾਂ ਨੂੰ ਸਿਲੈਕਸ਼ਨ ਗ੍ਰੇਡ ਲਈ ਯੋਗ ਹੋਣ ਵਾਸਤੇ 18 ਸਾਲ ਦੀ ਸੇਵਾ ਪੂਰੀ ਕਰਨੀ ਪਵੇਗੀ। 64 (ਚੌਂਹਠ) ਅਧਿਕਾਰੀਆਂ ਨੂੰ ਉਪਰਕਤ ਪਾਲਿਸੀ ਅਧੀਨ ਸਿਲੈਕਸ਼ਨ ਗ੍ਰੇਡ ਦਿੱਤਾ ਗਿਆ ਹੈ। ਜਿਹੜੇ ਪੀ.ਸੀ.ਐਸ. (ਕਾਰਜਕਾਰੀ ਸ਼ਾਖਾ) ਅਧਿਕਾਰੀਆਂ ਨੂੰ ਸਿਲੈਕਸ਼ਨ ਗ੍ਰੇਡ ਦਿੱਤਾ ਗਿਆ ਹੈ, ਦੀ ਸੂਚੀ ਹਾਊਸ ਦੀ ਮੇਜ ਤੇ ਰੱਖ ਦਿੱਤੀ ਗਈ ਹੈ।

ਪੀ.ਸੀ.ਐਸ. (ਕਾਰਜਕਾਰੀ ਸ਼ਾਖਾ) ਅਧਿਕਾਰੀਆਂ ਨੂੰ ਸਿਲੈਕਸ਼ਨ ਗ੍ਰੇਡ ਦਿੱਤਾ ਗਿਆ ਹੈ. ਦੀ ਸੂਚੀ

ਸਰਵਸ੍ਰੀ/ਸ੍ਰੀਮਤੀ--

1. ਅਮਰਜੀਤ ਸਿੰਘ
2. ਸਤਿੰਦਰ ਪਾਲ ਸਿੰਘ
3. ਸੁਰਜੀਤ ਸਿੰਘ ਰਾਜਪੂਤ
4. ਕੁਲਬੀਰ ਸਿੰਘ ਸਿਧੂ
5. ਦਵਿੰਦਰ ਸਿੰਘ ਸ਼ੇਰਗਿੱਲ (ਰਿਟਾਇਰਡ)
6. ਮਹਿੰਦਰ ਸਿੰਘ ਸਭਰਵਾਲ (ਰਿਟਾਇਰਡ)
7. ਨਿਰਮਲ ਸਿੰਘ ਟਿਵਾਣਾ (ਸਵਰਗਵਾਸ ਹੋ ਚੁੱਕਾ ਹੈ)
8. ਜੰਗ ਬਹਾਦੁਰ ਗੋਇਲ
9. ਹਰਜਿੰਦਰ ਸਿੰਘ (ਰਿਟਾਇਰਡ)
10. ਦਲਜੀਤ ਰਾਏ
11. ਇੰਦਰ ਸਿੰਘ (ਰਿਟਾਇਰਡ)
12. ਦਰਸ਼ਨ ਸਿੰਘ ਬੇਦੀ (ਰਿਟਾਇਰਡ)
13. ਜਗਜੀਤ ਸਿੰਘ
14. ਸੁੱਖਪਾਲ ਸਿੰਘ ਗਿੱਲ
15. ਰਾਜਿੰਦਰ ਕੁਮਾਰ (ਰਿਟਾਇਰਡ)
16. ਨਰਿੰਦਰ ਸਿੰਘ
17. ਫੁਲਵੰਤ ਸਿੰਘ ਸਿੱਧੂ
18. ਕੁਲਬੀਰ ਸਿੰਘ ਕੰਗ
19. ਕੰਵਲਬੀਰ ਸਿੰਘ ਸਿੱਧੂ
20. ਗੁਰਿੰਦਰ ਸਿੰਘ ਗਰੇਵਾਲ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

21. ਸੁਰਿੰਦਰ ਕ੍ਰਿਸ਼ਨ ਆਹਲੂਵਾਲੀਆ
22. ਰੋਸ਼ਨ ਲਾਲ ਕਲਸੀਆ
23. ਹਰਜੀਤ ਸਿੰਘ
24. ਪਰਮਜੀਤ ਕੌਰ ਸੰਧੂ
25. ਹੰਸ ਰਾਜ ਮੇਘ
26. ਹਰਜਿੰਦਰ ਸਿੰਘ ਚਾਹਲ
27. ਕਰਮ ਸਿੰਘ ਗਰੇਵਾਲ (ਰਿਟਾਇਰਡ)
28. ਸਰੂਪ ਸਿੰਘ ਢਿਲੋਂ
29. ਵਿਕਰਮ ਚੰਦ ਸੂਦ (ਰਿਟਾਇਰਡ)
30. ਜਵਾਹਰ ਲਾਲ ਮਲਹੋਤਰਾ (ਰਿਟਾਇਰਡ)
31. ਜਸਬੀਰ ਸਿੰਘ ਬੀਰ
32. ਹੰਸ ਰਾਜ ਗੰਗੜ
33. ਗਾਇਤਰੀ ਜੈਨ
34. ਗੁਰਬਖਸ਼ ਸਿੰਘ
35. ਜੋਗਿੰਦਰ ਸਿੰਘ ਸੋਢੀ (ਰਿਟਾਇਰਡ)
36. ਮੁਖਤਿਆਰ ਸਿੰਘ ਸੰਧੂ
37. ਬਲਦੇਵ ਸਿੰਘ (ਰਿਟਾਇਰਡ)
38. ਹਰਦੀਪ ਸਿੰਘ ਸੰਧੂ (ਰਿਟਾਇਰਡ)
39. ਓਮ ਪ੍ਰਕਾਸ਼ (ਰਿਟਾਇਰਡ)
40. ਹਰਭਜਨ ਸਿੰਘ ਸੋਢੀ
41. ਮਹਿਤਾਬ ਸਿੰਘ
42. ਕੁਲਬੀਰ ਸਿੰਘ
43. ਸੁਰਿੰਦਰਜੀਤ ਸਿੰਘ ਸੰਧੂ
44. ਬਾਬੂ ਲਾਲ
45. ਊਸ਼ਾ ਆਰ. ਸ਼ਰਮਾ
46. ਬਲਬੀਰ ਸਿੰਘ ਸੂਦਨ
47. ਬੂਟਾ ਰਾਮ ਬੰਗਾ
48. ਗੁਰਦੇਵ ਸਿੰਘ ਸਿੱਧੂ
49. ਜਸਕਰਣ ਕੌਰ
50. ਇਕਬਾਲ ਸਿੰਘ ਸਿਧੂ
51. ਜਗਜੀਤ ਪੁਰੀ

Original with;
Punjab Vidhan Sabha
Digitized by;
Panjab Digital Library

52. ਰਣਜੀਤ ਸਿੰਘ
53. ਹਰਜੀਤ ਇੰਦਰ ਸਿੰਘ ਗਰੇਵਾਲ
54. ਬਿਧੀ ਚੰਦ
55. ਸੋਮ ਨਾਥ
56. ਮਨਦੀਪ ਸਿੰਘ
57. ਰੌਸ਼ਨ ਲਾਲ ਕਪੂਰ
58. ਰਮਿੰਦਰ ਸਿੰਘ
59. ਪਰਮਜੀਤ ਸਿੰਘ ਔਜਲਾ
60. ਕਿਰਨਦੀਪ ਸਿੰਘ
61. ਸਮੀਰ ਕੁਮਾਰ
62. ਕੁਲਵੰਤ ਸਿੰਘ (II)
63. ਅਸ਼ੋਕ ਕੁਮਾਰ
64. ਅਮਰੀਕ ਸਿੰਘ

---

## ਵਾਘਾ ਸਰਹੱਦ ਤੇ ਰੋਸ ਰੈਲੀ

*1849. (ਸੀ.ਯੂ.) **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਸ ਜਥੇਬੰਦੀ ਦਾ ਨਾਂ ਕੀ ਹੈ, ਜਿਸ ਨੇ ਫਰਵਰੀ, 1994 ਦੇ ਪਹਿਲੇ ਹਫ਼ਤੇ ਦੌਰਾਨ ਵਾਘਾ ਸਰਹੱਦ ਤੇ ਰੋਸ ਰੈਲੀ ਕੀਤੀ ਅਤੇ ਉਕਤ ਰੈਲੀ ਵਿਚ ਅੰਦਾਜ਼ਨ ਕਿੰਨੇ ਵਿਅਕਤੀਆਂ ਨੇ ਹਿੱਸਾ ਲਿਆ?

**ਸਰਦਾਰ ਬੇਅੰਤ ਸਿੰਘ**: ਮਿਤੀ 5 ਫਰਵਰੀ, 1994 ਨੂੰ ਵਾਘਾ ਸਰਹੱਦ ਤੇ ਆਲ ਇੰਡੀਆ ਯੂਥ ਕਾਂਗਰਸ (ਆਈ) ਵਲੋਂ ਰੋਸ ਰੈਲੀ ਕੀਤੀ ਗਈ ਜਿਸ ਵਿਚ ਲੱਗ ਭੱਗ 5500/6000 ਵਿਅਕਤੀਆਂ ਨੇ ਹਿੱਸਾ ।

---

## ਜ਼ਿਲ੍ਹਾ ਮਾਨਸਾ ਵਿਚ ਆਯੁਰਵੈਦਿਕ ਡਿਸਪੈਂਸਰੀਆਂ ਦੀ ਗਿਣਤੀ

*1868. (ਸੀ.ਯੂ.) 1. **ਸਰਦਾਰ ਸ਼ੇਰ ਸਿੰਘ ਗਾਗੋਵਾਲਾ**
2. **ਸਰਦਾਰ ਕਿਰਪਾਲ ਸਿੰਘ ਮਾਖਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:--

(ੳ) ਜ਼ਿਲ੍ਹਾ ਮਾਨਸਾ ਵਿਚ ਇਸ ਸਮੇਂ ਕੁੱਲ ਕਿੰਨੀਆਂ ਸਰਕਾਰੀ ਆਯੁਰਵੈਦਿਕ ਡਿਸਪੈਂਸਰੀਆਂ ਹਨ;

Original with;
Punjab Vidhan Sabha
Digitized by;
Panjab Digital Library

[ ਸਰਦਾਰ ਸ਼ੇਰ ਸਿੰਘ ਗਾਗੋਵਾਲਾ ]

(ਅ) ਕੀ ਸਰਕਾਰ ਦੀ ਨੇੜੇ ਭਵਿੱਖ ਵਿਚ ਉਕਤ ਜ਼ਿਲ੍ਹੇ ਵਿਚ ਕੋਈ ਨਵੀਆਂ ਅਜਿਹੀਆਂ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

ਸਰਦਾਰ ਹਰਚਰਨ ਸਿੰਘ ਬਰਾੜ: (ੳ) 12 (ਬਾਰਾਂ)।

(ਅ) ਹਾਂ ਜੀ। ਸਾਲ 1993-94 ਦੌਰਾਨ ਜ਼ਿਲ੍ਹਾ ਮਾਨਸਾ ਵਿਚ 3 ਆਯੁਰਵੈਦਿਕ ਡਿਸਪੈਂਸਰੀਆਂ ਬੁਢਲਾਡਾ, ਪਿੰਡ ਅਤਲਾ ਖੁਰਦ, ਤਹਿਸੀਲ ਮਾਨਸਾ ਅਤੇ ਪਿੰਡ ਖੁੱਡਲ ਕਲਾਂ ਤਹਿਸੀਲ ਬੁਢਲਾਡਾ ਵਿਖੇ ਖੋਲਣ ਦੀ ਤਜਵੀਜ਼ ਸੀ ਪਰੰਤੂ ਯੋਜਨਾ ਬੰਦੀ ਵਿਭਾਗ, ਪੰਜਾਬ ਵੱਲੋਂ ਪ੍ਰਵਾਨਗੀ ਨਾ ਮਿਲਣ ਕਾਰਨ ਇਹ ਡਿਸਪੈਂਸਰੀਆਂ ਖੋਲੀਆਂ ਨਹੀਂ ਜਾ ਸਕੀਆਂ। ਸਾਲ 1994-95 ਦੌਰਾਨ ਅਜਿਹੀਆਂ ਕੋਈ ਡਿਸਪੈਂਸਰੀਆਂ ਖੋਲ੍ਹਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

## ਜ਼ਿਲ੍ਹਾ ਮਾਨਸਾ ਵਿਚ ਲਿੰਕ ਸੜਕਾਂ ਦੀ ਮੁਰੰਮਤ

*1871. (ਸੀ.ਯੂ.). (1) ਸਰਦਾਰ ਸ਼ੇਰ ਸਿੰਘ ਗਾਗੋਵਾਲਾ
(2) ਸਰਦਾਰ ਕਿਰਪਾਲ ਸਿੰਘ ਮਾਖਾ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਵਿੱਤੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਮਾਨਸਾ ਵਿਚ ਲਿੰਕ ਸੜਕਾਂ ਦੀ ਮੁਰੰਮਤ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ;

(ਅ) ਵਿੱਤੀ ਸਾਲ 1994-95 ਦੇ ਦੌਰਾਨ ਉਕਤ ਜ਼ਿਲ੍ਹੇ ਵਿਚ ਲਿੰਕ ਸੜਕਾਂ ਦੀ ਮੁਰੰਮਤ ਤੇ ਕਿੰਨੀ ਰਕਮ ਖਰਚ ਕੀਤੇ ਜਾਣ ਦੀ ਤਜਵੀਜ਼ ਹੈ?

ਸਰਦਾਰ ਬੇਅੰਤ ਸਿੰਘ (ੳ) 90.00 ਲੱਖ ਰੁਪਏ (1 ਅਪ੍ਰੈਲ, 1993 ਤੋਂ 31 ਮਾਰਚ, 1994)।

(ਅ) 276.00 ਲੱਖ ਰੁਪਏ ਦੀ ਤਜਵੀਜ਼ ਹੈ, ਬਸ਼ਰਤੇ ਕਿ ਫੰਡ ਉਪਲਬਧ ਹੋਣ।

---

## ਜ਼ਿਲ੍ਹਾ ਮਾਨਸਾ ਵਿਚ ਪਸ਼ੂ-ਚਿਕਿਤਸਾ ਡਾਕਟਰਾਂ ਦੀਆਂ ਖਾਲੀ ਆਸਾਮੀਆਂ

*1873. (ਸੀ.ਯੂ.) (1) ਸਰਦਾਰ ਸ਼ੇਰ ਸਿੰਘ ਗਾਗੋਵਾਲ
(2) ਸਰਦਾਰ ਕਿਰਪਾਲ ਸਿੰਘ ਮਾਖਾ } : ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਮਾਨਸਾ ਵਿਚ ਇਸ ਸਮੇਂ ਪਸ਼ੂ ਚਿਕਿਤਸਾ ਡਾਕਟਰਾਂ ਦੀਆਂ ਕੁੱਲ ਕਿੰਨੀਆਂ ਆਸਾਮੀਆਂ ਖਾਲੀ ਪਈਆਂ ਹਨ ਅਤੇ ਉਨ੍ਹਾਂ ਅਸਾਮੀਆਂ ਨੂੰ ਭਰਨ ਲਈ ਕੀਤੀ ਗਈ/ਕੀਤੀ ਜਾਣ ਵਾਲੀ ਕਾਰਵਾਈ ਦੇ ਵੇਰਵੇ ਕੀ ਹਨ ;

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਬੰਸ ਸਿੰਘ ਸਿੱਧੂ: ਜ਼ਿਲ੍ਹਾ ਮਾਨਸਾ ਵਿਚ ਇਸ ਵੇਲੇ ਵੈਟਰਨਰੀ ਡਾਕਟਰਾਂ ਦੀਆਂ 5 ਆਸਾਮੀਆਂ ਖਾਲੀ ਹਨ। ਇਹਨਾਂ ਅਸਾਮੀਆਂ ਨੂੰ ਤਦ-ਅਰਥ ਅਧਾਰ ਤੇ ਅਤੇ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਛੇਤੀ ਭਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

---

## ਜ਼ਿਲ੍ਹਾ ਮਾਨਸਾ ਵਿਚ ਆਈ.ਟੀ.ਆਈਜ਼ ਦੀ ਗਿਣਤੀ

*1874. (ਸੀ.ਯੂ.) (1) ਸਰਦਾਰ ਸ਼ੇਰ ਸਿੰਘ ਗਾਗੋਵਾਲਾ
(2) ਸਰਦਾਰ ਕਿਰਪਾਲ ਸਿੰਘ ਮਾਖਾ } : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਜ਼ਿਲ੍ਹਾ ਮਾਨਸਾ ਵਿਚ ਇਸ ਸਮੇਂ ਕੁੱਲ ਕਿੰਨੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਹਨ;

(ਅ) ਕੀ ਸਰਕਾਰ ਉਕਤ ਜ਼ਿਲ੍ਹੇ ਵਿਚ ਨੇੜੇ ਦੇ ਭਵਿੱਖ ਵਿਚ ਕੋਈ ਹੋਰ ਨਵੀਆਂ ਆਈ.ਟੀ.ਆਈਜ਼ ਖੋਲ੍ਹਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ?

ਸਰਦਾਰਨੀ ਰਾਜਿੰਦਰ ਕੌਰ ਭੱਠਲ: (ੳ) ਚਾਰ।

(ਅ) ਨਵੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਖੋਲ੍ਹਣ ਦਾ ਫੈਸਲਾ ਤਕਨੀਕੀ ਆਰਥਿਕ ਸਹੂਲਤਾਂ ਦੀ ਸੰਭਾਵਨਾ ਅਤੇ ਫੰਡਜ਼ ਦੀ ਉਪਲਬਧਤਾ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਂਦਾ ਹੈ।

---

## ਜ਼ਿਲ੍ਹਾ ਮਾਨਸਾ ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ

*1876(ਸੀ.ਯੂ.) (1) ਸਰਦਾਰ ਸ਼ੇਰ ਸਿੰਘ ਗਾਗੋਵਾਲਾ
(2) ਸਰਦਾਰ ਕਿਰਪਾਲ ਸਿੰਘ ਮਾਖਾ } : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਮਾਨਸਾ ਵਿੱਚ ਮਾਲੀ ਸਾਲ 1993-94 ਦੇ ਦੌਰਾਨ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਇਸ ਜ਼ਿਲ੍ਹੇ ਵਿੱਚ ਮਾਲੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚ ਕੀਤੇ ਜਾਣ ਦੀ ਸੰਭਾਵਨਾ ਹੈ?

ਚੌਧਰੀ ਜਗਜੀਤ ਸਿੰਘ: ਜ਼ਿਲ੍ਹਾ ਮਾਨਸਾ ਵਿੱਚ ਸਾਲ 1993-94 ਵਿੱਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ 1.70 ਲੱਖ ਰੁਪਏ ਖਰਚ ਕੀਤੇ ਗਏ ਹਨ। ਇਸ ਮੰਤਵ ਲਈ 1994-95 ਵਿੱਚ ਬਜਟ ਦੇਣ ਬਾਰੇ ਕੋਈ ਅੰਤਿਮ ਫੈਸਲਾ ਨਹੀਂ ਕੀਤਾ ਗਿਆ ਪ੍ਰੰਤੂ ਧਰਮਸ਼ਾਲਾਵਾਂ ਦੀ ਮੁਰੰਮਤ ਲਈ ਫੰਡ ਦੇਣ ਦੀ ਤਜ਼ਵੀਜ਼ ਬਾਰੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ।

---

Original with;
Punjab Vidhan Sabha
Digitized by;
Panjab Digital Library

## ਜ਼ਿਲ੍ਹਾ ਮਾਨਸਾ ਵਿਚ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨਾ

*1877 (ਸੀ.ਯੂ.) (1) ਸਰਦਾਰ ਸ਼ੇਰ ਸਿੰਘ ਗਾਗੋਵਾਲਾ
(2) ਸਰਦਾਰ ਕਿਰਪਾਲ ਸਿੰਘ ਮਾਖਾ } : ਕੀ ਦਿਹਾਤੀ ਵਿਕਾਸ ਅਤੇ ਪਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਮਾਨਸਾ ਦੇ ਦਿਹਾਤੀ ਇਲਾਕਿਆਂ ਵਿਚ ਮਾਲੀ ਸਾਲ 1993-94 ਦੇ ਦੌਰਾਨ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਮਾਲੀ ਸਾਲ 1994-95 ਦੇ ਦੌਰਾਨ ਉਕਤ ਮੰਤਵ ਲਈ ਕਿੰਨੀ ਰਕਮ ਖਰਚ ਕੀਤੇ ਜਾਣ ਦੀ ਤਜਵੀਜ਼ ਹੈ ?

ਮਾਸਟਰ ਜਾਗੀਰ ਸਿੰਘ : ਜ਼ਿਲ੍ਹਾ ਮਾਨਸਾ ਵਿੱਚ ਗਲੀਆਂ ਪੱਕੀਆਂ ਕਰਨ ਅਤੇ ਨਾਲੀਆਂ ਬਣਾਉਣ ਤੇ ਮਿਤੀ 31 ਜਨਵਰੀ, 1994 ਤੱਕ 340.92 ਲੱਖ ਰੁਪਏ ਖਰਚ ਕੀਤੇ ਗਏ। ਸਾਲ 1994-95 ਲਈ ਇਸ ਸਕੀਮ ਅਧੀਨ ਰਾਜ ਦੀ ਪਲਾਨ ਵਿਚੋਂ 4,000.00 ਲੱਖ ਰੁਪਏ ਤਜਵੀਜ਼ ਕੀਤੇ ਗਏ ਹਨ, ਪਲਾਨ ਪਰਵਾਨ ਹੋਣ ਉਪਰੰਤ ਯੋਜਨਾ ਵਿਭਾਗ ਵਲੋਂ ਜ਼ਿਲ੍ਹਾਵਾਰ ਵੰਡ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਾਲ 1994-95 ਵਿੱਚ ਰੂਰਲ ਡਿਵੈਲਪਮੈਂਟ ਬੋਰਡ ਵਲੋਂ ਵੀ ਫੰਡ ਉਪਲਬਧ ਕੀਤੇ ਜਾਣਗੇ।

---

## ਜ਼ਿਲ੍ਹਾ ਮਾਨਸਾ ਵਿੱਚ ਆਬਕਾਰੀ ਡਿਊਟੀ ਤੋਂ ਆਮਦਨ

*1879. (ਸੀ.ਯੂ.) (1) ਸਰਦਾਰ ਸ਼ੇਰ ਸਿੰਘ ਗਾਗੋਵਾਲਾ
(2) ਸਰਦਾਰ ਕਿਰਪਾਲ ਸਿੰਘ ਮਾਖਾ } : ਕੀ ਆਬਕਾਰੀ ਅਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਨੂੰ ਮਾਲੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਮਾਨਸਾ ਵਿਚ ਆਬਕਾਰੀ ਡਿਊਟੀ ਤੋਂ ਕੁੱਲ ਕਿੰਨੀ ਆਮਦਨ ਹੋਈ ?

ਸਰਦਾਰ ਸ਼ਮਸ਼ੇਰ ਸਿੰਘ ਦੂਲੋ : ਸਾਲ 1993-94 (ਮਿਤੀ 1 ਅਪ੍ਰੈਲ, 1993 ਤੋਂ 31 ਜਨਵਰੀ, 1994 ਤੱਕ) ਦੌਰਾਨ ਜ਼ਿਲ੍ਹਾ ਮਾਨਸਾ ਵਿਚ ਆਬਕਾਰੀ ਡਿਊਟੀ ਤੋਂ ਕੁੱਲ 36,45,552 ਰੁਪਏ ਆਮਦਨ ਹੋਈ ਹੈ ਜੀ।

---

## ਮਾਰਕੀਟ ਫੀਸ ਵਜੋਂ ਵਸੂਲ ਕੀਤੀ ਗਈ ਰਕਮ

*1881 (ਸੀ.ਯੂ.) ਸਰਦਾਰ ਈਸ਼ਰ ਸਿੰਘ .: ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 1993-94 ਦੌਰਾਨ ਖੇਤੀਬਾੜੀ ਉਪਜ ਤੇ ਮਾਰਕੀਟ ਫੀਸ ਕਰ ਵਜੋਂ ਕੁੱਲ ਕਿੰਨੀ ਰਕਮ ਵਸੂਲ ਕੀਤੀ ਗਈ ਅਤੇ ਵੱਖਰੀਆਂ-ਵੱਖਰੀਆਂ ਮੱਦਾਂ ਅਧੀਨ ਉਸਦੀ ਵੰਡ ਅਤੇ ਉਪ-ਯੋਗਤਾ ਲਈ ਕੀ ਕਸੌਟੀ ਅਪਣਾਈ ਗਈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ :** 31 ਜਨਵਰੀ, 1994 ਤੱਕ ਮਾਰਕੀਟ ਫੀਸ ਦੀ ਵਸੂਲੀ 13.210 ਲੱਖ ਰੁਪਏ ਹੋਈ ਹੈ। ਪੰਜਾਬ ਖੇਤੀਬਾੜੀ ਉਪਜ ਮਾਰਕੀਟਸ ਐਕਟ, 1961 ਦੀ ਧਾਰਾ 27 ਤਹਿਤ ਮਾਰਕੀਟ ਕਮੇਟੀਆਂ, ਪੰਜਾਬ ਮੰਡੀ ਬੋਰਡ ਨੂੰ ਯੋਗਦਾਨ ਦਿੰਦੀਆਂ ਹਨ। ਜਿਹੜੇ ਮੰਤਵਾਂ ਵਾਸਤੇ ਫੰਡ ਖਰਚ ਕੀਤੇ ਜਾ ਸਕਦੇ ਹਨ, ਉਹ ਇਸੇ ਐਕਟ ਦੀ ਧਾਰਾ 26 ਅਤੇ 28 ਵਿਚ ਦਰਜ ਹਨ। ਐਕਟ ਦੀ ਧਰਾ 26, 27 ਅਤੇ 28 ਦੀਆਂ ਕਾਪੀਆਂ ਅਨੈਕਸਚਰ-ਏ ਤੇ ਨੱਥੀ ਹਨ।

## ANNEXURE "A"

## EXTRACT OF SECTION 26,27 AND 28 FROM THE PUNJAB AGRICULTURAL PRODUCE MARKETS ACT, 1961.

Section 26. Purposes for which the Marketing Development Fund may be expended.

The Marketing Development Fund shall be utilised out of following purposes :—

(i) better marketing of agricultural produce ;

(ii) Marketing of Agricultural produce on co-operative lines ;

(iii) Collection and dissemination of market rates and news ;

(iv) grading and standardisation of agricultural produce ;

(v) general improvement in the market of their respective notified market areas ;

(vi) maintenance of the office of the Board and construction, repair of its office building, rest house and staff quarters.

(vii) giving aid to financially weak Committes in the shape of loan and grants.

(viii) payment of salary, leave allowance, gratuity , compassionate allowance, compensation for injuries or death resulting from accidents while on duty medical aid, pension or provident fund to the persons employed by the Board and leave and pension contribution to Govt. servants on deputation;

(ix) travelling and other allowances to the employees of the Board, its members and members of Advisory Committees ;

*1[(x) propaganda, demonstration and publicity in favour of agriculture improvements ;

*2[(xi) production and betterment of agricultural produce ;

(xii) meeting any legal expenses incurred by the Board ;

(xiii) Imparting education in marketing (or agriculture) ;

(xiv) construction of godowns ;

Original with;
Punjab Vidhan Sabha
Digitized by;
Panjab Digital Library

[Minister for Agriculture and Forests]

(xv) loans and advances to the employees ;

(xvi) expenses incurred in auditing the accounts of the Board ;

(xvii) with the previous sanction of the State Government any other purpose which is calculated to promote the general interest of the Board and the committes (or the national or public interests ;

Provided that if the Board decides to give aid to more than five thousand rupees to a financially weak committee under clause (vii) the prior approval of the State Government to such payment shall be obtained.

*1. The operation of clause (x) has been restricted by Supreme Court,—*vide* its judgement dated 4.5.79 (K.K. Puri *versus* State of Punjab) AIR 1980 (S.C) 1008.

*2. The operation of this clause has been restricted by the Supreme Court ,—*vide* its judgment dated 4-5-79 (K.K. Puri *versus* State of Punjab AIR 1980 (S.C.) 1008.

*3. The operation regarding the portion shown in brackets has been restricted by the Supreme Court ,—*vide* judgement *ibid.*

*4. Inserted by Punjab Act 23 of 1961 (operations of clause (xvii) has been restricted by the Supreme Court,—*vide* judgement dated 4-5-79 AIR 1980 (S.C.) 1008.

Section 27. Market Committee Fund.

(1) All moneys received by a Committee shall be paid into a fund to be called the Market Committee Fund and all expenditure incurred by the Committee under or for the purposes of this Act shall be defrayed out of such fund and any surplus remaining after such expenditure has been met shall be invested in such manner as may be prescribed.

(2) (a) Every Committee, shall, out of its fund pay to the Board as contribution such percentage of its income derived from licence fee, market fee and fines levied by the Courts as is specified below to defray expenses of the office establishment of the Board and such other expenses incurred by it in the interest of the Committees generally and also pay to the State Government the cost of any special or additional staff employed by the State Government in consultation with the Committee for giving effect to the provisions of this Act in the notified market area :—

| | |
|---|---|
| (i) if the annual income of a Committee exceed Rs. 20,00,000 | Twenty per centum |
| (ii) if the annual income of a Committee exceeds Rs. 20,00,000 | |
| (a) on the first of Rs. 20,00,000 | Twenty per centum ; |
| (b) on the next Rs. 20,00,000 | Forty per centum ; and |
| (c) on the remaining income | Fifty per centum ; |

Original with;
Punjab Vidhan Sabha
Digitized by;
Panjab Digital Library

(b) The State Government shall determine the cost of such special or additional staff and shall, where the staff is employed for the purposes of more Committees than one, apportion such cost among the Committees concerned in such manner as it thinks fit. The decision of the State Government determining the amount payable by any committee shall be final.

Section 28. Purposes for which the Market Committee Funds may be expended

Subject to the provisions of section 27, the Market Committee Funds shall be expended for the following purposes :

(i) acquisition of sites for the market ;

(ii) maintenance and improvement of the market ;

(iii) construction and repair of buildings which are necessary for the purposes of the market and for the health, convenience and safety of the persons using it ;

(iv) provision and maintenance of standard weights and measures ;

(v) pay, leave allowances, gratuities, compenssionate allowances and contributions towards leave allowances, compenesation for injuries and death resulting from accidents while on duty , medical aid, pension or provident fund of the persons employed by the Committee ;

(vi) payment of interest on loans that may be raised for purposes of the market and the provisions of a sinking fund in respect of such loans ;

(vii) collection and dissemination of information regarding all matters relating to crop statistics and marketing in respect of the agricultural produce concerned.

(viii) providing comforts and facilities, such as shelter, shade, parking accommodation and water for the persons, draught cattle, vehicles and park animals coming or being brought to the market or on construction and repair of *(link roads) approach roads, culverts, bridges and other such purposes.

(ix) expenses incurred in the maintenance of the offices and in auditing the accounts of the Committees ;

*2[(x) propaganda in favour of agricultural improvements and shift ;

*3 [(xi) production and betterment of agricultural produce ;

(xii) meeting any legal expenses incurred by the Committee ;

(xiii) imparting education in marketing *4 (or agriculture) ;

(xiv) payments of travelling and other allowances to the members and employees of the Committee, as prescribed ;

(xv) loans and advances to the employees ;

(xvi) expenses of and incidental to elections ; and

Original with;
Punjab Vidhan Sabha
Digitized by;
Panjab Digital Library

[Minister for Agriculture and Forests]

(xvii) with the previous sanction of the Board, any other purpose which is calculated to promote the general interests of the Committee or the notified market area *5 (or with the previous sanction of the State Government, any purpose calculated to promote the national or public interest).

*1. Inserted vide Punjab Act No. 3 of 1983.

*2. Operation of this clause has been restricted by Supreme Court vide its judgement dated 4-5-1979 (K.K. Puri *Versus* State of Punjab AIR 1980 (S.C.) 1008.

*3. *Ibid.*

*4. The portion shown in the brackets has been restricted by the Supreme Court vide judgement dated 4-5-1979.

*5. Added by Punjab Act No. 23 of 1962.

**Regarding Clause (xvii), the first part of this clause has been considered vague by the Supreme Court vide its judgement dated 4-5-1979.

**The powers of the Board vide clause (xvii) has been delegated to Secretary Board for expenditure upto 2 lacs per annum per committee and Chairman Board for expenditure upto 3 lacs per annum per committee.

---

ਲੁਧਿਆਣਾ ਸ਼ਹਿਰ ਤੋਂ ਬਾਹਰ ਦੀਆਂ ਬਸਤੀਆਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਨਾ

*1889..(ਸੀ.ਯੂ.). ਸਰਦਾਰ ਮਲਕੀਤ ਸਿੰਘ ਬਿਰਮੀ : ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਸ਼ਹਿਰ ਤੋਂ ਬਾਹਰ ਕੁਝ ਬਸਤੀਆਂ ਵਿਚ ਲੋਕਾਂ ਨੂੰ ਜਲ ਸਪਲਾਈ ਸਕੀਮ ਅਧੀਨ ਅਜੇ ਤੱਕ ਪੀਣ ਵਾਲਾ ਪਾਣੀ ਮੁਹੱਈਆਂ ਨਹੀਂ ਕੀਤਾ ਗਿਆ ਹੈ ; ਜੇਕਰ ਅਜਿਹਾ ਹੋਵੇ, ਤਾਂ ਉਸ ਦੇ ਕਾਰਣ ਕੀ ਹਨ ਅਤੇ ਪਾਣੀ ਦੇ ਕਦੋਂ ਤੱਕ ਮੁਹੱਈਆ ਕੀਤੇ ਜਾਣ ਦੀ ਸੰਭਾਵਨਾ ਹੈ ?

ਡਾਕਟਰ ਕੇਵਲ ਕ੍ਰਿਸ਼ਨ (ਵਿੱਤ ਮੰਤਰੀ) : ਜੀ ਹਾਂ। ਸਾਰੇ ਲੁਧਿਅਣਾ ਸ਼ਹਿਰ ਨੂੰ ਜਲ ਸਪਲਾਈ ਮੁਹੱਈਆ ਨਾ ਕਰ ਸਕਣ ਦੇ ਮੁੱਖ ਕਾਰਣ ਨਗਰ ਨਿਗਮ ਕੋਲ ਫੰਡਾਂ ਦੀ ਘਾਟ ਅਤੇ ਸ਼ਹਿਰ ਦੀ ਤੇਜ਼ੀ ਨਾਲ ਵਧ ਰਹੀ ਆਬਾਦੀ ਹਨ। ਫੰਡਾਂ ਦੀ ਉਪਲਬਧਤਾ ਅਨੁਸਾਰ ਸ਼ਹਿਰ ਨੂੰ ਜਲ ਸਪਲਾਈ ਪੜਾਅਵਾਰ ਮੁਹੱਈਆ ਕਰਵਾ ਦਿੱਤੀ ਜਾਵੇਗੀ।

---

ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਦੀ ਇਨ-ਪਲਾਂਟ ਟਰੇਨਿੰਗ ਸਕੀਮ ਅਧੀਨ ਭਰਤੀ ਕੀਤੇ ਗਏ ਸਿਖਿਆਰਥੀ

*1890 (ਸੀ.ਯੂ.). ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਮਾਰਚ, 1993 ਤੋਂ 31 ਦਸੰਬਰ, 1993 ਤੱਕ ਦੇ ਸਮੇਂ ਦੌਰਾਨ ਪੰਜਾਬ ਰਾਜ ਚਮੜਾ ਵਿਕਾਸ ਕਾਰਪੋਰੇਸ਼ਨ ਵਿਚ ਟ੍ਰੇਨਿੰਗ ਸਕੀਮ ਹੇਠ ਭਰਤੀ ਕੀਤੇ ਗਏ ਇਨ-ਪਲਾਂਟ ਸਿਖਿਆਰਥੀਆਂ ਦੀ ਕੁੱਲ ਗਿਣਤੀ ਕਿੰਨੀ ਹੈ ;

Original with;
Punjab Vidhan Sabha
Digitized by;
Panjab Digital Library

(ਅ) ਉਕਤ ਭਾਗ (ੳ) ਵਿਚ ਵਰਣਿਤ ਇਨ-ਪਲਾਂਟ ਟ੍ਰੇਨਿੰਗ ਦਾ ਸਮਾਂ ਕਿੰਨਾ ਹੈ ?

**ਸਰਦਾਰ ਬੇਅੰਤ ਸਿੰਘ :** (ੳ) ਮਾਰਚ, 1993 ਤੋਂ 31 ਦਸੰਬਰ, 1993 ਤੱਕ ਦੇ ਸਮੇਂ ਦੌਰਾਨ ਪੰਜਾਬ ਰਾਜ ਚਮੜਾ ਵਿਕਾਸ ਨਿਗਮ (ਟ੍ਰੇਨਿੰਗ ਸਕੀਮ) ਵਲੋਂ 9 ਇਨ-ਪਲਾਂਟ ਸਿਖਿਆਰਥੀਆਂ ਨੂੰ ਭਰਤੀ ਕੀਤਾ ਗਿਆ ।

(ਅ) ਸਿਖਿਆਰਥੀਆਂ ਨੂੰ ਇਨ-ਪਲਾਂਟ ਟ੍ਰੇਨਿੰਗ ਦਾ ਸਮਾਂ ਇਕ ਸਾਲ ਦਾ ਹੈ ।

---

## ਨਸ਼ਿਆਂ ਵੱਲ ਵਧ ਰਹੀ ਪ੍ਰਵਿਰਤੀ ਨੂੰ ਰੋਕਣਾ

*1903 (ਸੀ.ਯੂ.) **ਸ੍ਰੀ ਫਕੀਰ ਚੰਦ ਸ਼ਰਮਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਦੇ ਯੁਵਕਾਂ (ਵਿਦਿਆਰਥੀਆਂ) ਦੁਆਰਾ ਨਸ਼ੀਲੇ ਪਦਾਰਥਾਂ ਅਤੇ ਨਸ਼ੀਲੀਆਂ ਦਵਾਈਆਂ ਦੀ ਵਧ ਰਹੀ ਵਰਤੋਂ ਨੂੰ ਰੋਕਣ ਲਈ ਕੋਈ ਕਾਰਵਾਈ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ?

**ਸਰਦਾਰ ਹਰਚਰਨ ਸਿੰਘ ਬਰਾੜ :** ਹਾਂ ਜੀ, ਹੇਠਾਂ ਦਸੇ ਉਪਰਾਲੇ ਕੀਤੇ ਜਾ ਰਹੇ ਹਨ/ਕਰਨ ਦੀ ਤਜਵੀਜ਼ ਹੈ :--

1. ਸਰਕਾਰੀ ਮੈਡੀਕਲ ਕਾਲਜ, ਪਟਿਆਲਾ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ, ਅਤੇ ਸਿਵਲ ਹਸਪਤਾਲ, ਬਠਿੰਡਾ ਵਿਖੇ ਡੀ-ਐਡੀਕਸ਼ਨ ਕੇਂਦਰ ਸਥਾਪਿਤ ਕੀਤੇ ਜਾ ਚੁੱਕੇ ਹਨ ।

2. ਇਹੋ ਜਿਹੇ ਹੋਰ ਕੇਂਦਰ ਸਥਾਪਿਤ ਕਰਨ ਦੀ ਤਜਵੀਜ਼ ਹੈ ।

3. ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਨਵੀਂ ਦਿੱਲੀ, ਪੀ.ਜੀ. ਆਈ., ਚੰਡੀਗੜ੍ਹ ਅਤੇ ਮੈਡੀਕਲ ਕਾਲਜ, ਅੰਮ੍ਰਿਤਸਰ/ਪਟਿਆਲਾ ਵਿਖੇ 122 ਡਾਕਟਰਾਂ ਨੂੰ ਡਰੱਗ-ਐਡੀਕਸ਼ਨ ਵਿਚ ਟ੍ਰੇਨਿੰਗ ਦਿੱਤੀ ਜਾ ਚੁੱਕੀ ਹੈ ।

4. ਲੋਕਾਂ, ਖਾਸ ਕਰਕੇ ਵਿਦਿਆਰਥੀਆਂ ਅਤੇ ਯੁਵਕਾਂ ਨੂੰ ਡਰੱਗਜ਼ ਦੇ ਵਿਸ਼ੈਲੇ ਪ੍ਰਭਾਵਾਂ ਵਿਰੁੱਧ ਲੈਕਚਰਾਂ (ਭਾਸ਼ਣਾਂ), ਇਸ਼ਤਿਹਾਰਾਂ, ਵੱਖ ਵੱਖ ਥਾਵਾਂ ਤੇ ਨੁਮਾਇਸ਼ਾਂ, ਰੇਡੀਓ ਅਤੇ ਇਲੈਕਟਰੋਨਿਕ ਮੀਡੀਆ ਰਾਹੀਂ ਜਾਗਰਤ ਅਤੇ ਸਿਖਿਅਤ ਕਰਨ ਦੀਆਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ।

5. ਜੋ ਕੈਮਿਸਟਸ ਨਸ਼ੀਲੀਆਂ ਅਤੇ ਨਕਲੀ ਦਵਾਈਆਂ ਵੇਚਦੇ ਹਨ, ਉਨ੍ਹਾਂ ਦਾ ਪਤਾ ਲਗਾਉਣ ਲਈ ਵਿਸ਼ੇਸ਼ ਰੂਪ ਵਿਚ ਛਾਪੇ ਮਾਰੇ ਜਾਂਦੇ ਹਨ ।

---

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਦਵਾਈਆਂ ਤਿਆਰ ਕਰਨ ਵਾਲੇ ਯੂਨਿਟਾਂ ਦੀ ਗਿਣਤੀ

*1905. (ਸੀ.ਯੂ.) (1) ਸ੍ਰੀ ਰਮੇਸ਼ ਦੱਤ ਸ਼ਰਮਾ
(2) ਡਾਕਟਰ ਮਹਿੰਦਰ ਕੁਮਾਰ ਰਿਨਵਾਂ } : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਰਾਜ ਵਿਚ ਇਸ ਸਮੇਂ ਦਵਾਈਆਂ ਤਿਆਰ ਕਰਨ ਵਾਲੇ ਉਦਯੋਗਿਕ ਯੂਨਿਟਾਂ ਦੀ ਗਿਣਤੀ ਕਿੰਨੀ ਹੈ ;

(ਅ) ਕੀ ਸਰਕਾਰ ਨੂੰ ਉਕਤ ਯੂਨਿਟਾਂ ਦੇ ਵਿਰੁੱਧ ਘਟੀਆ ਦਵਾਈਆਂ/ਟੀਕੇ ਤਿਆਰ ਕਰਨ ਸਬੰਧੀ ਕੋਈ ਸ਼ਿਕਾਇਤਾਂ ਮਿਲੀਆਂ ਹਨ ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਸਬੰਧੀ ਕੀਤੇ ਗਏ ਉਪਾਵਾਂ ਦੇ ਵੇਰਵੇ ਕੀ ਹਨ ?

**ਸਰਦਾਰ ਹਰਚਰਨ ਸਿੰਘ ਬਰਾੜ** : (ੳ) 175.

(ਅ) ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਹੈ।

---

## ਟਰਾਂਸਪੋਰਟ ਦੇ ਕੌਮੀਕਰਣ ਸਬੰਧੀ ਨੀਤੀ

*1906. (ਸੀ.ਯੂ.) **ਸ੍ਰੀ ਰਮੇਸ਼ ਦੱਤ ਸ਼ਰਮਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਟਰਾਂਸਪੋਰਟ ਦੇ ਕੌਮੀਕਰਣ ਸਬੰਧੀ ਸਰਕਾਰ ਦੀ ਤਾਜ਼ਾ ਨੀਤੀ ਕੀ ਹੈ;

(ਅ) ਕੀ ਉਕਤ ਨੀਤੀ ਵਿਚ ਕੋਈ ਤਬਦੀਲੀ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਕੀ ਉਕਤ ਨਵੀਂ ਨੀਤੀ ਅਧੀਨ ਪਿਛਲੇ ਦੋ ਸਾਲਾਂ ਦੇ ਦੌਰਾਨ ਰਾਜ ਵਿਚ ਕਿਸੇ ਪ੍ਰਾਈਵੇਟ ਟਰਾਂਸਪੋਰਟ ਓਪਰੇਟਰਾਂ ਨੂੰ ਕੋਈ ਨਵੇਂ ਰੂਟ ਪਰਮਿਟ ਜਾਰੀ ਕੀਤੇ ਗਏ ਸਨ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

**ਸਰਦਾਰ ਬੇਅੰਤ ਸਿੰਘ** : (ੳ) ਰਾਜ ਸਰਕਾਰ ਨੇ ਰਾਜ ਵਿੱਚ ਪਸੈਂਜਰ ਟਰਾਂਸਪੋਰਟ ਨੂੰ ਕੌਮੀਕਰਣ ਕਰਨ ਸਬੰਧੀ ਕੋਈ ਤਜਵੀਜ਼ ਨਹੀਂ ਬਣਾਈ।

(ਅ) 'ੳ' ਉਕਤ ਦੀ ਲੋਅ ਵਿਚ ਲਾਗੂ ਨਹੀਂ।

---

## ਰਾਜ ਵਿਚ ਮਾਰੇ ਗਏ ਖਾੜਕੂਆਂ, ਸਿਵਿਲੀਅਨਾਂ ਅਤੇ ਸੁਰੱਖਿਆ ਕਰਮਚਾਰੀਆਂ ਦੀ ਗਿਣਤੀ

*1909. (ਸੀ.ਯੂ.) (1) ਸ੍ਰੀ ਰਮੇਸ਼ ਦੱਤ ਸ਼ਰਮਾ
(2) ਸਰਦਾਰ ਦਰਸ਼ਨ ਸਿੰਘ ਬਰਾੜ
(3) ਸਰਦਾਰ ਹਰਮਿੰਦਰ ਸਿੰਘ ਜੱਸੀ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਦਸੰਬਰ, 1993 ਤੱਕ ਪਛਲੇ ਤਿੰਨ ਸਾਲਾਂ ਦੇ ਦੌਰਾਨ ਸਾਲਵਾਰ ਮਾਰੇ ਗਏ ਖਾੜਕੂਆਂ ਦੀ ਸ਼੍ਰੇਣੀਵਾਰ ਸਿਵਿਲੀਅਨਾਂ ਅਤੇ ਸੁਰੱਖਿਆ ਕਰਮ- ...ੀਆਂ ਦੀ ਵੱਖ ਵੱਖ ਕੁੱਲ ਗਿਣਤੀ ਕਿੰਨੀ ਹੈ?

Original with:
Punjab Vidhan Sabha
Digitized by:
Panjab Digital Library

ਸਰਦਾਰ ਬੇਅੰਤ ਸਿੰਘ : ਲੋੜੀਂਦੀ ਸੂਚਨਾ ਨਾਲ ਨੱਥੀ ਹੈ।

ਸੂਚੀ

| ਸਾਲ | ਮਾਰੇ ਗਏ ਅੱਤਵਾਦੀ ਹਾਰਡਕੋਰ | ਨਾਨ-ਹਾਰਡਕੋਰ | ਸਿਵਲੀਅਨਾਂ ਦੇ ਕਤਲ | ਸੁਰੱਖਿਆ ਕਰਮਚਾਰੀਆਂ ਦੇ ਕਤਲ |
|---|---|---|---|---|
| 1991 | 133 | 2044 | 2094 | 495 |
| 1992 | 139 | 1972 | 1256 | 248 |
| 1993 | 57 | 741 | 23 | 25 |
| 1994 (7 ਮਾਰਚ, 1994 ਤੱਕ) | 2 | 26 | 1 | .. |

ਨਿਸ਼ਾਨ ਵਾਲਾ (ਸੀ.ਯੂ.) ਪ੍ਰਸ਼ਨ ਨੰਬਰ 1910*
(ਇਸ ਸਵਾਲ ਦਾ ਜਵਾਬ ਹਾਲੇ ਤਕ ਪ੍ਰਾਪਤ ਨਹੀਂ ਹੋਇਆ)

ਮੋਹਾਲੀ ਵਿਖੇ ਮਕਾਨਾਂ ਦੀ ਰਜਿਸਟਰੀ/ਇੰਤਕਾਲ

*1911. (ਸੀ.ਯੂ.) ਕਾਮਰੇਡ ਗੁਰਨਾਮ ਸਿੰਘ ਧੀਰੋਵਾਲ: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਪਹਿਲੀ ਅਗਸਤ, 1993 ਤੋਂ 31 ਦਸੰਬਰ, 1993 ਤੱਕ ਦੇ ਸਮੇਂ ਦੇ ਦੌਰਾਨ ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਵਿਕਰੀ ਤੋਂ ਬਾਅਦ ਕਿੰਨੇ ਮਕਾਨਾਂ ਦੀਆਂ ਰਜਿਸਟਰੀਆਂ/ਇੰਤਕਾਲਨਾਮੇ ਕੀਤੇ ਗਏ ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਕੇਸਾਂ ਵਿੱਚ ਅਜਿਹੇ ਕੇਸ ਵੀ ਸ਼ਾਮਲ ਹਨ ਜਿਨ੍ਹਾਂ ਦੀ ਰਜਿਸਟਰੀ/ਇੰਤਕਾਲ ਕਰਨ ਵਿੱਚ ਅਦਾਲਤ ਨੇ ਰੋਕ ਲਾ ਦਿੱਤੀ ਹੈ ?

ਸਰਦਾਰ ਬੇਅੰਤ ਸਿੰਘ : (ੳ) 62.

(ਅ) ਨਹੀਂ ਜੀ।

---

*For S. Q. (C. U.) No. 1910 and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਡਿਗਰੀ ਕਾਲਜਾਂ ਦੀ ਗਿਣਤੀ

*1914. (ਸੀ.ਯੂ.)(1) ਸਰਦਾਰ ਸ਼ਮਸ਼ੇਰ ਸਿੰਘ ਰਾਏ
(2) ਸਰਦਾਰ ਗੁਰਮੇਲ ਸਿੰਘ ਚੀਮਾ } : ਕੀ
ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਇਸ ਸਮੇਂ ਡਿਗਰੀ ਕਾਲਜਾਂ ਦੀ ਜ਼ਿਲ੍ਹਾਵਾਰ ਗਿਣਤੀ ਕਿੰਨੀ ਕਿੰਨੀ ਹੈ;

(ਅ) ਕੀ ਸਰਕਾਰ ਦੀ ਰਾਜ ਵਿਚ ਕੋਈ ਨਵੇਂ ਡਿਗਰੀ ਕਾਲਜ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦਾ ਵੇਰਵਾ ਕੀ ਹੈ ?

**ਸਰਦਾਰ ਲਖਮੀਰ ਸਿੰਘ ਰੰਧਾਵਾ** : (ੳ) ਰਾਜ ਵਿਚ ਜ਼ਿਲ੍ਹਾਵਾਰ ਡਿਗਰੀ ਕਾਲਜਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

| ਜ਼ਿਲ੍ਹਾ | ਸਰਕਾਰੀ ਕਾਲਜ | ਗੈਰ ਸਰਕਾਰੀ ਏਡਿਡ ਕਾਲਜ | ਗੈਰ ਸਰਕਾਰੀ ਅਨਏਡਿਡ ਕਾਲਜ |
|---|---|---|---|
| ਅੰਮ੍ਰਿਤਸਰ | 5 | 13 | 1 |
| ਬਠਿੰਡਾ | 1 | 5 | .. |
| ਫਿਰੋਜ਼ਪੁਰ | 2 | 9 | 1 |
| ਫਰੀਦਕੋਟ | 5 | 13 | .. |
| ਗੁਰਦਾਸਪੁਰ | 2 | 11 | 3 |
| ਹੁਸ਼ਿਆਰਪੁਰ | 4 | 10 | 4 |
| ਜਲੰਧਰ | 3 | 21 | .. |
| ਕਪੂਰਥਲਾ | 2 | 13 | 1 |
| ਲੁਧਿਆਣਾ | 5 | 22 | 1 |
| ਪਟਿਆਲਾ | 8 | 5 | 1 |
| ਰੋਪੜ | 2 | 5 | .. |
| ਸੰਗਰੂਰ | 3 | 7 | .. |
| ਮਾਨਸਾ | 1 | 3 | .. |
| ਫਤਿਹਗੜ੍ਹ ਸਾਹਿਬ | 1 | 1 | .. |
| ਕੁੱਲ | 44 | 138 | 12 |

(ਅ) ਨਹੀਂ ਜੀ।

Original with;
Punjab Vidhan Sabha
Digitized by;
Panjab Digital Library

ਖਰੜ ਅਤੇ ਅਨੰਦਪੁਰ ਸਾਹਿਬ ਤਹਿਸੀਲਾਂ ਵਿਚ ਡੂੰਘੇ ਟਿਊਬਵੈੱਲ ਪੁੱਟਣੇ

*1917.(ਸੀ.ਯੂ.) (1) ਸਰਦਾਰ ਹਰਨੇਕ ਸਿੰਘ ਖਰੜ
(2) ਸ੍ਰੀ ਰਮੇਸ਼ ਦੱਤ ਸ਼ਰਮਾ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਰੋਪੜ ਦੀਆਂ ਤਹਿਸੀਲਾਂ ਖਰੜ ਅਤੇ ਅਨੰਦਪੁਰ ਸਾਹਿਬ ਵਿਚ ਵੱਖ-ਵੱਖ, ਹੁਣ ਤੱਕ ਕੁੱਲ ਕਿੰਨੇ ਡੂੰਘੇ ਟਿਊਬਵੈਲ ਲਗਾਏ ਗਏ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਚੋਂ ਉਨ੍ਹਾਂ ਟਿਊਬਵੈਲਾਂ ਦੀ ਗਿਣਤੀ ਕਿੰਨੀ ਹੈ ਜਿਹੜੇ ਇਸ ਸਮੇਂ ਕੰਮ ਨਹੀਂ ਕਰ ਰਹੇ ਹਨ ਅਤੇ ਉਕਤ ਟਿਊਬ-ਵੈਲਾਂ ਨੂੰ ਠੀਕ ਕਰਨ ਲਈ ਕੀ ਕਾਰਵਾਈ ਕੀਤੀ/ਕੀਤੇ ਜਾਣ ਦੀ ਤਜਵੀਜ਼ ਹੈ;

(ੲ) ਕੀ ਨੇੜੇ ਭਵਿਖ ਵਿਚ ਉਕਤ ਤਹਿਸੀਲਾਂ ਵਿਚ ਕੋਈ ਨਵੇਂ ਡੂੰਘੇ ਟਿਊਬਵੈਲ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦਾ ਵੇਰਵਾ ਕੀ ਹੈ ?

**ਸਰਦਾਰ ਬੇਅੰਤ ਸਿੰਘ :** (ੳ) ਖਰੜ ਤਹਿਸੀਲ 48 ਨੰ: ਡੂੰਘੇ ਟਿਊਬਵੈਲ
ਅਨੰਦਪੁਰ ਸਾਹਿਬ ਤਹਿਸੀਲ 33 ਨੰ: ਡੂੰਘੇ ਟਿਊਬਵੈਲ

(ਅ) ਖਰੜ ਤਹਿਸੀਲ 8 ਨੰ: ਡੂੰਘੇ ਟਿਊਬਵੈਲ
ਅਨੰਦਪੁਰ ਸਾਹਿਬ ਤਹਿਸੀਲ ਨਹੀਂ ਜੀ ।

ਬੰਦ ਪਏ ਟਿਊਬਵੈਲਾਂ ਦੇ ਮੁੜ ਵਸੇਬੇ ਲਈ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ ।

(ੲ) ਜੀ ਹਾਂ, 5 ਨੰ: ਡੂੰਘੇ ਟਿਊਬਵੈਲ ਖਰੜ ਤਹਿਸੀਲ ਵਿੱਚ ਅਤੇ 70 ਨੰ: ਡੂੰਘੇ ਟਿਊਬਵੈਲ ਆਨੰਦਪੁਰ ਸਾਹਿਬ ਤਹਿਸੀਲ ਵਿੱਚ ਲਗਾਉਣ ਦੀ ਤਜਵੀਜ ਹੈ ।

---

ਐਸ. ਏ ਐ.ਸ. ਨਗਰ (ਮੁਹਾਲੀ) ਵਿਚ ਗੰਦੀਆਂ ਬਸਤੀਆਂ ਵਿਚ ਰਹਿਣ ਵਾਲਿਆਂ ਦੀ ਗਿਣਤੀ

*1918. (ਸੀ.ਯੂ.) ਸਰਦਾਰ ਹਰਨੇਕ ਸਿੰਘ ਖਰੜ : ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਐਸ.ਏ ਐਸ. ਨਗਰ ਦੀ ਸ਼ਹਿਰੀ ਮਿਲਖ ਦੇ ਅੰਦਰ ਅਤੇ ਆਲੇ-ਦੁਆਲੇ ਗੰਦੀਆਂ ਬਸਤੀਆਂ ਵਿਚ ਰਹਿਣ ਵਾਲੇ ਪਰਿਵਾਰਾਂ ਦੀ ਗਿਣਤੀ ਕਿੰਨੀ ਹੈ ;

Original with;
Punjab Vidhan Sabha
Digitized by;
Panjab Digital Library

[ ਸਰਦਾਰ ਹਰਨੇਕ ਸਿੰਘ ਘੜੂੰਆਂ ]

(ਅ) ਕੀ ਉਕਤ ਪਰਿਵਾਰਾਂ ਨੂੰ ਕੋਈ ਬਦਲਵੀਆਂ ਥਾਵਾਂ ਦੇ ਕੇ ਉਥੋਂ ਉਠਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ?

**ਸ੍ਰੀ ਬਾਲ ਮੁਕੰਦ ਸ਼ਰਮਾ** : (ੳ) ਪੰਜਾਬ ਮਕਾਨ ਉਸਾਰੀ ਬੋਰਡ ਵਲੋਂ ਫਰਵਰੀ ਤੋਂ ਜੂਨ, 1995 ਤੱਕ ਕਰਵਾਏ ਗਏ ਸਰਵੇ ਅਨੁਸਾਰ ਐਸ.ਏ.ਐਸ. ਨਗਰ (ਮੁਹਾਲੀ) ਦੇ ਸ਼ਹਿਰੀ ਮਿਲਖ ਦੀ ਭੋਂ ਤੇ 2739 ਸਲੱਮ ਡਵੈਲਰਜ਼ ਦੇ ਪਰਿਵਾਰਾਂ ਨੇ ਨਜਾਇਜ਼ ਕਬਜ਼ਾ ਕੀਤਾ ਸੀ। ਐਸ.ਏ.ਐਸ. ਨਗਰ ਦੇ ਆਲੇ ਦੁਆਲੇ ਸਲੱਮ ਡਵੈਲਰਜ਼ ਬਾਰੇ ਮਕਾਨ ਉਸਾਰੀ ਬੋਰਡ ਵਲੋਂ ਕੋਈ ਸਰਵੇ ਨਹੀਂ ਕੀਤਾ ਗਿਆ ਕਿਉਂਕਿ ਇਹ ਰਕਬਾ ਇਸ ਦੇ ਅਧਿਕਾਰ ਖੇਤਰ/ਹਦੂਦ ਅੰਦਰ ਨਹੀਂ ਆਉਂਦਾ।

(ਅ) ਅਜਿਹੇ ਨਜਾਇਜ਼ ਕਬਜ਼ੇ ਖਤਮ ਕੀਤੇ ਜਾਂਦੇ ਹਨ। ਅਜਿਹੇ ਸਲੱਮ ਡਵੈਲਰਜ਼ ਨੂੰ ਬਦਲਵੀਆਂ ਥਾਵਾਂ ਦੇਣ ਬਾਰੇ ਕੋਈ ਤਜਵੀਜ਼ ਨਹੀਂ ਹੈ।

---

## ਨੂਰਪੁਰ ਬੇਦੀ ਵਿਖੇ ਪੱਕਾ ਖਰੀਦ-ਕੇਂਦਰ ਬਣਾਉਣਾ

*1925. (ਸੀ.ਯੂ.) **ਸ੍ਰੀ ਰਮੇਸ਼ ਦੱਤ ਸ਼ਰਮਾ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨੂਰਪੁਰ ਬੇਦੀ ਵਿਖੇ ਕੋਈ ਪੱਕਾ ਖਰੀਦ-ਕੇਂਦਰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ, ਤਾ ਇਸਦੇ ਕਾਰਣ ਕੀ ਹਨ?

**ਸਰਦਾਰ ਦਿਲਬਾਗ ਸਿੰਘ ਨਵਾਂਸ਼ਹਿਰ** : ਨੂਰਪੁਰ ਬੇਦੀ ਵਿਖੇ, ਪੰਜਾਬ ਮੰਡੀ ਬੋਰਡ ਦੀ ਪੱਕਾ ਫੜ ਬਣਾਉਣ ਦੀ ਤਜਵੀਜ਼ ਹੈ।

---

## ਰੋਪੜ ਵਿਚ ਹਾਊਸਿੰਗ ਕਲੋਨੀ ਦੀ ਉਸਾਰੀ

*1926. (ਸੀ.ਯੂ..) **ਸ੍ਰੀ ਰਮੇਸ਼ ਦੱਤ ਸ਼ਰਮਾ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਯੋਜਨਾਬੰਦੀ ਬੋਰਡ, ਰੋਪੜ ਨੇ ਗਰੁੱਪ ਹਾਊਸਿੰਗ ਸਕੀਮ ਅਧੀਨ ਰੋਪੜ ਵਿਚ ਇੱਕ ਹਾਊਸਿੰਗ ਕਲੋਨੀ ਦੀ ਉਸਾਰੀ ਲਈ ਸਾਲ 1992-93 ਵਿਚ 46 ਲੱਖ ਰੁਪਏ ਮਨਜ਼ੂਰ ਕੀਤੇ ਸਨ ਜੇਕਰ ਅਜਿਹਾ ਹੋਵੇ, ਤਾਂ ਕੀ ਉਕਤ ਰਕਮ ਉਕਤ ਮੰਤਵ ਲਈ ਵਰਤ ਲਈ ਗਈ ਹੈ; ਜੇਕਰ ਨਹੀਂ, ਤਾਂ ਇਸਦੇ ਕਾਰਣ ਕੀ ਹਨ?

**ਡਾਕਟਰ ਕੇਵਲ ਕ੍ਰਿਸ਼ਨ** : ਹਾਂ ਜੀ।

ਨਹੀਂ ਜੀ।

46.93 ਲੱਖ ਰੁਪਏ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ ਰੋਪੜ ਵਲੋਂ ਇਸ ਕੰਮ ਲਈ ਪ੍ਰਵਾਨ ਕੀਤੇ ਗਏ ਸਨ ਪਰੰਤੂ ਇਹ ਰਾਸ਼ੀ ਉਸ ਕੰਮ ਲਈ ਨਹੀਂ ਵਰਤੀ ਗਈ, ਜਿਸ ਕੰਮ

Original with;
Punjab Vidhan Sabha
Digitized by;
Panjab Digital Library

ਲਈ ਇਹ ਦਿੱਤੀ ਗਈ ਸੀ। ਡਿਪਟੀ ਕਮਿਸ਼ਨਰ ਰੋਪੜ ਵਲੋਂ ਦੱਸਿਆ ਗਿਆ ਹੈ ਕਿ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡ, ਰੋਪੜ ਦੀ ਮਿਤੀ 19 ਅਗੱਸਤ, 1994 ਨੂੰ ਹੋਈ ਮੀਟਿੰਗ ਵਿਚ ਇਹ ਮਸਲਾ ਵਿਚਾਰਿਆ ਗਿਆ ਅਤੇ ਇੰਪਰੂਵਮੈਂਟ ਟਰੱਸਟ ਰੋਪੜ ਨੂੰ ਇਹ ਰਾਸ਼ੀ ਵਾਪਸ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਉਣ ਲਈ ਕਹਿ ਦਿਤਾ ਗਿਆ ਹੈ ।

---

## ਸਰਕਾਰੀ ਹਸਪਤਾਲ, ਭਰਤਗੜ੍ਹ ਲਈ ਇਮਾਰਤ ਦਾ ਉਪਬੰਧ ਕਰਨਾ

*1927. (ਸੀ.ਯੂ.) **ਸ੍ਰੀ ਰਮੇਸ਼ ਦੱਤ ਸ਼ਰਮਾ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਇਹ ਠੀਕ ਹੈ ਕਿ ਮੁੱਢਲਾ ਸਿਹਤ ਕੇਂਦਰ, ਭਰਤਗੜ੍ਹ, ਜ਼ਿਲ੍ਹਾ ਰੋਪੜ ਨੂੰ ਹਸਪਤਾਲ ਵਜੋਂ ਅਪਗਰੇਡ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਕਤ ਹਸਪਤਾਲ ਦੀ ਇਮਾਰਤ ਦੀ ਉਸਾਰੀ ਲਈ ਹੁਣ ਤੱਕ ਕੀਤੇ ਗਏ ਪ੍ਰਬੰਧਾਂ ਦੇ ਵੇਰਵੇ ਕੀ ਹਨ?

**ਸਰਦਾਰ ਹਰਚਰਨ ਸਿੰਘ ਬਰਾੜ** : ਹਾਂ ਜੀ, ਇਹ ਠੀਕ ਹੈ ਕਿ 8 ਬਿਸਤਰਿਆਂ ਦੇ ਪ੍ਰਾਇਮਰੀ ਹੈਲਥ ਸੈਂਟਰ ਭਰਤਗੜ੍ਹ, ਜ਼ਿਲ੍ਹਾ ਰੋਪੜ ਨੂੰ ਸਾਲ 1979-80 ਦੌਰਾਨ 30 ਬਿਸਤਰਿਆਂ ਦੇ ਰੂਰਲ ਹਸਪਤਾਲ ਦੇ ਤੌਰ ਤੇ ਅਪਗਰੇਡ ਕੀਤਾ ਗਿਆ ਸੀ। ਇਹ ਰੂਰਲ ਹਸਪਤਾਲ 1979-80 ਵਾਲੇ ਪ੍ਰਾਇਮਰੀ ਹੈਲਥ ਸੈਂਟਰ, ਭਰਤਗੜ੍ਹ ਦੀ ਇਮਾਰਤ ਵਿਚ ਚਲ ਰਿਹਾ ਹੈ। ਇਸ ਇਲਾਕੇ ਦੇ ਜ਼ਿਆਦਾਤਰ ਮਰੀਜ਼ ਸਿਵਲ ਹਸਪਤਾਲ, ਰੋਪੜ੍ਹ ਵਿਖੇ ਦਾਖਲ ਹੁੰਦੇ ਹਨ, ਕਿਉਂਕਿ ਭਰਤਗੜ੍ਹ ਰੋਪੜ ਤੋਂ ਤਕਰੀਬਨ 20 ਕਿਲੋਮੀਟਰ ਦੀ ਦੂਰੀ ਤੇ ਮੇਨ ਸੜਕ ਤੇ ਸਥਿਤ ਹੈ। ਪਿਛਲੇ ਸਾਲਾਂ ਵਿੱਚ ਆਊਟਡੋਰ/ਦਾਖਲ ਹੋਏ ਮਰੀਜ਼ਾਂ ਦੀ ਔਸਤਨ ਗਿਣਤੀ ਨੂੰ ਮੁੱਖ ਰਖਦੇ ਹੋਏ ਮੌਜੂਦਾ ਇਮਾਰਤ ਤੋਂ ਇਲਾਵਾ ਹੋਰ ਵਾਧੂ ਇਮਾਰਤ ਦੀ ਜ਼ਰੂਰਤ ਕਦੇ ਮਹਿਸੂਸ ਨਹੀਂ ਹੋਈ ਹੈ ।

---

## ਪੰਜਾਬ ਸਿਵਿਲ ਸਕੱਤਰੇਤ ਦੇ ਅਫਸਰਾਂ ਦੀ ਸੇਵਾ ਵਿਚ ਵਾਧਾ ਕਰਨਾ

*1929. (ਸੀ.ਯੂ.) **ਸ੍ਰੀ ਮਦਨ ਮੋਹਨ ਮਿੱਤਲ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਿਵਿਲ ਸਕੱਤਰੇਤ ਵਿਚ ਜੂਨ, 1993 ਤੋਂ ਬਾਅਦ ਕਿਸੇ ਅਫਸਰ/ਕਰਮਚਾਰੀ ਦਾ ਸੇਵਾ-ਕਾਲ ਪੂਰਾ ਹੋਣ ਤੋਂ ਬਾਦ ਸੇਵਾ ਵਿਚ ਵਾਧਾ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਕਾਰਣ ਕੀ ਹਨ ਅਤੇ ਇਸ ਤਰ੍ਹਾਂ ਜਿਨ੍ਹਾਂ ਅਫਸਰਾਂ ਦੇ ਸੇਵਾ-ਕਾਲ ਵਿਚ ਵਾਧਾ ਕੀਤਾ ਗਿਆ, ਉਨ੍ਹਾਂ ਦੇ ਨਾਂ ਅਤੇ ਅਹੁਦੇ ਕੀ-ਕੀ ਹਨ ਅਤੇ ਸੇਵਾ-ਕਾਲ ਵਿੱਚ ਕਿੰਨਾ ਵਾਧਾ ਕੀਤਾ ਗਿਆ?

**ਸਰਦਾਰ ਬੇਅੰਤ ਸਿੰਘ** : ਹਾਂ ਜੀ, ਇਕ ਕਰਮਚਾਰੀ ਸ੍ਰੀ ਕਰਨੈਲ ਸਿੰਘ ਗੋਰਾਇਆ, ਸੁਪਰਡੰਟ ਗਰੇਡ-1 ਦਾ ਮਿਤੀ 31 ਮਾਰਚ, 1994 ਨੂੰ ਸੇਵਾ ਕਾਲ ਖਤਮ ਹੋਣ ਤੇ ਤਿੰਨ ਮਹੀਨੇ ਲਈ ਜੂਨ, 1994 ਤੱਕ ਵਿੱਤ ਵਿਭਾਗ ਵਿੱਚ ਕੰਮ ਦੇ ਭਾਰ ਦੇ ਸਨਮੁੱਖ ਸੇਵਾ ਕਾਲ ਵਿੱਚ ਵਾਧਾ ਕੀਤਾ ਗਿਆ ਸੀ।

---

Original with;
Punjab Vidhan Sabha
Digitized by;
Punjab Digital Library

**ਪ੍ਰਾਈਵੇਟ ਨਰਸਿੰਗ ਹੋਮਜ਼ ਵਿਚ ਕਮਰੇ ਦੇ ਕਿਰਾਏ ਅਤੇ ਮਸ਼ਵਰਾ ਫੀਸ ਦੀ ਵੱਧ ਤੋਂ ਵੱਧ ਦਰ ਨਿਯਤ ਕਰਨਾ**

*1933. (ਸੀ.ਯੂ.) **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਰਾਜ ਵਿਚ ਪ੍ਰਾਈਵੇਟ ਹਸਪਤਾਲਾਂ/ਨਰਸਿੰਗ ਹੋਮਜ਼ ਵਿਚ ਡਾਕਟਰਾਂ ਦੀ ਮਸ਼ਵਰਾ ਫੀਸ ਦੀ ਵੱਧ ਤੋਂ ਵੱਧ ਕੋਈ ਰਕਮ ਨਿਯਤ ਕਰਨ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ, ਤਾਂ ਇਸ ਸਬੰਧੀ ਵੱਧ ਤੋਂ ਵੱਧ ਕਿੰਨੀ ਰਕਮ ਨਿਯਤ ਕਰਨ ਦਾ ਵਿਚਾਰ ਹੈ ਅਤੇ ਇਸ ਦੇ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਹਰਚਰਨ ਸਿੰਘ ਬਰਾੜ**: ਨਹੀਂ ਜੀ। ਇਸ ਸਮੇਂ ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

**ਨਿਸ਼ਾਨ ਵਾਲੇ (ਸੀ.ਯੂ.) ਪ੍ਰਸ਼ਨ ਨੰਬਰ 1934 ਅਤੇ 1935**

(ਇਨ੍ਹਾਂ ਸਵਾਲਾਂ ਦੇ ਜਵਾਬ ਹਾਲੇ ਤਕ ਪ੍ਰਾਪਤ ਨਹੀਂ ਹੋਏ)

---

**ਸੰਬੱਧ ਪ੍ਰਾਈਵੇਟ ਕਾਲਜਾਂ ਦੇ ਕਰਮਚਾਰੀਆਂ ਨੂੰ ਪੈਨਸ਼ਨ ਦੇਣਾ**

*1936. (ਸੀ.ਯੂ.) **ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਜ ਵਿਚ ਸਬੰਧ ਪ੍ਰਾਈਵੇਟ ਕਾਲਜਾਂ ਦੇ ਕਰਮਚਾਰੀਆਂ ਨੂੰ ਪੈਨਸ਼ਨਾਂ ਦੇਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਦਾ ਵੇਰਵਾ ਕੀ ਹੈ ਅਤੇ ਇਸ ਤਰ੍ਹਾਂ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਲਖਮੀਰ ਸਿੰਘ ਰੰਧਾਵਾ**: ਹਾਂ ਜੀ, ਗੈਰ-ਸਰਕਾਰੀ ਏਡਿਡ ਕਾਲਜਾਂ ਦੇ ਕਰਮਚਾਰੀਆਂ ਨੂੰ ਪੈਨਸ਼ਨ ਦਾ ਲਾਭ ਦੇਣ ਹਿਤ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਸ ਤੇ ਜਲਦੀ ਫੈਸਲਾ ਲੈ ਲਿਆ ਜਾਵੇਗਾ।

---

**ਕੰਪਿਊਟਰਾਈਜ਼ਡ ਐਸ.ਟੀ.ਡੀ. (ਬਿਲਿੰਗ) ਪ੍ਰਣਾਲੀ**

*1938. (ਸੀ. ਯੂ.) **ਸ਼੍ਰੀਮਤੀ ਵਿਮਲਾ ਡਾਂਗ**: ਕੀ ਛਪਾਈ ਅਤੇ ਲਿਖਣ ਸਮੱਗਰੀ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੰਤਰੀਆਂ ਦੇ ਦਫਤਰਾਂ ਅਤੇ ਨਿਵਾਸ ਅਸਥਾਨਾਂ ਤੇ ਲਗੇ ਟੈਲੀਫੂਨਾਂ ਸਬੰਧੀ ਕੰਪਿਊਟਰਾਈਜ਼ਡ ਬਿਲਿੰਗ ਪ੍ਰਣਾਲੀ ਲਾਗੂ ਕੀਤੀ ਗਈ ਹੈ; ਜੇਕਰ ਨਹੀਂ, ਤਾਂ ਕੀ ਅਜਿਹੀ ਪ੍ਰਣਾਲੀ ਲਾਗੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਵਨਾ ਹੈ?

**Shri Dharampal Sabarwal**: No Please. There is no such proposal under consideration.

---

Original with;
Punjab Vidhan Sabha
Digitized by;
Panjab Digital Library

### ਰਾਜ ਵਿਚ ਕਣਕ ਅਤੇ ਝੋਨੇ ਦੀ ਉਪਜ

***1945. (ਸੀ.ਯੂ.) 1. ਸਰਦਾਰ ਦਰਸ਼ਨ ਸਿੰਘ ਬਰਾੜ**
**(2). ਸਰਦਾਰ ਹਰਮਿੰਦਰ ਸਿੰਘ ਜੱਸੀ** } : ਕੀ ਖੇਤੀ ਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕ੍ਰਮਵਾਰ ਸਾਲ 1991-92, 1992-93 ਅਤੇ 1993-94 ਦੇ ਦੌਰਾਨ ਰਾਜ ਵਿਚ ਕਣਕ ਅਤੇ ਝੋਨੇ ਦੀ ਕੁਲ ਕਿੰਨੀ ਪੈਦਾਵਾਰ ਹੋਈ ਅਤੇ ਕਣਕ ਅਤੇ ਝੋਨੇ ਦੀ ਪੈਦਾਵਾਰ ਵਿਚ ਵਾਧਾ ਕਰਨ ਲਈ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦਾ ਵਿਚਾਰ ਹੈ।

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ :** ਕਣਕ ਅਤੇ ਝੋਨੇ ਦੀ ਪੈਦਾਵਾਰ ਦੇ ਅੰਕੜੇ ਹੇਠ ਲਿਖੇ ਅਨੁਸਾਰ ਹਨ:--

| ਸਾਲ | ਕਣਕ | ਚਾਵਲ |
|---|---|---|
| 1991-92 | 123.10 | 67.41 |
| 1992-93 | 123.69 | 70.02 |
| 1993-94 (ਅਨੁਮਾਨਤ) | 133.32 | 72.13 |

ਕਣਕ ਅਤੇ ਝੋਨੇ ਦੀ ਪੈਦਾਵਾਰ ਨੂੰ ਵਧਾਉਣ ਲਈ ਤਸਦੀਕ ਸ਼ੁਦਾ ਬੀਜ, ਬੀਜ ਸੋਧਕ ਦਵਾਈ, ਜ਼ਿੰਕ ਸਲਫੇਟ, ਨਦੀਨ ਨਾਸ਼ਕ ਦਵਾਈ ਅਤੇ ਸਪਰੇ ਪੰਪ ਆਦਿ ਕਿਸਾਨਾਂ ਨੂੰ ਸਬਸਿਡੀ ਤੇ ਵੰਡੇ ਗਏ ਹਨ। ਇਸ ਤੋਂ ਇਲਾਵਾ ਕਿਸਾਨ ਸਿਖਲਾਈ ਕੈਂਪਾਂ ਵਿੱਚ ਜ਼ਿਮੀਂਦਾਰਾਂ ਨੂੰ ਇਹਨਾਂ ਫਸਲਾਂ ਦੀ ਭਰਪੂਰ ਫਸਲ ਲੈਣ ਵਾਸਤੇ ਤਕਨੀਕੀ ਜਾਣਕਾਰੀ ਦਿੱਤੀ ਗਈ ਹੈ ਅਤੇ ਪੰਜਾਬ ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ ਕਣਕ ਅਤੇ ਝੋਨੇ ਦੀ ਪੈਦਾਵਾਰ ਵਧਾਉਣ ਲਈ ਵੱਖ-ਵੱਖ ਇਨਪੁਟਸ 25 ਪ੍ਰਤੀਸ਼ਤ ਸਬਸਿਡੀ ਤੇ ਦਿਤੇ ਗਏ ਸਨ।

### ਮਿਉਂਸਪਲ ਕਮੇਟੀਆਂ ਦੁਆਰਾ ਗੱਡੀਆਂ ਦੀ ਖਰੀਦ ਲਈ ਕਸੌਟੀ

***1946. (ਸੀ.ਯੂ.). ਸ੍ਰੀ ਮਦਨ ਮੋਹਨ ਮਿੱਤਲ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ 1 ਫਰਵਰੀ, 1992 ਤੋਂ 28 ਫਰਵਰੀ, 1994 ਤੱਕ ਦੇ ਸਮੇਂ ਦੌਰਾਨ ਰਾਜ ਵਿੱਚ ਕਿਸੇ ਮਿਉਂਸਪਲ ਕਮੇਟੀ ਨੇ ਕੋਈ ਕਾਰ ਜਾਂ ਜੀਪ ਖਰੀਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਮਿਉਂਸਪਲ ਕਮੇਟੀ ਦਾ ਨਾਂ ਕੀ ਹੈ ਅਤੇ ਕਿਹੜੀਆਂ ਸ਼ਰਤਾਂ ਅਧੀਨ ਉਕਤ ਗੱਡੀਆਂ ਖਰੀਦੀਆਂ ਹਨ ਅਤੇ ਉਨ੍ਹਾਂ ਲਈ ਅਪਣਾਈ ਗਈ ਕਸੌਟੀ ਦਾ ਵੇਰਵਾ ਕੀ ਹੈ?

**ਡਾਕਟਰ ਕੇਵਲ ਕ੍ਰਿਸ਼ਨ :** ਹਾਂ ਜੀ। ਜਿਨ੍ਹਾਂ ਨਗਰ ਕੌਂਸਲਾਂ ਨੇ ਮਿਤੀ 1 ਫਰਵਰੀ, 1992 ਤੋਂ 28 ਫਰਵਰੀ, 1994 ਦੇ ਸਮੇਂ ਦੌਰਾਨ ਕਾਰ ਜਾਂ ਜੀਪ ਖਰੀਦੀ ਹੈ, ਦਾ ਨਾਂ ਅਤੇ ਇਸ ਸਬੰਧ ਵਿਚ ਅਪਣਾਇਆ ਗਿਆ ਕਰਾਈਟੀਰੀਆਂ ਅਨੁਲੱਗ 1 ਉਤੇ ਰੱਖਿਆ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

[ ਵਿੱਤ ਮੰਤਰੀ ]

## ਅਨੁਲੱਗ —1

ਜਿਨ੍ਹਾਂ ਨਗਰ ਕੌਂਸਲਾਂ ਨੇ ਮਿਤੀ 1 ਫਰਵਰੀ, 1992 ਤੋਂ 28 ਫਰਵਰੀ, 1994 ਤੱਕ ਦੇ ਸਮੇਂ ਦੌਰਾਨ ਕਾਰ ਜਾਂ ਜੀਪ ਖਰੀਦੀ ਹੈ, ਦਾ ਨਾਂ ਅਤੇ ਇਸ ਸਬੰਧ ਵਿਚ ਅਪਣਾਇਆ ਗਿਆ ਕਰਾਈਟੀਰੀਆ

| ਲੜੀ ਨੰ: | ਨਗਰ ਕੌਂਸਲ ਦਾ ਨਾਂ | ਵਹੀਕਲ ਦਾ ਨਾਂ (ਕਾਰ ਜਾਂ ਜੀਪ) |
|---|---|---|
| 1 | 2 | 3 |
| 1 | ਫਿਰੋਜ਼ਪੁਰ | 1 ਕਾਰ |
| 2 | ਅਬੋਹਰ | 1 ਕਾਰ |
| 3 | ਕੋਟਕਪੂਰਾ | 1 ਕਾਰ |
| 4 | ਮੋਗਾ | 1 ਕਾਰ |
| 5 | ਮਾਨਸਾ | 1 ਕਾਰ |
| 6 | ਹੁਸ਼ਿਆਰਪੁਰ | 1 ਕਾਰ |
| 7 | ਕਪੂਰਥਲਾ | 1 ਕਾਰ |
| 8 | ਪਟਿਆਲਾ | 1 ਕਾਰ |
| 9 | ਰਾਜਪੁਰਾ | 1 ਕਾਰ |
| 10 | ਮਲੇਰਕੋਟਲਾ | 1 ਕਾਰ |
| 11 | ਸੰਗਰੂਰ | 1 ਕਾਰ |
| 12 | ਗੋਬਿੰਦਗੜ੍ਹ | 3 ਕਾਰ ਅਤੇ 1 ਜਿਪਸੀ |
| 13 | ਬਠਿੰਡਾ | 1 ਜਿਪਸੀ |
| 14 | ਫਗਵਾੜਾ | 1 ਜਿਪਸੀ |
| 15 | ਬਟਾਲਾ | 1 ਜਿਪਸੀ |
| 16 | ਨੰਗਲ | 1 ਕਾਰ |
| 17 | ਐਸ.ਏ.ਐਸ. ਨਗਰ | 1 ਕਾਰ |
| 18 | ਰੋਪੜ | 1 ਕਾਰ |
| 19 | ਤਰਨ ਤਾਰਨ | 1 ਜੀਪ |
| 20 | ਪੱਟੀ | 1 ਜੀਪ |

Original with;
Punjab Vidhan Sabha
Digitized by;
Panjab Digital Library

### ਕਰਾਈਟੀਰੀਆ

ਅਪਣਾਇਆ ਗਿਆ ਕਰਾਈਟੀਰੀਆ ਹੇਠ ਲਿਖੇ ਅਨੁਸਾਰ ਹੈ :—

| ਲੜੀ ਨੰ: | ਨਗਰ ਕੌਂਸਲ ਦੀ ਸਾਲਾਨਾ ਆਮਦਨ | ਵਹੀਕਲਾਂ ਲਈ ਯੋਗਤਾ |
|---|---|---|
| 1 | 2 | 3 |
| 1. | ਇਕ ਕਰੋੜ ਰੁਪਏ ਤੱਕ | ਕੋਈ ਨਹੀਂ |
| 2. | ਇਕ ਕਰੋੜ ਰੁਪਏ ਤੋਂ 2 ਕਰੋੜ ਰੁਪਏ ਤੱਕ | ਇਕ |
| 3. | 2 ਕਰੋੜ ਰੁਪਏ ਤੋਂ 4 ਕਰੋੜ ਰੁਪਏ ਤੱਕ | ਦੋ |
| 4. | 4 ਕਰੋੜ ਰੁਪਏ ਤੋਂ ਉਪਰ | ਤਿੰਨ |

---

### ਲਾਟਰੀ ਪ੍ਰਣਾਲੀ ਲਈ ਸ਼ਰਤਾਂ

*1947. (ਸੀ.ਯੂ.) ਸ਼੍ਰੀ ਮਦਨ ਮੋਹਨ ਮਿੱਤਲ : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਰਾਜ ਵਿਚ ਵਰਤਮਾਨ ਲਾਟਰੀ ਪ੍ਰਣਾਲੀ ਕਿਹੜੀਆਂ ਸ਼ਰਤਾਂ ਅਧੀਨ ਕੰਮ ਕਰ ਰਹੀ ਹੈ ;

(ਅ) ਅਪ੍ਰੈਲ, 1993 ਤੋਂ 28 ਫਰਵਰੀ, 1994 ਤੱਕ ਦੇ ਸਮੇਂ ਦੌਰਾਨ ਲਾਟਰੀ ਵਿਭਾਗ ਦੁਆਰਾ ਵਿਕਰੀ ਲਈ ਜਾਰੀ ਕੀਤੀਆਂ ਗਈਆਂ ਲਾਟਰੀ ਟਿਕਟਾਂ ਦੀ ਗਿਣਤੀ ਕਿੰਨੀ ਹੈ ?

**ਡਾਕਟਰ ਕੇਵਲ ਕ੍ਰਿਸ਼ਨ :** (ੳ) ਮੌਜੂਦਾ ਲਾਟਰੀਜ਼ ਸਿਸਟਮ ਨੂੰ ਚਲਾਉਣ ਲਈ ਸ਼ਰਤਾਂ ਦੀ ਕਾਪੀ ਅਨੁਲੱਗ 'ੳ' ਤੇ ਹੈ।

(ਅ) 411.27 ਕਰੋੜ ਲਾਟਰੀ ਟਿਕਟਾਂ 1 ਅਪ੍ਰੈਲ, 1993 ਤੋਂ 28 ਫਰਵਰੀ, 1994 ਤੱਕ ਵਿੱਕਰੀ ਲਈ ਜਾਰੀ ਕੀਤੀਆਂ ਗਈਆਂ ਸਨ।

Original with;
Punjab Vidhan Sabha
Digitized by;
Panjab Digital Library

[ ਵਿੱਤ ਮੰਤਰੀ ]

ਅਨੁਲੱਗ 'ੳ'

## ਮੌਜੂਦਾ ਲਾਟਰੀ ਸਿਸਟਮ ਦੀਆਂ ਸ਼ਰਤਾਂ

ਰੋਜ਼ਾਨਾ ਲਾਟਰੀ ਸਕੀਮਾਂ ਦੀਆਂ ਲਾਟਰੀ ਟਿਕਟਾਂ ਆਲ ਸੋਲਡ ਬੇਸਿਜ਼ ਤੇ ਵਿਕਰੀ ਲਈ ਸੋਲ ਸੈਲਿੰਗ ਏਜੰਟ ਨਿਯੁਕਤ ਕਰਨ ਲਈ ਲਾਟਰੀ ਬਿਜ਼ਨੈਸ ਵਿਚ ਤਿੰਨ ਸਾਲਾਂ ਦਾ ਤਜ਼ਰਬਾ ਰਖਣ ਵਾਲੇ ਤਕੜੀ ਪੁਜ਼ੀਸ਼ਨ ਵਾਲੇ ਬੋਨਾਫਾਈਡ ਲਾਟਰੀ ਏਜੰਟਾਂ ਤੋਂ ਡਾਇਰੈਕਟਰ, ਲਾਟਰੀਜ਼ ਵਿਭਾਗ, ਪੰਜਾਬ ਦੁਆਰਾ ਟੈਂਡਰ ਸਮੇਤ 2 ਲੱਖ ਰੁਪਏ ਬਤੌਰ ਸਕਿਉਰਿਟੀ ਮਨੀ ਦੇ ਮੰਗੇ ਜਾਂਦੇ ਹਨ। ਘਟੋ ਘੱਟ ਅਤੇ ਵਧ ਤੋਂ ਵਧ ਸਾਲਾਨਾ ਟਰਨ ਓਵਰ ਕਰਮਵਾਰ 182.50 ਕਰੋੜ ਅਤੇ 365 ਕਰੋੜ ਰੁਪਏ ਨਿਰਧਾਰਤ ਕੀਤੀ ਜਾਂਦੀ ਹੈ। ਪਹਿਲਾ ਇਨਾਮ 1 ਲੱਖ ਰੁਪਏ ਤੱਕ ਰੱਖਣ ਦੀ ਆਗਿਆ ਹੈ ਅਤੇ ਇਸ ਵਿਚੋਂ 10 ਪ੍ਰਤੀਸ਼ਤ ਕਟੌਤੀ ਕੀਤੀ ਜਾਂਦੀ ਹੈ, ਜੋ ਕਿ ਸਰਕਾਰ ਕੋਲ ਜਾਂਦੀ ਹੈ। ਜੇਕਰ ਸੋਲ ਸੈਲਿੰਗ ਏਜੰਟ ਵਿਭਾਗ ਦੀ ਪੂਰਵ ਪਰਵਾਨਗੀ ਨਾਲ ਪਹਿਲੇ ਇਨਾਮ ਦੀ ਰਕਮ ਘਟਾਉਂਦਾ ਹੈ, ਤਾਂ ਉਸ ਨੂੰ 10,000 ਰੁਪਏ ਪ੍ਰਤੀ ਡਰਾਅ ਵਿਭਾਗ ਨੂੰ ਬਤੌਰ ਕਟੌਤੀ ਦੇਣਾ ਪੈਂਦਾ ਹੈ।

2. ਕੰਟਰੈਕਟ ਟੈਂਡਰ ਵਿਚ ਦਿਤੀ ਸਾਲਾਨਾ ਟਰਨ ਓਵਰ ਦੇ ਆਧਾਰ ਤੇ ਇਕ ਸਾਲ ਲਈ ਕੀਤਾ ਜਾਂਦਾ ਹੈ। ਫਿਰ ਵੀ ਜੇਕਰ ਸੋਲ ਸੈਲਿੰਗ ਏਜੰਟ ਤਿੰਨ ਸਾਲ ਦਾ ਕੰਟਰੈਕਟ ਚਾਹੁੰਦਾ ਹੈ ਤਾਂ ਉਸਨੂੰ ਦੂਜੇ ਸਾਲ ਲਈ ਟੈਂਡਰ ਵਿਚ ਦਿਤੇ ਆਸ਼ਵਾਸਿਤ ਲਾਭ ਦਾ 15 ਪ੍ਰਤੀਸ਼ਤ ਜ਼ਿਆਦਾ ਲਾਭ ਦੇਣਾ ਪੈਂਦਾ ਹੈ ਅਤੇ ਤੀਜੇ ਸਾਲ ਲਈ ਉਸਨੂੰ ਟੈਂਡਰ ਵਿਚ ਦਿਤੇ ਆਸ਼ਵਾਸਿਤ ਲਾਭ ਦਾ 32.25 ਪ੍ਰਤੀਸ਼ਤ ਜ਼ਿਆਦਾ ਲਾਭ ਦੇਣਾ ਪੈਂਦਾ ਹੈ।

3. ਸਫਲ ਟੈਂਡਰਕਾਰ ਨੂੰ ਆਸ਼ਵਾਸਿਤ ਲਾਭ ਦੇ ਹੇਠ ਲਿਖੀਆਂ ਰਕਮਾਂ ਦੇ ਬਰਾਬਰ ਦੀ ਬੈਂਕ ਗਰੰਟੀ ਦੇਣੀ ਪੈਂਦੀ ਹੈ:—

| | | |
|---|---|---|
| 1. ਪਹਿਲੇ ਕਰੋੜ ਲਈ | .. | 35 ਪ੍ਰਤੀਸ਼ਤ |
| 2. ਦੂਜੇ ਕਰੋੜ ਲਈ | .. | 25 ਪ੍ਰਤੀਸ਼ਤ |
| 3. ਤੀਜੇ ਕਰੋੜ ਲਈ ਅਤੇ ਇਸ ਤੋਂ ਉਪਰ | .. | 20 ਪ੍ਰਤੀਸ਼ਤ |

4. ਟਿਕਟਾਂ ਦੀ ਛਪਾਈ ਅਤੇ ਨਤੀਜੇ ਦੀ ਪਬਲੀਸਿਟੀ ਵਿਭਾਗ ਦੁਆਰਾ ਕਰਵਾਈ ਜਾਂਦੀ ਹੈ। ਐਸ.ਐਸ.ਏ. ਦੁਆਰਾ ਭੇਜੀ ਇਨਾਮੀ ਸਕੀਮ ਪਰਵਾਨ ਕਰਨ ਉਪਰੰਤ ਲਾਟਰੀ ਟਿਕਟਾਂ ਵਿਭਾਗ ਦੁਆਰਾ ਪ੍ਰਿੰਟ ਕਰਵਾਈਆਂ ਜਾਂਦੀਆਂ ਹਨ। ਸਕੀਮ ਭਾਰਤ ਸਰਕਾਰ ਦੀਆਂ ਅਗਵਾਈ

Original with;
Punjab Vidhan Sabha
Digitized by;
Panjab Digital Library

ਲੀਹਾਂ ਅਨੁਸਾਰ ਹੋਣੀ ਚਾਹੀਦੀ ਹੈ ਯਾਨੀ ਕਿ ਸਕੀਮ ਦਾ ਇਨਾਮੀ ਢਾਂਚਾ ਅਤੇ ਜੇਤੂਆਂ ਨੂੰ ਦਿਤੇ ਜਾਣੇ ਇਨਾਮ ਕਰਮਵਾਰ ਸਕੀਮ ਦੀਆਂ ਪ੍ਰਿੰਟ ਹੋਈਆਂ ਕੁਲ ਟਿਕਟਾਂ ਦੀ ਕੁਲ ਕੀਮਤ ਦੇ 50 ਪ੍ਰਤੀਸ਼ਤ ਅਤੇ 35 ਪ੍ਰਤੀਸ਼ਤ ਤੋਂ ਘਟ ਨਾ ਹੋਣ। ਪਰੰਤੂ ਇਸ ਮਕਸਦ ਲਈ ਸਾਰਾ ਖਰਚਾ ਸੋਲ ਸੈਲਿੰਗ ਏਜੰਟ ਨੂੰ ਸਹਿਣਾ ਪੈਂਦਾ ਹੈ।

5. ਐਸ.ਐਸ.ਏ. ਤੋਂ ਲਾਟਰੀ ਟਿਕਟਾਂ ਦੀ ਬੁਕਿੰਗ ਸਮੇਂ ਪਹਿਲੇ 7 ਡਰਾਵਾਂ ਦਾ ਲਾਭ ਪਰੋ-ਰਾਟਾ ਬੇਸਿਜ਼ ਤੇ ਵਿਭਾਗ ਕੋਲ ਜਮ੍ਹਾ ਕਰਵਾਉਣ ਉਪਰੰਤ ਹੀ ਵਿਭਾਗ ਦੁਆਰਾ ਟਿਕਟਾਂ ਪ੍ਰਿੰਟ ਕਰਵਾਉਣ ਲਈ ਛਪਾਈ ਦੇ ਹੁਕਮ ਪ੍ਰਿੰਟਰ ਨੂੰ ਭੇਜੇ ਜਾਂਦੇ ਹਨ।

6. ਪੰਜ ਹਜ਼ਾਰ ਤਕ ਦੇ ਇਨਾਮਾਂ ਦੀ ਅਦਾਇਗੀ ਸੋਲ ਸੈਲਿੰਗ ਏਜੰਟ ਦੁਆਰਾ ਕੀਤੀ ਜਾਂਦੀ ਹੈ ਅਤੇ ਬਾਕੀ ਦੇ ਇਨਾਮਾਂ ਦੀ ਅਦਾਇਗੀ ਵਿਭਾਗ ਦੁਆਰਾ ਐਸ. ਐਸ. ਏ. ਵਲੋਂ ਪਹਿਲਾਂ ਦਿਤੀ 10 ਲੱਖ ਰੁਪਏ ਦੀ ਸਕਿਉਰਟੀ ਵਿਚੋਂ ਟੈਕਸ ਆਦਿ ਕੱਢ ਕੇ (ਕਟ ਕੇ) ਕੀਤੀ. ਜਾਂਦੀ ਹੈ ਜਦੋਂ ਇਨਾਮਾਂ ਦੇ ਹਕਦਾਰਾਂ ਵਲੋਂ ਆਪਣਾ ਕਲੇਮ ਕੀਤਾ ਜਾਂਦਾ ਹੈ ਅਤੇ ਐਸ.ਐਸ. ਏ ਵਲੋਂ ਅਜਿਹੀਆਂ ਅਦਾਇਗੀਆਂ ਸਰਕਾਰ ਕੋਲ ਇਕ ਹਫਤੇ ਦੇ ਅੰਦਰ- ਅੰਦਰ ਜਮ੍ਹਾਂ ਕਰਵਾਉਣੀਆਂ ਹੁੰਦੀਆਂ ਹਨ।

7. ਸੋਲ ਸੈਲਿੰਗ ਏਜੰਟ ਆਪਣੀ ਇਛਾ ਅਨੁਸਾਰ 60 ਦਿਨਾਂ ਦਾ ਨੋਟਿਸ ਦੇ ਕੇ ਲਾਟਰੀ ਸਕੀਮ ਬੰਦ ਕਰ ਸਕਦਾ ਹੈ। ਅਜਿਹੇ ਕੇਸ ਵਿਚ ਟਰਨ ਓਵਰ ਔਸਤ ਅਧਾਰ ਤੇ ਗਿਣੀ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਐਸ.ਐਸ.ਏ. ਵਲੋਂ ਜੁਰਮਾਨੇ ਵਜੋਂ ਆਸ਼ਵਾਸਿਤ ਲਾਭ ਦਾ 1/12 ਹਿੱਸਾ ਵਿਭਾਗ ਨੂੰ ਦੇਣਾ ਪੈਂਦਾ ਹੈ।

8. ਵਿਭਾਗ ਦੁਆਰਾ ਲਾਟਰੀ ਸਕੀਮ ਦਾ ਕੰਟਰੈਕਟ ਐਸ.ਐਸ.ਏ. ਵੱਲੋਂ ਕੰਟਰੈਕਟ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਕਰਕੇ, ਬਿਨਾਂ ਕਿਸੇ ਨੋਟਿਸ ਦਿਤਿਆਂ ਅਤੇ ਬਿਨਾਂ ਕੋਈ ਅਦਾਇਗੀ ਕੀਤਿਆਂ ਖਤਮ ਕੀਤਾ ਜਾ ਸਕਦਾ ਹੈ।

---

**ਸਰਕਾਰੀ ਅਦਾਰਿਆਂ/ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਦੇ ਟੀ.ਏ. ਡੀ.ਏ., ਟੈਲੀਫੂਨ, ਪਾਣੀ ਅਤੇ ਬਿਜਲੀ ਦਾ ਖਰਚ**

*1943. (ਸੀ.ਯੂ.). **ਸ੍ਰੀ ਮਦਨ ਮੋਹਨ ਮਿੱਤਲ:** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਅਦਾਰਿਆਂ ਅਤੇ ਕਾਰਪੋਰੇਸ਼ਨਾਂ ਦੇ ਹਰ ਇਕ ਚੇਅਰਮੈਨ ਦੁਆਰਾ 1 ਅਪ੍ਰੈਲ, 1993 ਤੋਂ 28 ਫਰਵਰੀ, 1994 ਤੱਕ ਕੀਤੇ ਗਏ ਯਾਤਰਾ ਖਰਚਿਆਂ, ਰੋਜ਼ਾਨਾਂ ਭੱਤਾ ਖਰਚਿਆਂ, ਟੈਲੀਫੂਨ ਖਰਚਿਆਂ, ਪਾਣੀ ਅਤੇ ਬਿਜਲੀ ਦੇ ਖਰਚਿਆਂ ਦਾ ਮਾਹਵਾਰ ਵੇਰਵਾ ਕੀ ਕੀ ਹੈ ?

**ਡਾਕਟਰ ਕੇਵਲ ਕ੍ਰਿਸ਼ਨ:** ਨਿਗਮਾਂ/ਬੋਰਡਾਂ ਦੀ ਮਾਹਵਾਰ ਖਰਚੇ ਦੀ ਸੂਚੀ ਨੱਥੀ ਹੈ।

Original with;
Punjab Vidhan Sabha
Digitized by;
Panjab Digital Library

ਨਿਗਮਾਂ/ਬੋਰਡਾਂ/ਸਹਿਕਾਰੀ ਸੰਸਥਾਵਾਂ ਦੇ ਚੇਅਰਮੈਨਾਂ ਵਲੋਂ ਕੀਤਾ ਗਿਆ ਸਫਰੀ ਭੱਤਾ ਖਰਚਾ, ਟੈਲੀਫੋਨ ਖਰਚਾ, ਪਾਣੀ ਤੇ ਬਿਜਲੀ ਖਰਚਾ

| | ਸਫਰੀ ਖਰਚੇ | | | ਡੀ.ਏ ਖ਼ਰਚਾ | ਟੈਲੀਫੋਨ ਖਰਚੇ | ਪਾਣੀ ਤੇ ਬਿਜਲੀ ਖਰਚੇ | ਜੋੜ |
|---|---|---|---|---|---|---|---|
| | ਸਫਰੀ ਭੱਤਾ | ਪੀ.ਓ.ਐਲ. | ਜੋੜ | | | | |
| | 1 | 2 | 3 | 4 | 5 | 6 | 7 |
| | ਰੁਪਏ | ਰੁਪਏ | ਰੁਪਏ | ਰੁਪਏ | ਰੁਪਏ | ਰੁਪਏ | ਰੁਪਏ |
| (1) ਪੰਜਾਬ ਖੇਤੀ ਉਦਯੋਗ ਨਿਗਮ | | | | | | | |
| ਅਪ੍ਰੈਲ, 93 | .. | 7,578 | 7,578 | .. | 432 | .. | 8,010 |
| ਮਈ, 93 | .. | .. | .. | .. | .. | .. | .. |
| ਜੂਨ, 93 | .. | 11,849 | 11,849 | .. | 9,923 | .. | 21,772 |
| ਜੁਲਾਈ, 93 | .. | 15,538 | 15,538 | .. | .. | .. | 15,538 |
| ਅਗਸਤ, 93 | .. | 12,547 | 12,547 | .. | 24,851 | .. | 37,398 |
| ਸਤੰਬਰ, 93 | 8,117 | 17,326 | 25,443 | .. | .. | .. | 25,443 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| ਅਕਤੂਬਰ, 93 | .. | 19,400 | 19,400 | .. | 36,261 | .. | 55,661 |
| ਨਵੰਬਰ, 93 | ... | 6,230 | 6,230 | ... | ... | ... | 62,30 |
| ਦਸੰਬਰ, 93 | ... | 29,976 | 29,976 | ... | 21,281 | ... | 51,257 |
| ਜਨਵਰੀ, 94 | ... | 12,526 | 12,526 | ... | ... | ... | 12,526 |
| ਫਰਵਰੀ, 94 | ... | 15,187 | 15,187 | ... | 24,276 | ... | 39,463 |
| ਮਾਰਚ, 94 | ... | ... | ... | ... | ... | ... | ... |
| | 8,117 | 1,48,157 | 1,56,274 | ... | 1,17,024 | ... | 2,73,298 |

(2) ਪੰਜਾਬ ਰਾਜ ਬੀਜ ਨਿਗਮ

| | | | | | | | |
|---|---|---|---|---|---|---|---|
| ਅਪ੍ਰੈਲ, 93 | ... | ... | ... | ... | ... | ... | ... |
| ਮਈ, 93 | ... | 775 | 775 | 150 | ... | ... | 925 |
| ਜੂਨ, 93 | ... | 10,939 | 10,939 | 1,000 | 897 (5-7-93) | ... | 12,836 |
| ਜੁਲਾਈ, 93 | ... | 9,976 | 9,926 | 1,100 | ... | ... | 11,026 |

Original with;
Punjab Vidhan Sabha
Digitized by;
Punjab Digital Library

| | 1 | 2 | 3 | 4 | 5 | 6 | 7 |
|---|---|---|---|---|---|---|---|
| | ਰੁਪਏ | ਰੁਪਏ | ਰੁਪਏ | ਰੁਪਏ | ਰੁਪਏ | ਰੁਪਏ | ਰੁਪਏ |
| ਅਗਸਤ, 93 | ... | 8,900 | 8,900 | 650 | ... | ... | 9,550 |
| ਸਤੰਬਰ, 93 | ... | 8,012 | 8,012 | 550 | 2,963 (7-9-93) | ... | 11,525 |
| ਅਕਤੂਬਰ, 93 | ... | 5,947 | 5,947 | 600 | ... | ... | 6,547 |
| ਨਵੰਬਰ, 93 | ... | 4,858 | 4,858 | ... | ... | ... | 4,858 |
| ਦਸੰਬਰ, 93 | ... | 9,812 | 9,812 | 600 | 3,641 9-11-93 | ... | 14,053 |
| ਜਨਵਰੀ, 94 | ... | 7,636 | 7,636 | 500 | 5,828 (11·1-94) | ... | 13,964 |
| ਫਰਵਰੀ, 94 | ... | 3,593 | 3,593 | ... | ... | ... | 3,593 |
| ਮਾਰਚ, 94 | ... | ... | ... | ... | ... | ... | ... |
| | ... | 70,398 | 70,398 | 5,150 | 13,329 | ... | 88,877 |

(3) ਪੰਜਾਬ ਭੂਮੀ ਵਿਕਾਸ ਅਤੇ ਕੱਲਰ ਸੁਧਾਰ ਨਿਗਮ

| | 1 | 2 | 3 | 4 | 5 | 6 | 7 |
|---|---|---|---|---|---|---|---|
| ਅਪ੍ਰੈਲ, 93 | ... | ... | ... | ... | 260 | ... | 260 |
| ਮਈ, 93 | ... | 2,955 | 2,955 | ... | 300 | ... | 3,255 |

Original with;
Punjab Vidhan Sabha
Digitized by;
Panjab Digital Library

| | | | | | | | |
|---|---|---|---|---|---|---|---|
| ਜੂਨ, 93 | ... | 11,930 | 11,930 | ... | 285 | ... | 12,215 |
| ਜੁਲਾਈ, 93 | ... | 16,216 | 16,216 | ... | ... | ... | 16,216 |
| ਅਗਸਤ, 93 | ... | 12,306 | 12,306 | ... | 475 | ... | 12,781 |
| ਸਤੰਬਰ, 93 | ... | 15,030 | 15,030 | ... | ... | ... | 15,030 |
| ਅਕਤੂਬਰ, 93 | ... | 11,347 | 11,347 | ... | ... | ... | 11,347 |
| ਨਵੰਬਰ, 93 | ... | 7,064 | 7,064 | ... | ... | ... | 7,064 |
| ਦਸੰਬਰ, 93 | ... | 23,570 | 23,570 | ... | 9,607 | ... | 33,177 |
| ਜਨਵਰੀ, 94 | .. | 13,678 | 13,678 | .. | 22,351 | .. | 36,029 |
| ਫਰਵਰੀ, 94 | .. | 9,869 | 9,869 | .. | 7,158 | .. | 17,027 |
| ਮਾਰਚ, 94 | .. | .. | .. | .. | .. | .. | .. |
| | .. | 1,23,965 | 1,23,965 | .. | 40,436 | .. | 1,64,401 |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| 1 | 2 | 3 | 4 | 5 | 6 | 7 |
|---|---|---|---|---|---|---|
| | ਰੁਪਏ | ਰੁਪਏ | ਰੁਪਏ | ਰੁਪਏ | ਰੁਪਏ | ਰੁਪਏ |
| | (4) ਪੰਜਾਬ ਜੰਗਲਾਤ ਵਿਕਾਸ ਨਿਗਮ | | | | | |
| ਅਪ੍ਰੈਲ, 93 .. | .. | .. | .. | .. | .. | .. |
| ਮਈ, 93 .. | 2,589 | 2,589 | .. | 2,800 | .. | 5,389 |
| ਜੂਨ, 93 .. | 10,109 | 10,109 | .. | .. | .. | 10,109 |
| ਜੁਲਾਈ, 93 .. | 11,227 | 11,227 | .. | .. | .. | 11,227 |
| ਅਗਸਤ, 93 .. | 8,148 | 8,148 | .. | .. | 2,490 | 10,638 |
| ਸਤੰਬਰ, 93 .. | 8,417 | 8,417 | .. | .. | .. | 8,417 |
| ਅਕਤੂਬਰ, 93 .. | .. | .. | .. | 28,135 | 1,248 | 29,383 |
| ਨਵੰਬਰ, 93 .. | 14,147 | 14,147 | .. | ... | .. | 14,147 |
| ਦਸੰਬਰ, 93 .. | 5,129 | 5,129 | .. | 21,172 | 1,796 | 28,097 |
| ਜਨਵਰੀ, 94 .. | 7,889 | 7,889 | .. | .. | .. | 7,889 |
| ਫਰਵਰੀ, 94 .. | 24,195 | 24,195 | .. | .. | .. | 24,195 |
| ਮਾਰਚ, 94 .. | .. | .. | .. | .. | .. | ... |
| ... | 91,850 | 91,850 | ... | 52,107 | 5,534 | 1,49,491 |

Original with;
Punjab Vidhan Sabha
Digitized by;
Panjab Digital Library

(5) ਪੰਜਾਬ ਰਾਜ ਬੰਬੀ ਨਿਗਮ

| | | | | | | | |
|---|---|---|---|---|---|---|---|
| ਅਪ੍ਰੈਲ, 93 | ... | ... | ... | ... | ... | ... | — |
| ਮਈ, 93 | ... | 8,471 | 8,471 | ... | 538 | ... | 9,009 |
| ਜੂਨ, 93 | ... | 51,143 | 51,143 | ... | 3,388 | ... | 54,531 |
| ਜੁਲਾਈ, 93 | .. | 40,563 | 40,563 | .. | 5,526 | .. | 46,089 |
| ਅਗਸਤ, 93 | .. | 44,057 | 44,057 | ... | 4,886 | ... | 48,943 |
| ਸਤੰਬਰ, 93 | ... | 34,905 | 34,905 | ... | ... | ... | 34,905 |
| ਅਕਤੂਬਰ, 93 | ... | 31,657 | 31,657 | ... | 48,123 | ... | 79,780 |
| ਨਵੰਬਰ, 93 | ... | 39,683 | 39,683 | ... | ... | ... | 39,683 |
| ਦਸੰਬਰ, 93 | ... | 35,601 | 35,601 | ... | 59,148 | ... | 94,749 |
| ਜਨਵਰੀ, 94 | ... | 42,783 | 42,783 | ... | ... | ... | 42,783 |
| ਫਰਵਰੀ, 94 | ... | 39,235 | 39,235 | ... | 42,452 | ... | 81,687 |
| ਮਾਰਚ, 94 | ... | 25,220 | 25,220 | ... | ... | ... | 25,220 |
| | ... | 3,93,318 | 3,93,318 | ... | 1,64,061 | ... | 5,57,379 |

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

| | 1 | 2 | 3 | 4 | 5 | 6 | 7 |
|---|---|---|---|---|---|---|---|
| | ਰੁਪਏ | ਰੁਪਏ | ਰੁਪਏ | ਰੁਪਏ | ਰੁਪਏ | ਰੁਪਏ | ਰੁਪਏ |
| (6) ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ | | | | | | | |
| ਅਪ੍ਰੈਲ, 93 | .. | .. | .. | .. | 11,913 | .. | 11,913 |
| ਮਈ, 93 | .. | .. | .. | .. | 62,874 | .. | 62,874 |
| ਜੂਨ, 93 | .. | .. | .. | .. | 13,082 | .. | 13,082 |
| ਜੁਲਾਈ, 93 | .. | .. | .. | .. | 35,139 | .. | 35,139 |
| ਅਗਸਤ, 93 | .. | .. | .. | .. | 38,147 | .. | 38,147 |
| ਸਤੰਬਰ, 93 | .. | .. | .. | .. | 1,22,173 | .. | 1,22,173 |
| ਅਕਤੂਬਰ, 93 | .. | .. | .. | .. | 30,501 | .. | 30,501 |
| ਨਵੰਬਰ, 93 | .. | .. | .. | .. | 1,91,773 | .. | 1,91,773 |
| ਦਸੰਬਰ, 93 | .. | .. | .. | ... | 30,337 | ... | 30,337 |
| ਜਨਵਰੀ, 94 | ... | ... | ... | ... | ... | ... | ... |
| ਫਰਵਰੀ, 94 | .. | .. | .. | .. | .. | .. | .. |
| ਮਾਰਚ, 94 | .. | .. | .. | .. | .. | .. | .. |
| | .. | .. | .. | .. | 5,35,939 | .. | 5,35,939 |

Original with; Punjab Vidhan Sabha Digitized by; Panjab Digital Library

(7) ਪੰਜਾਬ ਰਾਜ ਮਾਲ ਗੁਦਾਮ ਨਿਗਮ

| | | | | | | | |
|---|---|---|---|---|---|---|---|
| ਅਪ੍ਰੈਲ, 93 | 200 | ... | 200 | ... | ... | ... | 200 |
(ਅ) ਨਹੀਂ ਜੀ। ਪ੍ਰੰਤੂ ਜਿਸ 3 ਏਕੜ 2 ਕਨਾਲ 00 ਮਰਲੇ ਜ਼ਮੀਨ ਸਬੰਧੀ ਸ੍ਰੀ ਇੰਦਰ ਸਿੰਘ ਪੁੱਤਰ ਸ੍ਰੀ ਧਰਮ ਸਿੰਘ ਵਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਕੇਸ ਦਾਇਰ ਕੀਤਾ ਸੀ, ਵੀ ਸਾਲ 1993-94 ਵਿਚ 6,000 ਰੁਪਏ ਚਕੌਤੇ ਤੇ ਦਿੱਤੀ ਗਈ ਸੀ ਪਰ ਕੇਸ ਹਾਲੇ ਅਦਾਲਤ ਵਿਚ ਚੱਲ ਰਿਹਾ ਹੈ।

---

## ਸਰਕਾਰੀ ਡਾਕਟਰਾਂ ਦੁਆਰਾ ਪ੍ਰਾਈਵੇਟ ਪ੍ਰੈਕਟਿਸ

*2043 (ਸੀ.ਯੂ.) ਸ੍ਰੀ ਸਤਨਾਮ ਸਿੰਘ ਕੈਂਥ: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਨੌਕਰੀ ਵਿਚਲੇ ਡਾਕਟਰਾਂ ਦੁਆਰਾ ਪ੍ਰਾਈਵੇਟ ਪ੍ਰੈਕਟਿਸ ਦੀ ਪ੍ਰਵਿਰਤੀ ਨੂੰ ਰੋਕਣ ਲਈ ਸਰਕਾਰ ਵਲੋਂ ਕੋਈ ਕਾਰਵਾਈ ਕੀਤੀ ਜਾ ਰਹੀ ਹੈ/ਕਰਨ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੈ, ਤਾਂ ਉਸ ਦੇ ਵੇਰਵੇ ਕੀ ਹਨ?

ਸਰਦਾਰ ਹਰਚਰਨ ਸਿੰਘ ਬਰਾੜ: ਪੰਜਾਬ ਰਾਜ ਵਿੱਚ ਡਾਕਟਰਾਂ ਵਲੋਂ ਪ੍ਰਾਈਵੇਟ ਪ੍ਰੈਕਟਿਸ ਕਰਨ ਦੀ ਮਨਾਹੀ ਹੈ। ਇਸ ਦੇ ਇਵਜ਼ ਵਿੱਚ ਉਨ੍ਹਾਂ ਨੂੰ ਨਾਨ-ਪ੍ਰੈਕਟਿਸਿੰਗ ਅਲਾਊਂਸ ਦਿੱਤਾ ਜਾਂਦਾ ਹੈ।

ਜਿਹੜੇ ਡਾਕਟਰ ਪ੍ਰਾਈਵੇਟ ਪ੍ਰੈਕਟਿਸ ਕਰਦੇ ਪਾਏ ਜਾਂਦੇ ਹਨ, ਉਨ੍ਹਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਂਦੀ ਹੈ।

---

Original with;
Punjab Vidhan Sabha
Digitized by;
Panjab Digital Library

## ਪਸ਼ੂ ਪਾਲਣ ਵਿਭਾਗ ਦੁਆਰਾ ਦਵਾਈਆਂ ਦੀ ਖਰੀਦ

*2046. (ਸੀ.ਯੂ.) (1) ਕਾਮਰੇਡ ਗੁਰਨਾਮ ਸਿੰਘ ਧੀਰੋਵਾਲ
(2) ਕਾਮਰੇਡ ਹਰਦੇਵ ਅਰਸ਼ੀ : } : ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਡਿਪਟੀ ਡਾਇਰੈਕਟਰ, ਪਸ਼ੂ ਪਾਲਣ, ਹੁਸ਼ਿਆਰਪੁਰ ਦੁਆਰਾ ਅਕਤੂਬਰ, 1991 ਤੋਂ ਮਈ, 1992 ਤੱਕ ਦੇ ਸਮੇਂ ਦੇ ਦੌਰਾਨ ਦਵਾਈਆਂ/ਸਾਜ਼ੋ-ਸਮਾਨ ਦੀ ਖਰੀਦ ਵਿੱਚ ਕਥਿਤ ਬੇਨਿਯਮੀਆਂ ਬਾਰੇ ਸਰਕਾਰ ਨੂੰ ਅਗਸਤ, 1993 ਤੋਂ ਅਕਤੂਬਰ, 1993 ਤੱਕ ਦੇ ਸਮੇਂ ਦੇ ਦੌਰਾਨ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਇਨ੍ਹਾਂ ਸ਼ਿਕਾਇਤਾਂ ਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

**ਸਰਦਾਰ ਹਰਬੰਸ ਸਿੰਘ ਸਿੱਧੂ**: ਹਾਂ ਜੀ। ਡਿਪਟੀ ਡਾਇਰੈਕਟਰ ਪਸ਼ੂ ਪਾਲਣ, ਹੁਸ਼ਿਆਰਪੁਰ ਵਲੋਂ ਦਵਾਈਆਂ ਅਤੇ ਸਾਜੋ-ਸਾਮਾਨ ਦੀ ਖਰੀਦ ਵਿਚ ਕੀਤੀਆਂ ਬੇਨਿਯਮੀਆਂ ਬਾਰੇ ਅਗਸਤ, 1993 ਤੋਂ ਅਕਤੂਬਰ, 1993 ਦੌਰਾਨ ਸ਼ਿਕਾਇਤ ਪ੍ਰਾਪਤ ਹੋਈ ਸੀ। ਵਿਭਾਗ ਵਲੋਂ ਕੀਤੀ ਮੁਢਲੀ ਪੜਤਾਲ ਦੇ ਸਿੱਟੇ ਦੇ ਆਧਾਰ ਤੇ ਸਬੰਧਤ ਅਧਿਕਾਰੀ ਵਿਰੁੱਧ ਸਜ਼ਾ ਅਤੇ ਅਪੀਲ ਰੂਲਜ਼, 1970 ਦੇ ਤਹਿਤ ਵੱਡੀ ਸਜ਼ਾ ਦੇਣ ਲਈ ਕਾਰਵਾਈ ਕੀਤੀ ਜਾ ਰਹੀ ਹੈ। ਅਕਤੂਬਰ, 1991 ਤੋਂ ਮਈ, 1992 ਦੌਰਾਨ ਇਸ ਅਫਸਰ ਵਿਰੁੱਧ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਸੀ।

## ਪਿੰਡ ਆਸਰੋ ਵਿੱਚ ਪੰਚਾਇਤ ਜ਼ਮੀਨ ਤੇ ਗੈਰ-ਕਾਨੂੰਨੀ ਕਬਜ਼ਾ

*2407 (ਸੀ.ਯੂ.). **ਸਰਦਾਰ ਹਰਗੋਪਾਲ ਸਿੰਘ**: ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ --

(ੳ) ਪਿੰਡ ਆਸਰੋਂ, ਜ਼ਿਲ੍ਹਾ ਰੋਪੜ ਵਿਚ ਇਸ ਸਮੇਂ ਕੁੱਲ ਕਿੰਨੇ ਏਕੜ ਪੰਚਾਇਤੀ ਸ਼ਾਮਲਾਤ ਜ਼ਮੀਨ ਹੈ ;

(ਅ) ਕੀ ਸਰਕਾਰ ਨੂੰ ਉਕਤ ਸ਼ਾਮਲਤਾ ਜ਼ਮੀਨ ਦੇ ਗੈਰ-ਕਾਨੂੰਨੀ ਕਬਜ਼ੇ ਸਬੰਧੀ ਕੋਈ ਸ਼ਿਕਾਇਤ ਮਿਲੀ ਹੈ; ਜੇਕਰ ਅਜਿਹਾ ਹੈ ਤਾਂ ਉਸ ਤੇ ਕੀ ਕਾਰਵਾਈ ਕੀਤੀ ਗਈ ਜਾਂ ਕੀਤੀ ਜਾ ਰਹੀ ਹੈ ?

**ਮਾਸਟਰ ਜਾਗੀਰ ਸਿੰਘ**: (ੳ) 987 ਏਕੜ 6 ਕਨਾਲ 4 ਮਰਲੇ।

(ਅ) ਹਾਂ ਜੀ। ਸ਼ਿਕਾਇਤ ਦੀ ਪੜਤਾਲ ਚੱਲ ਰਹੀ ਹੈ।

---

Original with;
Punjab Vidhan Sabha
Digitized by;
Panjab Digital Library

### ਸੁਤੰਤਰਤਾ ਸੰਗਰਾਮੀਆਂ ਦੀਆਂ ਵਿਧਵਾਵਾਂ ਨੂੰ ਸਹੂਲਤਾਂ

*2048. (ਸੀ: ਯੂ.). ਸ੍ਰੀ ਵੀਰ ਪਵਨ ਕੁਮਾਰ: ਕੀ ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਸੁਤੰਤਰਤਾ ਸੰਗਰਾਮੀਆਂ ਦੀ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ - -

(ੳ) ਕੀ ਸੁਤੰਤਰਤਾ ਸੰਗਰਾਮੀਆਂ ਦੀਆਂ ਵਿਧਵਾਵਾਂ ਪੰਜਾਬ ਰੋਡਵੇਜ਼/ਪੀ. ਆਰ. ਟੀ. ਸੀ, ਦੀਆਂ ਬੱਸਾਂ ਵਿਚ ਮੁਫਤ ਯਾਤਰਾ ਕਰਨ ਦੀਆਂ ਹੱਕਦਾਰ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਵਿਧਵਾਵਾਂ ਨੂੰ ਦਿੱਤੀਆਂ ਜਾਂਦੀਆਂ ਹੋਰ ਸਹੂਲਤਾਂ ਦੇ ਵੇਰਵੇ ਕੀ ਹਨ?

**ਸਰਦਾਰ ਗੁਰਮੇਜ ਸਿੰਘ:** (ੳ) ਨਹੀਂ ਜੀ।

(ਅ) (1) ਫਰੀਡਮ ਫਾਈਟਰ ਦੀ ਮੌਤ ਉਪਰੰਤ ਉਸ ਨੂੰ ਮਿਲਦੀ ਸੁਤੰਤਰਤਾ ਸੈਨਿਕ ਪੈਨਸ਼ਨ ਉਸ ਦੀ ਵਿਧਵਾ ਦੇ ਨਾਂ ਤੇ ਉਸੇ ਦਰ ਨਾਲ ਤਬਦੀਲ ਕੀਤੀ ਜਾਂਦੀ ਹੈ।

(2) ਫਰੀਡਮ ਫਾਈਟਰਾਂ ਦੀਆਂ ਜ਼ਿੰਦਾ ਵਿਧਵਾਵਾਂ ਨੂੰ ਜੋ ਸੁਤੰਤਰਤਾ ਸੈਨਿਕ ਸਨਮਾਨ ਪੈਨਸ਼ਨ ਪ੍ਰਾਪਤ ਕਰ ਰਹੀਆਂ ਹਨ ਨੂੰ ਉਨ੍ਹਾਂ ਦੇ ਲੜਕੇ/ਲੜਕੀਆਂ ਦੀ ਸ਼ਾਦੀ ਦੇ ਮੌਕੇ ਤੇ ਖਰਚੇ ਲਈ ਵਿੱਤੀ ਸਹਾਇਤਾ 10,000 ਰੁਪਏ ਦੀ ਰਕਮ ਤੱਕ ਦਿੱਤੀ ਜਾਂਦੀ ਹੈ।

(3) ਸੁਤੰਤਰਤਾ ਸੰਗਰਾਮੀਆਂ ਦੀਆਂ ਵਿਧਵਾਵਾਂ ਨੂੰ ਜੋ ਰਾਜ ਸਰਕਾਰ ਤੋਂ ਪੈਨਸ਼ਨ ਪ੍ਰਾਪਤ ਕਰ ਰਹੀਆਂ ਹਨ, ਨੂੰ ਸ਼ਨਾਖਤੀ ਕਾਰਡ ਜਾਰੀ ਕੀਤੇ ਗਏ ਹਨ ਤਾਂ ਜੋ ਉਨ੍ਹਾਂ ਨੂੰ ਯੋਗ ਸਨਮਾਨ ਮਿਲ ਸਕੇ।

---

### ਪੰਪ ਉਪਰੇਟਰਾਂ ਦੀਆਂ ਸੇਵਾਵਾਂ ਨੂੰ ਨਿਯਮਿਤ ਕਰਨਾ

*2049. (ਸੀ.ਯੂ.) **ਸਰਦਾਰ ਮਨਜੀਤ ਸਿੰਘ ਭੱਠਲ:** ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦਾ ਜਨ ਸਿਹਤ ਵਿਭਾਗ ਵਿਚ ਪਿਛਲੇ ਦੱਸ ਸਾਲਾਂ ਤੋਂ ਦਿਹਾੜੀ ਤੇ ਕੰਮ ਕਰ ਰਹੇ ਪੰਪ ਉਪਰੇਟਰਾਂ ਅਤੇ ਚੌਕੀਦਾਰਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਦਾ ਵਿਚਾਰ ਹੈ?

**ਸ੍ਰੀ ਸੁਰਿੰਦਰ ਕਪੂਰ:** ਪੰਪ ਉਪਰੇਟਰ, ਚੌਕੀਦਾਰ ਅਤੇ ਹੋਰ ਕਾਮੇਂ ਜੋ ਡੇਲੀ-ਵੇਜ਼ਿਜ਼ ਤੇ ਕੰਮ ਕਰਦੇ ਹਨ ਅਤੇ ਜੋ 10 ਸਾਲਾਂ ਦੀ ਸੇਵਾ ਮਿਤੀ 31 ਅਗਸਤ, 1992 ਨੂੰ ਪੂਰੀ ਕਰਦੇ ਹਨ, ਦੀਆਂ ਸੇਵਾਵਾਂ ਸਰਕਾਰ ਵਲੋਂ ਬਣਾਈ ਗਈ ਪਾਲਿਸੀ ਅਧੀਨ ਰੈਗੂਲਰ ਕੀਤੀਆਂ ਜਾ ਰਹੀਆਂ ਹਨ।

---

Original with;
Punjab Vidhan Sabha
Digitized by;
Panjab Digital Library

ਭ੍ਰਿਸ਼ਟ ਅਫਸਰਾਂ ਦੇ ਵਿਰੁੱਧ ਜਾਂਚ-ਪੜਤਾਲ

*2050 (ਸੀ.ਯੂ.) (1) ਕਾਮਰੇਡ ਤਰਸੇਮ ਜੋਧਾਂ
(2) ਸ੍ਰੀ ਵਿਜੇ ਕੁਮਾਰ ਸਾਥੀ } : ਕੀ ਮੁੱਖ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ :--

(ੳ) ਰਾਜ ਵਿੱਚ ਅਜਿਹੇ ਆਈ. ਏ. ਐਸ., ਪੀ. ਸੀ. ਐਸ. ਅਤੇ ਆਈ.ਪੀ.ਐਸ. ਅਫ਼ਸਰਾਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ ਜਿਨ੍ਹਾਂ ਦੇ ਵਿਰੁੱਧ ਬੇਕਾਇਦਗੀਆਂ ਅਤੇ ਰਿਸ਼ਵਤ-ਖੋਰੀ ਕਰਨ ਲਈ ਜਨਵਰੀ,, 1992 ਤੋਂ ਲੈ ਕੇ ਜਾਂਚ-ਪੜਤਾਲਾਂ ਕਰਵਾਈਆਂ ਗਈਆਂ ਜਾਂ ਕਾਰਵਾਈਆਂ ਜਾ ਰਹੀਆਂ ਹਨ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਅਫਸਰਾਂ ਵਿੱਚੋਂ ਹੁਣ ਤੱਕ ਕਸੂਰਵਾਰ ਪਾਏ ਗਏ ਅਫਸਰਾਂ ਦੀ ਸ਼੍ਰੇਣੀ-ਵਾਰ ਗਿਣਤੀ ਕਿੰਨੀ-ਕਿੰਨੀ ਹੈ ਅਤੇ ਕਸੂਰਵਾਰ ਪਾਏ ਗਏ ਅਫਸਰਾਂ ਦੇ ਵਿਰੁੱਧ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਬੇਅੰਤ ਸਿੰਘ : ਆਈ.ਏ.ਐਸ. ਅਧਿਕਾਰੀਆਂ ਸਬੰਧੀ ਸੂਚਨਾ

(ੳ) ਇੱਕ ।

(ਅ) ਇਨਕੁਆਇਰੀ ਦੀ ਕਾਰਵਾਈ ਅਜੇ ਚੱਲ ਰਹੀ ਹੈ ।

ਪੀ.ਸੀ.ਐਸ. ਅਧਿਕਾਰੀਆਂ ਸਬੰਧੀ ਸੂਚਨਾ :

(ੳ) 19 ਪੀ.ਸੀ.ਐਸ ਅਧਿਕਾਰੀਆਂ ਖਿਲਾਫ ਜਨਵਰੀ, 1992 ਤੋਂ ਬੇਕਾਇਦਗੀਆਂ ਅਤੇ ਰਿਸ਼ਵਤਖੋਰੀ ਸਬੰਧੀ ਜਾਂਚ ਪੜਤਾਲ ਚਲਾਈਆਂ/ਚੱਲ ਰਹੀਆਂ/ਗਈਆਂ ਸਨ ।

(ਅ) ਇਨ੍ਹਾਂ 19 ਪੜਤਾਲਾਂ ਵਿੱਚੋਂ ਜੋ ਪੜਤਾਲਾਂ ਕੀਤੀਆਂ ਗਈਆਂ ਜਾਂ ਜੋ ਕੀਤੀਆਂ ਜਾ ਰਹੀਆਂ ਹਨ, ਇੱਕ ਅਧਿਕਾਰੀ ਨੂੰ ਬੇਕਾਇਦਗੀਆਂ ਅਤੇ ਸਰਕਾਰ ਨੂੰ ਕੀਤੇ ਵਿੱਤੀ ਘਾਟੇ ਸਬੰਧੀ ਦੋਸ਼ੀ ਪਾਇਆ ਗਿਆ । ਅਧਿਕਾਰੀ ਨੂੰ ਨਿਖੇਧੀ (ਸੈਨਸ਼ੋਅਰ) ਦੀ ਸਜ਼ਾ ਦਿੱਤੀ ਗਈ ਅਤੇ ਸਰਕਾਰੀ ਖਜ਼ਾਨੇ ਨੂੰ 57400 ਰੁਪਏ ਦੀ ਵਿੱਤੀ ਘਾਟੇ ਦੀ ਰਿਕਵਰੀ ਵੀ ਪਾਈ ਗਈ, ਜਿਸ ਦੀ ਅਧਿਕਾਰੀ ਵੱਲੋਂ ਯਕਮੁਸ਼ਤ ਅਦਾਇਗੀ ਕੀਤੀ ਜਾ ਚੁੱਕੀ ਹੈ ।

ਆਈ.ਪੀ.ਐਸ. ਅਧਿਕਾਰੀਆਂ ਸਬੰਧੀ ਸੂਚਨਾ :

(ੳ) ਇੱਕ ।

(ਅ) ਨਿੱਲ ।

Original with;
Punjab Vidhan Sabha
Digitized by;
Panjab Digital Library

## ਪੰਜਾਬ ਰਾਜ ਬਿਜਲੀ ਬੋਰਡ ਅਤੇ ਸਰਕਾਰ ਦੇ ਪੈਰਾ-ਮੈਡੀਕਲ ਸਟਾਫ ਦੀ ਤਨਖਾਹ ਸਕੇਲ ਵਿਚ ਬਰਾਬਰੀ

*2051. (ਸੀ.ਯੂ.) (1) ਕਾਮਰੇਡ ਗੁਰਨਾਮ ਸਿੰਘ ਧੀਰੋਵਾਲ
(2) ਸ਼੍ਰੀਮਤੀ ਵਿਮਲਾ ਡਾਂਗ
(3) ਕਾਮਰੇਡ ਅਜੈਬ ਸਿੰਘ ਰੌਂਤਾਂ } : ਕੀ

ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰਾਜ ਬਿਜਲੀ ਬੋਰਡ ਅਤੇ ਸਰਕਾਰ ਦੇ ਪੈਰਾ-ਮੈਡੀਕਲ ਸਟਾਫ ਦੇ ਤਨਖਾਹ ਸਕੇਲ ਬਰਾਬਰ ਹਨ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰ ਬੇਅੰਤ ਸਿੰਘ :** ਸ਼੍ਰੀਮਾਨ ਜੀ, ਪੰਜਾਬ ਰਾਜ ਬਿਲਜੀ ਬੋਰਡ ਦੇ ਪੈਰਾ ਮੈਡੀਕਲ ਸਟਾਫ ਦੀ ਜਿਹੜੀ ਕੈਟਾਗਰੀ ਦੇ ਅਣ-ਸੋਧੇ ਸਕੇਲ ਪੰਜਾਬ ਸਰਕਾਰ ਦੇ ਪੈਰਾ ਮੈਡੀਕਲ ਸਟਾਫ ਦੀ ਅਜਿਹੀ ਕੈਟੀਗਰੀਆਂ ਦੇ ਅਣ-ਸੋਧੇ ਸਕੇਲ ਦੇ ਬਰਾਬਰ ਸਨ, ਦੇ ਸੋਧੇ ਹੋਏ ਸਕੇਲਾਂ ਵਿੱਚ ਸਮਾਨਤਾ ਰੱਖੀ ਗਈ ਹੈ। ਪੰਜਾਬ ਰਾਜ ਬਿਜਲੀ ਬੋਰਡ ਪੈਰਾ ਮੈਡੀਕਲ ਅਮਲੇ ਦੀਆਂ ਜਿਹੜੀਆਂ ਕੇਟਾਗਰੀਆਂ ਦੇ ਅਣ-ਸੋਧੇ ਸਕੇਲ, ਪੰਜਾਬ ਸਰਕਾਰ ਦੇ ਪੈਰਾ ਮੈਡੀਕਲ ਅਮਲੇ ਦੀਆਂ ਅਜਿਹੀਆਂ ਕੇਟਾਗਰੀਆਂ ਦੇ ਅਣਸੋਧੇ ਸਕੇਲਾਂ ਦੇ ਬਰਾਬਰ ਨਹੀਂ ਸਨ, ਅਜਿਹੀਆਂ ਕੈਟਾਗਰੀਆਂ ਨੂੰ ਪੰਜਾਬ ਸਰਕਾਰ ਦੀਆਂ ਅਜਿਹੀਆਂ ਕੇਟਾਗਰੀਆਂ ਨੂੰ ਦਿੱਤੇ ਗਏ ਸੋਧੇ ਸਕੇਲਾਂ ਦੇ ਆਧਾਰ ਤੇ, ਪੰਜਾਬ ਰਾਜ ਬਿਜਲੀ ਬੋਰਡ ਪੇ-ਰਵੀਜ਼ਨ ਕਮੇਟੀ/ਅਨੋਮਲੀ ਕਮੇਟੀ ਦੀਆਂ ਸਿਫਾਰਸ਼ਾਂ ਤੇ ਦਿਤੇ ਗਏ ਸਨ ।

---

## ਮੁੱਢਲੇ ਸਿਹਤ ਕੇਂਦਰਾਂ ਦੀ ਗਿਣਤੀ

*2052. (ਸੀ.ਯੂ.) **ਸ਼੍ਰੀ ਮਦਨ ਮੋਹਨ ਮਿੱਤਲ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ;—

(ੳ) ਰਾਜ ਵਿਚ ਮੁੱਢਲੇ ਸਿਹਤ ਕੇਂਦਰਾਂ ਦੀ ਗਿਣਤੀ ਕਿੰਨੀ ਹੈ ਅਤੇ ਅਜਿਹੀਆਂ ਥਾਵਾਂ ਦੇ ਬਲਾਕਵਾਰ ਨਾਂ ਕੀ ਹਨ ਜਿਥੇ ਉਕਤ ਕੇਂਦਰ ਸਥਿਤ ਹਨ ;

(ਅ) ਮੁੱਢਲੇ ਸਿਹਤ ਕੇਂਦਰ ਦੀ ਥਾਂ ਲਈ ਕੀ ਕਸੌਟੀ ਅਪਣਾਈ ਗਈ ਹੈ ਅਤੇ ਇਕ ਮੁੱਢਲੇ ਸਿਹਤ ਕੇਂਦਰ ਲਈ ਸਟਾਫ ਦੀ ਕਿੰਨੀ ਨਫਰੀ ਮਨਜ਼ੂਰ ਸ਼ੁਦਾ ਹੈ ;

(ੲ) ਕੀ ਉਕਤ ਭਾਗ (ੳ) ਵਿਚ ਵਰਣਿਤ ਸਾਰੇ ਮੁਢਲੇ ਸਿਹਤ ਕੇਂਦਰ ਵਿਚ ਲੋੜੀਂਦਾ ਅਮਲਾ ਨਿਯੁਕਤ ਕੀਤਾ ਗਿਆ ਹੈ; ਜੇਕਰ ਨਹੀਂ, ਤਾਂ ਉਸਦੇ ਕਾਰਨ ਕੀ ਹਨ ਅਤੇ ਅਜਿਹੇ ਮੁੱਢਲੇ ਸਿਹਤ ਕੇਂਦਰਾਂ ਦੇ ਨਾਂ ਕੀ ਕੀ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚਰਨ ਸਿੰਘ ਬਰਾੜ :** (ੳ) ਰਾਜ ਵਿਚ ਕੁਲ 484 ਮੁਢਲਾ ਸਿਹਤ ਕੇਂਦਰ ਹਨ ਜਿਨ੍ਹਾਂ ਵਿਚ 130 ਮੇਨ ਮੁਢਲਾ ਸਿਹਤ ਕੇਂਦਰ ਅਤੇ 354 ਮਿੰਨੀ ਮੁਢਲਾ ਸਿਹਤ ਕੇਂਦਰ ਹਨ। ਮੇਨ ਮੁੱਢਲਾ ਸਿਹਤ ਕੇਂਦਰਾਂ ਅਤੇ ਮਿੰਨੀ ਮੁਢਲਾ ਸਿਹਤ ਕੇਂਦਰਾਂ ਦੀ ਬਲਾਕ-ਵਾਈਜ਼ ਵਖੋ ਵਖ ਸਥਿਤੀ ਨਾਲ ਲਗੇ ਅਨੁਲਗ (ੲ) ਅਨੁਸਾਰ ਹੈ ਜੀ।

(ਅ) ਮੈਦਾਨੀ ਇਲਾਕਿਆਂ ਵਿਚ ਆਮ ਤੌਰ ਤੇ 30,000 ਦੀ ਵਸੋਂ ਪਿਛੇ ਅਤੇ ਪਹਾੜੀ ਤੇ ਕਬਾਇਲੀ ਇਲਾਕਿਆਂ ਵਿਚ 20,000 ਦੀ ਔਸਤ ਵਸੋਂ ਪਿਛੇ ਇਕ ਮੁਢਲਾ ਸਿਹਤ ਕੇਂਦਰ ਦੀ ਸਥਾਪਨਾ ਦਾ ਕਰਾਇਟੇਰੀਆ ਹੈ। ਪਰੰਤੂ,ਪੰਜਾਬ ਰਾਜ ਮੈਦਾਨੀ ਇਲਾਕਾ ਹੋਣ ਕਰਕੇ 30,000 ਦੀ ਵਸੋਂ ਪਿਛੇ ਹੀ ਮੇਨ/ਮਿੰਨੀ ਮੁਢਲਾ ਸਿਹਤ ਕੇਂਦਰ ਖੋਲ੍ਹਣ ਦਾ ਕਰਾਇਟੇਰੀਆ ਹੈ। ਮੁਢਲਾ ਸਿਹਤ ਕੇਂਦਰਾਂ ਦੇ ਅਮਲੇ ਦਾ ਨਾਰਮ ਨਾਲ ਲੱਗੇ ਅਨੁਲਗ (ਬੀ) ਅਨੁਸਾਰ ਹੈ ਜੀ।

(ੲ) ਸਾਰੇ ਮੁਢਲਾ ਸਿਹਤ ਕੇਂਦਰਾਂ ਵਿਚ ਲੋੜੀਂਦਾ ਸਟਾਫ ਲਗਾ ਹੋਇਆ ਹੈ।

## ANNEXURE A

### BLOCK-WISE NAMES OF 130 MAIN PRIMARY HEALTH CENTRES IN PUNJAB STATE

| Name of the Block | | Name of the Main Primary Health Centre |
|---|---|---|
| | | **District Amritsar** |
| Ajnala | .. 1. | Ramdas |
| Chogawan | .. 2. | Lopoke |
| Majitha | .. 3. | Majitha |
| Verka | .. 4. | Verka |
| Rayya | .. 5. | Baba-Bakala |
| Tarsika | .. 6. | Tarsika |
| Jandiala | .. 7. | Jandiala |
| Patti | .. 8. | Ghariala |
| Valtoha | .. 9. | Rajoke |
| | .. 10. | Khem Karan |
| Bhikhiwind | .. 11. | Sur Singh |
| Tarn-Taran | .. 12. | Jhabal |
| Chole-Sahib | .. 13. | Sarhali |
| Naushehra Panuwan | .. 14. | Kairon |
| —Do— | .. 15. | Naushehra Panwan |
| Gandi-wind | .. 16. | Kasel |
| Khadoor Sahib | .. 17. | Mianwind |
| | | **District Bhatinda** |
| Bhatinda | .. 18. | Goniana |
| Sangat | .. 19. | Sangat |
| Nathana | .. 20. | Nothana |
| Talwandi Tabo | .. 21. | Talwandi Sabo |

Original with;
Punjab Vidhan Sabha
Digitized by;
Panjab Digital Library

| Name of Block | | Name of the main Primary Health Centre |
|---|---|---|
| Rampura Phul | .. | 22. Ballianwali |
| hul | .. | 23. Bhagta |
| Faridkot | .. | 24. Jand Sahib |
| Kot Kapura | .. | 25. Baja Khana |
| —Do— | .. | 26. Panj Granian-Kalan |
| Nihal Singh Wala | .. | 27. Patto Mira Singh |
| Bagha Purana | .. | 28. Thathi Bhai |
| Moga-I | .. | 29. Dhudikae |
| Moga-II | .. | 30. Darolo Bhai |
| Muktsar | .. | 31. Chak-Sherewala |
| Malout | .. | 32. Alanwala |
| Lambi | .. | 33. Lambi |
| Kot Bhai at Gidderbaha | .. | 34. Doda |
| **Fatehgarh Sahib District** | | |
| Sirhind | .. | 35. Chinarthal Kalan |
| Bassi Pathana | .. | 36. Nandpur Kalaur |
| **District Ferozepur** | | |
| Ferozepur | .. | 37. Mamdot |
| Ghall Khurd | .. | 38. Firozo-shah |
| Gur-Har-Sahai | .. | 39. Guru-Har-Sahai |
| Fazilka | .. | 40. Dabwala-Kalan |
| Jalalabad | .. | 41. Jandwala Bhime Shah |
| Abohar | .. | 42. Sitto-Gunno |
| Khuian Sarwar | .. | 43. Khuhi Khera |
| Zira | .. | 44. Kassoana |
| Dharmakot | .. | 45. Kot Ise Khan |
| **District Gurdaspur** | | |
| Gurdaspur | .. | 46. Dorangla |
| —Do— | .. | 47. Ranjit bagh |
| Dhariwal | .. | 48. Naushehra Majha Singh |
| Kahnuwan | .. | 49. Kahnuwan |
| Kalanaur | .. | 50. Kalanaur |
| Dina Nagar | .. | 51. Behrampur |
| Batala | .. | 52. Panj Garian |
| Fatehgarh Churian | .. | 53. Fatehgarh Churian |
| Shri Hargobindpur | .. | 54. Bham |
| —Do— | .. | 55. Mand |
| Dera Baba Nanak | .. | 56. Dhianpur |
| Pathankot | .. | 57. Gharota |
| Dhar Kala | .. | 58. Bungal-Badani |
| Narot Jaimal Singh | .. | 59. Narot Jaimal Singh |
| Bambyal | .. | 60. Bamyal |

Original with;
Punjab Vidhan Sabha
Digitized by;
Panjab Digital Library

[Minister for Health and Family Welfare]

| Name of the Block | Name of the Main Primary Health Centre |
|---|---|
| **District Hoshiarpur** | |
| Hoshiarpur-I | .. 61. Chakowal |
| Hoshiarpur-II | .. 62. Harta Badla |
| Banga | .. 63. Bhunga |
| | .. 64. Saroya |
| Balachaur | .. 65. Balachaur |
| Dasuya | .. 66. Mand Bhandir |
| Mukerian | .. 67. Bhudhabar |
| Talwara | .. 68. Hajipur |
| Tanda | .. 69. Tanda |
| Garh Shankar | .. 70. Possi |
| Mahalpur | .. 71. Paldi |
| **District Jalandhar** | |
| Adampur | .. 72. Adampur |
| Bhogpur | .. 73 Kala bakra |
| Jullundur (East) | .. 74. Jamsher Khas |
| Jullundur(West) | .. 75. Kartarpur |
| Banga | .. 76. Sujjon |
| Nawan Shehar | .. 77. Muzaffarpur |
| Aur | .. 78. Mukandpur |
| Nakodar | .. 79. Mehatpur |
| Shahkot | .. 80. Shahkot |
| Nurmehal | .. 81. Bilga |
| Rurka Kalan | .. 82. Jandiala |
| Phillaur | .. 83. Dosanj Kalan |
| | .. 84. Bara Pind |
| **District Kapurthala** | |
| Kapurthala | .. 85. Kala Sanghian |
| Nadala | .. 86. Bhulath |
| —Do— | .. 87. Begowal |
| —Do— | .. 88. Dhillwan |
| Phagwara | .. 89. Panchhat |
| Sultanpur Lodhi | .. 90 Tibba |
| **District Ludhiana** | |
| Ludhiana | .. 91. Sahnewal |
| Doraha | .. 92. Payal |
| Delhon | .. 93. Maloud |
| Pakhowal | .. 94. Pakhowal |

Original with;
Punjab Vidhan Sabha
Digitized by;
Panjab Digital Library

| Name of Block | | Name of the Primary Health Centre |
|---|---|---|
| Samrala | .. | 95 Manupur |
| Machhiwara | .. | 96. Hachhiwara |
| Jagraon | .. | 97. Mathur |
| Mangat | .. | 98. Kum Kalan |
| Sidhwan Bet | .. | 99. Sidhwan Bet |
| —Do— | .. | 100. Humbran |
| Guru-Sari-Sudhar | .. | 101 Guru-Sar-Sudhar |
| | | **District Mansa** |
| Budlada | .. | 102. Budhlada |
| Jhuner | .. | 103. Sardulgarh |
| Mansa | .. | 104. Khiala Kalan |
| | | **District Patiala** |
| Patiala | .. | 105. Kauli |
| Bhunerheri | .. | 106. Dudan Sadhan |
| Rajpura | .. | 107. Kalomajra |
| Dera-Bassi | .. | 108. Dera Bassi |
| Ghanaur | .. | 109. Harpalpur |
| Nabha | .. | 110. Aajnauda |
| —Do— | .. | 111. Bhadson |
| —Do— | .. | 112. Sauja |
| Samana | .. | 113. Shutrana |
| | | **District Rup Nagar** |
| Ropar | .. | 114. Bharatgarh |
| Chamkaur Sahib | .. | 115. Chamkaur Sahib |
| Anandpur Sahib | .. | 116. Kiratpur Sahib |
| Nurpur Bedi | .. | 117. Nur Pur Bedi |
| Kharar | .. | 118. Gharuan |
| —Do— | .. | 119. Boothgarh |
| | | **District Sangrur** |
| Sangrur | .. | 124. Longowal |
| Bhiwanigarh | .. | 121. Bhiwanigarh |
| Barnala | .. | 122. Dhanaula |
| Mahal Kalan | .. | 123. Mahal Kalan |
| Shehna | .. | 124. Tappa |
| Malerkotla | .. | 125. Amargarh |
| Dhuri | .. | 126. Sherpur |
| Ahmedgarh | .. | 127. Kuthala |
| —Do— | .. | 128. Fatehgarh Panj Grian |
| Sunam | .. | 129. Kauharian |
| Lehragaga | .. | 130. Moonak |

Original with;
Punjab Vidhan Sabha
Digitized by;
Panjab Digital Library

[Minister for Health and Family Welfare]

**Blockwise List of 354 Mini Primary Health Centres in the State of Punjab.**

DISTRICT AMRITSAR

**Block Ajnala**

1. Kayampur
2. Chetanpura
3. Gago-Mehal
4. Sadhar

**Block Chogawan**

5. Brar
6. Uthian
7. Raja Sansi
8. Jastaur

**Block Majitha**

9. Thariewal
10. Badala Viram

**Block Verka**

11. Chak Mukand
12. Iban Kalan

**Block Rayya**

13. Khalchian
14. Butala
15. Butter Kalan
16. Mehta

**Block Tarsika**

17. Matewal
18. Sidhwan Tahli Sahib

**Block Jandiala**

19. Mannawala
20. Verpal
21. Nawan Pind

**Block Patti**

22. Kirtowal
23. Sabari

**Block Valtoha**

24. Valtoha

**Block Bhikhiwind**

25. Bhikhiwind
26. Mari Megha
27. Algon

**Block Tarn Taran**

28. Daleke
29. Rataul
30. Bagrian
31. Pandori Rai Singh
32.

**Block Chola Sahib**

32. Fatehabad
33. Chola Sahib

**Block Naushehra Panwan**

34. Dhotian

**Block Gandiwind**

35. Attari
36. Sarai Amant Khan

**Block Khadoor Sahib**

37. Goindwal
38. Khadoor Sahib

DISTRICT BHATINDA

**Block Bhatinda**

1. Kot Shamir
2. Toona
3. Baluana
4. Jeeda

**Block Sangat**

5. Bandi
6. Ghudda
7. Pakka Kalan

**Block Nathana**

8. Mehraj
9. Khera Mohabat

**Block Talwandi Sabo**

10. Maiswer Khana
11. Natheha
12. Jodhpur Pakhar
13. Malkon

**Block Rampura**

14. Kararwala
15. Mandi Kalan

Original with;
Punjab Vidhan Sabha
Digitized by;
Panjab Digital Library

**Block Phul**

16. Bhai Rupa
17. Dhapali
18. Bhodipura
19. Dialpura Mirza

DISTRICT FARIDKOT

**Block Faridkot**

1. Golewala
2. Kot Sukhia
3. Harchand Singh Dhillon PHC Sadiq

**Block Kot Kapura**

4. Hari Nau
5. Guru-Sar
6. Rori Kalan
7. Burgari

**Block Nihal Singh Wala**

8. Bilaspur
9. Badni Kalan
10. Raoke Kalan

**Block Bagha Purana**

11. Landa
12. Sukha Naud
13. Manoke
14. Nathuwala
15. Rajiana

**Block Moga-I**

16. Butter
17. Kokri Kalan
18. Charik

**Block Moga-II**

19. Daulatpur Niwan
20. Chand Nawan

**Block Mukatsar**

21. Kanianwali
22. Thandewala
23. Balamgarh
24. Harike Kalan

**Block Malout**

25. Ram Nagar
26. Kabarwala
27. Panniwala

**Block Lambi**

28. Roranwali
29. Singhewala
30. Kandu Khera

**Block Kot Bhai at Gidderbaha**

31. Badhia
32. Kot Bhai
33. Mallan

DISTRICT FATEHGARH SAHIB

**Block Sirhind**

1. Ladpur
2. Bhagrana
3. Mulepur
4. Bhanarsi
5. Nabi pur
6. Sangatpur Sodhian

**Block Bassi Pathana**

7. Bhari
8. Nanowal
9. Sanghol
10. Balhari Kalan
11. Nogawan
12. Badla

DISTRICT FEROZEPUR

**Block Ferozepur**

1. Arifke
2. Jhok Hari Har
3. Khai Themeke
4. Nurpur Sethan

**Block Ghall Khurad**

5. Talwandi Bhai
6. Malwal
7. Sulhani

**Block Guru-Har-Sahai**

8. Panje Ke Uttar
9. Sonegarh
10. Jiwa arain

**Block Fazilka**

11. Tahliwala Badla
12. Karni Khera
13. Hasta Kalan

Original with;
Punjab Vidhan Sabha
Digitized by;
Panjab Digital Library

[Minister for Health and Family Welfare]

**Block Jalalabad**

14. Laduka Mandi
15. Lamochar Kalan
16. Chak Janisar

**Block Abohar**

17. Baluana
18. Kundal
19. Jhumian wali
20. Waryam Khera

**Block Khuian Sarwar**

21. Maujgarh
22. Khaowali Dhab
23. Paniwal Mahla

**Block Zira**

24. Malanwala
25. Khosa Dal Singh
26. Khosa Randhir
27. Wakilanwala

**Block Dharamkot**

28. Dharamkot
29. Makhu
30. Fatehgarh Panjtoor
31. Jalalabad (East)
32. Kishanpur Kalan

DISTRICT GURDASPUR

**Block Gurdaspur**

1. Jaura Chhitran
2. Babehali
3. Shalla Purana

**Block Dhariwal**

4. Bhumbli
5. Kalianpur
6. Satkhoa

**Block Kahnuwan**

7. Gunopur
8. Gill Manj
9. Banowal Jinder

**Block Kalanaur**

10. Wadala Bangar

**Block Dina Nagar**

11. Marara
12. Jharauli

**Block Batala**

13. Bhullar
14. Taragarh
15. Wadala Granthian
16. Jaito Sarja

**Block Fatehgarh Churian**

17. Aliwal
18. Kala Afgana

**Block Sri Hargobindpur**

19. Udhanwal
20. Bharath
21. Ghumaan
22. Kandiala

**Block Dera Baba Nanak**

23. Dehar Gowara
24. Dharamkot Randhawa

**Block Pathankot**

25. Bath Sahib
26. Boha
27. Gurdaspur Bhaian
28. Ghiala

**Block Dhar Kalan**

29. Dunera
30. Madhopur

**Block Narot Jaimal Singh**

31. Taragarh
32. Kathlaur

**Block Bamhyal**

Nil

DISTRICT HOSHIARPUR

1. Bagpur
2. Nasrala
3. Bulowal (Bulhowal)
4. Sue

Original with;
Punjab Vidhan Sabha
Digitized by;
Panjab Digital Library

**Block Hoshiarpur-II**

5. Chabewal
6. Mehlanwali
7. Jallowal

**Block Banga**

8. Hariana
9. Janaur

**Block Balachaur**

10. Kathgarh
11. Panlali Khurd
12. Pojewal
13. Sahiba

**Block Dasuya**

14. Badla
15. Ghoga
16. Khun-Khum Kalan

**Block Mukerian**

17. Bhangala
18. Mauj Behbal
19. Tanda Ram Sarai
20. Chanaur

**Block Talwara**

21. BehNangal (Kamahi Devi)
22. Bhol Kalota

**Block Tanda**

23. Khandala Sekhon
24. Miani

**Block Garhshankar**

25. Binewal
26. Paderana
27. Panam
28. Rampur Bilron

**Block Mahalpur**

29. Jaijon
30. Badian Kalan
31. Sarhala Kalan
32. Mahalpur

**DISTRICT JALANDHAR**

**Block Adampur**

1. Daroli Bhai
2. Raipur/Rasulpur

**Block Bhosaur**

3. Buttan
4. Pandori Nijran

**Block Jalandhar (East)**

5. Solina
6. Raipur

**Block Jalandhar (West)**

7. Chitti
8. Randhwa Masandha

**Block Banga**

9. Khatkar Kalan
10. Katarian
11. Behram

**Block Nawan Shehar**

12. Jabbowal
13. Jadla
14. Bharta Khurd

**Block Aur**

15. Aur
16. Khan Khanan

**Block Nakodar**

17. Malhian Kalan
18. Bloki
19. Saah

**Block Shahkot**

20. Lasura
21. Rupewali
22. Didderpindi

**Block Nur Mehal**

23. Talwan
24. Kot Badal Khan

**Block Rurak Kalan**

25. Goraya
26. Rurka Kalan

**Block Phillaur**

27. Dialpur
28. Nagra

Original with;
Punjab Vidhan Sabha
Digitized by;
Panjab Digital Library

[Minister for Health and Family Welfare]

DISTRICT KAPURTHALA

**Block Kapurthala**

1 Surakhpur
2. Bhano Langa
3. Khalu

**Block Nadala**

3. Nil

**Block Phagwara**

4. Plahal
5. Ranipur
6. Atol

**Block Sultanpur Lodhi**

7. Dhindwindi
8. Paramjit

DISTRICT LUDHIANA

**Block Ludhiana**

1. PHC Dakha
2. Bhanohar

**Block Dalhon**

3. Sihar
4. Ghawadi
5. Delhon

**Block Pakhowal**

6. Latala
7. Andlu
8. Jodhan

**Block Samrala**

9. Mandiala Kalan
10. Utalan
11. Mehdoodan
12. Badhla

**Block Machhiwara**

13. Ghungrali Sikhan
14. Nanowal

**Block Jagraon**

15. Kaunke Kalan
16. Chowkimoon
17. Manuke
18. Kamalpur

**Block Mangat**

19. Matewara
20. Ladhuwal

**Block Sidhwan Bet**

21. Porian
22. Sawaddi Kalan
23. Talwandi Kalan

**Block Guru-Sar-Sudhar**

24. Bassian
25. Mohie

**Block Doraha**

26. Doraha
27. Rauni
28. Jarg

DISTRICT MANSA

**Block Budhlada**

1. Boha
2. Biroke Kalan
3. Kularian
4. Ranghrial

**Block Jhuner**

5. Jhuner
6. Jaurkian
7. Behniwala
8. Karandi

**Block Mansa**

9. Dhaipai
10. Jora
11. Ubha
12. Bheni Bagha
13. Nangal Kalan

DISTRICT PATIALA

**Block Bhaini**

1. Kalar Bhaini
2. Gajju Majra
3. Kalyan
4. Hassanpur

Original with;
Punjab Vidhan Sabha
Digitized by;
Panjab Digital Library

**Block Bhunerheri**

5. Gharam
6. Sursatigarh
7. Roshanpur Jhungian
8. Balbera
9. Jogipur

**Block Raipura**

10. Khera Gajju
11. Kheri Gurna
12. Khizargarh
13. Gopalpur

**Block Dera Bassi**

14. Lalru
15. Pandwala
16. Basauli

**Block Ghanaur**

17. Kapoori
18. Mardan pur
19. Ajraur

**Block Nabha**

20. Babarpur
21. Farehpur
22. Kakrala

**Block Samana**

23. Gajewas
24. Arno
25. Kulran
26. Dhanetha
27. Kakrala
28. Dhanetha-1

**DISTRICT ROPAR**

**Block Ropar**

1. Behrampur Zimidari
2. Purkhali

**Block Chamkaur Sahib**

3. Bur Majra
4. Surtapur farm
5. Amrali

**Anandpur Sahib Block**

6. Dher
7. Kathera
8. Surewal

**Block Nurpur Bedi**

9. Sarthali
10. Khanpur Khuhi

**Block Kharar**

11. Mohali
12. Landran
13. Majat
14. Mullanpur Garibdass
15. Chandon
16. Khizrobaad
17. Palhari

**DISTRICT SANGRUR**

**Block Sangrur**

1. Gagarpur
2. Saron
3. Ubhawal

**Block Bhiwanigarh**

4. Nidampur
5. Gharachon

**Block Barnala**

6. Rurak Kalan
7. Bathlan
8. Sekha
9. Hamidi

**Block Mahal Kalan**

10. Chananwal
11. Gehlan

**Block Shehna**

12. Shehna
13. Talawal

**Block Malerkotla**

14. Dasur
15. Manvi
16. Gowara

**Block Dhuri**

17. Kanjhla
18. Mimsa
19. Mulowal
20. Bhalwan

Original with;
Punjab Vidhan Sabha
Digitized by;
Panjab Digital Library

[Minister for Health and Family Welfare]

**Block Ahmedgarh**

22. Ahmedgarh
23. Lohat Badi
24. Kanganwal

**Block Sunam**

25. Chhajli
26. Mehlan
27. Jakhewal
28. Dirba
29. Gandwan

**Block Lehragaga**

30. Khanauri Kalan
31. Bhutal Kalan
32. Haryau
33. Manlana
34. Kalia
35. Shadiheri

| Name of the Block | Name of the Main Primary Health Centres |
|---|---|

## ANNEXURE

**Staffing of Normal Primary Health Centres and Mini Primary Health Centres in the Punjab state**

| | | |
|---|---|---|
| 1. Senior Medical Officer | .. | 1 |
| 2. Medical Officer | .. | 1 |
| 3. Steno-typist | .. | 1 |
| 4. Pharmacists | .. | 1 |
| 5. Lady Health Visitors | .. | 1 |
| 6. Sanitary Inspector | .. | 1 |
| 7. Accountant | .. | 1 |
| 8. Driver | .. | 1 |
| 9. A.N.M. | .. | 4 |
| 10. Class-IV | .. | 7 |

**Mini Primary Health Centres**

| | | |
|---|---|---|
| 1. Medical Officer | .. | 1 |
| 2. Pharmacist | .. | 1 |
| 3. Staff Nurse | .. | 1 |
| 4. Laboratory Technician | .. | 1 |
| 5. Class-IV | .. | 2 |

**ਨਿਸ਼ਾਨ ਵਾਲਾ ਸੀ. ਯੂ. ਪ੍ਰਸ਼ਨ ਨੰਬਰ 2053***

(ਇਸ ਸਵਾਲ ਦਾ ਜਵਾਬ ਹਾਲੇ ਤੱਕ ਪ੍ਰਾਪਤ ਨਹੀਂ ਹੋਇਆ।)

---

**ਖਾੜਕੂਆਂ ਦੇ ਸ਼ਿਕਾਰ ਵਿਅਕਤੀਆਂ ਦੇ ਆਸ਼ਰਿਤਾਂ ਨੂੰ ਮਾਲੀ ਸਹਾਇਤਾ ਅਦਾ ਕਰਨਾ**

*2055. (ਸੀ.ਯੂ.) (1) ਸਰਦਾਰ ਅਜੈਬ ਸਿੰਘ ਰੌਂਤਾ :
(2) ਸ੍ਰੀਮਤੀ ਵਿਮਲਾ ਡਾਂਗ : } : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਜ਼ਿਲ੍ਹਾ ਅੰਮ੍ਰਿਤਸਰ ਦੇ ਅਜਿਹੇ ਪੈਰਾ-ਮੈਡੀਕਲ ਮੁਲਾਜ਼ਮਾਂ ਦੇ ਨਾਂ ਅਤੇ ਉਨ੍ਹਾਂ ਦੀ ਨਿਯੁਕਤੀ ਦੀਆਂ ਥਾਵਾਂ ਦੇ ਨਾਂ ਕੀ ਕੀ ਹਨ ਜਿਨ੍ਹਾਂ ਨੂੰ ਸਾਲ 1990 ਅਤੇ 1991 ਦੌਰਾਨ ਖਾੜਕੂਆਂ ਨੇ ਗੋਲੀਆਂ ਮਾਰ ਕੇ ਮਾਰ ਦਿਤਾ ;

---

For S.Q. (C.U.) No. 2053 and reply thereto, please see Appendix to this Annexure.

Original with;
Punjab Vidhan Sabha
Digitized by;
Panjab Digital Library

(ਅ) ਕੀ ਉਕਤ ਭਾਗ (ੳ) ਵਿਚ ਵਰਣਿਤ ਮ੍ਰਿਤਕ ਮੁਲਾਜ਼ਮਾਂ ਦੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਨੂੰ ਉਨ੍ਹਾਂ ਨੂੰ ਬਣਦੇ ਮਾਲੀ ਲਾਭ ਅਜੇ ਤੱਕ ਪ੍ਰਾਪਤ ਨਹੀਂ ਹੋਏ ਹਨ ;

ਜੇਕਰ ਅਜਿਹਾ ਹੋਵੇ ਤਾਂ ਅਜਿਹੇ ਮੁਲਾਜ਼ਮਾਂ ਦੇ ਨਾਂ ਕੀ ਹਨ ਅਤੇ ਕਿਨ੍ਹਾਂ ਕਾਰਨਾਂ ਕਰਕੇ ਅਜੇ ਤੱਕ ਅਦਾਇਗੀ ਨਹੀਂ ਕੀਤੀ ਗਈ ?

**ਸਰਦਾਰ ਹਰਚਰਨ ਸਿੰਘ ਬਰਾੜ** : (ੳ) ਸਾਲ 1990 ਅਤੇ 1991 ਦੌਰਾਨ ਸ੍ਰੀ ਜਸਵੰਤ ਸਿੰਘ ਮਲਟੀਪਰਪਜ਼ ਵਰਕਰ (ਮੇਲ) ਸ੍ਰੀ ਸੁਖਵੰਤ ਸਿੰਘ ਅਪਥਾਲਮਿਕ ਸਹਾਇਕ ਅਤੇ ਸ੍ਰੀਮਤੀ ਜਸਵੰਤ ਕੌਰ ਦਰਜਾ-4 ਦੀ ਅਤਿਵਾਦੀਆਂ ਹੱਥੋਂ ਮੌਤ ਹੋਈ ਸੀ ਅਤੇ ਇਹ ਤਿੰਨੇ ਕਰਮਚਾਰੀ ਪੀ.ਐਚ.ਸੀ. ਸੁਰ ਸਿੰਘ (ਅੰਮ੍ਰਿਤਸਰ) ਵਿਖੇ ਨਿਯੁਕਤ ਸਨ।

(ਅ) ਸ੍ਰੀ ਜਸਵੰਤ ਸਿੰਘ ਦੇ ਪਰਿਵਾਰ ਨੂੰ ਹੇਠ ਲਿਖੀਆਂ ਅਦਾਇਗੀਆਂ ਕੀਤੀਆਂ ਜਾ ਚੁੱਕੀਆਂ ਹਨ :—

| | |
|---|---|
| ਜੀ.ਆਈ.ਐਸ. | 20,000 ਰੁ: |
| ਲੀਵ ਇਨਕੈਸ਼ਮੈਂਟ | 16,088 ਰੁ: |
| ਐਕਸ ਗਰੇਸ਼ੀਆ ਗ੍ਰਾਂਟ | 1,00,000 ਰੁ: |
| ਜੀ.ਪੀ.ਐਫ. | 30,417 ਰੁ: |
| ਡੀ.ਐਲ.ਆਈ. | 10,000 ਰੁ: |

ਕਰਮਚਾਰੀ ਦੇ ਪਰਿਵਾਰ ਨੂੰ ਪੈਨਸ਼ਨ ਅਤੇ ਗਰੈਚੂਟੀ ਦੀ ਸਹਾਇਤਾ ਪਹਿਲਾਂ ਮਨਜ਼ੂਰ ਕੀਤੀ ਸੀ, ਪਰੰਤੂ ਉਸ ਦੀ ਪਤਨੀ ਦੀ ਮੌਤ ਹੋ ਜਾਣ ਕਾਰਣ ਅਦਾਇਗੀ ਨਹੀਂ ਹੋਈ ਅਤੇ ਹੁਣ ਗਾਰ-ਡੀਅਨ ਸਰਟੀਫੀਕੇਟ ਪ੍ਰਾਪਤ ਹੋਣ ਤੇ ਕੇਸ ਮਹਾਂਲੇਖਾਕਾਰ, ਪੰਜਾਬ ਨੂੰ ਮਨਜ਼ੂਰੀ ਲਈ ਭੇਜਿਆ ਗਿਆ ਹੈ।

ਸੁਖਵੰਤ ਸਿੰਘ ਦੇ ਪਰਿਵਾਰ ਨੂੰ ਲੀਵ ਇਨਕੈਸ਼ਮੈਂਟ ਦੇ 13,276 ਰੁ:95 ਪੈਸੇ ਦੀ ਅਤੇ ਜੀ.ਆਈ.ਐਸ. 30,000 ਰੁ: ਅਦਾਇਗੀ ਹੋ ਚੁੱਕੀ ਹੈ ।

ਐਕਸ ਗਰੇਸ਼ੀਆ ਗਰਾਂਟ ਅਤੇ ਜੀ.ਪੀ.ਐਫ. ਦੀ ਫਾਈਨਲ ਪੇਮੈਂਟ ਕੇਸ ਅਧੂਰਾ ਹੋਣ ਕਾਰਨ ਨਹੀ ਹੋ ਸਕੀ।

ਸਤਵੰਤ ਕੌਰ ਦੇ ਪਰਿਵਾਰ ਨੂੰ ਐਕਸ ਗਰੇਸ਼ੀਆ ਗਰਾਂਟ ਦੀ 1,00,000 ਰੁ: ਅਤੇ ਜੀ. ਆਈ. ਐਸ. ਦੇ 15,000 ਰੁ: ਦੀ ਅਦਾਇਗੀ ਹੋ ਚੁੱਕੀ ਹੈ।

ਕਰਮਚਾਰਨ ਪੈਨਸ਼ਨ ਦੀ ਹੱਕਦਾਰ ਨਹੀਂ ਕਿਉਂ ਜੋ ਸੇਵਾ ਇਕ ਸਾਲ ਦੀ ਹੈ, ਡੇਥ-ਕਮ-ਗਰੈਚੂਟੀ ਦਾ ਕੇਸ ਮਹਾਂਲੇਖਾਕਾਰ ਨੂੰ ਭੇਜਿਆ ਹੋਇਆ ਹੈ।

Original with;
Punjab Vidhan Sabha
Digitized by;
Panjab Digital Library

## ਭੂਮੀ ਪੱਟੇਦਾਰਾਂ ਨੂੰ ਮਲਕੀਅਤੀ ਹਕ ਦੇਣੇ

***2056. (ਸੀ.ਯੂ.) ਸਰਦਾਰ ਸਾਧੂ ਸਿੰਘ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਨਵਰੀ, 1992 ਤੋਂ ਮਿਤੀ ਅੰਤ ਤੱਕ ਦੇ ਸਮੇਂ ਦੌਰਾਨ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਬਾਜ਼ੀਗਰ ਤਬਕੇ ਦੇ ਕੁਝ ਵਿਅਕਤੀਆਂ ਨੂੰ ਉਨ੍ਹਾਂ ਦੇ ਕਬਜ਼ੇ ਅਧੀਨ ਸਰਕਾਰੀ ਜ਼ਮੀਨਾਂ/ਥਾਵਾਂ ਦੇ ਮਲਕੀਅਤੀ ਹੱਕ ਦਿੱਤੇ ਗਏ ਹਨ ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀ ਗਿਣਤੀ ਅਤੇ ਵੇਰਵੇ ਕੀ-ਕੀ ਹਨ ਅਤੇ ਜੇਕਰ ਨਹੀਂ, ਤਾਂ ਕੀ ਸਰਕਾਰ ਦਾ ਉਕਤ ਤਬਕੇ ਦੇ ਉਨ੍ਹਾਂ ਵਿਅਕਤੀਆਂ ਨੂੰ ਮਲਕੀਅਤੀ ਹੱਕ ਦੇਣ ਦਾ ਵਿਚਾਰ ਹੈ ਜਿਨ੍ਹਾਂ ਦਾ ਉਕਤ ਜ਼ਮੀਨਾਂ/ਥਾਵਾਂ ਤੇ ਕਬਜ਼ਾ ਹੈ?

**ਸਰਦਾਰ ਬੇਅੰਤ ਸਿੰਘ** : ਨਹੀਂ, ਅਜਿਹਾ ਕੋਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

## ਸਿਵਲ ਹਸਪਤਾਲ, ਮਲੋਟ ਨੂੰ ਅਪਗਰੇਡ ਕਰਨਾ

***2057. (ਸੀ.ਯੂ.) ਸ੍ਰੀ ਬਲਦੇਵ ਸਿੰਘ ਬਲਮਗੜ੍ਹ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਤਹਿਸੀਲ ਸਦਰਮੁਕਾਮ, ਮਲੋਟ ਵਿਖੇ ਸਿਵਲ ਹਸਪਤਾਲ ਵਿਚ ਕਿੰਨੇ ਬਿਸਤਰੇ ਮੁਹੱਈਆ ਕੀਤੇ ਗਏ ਹਨ ;

(ਅ) ਕੀ ਉਕਤ ਭਾਗ (ੳ) ਵਿਚ ਵਰਣਿਤ ਹਸਪਤਾਲ ਨੂੰ ਅਪਗਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਸਰਦਾਰ ਹਰਚਰਨ ਸਿੰਘ ਬਰਾੜ** : (ੳ) 48 ਬਿਸਤਰੇ।

(ਅ) ਜੀ ਹਾਂ।

---

## ਦਿਹਾਤੀ ਡਿਸਪੈਂਸਰੀਆਂ ਵਿੱਚ ਅਮਲਾ ਲਗਾਉਣਾ

***2058. (ਸੀ.ਯੂ.) ਸ੍ਰੀ ਬਲਦੇਵ ਸਿੰਘ ਬਲਮਗੜ੍ਹ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਬਲਾਕਾਂ ਮੁਕਤਸਰ ਅਤੇ ਮਲੋਟ ਵਿਚ ਅਜਿਹੀਆਂ ਦਿਹਾਤੀ ਡਿਸਪੈਂਸਰੀਆਂ ਦੀ ਗਿਣਤੀ ਕਿੰਨੀ ਹੈ, ਜਿਨ੍ਹਾਂ ਦੀਆਂ ਆਪਣੀਆਂ ਇਮਾਰਤਾਂ ਹਨ, ਪਰੰਤੂ ਜਿਨ੍ਹਾਂ ਵਿੱਚ ਅਮਲਾ ਨਹੀਂ ਲਗਾਇਆ ਗਿਆ ਹੈ ;

(ਅ) ਉਕਤ ਭਾਗ (ੳ) ਵਿਚ ਵਰਣਿਤ ਡਿਸਪੈਂਸਰੀਆਂ ਵਿਚ ਅਮਲਾ ਕਦੋਂ ਤੱਕ ਲਗਾਏ ਜਾਣ ਦੀ ਸੰਭਾਵਨਾ ਹੈ ?

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਬਰਾੜ : (ੳ) ਅਤੇ (ਅ) :

ਬਲਾਕ ਮਲੋਟ ਵਿਚ ਤਿੰਨ ਦਿਹਾਤੀ ਡਿਸਪੈਂਸਰੀਆਂ (1) ਸਰਾਵਾਂ ਬੋਦਲਾ, (2) ਤਰ ਖਾਣ ਵਾਲਾ ਅਤੇ (3) ਕੱਟਿਆਂ ਵਾਲੀ, ਦੀਆਂ ਆਪਣੀਆਂ ਸਰਕਾਰੀ ਬਿਲਡਿੰਗਾਂ ਹਨ। ਇਨ੍ਹਾਂ ਸਾਰੀਆਂ ਡਿਸਪੈਂਸਰੀਆਂ ਵਿਚ ਸਟਾਫ ਲੱਗਾ ਹੋਇਆ ਹੈ। ਬਲਾਕ ਮੁਕਤਸਰ ਵਿਚ ਕਿਸੇ ਦਿਹਾਤੀ ਡਿਸ-ਪੈਂਸਰੀਆਂ ਦੀ ਆਪਣੀ ਇਮਾਰਤ ਨਹੀਂ ਹੈ।

**ਬਲਾਕ ਮੁਕਤਸਰ ਅਤੇ ਮਲੋਟ ਵਿਚ ਚਲ ਰਹੇ ਹਸਪਤਾਲਾਂ/ਡਿਸਪੈਂਸਰੀਆਂ ਦੀ ਸੂਚੀ**

**ਬਲਾਕ ਮੁਕਤਸਰ**

1. ਗੁਰਮੀਤ ਸਿੰਘ ਸਿਵਲ ਹਸਪਤਾਲ,, ਮੁਕਤਸਰ
2. ਰੂਰਲ ਹਸਪਤਾਲ, ਬਰਵਾਲਾ
3. ਸੀ.ਐਚ.ਸੀ./ਪੀ.ਐਚ.ਸੀ., ਚੱਕ ਸ਼ੇਰੇਵਾਲਾ
4. ਪੀ.ਐਚ.ਸੀ., ਕਾਨਿਆਂਵਾਲੀ
5. ਪੀ.ਐਚ.ਸੀ., ਥੰਡੇਵਾਲਾ
6. ਪੀ.ਐਚ.ਸੀ., ਬੱਲਮਗੜ੍ਹ
7. ਪੀ.ਐਚ.ਸੀ., ਹਰੀਕੇ ਕਲਾਂ
8. ਐਸ.ਐਚ.,ਭਾਂਗੇਵਾਲਾ
9. ਐਸ.ਐਚ.ਸੀ., ਜੰਡੋਕੇ
10. ਐਸ.ਐਚ.ਸੀ., ਲੱਖੇਵਾਲੀ
11. ਐਸ.ਐਚ.ਸੀ., ਖੋਖਰ
12. ਅਸ.ਐਚ.ਸੀ., ਕੰਦੇ ਹਲਾਲ
13. ਐਸ.ਐਚ.ਸੀ., ਲਬਾਣਿਆਂ ਵਾਲੀ
14. ਐਸ.ਐਚ.ਸੀ., ਨੰਦਗੜ੍ਹ
15. ਐਸ.ਐਚ.ਸੀ., ਰੁਪਾਣਾ
16. ਐਸ.ਐਚ.ਸੀ., ਸਰਾਏ ਨਾਗਾ
17. ਐਸ.ਐਚ.ਸੀ., ਬਧਾਈ
18. ਐਸ.ਐਚ.ਸੀ., ਭਾਗਸਰ
19. ਐਸ.ਐਚ.ਸੀ., ਬਾੜੀਵਾਲਾ

**ਬਲਾਕ ਮਲੋਟ**

1. ਸੀ.ਐਚ.ਸੀ., ਮਲੋਟ
2. ਪੀ.ਐਚ.ਸੀ., ਆਲਮਵਾਲਾ
3. ਪੀ.ਐਚ.ਸੀ., ਰਾਮ ਨਗਰ

Original with;
Punjab Vidhan Sabha
Digitized by;
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

4. ਰਸਾਲਦਾਰ ਮੇਜਰ ਅਨੂਪ ਸਿੰਘ ਪੀ.ਐਚ.ਸੀ., ਕਾਬਰਵਾਲਾ

5. ਪੀ.ਐਚ.ਸੀ., ਪਾਨੀਵਾਲਾ

6. ਐਸ.ਐਚ.ਸੀ., ਮਿੱਡਾ

7. ਐਸ.ਐਚ.ਸੀ., ਖੌਨਨ ਕਲਾਂ

8. ਐਸ.ਐਚ.ਸੀ., ਝੁਰਾੜ

9. ਐਸ.ਐਚ.ਸੀ., ਸਰਵਨ ਬੋਡਲਾ

10. ਐਸ.ਐਚ.ਸੀ., ਤਰਖਾਣਵਾਲਾ

11. ਐਸ.ਐਚ.ਸੀ., ਬੋਦਲਵਾਲਾ

12. ਐਸ.ਐਚ.ਸੀ., ਕਰਮ ਪੱਟੀ

13. ਐਸ.ਐਚ.ਸੀ., ਕੱਟਿਆਂ ਵਾਲੀ

---

**ਜੰਗਲਾਤ ਵਿਭਾਗ ਵਿੱਚ ਗਬਨ ਅਤੇ ਭ੍ਰਿਸ਼ਟਾਚਾਰ ਦੇ ਕੇਸ**

***2061. (ਸੀ.ਯੂ.) ਸਰਦਾਰ ਨਿਰਮਲ ਸਿੰਘ ਨਿੰਮਾ :** ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੰਗਲਾਤ ਵਿਭਾਗ ਦੇ ਅਜਿਹੇ ਕਰਮਚਾਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਜਿਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਅਤੇ ਗਬਨ ਦੇ ਕੇਸ ਪੈਂਡਿੰਗ ਪਏ ਹੋਏ ਹਨ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ :** 35 (ਪੈਂਤੀ)।

---

**ਗ੍ਰਿਡ ਸਬ-ਸਟੇਸ਼ਨ, ਮਹਿਲ ਕਲਾਂ ਦੀ ਸਮਰੱਥਾ ਵਧਾਉਣਾ**

***2062. (ਸੀ.ਯੂ.) ਸਰਦਾਰ ਨਿਰਮਲ ਸਿੰਘ ਨਿੰਮਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰਾਜ ਬਿਜਲੀ ਬੋਰਡ ਕਿਸਾਨਾਂ ਅਤੇ ਜਨਤਾ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਮੱਦੇ ਨਜ਼ਰ ਗ੍ਰਿਡ ਸਬ-ਸਟੇਸ਼ਨ, ਮਹਿਲ ਕਲਾਂ, ਸਬ ਡਿਵੀਜ਼ਨ ਬਰਨਾਲਾ, ਜ਼ਿਲ੍ਹਾ ਸੰਗਰੂਰ ਦੀ ਸਮਰੱਥਾ 66 ਕੇ.ਵੀ. ਤੋਂ 132 ਕੇ.ਵੀ. ਤੱਕ ਵਧਾਉਣ ਦੀ ਤਜਵੀਜ਼ ਰੱਖਦਾ ਹੈ; ਜੇਕਰ ਹੈ, ਤਾਂ ਕਦੋਂ ?

**ਸਰਦਾਰ ਬੇਅੰਤ ਸਿੰਘ :** 66 ਕੇ.ਵੀ. ਸਬ-ਸਟੇਸ਼ਨ, ਮਹਿਲਕਲਾਂ ਨੂੰ 132 ਕੇ.ਵੀ. ਤੱਕ ਵਧਾਉਣ ਦੀ ਕੋਈ ਤਜਵੀਜ਼ ਨਹੀਂ ਹੈ ਪ੍ਰੰਤੂ 66 ਕੇ.ਵੀ. ਸਬ-ਸਟੇਸ਼ਨ ਮਹਿਲ ਕਲਾਂ ਦੀ ਸੰਸਥਾਪਤ ਸਮਰੱਥਾ ਨੂੰ ਧਾਨ ਦੀ ਰੁੱਤ ਦੌਰਾਨ 20.5 ਐਮ.ਕੇ.ਵੀ.ਏ. ਤੋਂ 25 ਐਮ.ਕੇ.ਵੀ.ਏ. ਤੱਕ ਵਧਾਉਣ ਦੀ ਤਜਵੀਜ਼ ਹੈ ਜਿਹੜੀ ਕਿ ਖੇਤਰ ਵਿੱਚ ਕਿਸਾਨਾਂ ਅਤੇ ਆਮ ਜਨਤਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਾਫੀ ਹੋਵੇਗੀ।

---

Original with;
Punjab Vidhan Sabha
Digitized by;
Panjab Digital Library

**ਪਿੰਡ ਬੀਹਲਾ ਵਿਖੇ 66 ਕੇ.ਵੀ. ਗ੍ਰਿਡ ਸਟੇਸ਼ਨ ਲਗਾਉਣਾ**

*2063. **(ਸੀ.ਯੂ.) ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਰਾਜ ਬਿਜਲੀ ਬੋਰਡ ਦੀ ਸਬ-ਡਿਵੀਜ਼ਨ, ਬਰਨਾਲਾ, ਜ਼ਿਲ੍ਹਾ ਸੰਗਰੂਰ ਅਧੀਨ ਆਉਂਦੇ ਪਿੰਡ ਬੀਹਲਾ ਵਿਖੇ 66 ਕੇ.ਵੀ. ਗ੍ਰਿਡ ਸਟੇਸ਼ਨ ਲਗਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੈ, ਤਾਂ ਉਕਤ ਗ੍ਰਿਡ ਸਟੇਸ਼ਨ ਕਦੋਂ ਤੱਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਬੇਅੰਤ ਸਿੰਘ** : ਉਪ ਮੰਡਲ ਬਰਨਾਲਾ, ਜ਼ਿਲ੍ਹਾ ਸੰਗਰੂਰ ਅਧੀਨ ਆਉਂਦੇ ਬੀਲ੍ਹਾ ਪਿੰਡ ਵਿਖੇ 66 ਕੇ.ਵੀ. ਗਰਿਡ ਸਬ ਸਟੇਸ਼ਨ ਬਣਾਉਣ ਦੀ ਫਿਲਹਾਲ ਕੋਈ ਤਜਵੀਜ਼ ਨਹੀਂ ਹੈ ।

---

**ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਉਸਾਰੀ/ਮੁਰੰਮਤ**

*2064. **(ਸੀ.ਯੂ.) ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਵਿੱਤੀ ਸਾਲ 1993-94 ਦੇ ਦੌਰਾਨ ਅਨੁਸੂਚਿਤ ਜਾਤੀਆਂ ਲਈ ਨਵੀਆਂ ਧਰਮਸ਼ਾਲਾਵਾਂ ਦੀ ਉਸਾਰੀ ਲਈ 50,000 ਰੁਪਏ ਅਤੇ ਮੁਰੰਮਤ ਲਈ 15,000 ਰੁਪਏ ਦੀ ਰਕਮ ਮਖਸੂਸ ਕੀਤੀ ਸੀ; ਜੇਕਰ ਅਜਿਹਾ ਹੈ, ਕੀ ਉਕਤ ਤਜਵੀਜ਼ ਲਾਗੂ ਕਰ ਦਿੱਤੀ ਗਈ ਹੈ ?

**ਚੌਧਰੀ ਜਗਜੀਤ ਸਿੰਘ** : ਸਾਲ 1993-94 ਵਿੱਚ ਪੰਜਾਬ ਸਰਕਾਰ ਵੱਲੋਂ 100.00 ਲੱਖ ਰੁ: 200 ਨਵੀਆਂ ਧਰਮਸ਼ਾਲਾਵਾਂ ਦੀ ਉਸਾਰੀ ਵਾਸਤੇ 50,000 ਰੁਪਏ ਪ੍ਰਤੀ ਧਰਮਸ਼ਾਲਾ ਰਾਖਵੇਂ ਰੱਖੇ ਗਏ ਸਨ। ਪਰੰਤੂ ਧਰਮਸ਼ਾਲਾਵਾਂ ਦੀ ਰਿਪੇਅਰ ਵਾਸਤੇ ਕੋਈ ਬਜਟ ਨਹੀਂ ਰੱਖਿਆ ਗਿਆ ਸੀ। ਅਤੇ ਨਾ ਹੀ ਰਿਪੇਅਰ ਕਰਨ ਦੇ ਰੇਟਸ ਵਿੱਚ ਵਾਧਾ 3000/- ਰੁਪਏ ਤੋਂ 15,000/- ਰੁਪਏ ਪ੍ਰਤੀ ਧਰਮਸ਼ਾਲਾ ਅਜੇ ਤੱਕ ਕੀਤਾ ਗਿਆ ਹੈ। ਇਹ ਕੇਸ ਸਰਕਾਰ ਦੇ ਵਿਚਾਰ ਅਧੀਨ ਹੈ । ਕੁਝ ਜ਼ਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰਜ਼ ਵੱਲੋਂ ਉਹਨਾ ਦੇ ਅਨ-ਟਾਈਡ ਫੰਡਜ਼ ਵਿੱਚੋਂ ਧਰਮਸ਼ਾਲਾਵਾਂ ਦੀ ਰਿਪੇਅਰ ਵਾਸਤੇ ਬਜਟ ਪ੍ਰਵਾਨ ਕੀਤਾ ਗਿਆ ਹੈ।

---

**ਮੌਸਮੀ ਪ੍ਰਾਪਤੀ ਕੇਂਦਰ ਸਥਾਪਤ ਕਰਨੇ**

*2065 **(ਸੀ..ਯੂ.) ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਜ਼ਿਲ੍ਹਾ ਸੰਗਰੂਰ ਵਿਚ ਮੌਸਮੀ ਪ੍ਰਾਪਤੀ ਕੇਂਦਰ ਸਥਾਪਿਤ ਕਰਨ ਲਈ ਕਿੰਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਹਨ ;

Original with;
Punjab Vidhan Sabha
Digitized by;
Panjab Digital Library

[ਸਰਦਾਰ ਨਿਰਮਲ ਸਿੰਘ ਨਿੰਮਾ]

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮੌਸਮੀ ਪ੍ਰਾਪਤੀ ਕੇਂਦਰਾਂ ਵਿਚੋਂ ਅਜਿਹੇ ਕੇਂਦਰਾਂ ਦੇ ਬਲਾਕ-ਵਾਰ ਵੇਰਵੇ ਕੀ ਕੀ ਹਨ, ਜੋ ਸਥਾਪਿਤ ਕਰ ਦਿੱਤੇ ਗਏ ਹਨ ਅਤੇ ਉਕਤ ਕੇਂਦਰਾਂ ਨੂੰ ਸਥਾਪਿਤ ਕਰਨ ਲਈ ਕੀ ਕਸੌਟੀ ਅਪਣਾਈ ਗਈ ਹੈ ?

**ਸਰਦਾਰ ਲਾਲ ਸਿੰਘ** : ਲੋੜੀਂਦੀ ਸੂਚਨਾ ਹੇਠ ਅਨੁਸਾਰ ਹੈ ਜੀ :—

(ੳ) ਜ਼ਿਲ੍ਹਾ ਸੰਗਰੂਰ ਵਿੱਚ ਮੌਸਮੀ (ਆਰਜ਼ੀ) ਪ੍ਰਾਪਤੀ ਕੇਂਦਰ ਸਥਾਪਿਤ ਕਰਨ ਲਈ ਰੱਬੀ 1994-95 ਦੌਰਾਨ ਕੁਲ 37 ਅਰਜ਼ੀਆਂ ਪ੍ਰਾਪਤ ਹੋਈਆਂ ਹਨ।

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਮੌਸਮੀ (ਆਰਜ਼ੀ) ਪ੍ਰਾਪਤੀ ਕੇਂਦਰਾਂ ਵਿਚੋਂ 30 ਕੇਂਦਰ ਸਥਾਪਿਤ ਕੀਤੇ ਗਏ ਹਨ ਜਿਨ੍ਹਾਂ ਦਾ ਬਲਾਕ-ਵਾਰ ਵੇਰਵਾ ਅਤੇ ਅਪਣਾਈ ਗਈ ਕਸੌਟੀ ਸਦਨ ਦੇ ਪਟਲ ਤੇ ਰਖੀ ਜਾਂਦੀ ਹੈ।

ਰੱਬੀ 1994-95 ਦੌਰਾਨ ਸਥਾਪਿਤ ਕੀਤੇ ਗਏ ਮੌਸਮੀ (ਆਰਜ਼ੀ) ਪ੍ਰਾਪਤੀ ਕੇਂਦਰਾਂ ਦਾ ਬਲਾਕਵਾਰ ਵੇਰਵਾ

| ਲੜੀ ਨੰ: | ਮੌਸਮੀ (ਆਰਜ਼ੀ ਪ੍ਰਾਪਤੀ ਕੇਂਦਰ) | ਬਲਾਕ |
|---|---|---|
| 1. | ਭੋਤਨਾ | ਸਹਿਣਾ |
| 2. | ਭਗਤਪੁਰਾ | ,, |
| 3. | ਉਗੋਕੇ | ,, |
| 4. | ਮਕਰੋੜ ਸਾਹਿਬ | ਲਹਿਰਾਗਾਗਾ |
| 5. | ਗਿਦੜਿਆਣੀ | ,, |
| 6. | ਰੱਤਾ ਖੇੜਾ | ,, |
| 7. | ਖੋਖਰ ਖੁਰਦ | ,, |
| 8. | ਬਲਰਾਂ | ,, |
| 9. | ਗੁਰਮ | ਬਰਨਾਲਾ |
| 10. | ਮਨਾਲ | ,, |
| 11. | ਅਸਪਾਲ ਖੁਰਦ | ,, |
| 12. | ਪੰਧੇਰ | ,, |
| 13. | ਰਾਜੀਆਂ | ,, |

Original with;
Punjab Vidhan Sabha
Digitized by;
Panjab Digital Library

| ਲੜੀ ਨੰ : | ਮੌਸਮੀ (ਆਰਜ਼ੀ ਪ੍ਰਾਪਤੀ ਕੇਂਦਰ) | ਬਲਾਕ |
|---|---|---|
| 14. | ਹਰੀਗੜ੍ਹ | ਬਰਨਾਲਾ |
| 15. | ਗੁਮਟੀ | ,, |
| 16. | ਫਤਿਹਗੜ੍ਹ ਛੰਨਾਂ | ,, |
| 17. | ਚੰਗਾਲ | ਸੰਗਰੂਰ |
| 18. | ਬਡਰੁੱਖਾ | ,, |
| 19. | ਚੱਠਾ ਸ਼ੇਖਵਾਂ | ,, |
| 20. | ਘਾਬਦਾ | ,, |
| 21. | ਖੇੜੀ | ,, |
| 22. | ਮੂਹੰ ਮਦਰਸਾਲਪੁਰ | ,, |
| 23. | ਬਾਲੀਆਂ | ,, |
| 24. | ਉਭਾਵਾਲ | ,, |
| 25. | ਸਹਿਜੜਾ | ਮਹਿਲਕਲਾਂ |
| 26. | ਦਿਆਲਗੜ੍ਹ ਜੇਜੀਆਂ | ਸੁਨਾਮ |
| 27. | ਦੌਲਾ ਸਿੰਘ ਵਾਲਾ | ,, |
| 28. | ਨੀਲੋਵਾਲ | ,, |
| 29. | ਖੜਿਆਲ | ,, |
| 30. | ਚੰਗੀਆਂ | ਧੂਰੀ |

**ਰੱਬੀ 1994-95 ਦੌਰਾਨ ਮੌਸਮੀ(ਆਰਜ਼ੀ) ਪ੍ਰਾਪਤੀ ਕੇਂਦਰਾਂ ਨੂੰ ਸਥਾਪਿਤ ਕਰਨ ਲਈ ਅਪਣਾਈ ਗਈ ਕਸੌਟੀ ਦਾ ਵੇਰਵਾ**

1. ਮੌਸਮੀ (ਆਰਜ਼ੀ) ਪ੍ਰਾਪਤੀ ਕੇਂਦਰ ਦੂਸਰੇ ਕੇਂਦਰ ਤੋਂ ਘਟੋ ਘਟ 5 ਕਿਲੋਮੀਟਰ ਦੇ ਫਾਸਲੇ ਤੇ ਹੋਵੇ।

2. ਕੇਂਦਰ ਤੇ ਘੱਟੋ ਘੱਟ 1000 ਟਨ ਆਮਦਨ ਹੋਣ ਦੀ ਆਸ ਹੋਵੇ।

3. ਕੀ ਮਾਰਕੀਟਿੰਗ ਬੋਰਡ ਵਲੋਂ ਜਾ ਅਬਾਦਕਾਰੀ ਤੇ ਭੋਂ ਪ੍ਰਾਪਤੀ ਵਿਭਾਗ 'ਕਲੋਨਾਈਜੇਸ਼ਨ ਵਲੋਂ ਸਥਾਪਿਤ ਕੀਤੀ ਹੋਈ ਮੰਡੀ ਇਸਦੇ 8 ਕਿਲੋਮੀਟਰ ਦੇ ਘੇਰੇ ਵਿੱਚ ਹੈ।

4. ਕੀ ਇਹ ਸਥਾਨ ਲੋਡਿੰਗ ਸਟੇਸ਼ਨ ਤੋਂ ਪੱਕੀ ਸੜਕ ਨਾਲ ਮਿਲਿਆ ਹੋਇਆ ਹੈ ?

5. ਕੀ ਅਨਾਜ ਨੂੰ ਸੰਭਾਲਣ ਲਈ ਕਿਤੇ ਗੁਦਾਮ ਆਦਿ ਮਿਲ ਜਾਣਗੇ ਅਤੇ ਕਿਸ ਹੱਦ ਤਕ।

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈਜ਼ ਮੰਤਰੀ]

6. ਕੀ ਇਹ ਪਿੰਡ ਅਜਿਹੇ ਇਲਾਕੇ ਵਿੱਚ ਤਾਂ ਨਹੀਂ ਪੈਂਦਾ ਜਿਸ ਵਿੱਚ ਸੈਨਾ ਵਲੋਂ ਲੜਾਈ ਦੀ ਮੁਸ਼ਕਿਲ ਹੁੰਦੀ ਹੋਵੇ।

7. ਕੀ ਇਹ ਪਿੰਡ ਪਾਕਿਸਤਾਨ ਦੀ ਹੱਦ ਨਾਲ ਲਗਦਾ ਹੈ, ਜੇ ਹੈ ਤਾਂ ਕਿੰਨੀ ਦੂਰੀ ਤੇ ਹੈ।

8. ਇਸ ਕੇਂਦਰ ਦਾ ਬਲਾਕ, ਤਹਿਸੀਲ ਅਤੇ ਮਾਰਕੀਟ ਕਮੇਟੀ ਦਾ ਨਾਂ।

9. ਇਹ ਸਬ-ਯਾਰਡ ਘੋਸ਼ਿਤ ਹੋ ਚੁੱਕੀ ਹੈ ਜਾਂ ਨਹੀਂ।

10. ਕੀ ਇਸ ਜਗ੍ਹਾ ਤੇ ਪੱਕੇ ਥੜੇ ਤਿਆਰ ਹਨ ਜਾਂ ਨਹੀਂ ?

11. ਸਿਫਾਰਿਸ਼।

---

**ਨਵੇਂ ਬਣਾਏ ਗਏ ਪੁਲਿਸ ਜ਼ਿਲ੍ਹਿਆਂ ਨੂੰ ਖਤਮ ਕਰਨਾ**

*2066 (ਸੀ.ਯੂ.). **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ ਕੀ ਸਰਕਾਰ ਦੀ ਰਾਜ ਵਿਚ ਸ਼ਾਂਤੀ ਮੁੜ ਕਾਇਮ ਹੋਣ ਦੇ ਮੱਦੇ ਨਜ਼ਰ ਨਵੇਂ ਬਣਾਏ ਗਏ ਪੁਲਿਸ ਜ਼ਿਲ੍ਹਿਆਂ ਨੂੰ ਖਤਮ ਕਰਨ ਦੀ ਕੋਈ ਤਜਵੀਜ਼ ਹੈ ; ਜੇਕਰ ਅਜਿਹਾ ਹੋਵੇ ਤਾਂ ਕੀ ਪੁਲਿਸ ਜ਼ਿਲ੍ਹਾ ਬਰਨਾਲਾ ਨੂੰ ਵੀ ਖਤਮ ਕੀਤੇ ਜਾਣ ਦੀ ਤਜਵੀਜ਼ ਹੈ?

**ਸਰਦਾਰ ਬੇਅੰਤ ਸਿੰਘ** : ਇਸ ਸਮੇਂ, ਅਜਿਹੀ ਕੋਈ ਤਜਵੀਜ਼, ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

**ਨਿਸ਼ਾਨ ਵਾਲਾ (ਸੀ.ਯੂ.) ਪ੍ਰਸ਼ਨ ਨੰਬਰ 2067**

(ਇਸ ਸਵਾਲ ਦਾ ਜਵਾਬ ਹਾਲੇ ਤਕ ਪ੍ਰਾਪਤ ਨਹੀਂ ਹੋਇਆ)।

---

**ਹੜ੍ਹ-ਪੀੜਤਾਂ ਲਈ ਫੰਡ ਇਕੱਠੇ ਕਰਨਾ**

*2068 (ਸੀ.ਯੂ.). **ਸਰਦਾਰ ਨਿਰਮਲ ਸਿੰਘ ਨਿੰਮਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦਸਣਗੇ ਕਿ—

(ੳ) ਕੀ ਲੋਕ ਸੰਪਰਕ ਵਿਭਾਗ ਦੇ ਕਲਾਕਾਰਾਂ ਨੇ ਪਰੋਗਰਾਮ ਕਰਕੇ ਸਾਲ 1993-94 ਦੌਰਾਨ ਹੜ-ਪੀੜਤਾਂ ਲਈ ਕੋਈ ਫੰਡ ਇਕੱਠੇ ਕੀਤੇ ਸਨ; ਜੇਕਰ ਅਜਿਹਾ ਹੋਵੇ ਤਾਂ ਇੰਝ ਇਕੱਠੇ ਕੀਤੇ ਗਏ ਫੰਡਾਂ ਦੇ ਜ਼ਿਲ੍ਹੇਵਾਰ ਵੇਰਵੇ ਕੀ ਹਨ;

(ਅ) ਕੀ ਰਾਜ ਸਰਕਾਰ ਦੀ ਆਰਥਿਕਤਾ ਨੂੰ ਕਾਇਮ ਰੱਖੇ ਰਹਿਣ ਲਈ ਭਵਿੱਖ ਵਿਚ ਹੋਰ ਫੰਡ ਇਕੱਠੇ ਕਰਨ ਦੀ ਲੋਕ ਸੰਪਰਕ ਵਿਭਾਗ ਦੀ ਤਜਵੀਜ਼ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬੇਅੰਤ ਸਿੰਘ** (ੳ) ਨਹੀਂ ਜੀ ।

(ਅ) ਨਹੀਂ ਜੀ

**ਜੰਗਲਾਤ ਵਿਭਾਗ ਵਿਚ ਉਜ਼ਰਤਾਂ ਦੀ ਅਦਾਇਗੀ**

*2069 (ਸੀ.ਯੂ.). (1) **ਸ੍ਰੀ ਵਿਜੇ ਕੁਮਾਰ ਸਾਥੀ**
(2) **ਕਾਮਰੇਡ ਤਰਸੇਮ ਜੋਧਾਂ** } : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :—

(ੳ) ਕੀ ਜੰਗਲਾਤ ਵਿਭਾਗ ਵਿੱਚ ਕੰਮ ਕਰ ਰਹੇ ਮਜ਼ਦੂਰਾਂ ਨੂੰ ਉਨ੍ਹਾਂ ਦੀਆਂ ਉਜ਼ਰਤਾਂ ਨਗਦ ਜਾਂ ਚੈਕਾਂ ਰਾਹੀਂ ਅਦਾ ਕੀਤੀਆਂ ਜਾਂਦੀਆਂ ਹਨ;

(ਅ) ਕੀ ਉਕਤ ਨਗਦ ਅਦਾਇਗੀ ਦੀ ਵਿਧੀ ਵਿੱਚ ਹਾਲ ਹੀ ਵਿੱਚ ਕੋਈ ਤਬਦੀਲੀ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ** : (ੳ) ਅਤੇ (ਅ) 1 ਜੁਲਾਈ, 1993 ਤੋਂ ਪਹਿਲਾਂ ਵਣ ਵਿਭਾਗ ਵਿੱਚ ਕੰਮ ਕਰ ਰਹੇ ਮਜ਼ਦੂਰਾਂ ਨੂੰ ਉਨ੍ਹਾਂ ਦੀ ਉਜ਼ਰਤ ਦੀ ਅਦਾਇਗੀ ਰੇਂਜ਼ ਅਫਸਰਾਂ ਰਾਹੀਂ ਪੰਜਾਬ ਵਣ ਮੈਨੂਅਲ ਦੇ ਪੈਰਾਗਰਾਫ 13.72 ਚੈਪਟਰ 12 ਅਨੁਸਾਰ, ਨਕਦ ਕੀਤੀ ਜਾਂਦੀ ਸੀ। ਪਰੰਤੂ 1 ਜੁਲਾਈ, 1993 ਤੋਂ ਉਪਰੋਕਤ ਉਪਬੰਧਾਂ ਦੀ ਸੋਧ ਕੀਤੀ ਗਈ ਹੈ ਜਿਸ ਅਨੁਸਾਰ 1 ਜੁਲਾਈ, 1993 ਤੋਂ ਇਹ ਅਦਾਇਗੀ ਕਰਾਸਡ ਪੇਈ ਅਕਾਊਂਟ ਚੈਕ ਰਾਹੀਂ ਕੀਤੀ ਜਾ ਰਹੀ ਹੈ। ਇਹ ਸੋਧ ਇਸ ਲਈ ਕੀਤੀ ਗਈ ਹੈ ਤਾਂ ਕਿ ਮਜ਼ਦੂਰਾਂ ਨੂੰ ਉਨ੍ਹਾਂ ਦੀ ਉਜ਼ਰਤ ਦੀ ਪੂਰੀ ਅਦਾਇਗੀ ਹੋ ਸਕੇ ਅਤੇ ਉਨ੍ਹਾਂ ਨਾਲ ਕੋਈ ਧੋਖਾ, ਸ਼ੋਸ਼ਨ ਜਾਂ ਹੇਰਾ ਫੇਰੀ ਦੀ ਗੁੰਜਾਇਸ਼ ਨਾ ਰਹੇ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## APPENDIX

## TO

## Annexure to Punjab Vidhan Sabha Debates

*Dated the 6th April, 1994*

## UNSTARRED QUESTIONS AND ANSWERS

### ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਖਰਚ

*1474. (ਸ਼੍ਰੀ.ਯੂ.) **ਸ਼੍ਰੀ ਰਮੇਸ਼ ਦੱਤ ਸ਼ਰਮਾ**: ਕੀ ਸਮਾਜ ਭਲਾਈ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਾਲੀ ਸਾਲ 1993-94 ਦੇ ਦੌਰਾਨ ਜ਼ਿਲ੍ਹਾ ਰੋਪੜ ਵਿਚ ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਵਿੱਤੀ ਸਾਲ 1994-95 ਦੇ ਦੌਰਾਨ ਉਕਤ ਮਕਸਦ ਲਈ ਕਿੰਨੀ ਰਕਮ ਖਰਚ ਕੀਤੇ ਜਾਣ ਦੀ ਤਜਵੀਜ਼ ਹੈ?

**ਚੌਧਰੀ ਜਗਜੀਤ ਸਿੰਘ**: ਰੋਪੜ ਜ਼ਿਲ੍ਹੇ ਵਿੱਚ ਸਾਲ 1993-94 ਵਿੱਚ ਅਨੁਸੂਚਿਤ ਜਾਤੀਆਂ ਦੀਆਂ ਪੁਰਾਣੀਆਂ ਧਰਮਸ਼ਾਲਾਵਾਂ ਦੀ ਮੁਰੰਮਤ ਲਈ 2.85 ਲੱਖ ਰੁਪਏ ਅਨ-ਟਾਈਡ ਫੰਡਾਂ ਵਿੱਚੋਂ ਖਰਚ ਕੀਤੇ ਗਏ ਹਨ ਅਤੇ ਵਿੱਤੀ ਸਾਲ 1994-95 ਵਿੱਚ ਵਿਭਾਗ ਦੇ ਰੈਗੂਲਰ ਬਜਟ ਵਿੱਚੋਂ 7.50 ਲੱਖ ਰੁਪਏ ਇਸੇ ਮਕਸਦ ਲਈ ਤਜਵੀਜ਼ ਕੀਤੇ ਗਏ ਹਨ।

---

### ਜ਼ਿਲ੍ਹਾ ਕਪੂਰਥਲਾ ਵਿਚ ਪ੍ਰਾਇਮਰੀ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ

*1680. (ਸੀ.ਯੂ.) **ਸਰਦਾਰ ਜਗਤਾਰ ਸਿੰਘ ਮੁਲਤਾਨੀ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਜ਼ਿਲ੍ਹਾ ਕਪੂਰਥਲਾ ਵਿਚ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਜੇ. ਬੀ. ਟੀ. ਅਧਿਆਪਕਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਉਕਤ ਆਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਗਈ/ਕੀਤੇ ਜਾਣ ਦੀ ਤਜਵੀਜ਼ ਹੈ?

**ਸਰਦਾਰ ਲਖਮੀਰ ਸਿੰਘ ਰੰਧਾਵਾ**: ਜਿਲ੍ਹਾ ਕਪੂਰਥਲਾ ਵਿੱਚ ਇਸ ਸਮੇਂ 67 ਜੇ.ਬੀ.ਟੀ, ਟੀਚਰਾਂ ਦੀਆਂ ਆਸਾਮੀਆਂ ਖਾਲੀ ਹਨ। ਇਨ੍ਹਾਂ ਆਸਾਮੀਆਂ ਨੂੰ ਵਿਭਾਗੀ ਚੋਣ ਕਮੇਟੀ ਰਾਹੀਂ ਭਰਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

---

### ਫਿਲਵਾਂ ਵਿਖੇ ਰੇਲਵੇ ਕਰਾਸਿੰਗ ਤੇ ਪੁਲ ਦੀ ਮੁਰੰਮਤ

*1719. (ਸੀ.ਯੂ.) **ਸਰਦਾਰ ਜਗਤਾਰ ਸਿੰਘ ਮੁਲਤਾਨੀ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਇਹ ਠੀਕ ਹੈ ਕਿ ਸਾਲ 1988 ਵਿਚ ਦਰਿਆ ਬਿਆਸ ਵਿਚ ਆਏ ਹੜ੍ਹਾਂ ਕਾਰਣ

Original with;
Punjab Vidhan Sabha
Digitized by;
Panjab Digital Library

ਫਿਲਵਾਂ ਵਿਖੇ ਰੇਲਵੇ ਕਰਾਸਿੰਗ ਤੇ ਪੁਲ ਟੁੱਟ ਗਿਆ ਸੀ ; ਜੇਕਰ ਅਜਿਹਾ ਹੋਵੇ, ਤਾਂ ਕੀ ਉਕਤ ਪੁਲ ਦੀ ਮੁਰੰਮਤ ਕਰਵਾ ਦਿੱਤੀ ਗਈ ਹੈ ; ਜੇਕਰ ਨਹੀਂ, ਉਸਦੇ ਕੀ ਕਾਰਣ ਹਨ ?

**ਸਰਦਾਰਨੀ ਰਾਜਿੰਦਰ ਕੌਰ ਭੱਠਲ [ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਨਿਰਮਾਣ ਵਿਭਾਗ (ਇਮਾਰਤਾਂ ਤੇ ਸੜਕਾਂ) ਮੰਤਰੀ ] :** ਹਾਂ ਜੀ।

ਰੇਲਵੇ ਓਵਰ ਬਰਿਜ ਦੀ ਮੁੜ ਉਸਾਰੀ ਦਾ ਕੰਮ ਰੇਲਵੇ ਵਿਭਾਗ ਵਲੋਂ ਕੀਤਾ ਜਾਣਾ ਸੀ, ਜੋ ਕਿ ਜਨਵਰੀ, 1991 ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਅਪਰੋਚਾਂ ਦਾ ਕੰਮ ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ ਵਲੋਂ ਕੀਤਾ ਜਾ ਰਿਹਾ ਹੈ ਜੋ ਕਿ ਮਾਰਚ, 1991 ਵਿਚ ਸ਼ੁਰੂ ਕੀਤਾ ਗਿਆ ਸੀ। ਰੇਲਵੇ ਵਿਭਾਗ ਨੇ ਡੈਕ ਸਲੈਬ ਤੋਂ ਇਲਾਵਾ ਬਾਕੀ ਕੰਮ ਮੁਕੰਮਲ ਕਰ ਲਿਆ ਸੀ। ਰੇਲਵੇ ਵਿਭਾਗ ਨੇ ਫੰਡਾਂ ਦੀ ਘਾਟ ਹੋਣ ਕਾਰਨ ਇਹ ਕੰਮ ਸਾਲ 1993-94 ਵਿਚ ਮੁਕੰਮਲ ਨਾ ਕਰਨ ਦੀ ਅਸਮਰਥਾ ਪ੍ਰਗਟਾਈ ਸੀ। ਹੁਣ ਉਹਨਾਂ ਨੇ ਪੁਲ ਦਾ ਕੰਮ ਅਕਤੂਬਰ, 1994 ਵਿਚ ਮੁਕੰਮਲ ਕਰ ਲਿਆ ਹੈ। ਜਿਸ ਏਜੰਸੀ ਨੂੰ ਅਪਰੋਚਾ ਦਾ ਕੰਮ ਅਲਾਟ ਕੀਤਾ ਗਿਆ ਸੀ ਉਸ ਨੇ ਕੰਮ ਨਾ-ਮੁਕੰਮਲ ਛੱਡ ਕੇ ਕੋਰਟ ਵਿਚੋਂ ਸਟੇਅ ਆਰਡਰ ਲੈ ਲਏ ਸੀ, ਜੋ ਕਿ 3 ਅਕਤੂਬਰ, 1994 ਨੂੰ ਫਿਰ ਸਟੇਅ ਆਰਡਰ ਵਾਪਸ ਕਰਵਾ ਲਏ। ਹੁਣ 10 ਜਨਵਰੀ, 1995 ਨੂੰ ਕਸੂਰਵਾਰ ਏਜੰਸੀ ਦੇ ਰਿਸਕ ਐਂਡ ਕਾਸਟ ਤੇ ਨਵੀਂ ਫਰਮ ਨੂੰ ਟੈਂਡਰ ਅਲਾਟ ਕਰ ਦਿਤਾਂ ਗਿਆ ਹੈ । ਲੋਕ ਨਿਰਮਾਣ ਵਿਭਾਗ ਨਾਲ ਸਬੰਧਤ ਕੰਮ ਹੁਣ ਜੂਨ, 1995 ਤੱਕ ਮੁਕੰਮਲ ਹੋਣ ਦੀ ਆਸ ਹੈ।

---

## ਸੁਭਾਨਪੁਰ ਚੌਕ ਤੇ ਗੋਲ ਚੱਕਰ ਬਣਾਉਣਾ

*1720. **(ਸੀ.ਯੂ.) ਸਰਦਾਰ ਜਗਤਾਰ ਸਿੰਘ ਮੁਲਤਾਨੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਇਸ ਬਾਰੇ ਪਤਾ ਹੈ ਕਿ ਜ਼ਿਲ੍ਹਾ ਕਪੂਰਥਲਾ ਵਿਚ ਜੀ.ਟੀ. ਰੋਡ ਤੇ ਸੁਭਾਨਪੁਰ ਚੌਂਕ ਤੇ ਅਕਸਰ ਬਹੁਤ ਜ਼ਿਆਦਾ ਦੁਰਘਟਨਾਵਾਂ ਹੁੰਦੀਆਂ ਹਨ ; ਜੇਕਰ ਅਜਿਹਾ ਹੋਵੇ, ਤਾਂ ਕੀ ਸਰਕਾਰ ਦੀ ਉਥੇ ਗੋਲ ਚੱਕਰ ਬਣਾਉਣ ਦੀ ਤਜਵੀਜ਼ ਹੈ ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

**ਸਰਦਾਰਨੀ ਰਾਜਿੰਦਰ ਕੌਰ ਭੱਠਲ [ਤਕਨੀਕੀ ਸਿਖਿਆ ਉਦਯੋਗਿਕ ਸਿਖਲਾਈ ਅਤੇ ਲੋਕ ਨਿਰਮਾਣ (ਭ ਤੇ ਮ) ਮੰਤਰੀ] :** ਜੀ ਹਾਂ। ਸਾਲ 1989 ਤੋਂ 1993 ਤੱਕ ਇਸ ਚੌਂਕ ਤੇ 10 ਦੁਰਘਟਨਾਵਾਂ ਹੋ ਚੁੱਕੀਆਂ ਹਨ। ਇਨ੍ਹਾਂ ਦੁਰਘਟਨਾਵਾਂ ਨੂੰ ਰੋਕਣ ਅਤੇ ਇਸ ਚੌਂਕ ਦੀ ਬਿਹਤਰੀ ਲਈ ਇਕ ਐਸਟੀਮੇਟ ਮਨਿਸਟਰੀ ਆਫ ਸਰਫੇਸ ਟਰਾਂਸਪੋਰਟ, ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜਿਆ ਗਿਆ ਸੀ। ਪਰ ਮਨਿਸਟਰੀ ਆਫ ਸਰਫੇਸ ਟਰਾਂਸਪੋਰਟ ਨੇ ਇਹ ਐਸਟੀਮੇਟ ਫੰਡਾਂ ਦੀ ਘਾਟ ਕਰਕੇ ਪ੍ਰਵਾਨ ਨਹੀਂ ਕੀਤਾ।

ਇਹ ਕੰਮ ਭਾਰਤ ਸਰਕਾਰ ਦੀ ਪ੍ਰਵਾਨਗੀ ਅਤੇ ਉਨ੍ਹਾਂ ਤੋਂ ਧੰਨ ਰਾਸ਼ੀ ਉਪਲੱਬਧ ਹੋਣ ਤੇ ਹੱਥ ਵਿਚ ਲਿਆ ਜਾਵੇਗਾ।

---

Original with;
Punjab Vidhan Sabha
Digitized by;
Panjab Digital Library

## ਯਾਤਰੀ ਕਰ ਤੋਂ ਆਮਦਨ

*1730. (ਸ਼ੀ.ਯੂ.) (1) ਸਰਦਾਰ ਸ਼ਮਸ਼ੇਰ ਸਿੰਘ ਰਾਏ
(2) ਸਰਦਾਰ ਗੁਰਮੇਲ ਸਿੰਘ ਚੀਮਾ } : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਰਾਜ ਵਿਚ ਯਾਤਰੀ ਕਰ ਤੋਂ ਸਾਲਵਾਰ ਕਿੰਨੀ-ਕਿੰਨੀ ਆਮਦਨ ਪ੍ਰਾਪਤ ਹੋਈ ?

**ਸਰਦਾਰ ਬੇਅੰਤ ਸਿੰਘ :** ਯਾਤਰੀ ਅਤੇ ਮਾਲ ਕਰ ਦੀ ਪਿਛਲੇ ਤਿੰਨ ਸਾਲਾਂ ਦੌਰਾਨ ਉਗਰਾਹੀ ਰਕਮ ਦਾ ਸਾਲ ਵਾਰ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| ਸਾਲ | | ਰਕਮ (ਰੁਪਏ ਕਰੋੜਾਂ ਵਿਚ) |
|---|---|---|
| 1990-91 | .. | 69.97 |
| 1991-92 | .. | 84.76 |
| 1992-93 | .. | 89.48 |

## ਤਹਿਸੀਲ ਆਨੰਦਪੁਰ ਸਾਹਿਬ ਵਿਚ ਲਿੰਕ ਸੜਕਾਂ ਤੋਂ ਬਿਨਾਂ ਪਿੰਡ

*1790. (ਸੀ.ਯੂ.) **ਸ੍ਰੀ ਰਮੇਸ਼ ਦੱਤ ਸ਼ਰਮਾ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਅਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ ਵਿਚ ਉਨ੍ਹਾਂ ਪਿੰਡਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਅਜੇ ਤੱਕ ਪਹਿਲੀਆਂ ਲਿੰਕ ਸੜਕਾਂ ਵੀ ਮੁਹੱਈਆ ਨਹੀਂ ਕੀਤੀ ਗਈਆਂ ਅਤੇ ਉਕਤ ਪਿੰਡਾਂ ਨੂੰ ਪਹਿਲੀਆਂ ਲਿੰਕ ਸੜਕਾਂ ਮੁਹੱਈਆ ਕਰਨ ਲਈ ਕੀਤੀ ਗਈ/ਕੀਤੇ ਜਾਣ ਵਾਲੀ ਕਾਰਵਾਈ ਦੇ ਵੇਰਵੇ ਕੀ ਹਨ ?

**ਸਰਦਾਰਨੀ ਰਾਜਿੰਦਰ ਕੌਰ ਭੱਠਲ** (ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਅਤੇ ਲੋਕ ਨਿਰਮਾਨ (ਭ ਅਤੇ ਮ) **ਮੰਤਰੀ**) : ਇਕ ਪਿੰਡ ਬਟਲੋਰ ਖੱਡ ਨੂੰ ਪਹਿਲੀ ਲਿੰਕ ਸੜ੍ਹਕ ਨਾਲ ਜੋੜਿਆ ਨਹੀਂ ਜਾ ਸਕਿਆ ਕਿਉਂਕਿ ਲਿੰਕ ਸੜ੍ਹਕ ਦੀ ਉਸਾਰੀ ਲਈ ਜਮੀਨ ਉਪਲਭਧ ਨਹੀਂ ਹੈ।

———

## ਘਾਟੇ ਵਿਚ ਚਲ ਰਹੀਆਂ ਕਾਰਪੋਰੇਸ਼ਨਾਂ ਨੂੰ ਬੰਦ ਕਰਨਾ

*1801. (ਸੀ.ਯੂ.) **ਸ੍ਰੀ ਵਿਜੇ ਕੁਮਾਰ ਸਾਥੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰੀ ਖੇਤਰ ਦੇ ਅਜਿਹੇ ਕਾਰੋਬਾਰਾਂ ਦੇ ਨਾਂ ਕੀ-ਕੀ ਹਨ ਜੋ ਘਾਟੇ ਵਿਚ ਚਲ ਰਹੇ ਹਨ ਅਤੇ ਹਰ ਇਕ ਕੇਸ ਵਿਚ ਕਿੰਨਾ-ਕਿੰਨਾ ਘਾਟਾ ਪੈ ਰਿਹਾ ਹੈ ਅਤੇ ਕੀ ਸਰਕਾਰ ਅਜਿਹੇ ਕਾਰੋਬਾਰਾਂ ਨੂੰ ਬੰਦ ਕਰਨ ਦਾ ਵਿਚਾਰ ਰਖਦੀ ਹੈ ; ਜੇਕਰ ਨਹੀਂ, ਤਾਂ ਇਸ ਦੇ ਕੀ ਕਾਰਣ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬੇਅੰਤ ਸਿੰਘ** : ਪੰਜਾਬ ਰਾਜ ਵਿਚ 13 ਲੋਕ ਖੇਤਰ ਅਦਾਰੇ ਘਾਟੇ ਵਿਚ ਚੱਲ ਰਹੇ ਹਨ। ਇਨ੍ਹਾਂ ਅਦਾਰਿਆਂ ਦਾ ਸੰਚਿਤ ਘਾਟਾ ਅਤੇ ਇਨ੍ਹਾਂ ਨੂੰ ਬੰਦ ਕਰਨ/ਨਾ ਕਰਨ ਦੇ ਕਾਰਨ ਅਨੁਅੱਗ 'ੳ' ਤੇ ਹਨ।

ਅਨੁਲੱਗ 'ੳ'

| ਲੜੀ ਨੰ: | ਅਦਾਰੇ ਦਾ ਨਾਮ | ਸੰਚਿਤ ਘਾਟਾ (ਰੁ: ਲੱਖਾਂ ਵਿਚ) | ਬੰਦ ਕਰਨ/ਨਾ ਕਰਨ ਦਾ ਕਾਰਨ |
|---|---|---|---|
| 1 | ਪੰਜਾਬ ਰਾਜ ਚਮੜਾ ਵਿਕਾਸ ਨਿਗਮ | 248.00 (ਟ) (1993-94) | ਸਰਕਾਰ ਨੇ ਇਸ ਨਿਗਮ ਦੀਆਂ ਦੋ ਸਹਾਇਕ ਕੰਪਨੀਆਂ ਪੰਜਾਬ ਟੈਨਰੀਜ਼ ਲਿਮਟਿਡ ਅਤੇ ਪੰਜਾਬ ਫੁੱਟਵੀਅਰ ਲਿਮਟਿਡ ਜਿਨ੍ਹਾਂ ਦਾ ਸੰਚਿਤ ਘਾਟਾ 31-3-92 ਤੱਕ ਕ੍ਰਮਵਾਰ 485.86 ਲੱਖ ਰੁਪਏ ਅਤੇ 95.83 ਲੱਖ ਰੁਪਏ ਸੀ ਨੂੰ ਬੰਦ ਕਰਨ ਦਾ ਫੈਸਲਾ ਲਿਆ ਹੋਇਆ ਹੈ। |
| 2 | ਗੋਇੰਦਵਾਲ ਉਦਯੋਗਿਕ ਅਤੇ ਪੂੰਜੀ ਨਿਵੇਸ਼ ਨਿਗਮ, ਪੰਜਾਬ | 148.12 (ਟ) (31-3-93) | ਇਸ ਨਿਗਮ ਨੂੰ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਵਿਚ ਮਿਲਾ ਦਿੱਤਾ ਗਿਆ ਹੈ। |
| 3 | ਪੰਜਾਬ ਸਟੇਟ ਹੋਜ਼ਰੀ ਅਤੇ ਨਿਟਵੀਅਰ ਡਿਵੈਲਪਮੈਂਟ ਨਿਗਮ | 757.35 (1992-93) | ਇਸ ਨਿਗਮ ਦਾ ਪੁਨਰ ਮੁਲਅੰਕਣ ਦਾ ਦਾ ਕੰਮ ਬੀ.ਆਈ.ਐਫ.ਆਰ. ਨੂੰ ਸੌਂਪਿਆ ਗਿਆ ਹੈ। |
| 4 | ਪੰਜਾਬ ਰਾਜ ਇਲੈਕਟਰੋਨਿਕਸ ਵਿਕਾਸ ਅਤੇ ਉਤਪਾਦਨ ਨਿਗਮ ਲਿਮਟਿਡ | | ਭਾਵੇਂ ਇਹ ਨਿਗਮ ਲਾਭ ਵਿਚ ਹੈ ਪਰੰਤੂ ਇਸ ਦੀਆਂ ਦੋ ਪੂਰਨ ਅਧਾਰਿਤ ਕੰਪਨੀਆਂ :<br>1. ਪੰਜਾਬ ਬਾਇਓ ਮੈਡੀਕਲ ਇਕਪਮੈਂਟ ਲਿਮਟਿਡ (ਘਾਟਾ ਰੁ: 115.81 ਲੱਖ) (ਟ) (31-3-94)। |

Original with;
Panjab Vidhan Sabha
Digitized by;
Panjab Digital Library

| ਲੜੀ ਨੰ: | ਅਦਾਰੇ ਦਾ ਨਾਂ | ਸੰਚਿਤ ਘਾਟਾ (ਰੁ. ਲੱਖਾਂ ਵਿਚ) | ਬੰਦ ਕਰਨ/ਨਾ ਕਰਨ ਦਾ ਕਾਰਨ |
|---|---|---|---|
| | | | 2. ਪੰਜਾਬ ਇਲੈਕਟਰੋ ਆਪਟਿਕਸ ਸਿਸਟਮ ਲਿ: (ਘਾਟਾ ਰੁ: 126.65 ਲੱਖ (ਟ) (31-3-94) ਜੋ ਘਾਟੇ ਵਿਚ ਹਨ ਉਨ੍ਹਾਂ ਨੂੰ ਬੰਦ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ। |
| 5 | ਪੰਜਾਬ ਭੂਮੀ ਵਿਕਾਸ ਅਤੇ ਕੱਲਰ ਸੁਧਾਰ ਨਿਗਮ | 13.57 (1993-94) | ਇਸ ਨਿਗਮ ਦੇ ਕੰਮ ਵਿਚ ਸਾਲ 1991-92 ਅਤੇ 1992-93 ਦੌਰਾਨ ਸੁਧਾਰ ਆਇਆ ਹੈ, ਇਸ ਲਈ ਇਸ ਨੂੰ ਅਜੇ ਬੰਦ ਕਰਨ ਦਾ ਕੋਈ ਵਿਚਾਰ ਨਹੀਂ ਹੈ। |
| 6 | ਪੰਜਾਬ ਰਾਜ ਬੀਜ ਨਿਗਮ ਲਿਮਟਿਡ | 2179.59 (1993-94) | ਜੇ ਬੈਂਕ ਕਰਜ਼ੇ ਤੇ ਬਣਦੇ ਵਿਆਜ਼ ਨੂੰ ਘਾਟੇ ਵਿਚ ਨਾ ਪਾਇਆ ਜਾਵੇ ਤਾਂ ਇਹ ਨਿਗਮ ਉਪਰੇਟਿੰਗ ਨਫਾ ਕਮਾ ਰਹੀ ਹੈ। ਇਸ ਨੂੰ ਅਜੇ ਬੰਦ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। |
| 7 | ਪੰਜਾਬ ਵੋਮੈਨ ਅਤੇ ਚਿਲਡਰਨ ਡਿਵੈਲਪਮੈਂਟ ਅਤੇ ਵੈਲਫੇਅਰ ਨਿਗਮ | 353.92 (1992-93) | ਇਹ ਨਿਗਮ ਬੱਚਿਆਂ ਅਤੇ ਔਰਤਾਂ ਦੀ ਆਰਥਿਕ ਅਤੇ ਸਮਾਜਿਕ ਭਲਾਈ ਦੀ ਤਰੱਕੀ ਲਈ ਬਣਾਈ ਗਈ ਹੈ। ਇਸ ਨਿਗਮ ਨੂੰ ਬੰਦ ਕਰਨ ਦਾ ਅਜੇ ਕੋਈ ਵਿਚਾਰ ਨਹੀਂ ਹੈ। |
| 8 | ਪੰਜਾਬ ਸਟੇਟ ਟਿਊਬਵੈੱਲ ਨਿਗਮ ਲਿਮਟਿਡ | 2658.00 (1993-94) | ਇਹ ਨਿਗਮ ਕਿਸਾਨਾਂ ਦੀ ਭਲਾਈ ਲਈ ਬਣਾਈ ਗਈ ਹੈ। ਹਾਲ ਦੀ ਘੜੀ ਇਸ ਨੂੰ ਬੰਦ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਇਸ ਦੇ ਕੰਮ ਨੂੰ ਸੁਧਾਰਨ ਲਈ ਕਦਮ ਚੁੱਕੇ ਜਾ ਰਹੇ ਹਨ। |

Original with;
Punjab Vidhan Sabha
Digitized by;
Panjab Digital Library

| ਲੜੀ ਨੰ. | ਅਦਾਰੇ ਦਾ ਨਾਂ | ਸੰਚਿਤ ਘਾਟਾ (ਰੁ. ਲੱਖਾਂ ਵਿਚ) | ਬੰਦ ਕਰਨ/ਨਾ ਕਰਨ ਦਾ ਕਾਰਨ |
|---|---|---|---|
| 9 | ਪੰਜਾਬ ਸੈਰ ਸਪਾਟਾ ਨਿਗਮ | 381.25 1993-94) | ਇਸ ਨਿਗਮ ਨੇ 1993-94 ਦੌਰਾਨ 11.46 ਲੱਖ ਰੁਪਏ ਦਾ ਲਾਭ ਕਮਾਇਆ ਹੈ। ਇਸ ਵਿਚ ਸੁਧਾਰ ਲਿਆਉਣ ਲਈ ਨਿਗਮ ਨੂੰ ਆਪਣੇ ਕੰਪਲੈਕਸ ਲੀਜ਼ ਤੇ ਦੇਣ ਲਈ ਕਿਹਾ ਗਿਆ ਹੈ। |
| 10 | ਪੈਪਸੂ ਰੋਡ ਟ੍ਰਾਂਸਪੋਰਟ ਨਿਗਮ | 21,274.90 (1993-94) | ਪਿਛਲੇ ਸਾਲ ਤੋਂ ਇਸ ਨਿਗਮ ਦੇ ਕੰਮ ਕਾਰ ਵਿਚ ਸੁਧਾਰ ਹੋਇਆ ਹੈ। ਇਸ ਨਿਗਮ ਦਾ ਸਾਲ 1992-93 ਵਿਚ 1709.32 ਲੱਖ ਰੁਪਏ ਦਾ ਘਾਟਾ ਸੀ ਜੋ ਘੱਟ ਕੇ ਸਾਲ 1993-94 ਵਿਚ 1059.67 ਲੱਖ ਰੁਪਏ ਰਹਿ ਗਿਆ। ਇਸ ਦੇ ਵਿੱਤੀ ਢਾਂਚੇ ਦੇ ਪੁਨਰ ਨਿਰਮਾਣ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਤੋਂ ਬਾਅਦ ਨਿਗਮ ਆਪਣੇ ਪੈਰਾਂ ਤੇ ਖੁਦ ਖੜਨ ਦੇ ਯੋਗ ਹੋ ਜਾਵੇਗੀ। |
| 11 | ਪੰਜਾਬ ਸਟੇਟ ਸਿਵਲ ਸਪਲਾਈਜ਼ ਨਿਗਮ | 13,336.00 (1993-94) | ਇਹ ਲੋਕ ਸੇਵਾ ਹਿਤਕਾਰੀ ਨਿਗਮ ਹੈ। ਇਸ ਲਈ ਸਰਕਾਰ ਦਾ ਇਸ ਨਿਗਮ ਨੂੰ ਬੰਦ ਕਰਨ ਦਾ ਕੋਈ ਵਿਚਾਰ ਨਹੀਂ। ਇਸ ਨਿਗਮ ਦੀ ਟਰਨ ਓਵਰ ਜੋ ਸਾਲ 1989-90 ਵਿਚ 340.77 ਕਰੋੜ ਰੁਪਏ ਸੀ ਵਧਕੇ 1993-94 ਦੌਰਾਨ 1000.00 ਕਰੋੜ ਰੁਪਏ ਹੋ ਗਈ ਅਤੇ ਇਸ ਨਿਗਮ ਨੇ ਸਾਲ 1992-93 ਅਤੇ 1993-94 ਦੌਰਾਨ ਕ੍ਰਮਵਾਰ 2.73 ਕਰੋੜ ਰੁਪਏ ਅਤੇ 4.50 ਕਰੋੜ ਰੁਪਏ ਦਾ ਲਾਭ ਕਮਾਇਆ ਹੈ। |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਅਦਾਰੇ ਦਾ ਨਾਂ | ਸੰਚਿਤ ਘਾਟਾ (ਰੁ: ਲੱਖਾਂ ਵਿਚ) | ਬੰਦ ਕਰਨ/ਨਾ ਕਰਨ ਦਾ ਕਾਰਨ |
|---|---|---|---|
| 12 | ਪੰਜਾਬ ਪੋਲਟਰੀ ਵਿਕਾਸ ਨਿਗਮ | 188.72 (1992-93) | ਕਿਉਂ ਜੋ ਇਹ ਨਿਗਮ ਮੁਰਗੀ ਪਾਲਣ ਦੇ ਵਿਕਾਸ ਲਈ ਜ਼ਰੂਰੀ ਹੈ ਇਸ ਦੇ ਸੁਧਾਰ ਲਈ ਜਰੂਰੀ ਸਖਤ ਕਦਮ ਚੁੱਕੇ ਜਾ ਰਹੇ ਹਨ। ਹਾਲ ਦੀ ਘੜੀ ਇਸ ਨੂੰ ਬੰਦ ਕਰਨ ਦੀ ਕੋਈ ਯੋਜਨਾ ਨਹੀਂ ਹੈ। |
| 13 | ਪੰਜਾਬ ਰਾਜ ਬਿਜਲੀ ਬੋਰਡ | 46,654.14 (1992-93) | ਇਸ ਨਿਗਮ ਦੇ ਘਾਟੇ ਦਾ ਮੁੱਖ ਕਾਰਨ ਖੇਤੀਬਾੜੀ ਸੈਕਟਰ ਨੂੰ ਰਿਆਇਤੀ ਦਰ ਤੇ ਬਿਜਲੀ ਸਪਲਾਈ ਕਰਨਾ ਹੈ। ਇਹ ਲੋਕ ਸੇਵਾ ਹਿਤਕਾਰੀ ਬੋਰਡ ਹੈ। ਇਸ ਲਈ ਸਰਕਾਰ ਦਾ ਇਸ ਨੂੰ ਬੰਦ ਕਰਨ ਦਾ ਕੋਈ ਇਰਾਦਾ ਨਹੀਂ ਹੈ। |

## ਲੁਧਿਆਣਾ ਵਿਚ ਮਕਾਨਾਂ ਤੇ ਗੈਰ ਕਾਨੂੰਨੀ ਕਬਜ਼ਾ

*1910. (ਸੀ.ਯੂ.) **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** :ਕੀ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਮਕਾਨ ਉਸਾਰੀ ਬੋਰਡ ਦੇ ਉਨ੍ਹਾਂ ਮਕਾਨਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਤੇ ਲੁਧਿਆਣਾ ਵਿਚ ਸਾਲਾਂ 1984 ਅਤੇ 1985 ਦੇ ਦੌਰਾਨ ਦੰਗਾ ਪੀੜਤ ਵਿਅਕਤੀਆਂ ਦੁਆਰਾ ਗੈਰ-ਕਾਨੂੰਨੀ ਤੌਰ ਤੇ ਕਬਜ਼ਾ ਕੀਤਾ ਗਿਆ ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਮਕਾਨਾਂ ਵਿਚੋਂ ਕਿੰਨੇ ਮਕਾਨ ਦੰਗਾ ਪੀੜਤ ਵਿਅਕਤੀਆਂ ਤੋਂ ਇਲਾਵਾ ਵੱਖ-ਵੱਖ ਵਿਅਕਤੀਆਂ ਨੂੰ ਅਲਾਟ ਕੀਤੇ ਗਏ ਹਨ ਅਤੇ ਅਜਿਹੇ ਕਿੰਨੇ ਮਕਾਨ ਅਜੇ ਅਲਾਟ ਕੀਤੇ ਜਾਣੇ ਹਨ ;

(ੲ) ਕੀ ਸਰਕਾਰ ਦੀ ਉਪਰੋਕਤ ਵਰਣਿਤ ਅਲਾਟ ਕੀਤੇ ਗਏ ਮਕਾਨਾਂ ਨੂੰ ਗੈਰ-ਕਾਨੂੰਨੀ ਕਬਜ਼ੇ ਤੋਂ ਖਾਲੀ ਕਰਵਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸਬੰਧੀ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

Original with;
Punjab Vidhan Sabha
Digitized by;
Panjab Digital Library

**ਸ੍ਰੀ ਬਾਲ ਮੁਕੰਦ ਸਰਮਾ** : (ੳ) 609.

(ਅ) (1) ਦੰਗਾ ਪੀੜਤ ਵਿਅਕਤੀਆਂ ਤੋਂ ਇਲਾਵਾ ਹੋਰਨਾਂ ਨੂੰ ਅਲਾਟ ਕੀਤੇ ਗਏ ਮਕਾਨਾਂ ਦੀ ਗਿਣਤੀ .. ਕੋਈ ਨਹੀਂ

(2) ਅਜੇ ਅਲਾਟ ਕੀਤੇ ਜਾਣ ਵਾਲੇ ਮਕਾਨ .. 87

(ੲ) ਹਾਂ ਜੀ, ਇਨ੍ਹਾਂ ਮਕਾਨਾਂ ਨੂੰ ਖਾਲੀ ਕਰਵਾਉਣ ਲਈ ਨੋਟਿਸ ਜਾਰੀ ਕੀਤੇ ਜਾ ਰਹੇ ਹਨ ।

———

**ਤਹਿਸੀਲ ਗੜ੍ਹਸ਼ੰਕਰ ਵਿਚ ਵਨ ਪੁਆਇੰਟ ਬਲਬ ਕੁਨੈਕਸ਼ਨ**

*2000 (ਸੀ. ਯੂ.) **ਸਰਦਾਰ ਹਰਗੋਪਾਲ ਸਿੰਘ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਤਹਸੀਲ ਗੜ੍ਹਸ਼ੰਕਰ ਵਿੱਚ 'ਵਨ ਪੁਆਇੰਟ ਬਲਬ' ਸਕੀਮ ਹੇਠ ਲਿਆਂਦੇ ਗਏ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਦੀ ਕੁੱਲ ਗਿਣਤੀ ਕਿੰਨੀ ਹੈ ;

(ਅ) ਉਕਤ ਭਾਗ (ੳ) ਵਿੱਚ ਵਰਣਿਤ ਵਿੱਚੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਅਜਿਹੇ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ ਉਕਤ ਸਕੀਮ ਅਧੀਨ ਸਿਕਿਉਰਿਟੀਜ਼ ਜਮ੍ਹਾਂ ਕਰਵਾਈਆਂ ਸਨ ਅਤੇ ਅਜਿਹੇ ਵਿਅਕਤੀਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ ਸਿਕਿਉਰਿਟੀਜ਼ ਜਮ੍ਹਾਂ ਕਰਵਾਉਣ ਤੋਂ ਬਿਨਾਂ ਹੀ ਕੁਨੈਕਸ਼ਨ ਲਏ ਹਨ ?

**ਚੌਧਰੀ ਜਗਜੀਤ ਸਿੰਘ (ਰਾਜ ਮੰਤਰੀ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ)**

**(ੳ)** 1856

(ਅ) ਉਪਰੋਕਤ ਵਿਅਕਤੀਆਂ ਵਿੱਚੋਂ 1656 ਨੂੰ ਭਲਾਈ ਵਿਭਾਗ ਵਲੋਂ ਸਕਿਊਰਟੀ ਦੀ ਰਕਮ ਜਮ੍ਹਾਂ ਕਰਵਾਉਣ ਉਪਰੰਤ ਕੁਨੈਕਸ਼ਨ ਮਿਲੇ ਹਨ ਅਤੇ 200 ਨੂੰ ਉਨ੍ਹਾਂ ਵਲੋਂ ਆਪਣੇ ਤੌਰ ਤੇ ਸਕਿਉਰਟੀ ਦੀ ਰਕਮ ਜਮ੍ਹਾਂ ਕਰਵਾਉਣ ਉਪਰੰਤ ਕੁਨੈਕਸ਼ਨ ਮਿਲੇ ਹਨ।

———

**ਪੰਜਾਬ ਰੋਡਵੇਜ਼/ਪੀ.ਆਰ.ਟੀ.ਸੀ. ਦੀਆਂ ਬੱਸਾਂ ਦੀ ਗਿਣਤੀ**

*2010. (ਸੀ.ਯੂ.) **ਕਾਮਰੇਡ ਤਰਸੇਮ ਜੋਧਾਂ**: ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਇਸ ਸਮੇਂ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਾਸ ਬੱਸਾਂ ਦੀ ਵੱਖ-ਵੱਖ ਗਿਣਤੀ ਕਿੰਨੀ-ਕਿੰਨੀ ਹੈ ਅਤੇ ਕੁੱਲ ਬੱਸ ਰੂਟਾਂ ਵਿਚੋਂ ਉਨ੍ਹਾਂ ਪਾਸ ਕਿੰਨੇ-ਕਿੰਨੇ ਪ੍ਰਤੀਸ਼ਤ ਹਨ;

Original with;
Punjab Vidhan Sabha
Digitized by;
Panjab Digital Library

(ਅ) ਪਿਛਲੇ ਦੋ ਸਾਲਾਂ ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਬੱਸਾਂ ਤੋਂ ਯਾਤਰੀ ਕਰ ਦੀ ਕਿੰਨੀ ਰਕਮ ਵਸੂਲ ਕੀਤੀ ਗਈ;

(ੲ) ਪ੍ਰਾਈਵੇਟ ਬੱਸ ਉਪਰੇਟਰਾਂ ਦੁਆਰਾ ਚਲਾਏ ਜਾਂਦੇ ਬੱਸ ਰੂਟਾਂ ਦੀ ਪ੍ਰਤੀਸ਼ਤਤਾ ਕਿੰਨੀ ਹੈ ਅਤੇ ਪਿਛਲੇ ਦੋ ਸਾਲਾਂ ਦੇ ਦੌਰਾਨ ਉਨ੍ਹਾਂ ਦੁਆਰਾ ਯਾਤਰੀ ਕਰ ਦੀ ਕਿੰਨੀ ਰਕਮ ਜਮ੍ਹਾਂ ਕਰਵਾਈ ਗਈ?

**ਰਾਜ ਮੰਤਰੀ, ਟਰਾਂਸਪੋਰਟ:** ਲੋੜੀਂਦੀ ਸੂਚਨਾ ਸਦਨ ਦੇ ਮੇਜ਼ ਉਤੇ ਰੱਖੀ ਜਾਂਦੀ ਹੈ।

**ਸਾਰਣੀ**

(ੳ) ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. ਕੋਲ ਕ੍ਰਮਵਾਰ 2369 ਤੇ 1031 ਬੱਸਾਂ ਹਨ। ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. ਕੋਲ ਕ੍ਰਮਵਾਰ ਤੇ ਕੁਲ ਸ਼ਡਿਊਲਡ ਕਿਲੋਮੀਟਰਾਂ ਦਾ 38 ਪ੍ਰਤੀਸ਼ਤ ਤੇ 18 ਪ੍ਰਤੀਸ਼ਤ ਹੈ।

(ਅ) ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. ਨੇ ਸਾਲ 1991–92 ਤੇ 1992–93 ਵਿੱਚ ਹੇਠ ਲਿਖੇ ਅਨੁਸਾਰ ਸਵਾਰੀ ਕਰ ਜਮ੍ਹਾਂ ਕਰਵਾਇਆ ਹੈ:—

| ਲੜੀ ਨੰ: | ਅਦਾਰੇ ਦਾ ਨਾਂ | ਜਮ੍ਹਾਂ ਕਰਾਈ ਗਈ ਰਕਮ | (ਰੁਪਏ ਕਰੋੜਾਂ ਵਿਚ) |
|---|---|---|---|
| | | 1991–92 | 1992–93 |
| 1 | ਪੰਜਾਬ ਰੋਡਵੇਜ਼ | 36.99 | 41.39 |
| 2 | ਪੀ.ਆਰ.ਟੀ.ਸੀ. | 16.57 | 19.62 |

(ੲ) ਪ੍ਰਾਈਵੇਟ ਉਪਰੇਟਰਜ਼ ਕੋਲ ਕੁੱਲ ਕਿਲੋਮੀਟਰ ਦੀ 32 ਪ੍ਰਤੀਸ਼ਤਤਾ ਹੈ। ਉਨ੍ਹਾਂ ਵੱਲੋਂ ਸਾਲ 1991–92 ਤੇ 1992–93 ਵਿੱਚ ਜਮ੍ਹਾਂ ਕਰਵਾਏ ਗਏ ਸਵਾਰੀ ਕਰ ਦੇ ਵੇਰਵੇ ਆਬਕਾਰੀ ਤੇ ਕਰ ਵਿਭਾਗ, ਪੰਜਾਬ ਜਿਹੜੇ ਇਨ੍ਹਾਂ ਸਾਲਾਂ ਵਿੱਚ ਇਸ ਟੈਕਸ ਨੂੰ ਵਸੂਲ ਕਰਦੇ ਸਨ, ਕੋਲ ਉਪਲੱਬਧ ਨਹੀਂ ਹਨ।

———

*Original with;*
Punjab Vidhan Sabha
*Digitized by;*
Panjab Digital Library

X

## ਪਨਸੀਡ ਨੂੰ ਦਿਤੀ ਜਾ ਰਹੀ ਸਬਸਿਡੀ

*2015. **(ਸੀ.ਯੂ.). ਸ੍ਰੀ ਮਦਨ ਮੋਹਨ ਮਿੱਤਲ** : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਪੰਜਾਬ ਰਾਜ ਬੀਜ ਕਾਰਪੋਰੇਸ਼ਨ ਨੂੰ ਕੋਈ ਸਬਸਿਡੀ ਦਿੱਤੀ ਜਾਂਦੀ ਹੈ; ਜੇਕਰ ਅਜਿਹਾ ਹੋਵੇ, ਤਾਂ ਕਿਸ ਦਰ ਤੇ ਅਤੇ ਇਹ ਕਿਸ ਤਰੀਕ ਤੋਂ ਦਿੱਤੀ ਜਾ ਰਹੀ ਹੈ ਅਤੇ ਉਨ੍ਹਾਂ ਕੰਪਨੀਆਂ, ਫਰਮਾਂ, ਸੰਸਥਾਵਾਂ ਅਤੇ ਕਾਰਪੋਰੇਸ਼ਨਾਂ ਦੀ ਗਿਣਤੀ ਅਤੇ ਨਾਂ ਕੀ-ਕੀ ਹਨ ਜਿਨ੍ਹਾਂ ਨੂੰ ਸਬਸਿਡੀ ਦਿੱਤੀ ਜਾ ਰਹੀ ਹੈ ਅਤੇ ਇਸ ਲਈ ਕੀ ਕਸੌਟੀ ਰੱਖੀ ਗਈ ਹੈ;

(ਅ) ਕੀ ਸਰਕਾਰ ਅਜਿਹੀਆਂ ਪ੍ਰਾਈਵੇਟ ਫਰਮਾਂ/ਕੰਪਨੀਆਂ ਨੂੰ ਉਸੇ ਦਰ ਤੇ ਹੀ ਸਬਸਿਡੀ ਦੇਣ ਦਾ ਵਿਚਾਰ ਰੱਖਦੀ ਹੈ ਜਿਹੜੀਆਂ ਉਸ ਕੁਆਲਟੀ ਦਾ ਬੀਜ ਪੈਦਾ ਕਰਦੀਆਂ ਹਨ ?

**ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ :** (ੳ) (1) ਸਟੇਟਮੈਂਟ ਹੇਠਾਂ ਦਿੱਤੀ ਜਾਂਦੀ ਹੈ।

(ਅ) (2) ਹਾਂ ਜੀ, ਪੰਜਾਬ ਦੇ ਪ੍ਰਾਈਵੇਟ ਉਤਪਾਦਕਾਂ ਦੁਆਰਾ ਰਬੀ ਸਾਲ 1994-95 ਦੌਰਾਨ 3000 ਕੁਇੰਟਲ ਕਣਕ ਦਾ ਸਰਟੀਫਾਈਡ ਬੀਜ ਉਤਪਾਦਨ ਦਰ ਤੇ ਵੇਚਿਆ ਗਿਆ।

### ਸਟੇਟਮੈਂਟ

(ੳ) **ਅਨਾਜ :**

ਪੰਜਾਬ ਰਾਜ ਬੀਜ ਨਿਗਮ ਨੂੰ ਬੀਜਾਂ ਦੀ ਅਲੱਗ-ਅਲੱਗ ਕਿਸਮਾਂ ਅਤੇ ਅਲੱਗ-ਅਲੱਗ ਰੇਟਾਂ ਤੇ 100 ਰੁਪਏ ਤੇ 500 ਰੁਪਏ ਤੱਕ ਸਾਲ 1988-89 ਤੋਂ ਵਿਸ਼ੇਸ਼ ਅਨਾਜ ਉਤਪਾਦਨ ਪ੍ਰੋਗਰਾਮ (ਕਣਕ) ਸਕੀਕ੍ਰਿਤ ਚਾਵਲ ਵਿਕਾਸ ਪ੍ਰੋਗਰਾਮ ਅਤੇ ਵਿਸ਼ੇਸ਼ ਅਨਾਜ ਉਤਪਾਦਨ (ਮੱਕੀ) ਅਧੀਨ ਉਪਦਾਨ ਦਿੱਤਾ ਗਿਆ ਹੈ। ਇਹ ਉਪਦਾਨ ਪੰਜਾਬ ਰਾਜ ਬੀਜ ਨਿਗਮ ਅਤੇ ਦੂਜੇ ਬੀਜ ਸਪਲਾਈ ਕਰਨ ਵਾਲੇ ਸਰਕਾਰੀ ਅਦਾਰੇ ਜਿਵੇਂ ਕਿ ਸਟੇਟ ਫਾਰਮਜ਼ ਕਾਰਪੋਰੇਸ਼ਨ ਆਫ ਇੰਡੀਆਂ, ਨੈਸ਼ਨਲ ਸੀਡਜ਼ ਕਾਰਪੋਰੇਸ਼ਨ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜਿਨ੍ਹਾਂ ਨੇ ਕਨਸਾਇਨਮੈਂਟ ਬੇਸਿਜ਼ ਤੇ ਬੀਜ ਸਪਲਾਈ ਕੀਤਾ ਸੀ ਅਤੇ ਜੋ ਬੀਜ ਅਸਲ ਵਿਚ ਵਿਕਿਆ ਸੀ, ਉਸ ਤੇ ਸਬਸਿਡੀ ਦਿਤੀ ਗਈ ਸੀ।

Original with;
Punjab Vidhan Sabha
Digitized by;
Panjab Digital Library

**(ਅ) ਤੇਲ ਬੀਜ :**

ਤੇਲ ਬੀਜਾਂ ਜਿਵੇਂ ਕਿ ਰੇਪਸੀਡ ਮਸਟਰਡ, ਮੂੰਗਫਲੀ, ਸੂਰਜਮੁੱਖੀ ਆਦਿ ਤੇ ਸਬਸਿਡੀ,— ਪਨਸੀਡ, ਸਟੇਟ ਫਾਰਮ ਕਾਰਪੋਰੇਸ਼ਨ ਆਫ ਇੰਡੀਆ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਦਿੱਤੀ ਜਾ ਰਹੀ, ਜਿਸ ਦਾ ਵੇਰਵਾ ਹੇਠਾਂ ਦਿੱਤਾ ਜਾਂਦਾ ਹੈ:—

| ਸਾਲ | ਏਜੰਸੀ | ਤੇਲਬੀਜ ਦਾ ਨਾਂ | ਉਪਦਾਨ ਰੇਟ/ਕਿਲੋ | ਬੀਜ ਦੀ ਮਾਤਰਾ (ਕੁ: ਵਿੱਚ) |
|---|---|---|---|---|
| 1983-84 | ਐਸ.ਐਫ.ਸੀ. ਆਈ. | ਰੇਪਸੀਡ ਮਸਟਰਡ | 1.50 | 168.63 ਸੀ.ਐਸ. |
| | | | 1.00 | 165.95 ਟੀ.ਐਲ.ਐਸ. |
| 1984-85 | ਉਹੀ | ਉਹੀ | 2.00 | 211.93 ਸੀ.ਐਸ. |
| | | | 1.00 | 211.93 ਸੀ.ਐਸ. |
| 1985-86 | ਉਹੀ | ਉਹੀ | 2.00 | 488.10 ਸੀ.ਐਸ. |
| | ਪਨਸੀਡ ਅਤੇ ਐਨ ਐਸ ਸੀ | | 1.00 | 19.62 ਟੀ.ਐਲ.ਐਸ. |
| | 1986-87 ਅਤੇ 1987-88 ਵਿੱਚ ਕੋਈ ਉਪਦਾਨ ਨਹੀਂ ਦਿਤਾ ਗਿਆ। | | | |
| 1988-89 | ਪਨਸੀਡ | ਰੇਪਸੀਡ ਮਸਟਰਡ | 3.00 | 767.10 ਸੀ.ਐਸ. |
| | ਐਸ.ਐਫ.ਸੀ. ਆਈ. | ਉਹੀ | 3.00 | 262.27 ਸੀ.ਐਸ. |
| | ਪੀ.ਏ.ਯੂ. | ਉਹੀ | 3.00 | 159.48 ਸੀ.ਐਸ. |
| | ਐਸ.ਐਫ.ਸੀ. ਆਈ. | ਮੂੰਗਫਲੀ | 3.00 | 150.00 ਸੀ.ਐਸ. |
| 1989-90 | ਪਨਸੀਡ | ਰੇਪਸੀਡ ਮਸਟਰਡ | 3.00 | 1305.14 ਸੀ.ਐਸ. |
| | ਐਸ.ਐਫ.ਸੀ. ਆਈ. | ਉਹੀ | 3.00 | 44.42 ਸੀ.ਐਸ. |
| | ਉਹੀ | ਮੂੰਗਫਲੀ | 3.00 | 233.00 |
| 1990-91 | ਪਨਸੀਡ | ਰੇਪਸੀਡ ਮਸਟਰਡ | 3.00 | 192.61 |
| | ਐਸ.ਐਫ.ਸੀ. ਆਈ. | ਮੂੰਗਫਲੀ | 3.00 | 57.95 ਸੀ.ਐਸ. |

Original with;
Punjab Vidhan Sabha
Digitized by;
Panjab Digital Library

| ਸਾਲ | ਏਜੰਸੀ | ਤੇਲਬੀਜ ਦਾ ਨਾਂ | ਉਪਦਾਨ ਰੇਟ/ਕਿਲੋ | ਬੀਜ ਦੀ ਮਾਤਰਾ (ਕੁ: ਵਿਚ) |
|---|---|---|---|---|
| 1991-92 | ਪਨਸੀਡ | ਰੇਪਸੀਡ ਮਸਟਰਡ | 3.00 | 294.33 ਸੀ.ਐਸ. |
| | ਉਹੀ | ਸੂਰਜਮੁੱਖੀ ਹਾਈ ਬੱਰਡ | 15.00 | 674.79 ਸੀ.ਐਸ. |
| 1992-93 | ਪਨਸੀਡ | ਰੇਪਸੀਡ ਮਸਟਰਡ | 3.00 | 158.73 ਸੀ.ਐਸ. |
| | | ਸੂਰਜਮੁਖੀ | 20.00 | 852.23 ਸੀ.ਐਸ. |
| 1993-94 | ਪਨਸੀਡ | ਰੇਪਸੀਡ ਮਸਟਰਡ | 3.00 | 333.33 ਸੀ.ਐਸ. |

ਸੀ.ਐਸ. : ਸਰਟੀਫਾਈਡ ਸੀਡ

ਟੀ.ਐਲ.ਐਸ. : ਟਰੂਥਫੁਲੀ ਲੇਬਲ ਸੀਡ

ਕਪਾਹ :

ਜ਼ਿਮੀਂਦਾਰਾਂ ਨੂੰ ਕਪਾਹ ਦੇ ਪ੍ਰਮਾਣਿਤ ਬੀਜ ਤੇ ਉਪਦਾਨ ਦਿਤਾ ਜਾਂਦਾ ਹੈ, ਜੋ ਕਿ ਪੰਜਾਬ ਰਾਜ ਬੀਜ ਨਿਗਮ ਵਲੋਂ ਸਪਲਾਈ ਕੀਤਾ ਜਾਂਦਾ ਹੈ, ਉਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—

| ਸਾਲ | ਉਪਦਾਨ ਦੀ ਦਰ (ਪ੍ਰਤੀ ਕੁਇੰਟਲ) | ਉਪਦਾਨ ਰਾਸ਼ੀ (ਰੁ: ਲੱਖਾਂ ਵਿਚ) |
|---|---|---|
| 1990-91 | 400 | 8.74 |
| 1991-92 | 300 | 7.60 |
| 1992-93 | 300 | 16.28 |
| 1993-94 | 300 | 29.93 |

## ਜਲ ਸਪਲਾਈ ਦਰਾਂ ਵਿਚ ਸੋਧ

*2053 (ਸੀ.ਯੂ.). (1) **ਸ੍ਰੀਮਤੀ ਵਿਮਲਾ ਡਾਂਗ**
(2) **ਕਾਮਰੇਡ ਹਰਦੇਵ ਅਰਸ਼ੀ**
(3) **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ**
: ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ—

(ੳ) ਕੀ ਸਾਲ 1993 ਜਾਂ 1994 ਦੀ ਪਹਿਲੀ ਤਿਮਾਹੀ ਦੇ ਦੌਰਾਨ ਰਾਜ ਦੀਆਂ ਸਾਰੀਆਂ ਨਗਰਪਾਲਿਕਾਵਾਂ/ਨਿਗਮਾਂ ਨੂੰ ਜਲ ਸਪਲਾਈ ਦਰਾਂ ਵਿਚ ਵਾਧਾ ਕਰਨ ਲਈ ਹਦਾਇਤਾਂ ਦਿੱਤੀਆਂ ਗਈਆਂ ਸਨ ; ਜੇਕਰ ਅਜਿਹਾ ਹੋਵੇ, ਤਾਂ ਨਵੀਆਂ ਦਰਾਂ ਦੇ ਵੇਰਵੇ ਕੀ ਹਨ ਅਤੇ ਸੋਧੇ ਹੋਏ ਦਰ ਕਿਸ ਮਿਤੀ ਤੋਂ ਲਾਗੂ ਕੀਤੇ ਜਾਣੇ ਸਨ ;

Original with;
Punjab Vidhan Sabha
Digitized by;
Panjab Digital Library

(ਅ) ਕੀ ਕਿਸੇ ਨਗਰਪਾਲਿਕਾ/ਨਿਗਮ ਨੇ ਉਕਤ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਹੈ; ਜੇਕਰ ਅਜਿਹਾ ਹੋਵੇ, ਤਾਂ ਉਨ੍ਹਾਂ ਦੇ ਨਾਂ ਕੀ ਕੀ ਹਨ ?

**ਡਾਕਟਰ ਕੇਵਲ ਕ੍ਰਿਸ਼ਨ :**

(ੳ) ਸਰਕਾਰ ਨੇ ਪੱਤਰ ਨੰ: ਏ-ਡੀ.ਸੀ.ਐਫ.ਏ.-ਡੀ.ਐਲ.ਜੀ.93/8349—8456 ਮਿਤੀ 10 ਮਾਰਚ, 1993 ਰਾਹੀਂ ਰਾਜ ਦੀਆਂ ਸਾਰੀਆਂ ਨਗਰਪਾਲਕਾਵਾਂ ਨੂੰ ਪਾਣੀ ਅਤੇ ਸੀਵਰੇਜ ਦੀਆਂ ਦਰਾਂ ਸੋਧਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਸਨ। ਇਹ ਦਰਾਂ ਹੇਠ ਲਿਖੇ ਅਨੁਸਾਰ ਸਾਰੀਆਂ ਨਗਰਪਾਲਕਾਵਾਂ/ਨਗਰ ਨਿਗਮਾਂ ਵਲੋਂ ਪੰਜਾਬ ਮਿਉਂਸੀਪਲ ਐਕਟ 1911 ਅਤੇ ਪੰਜਾਬ ਮਿਉਂਸੀਪਲ ਕਾਰਪੋਰੇਸ਼ਨ ਐਕਟ, 1976 ਦੀਆਂ ਸਬੰਧਤ ਧਾਰਾਵਾਂ ਦੀ ਪਾਲਣਾ ਕਰਨ ਉਪਰੰਤ ਲਾਗੂ ਕੀਤੀਆਂ ਜਾਣੀਆਂ ਸਨ :—

**ਮੀਟਰ ਸਪਲਾਈ ਟਿਊਬਵੈਲ/ਨਹਿਰੀ**

(ੲ) ਘਰੇਲੂ:

| | | | |
|---|---|---|---|
| (1) | 0 ਤੋਂ 15 ਕਿਲੋ ਲੀਟਰ | .. | ਰੁ: 1.20 ਕਿਲੋ ਲੀਟਰ |
| (2) | 15 ਕਿਲੋ ਲੀਟਰ ਤੋਂ ਉਤੇ ਪ੍ਰਤੀ ਮਹੀਨਾ | | ਰੁ: 1.20 ਕਿਲੋ ਲੀਟਰ |
| (ਬੀ) | ਵਪਾਰਕ/ਉਦਯੋਗਿਕ | .. | ਰੁ: 2.50 ਕਿਲੋ ਲੀਟਰ |

**ਬਿਨਾਂ ਮੀਟਰ ਸਪਲਾਈ ਟਿਊਬਵੈਲ/ਨਹਿਰੀ**

| | | | |
|---|---|---|---|
| (ਏ) | ਕੱਚਾ ਮਕਾਨ | .. | 20 ਰੁਪਏ ਪ੍ਰਤੀ ਮਹੀਨਾ ਪ੍ਰਤੀ ਕੁਨੈਕਸ਼ਨ ਪਹਿਲੀ ਟੇਪ ।<br>15 ਰੁਪਏ ਪ੍ਰਤੀ ਮਹੀਨਾ ਪ੍ਰਤੀ ਹਰੇਕ ਵਾਧੂ ਟੇਪ। |
| (ਬੀ) | ਪੱਕਾ ਮਕਾਨ | .. | 30 ਰੁਪਏ ਪ੍ਰਤੀ ਮਹੀਨਾ ਪ੍ਰਤੀ ਕੁਨੈਕਸ਼ਨ ਪਹਿਲੀ ਟੇਪ<br>15 ਰੁ: ਪ੍ਰਤੀ ਮਹੀਨਾ ਪ੍ਰਤੀ ਹਰੇਕ ਵਾਧੂ ਟੇਪ |
| | ਸੀਵਰੇਜ਼ ਚਾਰਜਿਜ਼ | .. | 10 ਰੁਪਏ ਪ੍ਰਤੀ ਸੀਟ |

Original with;
Punjab Vidhan Sabha
Digitized by;
Panjab Digital Library

ਇਸਤੋਂ ਬਾਅਦ ਇਹ ਦਰਾਂ ਪਹਿਲਾਂ 21 ਅਕਤੂਬਰ, 1993 ਫੇਰ 29 ਜੁਲਾਈ, 1994 ਨੂੰ ਗਰੀਬ ਖਪਤਕਾਰਾਂ ਨੂੰ ਰਾਹਤ ਦੇਣ ਲਈ ਹੇਠ ਲਿਖੇ ਅਨੁਸਾਰ ਘਟਾਈਆਂ ਗਈਆਂ ਸਨ:—

| | | |
|---|---|---|
| (i) | ਕੱਚਾ ਮਕਾਨ .. | 20 ਰੁਪਏ ਪ੍ਰਤੀ ਮਹੀਨਾ ਪ੍ਰਤੀ ਕੁਨੈਕਸ਼ਨ ਪਹਿਲੀ ਟੇਪ<br>7.50 ਰੁਪਏ ਪ੍ਰਤੀ ਮਹੀਨਾ ਦੂਜੀ ਟੇਪ<br>4.00 ਰੁਪਏ ਪ੍ਰਤੀ ਮਹੀਨਾ ਤੀਜੀ ਟੇਪ ਅਤੇ ਉਸ ਤੋਂ ਬਾਦ ਦੀਆਂ ਸਾਰੀਆਂ |
| (ii) | ਪੱਕਾ ਮਕਾਨ .. | 20 ਰੁਪਏ ਪ੍ਰਤੀ ਮਹੀਨਾ ਪ੍ਰਤੀ ਕੁਨੈਕਸ਼ਨ ਪਹਿਲੀ ਟੇਪ<br>7.50 ਰੁਪਏ ਪ੍ਰਤੀ ਮਹੀਨਾ ਦੂਜੀ ਟੇਪ ।<br>4.00 ਰੁਪਏ ਪ੍ਰਤੀ ਮਹੀਨਾ ਤੀਜੀ ਟੇਪ ਅਤੇ ਉਸ ਤੋਂ ਬਾਦ ਦੀਆਂ ਸਾਰੀਆਂ |

(ਅ) ਨਗਰ ਕੌਂਸਲ, ਗੋਬਿੰਦਗੜ ਵਲੋਂ ਮਿਤੀ 10 ਮਾਰਚ, 1993 ਦੀਆਂ ਹਦਾਇਤਾਂ ਦੀ ਪਾਲਣਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਸਟੇਅ ਆਰਡਰ ਜੀਰੀ ਕੀਤੇ ਜਾਣ ਕਾਰਨ ਨਹੀਂ ਕੀਤੀ ਜਾ ਸਕੀ ।

———

11187 PVS—Govt. Press. U.T., Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1994

Published under the authority of the Punjab Vidhan Sabha and, printed by the Controller, Printing and Stationery Department, U.T., Chandigarh.

Original with;
Punjab Vidhan Sabha
Digitized by;
Panjab Digital Library

22

# Punjab Vidhan Sabha

## Debates

*2nd September, 1994*

**Vol. VIII—No. 1**

OFFICIAL REPORT

CONTENTS

*Friday, the 2nd September, 1994*


| | Page |
|---|---|
| Obituary References .. .. | (1)1 |



Punjab Vidhan Sabha Secretariat, Chandigarh.

**Price :** Rs 1[illegible]-00



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# PUNJAB VIDHAN SABHA

*Friday, the 2nd September 1994*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 2.00 P.M. Mr. (Shri Harnam Das Johar) in the Chair.*

## OBITUARY REFERENCES

**Mr. Speaker** : Now we take up Obituary References.

**ਮੁੱਖ ਮੰਤਰੀ (ਸਰਦਾਰ ਬੇਅੰਤ ਸਿੰਘ) :** ਸਤਿਕਾਰਯੋਗ ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਜਦੋਂ ਅਸੀਂ ਪਿਛਲੀ ਵਾਰੀ ਇਥੇ ਸੈਸ਼ਨ ਦੇ ਅੰਦਰ ਮਿਲੇ ਸੀ ਉਸ ਤੋਂ ਬਾਅਦ ਬੜੀਆਂ ਭਾਰੀਆਂ ਟਰੈਜਿਡੀਜ਼ ਪੰਜਾਬ ਦੇ ਅੰਦਰ ਹੋਈਆਂ ਔਰ ਸਭ ਤੋਂ ਵੱਡੀ ਟਰੈਜਡੀ ਉਸ ਵਕਤ ਹੋਈ ਜਦੋਂ ਪੰਜਾਬ ਸਰਕਾਰ ਦਾ ਹਵਾਈ ਜ਼ਹਾਜ਼ ਗਵਰਨਰ ਸਾਹਿਬ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਲੈ ਕੇ ਕੁੱਲੂ ਜਾ ਰਿਹਾ ਸੀ। ਬੜੇ ਦੁੱਖ ਦੀ ਗੱਲ ਹੈ ਕਿ ਉਹ ਜਹਾਜ਼ ਕਰੈਸ਼ ਹੋਇਆ ਔਰ ਸਾਡੇ ਕੋਲੋਂ ਗਵਰਨਰ ਸਾਹਿਬ ਸ਼੍ਰੀ ਸੁਰਿੰਦਰ ਨਾਥ ਜੀ ਅਤੇ ਉਨ੍ਹਾਂ ਦਾ ਪਰਿਵਾਰ ਸਦਾ ਵਾਸਤੇ ਪ੍ਰਮਾਤਮਾ ਨੇ ਛੀਨ ਲਿਆ। ਗਵਰਨਰ ਸ਼੍ਰੀ ਸੁਰਿੰਦਰ ਨਾਥ ਜੀ ਬਹੁਤ ਹੀ ਸੁਲਝੇ ਹੋਏ ਇਨਸਾਨ ਸਨ ਔਰ ਉਨ੍ਹਾਂ ਨੇ ਪੰਜਾਬ ਦੀ ਰੱਜ ਕੇ ਸੇਵਾ ਕੀਤੀ। ਪੁਲਿਸ ਦੇ ਅੰਦਰ ਉਨ੍ਹਾਂ ਨੇ ਆਪਣਾ ਕੈਰੀਅਰ ਸ਼ੁਰੂ ਕੀਤਾ ਔਰ ਪੰਜਾਬ ਦੇ ਅੰਦਰ ਉਨ੍ਹਾਂ ਨੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਨੌਕਰੀ ਸ਼ੁਰੂ ਕੀਤੀ ਔਰ ਵੇਰੀਅਸ ਕਪੈਸਿਟੀਜ਼ ਦੇ ਅੰਦਰ ਉਨ੍ਹਾਂ ਨੇ ਪੰਜਾਬ ਦੀ ਸੇਵਾ ਕੀਤੀ। ਪੁਲਿਸ ਵਿੱਚ ਉਹ ਬੜੇ ਬੜੇ ਅਹੁਦਿਆਂ ਤੇ ਰਹੇ। ਜੰਮੂ ਐਂਡ ਕਸ਼ਮੀਰ ਵਿੱਚ ਉਹ ਆਈ.ਜੀ. ਪੁਲਿਸ ਰਹੇ ਔਰ ਦਿੱਲੀ ਵਿੱਚ ਵੀ ਉਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਮਿਲਿਆ। ਸੱਭ ਨਾਲੋਂ ਵੱਡੀ ਗੱਲ ਇਹ ਹੈ ਕਿ ਆਈ.ਪੀ.ਐਸ. ਤੋਂ ਜਦੋਂ ਵੀ ਕੋਈ ਨੌਕਰੀ ਛੱਡਦਾ ਰਿਹਾ ਹੈ ਤਾਂ ਸ਼ਾਇਦ ਹੀ ਕਿਸੇ ਨੂੰ ਚੀਫ ਸੈਕਟਰੀ ਬਣਨ ਦਾ ਮੌਕਾ ਮਿਲਿਆ ਹੋਵੇ ਪਰ ਈਸਟਰਨ ਸਟੇਟ ਵਿੱਚ ਸ਼੍ਰੀ ਸੁਰਿੰਦਰ ਨਾਥ ਚੀਫ ਸੈਕਟਰੀ ਰਹੇ ਔਰ ਚੀਫ ਸੈਕਟਰੀ ਦਾ ਕੰਮ ਵੀ ਬੜੀ ਅੱਛੀ ਤਰ੍ਹਾਂ ਉਨ੍ਹਾਂ ਨੇ ਕੀਤਾ। ਮੈਨੂੰ ਦੁੱਖ ਇਸ ਗੱਲ ਦਾ ਹੈ ਕਿ ਉਹ ਸਾਡੇ ਕੋਲੋਂ ਚਲੇ ਗਏ ਔਰ ਪੰਜਾਬ ਇਤਨੇ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਭਾਰੀ ਅੱਛੇ ਇਨਸਾਨ ਤੋਂ ਵਾਂਝਿਆਂ ਹੋ ਗਿਆ । ਮੈਨੂੰ ਯਾਦ ਹੈ ਕਿ ਜਦੋਂ ਉਹ ਗਵਰਨਰ ਸਾਹਿਬ ਦੇ ਐਡਵਾਈਜ਼ਰ ਸਨ ਤਾਂ ਉਨ੍ਹਾਂ ਨੇ ਐਡਵਾਈਜ਼ਰ ਦੇ ਤੌਰ ਤੇ ਵੀ ਬੜਾ ਅੱਛਾ ਕੰਮ ਕੀਤਾ । ਦਹਿਸ਼ਤਗਰਦੀ ਦਾ ਜ਼ਮਾਨਾ ਸੀ, ਹਰ ਪਾਸਿਓਂ ਉਸ ਵੇਲੇ ਖ਼ਬਰ ਆਉਂਦੀ ਸੀ ਕਿ ਕਿਸ ਤਰ੍ਹਾਂ ਬੰਦੇ ਮਾਰੇ ਜਾ ਰਹੇ ਹਨ, ਕਿਸ ਤਰ੍ਹਾਂ ਉਨ੍ਹਾਂ ਨੂੰ ਲੁਟਿਆ ਜਾ ਰਿਹਾ ਹੈ, ਕਿਸ ਤਰ੍ਹਾਂ ਰੇਪ ਹੋ ਰਹੇ ਹਨ । ਉਨ੍ਹਾਂ ਨੇ ਐਡਵਾਈਸ ਦੇ ਤੌਰ ਤੇ ਗਵਰਨਰ ਸਾਹਿਬ ਨੂੰ ਬੜੀ ਅੱਛੀ ਤਰ੍ਹਾਂ ਸਲਾਹ ਦਿੱਤੀ, ਐਡਵਾਈਜ਼ ਦਿੱਤੀ ਔਰ ਪੰਜਾਬ ਦੇ ਅੰਦਰ ਨਿਹਾਇਤ ਹੀ ਅੱਛੇ ਤਰੀਕੇ ਨਾਲ ਕੰਮ ਕੀਤਾ । ਉਸ ਦੇ ਬਾਅਦ ਉਹ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਵੀ ਬਣੇ ਅਤੇ ਉਥੇ ਵੀ ਉਨ੍ਹਾਂ ਦਾ ਰੋਲ ਬੜਾ ਸ਼ਲਾਘਾਯੋਗ ਸੀ । ਜੋ ਵੀ ਸਿਲੈਕਸ਼ਨਜ਼ ਕੀਤੀਆਂ ਉਹ ਬੜੀਆਂ ਇਮਪਾਰਸ਼ੀਅਲ ਤਰੀਕੇ ਨਾਲ ਕੀਤੀਆਂ । ਸਾਨੂੰ ਇਸ ਗੱਲ ਦਾ ਮਾਣ ਹੈ ਕਿ ਪੰਜਾਬੀ ਹੋਣ ਦੇ ਨਾਤੇ ਉਹ ਬੜੀ ਵੱਡੀ ਪਦਵੀ ਤੇ ਰਹੇ । ਜਦੋਂ ਸਾਡੀ ਸੈਂਟਰ ਦੀ ਸਰਕਾਰ ਬਣੀ ਜਿਸ ਦੇ ਪ੍ਰਾਈਮ ਮਨਿਸਟਰ ਸ਼੍ਰੀ ਨਰਸਿਮ੍ਹਾ ਰਾਓ ਜੀ ਬਣੇ ਤਾਂ ਉਨ੍ਹਾਂ ਨੇ ਸ਼੍ਰੀ ਸੁਰਿੰਦਰ ਨਾਥ ਨੂੰ ਪੰਜਾਬ ਦਾ ਗਵਰਨਰ ਬਣਾਇਆ । ਸ਼੍ਰੀ ਸੁਰਿੰਦਰ ਨਾਥ ਜੋ ਇਕ ਸੁਲਝੇ ਹੋਏ ਇਨਸਾਨ ਸਨ ਜਦੋਂ ਉਹ ਇਥੇ ਗਵਰਨਰ ਬਣੇ ਤਾਂ ਉਸ ਵਕਤ ਬੜਾ ਭਾਰੀ ਮਾਯੂਸੀ ਦਾ ਜ਼ਮਾਨਾ ਸੀ ਪਰ ਉਨ੍ਹਾਂ ਨੇ ਆਪਣੇ ਜ਼ਮਾਨੇ ਵਿੱਚ ਅਸੈਂਬਲੀ ਦੇ ਇਲੈਕਸ਼ਨ ਕਰਵਾਏ । ਕੋਈ ਵੀ ਹੌਸਲਾ ਨਹੀਂ ਕਰ ਸਕਿਆ ਕਿ ਪੰਜਾਬ ਦੇ ਅੰਦਰ ਅਸੈਂਬਲੀ ਦੀਆਂ ਇਲੈਕਸ਼ਨਜ਼ ਕਰਵਾਈਆਂ ਜਾਣ ਲੇਕਿਨ ਸ਼੍ਰੀ ਸੁਰਿੰਦਰ ਨਾਥ ਨੇ ਬੜੇ ਅੱਛੇ ਤਰੀਕੇ ਦੇ ਨਾਲ ਇਥੇ ਇਲੈਕਸ਼ਨਾਂ ਕਰਵਾਈਆਂ ਔਰ ਇਲੈਕਸ਼ਨਾਂ ਦੇ ਵਕਤ ਕੋਈ ਵੀ ਇਨਸੀਡੈਂਸ ਨਹੀਂ ਹੋਇਆ, ਬੜੀਆਂ ਪੀਸਫੁੱਲ ਇਲੈਕਸ਼ਨਾਂ ਹੋਈਆਂ । ਪੀਸਫੁੱਲ ਇਲੈਕਸ਼ਨਾਂ ਦੇ ਬਾਅਦ ਸ਼੍ਰੀ ਸੁਰਿੰਦਰ ਨਾਥ ਜੋ ਸਨ ਉਨ੍ਹਾਂ ਨੇ ਪਾਵਰ ਜੋ ਸੀ ਉਹ ਇਲੈਕਟਿਡ ਗੌਰਮਿੰਟ ਨੂੰ ਸੌਂਪੀ । ਉਸ ਤੋਂ ਬਾਅਦ ਤਕਰੀਬਨ ਦੋ ਢਾਈ ਸਾਲ ਸਾਡੇ ਗਵਰਨਰ ਰਹੇ ਔਰ ਮੈਨੂੰ ਮਾਣ ਹੈ ਕਿ ਉਨ੍ਹਾਂ ਕੋਲੋਂ ਜਾ ਕੇ ਮੈਂ ਸਲਾਹ ਲੈਂਦਾ ਸੀ ਅਤੇ ਉਹ ਆਪਣੀ ਅੱਛੀ ਐਡਵਾਈਸ ਦਿੰਦੇ ਸਨ । ਉਹ ਇਕ ਅੱਛੇ ਫਿਲਾਸਫਰ ਵੀ ਸਨ ਅਤੇ ਅੱਛੇ ਐਡਵਾਈਜ਼ਰ ਵੀ ਸਨ ਅਤੇ ਉਨ੍ਹਾਂ ਨੇ ਹਮੇਸ਼ਾਂ ਬੜੀ ਅੱਛੀ ਸਲਾਹ ਦਿੱਤੀ ਅਤੇ ਬੜਾ ਅੱਛਾ ਕੰਮ ਕੀਤਾ । ਉਨ੍ਹਾਂ ਦੀ ਪਤਨੀ

Original with;
Punjab Vidhan Sabha
Digitized by;
Panjab Digital Library

ਸ਼੍ਰੀਮਤੀ ਗਾਰਗੀ ਉਹ ਵੀ ਬੜੀ ਅੱਛੀ ਸੋਚ ਵਾਲੀ ਇਸਤਰੀ ਸੀ । ਉਨ੍ਹਾਂ ਦੀ ਜੋ ਸੋਚ ਸੀ ਉਸ ਸੋਚ ਦੀ ਅੱਜ ਵੀ ਇਸਤਰੀ ਜਾਤੀ ਵਿਚ ਬਹੁਤ ਲੋੜ ਹੈ । ਉਨ੍ਹਾਂ ਦੇ ਹੋਰ ਪਰਿਵਾਰ ਦੇ ਮੈਂਬਰ ਵੀ ਉਨ੍ਹਾਂ ਦੇ ਨਾਲ ਸਨ, ਉਹ ਵੀ ਨਾਲ ਗਏ ਸਨ । ਉਨ੍ਹਾਂ ਦਾ ਇਕ ਬੇਟਾ ਸੀ, ਨੂੰਹ ਸੀ, ਲੜਕੀ ਸੀ ਔਰ ਦਾਮਾਦ ਵੀ ਉਨ੍ਹਾਂ ਦੇ ਨਾਲ ਸੀ । ਮੈਂ ਸਮਝਦਾ ਹਾਂ ਕਿ ਇਤਨਾ ਵੱਡਾ ਇਨਸੀਡੈਂਟ, ਇਤਨੀ ਵੱਡੀ ਟਰੈਜਡੀ ਸ਼ਾਇਦ ਹੀ ਪਹਿਲੇ ਕਦੇ ਪੰਜਾਬ ਵਿਚ ਹੋਈ ਹੋਵੇ । ਮਿਸਟਰ ਸੰਧੂ ਅਤੇ ਮਿਸਟਰ ਪ੍ਰਗਟ ਸਿੰਘ ਜਿਹੜੇ ਬੜੇ ਐਕਸਪਰਟ ਪਾਇਲਟ ਸਨ ਔਰ ਅਮਰੀਕਾ ਤੋਂ ਟਰੇਨਿੰਗ ਲੈ ਕੇ ਆਏ ਹੋਏ ਸਨ, ਉਹ ਵੀ ਉਨ੍ਹਾਂ ਦੇ ਨਾਲ ਹੀ ਸਾਡੇ ਤੋਂ ਜੁਦਾ ਹੋ ਗਏ ਹਨ । ਉਨ੍ਹਾਂ ਦੇ ਹਵਾਈ ਜਹਾਜ਼ ਵਿਚ ਮੈਨੂੰ ਜਾਣ ਦਾ ਵੀ ਕਈ ਵਾਰ ਮੌਕਾ ਮਿਲਿਆ, ਉਹ ਬੜੇ ਸਿਆਣੇ ਸਨ ਔਰ ਉਨ੍ਹਾਂ ਨੇ ਪੰਜਾਬ ਦੀ ਬੜੀ ਸੇਵਾ ਕੀਤੀ ਸੀ । ਉਨ੍ਹਾਂ ਦਾ ਬਹੁਤ ਤਜਰਬਾ ਸੀ ਪਰ ਪ੍ਰਮਾਤਮਾ ਅੱਗੇ ਕਿਸੇ ਦਾ ਜ਼ੋਰ ਨਹੀਂ ਚਲਦਾ । ਇਸ ਤੋਂ ਇਲਾਵਾ ਉਨ੍ਹਾਂ ਦੇ, ਮੈਂ ਤਾਂ ਇਹ ਕਹਾਂਗਾ ਕਿ ਇਕ ਚੰਗੇ ਮਿੱਤਰ ਮਿਸਟਰ ਪਾਂਡੇ ਜਿਸ ਨੇ ਹਮੇਸ਼ਾ ਉਨ੍ਹਾਂ ਦੇ ਨਾਲ ਰਹਿ ਕੇ ਸੇਵਾ ਕੀਤੀ ਉਹ ਵੀ ਉਨ੍ਹਾਂ ਦੇ ਨਾਲ ਹੀ ਸ਼ਹੀਦ ਹੋ ਗਿਆ । ਮੈਂ ਸਮਝਦਾ ਹਾਂ ਕਿ ਅੱਜ ਸਾਡਾ ਦਿਲ ਉਨ੍ਹਾਂ ਵੱਲ ਖਿਚ ਜਾਂਦਾ ਹੈ ਜਿਨ੍ਹਾਂ ਨੇ ਪੰਜਾਬ ਦੀ, ਇਨਸਾਨੀਅਤ ਦੀ ਸੇਵਾ ਕੀਤੀ । ਪੰਜਾਬ ਨੂੰ ਇਨ੍ਹਾਂ ਦੇ ਚਲੇ ਜਾਣ ਨਾਲ ਬਹੁਤ ਵੱਡਾ ਘਾਟਾ ਪਿਆ ਹੈ । ਠੀਕ ਹੈ ਆਫਿਸ ਤਾਂ ਕਦੇ ਵੀ ਖਾਲੀ ਨਹੀਂ ਰਹਿੰਦਾ, ਗਵਰਨਰ ਬਣ ਜਾਂਦੇ ਹਨ ਪਰ ਇਹ ਜੋ ਟਰੈਜਡੀ ਹੋਈ ਇਹ ਬਹੁਤ ਵੱਡੀ ਟਰੈਜਡੀ ਹੋਈ । ਅੱਜ ਉਨ੍ਹਾਂ ਦਾ ਜਨਮ ਦਿਨ ਵੀ ਸੀ, ਗਵਰਨਰ ਹਾਊਸ ਦੇ ਵਿੱਚ ਅਖੰਡਪਾਠ ਦਾ ਭੋਗ ਪਾਇਆ ਗਿਆ ਔਰ ਖੂਨਦਾਨ ਕੈਂਪ ਲਾ ਕੇ ਉਨ੍ਹਾਂ ਦਾ ਜਨਮ ਦਿਨ ਮਨਾਇਆ ਗਿਆ । ਉਥੇ ਵੀ ਅੱਜ ਸ਼ੋਕ ਦਾ ਪ੍ਰਗਟਾਵਾ ਕੀਤਾ ਗਿਆ, ਉਥੇ ਉਨ੍ਹਾਂ ਦਾ ਬੇਟਾ ਰਣਜੀਤ ਮਲਹੋਤਰਾ ਵੀ ਸੀ । ਅੱਜ ਅਸੀਂ ਅਸੈਂਬਲੀ ਦੇ ਅੰਦਰ ਵੀ ਸ਼ੋਕ ਦਾ ਪ੍ਰਗਟਾਵਾ ਕਰ ਰਹੇ ਹਾਂ, ਇਸ ਲਈ ਇਹ ਸ਼ੋਕ ਦਾ ਮਤਾ ਉਨ੍ਹਾਂ ਨੂੰ ਭੇਜਿਆ ਜਾਣਾ ਚਾਹੀਦਾ ਹੈ ।

ਇਸ ਤੋਂ ਇਲਾਵਾ ਕੁਝ ਹੋਰ ਸੱਜਣ ਵੀ ਐਸੇ ਹਨ ਜਿਹੜੇ ਇਥੇ ਮੈਂਬਰ ਰਹੇ ਹਨ ਔਰ ਉਨ੍ਹਾਂ ਨੇ ਪੰਜਾਬ ਦੀ ਸੇਵਾ ਕੀਤੀ ਔਰ ਅੱਜ ਉਹ ਵੀ ਸਾਡੇ ਤੋਂ ਜੁਦਾ ਹੋ ਗਏ ਹਨ । ਉਨ੍ਹਾਂ ਵਿਚ ਮੇਜਰ-ਜਨਰਲ ਰਾਜਿੰਦਰ ਸਿੰਘ ਸਪੈਰੋ,

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਜਿਹੜੇ ਸਾਡੀ ਪਾਰਟੀ ਦੇ ਪ੍ਰੈਜ਼ੀਡੈਂਟ ਵੀ ਰਹੇ ਔਰ ਮੈਂਬਰ ਪਾਰਲੀਮੈਂਟ ਵੀ ਰਹੇ। ਉਹ ਮਿਲਟਰੀ ਦੀ ਸੇਵਾ ਤੋਂ ਮੇਜਰ ਜਨਰਲ ਰਿਟਾਇਰਡ ਹੋਏ ਸਨ ਔਰ ਉਨ੍ਹਾਂ ਨੇ ਆਪਣੀ ਸੇਵਾ ਦੇ ਦੌਰਾਨ ਬੜੀ ਡਿਸਟਿੰਕਸ਼ਨ ਵੀ ਹਾਸਲ ਕੀਤੀ ਔਰ ਮਹਾਂਵੀਰ ਚੱਕਰ ਵੀ ਪ੍ਰਾਪਤ ਕੀਤੇ ਸਨ । ਜੰਮੂ-ਕਸ਼ਮੀਰ ਵਿਚ ਲੜਾਈ ਵੇਲੇ ਉਨ੍ਹਾਂ ਨੇ ਦੇਸ਼ ਦੀ ਬੜੀ ਸੇਵਾ ਕੀਤੀ । ਰਿਟਾਇਰ ਹੋਣ ਤੋਂ ਬਾਅਦ ਜਲੰਧਰ ਵਿਚੋਂ ਉਹ ਇੰਡੀਪੈਂਡੈਂਟ ਜਿੱਤ ਕੇ ਅਸੈਂਬਲੀ ਵਿਚ ਆਏ ਸਨ । ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਵਿਚ ਉਹ ਮਨਿਸਟਰ ਵੀ ਰਹੇ ਹਨ । ਸਪੀਕਰ ਸਾਹਿਬ, ਉਹ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਵਿਚ ਰੈਵੇਨਿਊ ਮਨਿਸਟਰ ਅਤੇ ਐਗਰੀਕਲਚਰ ਮਨਿਸਟਰ ਰਹੇ । ਇਸ ਤੋਂ ਬਾਅਦ ਉਹ ਸਾਡੀ ਕਾਂਗਰਸ ਪਾਰਟੀ ਵਿਚ ਆਏ ਅਤੇ ਸਾਡੀ ਪਾਰਟੀ ਵਿਚ ਵੀ ਕਾਫੀ ਨਾਂ ਪ੍ਰਾਪਤ ਕੀਤਾ । ਉਹ ਪਾਰਲੀਮੈਂਟ ਦੇ ਵੀ ਮੈਂਬਰ ਰਹੇ ਅਤੇ ਫੇਰ ਬਾਅਦ ਵਿਚ ਉਹ ਕਾਂਗਰਸ ਪਾਰਟੀ, ਪੰਜਾਬ, ਦੇ ਪ੍ਰਧਾਨ ਵੀ ਰਹੇ । ਇਨ੍ਹਾਂ ਦੇ ਲਈ ਸਾਡਾ ਸਿਰ ਝੁਕਦਾ ਹੈ ।

ਸਪੀਕਰ ਸਾਹਿਬ, ਬੀਬੀ ਪ੍ਰਕਾਸ਼ ਕੌਰ, ਇਸ ਅਗਸਤ ਹਾਊਸ ਦੇ ਮੈਂਬਰ ਰਹੇ ਅਤੇ ਉਹ ਕਾਂਗਰਸ ਪਾਰਟੀ ਦੇ ਕਾਫੀ ਮਸ਼ਹੂਰ ਵਰਕਰ ਅਤੇ ਲੀਡਰ ਰਹੇ । ਬੀਬੀ ਪ੍ਰਕਾਸ਼ ਕੌਰ ਉਸ ਫੈਮਿਲੀ ਨੂੰ ਬੀਲੌਂਗ ਕਰਦੇ ਸਨ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਕਾਫੀ ਯੋਗਦਾਨ ਪਾਇਆ ਅਤੇ ਦੇਸ਼ ਦੀ ਸੇਵਾ ਕੀਤੀ । ਇਸ ਫੈਮਿਲੀ ਵਿਚ ਸਰਦਾਰ ਅਮਰ ਸਿੰਘ ਝਬਾਲ ਅਤੇ ਸਰਦਾਰ ਜਸਵੰਤ ਸਿੰਘ ਝਬਾਲ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਕਾਫੀ ਵੱਡਾ ਯੋਗਦਾਨ ਪਾਇਆ ਅਤੇ ਆਜ਼ਾਦੀ ਦੀ ਲਹਿਰ ਵਿਚ ਉਨ੍ਹਾਂ ਨੇ ਬੜਾ ਵੱਡਾ ਰੁਤਬਾ ਪਾਇਆ ਅਤੇ ਹਮੇਸ਼ਾ ਆਜ਼ਾਦੀ ਦੇ ਵਾਸਤੇ ਉਨ੍ਹਾਂ ਨੇ ਅੱਗੇ ਹੋ ਕੇ ਲੀਡਰਸ਼ਿਪ ਕੀਤੀ ਬੀਬੀ ਪ੍ਰਕਾਸ਼ ਕੌਰ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਮਨਿਸਟਰੀ ਵਿਚ ਮਨਿਸਟਰ ਰਹੇ । ਉਹ ਇਤਨੀ ਵੱਡੀ ਫੈਮਿਲੀ ਨਾਲ ਸਬੰਧ ਰਖਦੇ ਸਨ ਜਿਸ ਨੇ ਆਜ਼ਾਦੀ ਦੀ ਲਹਿਰ ਵਿਚ ਕਾਫੀ ਹਿੱਸਾ ਪਾਇਆ ਅਤੇ ਕੁਰਬਾਨੀਆਂ ਦਿੱਤੀਆਂ ਲੇਕਿਨ ਉਨ੍ਹਾਂ ਨੂੰ ਅੱਤਵਾਦ ਦੇ ਸਮੇਂ ਵਿਚ ਬੜੇ ਕਸ਼ਟ ਝਲਣੇ ਪਏ । ਦਹਿਸ਼ਤਗਰਦੀ ਅਤੇ ਅੱਤਵਾਦ ਦੇ ਸਮੇਂ ਅੱਤਵਾਦੀਆਂ ਨੇ ਉਨ੍ਹਾਂ ਦੀ ਜ਼ਮੀਨ ਉਤੇ ਕਬਜ਼ਾ ਕਰ ਲਿਆ ਅਤੇ ਉਹ ਆਪਣੇ ਪਿੰਡ ਵੀ ਨਹੀਂ ਜਾ ਸਕਦੇ ਸਨ । ਉਨ੍ਹਾਂ ਨੇ ਪੰਜਾਬ ਦੀ ਬੜੀ ਸੇਵਾ ਕੀਤੀ । ਉਹ ਸਾਡੇ ਕੋਲੋਂ ਜੁਦਾ

Original with;
Punjab Vidhan Sabha
Digitized by;
Panjab Digital Library

ਹੋ ਗਏ ਹਨ । ਉਨ੍ਹਾਂ ਦੇ ਲਈ ਸਾਡਾ ਸਿਰ ਝੁਕਦਾ ਹੈ ਅਤੇ ਅਸੀਂ ਸ਼ਰਧਾਂਜਲੀ ਪੇਸ਼ ਕਰਦੇ ਹਾਂ ।

ਸਪੀਕਰ ਸਾਹਿਬ, ਸਰਦਾਰ ਗੁਰਚਰਨ ਸਿੰਘ, ਐਕਸ-ਮਨਿਸਟਰ, ਇਹ ਬਹੁਤ ਵੱਡੇ ਪੰਜਾਬ ਵਿਚ ਲੀਡਰ ਰਹੇ ਹਨ ਅਤੇ ਇਨ੍ਹਾਂ ਨੇ ਪੰਜਾਬ ਦੀ ਕਾਫੀ ਸੇਵਾ ਕੀਤੀ । ਇਹ ਵੀ ਇਸ ਹਾਊਸ ਦੇ ਮੈਂਬਰ ਰਹੇ ਅਤੇ ਸਰਦਾਰ ਲਛਮਣ ਸਿੰਘ ਗਿੱਲ ਦੀ ਮਨਿਸਟਰੀ ਵਿਚ ਸਟੇਟ ਮਨਿਸਟਰ ਰਹੇ । ਇਹ ਖੰਨਾ ਕੰਸਟੀਚਿਊਐਂਸੀ ਵਿਚੋਂ ਇਲੈਕਟ ਹੋ ਕੇ ਆਏ ਸਨ ਅਤੇ ਇਨ੍ਹਾਂ ਨੇ ਜ਼ਿਲ੍ਹਾ ਲੁਧਿਆਣਾ ਦੀ ਕਾਫੀ ਸੇਵਾ ਕੀਤੀ । ਇਹ ਸਾਡੇ ਕੋਲੋਂ ਜੁਦਾ ਹੋ ਗਏ ਹਨ । ਇਨ੍ਹਾਂ ਦੇ ਲਈ ਵੀ ਸਾਡਾ ਸਿਰ ਝੁਕਦਾ ਹੈ ।

ਸਪੀਕਰ ਸਾਹਿਬ, ਸਰਦਾਰ ਬਲਦੇਵ ਸਿੰਘ ਸਿੱਧੂ, ਪੈਪਸੂ ਸਟੇਟ ਦੇ ਮੈਂਬਰ ਰਹੇ ਹਨ ਅਤੇ ਪੈਪਸੂ ਸਟੇਟ ਦੀ ਇਨ੍ਹਾਂ ਨੇ ਬਹੁਤ ਭਾਰੀ ਸੇਵਾ ਕੀਤੀ । ਖਾਸ ਕਰਕੇ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਮਾਨਸਾ ਦੇ ਇਲਾਕੇ ਦੀ ਬਹੁਤ ਸੇਵਾ ਕੀਤੀ ਅਤੇ ਜਦੋਂ ਪਾਕਿਸਤਾਨ ਬਣਿਆ ਸੀ ਉਸ ਵਕਤ ਪੀੜਤ ਲੋਕਾਂ ਦੀ ਬੜੀ ਸੇਵਾ ਕੀਤੀ । ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ ਅਤੇ ਇਸ ਗੁਰਦੁਆਰਾ ਕਮੇਟੀ ਵਿਚ ਵੀ ਕਾਫੀ ਸੇਵਾ ਕੀਤੀ । ਇਹ ਵੀ ਸਾਡੇ ਕੋਲੋਂ ਜੁਦਾ ਹੋ ਗਏ ਹਨ । ਇਨ੍ਹਾਂ ਦੇ ਲਈ ਵੀ ਸਾਡਾ ਸਿਰ ਝੁਕਦਾ ਹੈ ।

ਸਪੀਕਰ ਸਾਹਿਬ, ਸਰਦਾਰ ਸੰਤ ਸਿੰਘ ਧੂਰੀ, ਜਿਨ੍ਹਾਂ ਨੂੰ ਜ਼ੈਲਦਾਰ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਉਹ ਇਸ ਹਾਊਸ ਦੇ 3 ਵਾਰ ਐਮ.ਐਲ.ਏ. ਰਹੇ । ਬੜੇ ਹਸਮੁਖ ਇਨਸਾਨ ਸਨ ਅਤੇ ਬੜੇ ਪਿਆਰ ਨਾਲ ਮਿਲਦੇ ਸਨ । ਅਸੈਂਬਲੀ ਵਿਚ ਕਾਫੀ ਜਾਣਕਾਰੀ ਰਖਦੇ ਸਨ ਅਤੇ ਨਵੇਂ ਮੈਂਬਰਾਂ ਨੂੰ ਦਿੰਦੇ ਸਨ । ਇਹ ਵੀ ਸਾਡੇ ਕੋਲੋਂ ਜੁਦਾ ਹੋ ਗਏ ਹਨ । ਇਨ੍ਹਾਂ ਦੇ ਲਈ ਸਾਡਾ ਸਿਰ ਝੁਕਦਾ ਹੈ ।

ਸਪੀਕਰ ਸਾਹਿਬ, ਸਰਦਾਰ ਰਤਨ ਸਿੰਘ ਲੋਹਗੜ੍ਹ ਇਸ ਹਾਊਸ ਦੇ ਮੈਂਬਰ ਰਹੇ । ਇਹ ਕਾਫੀ ਪੁਰਾਣੇ ਸਮੇਂ ਦੀ ਗੱਲ ਹੈ । ਮੋਗਾ ਦੇ ਇਲਾਕੇ ਨਾਲ ਸਬੰਧ ਰਖਦੇ ਸਨ ਅਤੇ ਉਥੋਂ ਇਹ ਜਿੱਤ ਕੇ ਆਏ ਸਨ । ਇਹ ਬਹੁਤ ਵੱਡੇ ਟਰਾਂਸਪੋਰਟਰ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਸਨ ਅਤੇ ਇਨ੍ਹਾਂ ਦਾ ਟਰਾਂਸਪੋਰਟ ਦਾ ਕਾਫੀ ਬਿਜ਼ਨੈਸ ਸੀ । ਟਰਾਂਸਪੋਰਟ ਦੇ ਸੈਕਟਰ ਵਿਚ ਇਨ੍ਹਾਂ ਦਾ ਕਾਫੀ ਯੋਗਦਾਨ ਰਿਹਾ ਹੈ । ਇਹ ਵੀ ਸਾਡੇ ਤੋਂ ਜੁਦਾ ਹੋ ਗਏ ਹਨ । ਇਨ੍ਹਾਂ ਦੇ ਲਈ ਵੀ ਸਾਡਾ ਸਿਰ ਝੁਕਦਾ ਹੈ ।

ਸਪੀਕਰ ਸਾਹਿਬ, ਸਰਦਾਰ ਪ੍ਰਤਾਪ ਸਿੰਘ ਕਾਦੀਆਂ, ਇਹ ਵੀ ਇਸ ਹਾਊਸ ਦੇ ਮੈਂਬਰ ਰਹੇ ਹਨ ਅਤੇ ਇਨ੍ਹਾਂ ਨੇ ਲੁਧਿਆਣੇ ਦੇ ਛੋਟੇ ਜਿਹੇ ਪਿੰਡ ਕਾਦੀਆਂ ਵਿਚ ਕਾਫੀ ਕੰਮ ਕੀਤਾ । ਇਸ ਪਿੰਡ ਦੀ ਉਨ੍ਹਾਂ ਨੇ ਕਾਫੀ ਤਰੱਕੀ ਕੀਤੀ ਜਿਸ ਕਰਕੇ ਬੜੇ ਮਸ਼ਹੂਰ ਸਨ । ਬੇਸ਼ਕ ਉਹ ਇਕ ਵਾਰ ਹੀ ਇਸ ਹਾਊਸ ਦੇ ਮੈਂਬਰ ਬਣ ਕੇ ਆਏ ਲੇਕਿਨ ਉਨ੍ਹਾਂ ਦਾ ਫਾਰਮਰਜ਼ ਦੀ ਸੇਵਾ ਕਰਨ ਵਿਚ ਬੜਾ ਵੱਡਾ ਯੋਗਦਾਨ ਰਿਹਾ । ਉਹ ਫਾਰਮਰਜ਼ ਯੂਨੀਅਨ ਦੇ ਫਾਊਂਡਰ ਪ੍ਰੈਜ਼ੀਡੈਂਟ ਵੀ ਰਹੇ ਅਤੇ ਬੜੇ ਸਰਗਰਮ ਪ੍ਰੈਜੀਡੈਂਟ ਸਨ । ਫਾਰਮਰਜ਼ ਦੇ ਲਈ ਉਨ੍ਹਾਂ ਦੀ ਬੜੀ ਕੰਟਰੀਬਿਊਸ਼ਨ ਰਹੀ । ਅਕਾਲੀ ਪਾਰਟੀ ਦੀ ਟਿਕਟ ਤੇ ਉਹ ਜਿੱਤ ਕੇ ਇਸ ਹਾਊਸ ਚ ਆਏ ਸਨ । ਉਹ ਸਾਡੇ ਕੋਲੋਂ ਜੁਦਾ ਹੋ ਗਏ ਹਨ । ਉਨ੍ਹਾਂ ਦੇ ਲਈ ਵੀ ਸਾਡਾ ਸਿਰ ਝੁਕਦਾ ਹੈ ।

ਸਪੀਕਰ ਸਾਹਿਬ, ਸ਼੍ਰੀ ਰਾਮ ਪ੍ਰਕਾਸ਼, ਐਮ.ਐਲ.ਏ. ਅਤੇ ਐਮ.ਪੀ. ਵੀ ਰਹੇ ਸਨ । ਉਹ ਹਰਿਆਣਾ ਦੇ ਰਹਿਣ ਵਾਲੇ ਸਨ ਅਤੇ ਬੜੇ ਮਸ਼ਹੂਰ ਪੰਜਾਬੀ ਸਨ । ਉਹ ਹਰੇਕ ਦੇ ਨਾਲ ਪਿਆਰ ਰੱਖਦੇ ਸਨ ਅਤੇ ਬੜੇ ਹੀ ਮਸ਼ਹੂਰ ਸਨ । ਐਮ.ਐਲ.ਏ. ਹੋਸਟਲ ਵਿਚ ਉਨ੍ਹਾਂ ਕੋਲ ਸਾਰੇ ਲੋਕ ਇੱਕਠੇ ਹੋ ਜਾਂਦੇ ਸਨ । ਉਹ ਹਿਊਮਰਸ ਵੇਅ ਨਾਲ ਲੋਕਾਂ ਨੂੰ ਬੜਾ ਖੁਸ਼ ਰਖਦੇ ਸਨ, ਇਸ ਕਰਕੇ ਲੋਕਾਂ ਨੇ ਉਨ੍ਹਾਂ ਨੂੰ ਅੰਬਾਲੇ ਤੋਂ ਐਮ.ਪੀ. ਬਣਾ ਕੇ ਭੇਜਿਆ ਸੀ । ਉਹ ਸ਼ਡਿਊਲਡ ਕਾਸਟ ਵਰਗ ਦੇ ਲੀਡਰ ਸਨ ਅਤੇ ਉਨ੍ਹਾਂ ਲਈ ਉਨ੍ਹਾਂ ਨੇ ਬੜਾ ਭਾਰੀ ਕੰਮ ਕੀਤਾ । ਮੈਨੂੰ ਬੜਾ ਹੀ ਅਫਸੋਸ ਹੈ ਕਿ ਉਹ ਸਾਡੇ ਕੋਲੋਂ ਜੁਦਾ ਹੋ ਗਏ ਹਨ ।

ਪੰਡਿਤ ਰਘਬੀਰ ਸ਼ਰਨ ਵੀ ਹਰਿਆਣਾ ਦੇ ਰਹਿਣ ਵਾਲੇ ਸਨ ਅਤੇ ਉਹ ਉਸ ਵੇਲੇ ਦੋ ਵਾਰੀ ਕੌਂਸਲ ਦੇ ਮੈਂਬਰ ਬਣੇ ਜਦੋਂ ਪੰਜਾਬ, ਹਰਿਆਣਾ ਇੱਕਠਾ ਸੀ । ਉਹ ਬੜੇ ਹੀ ਸਟਾਲਵਾਰਟ ਸਨ । ਉਹ ਹਰਿਆਣਾ ਅਤੇ ਪੰਜਾਬ ਨੂੰ

Original with;
Punjab Vidhan Sabha
Digitized by;
Panjab Digital Library

ਸਾਰਾ ਇਕੱਠਾ ਵੇਖਣਾ ਚਾਹੁੰਦੇ ਸਨ । ਮੈਨੂੰ ਬੜਾ ਅਫਸੋਸ ਹੈ ਕਿ ਉਹ ਸਾਡੇ ਕੋਲੋਂ ਜੁਦਾ ਹੋ ਗਏ ਹਨ ।

ਸਰਦਾਰ ਦਲਜੀਤ ਸਿੰਘ ਮੈਂਬਰ ਪਾਰਲੀਮੈਂਟ ਰਹੇ ਅਤੇ ਉਹ ਰੋਪੜ ਵਿੱਚੋਂ ਜਿੱਤ ਕੇ ਗਏ ਸਨ । ਉਹ ਸ਼ਡਿਊਲਡ ਕਾਸਟਾਂ ਦੇ ਲੀਡਰ ਸਨ ਅਤੇ ਉਨ੍ਹਾਂ ਦਿਨਾਂ ਵਿਚ ਉਨ੍ਹਾਂ ਨੇ ਬੜੀਆਂ ਲਿਖਤਾਂ ਲਿਖੀਆਂ ਸਨ । ਉਹ ਬੜੇ ਹੀ ਮਿਲਾਪੜੇ ਸਨ । ਉਹ ਚੰਗੇ ਲੇਜਿਸਲੇਟਰ ਵੀ ਰਹੇ । ਉਨ੍ਹਾਂ ਦੀ ਕੰਟ੍ਰੀਬਿਊਸ਼ਨ ਪਾਰਲੀਮੈਂਟ ਦੇ ਅੰਦਰ ਵੀ ਅਤੇ ਬਾਹਰ ਵੀ ਬਹੁਤ ਹੀ ਵਧੀਆ ਰਹੀ । ਮੇਰਾ ਸਿਰ ਉਨ੍ਹਾਂ ਦੇ ਅੱਗੇ ਝੁਕਦਾ ਹੈ । ਉਹ ਵੀ ਅੱਜ ਸਾਥੋਂ ਜੁਦਾ ਹੋ ਗਏ ਹਨ ।

ਮਿਸਟਰ ਜਸਟਿਸ ਡੀ.ਕੇ. ਮਹਾਜਨ, ਚੀਫ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਰਹੇ ਸਨ । ਉਹ ਬਹੁਤ ਵੱਡੇ ਫਿਲਾਸਫਰ ਹੋਏ ਸਨ । ਉਨ੍ਹਾਂ ਨੇ ਜਿੰਨੀਆਂ ਵੀ ਲਿਖਤਾਂ ਲਿਖੀਆਂ, ਉਹ ਅੱਜ ਵੀ ਮੌਜੂਦ ਹਨ । ਉਨ੍ਹਾਂ ਦੇ ਫੈਸਲਿਆਂ ਨੂੰ ਵੀ ਬੜਾ ਸਤਿਕਾਰਿਆ ਜਾਂਦਾ ਸੀ । ਰਿਟਾਇਰ ਹੋਣ ਤੋਂ ਬਾਅਦ ਉਨ੍ਹਾਂ ਨੇ ਬੜੇ ਸੋਸ਼ਲ ਕੰਮ ਕੀਤੇ ਅਤੇ ਸਾਰੀਆਂ ਚੰਗੀਆ ਗੱਲਾਂ ਨੂੰ ਲਿਖਿਆ । ਜਸਟਿਸ ਡੀ.ਕੇ. ਮਹਾਜਨ ਨੇ ਜੁਡੀਸ਼ਰੀ ਦੀ ਬੜੀ ਭ ਸੇਵਾ ਕੀਤੀ ।

ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਹਾਊਸ ਦੇ ਬੀ.ਐਸ.ਪੀ. ਦੇ ਲੀਡਰ ਸਰਦਾਰ ਰਾਜ ਸਿੰਘ, ਐਮ.ਐਲ.ਏ., ਦੇ ਪਰਿਵਾਰ ਦਾ ਕੱਲ੍ਹ ਐਕਸੀਡੈਂਟ ਹੋਇਆ । ਐਕਸੀਡੈਂਟ ਵਿਚ ਉਨ੍ਹਾਂ ਦਾ ਪਿਤਾ ਅਤੇ ਛੋਟਾ ਲੜਕਾ ਦਲਜੀਤ ਸਿੰਘ ਚਲਾ ਗਿਆ ਅਤੇ ਉਨ੍ਹਾਂ ਦੀ ਘਰਵਾਲੀ ਨੂੰ ਵੀ ਕਾਫੀ ਸੱਟਾਂ ਲੱਗੀਆਂ । ਸਰਦਾਰ ਰਾਜ ਸਿੰਘ ਦੂਸਰੀ ਕਾਰ ਵਿਚ ਸਨ ਜਿਸ ਕਰਕੇ ਉਹ ਬਚ ਗਏ, ਪਰ ਤੁਨ੍ਹਾਂ ਦੇ ਪਰਿਵਾਰ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਹੈ ।

ਸਪੀਕਰ ਸਾਹਿਬ, ਇਕ ਹੋਰ ਬਹੁਤ ਭਾਰੀ ਟਰੈਜਡੀ ਥੀਨ ਡੈਮ ਤੇ ਹੋਈ ਅਤੇ ਸਾਡੇ 11 ਮਜ਼ਦੂਰ ਮਰ ਗਏ । ਸਾਡਾ ਹਮੇਸ਼ਾਂ ਮਜ਼ਦੂਰਾਂ ਅੱਗੇ ਸਿਰ ਝੁਕਿਆ ਰਹਿੰਦਾ ਹੈ । ਸਾਰਾ ਸੰਸਾਰ ਮਜ਼ਦੂਰਾਂ ਦੇ ਸਿਰ ਉਤੇ ਖੜ੍ਹਾ ਹੈ । ਮਜ਼ਦੂਰ ਹੀ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਬਿਲਡਿੰਗਾਂ ਬਣਾਉਂਦੇ ਹਨ ਅਤੇ ਡੈਮ ਬਣਾਉਂਦੇ ਹਨ । ਮਜ਼ਦੂਰ ਹੀ ਸਭ ਕੁਝ ਕਰਨ ਵਾਲੇ ਹਨ । ਇਹ ਐਕਸੀਡੈਂਟ ਕਰੇਨ ਟੁਟਣ ਦੇ ਨਾਲ ਹੋਇਆ ਅਤੇ ਅਸੀਂ 11 ਮਜ਼ਦੂਰ ਹਥੋਂ ਗਵਾ ਲਏ । ਮੈਂ, ਸਪੀਕਰ ਸਾਹਿਬ, ਸਮਝਦਾ ਹਾਂ ਕਿ ਹਾਊਸ ਨੂੰ 11 ਮਜ਼ਦੂਰਾਂ ਦਾ ਮਤਾ ਵੀ ਪਾਸ ਕਰਨਾ ਚਾਹੀਦਾ ਹੈ ਅਤੇ ਇਹ ਮਤਾ ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਭੇਜਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਸਾਰਿਆਂ ਨੂੰ ਜੋ ਸਾਥੋਂ ਵਿਛੜ ਗਏ ਹਨ, ਆਪਣੇ ਵੱਲੋਂ ਅਤੇ ਸਾਰੇ ਹਾਊਸ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ।

**ਸਰਦਾਰ ਨਿਰਮਲ ਸਿੰਘ ਨਿੰਮਾ (ਭਦੌੜ, ਐਸ.ਸੀ.):** ਸਪੀਕਰ ਸਾਹਿਬ, ਮੈਂ ਉਨ੍ਹਾਂ ਸਾਰੇ ਮਹਾਨ ਸਜਣਾਂ ਨੂੰ, ਜੋ ਸਾਡੇ ਕੋਲੋਂ ਵਿਛੜ ਗਏ ਹਨ, ਸ਼ਰਧਾ ਦੇ ਫੁੱਲ ਭੇਟ ਕਰਨ ਲਈ ਖੜ੍ਹਾ ਹੋਇਆ ਹਾਂ ਜਿਨ੍ਹਾਂ ਨੇ ਦੇਸ਼ ਲਈ ਅਤੇ ਸਮਾਜ ਲਈ ਬਹੁਤ ਵੱਡਾ ਯੋਗਦਾਨ ਪਾਇਆ । ਇਨ੍ਹਾਂ ਵਿਚੋਂ ਸ਼੍ਰੀ ਸੁਰਿੰਦਰ ਨਾਥ, ਰਾਜਪਾਲ, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਸਾਥੋਂ ਜੁਦਾ ਹੋ ਗਏ ਹਨ । ਇਕ ਹੈਲੀਕਾਪਟਰ ਦੇ ਵਿਚ ਜਾਂਦੇ ਹੋਏ ਪਰਿਵਾਰ ਸਮੇਤ ਉਨ੍ਹਾਂ ਨਾਲ ਜੋ ਹਾਦਸਾ ਵਾਪਰਿਆ, ਉਹ ਆਪਣੀ ਕਿਸਮ ਦੀ ਪਹਿਲੀ ਅਜਿਹੀ ਦੁਖਦਾਈ ਘਟਨਾ ਹੈ । ਮਾਨਯੋਗ ਗਵਰਨਰ ਸਾਹਿਬ ਦਾ ਸੁਭਾਅ ਬੜਾ ਮਿੱਠ-ਬੋਲੜਾ ਸੀ ਅਤੇ ਉਹ ਬੜੀ ਨੇਕ-ਨੀਤੀ ਵਾਲੇ ਇਨਸਾਨ ਸਨ । ਉਹ ਅਜਿਹੇ ਔਖੇ ਸਮੇਂ ਵਿਚ ਰਾਜਪਾਲ ਦੀ ਚੇਅਰ ਤੇ ਬਿਰਾਜਮਾਨ ਹੋਏ ਸਨ ਜਦੋਂ ਕਿ ਪੰਜਾਬ ਵਿਚ ਅੱਗ ਦੇ ਭਾਂਬੜ ਬਲ ਰਹੇ ਸਨ ਅਤੇ ਗੋਲੀਆਂ ਦੀ ਠਾਹ ਠਾਹ ਹੋ ਰਹੀ ਸੀ । ਅਜਿਹੇ ਮੁਸ਼ਕਲ ਸਮੇਂ ਵਿਚ ਆਪਣੀ ਜ਼ਿੰਮੇਵਾਰੀ ਨਿਪੁੰਨਤਾ ਅਤੇ ਸਿਆਣਪ ਨਾਲ ਨਿਭਾ ਸਕਣੀ ਕਿਸੇ ਦਲੇਰ ਆਦਮੀ ਦਾ ਹੀ ਕੰਮ ਹੁੰਦਾ ਹੈ । ਅੱਜ ਉਹ ਸਾਡੇ ਵਿਚ ਨਹੀਂ ਰਹੇ । ਇਸ ਅਸੈਂਬਲੀ ਵਿਚ ਇਲੈਕਟ ਹੋ ਕੇ ਆਉਣ ਤੋਂ ਪਹਿਲਾਂ ਵੀ ਮੈਨੂੰ ਸੰਗਰੂਰ ਵਿਖੇ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ ਸੀ । ਮੈਂ ਉਨ੍ਹਾਂ ਨੂੰ ਬੜੇ ਨੇੜੇ ਤੋਂ ਹੋ ਕੇ ਵੇਖਿਆ ਹੈ । ਉਸ ਤੋਂ ਬਾਅਦ ਵੀ ਸਮੇਂ ਸਮੇਂ ਤੇ ਮੈਨੂੰ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਦਾ ਰਿਹਾ । ਇਸ ਹਾਊਸ ਦੇ ਅੰਦਰ ਉਨ੍ਹਾਂ ਨੇ ਦੋ ਵਾਰ ਆਪਣਾ ਭਾਸ਼ਣ ਦਿੱਤਾ । ਸਿਆਸੀ

Original with;
Punjab Vidhan Sabha
Digitized by;
Panjab Digital Library

ਤੌਰ ਤੇ ਸਾਡਾ ਜੋ ਵੀ ਫਰਜ਼ ਬਣਦਾ ਸੀ, ਉਸ ਨੂੰ ਨਿਭਾਉਂਦੇ ਹੋਏ ਕਈ ਵਾਰ ਸਾਨੂੰ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਦਾ ਰਿਹਾ । ਅਜਿਹੇ ਨੇਕ-ਨੀਅਤ ਇਨਸਾਨ ਨਾਲ ਹੋਈ ਦੁਖਦਾਈ ਘਟਨਾ ਕਾਰਣ ਸਾਨੂੰ ਜੋ ਘਾਟਾ ਪਿਆ ਹੈ, ਉਹ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਹੈ । ਇਹ ਘਾਟਾ ਬੜੀ ਦੇਰ ਤੱਕ ਪੰਜਾਬ ਨੂੰ ਅਤੇ ਕੌਮ ਨੂੰ ਮਹਿਸੂਸ ਹੁੰਦਾ ਰਹੇਗਾ ।

ਸਪੀਕਰ ਸਾਹਿਬ, ਮੇਜਰ-ਜਨਰਲ ਰਾਜਿੰਦਰ ਸਿੰਘ ਸਪੈਰੋ ਜਲੰਧਰ ਤੋਂ ਲੋਕ ਸਭਾ ਦੇ ਮੈਂਬਰ ਬਣੇ । ਉਨ੍ਹਾਂ ਨੇ ਮੈਂਬਰ ਪਾਰਲੀਮੈਂਟ ਹੋਣ ਦੇ ਨਾਤੇ ਇਸ ਦੇਸ਼ ਦੀ ਕਾਫੀ ਸੇਵਾ ਕੀਤੀ । ਉਨ੍ਹਾਂ ਦੇ ਸਾਥੋਂ ਵਿਛੜ ਜਾਣ ਨਾਲ ਜੋ ਘਾਟਾ ਪਿਆ ਹੈ, ਉਸ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ ।

ਇਸੇ ਤਰ੍ਹਾਂ ਹੀ ਸ੍ਰੀਮਤੀ ਪ੍ਰਕਾਸ਼ ਕੌਰ, ਸਾਬਕਾ ਮਨਿਸਟਰ, ਪੰਜਾਬ, ਸਰਦਾਰ ਗੁਰਚਰਨ ਸਿੰਘ, ਸਾਬਕਾ ਮਨਿਸਟਰ, ਪੰਜਾਬ ਅਤੇ ਸਰਦਾਰ ਬਲਦੇਵ ਸਿੰਘ ਸਿੱਧੂ, ਸਾਬਕਾ ਐਮ.ਐਲ.ਏ., ਪੈਪਸੂ ਰਿਆਸਤ, ਵੀ ਸਾਡੇ ਕੋਲੋਂ ਵਿਛੜ ਗਏ ਹਨ । ਇਨ੍ਹਾਂ ਨੇ ਆਪਣੇ ਸਮੇਂ ਦੌਰਾਨ ਲੋਕਾਂ ਦੀ ਸੇਵਾ ਕਰਕੇ ਆਪਣਾ ਫਰਜ਼ ਪੂਰੀ ਤਰ੍ਹਾਂ ਨਿਭਾਇਆ । ਉਨ੍ਹਾਂ ਵੱਲੋਂ ਪਾਏ ਯੋਗਦਾਨ ਨੂੰ ਇਹ ਪੰਜਾਬ, ਕੌਮ ਅਤੇ ਦੇਸ਼ ਭੁਲਾ ਨਹੀਂ ਸਕਦਾ ।

ਸਰਦਾਰ ਸੰਤ ਸਿੰਘ, ਸਾਬਕਾ ਐਮ.ਐਲ.ਏ. ਨੂੰ ਜ਼ੈਲਦਾਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ । ਮੈਂ ਆਪ ਉਨ੍ਹਾਂ ਦੇ ਇਲਾਕੇ ਨਾਲ ਸਬੰਧ ਰੱਖਦਾ ਹਾਂ । ਇਸ ਅਸੈਂਬਲੀ ਦੇ ਅੰਦਰ ਆ ਕੇ ਜਿਸ ਯੋਗਤਾ ਦੇ ਨਾਲ ਉਨ੍ਹਾਂ ਨੇ ਆਪਣੇ ਇਲਾਕੇ ਦੀ ਨੁਮਾਇੰਦਗੀ ਕੀਤੀ ਅਤੇ ਜਿਸ ਪਿਆਰ ਸਦਕਾ ਉਨ੍ਹਾਂ ਨੇ ਲੋਕਾਂ ਦਾ ਵਿਸ਼ਵਾਸ ਜਿੱਤਿਆ, ਉਸ ਨੂੰ ਭੁਲਾਇਆ ਨਹੀਂ ਜਾ ਸਕਦਾ । ਜਿਸ ਮਾਲਵਾ ਖਾਲਸਾ ਹਾਈ ਸਕੂਲ, ਧੂਰੀ, ਵਿਚ ਮੈਂ ਪੜ੍ਹਿਆ ਹਾਂ, ਉਸ ਸੰਸਥਾ ਪ੍ਰਤੀ ਵੀ ਉਨ੍ਹਾਂ ਦਾ ਬਹੁਤ ਯੋਗਦਾਨ ਸੀ । ਉਨ੍ਹਾਂ ਦੇ ਵਿਛੜ ਜਾਣ ਦਾ ਵੀ ਮੈਨੂੰ ਬਹੁਤ ਅਫਸੋਸ ਹੈ ।

ਇਸੇ ਤਰ੍ਹਾਂ ਸਰਦਾਰ ਰਤਨ ਸਿੰਘ ਲੋਹਗੜ੍ਹ, ਸਾਬਕਾ ਐਮ.ਐਲ.ਏ., ਸਰਦਾਰ ਪ੍ਰਤਾਪ ਸਿੰਘ ਕਾਦੀਆਂ, ਸਾਬਕਾ ਐਮ.ਐਲ.ਏ. ਅਤੇ ਸ਼੍ਰੀ ਰਾਮ ਪ੍ਰਕਾਸ਼, ਸਾਬਕਾ ਐਮ.ਐਲ.ਏ. ਅਤੇ ਐਮ.ਪੀ. ਵੀ ਸਾਡੇ ਕੋਲੋਂ ਵਿਛੜ ਗਏ ਹਨ ।

Original with;
Punjab Vidhan Sabha
Digitized by;
Panjab Digital Library

[ ਸਰਦਾਰ ਨਿਰਮਲ ਸਿੰਘ ਨਿੰਮਾ ]

ਪੰਡਿਤ ਰਘਬੀਰ ਸ਼ਰਨ, ਸਾਬਕਾ ਐਮ.ਐਲ.ਏ. ਅਤੇ ਸਰਦਾਰ ਦਲਜੀਤ ਸਿੰਘ, ਸਾਬਕਾ ਐਮ.ਪੀ. ਵੀ ਸਾਡੇ ਕੋਲੋਂ ਜੁਦਾ ਹੋ ਗਏ ਹਨ। ਇਨ੍ਹਾਂ ਸਾਰਿਆਂ ਨੇ ਆਪੋ ਆਪਣੇ ਸਮਿਆਂ ਅੰਦਰ ਸਮਾਜ ਸੇਵਾ ਵਿਚ ਆਪਣਾ ਕੀਮਤੀ ਯੋਗਦਾਨ ਪਾਇਆ ਅਤੇ ਸਾਡੇ ਵਰਗੇ ਨੌਜਵਾਨਾਂ ਨੂੰ ਪੈਦਾ ਕਰਕੇ ਅੱਗੇ ਤੋਰਿਆ। ਉਨ੍ਹਾਂ ਦਾ ਇਹ ਯੋਗਦਾਨ ਨਾ-ਭੁਲਾਉਣਯੋਗ ਹੈ। ਉਨ੍ਹਾਂ ਦਾ ਗੁਜ਼ਰ ਜਾਣਾ ਸਾਡੇ ਸਮਾਜ ਅਤੇ ਕੌਮ ਵਾਸਤੇ ਬੜੀ ਘਾਟੇ ਵਾਲੀ ਗੱਲ ਹੈ।

ਸਪੀਕਰ ਸਾਹਿਬ, ਜਸਟਿਸ ਡੀ.ਕੇ ਮਹਾਜਨ, ਸਾਬਕਾ ਚੀਫ਼ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜਿਸ ਨਿਡਰਤਾ ਅਤੇ ਨਿਪੁੰਨਤਾ ਨਾਲ ਕਾਨੂੰਨੀ ਫੈਸਲੇ ਕੀਤੇ ਹਨ, ਉਹ ਇਕ ਤਰ੍ਹਾਂ ਦਾ ਇਤਿਹਾਸ ਬਣ ਗਏ ਹਨ ਜਿਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਨਿਆਂ ਦੇ ਖੇਤਰ ਵਿਚ ਉਨ੍ਹਾਂ ਵੱਲੋਂ ਪਾਏ ਯੋਗਦਾਨ ਨੂੰ ਅਸੀਂ ਅੱਖੋਂ ਪਰੋਖੇ ਨਹੀਂ ਕਰ ਸਕਦੇ।

ਮਾਨਯੋਗ ਸਪੀਕਰ ਸਾਹਿਬ, ਮੇਰੇ ਵੀਰ ਸਰਦਾਰ ਰਾਜ ਸਿੰਘ ਖੇੜੀ ਜੋ ਕਿ ਮੇਰੇ ਹੀ ਜ਼ਿਲ੍ਹੇ ਦੇ ਹਨ ਅਤੇ ਸ਼ੇਰਪੁਰ ਅਸੈਂਬਲੀ ਹਲਕੇ ਤੋਂ ਜਿੱਤ ਕੇ ਇਥੇ ਆਏ ਹਨ, ਕਲ੍ਹ ਜਦੋਂ ਇਸ ਅਸੈਂਬਲੀ ਸੈਸ਼ਨ ਵਿਚ ਪਹੁੰਚ ਰਹੇ ਸਨ ਤਾਂ ਉਨ੍ਹਾਂ ਦੇ ਪਰਿਵਾਰ ਨੂੰ ਕਾਰ ਹਾਦਸਾ ਪੇਸ਼ ਆਇਆ। ਉਸ ਐਕਸੀਡੈਂਟ ਵਿਚ ਉਨ੍ਹਾਂ ਦਾ ਡੇਢ ਸਾਲਾ ਸਪੁੱਤਰ ਦਲਜੀਤ ਸਿੰਘ ਅਤੇ ਉਨ੍ਹਾਂ ਦੇ ਪਿਤਾ ਜੀ ਮੌਕੇ ਤੇ ਹੀ ਮਾਰੇ ਗਏ ਜਦ ਕਿ ਉਨ੍ਹਾਂ ਦੇ ਪਰਿਵਾਰ ਦੇ ਹੋਰ ਕਈ ਮੈਂਬਰ ਜ਼ਖਮੀ ਹੋ ਗਏ ਜੋ ਕਿ ਸੀ.ਐਮ.ਸੀ. ਹਸਪਤਾਲ ਵਿਚ ਦਾਖਲ ਹਨ। ਮੈਂ ਸਮਝਦਾ ਹਾਂ ਕਿ ਇਕ ਅਜਿਹੇ ਸ਼ਖਸ ਦੇ ਨਾਲ ਅਜਿਹਾ ਦੁਖਦਾਈ ਭਾਣਾ ਵਾਪਰ ਜਾਣਾ ਜੋ ਕਿ ਸਮਾਜ ਅਤੇ ਦੇਸ਼ ਦੀ ਸੇਵਾ ਵਿਚ ਰੁੱਝੇ ਹੋਏ ਸਨ, ਬਹੁਤ ਹੀ ਦਰਦਨਾਕ ਅਤੇ ਅਫਸੋਸਨਾਕ ਹੈ ਔਰ ਮੈਂ ਸਮਝਦਾ ਹਾਂ ਸਾਡੇ ਸਮਾਜ ਦੇ ਲਈ ਔਰ ਦੇਸ਼ ਦੇ ਕੰਮ ਵਿੱਚ ਰੁਕਾਵਟ ਹੈ। ਅਸੀਂ ਅੱਜ ਆਪਣੀ ਪਾਰਟੀ ਵੱਲੋਂ, ਬਹੁਜਨ ਸਮਾਜ ਪਾਰਟੀ ਵੱਲੋਂ ਉਨ੍ਹਾਂ ਪ੍ਰਤੀ ਅਫਸੋਸ ਦਾ ਇਜ਼ਹਾਰ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਇਸ ਬਾਰੇ ਸ਼ੋਕ ਮਤਾ ਪਾ ਕੇ ਇਨ੍ਹਾਂ ਦੇ ਪਰਿਵਾਰਾਂ ਨੂੰ ਭੇਜਿਆ ਜਾਵੇ ਤਾਂ ਜੋ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਦੁੱਖ ਸਾਂਝਾ ਕਰ ਸਕੀਏ। ਇਸ ਦੇ ਨਾਲ ਹੀ ਮੈਂ ਹੁਣ ਰਜ਼ਾ ਲੈਂਦਾ ਹਾਂ। ਜੈ ਭੀਮ, ਜੈ ਭਾਰਤ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਦਨ ਮੋਹਨ ਮਿੱਤਲ (ਨੰਗਲ)** : ਸਪੀਕਰ ਸਾਹਿਬ, ਅਸੀਂ 6 ਅਪ੍ਰੈਲ ਨੂੰ ਇਸ ਸਦਨ ਦੀ ਕਾਰਵਾਈ ਮੁਲਤਵੀ ਹੋਣ ਤੋਂ ਬਾਅਦ ਵਿਛੜੇ ਸੀ ਔਰ 6 ਅਪ੍ਰੈਲ ਤੋਂ ਲੈ ਕੇ ਅੱਜ ਤੱਕ ਪੰਜਾਬ ਵਿੱਚ ਬਹੁਤ ਹੀ ਕੀਮਤੀ ਜਾਨਾਂ ਸਾਡੇ ਤੋਂ ਅਲੱਗ ਹੋਈਆਂ ਹਨ । ਸ਼੍ਰੀ ਸੁਰਿੰਦਰ ਨਾਥ ਜੀ ਜਿਨ੍ਹਾਂ ਨੇ ਪੰਜਾਬ ਦੇ ਗਵਰਨਰ ਦੀ ਉੱਚ ਪਦਵੀ ਉਸ ਵਕਤ ਸੰਭਾਲੀ ਜਿਸ ਵਕਤ ਕਿ ਪੰਜਾਬ ਆਤੰਕਵਾਦ ਦੇ ਨਾਲ ਪੂਰਨ ਤੌਰ ਤੇ ਗ੍ਰਸਤ ਸੀ । ਉਸ ਵਕਤ ਇਹ ਲਗਦਾ ਸੀ ਕਿ ਪੰਜਾਬ ਦੀ ਇਹ ਸਿਚੂਏਸ਼ਨ ਇਮਪਰੂਵ ਹੋਏਗੀ ਵੀ ਜਾਂ ਨਹੀਂ । ਉਨ੍ਹਾਂ ਨੇ ਜਿਸ ਕੂਟ ਨੀਤੀ ਨਾਲ, ਆਪਣੇ ਅਨੁਭਵ ਦੇ ਨਾਲ ਪੰਜਾਬ ਨੂੰ ਸੰਭਾਲਿਆ ਮੈਂ ਸਮਝਦਾ ਹਾਂ ਕਿ ਪੰਜਾਬ ਹਮੇਸ਼ਾਂ ਉਨ੍ਹਾਂ ਦਾ ਰਿਣੀ ਰਹੇਗਾ । ਸ਼੍ਰੀ ਸੁਰਿੰਦਰ ਨਾਥ ਜੀ ਇਕ ਅਜਿਹੇ ਵਿਅਕਤੀ ਹਨ ਜਿਨ੍ਹਾਂ ਨੇ ਆਪਣਾ ਕੈਰੀਅਰ ਪੁਲਿਸ ਅਫਸਰ ਦੇ ਤੌਰ ਤੇ ਸ਼ੁਰੂ ਕੀਤਾ ਔਰ ਉਹ ਸਿਵਲ ਸਰਵੈਂਟ ਦੇ ਤੌਰ ਤੇ ਰਿਟਾਇਰ ਹੋਏ । ਨਾਰਮਲੀ ਅਜਿਹੇ ਪਹਿਲੇ ਵਿਅਕਤੀ ਹਨ ਜਿਨ੍ਹਾਂ ਨੇ ਆਪਣਾ ਕੈਰੀਅਰ ਪੁਲਿਸ ਅਫਸਰ ਦੇ ਤੌਰ ਤੇ ਸ਼ੁਰੂ ਕੀਤਾ ਹੋਵੇ ਔਰ ਉਹ ਚੀਫ ਸੈਕਟਰੀ ਦੇ ਤੌਰ ਤੇ ਰਿਟਾਇਰ ਹੋਇਆ ਹੋਵੇ । ਉਹ ਇੱਕ ਬਹੁਤ ਹੀ ਅੱਛੇ ਪ੍ਰਸ਼ਾਸਕ ਦੇ ਤੌਰ ਤੇ ਗਵਰਨਰ ਵੀ ਰਹੇ । ਉਨ੍ਹਾਂ ਨੇ ਪੰਜਾਬ ਦੇ ਵਿੱਚ ਐਡਵਾਈਜ਼ਰ ਦੇ ਤੌਰ ਤੇ ਵੀ ਆਪਣਾ ਯੋਗਦਾਨ ਪਾਇਆ, ਉਸ ਵਕਤ ਵੀ ਪੰਜਾਬ ਦੀ ਹਾਲਤ ਬੜੀ ਭਿਆਨਕ ਸੀ ਔਰ, ਸਪੀਕਰ ਸਾਹਿਬ, ਜਿਸ ਤਰੀਕੇ ਦੇ ਨਾਲ ਉਨ੍ਹਾਂ ਨਾਲ ਦੁਰਘਟਨਾ ਵਾਪਰੀ ਹੈ ਉਹ ਵੀ ਲਾ-ਮਿਸਾਲ ਹੈ । ਜਿਸ ਦੁਰਘਟਨਾ ਦੇ ਵਿੱਚ ਨਾ ਕੇਵਲ ਪਤਨੀ ਬਲਕਿ ਤਿੰਨ ਜੈਨਰੇਸ਼ਨਜ਼ ਐਟ ਏ ਟਾਈਮ ਖਤਮ ਹੋ ਜਾਣ ਅਜਿਹੀ ਹਵਾਈ ਜਹਾਜ਼ ਦੀ ਦੁਰਘਟਨਾ ਨੂੰ ਸੁਣ ਕੇ ਹਰ ਆਦਮੀ ਦਾ ਦਿਲ ਕੰਬ ਜਾਂਦਾ ਹੈ । ਉਨ੍ਹਾਂ ਦਾ ਇਸ ਤਰ੍ਹਾਂ ਇਸ ਜਹਾਨ ਤੋਂ ਚਲੇ ਜਾਣਾ ਮੇਰਾ ਖਿਆਲ ਹੈ ਕਿ ਮੇਰੇ ਨੋਟਿਸ ਵਿੱਚ ਹੋਰ ਕੋਈ ਅਜਿਹੀ ਘਟਨਾ ਨਹੀਂ । ਆਤੰਕਵਾਦ ਨਾਲ ਸਬੰਧਤ ਜ਼ਰੂਰ ਕੁਝ ਘਟਨਾਵਾਂ ਹਨ ਲੇਕਿਨ ਇਸ ਤਰੀਕੇ ਦਾ ਕੋਈ ਐਕਸੀਡੈਂਟ ਹੋਇਆ ਹੋਵੇ ਜਿਸ ਵਿੱਚ ਤਿੰਨ ਜੈਨਰੇਸ਼ਨਜ਼ ਚਲੀਆਂ ਜਾਣ, ਨਹੀਂ ਹੈ । ਇਸ ਘਟਨਾ ਨੂੰ ਸੁਣ ਕੇ ਹਰ ਆਮ ਆਦਮੀ ਦਾ ਦਿਲ ਹਿੱਲ ਗਿਆ ਸੀ । ਸ਼੍ਰੀ ਸੁਰਿੰਦਰ ਨਾਥ ਜੀ ਇਕ ਬਹੁਤ ਹੀ ਸੁਲਝੇ ਹੋਏ ਪ੍ਰਸ਼ਾਸਕ ਸਨ । ਸਾਨੂੰ ਉਨ੍ਹਾਂ ਦੇ ਨਾਲ ਗਲਬਾਤ ਕਰਨ ਦਾ ਮੌਕਾ ਮਿਲਿਆ ਮੈਂ ਸਮਝਦਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਹਾਂ ਕਿ ਉਹ ਕਾਫੀ ਲਰਨਡ ਸਨ, ਸ਼ਿਕਸ਼ਿਤ ਸਨ ਔਰ ਉਹ ਹਰ ਵਿਸ਼ੇ ਤੇ ਬੜੀ ਖੁਲ੍ਹੀ ਗਲਬਾਤ ਕਰਦੇ ਸਨ, ਬੜੀ ਗੰਭੀਰਤਾ ਦੇ ਨਾਲ ਕਰਦੇ ਸਨ । ਉਹ ਕੇਵਲ ਪੰਜਾਬ ਨੂੰ ਨਹੀਂ ਬਲਕਿ ਸਾਰੇ ਹਿੰਦੁਸਤਾਨ ਨੂੰ ਓਪਨ ਮਾਈਂਡ ਦੇ ਨਾਲ ਡਿਸਕਸ ਕਰਦੇ ਸਨ, ਉਹ ਬੜੇ ਹੀ ਕਲਚਰਡ ਔਰ ਸਿਵਲਾਈਜ਼ਡ ਇਨਸਾਨ ਸਨ ਜੋ ਕਿ ਹਰ ਬੰਦੇ ਦੀ ਇਜ਼ਤ ਕਰਦੇ ਸਨ । ਮੈਂ ਸਮਝਦਾ ਹਾਂ ਕਿ ਅਜਿਹੇ ਸੱਜਣ ਦਾ ਚਲੇ ਜਾਣਾ ਕੌਮ ਦੇ ਲਈ ਬਹੁਤ ਵੱਡਾ ਘਾਟਾ ਹੈ ।

ਜਿਸ ਤਰੀਕੇ ਦੇ ਨਾਲ ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਜਿਨ੍ਹਾਂ ਨੇ 1962 ਦੇ ਵਿੱਚ ਲੜਾਈ ਦੇ ਸਮੇਂ ਆਪਣਾ ਬਹੁਤ ਵੱਡਾ ਹਿੱਸਾ ਪਾਇਆ, ਉਨ੍ਹਾਂ ਨੇ ਸਿਆਲਕੋਟ ਸੈਕਟਰ ਦੇ ਵਿੱਚ ਪਾਕਿਸਤਾਨ ਦੇ ਖਿਲਾਫ਼ ਲੜਾਈ ਲੜੀ । ਉਨ੍ਹਾਂ ਦਾ ਕੱਦ ਛੋਟਾ ਸੀ ਇਸ ਕਰਕੇ ਉਨ੍ਹਾਂ ਨੂੰ ਸਪੈਰੋ ਕਹਿੰਦੇ ਸੀ । ਉਨ੍ਹਾਂ ਦਾ ਇਕ ਬੜਾ ਪਾਪੂਲਰ ਗੀਤ ਸੀ "ਸਾਰੇ ਜਹਾਨ ਸੇ ਅੱਛਾ ਹਿੰਦੁਸਤਾਨ ਹਮਾਰਾ" ਆਰਮੀ ਦੇ ਵਿੱਚ ਉਹ ਆਮ ਤੌਰ ਤੇ ਗਾਉਂਦੇ ਹੁੰਦੇ ਸੀ । ਉਹ ਸਾਡੇ ਪੰਜਾਬ ਦੇ ਵਿੱਚ ਰੈਵੀਨਿਊ ਮਨਿਸਟਰ ਵੀ ਰਹੇ ਔਰ ਮੈਂਬਰ ਪਾਰਲੀਮੈਂਟ ਵੀ ਰਹੇ । ਪੰਜਾਬ ਸਰਕਾਰ ਨੇ ਰੋਪੜ ਨੇੜੇ ਬਿਰਲਾ ਫ਼ਾਰਮ ਦੇ ਨਾਂ ਤੇ ਬਿਰਲਾ ਨੂੰ ਲੀਜ਼ 'ਤੇ ਜ਼ਮੀਨ ਦਿੱਤੀ ਸੀ ਅਸੀਂ ਲੋਕ ਉਨ੍ਹਾਂ ਦੇ ਖਾਸ ਤੌਰ ਤੇ ਰਿਣੀ ਹਾਂ, ਅਸੀਂ ਉਨ੍ਹਾਂ ਨੂੰ ਉਸ ਸਬੰਧ ਵਿੱਚ ਮਿਲੇ ਤਾਂ ਉਹ ਜ਼ਿਮੀਦਾਰਾਂ ਨੂੰ, ਕਿਸਾਨਾਂ ਨੂੰ ਵਾਪਸ ਕਰਵਾਈ, ਇਹ ਆਪ ਉਥੇ ਸਾਡੇ ਨਾਲ ਚੱਲ ਕੇ ਗਏ । ਉਨ੍ਹਾਂ ਨੇ ਲੋਕ ਸਭਾ ਦੇ ਵਿੱਚ ਔਰ ਸਮਾਜ ਦੇ ਵੱਖ ਵੱਖ ਖੇਤਰਾਂ ਦੇ ਵਿੱਚ ਆਪਣਾ ਹਿੱਸਾ ਪਾਇਆ ।

ਸ਼੍ਰੀਮਤੀ ਪ੍ਰਕਾਸ਼ ਕੌਰ ਵੀ ਸਾਡੇ ਸਾਬਕਾ ਮਨਿਸਟਰ ਰਹੇ । ਉਹ ਡਾਕਟਰ ਸਨ । ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਉਸ ਜ਼ਮਾਨੇ ਦੇ ਵਿੱਚ ਲੋਕਾਂ ਦੀ ਸੇਵਾ ਕੀਤੀ ਜਦੋਂ ਕਿ ਇਸਤਰੀਆਂ ਬਹੁਤ ਘੱਟ ਗਿਣਤੀ ਦੇ ਵਿੱਚ ਅੱਗੇ ਆਉਂਦੀਆਂ ਸਨ । ਅੱਜ ਤਾਂ ਰਾਜਨੀਤੀ ਦੇ ਵਿੱਚ ਵੀ ਔਰ ਹੋਰ ਖੇਤਰਾਂ ਵਿੱਚ ਇਸਤਰੀਆਂ ਕਾਫੀ ਅੱਗੇ ਆ ਰਹੀਆਂ ਹਨ, ਉਨ੍ਹਾਂ ਨੇ ਉਸ ਵਕਤ ਪੜ੍ਹੇ ਲਿਖੇ ਪਰਵਾਰ ਵਿੱਚੋਂ ਅੱਗੇ ਆ ਕੇ ਵੱਧ ਚੜ੍ਹ ਕੇ ਕੰਮ ਕੀਤਾ । ਉਨ੍ਹਾਂ ਵੱਲੋਂ ਕੀਤਾ ਗਿਆ ਕੰਮ

Original with;
Punjab Vidhan Sabha
Digitized by;
Panjab Digital Library

ਬੜਾ ਹੀ ਐਪਰੀਸ਼ੀਏਬਲ ਹੈ । ਉਨ੍ਹਾਂ ਦੇ ਚਲੇ ਜਾਣ ਨਾਲ ਸਮਾਜ ਨੂੰ ਬਹੁਤ ਘਾਟਾ ਪਿਆ ਹੈ । ਉਨ੍ਹਾਂ ਨੇ ਬਹੁਤ ਸਾਰੀਆਂ ਮਹਿਲਾਵਾਂ ਨੂੰ ਸਮਾਜਕ ਕੰਮ ਕਰਨ ਦੀ ਪ੍ਰੇਰਨਾ ਦਿੱਤੀ ।

ਸਪੀਕਰ ਸਾਹਿਬ, ਇਸੇ ਤਰੀਕੇ ਨਾਲ ਸਰਦਾਰ ਗੁਰਚਰਨ ਸਿੰਘ, ਖਮਾਣੋਂ ਵਿਖੇ ਮੈਡੀਕਲ ਪ੍ਰੈਕਟੀਸ਼ਨਰ ਵਜੋਂ ਕੰਮ ਕਰਦੇ ਸੀ, ਛੋਟੇ ਸਥਾਨ ਤੇ ਸਨ ਪਰ ਸਮਾਜ ਦੀ ਸੇਵਾ ਕਰਦੇ ਸਨ । ਉਨ੍ਹਾਂ ਨੂੰ ਸਦਨ ਵਿੱਚ ਵਿਧਾਇਕ ਬਣਨ ਦਾ ਮੌਕਾ ਮਿਲਿਆ ਅਤੇ ਉਹ ਮੰਤਰੀ ਦੇ ਤੌਰ ਤੇ ਵੀ ਸਰਦਾਰ ਲਛਮਣ ਸਿੰਘ ਗਿੱਲ ਦੀ ਵਜ਼ਾਰਤ ਵਿੱਚ ਸੇਵਾ ਕਰਦੇ ਰਹੇ ।

ਸਰਦਾਰ ਬਲਦੇਵ ਸਿੰਘ ਸਿੱਧੂ ਪਹਿਲਾਂ ਪੈਪਸੂ ਦੇ ਸਮੇਂ ਐਮ.ਐਲ.ਏ. ਰਹੇ ਹਨ । ਜਿਵੇਂ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਉਹ ਬੜੇ ਸਿੱਧੇ ਆਦਮੀ ਸਨ, ਇਸ ਸਦਨ ਦੇ ਸਦੱਸਯ ਰਹੇ ਹਨ । ਸਰਦਾਰ ਸੰਤ ਸਿੰਘ ਜਿਨ੍ਹਾਂ ਨੂੰ ਛੈਲਦਾਰ ਕਿਹਾ ਜਾਂਦਾ ਸੀ । ਉਹ ਬੜੇ ਪਾਪੂਲਰ ਸਨ ਉਹ ਅਪਣੇ ਇਲਾਕੇ ਵਿਚ ਪਾਪੂਲਰ ਹੋਣ ਦੇ ਕਾਰਨ ਹੀ ਚੋਣ ਜਿੱਤ ਕੇ ਆਉਂਦੇ ਸਨ ।

ਇਸੇ ਤਰ੍ਹਾਂ ਸਰਦਾਰ ਰਤਨ ਸਿੰਘ ਲੋਹਗੜ੍ਹ, ਸਾਬਕਾ ਐਮ.ਐਲ.ਏ., ਨੇ ਨਾ ਕੇਵਲ ਪੰਜਾਬ ਵਿੱਚ ਐਮ.ਐਲ.ਏ. ਬਣ ਕੇ ਸੇਵਾ ਕੀਤੀ ਸਗੋਂ ਇਸ ਤੋਂ ਪਹਿਲਾਂ ਉਨ੍ਹਾਂ ਨੇ ਹਿੰਦੁਸਤਾਨ ਦੀ ਅਜ਼ਾਦੀ ਵਿੱਚ ਵੀ ਹਿੱਸਾ ਪਾਇਆ । ਫਿਰੋਜ਼ਪੁਰ ਜ਼ਿਲ੍ਹੇ ਦਾ ਕੁਝ ਹਿੱਸਾ ਜਿਹੜਾ ਕਿ ਪਾਕਿਸਤਾਨ ਵਿੱਚ ਜਾ ਰਿਹਾ ਸੀ, ਉਨ੍ਹਾਂ ਨੇ ਡਾਕੂਮੈਂਟਸ ਪੇਸ਼ ਕਰਕੇ ਉਹ ਹਿੱਸਾ ਪਾਕਿਸਤਾਨ ਵਿੱਚ ਜਾਣ ਤੋਂ ਬਚਾਇਆ ਅਤੇ ਹਿੰਦੁਸਤਾਨ ਵਿੱਚ ਰਖਵਾਇਆ ।

ਸਰਦਾਰ ਪਰਤਾਪ ਸਿੰਘ ਕਾਦੀਆਂ ਜਿਨ੍ਹਾਂ ਨੇ ਕਿਸਾਨ ਮੂਵਮੈਂਟ ਵਿੱਚ ਬੜਾ ਉਘਾ ਹਿੱਸਾ ਪਾਇਆ । ਸ਼੍ਰੀ ਰਾਮ ਪ੍ਰਕਾਸ਼, ਐਕਸ-ਐਮ.ਐਲ.ਏ. ਅਤੇ ਐਮ.ਪੀ. ਅੰਬਾਲਾ ਜ਼ਿਲ੍ਹੇ ਨਾਲ ਤੁਅੱਲਕ ਰੱਖਦੇ ਸਨ । ਪੰਡਿਤ ਰਘਬੀਰ ਸ਼ਰਨ ਨੂੰ ਅੰਬਾਲੇ ਦਾ ਆਇਰਨਮੈਨ ਕਿਹਾ ਜਾਂਦਾ ਸੀ । ਉਹ ਅੰਬਾਲਾ ਮਿਉਂਸਪਲ ਕਮੇਟੀ ਦੇ ਪ੍ਰਧਾਨ ਵੀ ਰਹੇ । ਅੰਬਾਲਾ ਜਿਥੇ ਕਿ ਪਾਣੀ ਦੀ ਬੜੀ ਹੀ ਪ੍ਰਾਬਲਮ ਸੀ, ਪਾਣੀ ਦੀ ਬੜੀ ਸਮੱਸਿਆ ਸੀ, ਉਨ੍ਹਾਂ ਨੇ ਇਸ ਪਾਣੀ ਦੀ ਸਮੱਸਿਆ ਨੂੰ ਬੜੀ ਚੰਗੀ ਤਰ੍ਹਾਂ ਹੱਲ ਕੀਤਾ । ਇਸ ਕਰਕੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਮਦਨ ਮੋਹਨ ਮਿੱਤਲ]

ਜਾਂਦਾ ਸੀ । ਐਸੇ ਵਿਅਕਤੀ ਨਾਲ ਵਿਅਕਤੀਗਤ ਤੌਰ ਤੇ ਮੈਨੂੰ ਕਿਤਨੇ ਹੀ ਸਾਲ ਕੰਮ ਕਰਨ ਦਾ ਮੌਕਾ ਮਿਲਿਆ । ਉਹ ਭਾਰਤੀ ਜਨਸੰਘ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਹੇ । ਮਿਊਂਸਪਲ ਕਮੇਟੀ ਦੇ ਮੈਂਬਰ ਵੀ ਰਹੇ । ਇਸ ਕਾਊਂਸਲ ਵਿਚ ਵੀ ਉਹ ਭਾਰਤੀ ਜਨਸੰਘ ਵੱਲੋਂ ਚੁਣੇ ਗਏ ਸਨ । ਉਨ੍ਹਾਂ ਨੇ ਕਦੇ ਵੀ ਅਨਿਆਏ ਦੇ ਨਾਲ ਸਮਝੌਤਾ ਨਹੀਂ ਸੀ ਕੀਤਾ ।

ਸਰਦਾਰ ਦਲਜੀਤ ਸਿੰਘ, ਸਾਬਕਾ-ਐਮ. ਪੀ. ਬੜੇ ਹੀ ਸਿੰਪਲ ਆਦਮੀ ਸਨ । ਉਨ੍ਹਾਂ ਦੀ ਨੰਗਲ ਵਿਚ ਕੋਠੀ ਹੈ । ਉਹ ਏਰੀਏ ਦੀ ਬਸਤੀ ਨੂੰ ਐਮ.ਪੀ. ਕੋਠੀ ਹੀ ਕਿਹਾ ਜਾਂਦਾ ਹੈ । ਉਨ੍ਹਾਂ ਨੂੰ ਦੁਬਾਰਾ ਸੇਵਾ ਕਰਨ ਦਾ ਮੌਕਾ ਨਹੀਂ ਮਿਲਿਆ ਪਰ ਜਿੰਨੀ ਦੇਰ ਵੀ ਉਹ ਰਹੇ, ਉਨ੍ਹਾਂ ਨੇ ਲੋਕਾਂ ਦੀ ਪੂਰੀ ਸੇਵਾ ਕੀਤੀ ।

ਜਸਟਿਸ ਡੀ.ਕੇ. ਮਹਾਜਨ ਸ਼੍ਰੀ ਮੇਹਰ ਚੰਦ ਮਹਾਜਨ ਦੇ ਲੜਕੇ ਸਨ । ਉਹ ਹਾਈਕੋਰਟ ਵਿੱਚ ਚੀਫ ਜਸਟਿਸ ਦੇ ਤੌਰ ਤੇ ਕੰਮ ਕਰਦੇ ਰਹੇ । ਦੂਸਰੇ ਜੱਜਾਂ ਉਤੇ ਉਨ੍ਹਾਂ ਦਾ ਪ੍ਰਭਾਵ ਬਣਿਆ ਰਿਹਾ । ਉਹ ਬੜੇ ਹੀ ਇੰਪਾਰਸ਼ਲ ਅਤੇ ਅਪਰੋਚ ਤੋਂ ਉਪਰ ਸਨ । ਉਹ ਕਹਿੰਦੇ ਹੁੰਦੇ ਸਨ ਕਿ Judges should be above approach, impartial, patient. ਉਹ ਆਪਣੇ ਸੁਬਾਰਡੀਨੇਟਸ ਅਤੇ ਕੁਲੀਗਜ਼ ਨੂੰ ਹਮੇਸ਼ਾ ਇਨ੍ਹਾਂ ਗੱਲਾਂ ਦੀ ਹੀ ਪ੍ਰੇਰਨਾ ਦਿੰਦੇ ਰਹਿੰਦੇ ਸਨ । ਇਸ ਦੇ ਨਾਲ ਉਨ੍ਹਾਂ ਨੇ ਅੰਦਰ ਵੀ ਇਹ ਸਾਰੀਆਂ ਕੁਆਲਟੀਜ਼ ਪੈਦਾ ਕੀਤੀਆਂ ਹੋਈਆਂ ਸਨ ਅਤੇ ਇਨ੍ਹਾਂ ਕਾਰਨਾਂ ਦੇ ਕਾਰਨ ਹੀ ਬਾਕੀ ਦੀ ਜੁਡੀਸ਼ਰੀ ਉਨ੍ਹਾਂ ਦਾ ਮਾਣ ਕਰਦੀ ਸੀ । ਉਹ ਇਕ ਮਹਾਨ ਸ਼ਖਸੀਅਤ ਸਨ ।

ਜੋ ਮਤਾ ਮੁੱਖ ਮੰਤਰੀ ਜੀ ਨੇ ਰੱਖਿਆ ਹੈ, ਮੈਂ ਇਸ ਮਤੇ ਨਾਲ ਸਹਿਮਤ ਹਾਂ ਅਤੇ ਮੇਰੀ ਪਾਰਟੀ ਵੀ ਸਹਿਮਤ ਹੈ । ਇਹ ਜਿਹੜੇ ਮਹਾਨ ਪੁਰਸ਼ ਹਨ, ਉਨ੍ਹਾਂ ਸਾਰਿਆਂ ਦੇ ਪਰਿਵਾਰਾਂ ਨੂੰ ਇਸ ਸਦਨ ਵੱਲੋਂ ਰੈਜ਼ੋਲਿਊਸ਼ਨ ਪਾਸ ਕਰਕੇ ਭੇਜਿਆ ਜਾਵੇ ।

ਇਸੇ ਤਰੀਕੇ ਨਾਲ ਸਾਡੇ ਮੈਂਬਰ ਰਾਜ ਸਿੰਘ ਦੇ ਪਿਤਾ ਤੇ ਚੱਚਾ ਐਕਸੀਡੈਂਟ ਵਿੱਚ ਮਾਰੇ ਗਏ ਹਨ । ਉਸ ਪਰਿਵਾਰ ਨੂੰ ਵੀ ਇਕ ਮਤਾ ਪਾਸ ਕਰਕੇ ਭੇਜਿਆ

Original with;
Punjab Vidhan Sabha
Digitized by;
Panjab Digital Library

ਜਾਵੇ ਔਰ ਥੀਨ ਡੈਮ (ਰਣਜੀਤ ਸਾਗਰ ਡੈਮ) ਤੇ ਜਿਵੇਂ ਕਿ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ 11 ਮਜ਼ਦੂਰ ਮਾਰੇ ਗਏ ਹਨ ਪ੍ਰੰਤੂ ਭੈਣ ਕਾਂਤਾ ਜੀ ਨੇ ਦੱਸਿਆ ਹੈ ਕਿ ਦੋ ਹੋਰ ਮਜ਼ਦੂਰ ਮਾਰੇ ਗਏ ਹਨ, ਹੁਣ 13 ਮਜ਼ਦੂਰ ਮਾਰੇ ਗਏ ਹਨ । ਇਹ ਇਕ ਬੜੀ ਵੱਡੀ ਦੁਰਘਟਨਾ ਹੈ । ਮੈਂ ਸਮਝਦਾ ਹਾਂ ਕਿ ਮਜ਼ਦੂਰਾਂ ਦੇ ਸਹਿਯੋਗ ਤੋਂ ਬਿਨਾ ਕੋਈ ਪ੍ਰੋਜੈਕਟ ਤਿਆਰ ਨਹੀਂ ਹੋ ਸਕਦਾ । ਭਾਖੜਾ ਨੂੰ ਬਣਾਉਣ ਵੇਲੇ ਜਿਹੜੇ ਮਜ਼ਦੂਰ ਮਾਰੇ ਗਏ ਸਨ, ਸਾਲ ਵਿੱਚ ਇਕ ਦਿਨ ਉਨ੍ਹਾਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਹੋਮੇਜ ਪੇ ਕੀਤੀ ਜਾਂਦੀ ਹੈ । ਉਨ੍ਹਾਂ ਦੀ ਯਾਦ ਵਿੱਚ ਇਕ ਮੈਮੋਰੀਅਲ ਬਣਿਆ ਹੋਇਆ ਹੈ । ਇਹ ਜਿਹੜੇ ਮਜ਼ਦੂਰ ਮਾਰੇ ਗਏ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਅਫਸੋਸ ਦਾ ਮਤਾ ਪਾ ਕੇ ਭੇਜਿਆ ਜਾਣਾ ਚਾਹੀਦਾ ਹੈ । ਸਪੀਕਰ ਸਾਹਿਬ, ਮੈਂ ਚਾਹਾਂਗਾ ਕਿ ਅੱਜ ਜੰਮੂ-ਕਸ਼ਮੀਰ ਆਤੰਕਵਾਦ ਵਿੱਚ ਬੁਰੀ ਤਰ੍ਹਾਂ ਗ੍ਰਸਤ ਹੈ, ਜਿਵੇਂ ਪਹਿਲਾਂ ਪੰਜਾਬ ਆਤੰਕਵਾਦ ਵਿੱਚ ਗ੍ਰਸਤ ਰਿਹਾ ਹੈ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਪ੍ਰਤੀ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣ ਔਰ ਮੈਂ ਇਹ ਵੀ ਫੇਰ ਕਹਾਂਗਾ ਕਿ ਕਿਉਂਕਿ ਇਤਨੇ ਮਹਾਨ ਪੁਰਸ਼ ਸਾਡੇ ਵਿਚੋਂ ਵਿਛੜ ਗਏ ਹਨ, ਸ੍ਰੀ ਸੁਰਿੰਦਰ ਨਾਥ ਜੀ ਸਾਡੇ ਸਾਂਝੇ ਗਵਰਨਰ ਸੀ ਪੰਜਾਬ ਅਤੇ ਹਿਮਾਚਲ ਦੇ, ਇਸ ਲਈ ਰੈਜ਼ੋਲਿਊਸ਼ਨ ਪਾਸ ਕਰਨ ਦੇ ਬਾਅਦ ਹੀ ਸਾਨੂੰ ਸਦਨ ਦੀ ਕਾਰਵਾਈ ਅੱਜ ਮੁਲਤਵੀ ਕਰ ਦੇਣੀ ਚਾਹੀਦੀ ਹੈ । ਅਖੀਰ ਵਿੱਚ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਇਨ੍ਹਾਂ ਮਹਾਨ ਸਖਸ਼ੀਅਤਾਂ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ਅਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ । ਧੰਨਵਾਦ ।

**ਸ੍ਰੀਮਤੀ ਵਿਮਲਾ ਡਾਂਗ (ਅੰਮ੍ਰਿਤਸਰ ਪੱਛਮੀ)** : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪਣੇ ਸੀ.ਪੀ.ਆਈ. ਅਸੈਂਬਲੀ ਗਰੁੱਪ ਵਲੋਂ ਸਭ ਤੋਂ ਪਹਿਲਾਂ ਸ੍ਰੀ ਸੁਰਿੰਦਰ ਨਾਥ ਜੀ ਜੋ ਪੰਜਾਬ ਅਤੇ ਹਿਮਾਚਲ ਦੇ ਸਾਬਕਾ ਗਵਰਨਰ ਸਨ ਉਨ੍ਹਾਂ ਦੀ ਮੌਤ, ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਗਾਰਗੀ ਦੇਵੀ ਅਤੇ ਉਨ੍ਹਾਂ ਦੇ ਪਰਿਵਾਰ ਦੇ ਹੋਰ ਮੈਂਬਰਾਂ ਦੀ ਜਿਸ ਤਰ੍ਹਾਂ ਨਾਲ ਦੁਰਘਟਨਾ ਵਿੱਚ ਮੌਤ ਹੋਈ ਹੈ, ਜਿਸ ਤਰ੍ਹਾਂ ਸੀ.ਐਮ. ਸਾਹਿਬ ਨੇ ਕਿਹਾ ਕਿ ਇਹ ਉਸ ਸਮੇਂ ਦੀ ਸਭ ਤੋਂ

Original with;
Punjab Vidhan Sabha
Digitized by;
Panjab Digital Library

[ ਸ਼੍ਰੀਮਤੀ ਵਿਮਲਾ ਡਾਂਗ ]

ਵੱਡੀ ਟਰੈਜਡੀ ਹੈ, ਇਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹਾਂ । ਸ਼੍ਰੀ ਸੁਰਿੰਦਰ ਨਾਥ ਜੀ ਦੇ ਬਾਰੇ ਜੋ ਕੁਝ ਕਿਹਾ ਗਿਆ ਹੈ ਉਹ ਬਹੁ-ਪੱਖੀ ਸਖਸ਼ੀਅਤ ਸਨ, ਪ੍ਰਸ਼ਾਸਨਿਕ ਯੋਗਤਾ ਤੋਂ ਇਲਾਵਾ ਸਾਹਿਤਕ ਕਾਬਲੀਅਤ ਵੀ ਰੱਖਦੇ ਸਨ । ਸਭ ਧਰਮਾਂ ਦੀ ਵਾਕਫੀਅਤ ਰੱਖਦੇ ਸੀ, ਧਰਮਾਂ ਦੀ ਦੁਰ-ਵਰਤੋਂ ਨਾ ਹੋਵੇ ਇਸ ਮਸਲੇ ਤੇ ਉਨ੍ਹਾਂ ਨੇ ਆਪਣੀ ਟਰਮ ਦੇ ਦੌਰਾਨ ਪੂਰਾ ਸਟੈਂਡ ਲਿਆ । ਜਦੋਂ ਉਹ ਪੰਜਾਬ ਦੇ ਗਵਰਨਰ ਬਣੇ ਤਾਂ ਚੰਡੀਗੜ੍ਹ ਦੇ ਐਡਮਨਿਸਟਰੇਟਰ ਵੀ ਬਣੇ । ਉਸ ਸਮੇਂ ਅੱਤਵਾਦ ਸਿਖਰਾਂ ਤੇ ਸੀ । ਉਨ੍ਹਾਂ ਨੇ ਆਪਣੀ ਠੀਕ ਨੀਤੀ ਅਤੇ ਚੰਗੀ ਸੋਚ ਸਦਕਾ ਅੱਤਵਾਦ ਦੇ ਖਿਲਾਫ ਸੰਘਰਸ਼ ਕਰਨ ਦਾ ਸਬੂਤ ਦਿੱਤਾ ਅਤੇ ਬਾਅਦ ਵਿੱਚ ਪੰਜਾਬ ਵਿੱਚ ਚੋਣਾਂ ਕਰਵਾ ਕੇ ਪੰਜਾਬ ਦੇ ਵਿੱਚ ਇਕ ਪਾਪੂਲਰ ਗੌਰਮਿੰਟ ਬਣਾਉਣ ਦਾ ਸਬੂਤ ਦਿੱਤਾ ਅਤੇ ਬੜੀ ਅਹਿਮ ਭੂਮਿਕਾ ਨਿਭਾਈ । ਮੈਂ ਉਚੇਚੇ ਤੌਰ ਤੇ ਸਦਨ ਨੂੰ ਦੱਸਣਾ ਚਾਹੁੰਦੀ ਹਾਂ ਕਿ ਆਤੰਕਵਾਦ ਪੀੜਤ ਪ੍ਰਵਾਰਾਂ ਦੇ ਲੋਕਾਂ ਨਾਲ ਉਨ੍ਹਾਂ ਨੂੰ ਬਹੁਤ ਜ਼ਿਆਦਾ ਹਮਦਰਦੀ ਸੀ । ਪੰਜਾਬ ਵਿੱਚ ਅਸੀਂ ਇਸਤਰੀ ਸਭਾ ਰਿਲੀਫ ਟਰੱਸਟ ਬਣਾਇਆ ਜੋ 600 ਆਤੰਕ ਪੀੜ੍ਹਤ ਬੱਚਿਆਂ ਨੂੰ ਵਜ਼ੀਫੇ ਦਿੰਦਾ ਹੈ । ਸਭ ਤੋਂ ਪਹਿਲਾਂ ਅਸੀਂ ਗਵਰਨਰ, ਪੰਜਾਬ, ਨੂੰ ਪੱਤਰ ਭੇਜ ਕੇ ਅਪੀਲ ਕੀਤੀ ਸੀ ਕਿ ਸਾਡੀ ਮੱਦਦ ਕੀਤੀ ਜਾਵੇ । ਜਦੋਂ ਐਮ.ਐਲ.ਏ. ਚੁਣੇ ਗਏ ਅਤੇ ਪਹਿਲੀ ਪਾਰਟੀ ਉਨ੍ਹਾਂ ਦੇ ਲਾਅਨ ਵਿੱਚ ਹੋਈ ਤਾਂ ਉਸ ਵੇਲੇ ਸ਼੍ਰੀ ਸੁਰਿੰਦਰ ਨਾਥ ਜੀ ਨੇ ਮੈਨੂੰ ਦੱਸਿਆ ਕਿ ਇੱਕ ਲੱਖ ਰੁਪਏ ਦੀ ਰਾਸ਼ੀ ਸਾਡੇ ਇਸ ਟਰੱਸਟ ਵਾਸਤੇ ਉਨ੍ਹਾਂ ਨੇ ਡੂਨੇਸ਼ਨ ਦੇ ਤੌਰ ਤੇ ਭੇਜੀ ਹੈ । ਜਦੋਂ ਮੈਂ ਕਿਹਾ ਕਿ ਸਾਨੂੰ ਨਹੀਂ ਮਿਲੀ ਤਾਂ ਦੂਸਰੇ ਦਿਨ ਹੀ ਸਪੈਸ਼ਲ ਮੈਸਿੰਜਰ ਦੇ ਹੱਥ ਐਮ.ਐਲ.ਏ. ਹੋਸਟਲ ਵਿੱਚ ਸਾਡੇ ਟਰੱਸਟ ਲਈ ਇਹ ਰਕਮ ਭੇਜ ਦਿੱਤੀ । ਸਾਡੀ ਰਾਏ ਵਿੱਚ ਕਈ ਬਿਲਜ਼ ਦੇ ਨਾਲ ਜਿਨ੍ਹਾਂ ਨਾਲ ਅਸੀਂ ਸਹਿਮਤ ਨਹੀਂ ਸੀ ਅਤੇ ਅਸੀਂ ਸਮਝਦੇ ਸੀ ਕਿ ਗਵਰਨਰ ਸਾਹਿਬ ਮੁੜ ਵਿਚਾਰਣ ਲਈ ਭੇਜਣ ਪਰ ਉਹ ਸਰਕਾਰ ਦੇ ਨਾਲ ਵੀ ਸੁਖਾਵੇਂ ਸਬੰਧ ਚਾਹੁੰਦੇ ਸਨ ਇਸ ਲਈ ਸਾਰੇ ਬਿਲਾਂ ਤੇ ਉਨ੍ਹਾਂ ਨੇ ਆਪਣੇ ਦਸਤਖਤ ਕੀਤੇ । ਮੈਂ ਸਮਝਦੀ ਹਾਂ ਕਿ ਸ਼੍ਰੀ ਸੁਰਿੰਦਰ ਨਾਥ ਜੀ, ਉਨ੍ਹਾਂ ਦੀ ਧਰਮ-ਪਤਨੀ ਅਤੇ ਉਨ੍ਹਾਂ ਦੇ ਪਰਿਵਾਰ ਦੇ ਹੋਰ ਮੈਂਬਰਾਂ ਦੀ ਜਿਸ ਤਰੀਕੇ ਨਾਲ ਦੁਰਘਟਨਾ ਵਿੱਚ ਮੌਤ ਹੋਈ ਹੈ, ਇਹ ਬਹੁਤ

Original with;
Punjab Vidhan Sabha
Digitized by;
Panjab Digital Library

ਵੱਡੀ ਟ੍ਰੈਜਡੀ ਹੈ ਅਤੇ ਸਰਕਾਰ ਨੂੰ ਬੜੇ ਸੁਹਿਰਦਤਾ ਨਾਲ ਸੋਚਣਾ ਚਾਹੀਦਾ ਹੈ । ਬ੍ਰਾਹੂਰ ਪਬਲਿਕ ਵਿੱਚ ਇਸ ਗੱਲ ਦੀ ਚਰਚਾ ਹੈ ਕਿ ਉਹ ਜਹਾਜ਼ ਜਿਸ ਦੀ ਦੁਰਘਟਨਾ ਹੋਈ ਹੈ ਉਹ ਨਵਾਂ ਨਵਾਂ ਖਰੀਦਿਆ ਗਿਆ ਸੀ ਅਤੇ ਉਸ ਦੀ ਇੰਸਪਿਕਸ਼ਨ ਵੀ ਸਮੇਂ ਸਿਰ ਹੋਈ ਸੀ ਜਾਂ ਨਹੀਂ, ਉਸ ਦੀ ਇਨਸ਼ੋਰੈਂਸ ਵੀ ਨਹੀਂ ਹੋਈ ਸੀ, ਮੈਂ ਸਮਝਦੀ ਹਾਂ ਕਿ ਇਸ ਸਬੰਧ ਵਿੱਚ ਸਰਕਾਰ ਨੂੰ, ਪਬਲਿਕ ਨੂੰ ਕਨਫੀਡੈਂਸ ਵਿੱਚ ਲੈਣਾ ਚਾਹੀਦਾ ਹੈ । ਮੈਂ ਗਵਰਨਰ ਸਾਹਿਬ ਸ਼੍ਰੀ ਸੁਰਿੰਦਰ ਨਾਥ ਜੀ, ਉਨ੍ਹਾਂ ਦੀ ਧਰਮ ਪਤਨੀ ਜੋ ਬਹੁਤ ਵੱਡੀ ਸੋਸ਼ਲ ਵਰਕਰ ਵੀ ਸਨ ਅਤੇ ਉਨ੍ਹਾਂ ਦੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਟ ਕਰਦੀ ਹਾਂ ।

ਮੇਜਰ-ਜਨਰਲ ਰਾਜਿੰਦਰ ਸਿੰਘ ਸਪੈਰੋ ਨਾਲ ਮੇਰੀ ਜ਼ਾਤੀ ਤੌਰ ਤੇ ਮੁਲਾਕਾਤ 1967 ਵਿੱਚ ਜਦੋਂ ਯੂਨਾਈਟਡ ਫਰੰਟ ਦੀ ਗੌਰਮਿੰਟ ਬਣੀ, ਉਦੋਂ ਹੋਈ ਸੀ ਔਰ ਉਹ ਸਰਦਾਰ ਗੁਰਨਾਮ ਸਿੰਘ ਜੀ ਦੀ ਮਨਿਸਟਰੀ ਵਿਚ ਇੱਕ ਮੰਤਰੀ ਸਨ । ਉਨ੍ਹਾਂ ਦੀ ਬੜੀ ਸਟਰਾਈਕਿੰਗ ਪਰਸਨੈਲਟੀ ਸੀ ਔਰ ਉਹ ਬੜੇ ਹਿਊਮਰਸ ਆਦਮੀ ਸਨ । ਇਸ ਦੇ ਨਾਲ ਹੀ ਉਹ ਇੱਕ ਬਹਾਦਰ ਇਨਸਾਨ ਸਨ । ਜਿਵੇਂ ਕਿ ਸਾਰਿਆਂ ਨੂੰ ਪਤਾ ਹੈ ਕਿ ਸੰਨ 1965 ਦੀ ਹਿੰਦ-ਪਾਕਿ ਜੰਗ ਦੇ ਦੌਰਾਨ ਉਨ੍ਹਾਂ ਵੱਲੋਂ ਵਿਖਾਈ ਸੂਰਬੀਰਤਾ ਕਾਰਨ ਉਨ੍ਹਾਂ ਨੂੰ ਮਹਾਂਵੀਰ ਚੱਕਰ ਪ੍ਰਦਾਨ ਕੀਤਾ ਗਿਆ ਔਰ ਦੋ ਵਾਰੀ ਉਹ ਜਲੰਧਰ ਤੋਂ ਲੋਕ ਸਭਾ ਸੀਟ ਤੋਂ ਸਫਲਤਾ ਨਾਲ ਚੁਣੇ ਗਏ ਔਰ ਪਾਰਲੀਮੈਂਟ ਦੇ ਮੈਂਬਰ ਰਹੇ । ਉਨ੍ਹਾਂ ਨੂੰ ਮੈਂ ਆਪਣੇ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾਂਜਲੀ ਅਰਪਣ ਕਰਦੀ ਹਾਂ ।

ਇਸੇ ਤਰ੍ਹਾਂ ਬੀਬੀ ਪ੍ਰਕਾਸ਼ ਕੌਰ ਜੀ ਜੋ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਇਲਾਕੇ ਨਾਲ ਸਬੰਧਤ ਸਨ, ਉਹ ਮੈਨੂੰ ਜ਼ਾਤੀ ਤੌਰ ਤੇ ਜਾਣਦੇ ਸਨ । ਉਨ੍ਹਾਂ ਨੂੰ ਮਿਲਣ ਦਾ ਮੈਨੂੰ ਬੜੀ ਵਾਰੀ ਮੌਕਾ ਮਿਲਿਆ । ਦੇਸ਼ ਦੀ ਵੰਡ ਤੋਂ ਬਾਅਦ ਸੰਨ 1947 ਵਿੱਚ ਜਿਹੜੇ ਰਿਫਿਊਜੀ ਕੈਂਪ ਬਣੇ ਸਨ, ਉਨ੍ਹਾਂ ਵਿੱਚ ਉਨ੍ਹਾਂ ਨੇ ਬੜਾ ਸ਼ਲਾਘਾਯੋਗ ਕੰਮ ਕੀਤਾ । ਇਸੇ ਤਰੀਕੇ ਨਾਲ ਹੋਰ ਵੀ ਬਹੁਤ ਸਾਰੀਆਂ ਸੋਸ਼ਲ ਸੰਸਥਾਵਾਂ ਜਿਨ੍ਹਾਂ ਵਿਚ ਰੈਡ ਕਰਾਸ ਵੀ ਸ਼ਾਮਲ ਹੈ, ਵਿੱਚ ਸ਼ਲਾਘਾਯੋਗ ਕੰਮ ਕੀਤਾ ਅਤੇ ਪਕਿਸਤਾਨ ਬਣਨ ਤੋਂ ਬਾਅਦ ਬੱਚਿਆਂ ਅਤੇ ਔਰਤਾਂ ਦੀ ਰਿਕਵਰੀ ਵਾਸਤੇ ਵੀ ਕੰਮ ਕੀਤਾ । ਉਹ ਫਰੀਡਮ ਫਾਈਟਰ ਫੈਮਿਲੀ ਨੂੰ ਬੀਲਾਂਗ

Original with;
Punjab Vidhan Sabha
Digitized by;
Panjab Digital Library

[ ਸ਼੍ਰੀਮਤੀ ਵਿਮਲਾ ਡਾਂਗ ]

ਕਰਦੇ ਸਨ । ਸਿਹਤ ਮੰਤਰੀ ਬਣਨ ਉਪਰੰਤ ਉਹ ਕਈ ਵਾਰ ਅੰਮ੍ਰਿਤਸਰ ਆਉਂਦੇ ਸਨ, ਇਸ ਕਰਕੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਤੀ ਨੂੰ ਮਿਲਣ ਦਾ ਮੌਕਾ ਮਿਲਿਆ ਔਰ ਉਹ ਛੋਟੇ-ਮੋਟੇ ਪਰਾਬਲਮਜ਼ ਉਸੇ ਵੇਲੇ ਹੱਲ ਕਰਨ ਵਿਚ ਸਹਾਇਤਾ ਦਿੰਦੇ ਸਨ ।

ਬਾਕੀ ਸਾਰੇ ਸੱਜਣ ਜਿਨ੍ਹਾਂ ਦੀ ਲਿਸਟ ਇੱਥੇ ਦਿੱਤੀ ਗਈ ਹੈ, ਜਿਨ੍ਹਾਂ ਵਿਚ ਸਾਬਕਾ ਮੰਤਰੀ ਸਰਦਾਰ ਗੁਰਚਰਨ ਸਿੰਘ ਜੋ ਪਹਿਲੀ ਵਾਰ ਪੈਪਸੂ ਲੈਜਿਸਲੇਚਰ ਦੇ ਮੈਂਬਰ ਚੁਣੇ ਗਏ, ਸ਼੍ਰੀ ਸੰਤ ਸਿੰਘ, ਸਾਬਕਾ ਐਮ.ਐਲ.ਏ. ਜੋ ਪਹਿਲਾਂ ਸੰਨ 1969 ਅਤੇ ਫਿਰ ਸੰਨ 1977 ਵਿੱਚ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ, ਸਰਦਾਰ ਰਤਨ ਸਿੰਘ ਐਕਸ-ਐਮ.ਐਲ.ਏ. ਜੋ ਜ਼ੀਰੇ ਦੇ ਮਹਾਨ ਫਰੀਡਮ ਫਾਈਟਰ ਸਨ, ਸਰਦਾਰ ਪ੍ਰਤਾਪ ਸਿੰਘ ਕਾਦੀਆਂ, ਐਕਸ-ਐਮ.ਐਲ.ਏ. ਜੋ ਸੰਨ 1969 ਵਿੱਚ ਕੁੰਮ ਕਲਾਂ ਤੋਂ ਚੁਣੇ ਗਏ ਸਨ, ਸ਼੍ਰੀ ਰਾਮ ਪ੍ਰਕਾਸ਼ ਜੀ ਐਕਸ-ਐਮ.ਐਲ.ਏ. ਜੋ ਬੰਸੀ ਲਾਲ ਦੀ ਮਨਿਸਟਰੀ ਵਿਚ ਮਨਿਸਟਰ ਵੀ ਸਨ ਅਤੇ ਲੋਕ ਸਭਾ ਦੀ ਸਿਟਿੰਗ ਵਿਚ ਵੀ ਸਨ, ਪੰਡਿਤ ਰਘਬੀਰ ਸ਼ਰਨ ਜੋ ਪ੍ਰਮੁਖ ਐਡਵੋਕੇਟ ਸਨ ਅਤੇ ਜਿਵੇਂ ਮਿੱਤਲ ਸਾਹਿਬ ਨੇ ਦੱਸਿਆ ਕਿ ਉਹ ਅੰਬਾਲਾ ਬਾਰ ਐਸੋਸੀਏਸ਼ਨ ਦੇ ਬੜੇ ਪ੍ਰਮੁੱਖ ਲੀਡਿੰਗ ਮੈਂਬਰ ਸਨ ਔਰ ਅੰਬਾਲਾ ਮਿਉਂਸਿਪਲ ਕਮੇਟੀ ਦੇ ਦੋ ਵਾਰ ਪ੍ਰੈਜ਼ੀਡੈਂਟ ਚੁਣੇ ਗਏ, ਸਰਦਾਰ ਦਲਜੀਤ ਸਿੰਘ ਜੀ ਐਕਸ-ਐਮ.ਪੀ. ਜੋ ਬੈਕਵਰਡ ਔਰ ਲੇਬਰ ਕਲਾਸਿਜ਼ ਯੂਨੀਅਨ, ਨਵਾਂ ਨੰਗਲ ਦੇ ਪ੍ਰੈਜ਼ੀਡੈਂਟ ਰਹੇ ਅਤੇ ਸੰਨ 1957 ਅਤੇ ਫਿਰ 1962 ਵਿੱਚ ਲੋਕ ਸਭਾ ਦੇ ਮੈਂਬਰ ਚੁਣੇ ਗਏ, ਸ਼੍ਰੀ ਡੀ.ਕੇ. ਮਹਾਜਨ ਸਾਬਕਾ ਚੀਫ ਜਸਟਿਸ ਪੰਜਾਬ ਔਰ ਹਰਿਆਣਾ ਹਾਈ ਕੋਰਟ ਜਿਨ੍ਹਾਂ ਨੂੰ ਬਚਪਨ ਤੋਂ ਹੀ ਲੀਗਲ ਕੰਮਾਂ ਵਿਚ ਦਿਲਚਸਪੀ ਸੀ, ਉਹ ਪਹਿਲਾਂ ਅਡੀਸ਼ਨਲ ਜੱਜ ਮੁਕੱਰਰ ਹੋਏ ਔਰ ਫਿਰ ਪਰਮਾਨੈਂਟ ਜੱਜ ਬਣੇ ਅਤੇ ਫਿਰ ਸੰਨ 1974 ਵਿੱਚ ਹਾਈ ਕੋਰਟ ਦੇ ਚੀਫ ਜਸਟਿਸ ਬਣੇ, ਇਨ੍ਹਾਂ ਸਾਰਿਆਂ ਨੂੰ ਮੈਂ ਆਪਣੇ ਅਤੇ ਆਪਣੀ ਪਾਰਟੀ ਵੱਲੋਂ ਸ਼ਰਧਾਂਜਲੀ ਅਰਪਣ ਕਰਦੀ ਹਾਂ ।

ਇਸ ਦੇ ਨਾਲ ਹੀ ਜਿਹੜੇ ਦੋ ਹੋਰ ਨਾਂ ਆਏ ਹਨ ਜਿਨ੍ਹਾਂ ਵਿਚ ਸਾਡੇ ਬੀ.ਐਸ.ਪੀ. ਦੇ ਮੈਂਬਰ ਸਰਦਾਰ ਰਾਜ ਸਿੰਘ ਖੇੜੀ ਦੇ ਪਿਤਾ ਅਤੇ ਪੁੱਤਰ ਦੀ

Original with;
Punjab Vidhan Sabha
Digitized by;
Panjab Digital Library

ਐਕਸੀਡੈਂਟ ਵਿਚ ਡੈਥ ਹੋਈ, ਉਨ੍ਹਾਂ ਨੂੰ ਕੰਡੋਲੈਂਸ ਭੇਜਣੀ ਚਾਹੀਦੀ ਹੈ । ਇਹ ਬਹੁਤ ਵੱਡੀ ਟਰੈਜਡੀ ਹੋਈ ਹੈ ।

ਇਸੇ ਤਰੀਕੇ ਥੀਨ ਡੈਮ ਦੇ 13 ਮਜ਼ਦੂਰਾਂ ਦੀ ਚਰਚਾ ਸਾਰੇ ਅਖ਼ਬਾਰਾਂ ਵਿੱਚ ਆਈ ਹੈ ਅਤੇ ਉਨ੍ਹਾਂ ਦੀ ਮੌਤ ਦਾ ਬਹੁਤ ਵੱਡਾ ਸਦਮਾ ਉਨ੍ਹਾਂ ਦੇ ਪਰਿਵਾਰਾਂ ਨੂੰ ਪੁੱਜਿਆ ਹੈ, ਉਨ੍ਹਾਂ ਬਾਰੇ ਸਰਕਾਰ ਨੂੰ ਹੋਰ ਵੀ ਸੋਚਣਾ ਚਾਹੀਦਾ ਹੈ, ਬਹਰਹਾਲ ਇਹ ਸ਼ੋਕ ਮਤਾ ਉਨ੍ਹਾਂ ਦੇ ਨਾਂ ਸੰਮਿਲਿਤ ਹੋਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੇ ਸੀ.ਪੀ.ਆਈ ਗਰੁੱਪ ਵੱਲੋਂ ਜਿਹੜੀ ਸੂਚੀ ਪੇਸ਼ ਹੋਈ ਹੈ ਔਰ ਤਜਵੀਜ਼ਾਂ ਆਈਆਂ ਹਨ, ਉਨ੍ਹਾਂ ਦੇ ਸਬੰਧ ਵਿੱਚ ਮੈਂ ਚਾਹਵਾਂਗੀ ਕਿ ਉਨ੍ਹਾਂ ਦੇ ਪਰਿਵਾਰਾਂ ਨੂੰ ਸਾਰੇ ਹਾਊਸ ਵੱਲੋਂ ਸ਼ੋਕ ਮਤਾ ਅਡਾਪਟ ਕਰਕੇ ਸ਼ੋਕ ਭਾਵਨਾਵਾਂ ਭੇਜੀਆਂ ਜਾਣ ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ (ਖਡੂਰ ਸਾਹਿਬ, ਐਸ.ਸੀ.) :** ਮਾਨਯੋਗ ਸਪੀਕਰ ਸਾਹਿਬ, 6 ਅਪ੍ਰੈਲ ਤੋਂ ਬਾਅਦ ਸਾਡੇ ਵਿੱਚ ਬਹੁਤ ਸਾਰੀਆਂ ਹਸਤੀਆਂ, ਜਿਨ੍ਹਾਂ ਨੇ ਸਾਡੇ ਦੇਸ਼ ਸਾਡੀ ਸਟੇਟ ਵਾਸਤੇ ਬਹੁਤ ਜ਼ਿਆਦਾ ਯੋਗਦਾਨ ਪਾਇਆ ਉਹ ਨਹੀਂ ਰਹੀਆਂ । ਜਿਸ ਦੇ ਵਿੱਚ ਸਾਡੇ ਮਾਨਯੋਗ ਗਵਰਨਰ ਸ਼੍ਰੀ ਸੁਰਿੰਦਰ ਨਾਥ ਜੀ, ਜਿਨ੍ਹਾਂ ਨੇ ਬੜੇ ਔਖੇ ਸਮੇਂ ਦੇ ਵਿੱਚ ਗਵਰਨਰੀ ਦਾ ਪਦ ਪੰਜਾਬ ਦੇ ਵਿੱਚ ਸੰਭਾਲਿਆ ਅਤੇ ਬੜੇ ਚੰਗੇ ਸੁਚੱਜੇ ਢੰਗ ਨਾਲ ਉਨ੍ਹਾਂ ਨੇ ਆਪਣਾ ਫਰਜ਼ ਨਿਭਾਅ ਕੇ ਪੰਜਾਬ ਦੀ ਸੇਵਾ ਕੀਤੀ । ਉਨ੍ਹਾਂ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਅਤੇ ਬਾਕੀ ਪਰਿਵਾਰ ਦਾ ਐਡੇ ਵੱਡੇ ਹਾਦਸੇ ਵਿੱਚ ਮਾਰਿਆ ਜਾਣਾ ਸੁਣ ਕੇ ਇੱਕ ਪੱਥਰ ਦਿਲ ਵੀ ਪਿਘਲ ਜਾਂਦਾ ਹੈ । ਜਿਨ੍ਹਾਂ ਨੇ ਦੇਸ਼ ਵਾਸਤੇ ਵੱਡੇ-ਵੱਡੇ ਅਹੁਦਿਆਂ ਤੇ ਰਹਿ ਕੇ ਕੰਮ ਕੀਤਾ ਹੋਵੇ ਅਤੇ ਉਸ ਦੇ ਖਾਨਦਾਨ ਨੂੰ ਇੰਨੀ ਵੱਡੀ ਸਜ਼ਾ ਮਿਲੇ, ਇਹ ਵਾਹਿਗੁਰੂ ਦੀ ਉਨ੍ਹਾਂ ਨਾਲ ਬਹੁਤ ਵੱਡੀ ਬੇ-ਇਨਸਾਫ਼ੀ ਹੈ ।

ਇਸੇ ਤਰ੍ਹਾਂ ਬੀਬੀ ਪ੍ਰਕਾਸ਼ ਕੌਰ ਜਿਨ੍ਹਾਂ ਦਾ ਸਾਡੇ ਜ਼ਿਲ੍ਹੇ ਨਾਲ ਸਬੰਧ ਸੀ, ਉਹ ਤਿੰਨ ਵਾਰ ਐਮ.ਐਲ.ਏ ਬਣੇ, ਮਨਿਸਟਰ ਬਣੇ । 1946 ਵਿੱਚ ਮੈਂਬਰ ਬਣ ਕੇ ਉਨ੍ਹਾਂ ਨੇ ਇਸਤਰੀ ਵਰਗ ਨੂੰ ਸਿਆਸਤ ਵਿੱਚ ਜਾਗਰੂਕ ਕੀਤਾ, ਉਨ੍ਹਾਂ ਨੂੰ ਆਪਣੇ ਫਰਜ਼ ਤੋਂ ਜਾਣੂ ਕਰਵਾਇਆ, ਲੋਕ ਰਾਜ ਤੋਂ ਜਾਣੂ

Original with;
Punjab Vidhan Sabha
Digitized by;
Panjab Digital Library

[ ਸਰਦਾਰ ਰਣਜੀਤ ਸਿੰਘ ਛੱਜਲਵੱਡੀ ]

ਕਰਵਾਇਆ । ਉਨ੍ਹਾਂ ਦੀ ਹੀ ਬਦੌਲਤ ਸਾਡੇ ਜ਼ਿਲ੍ਹੇ ਵਿਚੋਂ ਅੱਜ ਸਾਡੀਆਂ ਦੋ ਭੈਣਾਂ ਐਮ.ਐਲ.ਏ. ਹਨ ।

ਇਸੇ ਤਰ੍ਹਾਂ ਸਰਦਾਰ ਗੁਰਚਰਨ ਸਿੰਘ ਜੀ ਐਮ.ਐਲ.ਏ. ਬਣੇ । ਉਹ ਸਰਦਾਰ ਲਛਮਣ ਸਿੰਘ ਗਿੱਲ ਦੀ ਮਨਿਸਟਰੀ ਵਿੱਚ ਮਨਿਸਟਰ ਬਣੇ ਅਤੇ ਆਰ.ਐਮ.ਪੀ. ਡਾਕਟਰ ਰਹਿ ਕੇ ਉਨ੍ਹਾਂ ਨੇ ਲੋਕਾਂ ਦੀ ਸੇਵਾ ਵੀ ਕੀਤੀ ।

ਇਸੇ ਤਰ੍ਹਾਂ ਮੇਜਰ ਜਨਰਲ ਸਪੈਰੋ, ਜਿਨ੍ਹਾਂ ਨੇ ਦੇਸ਼ ਵਾਸਤੇ, ਦੇਸ਼ ਦੀ ਰੱਖਿਆ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ । ਸਰਦਾਰ ਲਛਮਣ ਸਿੰਘ ਗਿੱਲ ਦੀ ਮਨਿਸਟਰੀ ਵਿੱਚ ਮਨਿਸਟਰ ਦੇ ਪਦ ਤੇ ਰਹਿ ਕੇ ਉਨ੍ਹਾਂ ਨੇ ਬੜੇ ਸੁਚੱਜੇ ਢੰਗ ਨਾਲ ਮਨਿਸਟਰੀ ਨੂੰ ਚਲਾਇਆ ਅਤੇ ਪੰਜਾਬੀਆਂ ਦੀ ਸੇਵਾ ਕੀਤੀ ।

ਸਰਦਾਰ ਸੰਤ ਸਿੰਘ ਜੀ ਧੂਰੀ ਜਿਨ੍ਹਾਂ ਨੂੰ ਆਮ ਕਰਕੇ ਜ਼ੈਲਦਾਰ ਸੱਦਿਆ ਜਾਂਦਾ ਸੀ, ਉਨ੍ਹਾਂ ਨੇ 1969, 1977 ਅਤੇ 1980 ਦੇ ਵਿੱਚ ਤਿੰਨ ਵਾਰ ਐਮ.ਐਲ.ਏ. ਬਣ ਕੇ ਆਪਣੇ ਹਲਕੇ ਦੀ ਨੁਮਾਇੰਦਗੀ ਕੀਤੀ ਅਤੇ ਕੋਆਪਰੇਟਿਵ ਸੋਸਾਇਟੀ ਦੇ ਡਾਇਰੈਕਟਰ ਰਹਿ ਕੇ ਲੋਕ ਸੇਵਾ ਕੀਤੀ ।

ਸਰਦਾਰ ਰਤਨ ਸਿੰਘ ਜੀ ਲੋਹਗੜ੍ਹ ਦਸਵੀਂ ਪਾਸ ਕਰਨ ਤੋਂ ਬਾਅਦ ਬਰਮ੍ਹਾ ਚਲੇ ਗਏ । ਬਰਮ੍ਹਾ 1942 ਵਿੱਚ ਅਜ਼ਾਦ ਹੋ ਗਿਆ ਅਤੇ ਸਰਦਾਰ ਰਤਨ ਸਿੰਘ ਜੀ ਵਾਪਸ ਆਪਣੇ ਭਾਰਤ ਦੇਸ਼ ਆ ਗਏ । 1946 ਵਿੱਚ ਸਾਂਝੇ ਪੰਜਾਬ ਦੇ ਐਮ.ਐਲ.ਏ. ਬਣ ਕੇ ਲੋਕਾਂ ਦੀ ਸੇਵਾ ਕੀਤੀ । 1946 ਵਿੱਚ ਉਹ ਅਕਾਲੀ ਦਲ ਦੀ ਟਿਕਟ ਤੇ ਜਿੱਤੇ ਸਨ ।

ਸਰਦਾਰ ਪ੍ਰਤਾਪ ਸਿੰਘ ਜੀ ਕਾਦੀਆਂ 1969 ਦੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੇ ਜਿੱਤੇ ਅਤੇ ਸ਼੍ਰੀ ਰਾਮ ਪ੍ਰਕਾਸ਼ ਜੀ ਐਮ.ਐਲ.ਏ. ਵੀ ਅਕਾਲੀ ਦਲ ਦੇ ਮੈਂਬਰ ਸਨ ।

ਇਸੇ ਤਰ੍ਹਾਂ ਪੰਡਿਤ ਰਘਬੀਰ ਸ਼ਰਨ, ਜੋ ਐਮ.ਐਲ.ਸੀ. ਸਨ ਉਹ ਦੇਸ਼ ਦੀ ਆਜ਼ਾਦੀ ਵੇਲੇ ਫਰੀਡਮ ਫਾਈਟਰ ਵੀ ਰਹੇ ਅਤੇ ਦੇਸ਼ ਦੀ ਆਜ਼ਾਦੀ ਵਿੱਚ ਵੱਡਾ ਹਿੱਸਾ ਪਾਇਆ । ਉਹ ਬਾਰ ਐਸੋਸੀਏਸ਼ਨ ਅੰਬਾਲਾ ਦੇ ਪ੍ਰਧਾਨ ਵੀ ਰਹੇ ਤੇ ਬਹੁਤ ਸੇਵਾ ਕੀਤੀ ।

Original with;
Punjab Vidhan Sabha
Digitized by;
Panjab Digital Library

ਜਿਸ ਤਰ੍ਹਾਂ ਸਾਡੇ ਵਿੱਚ ਐਮ.ਐਲ.ਏ. ਅਤੇ ਹੋਰ ਬਹੁਤ ਸਾਰੀਆਂ ਹਸਤੀਆਂ ਨਹੀਂ ਰਹੀਆਂ, ਸਾਡੇ ਸਾਥੀ ਐਮ.ਐਲ.ਏ ਸਰਦਾਰ ਰਾਜ ਸਿੰਘ ਦੇ ਪਿਤਾ ਅਤੇ ਲੜਕੇ ਦੀ ਕੱਲ੍ਹ ਐਕਸੀਡੈਂਟ ਵਿੱਚ ਮੌਤ ਹੋ ਗਈ । ਉਸ ਦੀ ਮਾਤਾ ਅਤੇ ਪਤਨੀ ਦੇ ਵੀ ਸੱਟਾਂ ਲੱਗੀਆਂ । ਇਸ ਦਾ ਸਾਨੂੰ ਬਹੁਤ ਅਫਸੋਸ ਹੈ ।

ਥੀਨ ਡੈਮ ਤੇ ਕਰੇਨ ਹਾਦਸੇ ਵਿੱਚ 13 ਮੌਤਾਂ ਹੋ ਗਈਆਂ ਇਨ੍ਹਾਂ ਦਾ ਸਾਨੂੰ ਬਹੁਤ ਅਫ਼ਸੋਸ ਹੈ । ਮੈਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਜਿਥੇ ਉਨ੍ਹਾਂ ਮਜ਼ਦੂਰ ਪਰਿਵਾਰਾਂ ਨੂੰ ਸ਼ੋਕ ਸੁਨੇਹਾ ਭੇਜਣਾ ਹੈ ਉਥੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਾਇਕ ਸਹਾਇਤਾ ਵੀ ਭੇਜਣੀ ਚਾਹੀਦੀ ਹੈ ।

ਇਸੇ ਤਰ੍ਹਾਂ ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ਅਤੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਜੋ ਮਤਾ ਪੇਸ਼ ਕੀਤਾ ਹੈ ਉਸ ਦੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ।

**ਕਾਮਰੇਡ ਤਰਸੇਮ ਜੋਧਾਂ (ਕਿਲਾ ਰਾਏਪੁਰ) :** ਮਾਨਯੋਗ ਸਪੀਕਰ ਸਾਹਿਬ, 6 ਅਪ੍ਰੈਲ ਨੂੰ ਜਦੋਂ ਸਾਡਾ ਸੈਸ਼ਨ ਉਠਿਆ ਉਸ ਤੋਂ ਲੈ ਕੇ ਅੱਜ ਤੱਕ ਸਾਡੇ ਵਿੱਚ ਕਈ ਮਹਾਨ ਹਸਤੀਆਂ ਜਿਨ੍ਹਾਂ ਨੇ ਇਸ ਸਮਾਜ ਵਿੱਚ ਉਘਾ ਰੋਲ ਅਦਾ ਕੀਤਾ, ਉਹ ਨਹੀਂ ਰਹੀਆਂ । ਇਨ੍ਹਾਂ ਵਿਚੋਂ ਨੰਬਰ ਇਕ ਤੇ ਸ਼੍ਰੀ ਸੁਰਿੰਦਰ ਨਾਥ ਜੀ ਸਨ ਜੋ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਗਵਰਨਰ ਸਨ । ਸ਼੍ਰੀ ਸੁਰਿੰਦਰ ਨਾਥ ਜੀ ਉਸ ਵਕਤ ਪੰਜਾਬ ਦੇ ਗਵਰਨਰ ਬਣੇ ਜਦੋਂ ਪੰਜਾਬ ਦੇ ਹਾਲਾਤ ਬੜੇ ਭੈੜੇ ਸਨ । ਇਹ ਚਾਹੇ ਮੀਜ਼ੋਰਮ ਵਿੱਚ ਰਹੇ ਜਾਂ ਜੰਮੂ ਐਂਡ ਕਸ਼ਮੀਰ ਵਿੱਚ ਰਹੇ ਇਨ੍ਹਾਂ ਨੇ ਗੜਬੜ ਵਾਲੇ ਇਲਾਕੇ ਵਿੱਚ ਸੇਵਾ ਕੀਤੀ, ਆਪਣੀ ਡਿਊਟੀ ਕੁਸ਼ਲਤਾ ਨਾਲ ਨਿਭਾਈ ਅਤੇ ਸਫ਼ਲ ਰਹੇ । ਜਦੋਂ ਉਹ ਇਥੇ ਗਵਰਨਰ ਬਣੇ ਤਾਂ ਉਸ ਵਕਤ ਪੰਜਾਬ ਵਿੱਚ ਲੋਕ ਅੱਗ ਦੀ ਭੱਠੀ ਵਿੱਚ ਝੁਲਸ ਰਹੇ ਸਨ ਅਤੇ ਉਸ ਵਕਤ ਪੰਜਾਬ ਵਿੱਚ ਕੰਮ ਕਰਨਾ ਬੜਾ ਕਠਨ ਸੀ । ਉਨ੍ਹਾਂ ਨੇ ਬੜੀ ਮੁਸ਼ਕਲ ਦੇ ਨਾਲ, ਬੜੀਆਂ ਕਠਿਨਾਈਆਂ ਵਿੱਚ ਪੈ ਕੇ ਪੰਜਾਬ ਵਿੱਚ ਜੋ ਭੈ ਭੀਤ ਹਾਲਾਤ ਸਨ ਅਤੇ ਪੰਜਾਬ ਬੜੇ ਭਿਆਨਕ ਪਾਸੇ ਵੱਲ ਨੂੰ ਜਾ ਰਿਹਾ ਸੀ ਉਸ ਪਾਸੇ ਤੋਂ ਮੋੜ ਕੇ ਸ਼ਾਂਤੀ ਲਿਆਂਦੀ । ਪੰਜਾਬ ਵਿੱਚ ਇਤਨੇ ਭੈ ਭੀਤ ਕਰਨ ਵਾਲੇ ਹਾਲਾਤ ਸਨ ਅਤੇ ਇਸ ਤਰ੍ਹਾਂ ਲਗਦਾ ਸੀ ਕਿ ਪੰਜਾਬ ਵਿੱਚ ਸ਼ਾਂਤੀ ਕਦੇ ਵੀ ਨਹੀਂ ਆਵੇਗੀ ਪਰ ਉਨ੍ਹਾਂ ਨੇ ਲੋਕਾਂ ਦੇ ਸਹਿਯੋਗ ਨਾਲ ਆਪਣੀ ਸੂਝ

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਤਰਸੇਮ ਜੋਧਾਂ ]

ਸ਼ਕਤੀ ਦੇ ਮੁਤਾਬਿਕ ਪੰਜਾਬ ਦੇ ਵਿੱਚ ਸ਼ਾਂਤੀ ਲਿਆਂਦੀ ਅਤੇ ਪੰਜਾਬ ਰਾਜ ਦੇ ਵਿੱਚ ਮੁੜ ਕੇ ਅਮਨ ਦਾ ਵਾਤਾਵਰਣ ਬਣਾ ਕੇ ਚੋਣਾਂ ਕਰਵਾਈਆਂ । ਜਿਥੇ ਮਾਨਯੋਗ ਸ਼੍ਰੀ ਸੁਰਿੰਦਰ ਨਾਥ ਜੀ ਦਾ ਪੰਜਾਬ ਵਿੱਚ ਮੁੜ ਕੇ ਅਮਨ ਅਤੇ ਸ਼ਾਂਤੀ ਦਾ ਵਾਤਾਵਰਣ ਲਿਆਉਣ ਵਿੱਚ ਉਘਾਂ ਰੋਲ ਹੈ ਉਥੇ ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਗਾਰਗੀ ਦੇਵੀ ਜਦੋਂ ਪੰਜਾਬ ਦੇ ਲੋਕ ਮਾੜੇ ਹਾਲਾਤ ਵਿਚੋਂ ਗੁਜ਼ਰ ਰਹੇ ਸਨ ਤਾਂ ਉਨ੍ਹਾਂ ਹਾਲਾਤ ਵਿੱਚ ਉਹ ਵੀ ਬੜੇ ਐਕਟਿਵ ਰਹੇ ਅਤੇ ਉਹ ਲੋਕਾਂ ਵਿੱਚ ਜਾ ਕੇ ਕੰਮ ਕਰਦੇ ਰਹੇ । ਉਹ ਵੀ ਵਿਛੜ ਗਏ ਹਨ । ਉਨ੍ਹਾਂ ਦਾ ਲੜਕਾ ਅਤੇ ਨੂੰਹ, ਦੋ ਪੋਤੇ, ਧੀ, ਜਵਾਈ ਅਤੇ ਦੋਹਤੇ ਵੀ ਵਿਛੜ ਗਏ ਹਨ । ਇਸ ਹਾਦਸੇ ਨਾਲ ਪੰਜਾਬ ਦੇ ਲੋਕਾਂ ਦੇ ਦਿਲਾਂ ਤੇ ਬੜੀ ਭਾਰੀ ਸੱਟ ਵੱਜੀ ਹੈ । ਜਿਸ ਵੇਲੇ ਇਹ ਹਾਦਸਾ ਹੋਇਆ ਤਾਂ ਉਸ ਸਮੇਂ ਸਾਰੇ ਪੰਜਾਬ ਵਿੱਚ ਸ਼ੋਕ ਦੀ ਲਹਿਰ ਦੌੜ ਗਈ ਅਤੇ ਚਾਹੇ ਉਨ੍ਹਾਂ ਦੇ ਨਾਲ ਕੋਈ ਸਬੰਧਤ ਸੀ ਜਾਂ ਅਸਬੰਧਤ ਨਹੀਂ ਸੀ ਸਾਰੇ ਹੀ ਇਸ ਹਾਦਸੇ ਹੋਣ ਤੇ ਪੀੜਤ ਹੋਏ ਅਤੇ ਸਾਰੇ ਪੰਜਾਬੀਆਂ ਨੂੰ ਸੱਟ ਵੱਜੀ ਕਿ ਇਤਨਾ ਭਿਆਨਕ ਹਾਦਸਾ ਹੋਇਆ ਹੈ ਕਿ ਤਿੰਨ ਪੀੜੀਆਂ ਇਕੋ ਪਰੀਵਾਰ ਦੀ ਖੋਹ ਲਈਆਂ । ਮੈਂ ਆਪਣੇ ਵੱਲੋਂ ਅਤੇ ਆਪਣੀ ਪਾਰਟੀ ਵੱਲੋਂ ਸ਼੍ਰੀ ਸੁਰਿੰਦਰ ਨਾਥ ਜੀ ਦੇ ਪਰੀਵਾਰ ਦੇ ਮੈਂਬਰਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੇ ਲੜਕੇ ਅਤੇ ਨੂੰਹ ਨੂੰ ਇਹ ਮਤਾ ਪਾਸ ਕਰਕੇ ਭੇਜਿਆ ਜਾਵੇ ।

ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਆਰਮੀ ਵਿੱਚ ਬੜੇ ਸੂਘੜ ਅਫ਼ਸਰ ਰਹੇ ਅਤੇ ਉਥੇ ਉਨ੍ਹਾਂ ਨੇ ਦੇਸ਼ ਦੀ ਸੇਵਾ ਕੀਤੀ । ਉਸ ਦੇ ਬਾਅਦ ਉਹ ਐਮ.ਐਲ.ਏ. ਬਣੇ, ਮਨਿਸਟਰ ਵੀ ਬਣੇ ਅਤੇ ਐਮ.ਪੀ. ਵੀ ਰਹੇ । ਸਰਦਾਰ ਗੁਰਨਾਮ ਸਿੰਘ ਜੀ ਦੀ ਮਨਿਸਟਰੀ ਬਣੀ, ਪੰਜਾਬ ਵਿੱਚ ਜਦੋਂ ਸਾਂਝਾ ਫਰੰਟ ਬਣਿਆ ਤਾਂ ਉਸ ਦੇ ਵਿੱਚ ਉਹ ਵਜ਼ੀਰ ਰਹੇ ਔਰ ਉਸ ਤੋਂ ਬਾਅਦ ਉਹ 2 ਵਾਰੀ ਐਮ.ਪੀ. ਬਣੇ ਔਰ ਕਾਂਗਰਸ ਪਾਰਟੀ ਦੇ ਲੀਡਰ ਰਹੇ । ਉਨ੍ਹਾਂ ਦਾ ਪੰਜਾਬ ਦੇ ਲਈ, ਦੇਸ਼ ਦੇ ਲਈ ਬਹੁਤਾ ਯੋਗਦਾਨ ਹੈ । ਉਨ੍ਹਾਂ ਦੇ ਵਿਛੜਨ ਤੇ ਮੈਂ ਆਪਣੀ ਪਾਰਟੀ ਵਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ।

Original with;
Punjab Vidhan Sabha
Digitized by;
Panjab Digital Library

ਬੀਬੀ ਪ੍ਰਕਾਸ਼ ਕੌਰ ਜਿਹੜੇ ਮੰਤਰੀ ਰਹੇ ਅਤੇ ਸਰਦਾਰ ਗੁਰਚਰਨ ਸਿੰਘ ਵੀ ਜੋ ਸਾਡੇ ਮੰਤਰੀ ਰਹੇ ਉਹ ਸਭ ਤੋਂ ਥੱਲੇ ਦੇ ਤਬਕੇ ਤੋਂ ਉਠ ਕੇ ਐਮ.ਐਲ.ਏ. ਬਣੇ ਅਤੇ ਸਰਦਾਰ ਲਛਮਣ ਸਿੰਘ ਗਿੱਲ ਦੀ ਮਨਿਸਟਰੀ ਵਿੱਚ ਮੰਤਰੀ ਰਹੇ ।

ਸਰਦਾਰ ਬਲਦੇਵ ਸਿੰਘ ਸਿੱਧੂ ਅਰਸਟਵਾਈਲ ਪੈਪਸੂ ਸਟੇਟ ਦੇ ਐਮ.ਐਲ.ਏ. ਰਹੇ । ਚੌਲਦਾਰ ਸੰਤ ਸਿੰਘ ਜੀ 3 ਵਾਰੀ ਐਮ.ਐਲ.ਏ. ਚੁਣ ਕੇ ਆਏ ਅਤੇ ਉਹ ਆਪਣੇ ਇਲਾਕੇ ਵਿੱਚ ਬੜੇ ਹਰਮਨ ਪਿਆਰੇ ਅਤੇ ਉਘੇ ਲੀਡਰ ਸਨ । ਸਰਦਾਰ ਰਤਨ ਸਿੰਘ ਲੋਹਗੜ੍ਹ ਬੜੇ ਵਡੇ ਫਰੀਡਮ ਫਾਈਟਰ ਸਨ । ਉਹ ਜ਼ੀਰਾ ਵਿਚੋਂ 1946 ਵਿੱਚ ਅਕਾਲੀ ਟਿਕਟ ਤੇ ਐਮ.ਐਲ.ਏ. ਚੁਣ ਕੇ ਆਏ । ਸਰਦਾਰ ਪ੍ਰਤਾਪ ਸਿੰਘ ਕਾਦੀਆਂ ਜਿਨ੍ਹਾਂ ਨੇ ਕਿਸਾਨ ਲਹਿਰ ਨੂੰ ਡਿਵੈਲਪ ਕਰਨ ਵਿੱਚ ਬੜਾ ਉਘਾ ਹਿੱਸਾ ਪਾਇਆ ਅਤੇ ਭਾਰਤੀ ਕਿਸਾਨ ਯੂਨੀਅਨ ਦੇ ਬੜੇ ਸਿਰਕੱਢ ਲੀਡਰ ਰਹੇ ਜੋ ਕੁੰਮਕਲਾਂ ਤੋਂ ਐਮ.ਐਲ.ਏ. ਚੁਣ ਕੇ ਆਏ ਸਨ ਉਨ੍ਹਾਂ ਦਾ ਵੀ ਕਾਫੀ ਯੋਗਦਾਨ ਸੀ । ਸ੍ਰੀ ਰਾਮ ਪ੍ਰਕਾਸ਼ ਜੀ ਜੋ ਹਰਿਆਣਾ ਤੋਂ ਐਮ.ਐਲ.ਏ. ਅਤੇ ਐਮ.ਪੀ ਵੀ ਰਹੇ । ਪੰਡਿਤ ਰਘਬੀਰ ਸ਼ਰਨ, ਸਾਬਕਾ ਐਮ.ਐਲ.ਸੀ. ਸਨ ਉਹ ਜਨਸੰਘ ਦੇ ਲੀਡਰ ਸਨ ਅਤੇ ਉਨ੍ਹਾਂ ਨੇ ਵੀ ਬੜਾ ਉਘਾ ਰੋਲ ਅਦਾ ਕੀਤਾ । ਇਹ ਸਾਰੀਆਂ ਮਹਾਨ ਹਸਤੀਆਂ ਸਾਡੇ ਕੋਲੋਂ ਵਿਛੜ ਗਈਆਂ ਹਨ ।

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਸਾਬਕਾ ਜਸਟਿਸ ਡੀ.ਕੇ. ਮਹਾਜਨ ਜਿਹੜੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੀਫ ਜਸਟਿਸ ਰਹੇ ਹਨ ਔਰ ਉਨ੍ਹਾਂ ਨੇ ਬੜੀ ਸਿਆਣਪ ਨਾਲ ਕੰਮ ਕੀਤਾ ਔਰ ਲੋਕਾਂ ਦੀ ਸੇਵਾ ਕੀਤੀ, ਉਹ ਵੀ ਸਾਡੇ ਤੋਂ ਜੁਦਾ ਹੋ ਗਏ ਹਨ ਸਾਨੂੰ ਉਨ੍ਹਾਂ ਦਾ ਵੀ ਬੜਾ ਦੁੱਖ ਹੈ ।

ਇਸ ਤੋਂ ਇਲਾਵਾ ਕਲ੍ਹ ਹੀ ਸਾਡੇ ਇਕ ਮੈਂਬਰ ਸਰਦਾਰ ਰਾਜ ਸਿੰਘ ਦੇ ਪਰਿਵਾਰ ਦੇ ਮੈਂਬਰਾਂ ਨਾਲ ਜੋ ਹਾਦਸਾ ਹੋਇਆ ਹੈ ਸਾਨੂੰ ਉਸ ਦਾ ਵੀ ਬੜਾ ਦੁੱਖ ਹੈ । ਉਨ੍ਹਾਂ ਦੇ ਪਿਤਾ ਅਤੇ ਪੁੱਤਰ ਤਾਂ ਉਥੇ ਹੀ ਗੁਜ਼ਰ ਗਏ ਸਨ ਬਾਕੀ ਦੇ ਫੈਮਿਲੀ ਮੈਂਬਰ ਵੀ ਹਸਪਤਾਲ ਵਿਚ ਸੀਰੀਅਸ ਕੰਡੀਸ਼ਨ ਵਿਚ ਪਏ ਹਨ । ਸਾਨੂੰ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਜਿਥੇ ਸ਼ੋਕ ਦਾ ਮਤਾ ਭੇਜਣਾ ਚਾਹੀਦਾ ਹੈ ਉਥੇ ਜਿਹੜੇ ਹਸਪਤਾਲ ਵਿਚ ਸੀਰੀਅਸ ਕੰਡੀਸ਼ਨ ਵਿਚ ਪਏ ਹਨ ਉਨ੍ਹਾਂ ਦੇ ਇਲਾਜ ਦਾ ਵੀ ਪੂਰਾ ਪ੍ਰਬੰਧ ਕਰਨਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

[ ਕਾਮਰੇਡ ਤਰਸੇਮ ਜੋਧਾਂ ]

ਇਸ ਤੋਂ ਇਲਾਵਾ ਥੀਨ ਡੈਮ ਤੇ ਵੀ ਜਿਹੜਾ ਹਾਦਸਾ ਹੋਇਆ ਹੈ ਉਹ ਵੀ ਬੜੇ ਦੁਖ ਦੀ ਗਲ ਹੈ । 13 ਮਜ਼ਦੂਰਾਂ ਦੀਆ ਜਾਨਾਂ ਚਲੀਆਂ ਗਈਆਂ ਉਨ੍ਹਾਂ ਦੇ ਪਰਿਵਾਰਾਂ ਤੇ ਬੜੀ ਭਾਰੀ ਸੱਟ ਵੱਜੀ ਹੈ । ਮੈਂ ਸਮਝਦਾ ਹਾਂ ਕਿ ਜਿਥੇ ਉਨ੍ਹਾਂ ਦੇ ਪਰਿਵਾਰਾਂ ਨੂੰ ਸ਼ੋਕ ਦਾ ਮਤਾ ਭੇਜਣਾ ਹੈ ਉਥੇ ਉਨ੍ਹਾਂ ਦੀ ਮਾਇਕ ਮਦਦ ਵੀ ਕਰਨੀ ਚਾਹੀਦੀ ਹੈ ਅਤੇ ਅੱਗੇ ਤੋਂ ਅਜਿਹੇ ਹਾਦਸੇ ਨਾ ਹੋਣ ਇਸ ਵਾਸਤੇ ਵੀ ਪ੍ਰਬੰਧ ਕਰਨੇ ਚਾਹੀਦੇ ਹਨ ।

ਅੰਤ ਵਿਚ ਮੈਂ ਉਨ੍ਹਾਂ ਹਸਤੀਆਂ ਨੂੰ ਜਿਹੜੀਆਂ ਸਾਡੇ ਤੋਂ ਵਿਛੜ ਗਈਆਂ ਹਨ, ਉਨ੍ਹਾਂ ਮਜ਼ਦੂਰਾਂ ਲਈ ਅਤੇ ਸਾਡੇ ਮਾਨਯੋਗ ਮੈਂਬਰ ਦੇ ਫੈਮਿਲੀ ਮੈਂਬਰਜ਼ ਦੇ ਗੁਜ਼ਰ ਜਾਣ ਤੇ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ ।

**ਸ਼੍ਰੀ ਵਿਜੇ ਕੁਮਾਰ ਸਾਥੀ (ਬਾਘਾਪੁਰਾਣਾ)** : ਸਪੀਕਰ ਸਾਹਿਬ, 6 ਅਪ੍ਰੈਲ ਤੋਂ ਬਾਅਦ ਅੱਜ ਸਦਨ ਦੀ ਜੋ ਬੈਠਕ ਹੋਈ ਹੈ ਇਸ ਦੌਰਾਨ ਸਾਡੇ ਵਿਚੋਂ ਕੁਝ ਅਜਿਹੀਆਂ ਉਘੀਆਂ ਹਸਤੀਆਂ ਵਿਛੜ ਗਈਆਂ ਹਨ ਜਿਨ੍ਹਾਂ ਨੇ ਪੰਜਾਬ ਦੀ ਬਹੁਤ ਸੇਵਾ ਕੀਤੀ ਹੈ । ਉਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਜਿਹੜਾ ਹਵਾਈ ਜਹਾਜ਼ ਦਾ ਹਾਦਸਾ ਹੋਇਆ ਹੈ ਜਿਸ ਵਿਚ ਸਾਡੇ ਲਾਟ ਸਾਹਿਬ ਆਪਣੇ ਸਾਰੇ ਪਰਿਵਾਰ ਦੇ ਨਾਲ, ਸਿਰਫ਼ ਇਕ ਲੜਕੇ ਨੂੰ ਛੱਡ ਕੇ, ਪਰਿਵਾਰ ਦੇ 9 ਜੀਅ ਚਲੇ ਗਏ ਹਨ । ਉਸ ਦਿਨ ਸਾਰੇ ਪੰਜਾਬ ਵਿਚ ਸ਼ੋਕ ਦਾ ਸਾਇਆ ਪੈ ਗਿਆ ਸੀ । ਪੰਜਾਬ ਦੇ ਗਵਰਨਰ ਸਾਹਿਬ ਨਾਲ ਉਸ ਵੇਲੇ ਹਾਦਸਾ ਹੋਇਆ ਜਦੋਂ ਉਹ ਆਪਣੀ ਜ਼ਿੰਦਗੀ ਦੀਆਂ ਕਾਮਯਾਬੀਆਂ ਦੀਆਂ ਸਿਖਰਾਂ ਤੇ ਸਨ । ਉਨ੍ਹਾਂ ਨੇ ਕਈ ਅਹੁਦਿਆਂ ਤੇ ਰਹਿ ਕੇ ਦੇਸ਼ ਦੀ ਔਰ ਪੰਜਾਬ ਦੀ ਸੇਵਾ ਕੀਤੀ ਹੈ । ਚੀਫ਼ ਸੈਕਟਰੀ ਵੀ ਰਹੇ, ਐਡਵਾਈਜ਼ਰ ਵੀ ਰਹੇ ਔਰ ਗਵਰਨਰ ਵੀ ਬਣੇ । ਸਾਨੂੰ ਦੁੱਖ ਹੈ ਕਿ ਉਨ੍ਹਾਂ ਦੇ ਪਰਿਵਾਰ ਦੇ 8 ਜੀਅ, ਦੋ ਪਾਇਲਟ ਔਰ ਇਕ ਉਨ੍ਹਾਂ ਦਾ ਸੇਵਕ ਵੀ ਇਸ ਹਾਦਸੇ ਵਿਚ ਸ਼ਿਕਾਰ ਹੋ ਗਏ ਹਨ । ਇਹ ਠੀਕ ਹੈ ਪ੍ਰਮਾਤਮਾ ਦਾ ਭਾਣਾ ਸਭ ਨੂੰ ਮੰਨਣਾ ਪੈਂਦਾ ਹੈ ਪਰ ਜੋ ਉਨ੍ਹਾਂ ਨੇ ਕਰਤਵ ਕੀਤੇ ਪੰਜਾਬ ਦੇ ਲੋਕਾਂ ਦੀ ਸੇਵਾ ਕੀਤੀ, ਉਹ ਕਦੇ ਪੰਜਾਬ ਦੇ ਲੋਕ ਭੁੱਲ ਨਹੀਂ ਸਕਦੇ ਔਰ ਉਨ੍ਹਾਂ ਦੇ ਮਨਾਂ ਵਿਚ ਦੁੱਖ ਦਾ ਸਾਇਆ ਬਣਿਆ ਰਹੇਗਾ ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਬਾਅਦ ਮੇਜਰ-ਜਨਰਲ ਰਾਜਿੰਦਰ ਸਿੰਘ ਸਪੈਰੋ, ਜਿਹੜੇ ਕਿ ਸਿਰਫ਼ ਮੇਜਰ-ਜਨਰਲ ਸਪੈਰੋ ਦੇ ਨਾਂ ਨਾਲ ਮਸ਼ਹੂਰ ਸਨ ਉਨ੍ਹਾਂ ਨੇ ਦੇਸ਼ ਦੇ ਵਾਸਤੇ ਬੜਾ ਯੋਗਦਾਨ ਪਾਇਆ ਔਰ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ । ਉਹ ਉਨ੍ਹਾਂ ਦੇ ਕੰਮ ਪੰਜਾਬ ਦੇ ਲੋਕ ਭੁੱਲ ਨਹੀਂ ਸਕਦੇ । ਰਾਜਨੀਤੀ ਦੇ ਖੇਤਰ ਵਿਚ ਉਨ੍ਹਾਂ ਨੇ ਲੋਕਾਂ ਦੀ ਬੜੀ ਸੇਵਾ ਕੀਤੀ ਔਰ ਬੜੀ ਸਵੱਛ ਸੇਵਾ ਕਰਦੇ ਰਹੇ । ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਵਿਚ ਉਹ ਮਨਿਸਟਰ ਵੀ ਰਹੇ ਸਨ । ਉਹ ਉਚ ਕੋਟੀ ਦੇ ਸਿਆਸਤਦਾਨ ਰਹੇ ਔਰ ਸਮਾਜ ਦੀ ਸੇਵਾ ਕਰਦੇ ਰਹੇ । ਉਨ੍ਹਾਂ ਦੇ ਵਿਛੜ ਜਾਣ ਤੇ ਸਾਨੂੰ ਬੜਾ ਦੁੱਖ ਹੈ ।

ਇਸ ਤੋਂ ਬਾਅਦ ਸ਼੍ਰੀਮਤੀ ਪ੍ਰਕਾਸ਼ ਕੌਰ ਵੀ ਇਕ ਉਚ ਸਿਆਸਤਦਾਨ ਸਨ । ਉਨ੍ਹਾਂ ਨੇ ਰਾਜਨੀਤੀ ਵਿਚ ਉਦੋਂ ਹਿੱਸਾ ਲਿਆ ਜਦੋਂ ਕਿ ਬਹੁਤ ਘੱਟ ਇਸਤਰੀਆਂ ਸਿਆਸਤ ਵਿਚ ਹਿੱਸਾ ਲਿਆ ਕਰਦੀਆਂ ਸਨ । ਉਨ੍ਹਾਂ ਨੇ ਆਪਣਾ ਆਦਰਸ਼ ਜੀਵਨ ਬਿਤਾਇਆ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਕਰਦੇ ਰਹੇ ।

ਇਸ ਤੋਂ ਬਾਅਦ ਸਰਦਾਰ ਗੁਰਚਰਨ ਸਿੰਘ, ਐਕਸ-ਮਨਿਸਟਰ, ਪੰਜਾਬ, ਸਰਦਾਰ ਬਲਦੇਵ ਸਿੰਘ ਸਿੱਧੂ, ਸਰਦਾਰ ਸੰਤ ਸਿੰਘ, ਸਰਦਾਰ ਰਤਨ ਸਿੰਘ ਲੋਹਗੜ੍ਹ ਐਕਸ-ਐਮ.ਐਲ.ਏ. ਰਹੇ ਅਤੇ ਸਰਦਾਰ ਪ੍ਰਤਾਪ ਸਿੰਘ ਕਾਦੀਆਂ ਐਕਸ-ਐਮ.ਐਲ.ਏ. 1969 ਵਿਚ ਅਕਾਲੀ ਪਾਰਟੀ ਵਲੋਂ ਕੁੰਮ ਕਲਾਂ ਤੋਂ ਜਿੱਤ ਕੇ ਇਸ ਹਾਊਸ ਵਿਚ ਆਏ ਸਨ । ਮੈਨੂੰ ਉਨ੍ਹਾਂ ਦੇ ਨਾਲ ਮੀਟਿੰਗ ਕਰਨ ਦਾ ਕਾਫੀ ਮੌਕਾ ਮਿਲਿਆ ਅਤੇ ਸਾਡਾ ਆਪਸ ਵਿਚ ਕਾਫੀ ਤਾਲਮੇਲ ਸੀ । ਉਹ ਕਿਸਾਨ ਯੂਨੀਅਨ ਦੇ ਬੜੇ ਵੱਡੇ ਉੱਘੇ ਲੀਡਰ ਸਨ ਅਤੇ ਕਿਸਾਨਾਂ ਦੀ ਭਲਾਈ ਵਿੱਚ ਉਨ੍ਹਾਂ ਦਾ ਬੜਾ ਯੋਗਦਾਨ ਰਿਹਾ । ਉਨ੍ਹਾਂ ਦੀਆਂ ਸੇਵਾਵਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ । ਉਨ੍ਹਾਂ ਦੇ ਵਿਛੜ ਜਾਣ ਨਾਲ ਪੰਜਾਬ ਦੇ ਲੋਕਾਂ ਨੂੰ ਬਹੁਤ ਘਾਟਾ ਪਿਆ ਹੈ ।

ਸ਼੍ਰੀ ਰਾਮ ਪ੍ਰਕਾਸ਼, ਜੋ ਐਮ.ਐਲ.ਏ. ਅਤੇ ਹਰਿਆਣਾ ਦੇ ਐਮ.ਪੀ. ਰਹੇ ਅਤੇ ਪੰਡਿਤ ਰਘਬੀਰ ਸ਼ਰਨ, ਐਕਸ-ਐਮ.ਐਲ.ਸੀ. ਅਤੇ ਸਰਦਾਰ ਦਲਜੀਤ ਸਿੰਘ ਐਕਸ-ਐਮ.ਪੀ. ਦੇ ਵਿਛੜ ਜਾਣ ਦਾ ਸਾਨੂੰ ਬਹੁਤ ਅਫਸੋਸ ਹੈ ।

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਵਿਜੇ ਕੁਮਾਰ ਸਾਥੀ ]

ਇਸ ਤੋਂ ਬਾਅਦ ਜਸਟਿਸ ਡੀ.ਕੇ. ਮਹਾਜਨ, ਜੋ ਪਹਿਲੇ ਅਡੀਸ਼ਨਲ ਜਸਟਿਸ ਅਤੇ ਫੇਰ ਜਸਟਿਸ ਅਤੇ ਬਾਅਦ ਵਿਚ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਰਹੇ, ਉਨ੍ਹਾਂ ਨੇ ਹਾਈ ਕੋਰਟ ਵਿੱਚ ਬਹੁਤ ਅੱਛੀਆਂ ਜੱਜਮੈਂਟਸ ਦਿੱਤੀਆਂ ਜਿਨ੍ਹਾਂ ਨੂੰ ਜੁਡੀਸ਼ਰੀ ਦੇ ਵਿੱਚ ਕੋਟ ਕੀਤਾ ਜਾਂਦਾ ਹੈ । ਉਨ੍ਹਾਂ ਨੇ ਜੁਡੀਸ਼ਰੀ ਦੇ ਵਿੱਚ ਬੜਾ ਅਹਿਮ ਰੋਲ ਅਦਾ ਕੀਤਾ ਅਤੇ ਮੈਂ ਸਮਝਦਾ ਹਾਂ ਕਿ ਇਸ ਸਮੇਂ ਜਦੋਂ ਜੁਡੀਸ਼ਰੀ ਦੇ ਵਿਚ ਉਨ੍ਹਾਂ ਦੀ ਖਾਸ ਲੋੜ ਸੀ ਅਤੇ ਬੜੀ ਅਹਿਮ ਜੱਜਮੈਂਟਸ ਉਨ੍ਹਾਂ ਨੇ ਦਿੱਤੀਆਂ, ਇਨ੍ਹਾਂ ਦੇ ਵਿਛੜ ਜਾਣ ਨਾਲ ਪੰਜਾਬ ਦੇ ਲੋਕਾਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ ।

ਮੈਨੂੰ ਦਸਿਆ ਗਿਆ ਹੈ ਸਪੀਕਰ ਸਾਹਿਬ, ਕਿ ਮੇਰੇ ਮਿੱਤਰ, ਬੀ.ਐਸ.ਪੀ. ਦੇ ਮੈਂਬਰ, ਰਾਜ ਸਿੰਘ ਖੇੜੀ ਦੇ ਪਿਤਾ ਅਤੇ ਉਨ੍ਹਾਂ ਦਾ ਡੇਢ ਸਾਲ ਦਾ ਲੜਕਾ ਕਾਰ ਐਕਸੀਡੈਂਟ ਵਿਚ ਮਾਰੇ ਗਏ ਹਨ ਅਤੇ ਉਨ੍ਹਾਂ ਦੀ ਮਾਤਾ ਅਤੇ ਪਤਨੀ ਨੂੰ ਕਾਫੀ ਚੋਟਾਂ ਲਗੀਆਂ ਹਨ । ਉਨ੍ਹਾਂ ਦੇ ਪਰਿਵਾਰ ਦੇ ਦੋ ਜੀਅ ਵਿਛੜ ਗਏ ਹਨ । ਉਨ੍ਹਾਂ ਉਤੇ ਬੜਾ ਦੁਖ ਆਇਆ ਹੈ ਅਤੇ ਉਨ੍ਹਾਂ ਦਾ ਡੇਢ-ਦੋ ਸਾਲ ਦਾ ਪੁੱਤਰ ਵੀ ਚਲਾ ਗਿਆ ਹੈ । ਮੇਰੀ ਬੇਨਤੀ ਹੈ ਕਿ ਉਨ੍ਹਾਂ ਦੇ ਪਰਿਵਾਰ ਨੂੰ ਦੁੱਖ ਦਾ ਸੰਦੇਸ਼ ਇਸ ਪਵਿੱਤਰ ਸਦਨ ਵਲੋਂ ਭੇਜਿਆ ਜਾਵੇ ਅਤੇ ਜਿਹੜੇ ਜੀਅ ਜ਼ਖਮੀ ਹਸਪਤਾਲ ਵਿਚ ਪਏ ਹਨ ਉਨ੍ਹਾਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ ਜਾਵੇ। ਮੈਂ ਇਨ੍ਹਾਂ ਵਿਛੜੀਆਂ ਹੋਈਆਂ ਰੂਹਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਦੇ ਪਰਿਵਾਰ ਨੂੰ ਸ਼ੋਕ ਦਾ ਸੰਦੇਸ਼ ਭੇਜਿਆ ਜਾਵੇ ।

ਇਸ ਦੇ ਨਾਲ ਹੀ ਥੀਨ ਡੈਮ ਦੇ ਵਿਚ ਜਿਹੜਾ ਹਾਦਸਾ ਹੋਇਆ ਹੈ ਅਤੇ ਕਈ ਮਜ਼ਦੂਰਾਂ ਦੀਆਂ ਜਾਨਾਂ ਚਲੀਆਂ ਗਈਆਂ ਹਨ, ਉਨ੍ਹਾਂ ਦਾ ਵੀ ਮੈਂ ਜ਼ਿਕਰ ਕਰਦਾ ਹਾਂ । ਇਹ ਠੀਕ ਹੈ ਕਿ ਉਨ੍ਹਾਂ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਸੀ । ਮਜ਼ਦੂਰ ਕੋਈ ਜਦੋਂ ਕੰਮ ਕਰਦਾ ਹੈ ਤਾਂ ਫੇਰ ਹੀ ਦੇਸ਼ ਦੀ ਬਣਤਰ ਬਣਦੀ ਹੈ । ਉਨ੍ਹਾਂ ਨੇ ਜਿਹੜੀ ਸਰਵਿਸ ਡੈਮ ਤੇ ਕੀਤੀ ਅਤੇ ਡੈਮ ਵਿਚ ਕੰਮ ਕਰਦੇ ਹੋਏ ਉਨ੍ਹਾਂ ਦੀ ਜਾਨ ਚਲੀ ਗਈ, ਸਰਕਾਰ ਨੂੰ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਜ਼ ਨੂੰ ਚੰਗਾ ਮੁਆਵਜ਼ਾ ਦੇਣ ਦੀ ਕਿਰਪਾਲਤਾ ਕਰਨੀ ਚਾਹੀਦੀ ਹੈ, ਇਹ ਸਾਡਾ ਇਨਸਾਨੀ ਫਰਜ਼ ਵੀ ਬਣਦਾ ਹੈ । ਇਸ ਤਰ੍ਹਾਂ ਨਾਲ ਜਿਹੜੀ ਬੇਚੈਨੀ ਉਨ੍ਹਾਂ ਦੀ

Original with;
Punjab Vidhan Sabha
Digitized by;
Panjab Digital Library

ਮਜ਼ਦੂਰ ਯੂਨੀਅਨ ਵਿਚ ਫੈਲੀ ਹੋਈ ਹੈ ਉਹ ਵੀ ਦੂਰ ਹੋ ਸਕੇਗੀ। ਸਾਨੂੰ ਉਨ੍ਹਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਮਤਾ ਮੁੱਖ ਮੰਤਰੀ ਸਾਹਿਬ ਨੇ ਇਸ ਹਾਊਸ ਵਿਚ ਪੇਸ਼ ਕੀਤਾ ਹੈ ਉਸ ਨੂੰ ਪਾਸ ਕਰਕੇ ਇਨ੍ਹਾਂ ਵਿਛੜੀਆਂ ਹੋਈਆਂ ਰੂਹਾਂ ਦੇ ਪਰਿਵਾਰਾਂ ਨੂੰ ਸ਼ੋਕ ਸੰਦੇਸ਼ ਭੇਜਿਆ ਜਾਵੇ। ਜੈ ਹਿੰਦ।

**ਸ਼੍ਰੀ ਸਪੀਕਰ** : ਸਤਿਕਾਰਯੋਗ ਲੀਡਰ ਆਫ ਦੀ ਹਾਊਸ, ਮੁੱਖ ਮੰਤਰੀ ਸਾਹਿਬ, ਲੀਡਰ ਸਾਹਿਬਾਨ ਅਤੇ ਮੈਂਬਰ ਸਾਹਿਬਾਨ ਅੱਜ ਜੋ ਸ਼ੋਕ ਮਤਾ ਮੁੱਖ ਮੰਤਰੀ ਸਾਹਿਬ ਨੇ ਪੇਸ਼ ਕੀਤਾ ਸਤਿਕਾਰਯੋਗ ਮੈਂਬਰ ਸਾਹਿਬਾਨ ਨੇ ਇਸ ਮਤੇ ਦੀ ਪ੍ਰੋੜਤਾ ਕੀਤੀ ਔਰ ਸ਼ਰਧਾਂਜਲੀਆਂ ਪੇਸ਼ ਕੀਤੀਆਂ ਹਨ, ਇਨ੍ਹਾਂ ਮਹਾਨ ਨੇਤਾਵਾਂ ਨੇ ਦੇਸ਼ ਅਤੇ ਕੌਮ ਦੀ ਮਹਾਨ ਸੇਵਾ ਕੀਤੀ, ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕਾਫੀ ਯੋਗਦਾਨ ਪਾਇਆ ਅਤੇ ਇਨ੍ਹਾਂ ਨੇ ਲੋਕਾਂ ਦੀ ਸੇਵਾ ਕੀਤੀ ਤੇ ਸਮਾਜ ਦੀ ਸੇਵਾ ਕੀਤੀ, ਮੈਂ ਵੀ ਸਾਰੇ ਮੈਂਬਰ ਸਾਹਿਬਾਨ ਦੇ ਨਾਲ ਉਨ੍ਹਾਂ ਦੇ ਜਜ਼ਬਾਤ ਵਿਚ ਸ਼ਾਮਲ ਹੁੰਦਾ ਹਾਂ। ਜਿਹੜੇ ਵਿਅਕਤੀ ਵਿੱਛੜ ਗਏ ਹਨ ਉਨ੍ਹਾਂ ਦੀ ਰੂਹ ਦੀ ਸ਼ਾਤੀ ਲਈ ਹੁਣ ਅਸੀਂ ਪ੍ਰਾਰਥਨਾ ਕਰਨ ਵਾਸਤੇ ਖੜ੍ਹੇ ਹੋ ਕੇ 2 ਮਿੰਟ ਦਾ ਮੌਨ ਧਾਰਨ ਕਰਾਂਗੇ।

(ਇਸ ਸਮੇਂ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ 2 ਮਿੰਟ ਦੇ ਲਈ ਮੌਨ ਰੱਖਣ ਲਈ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਗਏ।)

**Mr. Speaker** : Please resume your seats.

ਜੇਕਰ ਹਾਊਸ ਦੀ ਇਜਾਜ਼ਤ ਹੋਵੇ ਤਾਂ ਹਾਊਸ ਦੀ ਮਰਜ਼ੀ ਦੇ ਮੁਤਾਬਿਕ ਇਸ ਮਤੇ ਦੀ ਇਕ ਕਾਪੀ ਸਾਰੇ ਪਰਿਵਾਰਾਂ ਨੂੰ, ਜਿਨ੍ਹਾਂ ਦੇ ਜੀਅ ਚਲ ਵਸੇ ਹਨ, ਉਨ੍ਹਾਂ ਨੂੰ ਭੇਜ ਦਿੱਤੀ ਜਾਵੇ ?

**Voices** : Yes, yes.

**Mr. Speaker** : The House stands adjourned till 2.00 P.M. on Tuesday, the 6th September, 1994.

*3.06 P.M.

*(The Sabha then adjourned* till 2.00 P.M. on Tuesday, the 6th September, 1994.)*

10155/PVS--Govt. Press, U.T., Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

© 1994

Published under the authority of the Punjab Vidhan Sabha and printed by the Controller, Govt. Press, (U.T.), Chandigarh.

Original with;
Punjab Vidhan Sabha
Digitized by;
Panjab Digital Library

93

# Punjab Vidhan Sabha

## Debates

*6th September, 1994*

**Vol. VIII—No. 2**

OFFICIAL REPORT

CONTENTS

*Tuesday, 6th September, 1994*


| | | Page |
|---|---|---|
| Obituary Reference | .. | (2)1 |
| Starred Questions and Answers | .. | (2)2 |
| Naming of Members | .. | (2)5 |
| Starred Questions and Answers (*Resumption*) | .. | (2)7 |


Punjab Vidhan Sabha Secretariat, Chandigarh.

Price : Rs. 85-00

Original with;
Punjab Vidhan Sabha
Digitized by;
Panjab Digital Library

Page

Written Answers to Starred Questions laid on the Table of the House under Rule 38 .. (2)55

Unstarred Questions and Answers .. (2)57

Announcement by the Speaker *Re.* Panel of Chairmen .. (2)67

Announcement by the Secretary .. (2)68

Papers laid on the Table .. (2)73

LEGISLATIVE BUSINESS

Bill(s)—

Resolution under Article 213 (2) (a) of the Constitution of India disapproving the Punjab Entertainments Tax (Cinematograph Shows) Amendment Ordinance, 1994 (Punjab Ordinance No. 2 of 1994)

AND

The Punjab Entertainments Tax (Cinematograph Shows) Amendment—, 1994 .. (2)76

The Punjab Entertainments Duty (Amendment) ———, 1994 .. (2)79

The Punjab Entertainments Duty (Second Amendment) ———, 1994 .. (2)81

Appendix .. (i)

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Tuesday, the 6th September, 1994*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh, at 2.00 P.M. Mr. Speaker (Shri Harnam Das Johar) in the Chair.*

---

## OBITUARY REFERENCE

**Mr. Speaker :** The House will first take up obituary reference. C.M. Sahib.

**ਮੁੱਖ ਮੰਤਰੀ ( ਸਰਦਾਰ ਬੇਅੰਤ ਸਿੰਘ):** ਸਪੀਕਰ ਸਾਹਿਬ, ਇਹ ਬੜੇ ਦੁੱਖ ਦੀ ਗੱਲ ਹੈ ਕਿ ਇਕ ਬਹੁਤ ਵੱਡੇ ਅਤੇ ਮਹਾਨ ਨੇਤਾ ਸ਼੍ਰੀ ਚਾਂਦੀ ਰਾਮ ਵਰਮਾ ਜੋ ਪਿਛਲੇ ਦਿਨਾਂ ਵਿਚ ਸਾਡੇ ਕੋਲੋਂ ਜੁਦਾ ਹੋ ਗਏ ਹਨ । ਸ਼੍ਰੀ ਚਾਂਦੀ ਰਾਮ ਵਰਮਾ ਇਕ ਬਹੁੱਤ ਵੱਡੇ ਦੇਸ਼ ਭਗਤ ਸਨ, ਜਿਨ੍ਹਾਂ ਨੇ ਆਜ਼ਾਦੀ ਦੀ ਲਹਿਰ ਵਿਚ ਭਾਰੀ ਹਿੱਸਾ ਪਾਇਆ । ਉਸ ਲਹਿਰ ਦੌਰਾਨ ਉਹ ਕਈ ਵਾਰੀ ਜੇਲ੍ਹ ਵੀ ਗਏ । ਉਹ ਬੜੇ ਦ੍ਰਿੜ੍ਹ ਇਰਾਦੇ ਦੇ ਇਨਸਾਨ ਸਨ । ਉਹ ਅਬੋਹਰ ਦੇ ਰਹਿਣ ਵਾਲੇ ਸਨ । ਹੁਣ ਵੀ ਜਦੋਂ ਕਦੀ ਅਬੋਹਰ ਜਾ ਕੇ ਮੌਕਾ ਮਿਲਦਾ ਸੀ ਤਾਂ ਵਰਮਾ ਜੀ ਹਮੇਸ਼ਾਂ ਮਿਲਦੇ ਸਨ । ਉਹ ਬੜੇ ਅੱਛੇ ਸੁਭਾਅ ਵਾਲੇ ਅਤੇ ਮੁਸੱਮਮ ਇਰਾਦੇ ਦੇ ਇਨਸਾਨ ਸਨ । ਉਹ 2 ਵਾਰ ਇਸ ਮੁਤਬੱਰਕ ਹਾਊਸ ਦੇ ਮੈਂਬਰ ਰਹੇ - ਪਹਿਲੀ ਵਾਰ ਸੰਨ 1952 ਵਿਚ ਅਤੇ ਦੂਸਰੀ ਵਾਰ 1962 ਵਿਚ । ਗਿਆਨੀ ਗੁਰਮੁੱਖ ਸਿੰਘ ਮੁਸਾਫਰ ਦੀ ਮਨਿਸਟਰੀ ਵਿਚ ਉਹ ਡਿਪਟੀ ਮਨਿਸਟਰ ਵੀ ਰਹੇ । ਪੰਜਾਬ ਦੀ ਸਿਆਸਤ ਦੇ ਅੰਦਰ ਉਨ੍ਹਾਂ ਦਾ ਭਾਰੀ ਯੋਗਦਾਨ ਰਿਹਾ ਹੈ । ਉਨ੍ਹਾਂ ਦੇ ਵਿਛੜ ਜਾਣ ਨਾਲ ਅਸੀਂ ਬਹੁਤ ਵੱਡਾ ਸੁਤੰਤਰਤਾ ਸੰਗਰਾਮੀ ਆਪਣੇ ਕੋਲੋਂ ਗੁਆ ਲਿਆ ਹੈ । ਮੈਂ ਸਮਝਦਾ ਹਾਂ ਕਿ ਸਾਨੂੰ ਉਨ੍ਹਾਂ ਦੀ ਜ਼ਿੰਦਗੀ ਤੋਂ ਕੁਝ ਨਾ ਕੁਝ ਜ਼ਰੂਰ ਗ੍ਰਹਿਣ ਕਰਨਾ ਚਾਹੀਦਾ ਹੈ । ਉਹ ਬੜੀ ਅੱਛੀ ਸਿਹਤ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦੇ ਮਾਲਕ ਸਨ । ਜਦੋਂ ਉਹ ਸਟੇਜ ਤੇ ਬੋਲਦੇ ਸਨ ਤਾਂ ਇੰਜ ਮਾਲੂਮ ਹੁੰਦਾ ਸੀ ਕਿ ਕਿਸੇ ਸ਼ੇਰ ਦੀ ਆਵਾਜ਼ ਆ ਰਹੀ ਹੈ । 96 ਸਾਲ ਦੀ ਉਮਰ ਵਿਚ ਉਹ ਸਾਡੇ ਕੋਲੋਂ ਗੁਜ਼ਰੇ ਹਨ ਲੇਕਿਨ ਇਤਨੀ ਉਮਰ ਦੇ ਉਹ ਲਗਦੇ ਨਹੀਂ ਸਨ । ਉਨ੍ਹਾਂ ਦੇ ਵਿਛੋੜੇ ਕਾਰਣ ਮੈਂ ਆਪਣੇ ਵਲੋਂ ਅਤੇ ਸਾਰੇ ਹਾਊਸ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ ਅਤੇ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਕ ਰੈਜ਼ੋਲਿਊਸ਼ਨ ਪਾ ਕੇ ਉਨ੍ਹਾਂ ਦੇ ਪਰਿਵਾਰ ਤੱਕ ਉਸ ਦੀ ਕਾਪੀ ਭੇਜ ਕੇ ਉਨ੍ਹਾਂ ਪ੍ਰਤੀ ਆਪਣੇ ਦੁੱਖ ਅਤੇ ਹਮਦਰਦੀ ਦਾ ਇਜ਼ਹਾਰ ਕੀਤਾ ਜਾਵੇ ।

**ਸ਼੍ਰੀ ਸਪੀਕਰ** : ਸ਼੍ਰੀ ਚਾਂਦੀ ਰਾਮ ਵਰਮਾ ਜੀ ਪ੍ਰਤੀ ਲੀਡਰ ਆਫ ਦੀ ਹਾਊਸ ਨੇ ਜੋ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ ਹਨ, ਮੈਂ ਵੀ ਉਸ ਵਿਚ ਸ਼ਾਮਲ ਹੁੰਦਾ ਹਾਂ । ਵਰਮਾ ਜੀ ਇਕ ਬਹੁਤ ਵੱਡੇ ਦੇਸ਼ ਭਗਤ ਸਨ । ਦੇਸ਼ ਦੀ ਆਜ਼ਾਦੀ ਦੀ ਲੜਾਈ, ਆਜ਼ਾਦੀ ਦੇ ਸੰਘਰਸ਼ ਵਿਚ ਉਨ੍ਹਾਂ ਨੇ ਬੜਾ ਅਹਿਮ ਹਿੱਸਾ ਪਾਇਆ ਅਤੇ ਇਸ ਦੌਰਾਨ ਉਹ 5 ਵਾਰੀ ਜੇਲ੍ਹ ਵੀ ਗਏ । 2 ਵਾਰੀ ਉਹ ਇਸ ਸਦਨ ਦੇ ਮੈਂਬਰ ਬਣੇ ਅਤੇ ਮੰਤਰੀ ਵੀ ਰਹੇ । ਮੈਂ ਵੀ ਆਪਣੇ ਵਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਮੈਂ ਚਾਹਾਂਗਾ ਕਿ ਹਾਊਸ ਵਲੋਂ ਸ਼ੋਕ ਮਤੇ ਦੀ ਇਕ ਕਾਪੀ ਉਨ੍ਹਾਂ ਦੇ ਪਰਿਵਾਰ ਤਾਈਂ ਭੇਜੀ ਜਾਵੇ । ਇਸ ਦੇ ਨਾਲ ਹੀ ਮੈਂ ਸਾਰੇ ਹਾਊਸ ਨੂੰ ਪ੍ਰਾਰਥਨਾ ਕਰਾਂਗਾ ਕਿ ਵਿਛੜੀ ਆਤਮਾ ਦੀ ਸ਼ਾਂਤੀ ਲਈ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ 2 ਮਿੰਟ ਦਾ ਮੌਨ ਧਾਰਨ ਕਰਨ ।

(ਇਸ ਸਮੇਂ ਸਮੂਹ ਮੈਂਬਰ ਸਾਹਿਬਾਨ ਨੇ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ 2 ਮਿੰਟ ਲਈ ਮੌਨ ਧਾਰਨ ਕੀਤਾ) ।

## STARRED QUESTIONS AND ANSWERS

**Mr. Speaker** : Questions. Shri Jagtar Singh Multani.

**ਕਾਮਰੇਡ ਤਰਸੇਮ ਜੋਧਾਂ** : ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਅਸੀਂ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ, ਉਸ ਤੇ ਸੱਭ ਤੋਂ ਪਹਿਲਾਂ ਬਹਿਸ ਕਰਵਾਈ ਜਾਵੇ ਔਰ ਕੁਐਸਚਨ ਆਵਰ ਸਸਪੈਂਡ ਕੀਤਾ ਜਾਵੇ ।

Original with;
Punjab Vidhan Sabha
Digitized by;
Panjab Digital Library

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਹਾਊਸ ਦੇ ਅੰਦਰ ਕਾਫੀ ਸ਼ੋਰ ਪੈਣਾ ਸ਼ੁਰੂ ਹੋ ਗਿਆ। ਸ਼੍ਰੀ ਵਿਜੇ ਕੁਮਾਰ ਸਾਥੀ ਹੱਥ ਦੇ ਵਿੱਚ ਕੋਈ ਪੁਸਤਕ ਪਕੜ ਕੇ ਹਾਊਸ ਵਿੱਚ ਲਹਿਰਾ ਰਹੇ ਸਨ। ਹਾਊਸ ਦੇ ਅੰਦਰ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ)

**Mr. Speaker :** Please resume your seats. ਕੁਐਸਚਨ ਆਵਰ ਤੋਂ ਬਾਅਦ ਜੋ ਤੁਸੀਂ ਕਹਿਣਾ ਹੈ ਕਹਿ ਲੈਣਾ। ਤੁਸੀਂ ਆਪਣੀ ਗੱਲ ਕੁਐਸਚਨ ਆਵਰ ਤੋਂ ਬਾਅਦ ਕਹਿ ਲੈਣਾ।

**ਵਿੱਤ ਮੰਤਰੀ :** ਅਰੇਂਜਮੈਂਟ ਆਫ ਬਿਜ਼ਨੈਸ ਪੜ੍ਹੋ। ਔਬਿਚੂਅਰੀ ਤੋਂ ਬਾਅਦ ਸੱਭ ਤੋਂ ਪਹਿਲਾਂ ਕੁਐਸਚਨ ਆਵਰ ਆਉਂਦਾ ਹੈ।

**Mr. Speaker :** Sathi Ji, please resume your seat, otherwise I will have to name you. (Interruptions) Resume your seats. You can speak after the Question Hour is over. Shri Jagtar Singh Multani, (Interruptions.)

(ਇਸ ਵੇਲੇ ਡਾਕਟਰ ਰਤਨ ਸਿੰਘ, ਕਾਮਰੇਡ ਤਰਸੇਮ ਜੋਧਾਂ ਅਤੇ ਸ਼੍ਰੀ ਵਿਜੇ ਕੁਮਾਰ ਸਾਥੀ ਹੱਥ ਵਿੱਚ ਅਖਬਾਰ ਔਰ ਕੋਈ ਪੁਸਤਕ ਪਕੜ ਕੇ ਹਾਊਸ ਦੇ ਮੈਂਬਰਾਂ ਨੂੰ ਦਿਖਾ ਰਹੇ ਸਨ ਅਤੇ ਬਿਨਾ ਆਗਿਆ ਦੇ ਬੋਲ ਰਹੇ ਸਨ ** ** **)

**Mr. Speaker :** Please resume your seats. (Interruption) Please resume your seats. Do not obstruct the proceedings. Please resume your seats. Please see Rule 28. Resume your seats. Please, Vijay Kumar Sathi Ji, otherwise I will ask you to leave your seat. (Interruptions.)

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਸਪੀਕਰ ]

ਜੋ ਕੁਝ ਬਿਨਾਂ ਆਗਿਆ ਦੇ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ | (ਵਿਘਨ) . . . . (ਸ਼ੋਰ . . .

### ਰੇਲਵੇ ਫਾਟਕ ਤੇ ਓਵਰ ਬ੍ਰਿਜ ਬਣਾਉਣਾ

*2073, **ਸਰਦਾਰ ਜਗਤਾਰ ਸਿੰਘ ਮੁਲਤਾਨੀ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਜ਼ਿਲ੍ਹਾ ਕਪੂਰਥਲਾ ਵਿਚ ਪਿੰਡ ਸਭਾਨਪੁਰ ਜਾਂ ਕਰਤਾਰਪੁਰ ਨੇੜੇ ਰੇਲਵੇ ਫਾਟਕ ਤੇ ਓਵਰ ਬ੍ਰਿਜ ਬਣਾਉਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ; ਅਤੇ ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ ?

Sardar Beant Singh : No Sir.

**ਸਰਦਾਰ ਜਗਤਾਰ ਸਿੰਘ ਮੁਲਤਾਨੀ** : ਸਪੀਕਰ ਸਾਹਿਬ, ਪਿੰਡ ਸਭਾਨਪੁਰ ਜਾਂ ਕਰਤਾਰਪੁਰ ਜੋ ਕਿ ਜ਼ਿਲ੍ਹਾ ਕਪੂਰਥਲਾ ਦੇ ਵਿੱਚ ਪੈਂਦਾ ਹੈ, ਉਥੇ ਰੇਲਵੇ ਕਰਾਸਿੰਗ ਤੇ ਓਵਰ ਬ੍ਰਿਜ ਬਨਾਉਣ ਦੀ ਬਹੁਤ ਜ਼ਿਆਦਾ ਲੋੜ ਹੈ | ਕੀ ਸਰਕਾਰ ਇਸ ਲੋੜ ਨੂੰ ਮੁੱਖ ਰਖਦੇ ਹੋਏ ਜਲਦੀ ਓਵਰ ਬ੍ਰਿਜ ਬਣਾਏਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਗੱਲ ਇਹ ਹੈ ਕਿ ਪੁੱਲ ਇਸ ਤਰ੍ਹਾਂ ਦੇ ਬਹੁਤ ਜ਼ਿਆਦਾ ਹਨ, ਜਿਹੜੇ ਕਿ ਬਣਾਏ ਜਾਣ ਵਾਲੇ ਹਨ | ਅਸੀਂ ਇਨ੍ਹਾਂ ਵਾਸਤੇ ਪ੍ਰਾਇਰਟੀ ਫਿਕਸ ਕੀਤੀ ਹੋਈ ਹੈ, ਉਸ ਅਨੁਸਾਰ ਬਣਾਵਾਂਗੇ |

**ਸਰਦਾਰ ਜਗਤਾਰ ਸਿੰਘ ਮੁਲਤਾਨੀ** : ਮੈਂ ਇਹ ਬੇਨਤੀ ਕਰਨੀ ਹੈ ਕਿ . . . . (ਵਿਘਨ)

(ਇਸ ਸਮੇਂ ਵੀ ਸ੍ਰੀ ਵਿਜੇ ਕੁਮਾਰ ਸਾਥੀ ਅਤੇ [illegible] [illegible] [illegible] ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ** ** **)

**ਸ਼੍ਰੀ ਸਪੀਕਰ** : ਇਹ ਰਿਕਾਰਡ ਨਾ ਕੀਤਾ ਜਾਵੇ |

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

Please resume your seat. Please don't disturb the proceedings of the House. Sathi Ji, please resume your seat. (Interruptions)

**ਸ੍ਰੀ ਸਪੀਕਰ :** ਮੁੱਖ ਮੰਤਰੀ ਜੀ, ਤੁਹਾਨੂੰ ਸਪਲੀਮੈਂਟਰੀ ਸੁਣਾਈ ਦਿੱਤੀ ਹੈ ਜਾਂ ਕਿ ਮੈਂਬਰ ਸਾਹਿਬ ਇਸ ਨੂੰ ਦੁਬਾਰਾ ਰਿਪੀਟ ਕਰਨ ।

**ਮੁੱਖ ਮੰਤਰੀ :** ਸਪਲੀਮੈਂਟਰੀ ਦੁਬਾਰਾ ਰਿਪੀਟ ਕੀਤੀ ਜਾਵੇ ।

**ਸਰਦਾਰ ਜਗਤਾਰ ਸਿੰਘ ਮੁਲਤਾਨੀ :** ਜਿਸ ਤਰ੍ਹਾਂ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਬਹੁਤ ਸਾਰੇ ਪੁਲ ਬਣਾਏ ਜਾਣੇ ਹਨ । ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜਾ ਬ੍ਰਿਜ ਹੈ ਇਹ ਭਾਵੇਂ ਸੁਭਾਨਪੁਰ ਬਣੇ ਅਤੇ ਭਾਵੇਂ ਕਰਤਾਰਪੁਰ ਵਿਖੇ, ਇਹ ਕਪੂਰਥਲੇ ਜ਼ਿਲ੍ਹੇ ਵਿਚ ਬਣਨਾ ਚਾਹੀਦਾ ਹੈ । ਸਾਡੇ ਸਵਰਗੀ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਨੇ ਕਪੂਰਥਲੇ ਵਿਖੇ ਰੇਲ ਕੋਚ ਫੈਕਟਰੀ 400 ਕਰੋੜ ਰੁਪਏ ਦੀ ਲਾਗਤ ਨਾਲ ਬਣਵਾਈ ਹੈ । ਹੁਣ ਕਪੂਰਥਲਾ ਦੀ ਆਬਾਦੀ ਬਹੁਤ ਵਧ ਗਈ ਹੈ । ਮੈਂ ਬੇਨਤੀ ਕਰਾਂਗਾ ਕਿ ਇਸ ਲਈ ਕੋਈ ਸਮਾਂ ਫਿਕਸ ਕੀਤਾ ਜਾਵੇ ।

**ਮੁੱਖ ਮੰਤਰੀ :** ਮਿਤੀ ਬੱਧ ਪੀਰੀਅਡ ਦੱਸਣਾ ਤਾਂ ਬੜਾ ਔਖਾ ਹੈ । ਬਾਕੀ ਗੱਲ ਹੈ ਕਿ ਅਸੀਂ ਐਗਜ਼ਾਮਿਨ ਕਰਵਾ ਲਵਾਂਗੇ ਅਤੇ ਜਿਹੜੀ ਇਸ ਦੀ ਅਹਿਮੀਅਤ ਹੈ, ਉਸ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ ਇਸ ਪੁਲ ਨੂੰ ਬਣਾਇਆ ਜਾਵੇਗਾ ।

---

**ਨਿਸ਼ਾਨਵਾਲਾ ਪ੍ਰਸ਼ਨ ਨੰ: 2072**

**ਸ੍ਰੀ ਸਪੀਕਰ :** ਨੇਕਸਟ ਕੁਐਸਚਨ ਨੰਬਰ 2072 ਸ਼੍ਰੀ ਵਿਜੇ ਕੁਮਾਰ ਸਾਥੀ ॥ (ਪ੍ਰਸ਼ਨ ਨਹੀਂ ਕੀਤਾ ਗਿਆ)

---

NAMING OF MEMBERS

**ਸ੍ਰੀ ਵਿਜੇ ਕੁਮਾਰ ਸਾਥੀ :** ਸਪੀਕਰ ਸਾਹਿਬ, ਜਿੰਨੀ ਦੇਰ ਤੱਕ ਮੇਰੀ ਐਡਜਰਨਮੈਂਟ ਮੋਸ਼ਨ ਦਾ ਜਵਾਬ ਨਹੀਂ ਦਿੱਤਾ ਜਾਂਦਾ ਉਤਨੀ ਦੇਰ ... (ਸ਼ੋਰ) (ਵਿਘਨ)

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਸ਼੍ਰੀ ਵਿਜੇ ਕੁਮਾਰ ਸਾਥੀ ਅਤੇ ਕਾਮਰੇਡ ਤਰਸੇਮ ਜੋਧਾਂ ਨਾਹਰੇ ** ** ** ਮਾਰਦੇ ਹੋਏ ਵੈਲ ਆਫ ਦੀ ਹਾਊਸ ਵਿਚ ਆ ਗਏ ।)

**Mr. Speaker** : Slogans are not to be recorded.

**Finance Minister** : Hon'ble Members are interrupting the proceedings of the House unnecessarily.

**Mr. Speaker** : You are obstructing the proceedings. I have warned you. I shall name you. Please read Rule 28 of the Rules of Procedure.

ਕਾਮਰੇਡ ਤਰਸੇਮ ਜੋਧਾਂ : ਸਾਰੇ ਕੰਮ ਕਾਜ ਨੂੰ ਛੱਡ ਕੇ ਪਹਿਲਾਂ ਕਾਤੀਆ ਦਾ ਮੈਟਰ ਟੇਕ-ਅੱਪ ਹੋਵੇਗਾ .....(ਸ਼ੋਰ) (ਵਿਘਨ)....

**Mr. Speaker** : Please resume your seats otherwise I have no other option but to remove you. Marshal to please remove them for the remaining period of the day.

(ਸ਼੍ਰੀ ਵਿਜੇ ਕੁਮਾਰ ਸਾਥੀ ਅਤੇ ਕਾਮਰੇਡ ਤਰਸੇਮ ਜੋਧਾਂ ਅਜੇ ਵੀ ਵੈਲ ਆਫ ਦੀ ਹਾਊਸ ਵਿਚ ਖੜ੍ਹੇ ** ** ** ਨਾਹਰੇ ਮਾਰ ਰਹੇ ਸਨ ਅਤੇ ਮਾਰਸ਼ਲ ਨੇ ਇਸ ਸਮੇਂ ਸ਼੍ਰੀ ਵਿਜੇ ਕੁਮਾਰ ਸਾਥੀ ਅਤੇ ਕਾਮਰੇਡ ਤਰਸੇਮ ਜੋਧਾਂ ਨੂੰ ਹਾਊਸ ਵਿਚੋਂ ਅੱਜ ਦੇ ਸੈਸ਼ਨ ਦੇ ਬਾਕੀ ਰਹਿੰਦੇ ਸਮੇਂ ਲਈ ਬਾਹਰ ਕੱਢ ਦਿੱਤਾ)

**Mr. Speaker** : Slogans are not to be made part of the proceedings. Next Question.

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

## STARRED QUESTIONS AND ANSWERS

*(Resumption)*

### ਪਾਕਿਸਤਾਨ ਤੋਂ ਆਯਾਤ ਕੀਤੀ ਗਈ ਚੀਨੀ ਲਈ ਟ੍ਰਾਂਜ਼ਿਟ ਪਾਸ ਜਾਰੀ ਨਾ ਕੀਤੇ ਜਾਣ ਵਿਰੁੱਧ ਸ਼ਿਕਾਇਤ

*2070. (1) ਸ਼੍ਰੀਮਤੀ ਵਿਮਲਾ ਡਾਂਗ
(2) ਕਾਮਰੇਡ ਅਜੈਬ ਸਿੰਘ ਰੋਤਾ } : ਕੀ ਵਿੱਤ ਮੰਤਰੀ

ਕਿਰਪਾ ਕਰਕੇ ਦੱਸਣਗੇ--

(ੳ) ਕੀ ਜੂਨ, 1994 ਦੇ ਮਹੀਨੇ ਵਿਚ ਸਰਕਾਰ ਨੂੰ ਨਗਰ ਨਿਗਮ, ਅੰਮ੍ਰਿਤਸਰ ਦੇ ਅਧਿਕਾਰੀਆਂ ਵਿਰੁੱਧ, ਪਾਕਿਸਤਾਨ ਤੋਂ ਆਯਾਤ ਕੀਤੀ ਗਈ ਚੀਨੀ ਦੇ ਭਾਰਤ ਦੇ ਦੂਜੇ ਹਿੱਸਿਆਂ ਲਈ ਟ੍ਰਾਂਜ਼ਿਟ ਪਾਸ ਉਦੋਂ ਤੱਕ ਜਾਰੀ ਨਾ ਕਰਨ, ਜਦੋਂ ਕਿਸੇ ਅਦਾਲਤ ਦੁਆਰਾ ਅਜਿਹਾ ਕਰਨ ਦੇ ਆਦੇਸ਼ ਦਿੱਤੇ ਗਏ ਸਨ, ਸਬੰਧੀ ਕੋਈ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ; ਜੇਕਰ ਅਜਿਹਾ ਹੋਵੇ ਤਾਂ ਉਕਤ ਸ਼ਿਕਾਇਤਾਂ ਦੀਆਂ ਕਾਪੀਆਂ ਸਦਨ ਦੀ ਮੇਜ਼ ਤੇ ਰੱਖੀਆਂ ਜਾਣ ;

(ਅ) ਕੀ ਉਕਤ ਭਾਗ (ੳ) ਵਿਚ ਵਰਣਿਤ ਸ਼ਿਕਾਇਤਾਂ ਦੀ ਜਾਂਚ ਪੜਤਾਲ ਸਬੰਧੀ ਕੋਈ ਹੁਕਮ ਦਿੱਤਾ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਉਸਦੇ ਕੀ ਸਿੱਟੇ ਰਹੇ ?

**Doctor Kewal Krishan** : (a) & (b) Yes, Sir. A copy of the complaint dated 9th June, 1994 received in this behalf is laid on the Table of the House. The Commissioner, Municipal Corporation, Amritsar, who was asked to look into the matter has reported that the transit pass has been issued against bank guarantee as per orders of the Court. The matter is still subjudice.

Original with;
Punjab Vidhan Sabha
Digitized by;
Panjab Digital Library

[Finance Minister]

**The 9th June, 1994**

**VIMLA DANG, M.L.A.,**
Ekta Bhawan,
Chheharta (Amritsar),
PIN-143105.

Dear Shri Lakhanpal,

You must have read in the press 3/4 days ago that Shri Rakesh Verma who imported Sugar from Pakistan was not issued Rahdari to take the Sugar through Amritsar to the destination till he moved a court and the Court issued necessary orders to the Corporation authorities.

The aggrieved party has made very serious allegations against the Mayor himself. There has been no contradiction either by the Mayor himself or anyone else on behalf of the Corporation authorities.

It seems to me that the matter is serious enough to merit a thorough and high powered probe. I request accordingly.

I would be thankful if I am informed of the action that you may take and the result thereof.

With regards

Yours sincerely,

VIMLA DANG

Shri K.R. Lakhanpal, IAS,
Secretary to the
Government of Punjab,
CHANDIGARH.

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਵਿਮਲਾ ਡਾਂਗ :** ਸਪੀਕਰ ਸਾਹਿਬ, ਮੈਂ ਬੜੀ ਨਿਮਰਤਾ ਦੇ ਨਾਲ ਮੰਤਰੀ ਮਹੋਦਯ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕੰਪਲੇਂਟ 9 ਜੂਨ, 1994 ਦੀ ਸੀ ॥ ਮੇਰੀ ਇਹ ਜਾਣਕਾਰੀ ਹੈ ਕਿ ਟਰਾਂਜ਼ਿਟ ਪਾਸ ਦੇਣ ਤੋਂ ਮਿਊਂਸਪਲ ਕਾਰਪੋਰੇਸ਼ਨ ਨੇ ਇਨਕਾਰ ਕੀਤਾ ॥ ਮੇਅਰ ਸ਼੍ਰੀ ਸੋਨੀ ਸਾਹਿਬ ਇਸ ਵਿੱਚ ਇਨਵਾਲਵ ਸੀ ॥ ਇਸ ਤੋਂ ਬਾਅਦ ਕੋਰਟ ਨੂੰ ਮੈਟਰ ਰੈਫਰ ਕਰਕੇ ਰਾਹਦਾਰੀ ਹਾਸਿਲ ਕੀਤੀ ਗਈ ॥ ਕਾਫੀ ਦੇਰ ਹੋ ਗਈ ਹੈ ॥ ਕੀ ਮੰਤਰੀ ਜੀ ਐਸ਼ੋਰੈਂਸ ਦੇਣਗੇ ਕਿ ਇਸਦੀ ਇਨਕੁਆਰੀ ਹੋਵੇਗੀ ॥ ਜੇ ਸਬ-ਜੁਡੀਅਸ ਮਾਮਲਾ ਹੈ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਇਸ ਦੀ ਇਨਕੁਆਇਰੀ ਨਹੀਂ ਕਰਵਾਈ ਜਾ ਸਕਦੀ ਕਿ ਪਾਸ ਕਿਉਂ ਇਸ਼ੂ ਨਹੀਂ ਕੀਤਾ ਗਿਆ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਕੰਪਲੇਂਟ ਕੀਤੀ ਸੀ ਕਿ ਟਰਾਂਜ਼ਿਟ ਪਾਸ ਨਹੀਂ ਦਿਤਾ ਗਿਆ, ਰਾਹਦਾਰੀ ਨਹੀਂ ਦਿਤੀ ਗਈ ਔਰ ਹਰਾਸ ਕੀਤਾ ਜਾਂਦਾ ਹੈ ॥ ਇਸ ਦੇ ਬਾਰੇ ਵਿੱਚ ਇਨਕੁਆਇਰੀ ਮਾਰਕ ਹੋਈ ਔਰ ਟਰਾਂਜ਼ਿਟ ਪਾਸ ਇਸ ਕਰਕੇ ਨਹੀਂ ਦਿਤਾ ਗਿਆ ਕਿਉਂਕਿ ਉਨ੍ਹਾਂ ਦੀ (ਖੰਡ ਵਾਲਿਆਂ ਦੀ) ਆਰ.ਆਰ. ਜੋ ਰੇਲਵੇ ਦੀ ਰਸੀਦ ਸੀ ਉਹ ਅੰਮ੍ਰਿਤਸਰ ਦੀ ਸੀ ਅਤੇ ਦੂਸਰਾ ਇਹ ਕਿ ਬੈਂਕ ਦੀ ਪੇਮੈਂਟ ਅੰਮ੍ਰਿਤਸਰ ਕੀਤੀ ਗਈ ਸੀ ॥ ਜਿਸ ਚੀਜ਼ ਨੂੰ ਅੰਮ੍ਰਿਤਸਰ ਵਿੱਚ ਖਰੀਦਿਆ ਗਿਆ ਹੋਵੇ ਅਤੇ ਜਿਸ ਦੀ ਪੇਮੈਂਟ ਅੰਮ੍ਰਿਤਸਰ ਵਿੱਚ ਕੀਤੀ ਜਾਵੇ ਫਿਰ ਉਸਦੀ ਟਰਾਂਜ਼ੈਕਸ਼ਨ ਪੂਰੀ ਹੋ ਜਾਂਦੀ ਹੈ ॥ ਇਸ ਲਈ ਔਕਟਰਾਏ ਪੇਅ ਕਰਨ ਦਾ ਇਹ ਇਕ ਠੋਸ ਕਾਰਨ ਹੈ ਫਿਰ ਉਹ ਕੋਰਟ ਵਿੱਚ ਚਲੇ ਗਏ ਅਤੇ ਕੋਰਟ ਨੇ 50 ਹਜ਼ਾਰ ਰੁਪਏ ਦੀ ਗਾਰੰਟੀ ਤੇ ਆਰਡਰ ਕੀਤੇ ਕਿ ਉਨ੍ਹਾਂ ਨੂੰ ਟਰਾਂਜ਼ਿਟ ਪਾਸ ਦਿਤਾ ਜਾਵੇ, ਇਸੇ ਕਰਕੇ ਬਾਅਦ ਵਿੱਚ ਟਰਾਂਜ਼ਿਟ ਪਾਸ ਦਿਤਾ ਗਿਆ ॥ ਇਸ ਵਿੱਚ ਮਿਊਂਸਪਲ ਕਾਰਪੋਰੇਸ਼ਨ ਦੀ ਕੋਈ ਗਲਤੀ ਨਹੀਂ ਹੈ ॥ ਮਾਮਲਾ ਅਦਾਲਤ ਵਿੱਚ ਹੈ ॥ ਅਦਾਲਤ ਜੋ ਫੈਸਲਾ ਕਰੇਗੀ ਉਸਦੇ ਮੁਤਾਬਿਕ ਹੀ ਕਾਰਵਾਈ ਹੋਵੇਗੀ ॥

**ਸ਼੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਸ਼ੂਗਰ ਪਾਕਿਸਤਾਨ ਤੋਂ ਆਈ ਸੀ ਕੀ

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਮਦਨ ਮੋਹਨ ਮਿੱਤਲ ]

ਇਹ ਗੱਲ ਠੀਕ ਹੈ ਕਿ It was for other parts of the country ? ਇਹ ਵੀ ਦੱਸਿਆ ਜਾਵੇ ਕਿ ਕੀ ਇਹ ਸ਼ੂਗਰ ਅੰਮ੍ਰਿਤਸਰ ਦੇ ਕਿਸੇ ਡੀਲਰ ਦੇ ਨਾਮ ਤੇ ਡਲਿਵਰ ਹੋਈ ਜਾਂ ਬਾਹਰ ਦੇ ਡੀਲਰ ਸਨ। ਇਸਦੇ ਬਾਰੇ ਜਾਣਕਾਰੀ ਦਿੱਤੀ ਜਾਵੇ ?

**ਮੰਤਰੀ** : ਸਪੀਕਰ ਸਾਹਿਬ, ਇਮਪੋਰਟ ਕਰਨ ਦਾ ਉਨ੍ਹਾਂ ਕੋਲ ਲਾਇਸੈਂਸ ਸੀ ।। ਪਾਰਟੀ ਅੰਮ੍ਰਿਤਸਰ ਵਿੱਚ ਬਿਜਨਸ ਕਰਦੀ ਹੈ ਅਤੇ ਬੈਂਕ ਦੇ ਉਥੇ ਹੀ ਅਕਾਉਂਟ ਹਨ ।। ਉਨ੍ਹਾਂ ਨੇ ਡਲਿਵਰੀ ਉਥੇ ਲੈ ਕੇ ਅੱਗੇ ਭੇਜਣੀ ਸੀ । ਇਹ ਉਨ੍ਹਾਂ ਦੀ ਆਪਣੀ ਡਿਸਕਰੀਸ਼ਨ ਹੈ ਕਿ ਉਹ ਸ਼ੂਗਰ ਉਥੇ ਰੱਖਣ ਜਾਂ ਅੱਗੇ ਬਾਹਰ ਭੇਜਣ ।। ਦੁਕਾਨਦਾਰ ਮਾਲ ਖਰੀਦਦੇ ਹਨ ਅਤੇ ਆਪਣੇ ਕੋਲ ਵੀ ਰੱਖਦੇ ਹਨ ਅਤੇ ਬਾਹਰ ਵੀ ਭੇਜਦੇ ਹਨ ।। ਜਿਹੜਾ ਮਾਲ ਮਿਊਂਸਪਲ ਕਾਰਪੋਰੇਸ਼ਨ ਦੇ ਅੰਦਰ ਖਰੀਦਿਆ ਹੈ ਅਤੇ ਫਿਰ ਜੋ ਬਾਹਰ ਭੇਜਿਆ ਜਾਵੇ ਉਸ ਦੀ ਔਕਟਰਾਏ ਦੇਣਾ ਕਾਨੂੰਨੀ ਹੱਕ ਬਣਦਾ ਹੈ ।।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ : 2108**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)

---

**ਆਰਟਸ ਐਂਡ ਕਰਾਫਟ ਸੈਂਟਰ ਘੁਮਾਣ**

*2133 **ਕਾਮਰੇਡ ਗੁਰਨਾਮ ਸਿੰਘ ਧੀਰੋਵਾਲ** : ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ--

(ੳ) ਪਿੰਡ ਘੁਮਾਣ ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਆਰਟਸ ਐਂਡ ਕਰਾਫਟ ਸੈਂਟਰ ਖੋਲ੍ਹਣ ਲਈ ਇਸ ਵੇਲੇ ਕੁੱਲ ਕਿੰਨੀ ਜ਼ਮੀਨ ਸਰਕਾਰ ਦੇ ਕਬਜ਼ੇ ਹੇਠ ਹੈ;

(ਅ) ਉਕਤ ਜ਼ਮੀਨ ਕਿਸ ਸਾਲ, ਕਿਸ ਸੰਸਥਾ ਤੋਂ ਅਤੇ ਕਿੰਨੀ ਰਾਸ਼ੀ ਨਾਲ ਖਰੀਦੀ ਗਈ ਅਤੇ ਇਸਦੇ ਵੇਰਵੇ ਕੀ ਹਨ;

Original with;
Punjab Vidhan Sabha
Digitized by;
Panjab Digital Library

(ੲ) ਹੁਣ ਤੱਕ ਉਕਤ ਜ਼ਮੀਨ ਦੇ ਕਿੰਨੇ ਰਕਬੇ ਤੇ ਇਮਾਰਤ ਦੀ ਉਸਾਰੀ ਕੀਤੀ ਹੋਈ ਹੈ ਅਤੇ ਕਿੰਨੀ ਖਾਲੀ ਪਈ ਹੈ ?

**ਸਰਦਾਰਨੀ ਰਾਜਿੰਦਰ ਕੌਰ ਭੱਠਲ** : (ੳ) ਨਿੱਲ (ਅ) ਨਿੱਲ (ੲ) ਨਿੱਲ

**ਕਾਮਰੇਡ ਹਰਦੇਵ ਅਰਸ਼ੀ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਇਸ ਪ੍ਰਸ਼ਨ ਦੇ ਤਿੰਨਾਂ ਪਾਰਟਸ ਦਾ ਬੜਾ ਦਿਲਚਸਪ ਉੱਤਰ ਦਿੱਤਾ ਹੈ : 'ਨਹੀਂ ਜੀ; ਮਾਨਯੋਗ ਸਪੀਕਰ ਸਾਹਿਬ, ਜੇ ਸਾਰਿਆਂ ਦਾ ਜਵਾਬ ਨਹੀਂ ਵਿੱਚ ਹੈ ਅਤੇ ਸਾਰੀ ਸਥਿਤੀ ਸਹੀ ਹੈ ਤਾਂ ਫਿਰ ਉਹ ਜ਼ਮੀਨ ਕਿਸ ਸਟੇਜ ਤੇ ਇੰਡਸਟਰੀਅਲ ਡਿਪਾਰਟਮੈਂਟ ਨੇ ਪੰਜਾਬ ਵਿੱਚ ਲਈ ਸੀ ਅਤੇ ਕਿਸ ਵਿਸ਼ੇਸ਼ ਪਰਪਜ਼ ਵਾਸਤੇ ਲਈ ਸੀ। ਕੀ ਉਥੇ ਪੰਚਾਇਤ ਦਾ ਕਬਜ਼ਾ ਹੈ ਜਾਂ ਫਿਰ ਕੋਈ ਡਿਸਪਿਊਟ ਚੱਲ ਰਿਹਾ ਹੈ ਜਾਂ ਫਿਰ ਡਿਸਟ੍ਰਿਕਟ ਅਥਾਰਿਟੀ ਦਖਲ ਦੇ ਰਹੀ ਹੈ ? ਇਸ ਦੀ ਵਰਤਮਾਨ ਸਥਿਤੀ ਕੀ ਹੈ ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਇਹ ਸਵਾਲ ਘੁਮਾਣ ਪਿੰਡ ਬਾਰੇ ਹੈ ਜੋ ਬਟਾਲਾ ਤਹਿਸੀਲ ਵਿੱਚ ਹੈ ॥ ਉਥੇ ਨਾ ਤਾਂ ਕੋਈ ਜਗ੍ਹਾ ਖਰੀਦੀ ਗਈ ਅਤੇ ਨਾ ਕੋਈ ਪਰਪੋਜ਼ਲ ਹੈ ॥ ਇਸ ਤੋਂ ਇਲਾਵਾ ਅਜਿਹਾ ਕੋਈ ਮਸਲਾ ਨਹੀਂ ਹੈ ਜੋ ਪੈਂਡਿੰਗ ਪਿਆ ਹੋਵੇ ॥

**ਕਾਮਰੇਡ ਹਰਦੇਵ ਅਰਸ਼ੀ** : ਮਾਨਯੋਗ ਸਪੀਕਰ ਸਾਹਿਬ, ਕੀ ਇਹ ਸੱਚ ਹੈ ਕਿ ਉਥੇ ਕੋਈ ਜ਼ਮੀਨ ਐਕੁਆਇਰ ਨਹੀਂ ਹੋਈ ? ਅਗਰ ਇਹ ਹਕੀਕਤ ਹੈ ਤਾਂ ਫਿਰ ਡੀ.ਸੀ. ਦੇ ਹੁਕਮ ਨਾਲ ਕਿਸੇ ਥਰਡ ਪਰਸਨ ਨੂੰ ਕਿਉਂ ਦਿੱਤੀ ਗਈ ॥ ਪੰਚਾਇਤ ਦੇ ਹੱਕ ਵਿੱਚ ਕੋਰਟ ਨੇ ਫੈਸਲਾ ਦਿੱਤਾ ਹੈ, ਇਸ ਦੇ ਬਾਵਜੂਦ ਵੀ ਕਿਸੇ ਹੋਰ ਨੂੰ ਉਹ ਜ਼ਮੀਨ ਕਿਉਂ ਦਿੱਤੀ ਗਈ ?

**ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਪਿੰਡ ਘੁਮਾਣ ਤਹਿਸੀਲ ਬਟਾਲਾ ਨਾਲ ਸਬੰਧਿਤ ਹੈ ਕਿ ਉਥੇ ਆਰਟ ਐਂਡ ਕਰਾਫਟ ਸੈਂਟਰ ਖੋਲ੍ਹਿਆ ਜਾਣਾ ਚਾਹੀਦਾ ਹੈ। ਇਸ ਸਬੰਧ ਵਿੱਚ ਮੈਂ ਬੜੀ ਜ਼ੁੰਮੇਵਾਰੀ ਨਾਲ ਦੱਸਣਾ ਚਾਹੁੰਦੀ ਹਾਂ

Original with;
Punjab Vidhan Sabha
Digitized by;
Panjab Digital Library

[ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ]

ਕਿ ਉਥੇ ਨਾ ਤਾਂ ਆਰਟ ਐਂਡ ਕਰਾਫਟ ਸੈਂਟਰ ਖੋਲ੍ਹਣ ਵਾਸਤੇ ਜ਼ਮੀਨ ਖਰੀਦੀ ਹੈ ਅਤੇ ਨਾ ਹੀ ਇਹ ਮੈਟਰ ਅੰਡਰ ਕੰਸੀਡਰੇਸ਼ਨ ਹੈ ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2091**

(ਸਬੰਧਿਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)

**ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿੱਚ ਅਣਵਰਤੀ ਮਸ਼ੀਨਰੀ**

*2122. **ਸਰਦਾਰ ਧਨਵੰਤ ਸਿੰਘ** : ਕੀ ਡਾਕਟਰੀ ਸਿੱਖਿਆ ਅਤੇ ਖੋਜ, ਸਰਕਾਰੀ ਮੈਡੀਕਲ ਅਤੇ ਡੈਂਟਲ ਕਾਲਜਾਂ ਦੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ —

(ੳ) ਕੀ ਇਹ ਠੀਕ ਹੈ ਕਿ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਚ ਕੁਝ ਮਸ਼ੀਨਾਂ ਡਾਕਟਰਾਂ ਜਾਂ ਦੂਜੇ ਤਕਨੀਕੀ ਸਟਾਫ ਦੇ ਨਾ ਹੋਣ ਕਰਕੇ ਅਣਵਰਤੀਆਂ ਪਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਵੇਰਵੇ ਕੀ ਹਨ;

(ਅ) ਇਨ੍ਹਾਂ ਮਸ਼ੀਨਾਂ ਨੂੰ ਵਰਤੋਂ ਵਿਚ ਲਿਆਉਣ ਲਈ ਕੀਤੀ ਗਈ/ਜਾਂ ਕੀਤੀ ਜਾਣ ਵਾਲੀ ਕਾਰਵਾਈ ਦੇ ਵੇਰਵੇ ਕੀ ਹਨ ?

**Shri Brahm Mohindra** : (a) There are no Machines laying inoperative in Government Medical College, Patiala due to non-availability of Doctors or any other technical staff.

(b) No action is required/is to be taken as there are no Machines laying inoperative.

**ਸਰਦਾਰ ਧਨਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ Machines are laying idle

Original with;
Punjab Vidhan Sabha
Digitized by;
Panjab Digital Library

for want of trained and qualified Nephrologists. ਰਾਜਿੰਦਰਾ ਹਸਪਤਾਲ ਵਿਚ ਅਜਿਹੀਆਂ ਮਸ਼ੀਨਾਂ ਹਨ ਜਿਨ੍ਹਾਂ ਤੇ ਨੇਫਰਾਲੋਜਿਸਟ ਡਾਇਲੇਸਿਸ ਕਰਦੇ ਹਨ ? (ਕੋਈ ਜਵਾਬ ਨਹੀਂ ਆਇਆ )

ਮਾਨਯੋਗ ਸਪੀਕਰ ਸਾਹਿਬ, ਸ਼ਾਇਦ ਮੇਰੀ ਗੱਲ ਮੰਤਰੀ ਜੀ ਸਮਝ ਨਾ ਸਕੇ ਹੋਣ ਜਾਂ ਫਿਰ ਮੈਂ ਸਮਝਾ ਨਾ ਸਕਿਆ ਹੋਵਾਂ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਜੋ ਮਸ਼ੀਨਾਂ, ਰਾਜਿੰਦਰਾ ਹਸਪਤਾਲ ਪਟਿਆਲਾ ਵਿਚ ਹਨ, ਉਨ੍ਹਾਂ ਤੇ ਟਰੇਂਡ ਨੇਫਰਾਲੋਜਿਸਟ ਡਾਇਲੇਸਿਸ ਕਰਦੇ ਹਨ ਜਾਂ ਨਹੀਂ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਇਨਫਰਮੇਸ਼ਨ ਦੇਣੀ ਚਾਹੁੰਦਾ ਹਾਂ ਕਿ ਇੱਕ ਨੇਫਰਾਲੋਜਿਸਟ ਸੀ ਪਰ ਉਸ ਨੇ ਰਿਜ਼ਾਈਨ ਕਰ ਦਿੱਤਾ ਹੈ । ਪਰ ਸਾਡੇ ਕੋਲ ਸੀ.ਸੀ.ਐਮ.ਐਸ. ਦੇ ਜੂਨੀਅਰ ਡਾਕਟਰ ਹਨ, ਉਹ ਮਸ਼ੀਨਾਂ ਆਪਰੇਟ ਕਰਦੇ ਹਨ ।

**ਸਰਦਾਰ ਧਨਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਵੀ ਕਿਡਨੀ ਦਾ ਮਰੀਜ਼ ਹੈ, ਉਸ ਵਾਸਤੇ ਨੇਫਰਾਲੋਜੀ ਜ਼ਰੂਰੀ ਹੈ ਪਰ ਉਸ ਮਸ਼ੀਨ ਨੂੰ ਸਾਧਾਰਨ ਬੰਦਾ ਚਲਾ ਰਿਹਾ ਹੈ । ਕੀ ਉਹ ਪਰਾਪਰ ਟਰੀਟਮੈਂਟ ਦੇ ਸਕਦਾ ਹੈ ? ਕੀ ਇਸ ਹਸਪਤਾਲ ਵਿਚ ਨੇਫਰਾਲੋਜਿਸਟ ਹੈ ਜਾਂ ਨਹੀਂ ?

**ਮੰਤਰੀ** : ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ ਕਿ ਡਾਕਟਰ ਮਸ਼ੀਨ ਨੂੰ ਆਪਰੇਟ ਕਰਨ ਲਈ ਨਹੀਂ ਹੈ ਕਿਉਂਕਿ ਉਸ ਨੇ ਅਸਤੀਫਾ ਦਿੱਤਾ ਹੋਇਆ ਹੈ । ਜਿਸ ਵੇਲੇ ਅਸਤੀਫਾ ਮਨਜ਼ੂਰ ਹੋ ਜਾਵੇਗਾ ਤਾਂ ਨੇਫਰਾਲੋਜਿਸਟ ਲਗਾ ਦੇਵਾਂਗੇ । ਪਰ ਉਥੇ ਟਰੇਂਡ ਸਟਾਫ ਹੈ ਜੋ ਮਸ਼ੀਨ ਨੂੰ ਉਪਰੇਟ ਕਰ ਸਕਦਾ ਹੈ ।

**ਸਰਦਾਰ ਧਨਵੰਤ ਸਿੰਘ** : ਸਪੀਕਰ ਸਾਹਿਬ, ਮੈਂ ਮਾਨਯੋਗ ਵਜ਼ੀਰ ਸਾਹਿਬ ਨੂੰ ਇਹ ਤਾਂ ਨਹੀਂ ਕਹਿ ਸਕਦਾ ਕਿ ਉਹ ਗਲਤ ਕਹਿੰਦੇ ਹਨ ਲੇਕਿਨ ਮੇਰੇ ਫਾਦਰ ਖੁਦ ਹਸਪਤਾਲ ਵਿੱਚ ਐਡਮਿਟ ਹਨ, ਉਥੇ ਨੇਫਰਾਲੋਜਿਸਟ ਨਹੀਂ ਹੈ । ਸਪੀਕਰ ਸਾਹਿਬ, ਲੋਕਾਂ ਦੀ ਜ਼ਿੰਦਗੀ ਨਾਲ ਖੇਡਿਆ ਜਾਂਦਾ ਹੈ । ਜੇ

Original with;
Punjab Vidhan Sabha
Digitized by;
Punjab Digital Library

[ ਸਰਦਾਰ ਧਨਵੰਤ ਸਿੰਘ ]

ਮੈਂ ਮਾਨਯੋਗ ਵਜ਼ੀਰ ਸਾਹਿਬ ਨੂੰ ਇਹ ਕਹਾਂ ਕਿ ਥੱਲਿਉਂ ਰਿਪੋਰਟ ਠੀਕ ਨਹੀਂ ਹੈ ਤਾਂ ਇਹ ਮੇਰੀ ਗੱਲ ਨੂੰ ਵਜ਼ਨ ਨਹੀਂ ਦਿੰਦੇ ਕਿਉਂਕਿ ਮੈਂ ਟਰੇਜ਼ਰੀ ਬੈਂਚਿਜ਼ ਤੇ ਬੈਠਾ ਹਾਂ ਲੇਕਿਨ ਉਥੇ ਕੋਈ ਨੇਫਰਾਲੋਜਿਸਟ ਨਹੀਂ ਹੈ ।

**ਸ਼੍ਰੀ ਸਪੀਕਰ** : ਮਨਿਸਟਰ ਸਾਹਿਬ ਨੇ ਕਲੀਅਰਲੀ ਜਵਾਬ ਦਿੱਤਾ ਹੈ ਕਿ ਉਹ ਛੁੱਟੀ ਤੇ ਹੈ ਲੇਕਿਨ ਪੇਸ਼ੈਂਟ . . . . . . .

**ਸਰਦਾਰ ਧਨਵੰਤ ਸਿੰਘ** : ਮਾਨਯੋਗ ਸਪੀਕਰ ਸਾਹਿਬ, ਦੁਨੀਆਂ ਇੱਕ ਹੀ ਗੱਲ ਕਹਿੰਦੀ ਹੈ ਕਿ ਲਾਈਫ ਸੇਵਿੰਗ (ਵਿਘਨ) ਲੇਕਿਨ ਬ੍ਰਹਮ ਮਹਿੰਦਰਾ ਜੀ ਮੇਰੇ ਦੋਸਤ ਹਨ, ਸਾਡੇ ਫੈਮਲੀ ਰਿਲੇਸ਼ਨ ਹਨ । ਕੋਈ ਵੀ ਨੇਫਰਾਲੋਜਿਸਟ ਉਥੇ ਨਹੀਂ ਹੈ । ਉਥੇ ਮਰੀਜ਼ ਪਿਆ ਹੈ, ਕੋਈ ਹੋਰ ਮਰੀਜ਼ ਹੋਵੇ ਤਾਂ ਵੱਖਰੀ ਗੱਲ ਹੈ । ਲੇਕਿਨ, ਉਹ ਮੇਰੇ ਫਾਦਰ ਹਨ । ਕਿੰਨੀ ਦੇਰ ਵਿੱਚ ਉਥੇ ਨੇਫਰਾਲੋਜਿਸਟ ਲਗਾ ਦਿੱਤਾ ਜਾਵੇਗਾ ?

**ਸ਼੍ਰੀ ਸਪੀਕਰ** : ਤੁਹਾਡੇ ਫੈਮਿਲੀ ਰਿਲੇਸ਼ਨ ਹਨ, ਮੈਂ ਮਾਨਯੋਗ ਮੰਤਰੀ ਜੀ ਨੂੰ ਕਹਾਂਗਾ ਕਿ ਉਹ ਉਥੇ ਜਾ ਕੇ ਤੁਹਾਡੇ ਪਿਤਾ ਜੀ ਨੂੰ ਦੇਖ ਆਉਣਗੇ ਅਤੇ ਇੰਤਜ਼ਾਮ ਕਰ ਦੇਣ ।

**Sardar Dhanwant Singh** : This is not the question. My question is who is Nephrologist in the Rajendra Hospital, Patiala ? Sir, there are no Nephrologists in the Rajendra Hospital. ਕਿੰਨੀ ਦੇਰ ਤੱਕ ਆ ਜਾਣਗੇ, ਛੁੱਟੀ ਤੇ ਹਨ ਤਾਂ ਬੰਦਾ ਭੇਜੋ ।

**ਸ਼੍ਰੀ ਸਪੀਕਰ** : ਮੈਂਬਰ ਸਾਹਿਬਾਨ ਦਾ ਕਹਿਣਾ ਹੈ ਕਿ ਕੀ ਨੇਫਰਾਲੋਜਿਸਟ ਦਾ ਕੋਈ ਹੋਰ ਇੰਤਜ਼ਾਮ ਕਰੋਗੇ, ਮੰਤਰੀ ਜੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਨਿਮਰਤਾ ਨਾਲ ਬੇਨਤੀ ਕਰਨੀ ਚਾਹੁੰਦਾ ਹਾਂ ਔਰ ਅਰਜ਼ ਕੀਤੀ ਹੈ ਕਿ ਉਥੇ ਨੇਫਰਾਲੋਜਿਸਟ ਨੇ ਰਿਜ਼ਾਈਨ ਕੀਤਾ ਹੋਇਆ ਹੈ, ਜਿਸ ਵੇਲੇ ਵਕੈਂਸੀ ਖਾਲੀ ਹੋ ਜਾਵੇਗੀ ਅਸੀਂ ਹੋਰ ਲਗਾ ਦੇਵਾਂਗੇ । ਹਾਲੇ

Original with;
Punjab Vidhan Sabha
Digitized by;
Panjab Digital Library

ਕਿਸੇ ਨੂੰ ਲਗਾ ਨਹੀਂ ਸਕਦੇ। ਇਸ ਦਾ ਮਤਲਬ ਇਹ ਨਹੀਂ ਹੈ ਕਿ ਹੁਣ ਮਸ਼ੀਨਾਂ ਆਪਰੇਟ ਨਹੀਂ ਹੋ ਰਹੀਆਂ। ਜਿਥੋਂ ਤੱਕ ਸਬੰਧਾਂ ਦੀ ਗੱਲ ਕੀਤੀ ਹੈ, ਮੈਂ ਖੁਦ ਜਾ ਕੇ ਇਨ੍ਹਾਂ ਦੇ ਪਿਤਾ ਜੀ ਨੂੰ ਦੇਖ ਕੇ ਆਇਆ ਹਾਂ। ਉਨ੍ਹਾਂ ਨੂੰ ਏਅਰ ਕੰਡੀਸ਼ਨ ਕਮਰੇ ਵਿੱਚ ਜਗ੍ਹਾ ਦਿੱਤੀ ਹੈ ਕਿਉਂਕਿ ਸਾਡੇ ਸਾਥੀ ਦੇ ਫਾਦਰ ਹਨ, ਇਨ੍ਹਾਂ ਦੀ ਬੇਨਤੀ ਤੇ ਆਈ.ਸੀ.ਯੂ. ਦੇ ਵਿੱਚ ਰੱਖਿਆ ਹੈ ਤਾਂ ਕਿ 24 ਘੰਟੇ ਦੇਖ ਭਾਲ ਹੋ ਸਕੇ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਨੇਫਰਾਲੋਜਿਸਟ ਦੀ ਕੋਈ ਕਮੀ ਨਹੀਂ ਰਹਿਣ ਦੇਵਾਂਗੇ ਅਤੇ ਕਿਸੇ ਤਰ੍ਹਾਂ ਦੀ ਵੀ ਦਿੱਕਤ ਨਹੀਂ ਆਵੇਗੀ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਮਾਨਯੋਗ ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਜਿਹੜਾ ਕੁਆਲੀਫਾਇਡ ਡਾਕਟਰ ਸੀ, ਉਹ ਨਹੀਂ ਹੈ ਅਤੇ ਉਸ ਨੇ ਰਿਜ਼ਾਇਨ ਕੀਤਾ ਹੋਇਆ ਹੈ ਲੇਕਿਨ ਮਸ਼ੀਨਾਂ ਐਵੇਂ ਨਹੀਂ ਪਈਆਂ ਉਹ ਆਪਰੇਟ ਕੀਤੀਆਂ ਜਾ ਰਹੀਆਂ ਹਨ। ਬੜੇ ਅਫਸੋਸ ਦੀ ਗੱਲ ਹੈ ਕਿ ਕੁਆਲੀਫਾਈਡ ਡਾਕਟਰ ਰਿਜ਼ਾਇਨ ਕਰ ਗਿਆ ਹੈ ਤੇ ਮਸ਼ੀਨਾਂ ਨੂੰ ਹੋਰ ਕੋਈ ਆਪਰੇਟ ਕਰਦਾ ਹੈ। ਜੇ ਮਸ਼ੀਨਾਂ ਨੂੰ ਅਣ-ਕੁਆਲੀਫਾਈਡ ਬੰਦਾ ਆਪਰੇਟ ਕਰਦਾ ਹੈ ਤਾਂ ਉਸ ਨਾਲ ਮਸ਼ੀਨਾਂ ਦਾ ਕਿੰਨਾ ਨੁਕਸਾਨ ਹੁੰਦਾ ਹੈ ਕੀ ਮੰਤਰੀ ਜੀ ਇਸ ਬਾਰੇ ਜਾਣਕਾਰੀ ਦੇਣਗੇ ?

**ਸ਼੍ਰੀ ਸਪੀਕਰ** : ਮੰਤਰੀ ਜੀ ਨੇ ਤਾਂ ਦੱਸ ਦਿੱਤਾ ਹੈ ਕਿ ਮਸ਼ੀਨਾਂ ਨੂੰ ਕੁਆਲੀਫਾਈਡ ਬੰਦਾ ਆਪਰੇਟ ਕਰਦਾ ਹੈ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਉਨ੍ਹਾਂ ਨੂੰ ਕੁਆਲੀਫਾਈਡ ਡਾਕਟਰ ਆਪਰੇਟ ਕਰਦਾ ਸੀ, ਹੁਣ ਟਰੇਂਡ ਆਦਮੀ ਮਸ਼ੀਨ ਚਲਾ ਰਹੇ ਹਨ। ਮੈਂ ਸਮਝਦਾ ਹਾਂ ਕਿ ਕੁਆਲੀਫਾਈਡ ਡਾਕਟਰ ਤੋਂ ਬਿਨਾਂ ਕੋਈ ਹੋਰ ਆਪਰੇਟ ਨਹੀਂ ਕਰ ਸਕਦਾ।

**ਸ਼੍ਰੀ ਸਪੀਕਰ** : ਟਰੇਂਡ ਆਦਮੀ ਹੀ ਓਪਰੇਟ ਕਰਦੇ ਹਨ। ਮੰਤਰੀ ਜੀ ਤੁਸੀਂ ਇਸ ਵਿੱਚ ਕੁੱਝ ਐਡ ਕਰਨਾ ਚਾਹੁੰਦੇ ਹੋ ?

**ਸਰਦਾਰ ਅਵਤਾਰ ਸਿੰਘ ਕਰੀਮਪੁਰੀ** : ਟਰੇਂਡ ਕੌਣ ਹੈ, ਇਹ ਦੱਸੋ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਡਾਕਟਰ ਸੁਨੀਲ ਸਿੰਗਲਾ, ਐਮ.ਡੀ. । ਉਹ ਸੀਨੀਅਰ ਰੈਜ਼ੀਡੈਂਟ ਹਨ ਜਿਹੜੇ ਕਿ ਆਪਰੇਟ ਕਰਦੇ ਹਨ ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਪ੍ਰਸ਼ਨ ਪੁੱਛਣਾ ਚਾਹੁੰਦੀ ਹਾਂ ਕਿ ਉਹ ਕਿੰਨੇ ਲੰਮੇ ਸਮੇਂ ਤੋਂ ਤਿਆਗ ਪੱਤਰ ਦੇ ਕੇ ਚਲੇ ਗਏ ਹਨ ਅਤੇ ਕਦੋਂ ਤੋਂ ਪੋਸਟ ਖਾਲੀ ਪਈ ਹੈ ?

**ਮੰਤਰੀ** : ਸਪੀਕਰ ਸਾਹਿਬ, 11 ਮਈ, 1994 ਨੂੰ ਉਨ੍ਹਾਂ ਨੇ ਤਿਆਗ ਪੱਤਰ ਦਿੱਤਾ ਹੈ ਅਤੇ ਉਹ ਪ੍ਰੋਸੈਸ ਦੇ ਵਿੱਚ ਹੈ । ਤਿਆਗ ਪੱਤਰ ਮਨਜ਼ੂਰ ਕਰਨ ਦੇ ਲਈ ਡੀਪਾਰਟਮੈਂਟ ਦੇ ਰੂਲਾਂ ਦੇ ਮੁਤਾਬਿਕ ਉਸ ਦਾ ਪ੍ਰੋਸੈਸ ਪੂਰਾ ਕਰਨ ਵਿੱਚ ਟਾਈਮ ਲਗ ਰਿਹਾ ਹੈ ਕਿਉਂਕਿ ਨੋ ਓਬਜੈਕਸ਼ਨ ਸਰਟੀਫੀਕੇਟ ਲੈਣਾ ਹੁੰਦਾ ਹੈ ਅਤੇ ਮਹਿਕਮੇ ਦੀਆਂ ਹੋਰ ਕਈ ਫਾਰਮੈਲਿਟੀਜ਼ ਪੂਰੀਆਂ ਕਰਨੀਆਂ ਹੁੰਦੀਆਂ ਹਨ । ਜਦੋਂ ਅਸਤੀਫਾ ਮਨਜ਼ੂਰ ਹੋ ਜਾਵੇਗਾ ਉਸ ਵੇਲੇ ਨਵਾਂ ਡਾਕਟਰ ਲਾ ਦਿੱਤਾ ਜਾਵੇਗਾ ।

**ਸਰਦਾਰ ਹਰਗੋਪਾਲ ਸਿੰਘ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਸਪੱਸ਼ਟ ਜਵਾਬ ਦਿੱਤਾ ਹੈ ਕਿ ਉਥੇ ਮਸ਼ੀਨਾਂ ਆਪਰੇਟ ਹੋ ਰਹੀਆਂ ਹਨ, ਮੈਂਬਰ ਸਾਹਿਬ ਨੇ ਕੁਐਸਚਨ ਕੀਤਾ ਹੈ ਕਿ ਉਨ੍ਹਾਂ ਦੇ ਫਾਦਰ ਸਾਹਿਬ ਉਥੇ ਐਡਮਿਟ ਹਨ ਅਤੇ ਦੱਸਿਆ ਹੈ ਕਿ ਸਾਰਾ ਕੁਝ ਬਾਹਰੋਂ ਕਰਵਾਇਆ ਹੈ ** ** **

**ਸ਼੍ਰੀ ਸਪੀਕਰ** : ਇਹ ਅਨਪਾਰਲੀਮੈਂਟਰੀ ਹੈ, ਐਕਸਪੰਜ ਕੀਤਾ ਜਾਂਦਾ ਹੈ ।

**ਸਰਦਾਰ ਹਰਗੋਪਾਲ ਸਿੰਘ** : ਹਾਊਸ ਨੂੰ ਗਲਤ ਇਨਫਰਮੇਸ਼ਨ ਨਾ ਦੇਣ, ਸਪੱਸ਼ਟ ਜਵਾਬ ਦੇਣ ।

**ਸ਼੍ਰੀ ਸਪੀਕਰ** : ਸਪੱਸ਼ਟ ਜਵਾਬ ਹੀ ਦਿੱਤਾ ਹੈ ।

**ਇਕ ਅਵਾਜ਼** : (ਬੈਠੇ, ਬੈਠੇ) ਸਪੀਕਰ ਸਾਹਿਬ ਮਨਿਸਟਰ ਸਾਹਿਬ ਨੂੰ ਸ਼ੈਲਟਰ ਕਰ ਰਹੇ ਹਨ ।

**ਸ਼੍ਰੀ ਸਪੀਕਰ** : ਸ਼ੈਲਟਰ ਕਰਨ ਦੀ ਗੱਲ ਨਹੀਂ । Right is right. Next Question.

---

Original with;
Punjab Vidhan Sabha
Digitized by;
Panjab Digital Library

**ਤਦ-ਅਰਥ ਆਧਾਰ ਤੇ ਕੰਮ ਕਰ ਰਹੇ ਅੰਗਰੇਜ਼ੀ ਅਧਿਆਪਕਾਂ ਦੀਆਂ ਸੇਵਾਵਾਂ ਨਿਯਮਤ ਕਰਨਾ**

*2077. (1) ਕਾਮਰੇਡ ਹਰਦੇਵ ਅਰਸ਼ੀ
(2) ਸ਼੍ਰੀਮਤੀ ਵਿਮਲਾ ਡਾਂਗ } : ਕੀ ਸਿੱਖਿਆ

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਸਰਕਾਰੀ ਕਾਲਜਾਂ ਵਿਚ 31 ਮਈ, 1994 ਨੂੰ 2 ਸਾਲ ਤੋਂ ਵੱਧ ਸਮੇਂ ਤੋਂ ਤਦ-ਅਰਥ ਆਧਾਰ ਤੇ ਕੰਮ ਕਰ ਰਹੇ ਅੰਗਰੇਜ਼ੀ ਅਧਿਆਪਕਾਂ ਦੇ ਕਾਲਜਵਾਰ ਨਾਂ ਕੀ ਕੀ ਸਨ ਅਤੇ ਹਰ ਇੱਕ ਕੇਸ ਵਿੱਚ ਕੁਲ ਸੇਵਾ ਕਾਲ ਕਿੰਨਾ ਹੈ ਅਤੇ ਹੁਣ ਤੱਕ ਉਨ੍ਹਾਂ ਦੀਆਂ ਸੇਵਾਵਾਂ ਨਿਯਮਤ ਨਾ ਕਰਨ ਦੇ ਕਾਰਨ ਕੀ ਹਨ ?

**ਸਰਦਾਰ ਲਖਮੀਰ ਸਿੰਘ ਰੰਧਾਵਾ :** 1. ਰਾਜ ਵਿੱਚ ਸਰਕਾਰੀ ਕਾਲਜਾਂ ਵਿੱਚ 31 ਮਈ, 1994 ਨੂੰ 2 ਸਾਲ ਤੋਂ ਵੱਧ ਸਮੇਂ ਤੋਂ ਤਦ-ਅਰਥ ਆਧਾਰ ਤੇ ਕੰਮ ਕਰ ਰਹੇ ਅੰਗਰੇਜ਼ੀ ਅਧਿਆਪਕਾਂ ਦੇ ਕਾਲਜਵਾਰ ਨਾਂ, ਕੁਲ ਸੇਵਾ ਬਾਰੇ ਸੂਚਨਾ ਅਨੁਲੱਗ-ੳ ਤੇ ਨੱਥੀ ਹੈ ।

ਕਾਲਜ ਲੈਕਚਰਾਰ ਕਲਾਸ-1 ਅਧਿਕਾਰੀ ਹਨ ਇਨ੍ਹਾਂ ਦੀ ਰੈਗੂਲਰ ਨਿਯੁਕਤੀ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਸਿਫਾਰਸ਼ ਤੇ ਪੰਜਾਬ ਸਰਕਾਰ ਵੱਲੋਂ ਹੀ ਕੀਤੀ ਜਾ ਸਕਦੀ ਹੈ । ਇਨ੍ਹਾਂ ਤਦ-ਅਰਥ ਲੈਕਚਰਾਰਾਂ ਨੇ ਆਪਣੀਆਂ ਸੇਵਾਵਾਂ ਰੈਗੂਲਰ ਕਰਨ ਲਈ ਕੋਰਟ ਦਾ ਸਹਾਰਾ ਲੈ ਕੇ ਸਟੇਅ ਆਰਡਰ ਪ੍ਰਾਪਤ ਕੀਤੇ ਸਨ । ਸੁਪਰੀਮ ਕੋਰਟ ਨੇ ਸਾਲ 1991 ਵਿੱਚ ਇਨ੍ਹਾਂ ਦੇ ਕੇਸਾਂ ਵਿੱਚ ਇਹ ਫੈਸਲਾ (Annexure-I) ਕੀਤਾ ਕਿ ਇਨ੍ਹਾਂ ਨੂੰ ਵੱਖਰੇ ਤੌਰ ਤੇ ਇੱਕ ਮੌਕਾ ਪੰਜਾਬ ਲੋਕ ਸੇਵਾ ਕਮਿਸ਼ਨ ਸਾਹਮਣੇ ਪੇਸ਼ ਹੋਣ ਲਈ ਦਿੱਤਾ ਜਾਵੇ । ਇਨ੍ਹਾਂ ਵਿਚੋਂ ਜਿਨ੍ਹਾਂ ਲੈਕਚਰਾਰਾਂ ਨੂੰ ਲੋਕ ਸੇਵਾ ਕਮਿਸ਼ਨ ਯੋਗਤਾ ਦੇ ਆਧਾਰ ਤੇ ਸਿਫਾਰਸ਼ ਕਰਦਾ ਹੈ ਉਸ ਨੂੰ ਰੈਗੂਲਰ ਕਰ ਦਿੱਤਾ ਜਾਵੇ ਅਤੇ ਬਾਕੀ ਰਹਿੰਦੇ ਲੈਕਚਰਾਰਾਂ ਬਾਰੇ ਪੰਜਾਬ ਸਰਕਾਰ ਯੋਗ ਫੈਸਲਾ ਲੈ ਲਵੇ । ਲੇਕਿਨ ਪੰਜਾਬ ਸਰਕਾਰ ਨੇ ਹੁਣ ਇੱਕ ਫੈਸਲੇ ਰਾਹੀਂ ਇਨ੍ਹਾਂ ਲੈਕਚਰਾਰਾਂ ਦੀਆਂ ਸੇਵਾਵਾਂ ਲੋਕ

Original with;
Punjab Vidhan Sabha
Digitized by;
Panjab Digital Library

[ ਸਿੱਖਿਆ ਮੰਤਰੀ ]

ਸੇਵਾ ਕਮਿਸ਼ਨ ਦੇ ਪਰਵਿਊ ਤੋਂ ਬਾਹਰ ਕੱਢਕੇ ਨਿਯਮਤ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਨ੍ਹਾਂ ਉਮੀਦਵਾਰਾਂ ਦਾ ਦੂਸਰੇ ਸਾਰੇ ਉਮੀਦਵਾਰਾਂ ਦੇ ਨਾਲ ਹੀ ਮੈਡੀਕਲ ਅਤੇ ਚਾਲਚਲਣ ਤਸਦੀਕ ਕਰਵਾਉਣ ਉਪਰੰਤ ਰੈਗੂਲਰ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ, ਕਾਰਵਾਈ ਜਾਰੀ ਹੈ।

ਅਨੁਲੱਗ 'ੳ'

| ਲੜੀ ਨੰ: | ਨਾਮ | ਕਾਲਜ ਦਾ ਨਾਮ | ਕੁੱਲ ਸੇਵਾ ਕਾਲ ਲੱਗਭੱਗ |
|---|---|---|---|
| | ਸਰਵਸ਼੍ਰੀ/ਸ਼੍ਰੀਮਤੀ/ਮਿਸ | | |
| 1. | ਨੀਲਮ | ਸਰਕਾਰੀ ਕਾਲਜ, ਲੁਧਿਆਣਾ | 15 ਸਾਲ |
| 2. | ਪਵਨ ਕੁਮਾਰ | ਸਰਕਾਰੀ ਕਾਲਜ, ਲੁਧਿਆਣਾ | 15 ਸਾਲ |
| 3. | ਇੰਦਰਜੀਤ ਸਿੰਘ | ਸਰਕਾਰੀ ਕਾਲਜ, ਹੁਸ਼ਿਆਰਪੁਰ | 15 ਸਾਲ |
| 4. | ਜਗਜੀਤ ਕੌਰ | ਸਰਕਾਰੀ ਕਾਲਜ, ਟਾਂਡਾ ਉੜਮੁੜ | 15 ਸਾਲ |
| 5. | ਹਰਬੰਸ ਸਿੰਘ | ਸਰਕਾਰੀ ਕਾਲਜ, ਕਪੂਰਥਲਾ | 15 ਸਾਲ |
| 6. | ਅਨੀਤਾ ਮਹਾਜਨ | ਸਰਕਾਰੀ ਕਾਲਜ, ਰੋਪੜ | 15 ਸਾਲ |
| 7. | ਰੇਨੂੰ ਸ਼ਰਮਾ | ਸਰਕਾਰੀ ਕਾਲਜ, ਰੋਪੜ | 15 ਸਾਲ |
| 8. | ਹਰਨੇਕ ਸਿੰਘ | ਸਰਕਾਰੀ ਕਾਲਜ, ਰੋਪੜ | 15 ਸਾਲ |
| 9. | ਰਸ਼ਮੀ ਗਰੋਵਰ | ਸਰਕਾਰੀ ਕਾਲਜ (ਇ) ਪਟਿਆਲਾ | 15 ਸਾਲ |
| 10. | ਅਰੁਨਬਾਲਾ | ਸਰਕਾਰੀ ਕਾਲਜ, ਬਠਿੰਡਾ | 15 ਸਾਲ |
| 11. | ਜਸਪਾਲ ਰਾਏ | ਸਰਕਾਰੀ ਕਾਲਜ, ਮਲੇਰਕੋਟਲਾ | 15 ਸਾਲ |
| 12. | ਇੰਦਰਪਾਲ ਸਿੰਘ ਸੇਠੀਆ | ਸਰਕਾਰੀ ਕਾਲਜ, ਮਲੇਰਕੋਟਲਾ | 15 ਸਾਲ |
| 13. | ਹਰਵਿੰਦਰ ਕੌਰ | ਸਰਕਾਰੀ ਕਾਲਜ, ਕਪੂਰਥਲਾ | 11 ਸਾਲ |

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ੳ'

| ਲੜੀ ਨੰ: | ਨਾਮ | ਕਾਲਜ ਦਾ ਨਾਮ | ਕੁੱਲ ਸੇਵਾ ਕਾਲ ਲੱਗਭੱਗ |
|---|---|---|---|
| | ਸਰਵ ਸ੍ਰੀ/ਸ਼੍ਰੀਮਤੀ/ਮਿਸ | | |
| 14. | ਚਿਰੰਜੀਵ ਕੌਰ | ਸਰਕਾਰੀ ਕਾਲਜ, ਕਪੂਰਥਲਾ | 15 ਸਾਲ |
| 15. | ਵਿਜੇ ਅਰੋੜਾ | ਸਰਕਾਰੀ ਕਾਲਜ, ਕਰਮਸਰ | 12 ਸਾਲ |
| 16. | ਵਿਨੋ ਸ਼ਰਮਾ | ਸਰਕਾਰੀ ਕਾਲਜ (ਇ) ਲੁਧਿਆਣਾ | 15 ਸਾਲ |
| 17. | ਰਾਜਿੰਦਰ ਕੌਰ | ਸਰਕਾਰੀ ਕਾਲਜ (ਇ) ਮੰਡੀਗੋਬਿੰਦਗੜ੍ਹ | 15 ਸਾਲ |
| 18. | ਸੁਰੇਸ਼ ਕੁਮਾਰ | ਸਰਕਾਰੀ ਕਾਲਜ, ਬਠਿੰਡਾ | 15 ਸਾਲ |
| 19. | ਅਨੀਤਾ ਲੂੰਬਾ | ਸਰਕਾਰੀ ਕਾਲਜ (ਇ) ਅੰਮ੍ਰਿਤਸਰ | 15 ਸਾਲ |
| 20. | ਨਰਿੰਦਜੀਤ ਕੌਰ | ਸਰਕਾਰੀ ਕਾਲਜ (ਇ) ਪਟਿਆਲਾ | 15 ਸਾਲ |
| 21. | ਅਸ਼ੋਕ ਕੁਮਾਰ ਸ਼ਰਮਾ | ਸਰਕਾਰੀ ਕਾਲਜ, ਤਲਵਾੜਾ | 15 ਸਾਲ |
| 22. | ਪਰਦੀਪ ਕੁਮਾਰ ਸ਼ਰਮਾ | ਸਰਕਾਰੀ ਕਾਲਜ, ਡੇਰਾਬੱਸੀ | 15 ਸਾਲ |
| 23. | ਕਮਲੇਸ਼ ਕੁਮਾਰੀ | ਸਰਕਾਰੀ ਕਾਲਜ, ਅਜਨਾਲਾ | 15 ਸਾਲ |
| 24. | ਦਰਸ਼ਨ ਸਿੰਘ ਭੁੱਲਰ | ਸਰਕਾਰੀ ਕਾਲਜ, ਅਜਨਾਲਾ | 11 ਸਾਲ |
| 25. | ਨੀਹਾ ਸਿੰਘ | ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ | 15 ਸਾਲ |
| 26. | ਸੁਖਦੇਵ ਸਿੰਘ ਗਿੱਲ | ਸਰਕਾਰੀ ਕਾਲਜ, ਸੰਗਰੂਰ | 15 ਸਾਲ |
| 27. | ਲਖਵਿੰਦਰ ਕੌਰ | ਸਰਕਾਰੀ ਕਾਲਜ, ਨਾਭਾ | 15 ਸਾਲ |
| 28. | ਬਿੰਦੂ ਬੇਦੀ | ਸਰਕਾਰੀ ਕਾਲਜ, ਸਠਿਆਲਾ | 9 ਸਾਲ |
| 29. | ਹਰਵਿੰਦਰ ਪਾਲ | ਸਰਕਾਰੀ ਕਾਲਜ, ਭੁਲੱਥ | 9 ਸਾਲ |

Original with;
Punjab Vidhan Sabha
Digitized by;
Panjab Digital Library

[Education Minister]

## ANNEXURE-I

IN THE SUPREME COURT OF INDIA
CIVIL ORIGINAL JURISDICTION

WRIT PETITION (CIVIL) NOS. 4075-78-78/82

WITH

(Writ Petition (Civil) Nos. 4515-20/82,11180-98/84, 13633/84,12270-72/84,12599-12600/84,4730-35/85,6825-44/82,707/86,13637/83,4011-20/85,683/84,11817-22/84, 11236/84,16177/84,3606-28/85,577/84,1065-1110/84, 1123-35/83,856/87,1381/87, Review Petition (C) No. 325/82 with SLP(C) No. 401/82, C.A. Nos. 1559/82, CPM Nos. 2337-38/88 & 2339-41/88 in W.P. Nos. 1381/87 & 856/87)

Rajindra Kumar and Ors .....Petitioners/ Appellant

Vs.

State of Punjab and Ors.

ORDER

Heard counsel of both sides.

The petitioners/appellants are 210 adhoc lecturers in Government Colleges in the State of Punjab. They have been selected as adhoc lecturers during the period 1979-1986. They have got to their credit the experience of teaching since then. They are seeking regularisation of their services on the ground among others that they have been in service for a number of years as ad hoc lecturers and they cannot be denied of that benefit since they are overaged. Indeed, they are now overaged for any fresh recruitment. But this Court cannot direct the regularisation of their services since they had chances for appearing before the Public Service Commission for regular selection. It is, however, reasonable and proper to give them one

Original with;
Punjab Vidhan Sabha
Digitized by;
Panjab Digital Library

more opportunity to appear before Punjab Public Service Commission for regular selection. There shall be relaxation of age and the qualification existed at the time of their initial appointment. The selection should be exclusively confined to those who are in service and they should not be made to compete with the fresh candidates. Till the result of the selection is published, the petitioners/appellant shall be allowed to continue in their respective post and the Government will have the liberty to take appropriate action in respect of those who become unsucessful in the selection.

We order accordingly.

All the Writ Petitions/Special Leave Petitions/Civil Appeal/CMPs are disposed of in the light of these directions.

In the circumstances of the case, we make no order as to costs.

Sd/-

....................J.

K. JAGANNATHA SHETTY

Sd/-

New Delhi, ....................J.

The 25th October, 1991 (YOGASHWAR DAYAL)

**ਕਾਮਰੇਡ ਹਰਦੇਵ ਅਰਸ਼ੀ** : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਜੋ ਉੱਤਰ ਦਿੱਤਾ ਹੈ ਉਸ ਦੇ ਨਾਲ ਮੈਂ ਸੈਟਿਸਫਾਈਡ ਹਾਂ। ਮੈਂ ਸਿਰਫ ਇਤਨਾ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਰੈਗੂਲਰ ਕਰਨ ਦਾ ਪ੍ਰੋਸੈਸ ਚਲ ਰਿਹਾ ਹੈ ਅਤੇ ਉਨ੍ਹਾਂ ਵਾਸਤੇ ਪੁਲਿਸ ਵੈਰੀਫੀਕੇਸ਼ਨ ਔਰ ਮੈਡੀਕਲ ਫਿਟਨੈਸ ਦੀ ਉਨ੍ਹਾਂ ਲਈ ਡੀਪਾਰਟਮੈਂਟ ਦੀ ਕੰਡੀਸ਼ਨ ਹੈ, ਆਇਆ ਸਾਰਿਆਂ ਦੀ ਪੁਲਿਸ ਵੈਰੀਫੀਕੇਸ਼ਨ ਔਰ ਮੈਡੀਕਲ ਫਿਟਨੈਸ ਆਉਣ ਤੇ ਇਕੱਠੇ ਆਰਡਰਜ਼ ਕੀਤੇ ਜਾਣਗੇ ? ਜੇ ਇਸ ਤਰ੍ਹਾਂ ਕੀਤਾ ਗਿਆ ਤਾਂ ਕਿਸੇ ਦੇ ਕੇਸ

Original with;
Punjab Vidhan Sabha
Digitized by;
Panjab Digital Library

[ ਸਿੱਖਿਆ ਮੰਤਰੀ ]

ਵਿੱਚ ਪੁਲਿਸ ਵੈਰੀਫੀਕੇਸ਼ਨ ਵਿੱਚ ਟਾਈਮ ਲਗ ਸਕਦਾ ਹੈ ਅਤੇ ਕਿਸੇ ਦੇ ਕੇਸ ਵਿੱਚ ਮੈਡੀਕਲ ਫਿਟਨੈਸ ਵਾਸਤੇ ਵੀ ਟਾਈਮ ਲਗ ਸਕਦਾ ਹੈ ਇਸ ਤਰ੍ਹਾਂ ਹੋਰ ਡੀਲੇਅ ਹੋ ਜਾਵੇਗੀ । ਕੀ ਮਨਿਸਟਰ ਸਾਹਿਬ ਭਰੋਸਾ ਦਿਵਾਉਣਗੇ ਕਿ ਇੰਡਵੀਜੂਅਲੀ ਜਿਵੇਂ ਜਿਵੇਂ ਪੁਲਿਸ ਵੈਰੀਫੀਕੇਸ਼ਨ ਔਰ ਮੈਡੀਕਲ ਫਿਟਨੈਸ ਆਉਂਦੇ ਰਹੇਗੀ ਉਸ ਮੁਤਾਬਿਕ ਉਨ੍ਹਾਂ ਦੇ ਆਰਡਰ ਜਾਰੀ ਕਰ ਦਿੱਤੇ ਜਾਣਗੇ ।

**ਮੰਤਰੀ** : ਸਪੀਕਰ ਸਾਹਿਬ, ਸਰਕਾਰ ਦੇ ਵੱਲੋਂ ਸਕਰੀਨਿੰਗ ਕਮੇਟੀ ਬਣਾਈ ਗਈ ਹੈ ਅਤੇ ਜਿੰਨੇ ਲੈਕਚਰਾਰਾਂ ਦੇ ਕੇਸ ਰਿਕੁਮੈਂਡ ਕੀਤੇ ਗਏ ਹਨ ਉਨ੍ਹਾਂ ਦੇ ਕੇਸ ਮੈਡੀਕਲ ਬੋਰਡ ਨੂੰ ਅਤੇ ਪੁਲਿਸ ਵੈਰੀਫੀਕੇਸ਼ਨ ਲਈ ਭੇਜ ਦਿੱਤੇ ਹਨ । ਜਿਵੇਂ ਜਿਵੇਂ ਉਨ੍ਹਾਂ ਦੇ ਕੇਸ ਆਉਂਦੇ ਰਹਿਣਗੇ ਉਨ੍ਹਾਂ ਦੇ ਕੇਸ ਉਸੇ ਤਰ੍ਹਾਂ ਲੈ ਲਏ ਜਾਣਗੇ ।

**ਕਾਮਰੇਡ ਹਰਦੇਵ ਅਰਸ਼ੀ** : ਮੈਂ ਸੈਟਿਸਫਾਈਡ ਹਾਂ ਜੀ ਪਰ ਮੈਂ ਇਹ ਸਪਲੀਮੈਂਟਰੀ ਪੁੱਛਣਾ ਚਾਹੁੰਦਾ ਹਾਂ - - - -

**ਸ਼੍ਰੀ ਸਪੀਕਰ** : ਨਾਲ ਦੀ ਨਾਲ ਇਹ ਕਹਿੰਦੇ ਹਨ ਕਿ ਲੈ ਲਏ ਜਾਣਗੇ ।

**ਕਾਮਰੇਡ ਹਰਦੇਵ ਅਰਸ਼ੀ** : : ਸਪੀਕਰ ਸਾਹਿਬ, ਮੈਂ ਅਗਲੀ ਸਪਲੀਮੈਂਟਰੀ ਇਹ ਕਰਨੀ ਹੈ ਕਿ ਕੀ ਇਨ੍ਹਾਂ ਨੂੰ ਰੈਗੂਲਰ ਕਰਨ ਤੋਂ ਬਾਅਦ ਉਨ੍ਹਾਂ ਦੀ ਬਗੈਰ ਇੱਛਾ ਦੇ ਟਰਾਂਸਫਰ ਤਾਂ ਨਹੀਂ ਕਰ ਦਿੱਤਾ ਜਾਵੇਗਾ ? ਕੀ ਇਸ ਤਰ੍ਹਾਂ ਦੀ ਕੋਈ ਪਰਪੋਜ਼ਲ ਤਾਂ ਨਹੀਂ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿੰਨਾ ਚਿਰ ਉਹ ਐਡਹਾਕ ਹਨ ਉਨ੍ਹਾਂ ਨੂੰ ਟਰਾਂਸਫਰ ਕਰਨ ਦੀ ਕੋਈ ਪਰੋਵੀਜ਼ਨ ਨਹੀਂ ਹੈ । ਪਰ ਜਿਸ ਵੇਲੇ ਰੈਗੂਲਰ ਹੋ ਜਾਣਗੇ ਤਾਂ ਪ੍ਰਬੰਧਕੀ ਢਾਂਚਾ ਚਲਾਉਣ ਲਈ ਟਰਾਂਸਫਰ ਕਰਨ ਦੇ ਅਧਿਕਾਰ ਸਰਕਾਰ ਨੂੰ ਮਿਲ ਜਾਂਦੇ ਹਨ ।

**Mr. Speaker** : Next question.

Original with;
Punjab Vidhan Sabha
Digitized by;
Panjab Digital Library

**ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰਨੀ ਹੈ, ਮੈਂ ਕਾਲਜ ਵਿਚ ਪੜ੍ਹਾਉਂਦੀ ਹਾਂ ।

**ਸ੍ਰੀ ਸਪੀਕਰ** : ਕਦੇ ਪੜ੍ਹਾਉਂਦੇ ਹੋਵੋਗੇ ਪਰ ਅੱਜਕਲ ਸਾਨੂੰ ਪੜ੍ਹਾ ਰਹੇ ਹੋ । (ਹਾਸਾ)

Next question.

---

### ਪ੍ਰਾਈਵੇਟ ਸਕੂਲਾਂ ਲਈ ਸਿਲੇਬਸ ਨਿਸ਼ਚਿਤ ਕਰਨਾ

*2121. **ਸਰਦਾਰ ਧਨਵੰਤ ਸਿੰਘ** : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਰਾਜ ਵਿੱਚ ਚੱਲ ਰਹੇ ਪ੍ਰਾਈਵੇਟ ਸਕੂਲਾਂ ਵਿੱਚ ਸਕੂਲ ਪੱਧਰ ਦੀਆਂ ਕਲਾਸਾਂ ਲਈ ਕੋਈ ਸਿਲੇਬਸ ਨਿਸ਼ਚਿਤ ਕੀਤਾ ਹੈ ਜਿਵੇਂ ਕਿ ਸਰਕਾਰੀ ਸਕੂਲਾਂ ਦੀ ਸੂਰਤ ਵਿੱਚ ਕੀਤਾ ਗਿਆ ਹੈ, ਜੇਕਰ ਨਹੀਂ ਤਾਂ ਇਸਦੇ ਕੀ ਕਾਰਣ ਹਨ ?

**ਸਰਦਾਰ ਤਪਜੀਤ ਸਿੰਘ ਰੰਧਾਵਾ** : ਪੰਜਾਬ ਰਾਜ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ (ਐਫੀਲੀਏਟਿਡ) ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਵੱਖ-ਵੱਖ ਕਲਾਸਾਂ ਲਈ ਇੱਕੋ ਹੀ ਸਿਲੇਬਸ ਪੰਜਾਬ ਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਤ ਕੀਤਾ ਹੋਇਆ ਹੈ ।

**ਸਰਦਾਰ ਧਨਵੰਤ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੱਜਕਲ ਜਿਹੜੇ ਪ੍ਰਾਈਵੇਟ ਸਕੂਲਜ਼ ਹਨ ਉਥੇ ਤਾਂ ਪਹਿਲੀ ਜਮਾਤ ਤੋਂ ਅੰਗ੍ਰੇਜ਼ੀ ਪੜ੍ਹਾਈ ਜਾਂਦੀ ਹੈ ਪਰ ਜਿਹੜੇ ਸਰਕਾਰੀ ਸਕੂਲਜ਼ ਹਨ ਉਥੇ 6ਵੀਂ ਜਮਾਤ ਤੋਂ ਅੰਗ੍ਰੇਜ਼ੀ ਪੜ੍ਹਾਈ ਜਾਂਦੀ ਹੈ । ਜਿਸ ਕਾਰਣ ਪ੍ਰਾਈਵੇਟ ਸਕੂਲਾਂ ਦੇ ਬੱਚੇ ਕੰਪੀਟੀਸ਼ਨ ਵਿੱਚ ਅੱਗੇ ਨਿਕਲ ਜਾਂਦੇ ਹਨ ਔਰ ਦੂਜੇ ਰਹਿ ਜਾਂਦੇ ਹਨ । ਇਹ ਇਕ ਡਿਸਕਰੀਮੀਨੇਸ਼ਨ ਹੈ । ਪ੍ਰਾਈਵੇਟ ਔਰ ਸਰਕਾਰੀ ਸਕੂਲਾਂ ਵਿਚ ਇਕੋ ਜਿਹੀ ਪੜ੍ਹਾਈ ਹੋਣੀ ਚਾਹੀਦੀ ਹੈ ।

**ਸ੍ਰੀ ਸਪੀਕਰ** : ਗੌਰਮਿੰਟ ਏਡਿਡ ਸਕੂਲਜ਼ ਔਰ ਸਰਕਾਰੀ ਸਕੂਲਾਂ ਵਿਚ ਇਕੋ ਜਿਹੀ ਪੜ੍ਹਾਈ ਹੈ ਪਰ ਜਿਹੜੇ ਦੂਜੇ ਪ੍ਰਾਈਵੇਟ ਸਕੂਲਾਂ ਦੀਆਂ ਦੁਕਾਨਾਂ ਬਣੀਆਂ ਹਨ, ਉਥੇ ਫ਼ਰਕ ਹੋ ਸਕਦਾ ਹੈ । (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਧਨਵੰਤ ਸਿੰਘ** : ਸਪੀਕਰ ਸਾਹਿਬ, ਮੈਂ ਸਵਾਲ ਸਿੱਖਿਆ ਮੰਤਰੀ ਜੀ ਨੂੰ ਪੁਛਿਆ ਹੈ ਕਿ ਪ੍ਰਾਈਵੇਟ ਔਰ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਵਿਚ ਫ਼ਰਕ ਕਿਉਂ ਹੈ ? ਮੈਂ ਮੰਤਰੀ ਸਾਹਿਬ ਤੋਂ ਸਪਲੀਮੈਂਟਰੀ ਪੁੱਛੀ ਹੈ ।

**ਸ਼੍ਰੀ ਸਪੀਕਰ** : ਇਹ ਵੀ ਤਾਂ ਕਲੀਅਰ ਕਰ ਦਿਓ ਕਿ ਉਹ ਕਿਹੜੇ ਪ੍ਰਾਈਵੇਟ ਸਕੂਲਜ਼ ਹਨ ?

**ਸਰਦਾਰ ਧਨਵੰਤ ਸਿੰਘ** : ਜਿਸ ਤਰ੍ਹਾਂ ਮੁਹਾਲੀ ਵਿਖੇ ਸ਼ਿਸ਼ੂ ਪਾਲ, ਸੰਤ ਈਸ਼ਰ ਸਿੰਘ ਸਕੂਲ ਹਨ । (ਵਿਘਨ)

**ਸ਼੍ਰੀ ਸਪੀਕਰ** : ਠੀਕ ਹੈ, ਪਰ ਆਪਣੀ ਟਿਊਨ ਤਾਂ ਠੀਕ ਕਰ ਲਓ (ਹਾਸਾ)

**ਸਰਦਾਰ ਧਨਵੰਤ ਸਿੰਘ** : ਤੁਹਾਡੀ ਟਿਊਨ ਤੇ ਮੇਰੀ ਟਿਊਨ ਇਕੋ ਜਿਹੀ ਹੈ (ਹਾਸਾ) ਮੇਰ ਸਪਲੀਮੈਂਟਰੀ ਦਾ ਜਵਾਬ ਦਿਵਾਓ ।

**ਸ਼੍ਰੀ ਸਪੀਕਰ** : ਹਾਂ ਜੀ ਮੰਤਰੀ ਜੀ ਜਵਾਬ ਦਿਓ ਜੀ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜਿਹੜੇ ਸਕੂਲਜ਼ ਹਨ, ਉਨ੍ਹਾਂ ਵਿਚ ਕੁਝ ਗੌਰਮਿੰਟ ਸਕੂਲਜ਼ ਹਨ, ਕੁਝ ਗੌਰਮਿੰਟ ਏਡਿਡ ਸਕੂਲਜ਼ ਹਨ ਔਰ ਕੁਝ ਨਾਨ ਗੌਰਮਿੰਟ ਏਡਿਡ ਸਕੂਲਜ਼ ਹਨ । ਕੁਝ ਸਕੂਲਜ਼ ਡਾਇਰੈਕਟਲੀ ਐਜੂਕੇਸ਼ਨ ਬੋਰਡ ਨਾਲ ਐਫੀਲਿਏਟਿਡ ਹਨ । ਕੁਝ ਸਕੂਲਜ਼ ਸੀ.ਬੀ.ਐਸ.ਈ. ਦੇ ਵੀ ਹਨ ਔਰ ਕੁਝ ਕੇਂਦਰੀ ਨਵੋਦਯ ਵਿਦਿਆਲਿਆ ਵੀ ਹਨ । ਕੁਝ ਆਈ.ਸੀ.ਐਸ.ਈ. ਸਕੂਲਜ਼ ਹਨ ਔਰ ਕੁਝ ਕਾਨਵੈਂਟ ਸਕੂਲਜ਼ ਹਨ । ਕਾਨਵੈਂਟ ਸਕੂਲਾਂ ਦੇ ਵਿਚ ਸੀ.ਬੀ.ਐਸ.ਈ. ਦਿੱਲੀ ਵਾਲਿਆਂ ਦਾ ਸਿਲੇਬਸ ਲਗਾ ਹੋਇਆ ਹੈ ਅਤੇ ਉਹ ਹੀ ਸਿਲੇਬਸ ਨਿਰਧਾਰਿਤ ਕਰਦੇ ਹਨ । ਉਸ ਦੇ ਮੁਤਾਬਿਕ ਹੀ ਸਕੂਲਾਂ ਦੇ ਵਿਚ ਪੜ੍ਹਾਈ ਕਰਵਾਈ ਜਾਂਦੀ ਹੈ ਅਤੇ ਉਸ ਦੇ ਮੁਤਾਬਿਕ ਹੀ ਉਹ ਐਗਜ਼ਾਮ ਕੰਡਕਟ ਕਰਦੇ ਹਨ ।

**ਸਰਦਾਰ ਧਨਵੰਤ ਸਿੰਘ** : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਆਪਣਾ ਸਵਾਲ ਫਿਰ ਕਲੀਅਰ ਕਰ ਦੇਣਾ ਚਾਹੁੰਦਾ ਹਾਂ । ਸ਼ਿਸ਼ੂ ਭਾਰਤੀ ਸਕੂਲ, ਧੂਰੀ

Original with;
Punjab Vidhan Sabha
Digitized by;
Panjab Digital Library

ਅਤੇ ਸੰਤ ਈਸ਼ਰ ਸਿੰਘ ਸੀਨੀਅਰ ਸੈਕੰਡਰੀ ਸਕੂਲ, ਮੋਹਾਲੀ ਹੈ ਜੋ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਨਾਲ ਐਫੀਲੀਏਟਿਡ ਹਨ। ਉਥੇ ਪਹਿਲੀ ਜਮਾਤ ਤੋਂ ਇੰਗਲਿਸ਼ ਪੜ੍ਹਾਈ ਜਾਂਦੀ ਹੈ ਪਰ ਪੰਜਾਬ ਦੇ ਗੌਰਮਿੰਟ ਸਕੂਲਾਂ ਦੇ ਵਿਚ ਛੇਵੀਂ ਜਮਾਤ ਤੋਂ ਇੰਗਲਿਸ਼ ਪੜ੍ਹਾਈ ਜਾਂਦੀ ਹੈ। ਇਹ ਬੱਚਿਆਂ ਦੇ ਨਾਲ ਡਿਸਕਰੀਮੀਨੇਸ਼ਨ ਕਿਉਂ ਕੀਤੀ ਜਾ ਰਹੀ ਹੈ। ਕੀ ਸਰਕਾਰ ਇਕੋ ਜਿਹਾ ਸਿਲੇਬਸ ਪੰਜਾਬ ਵਿਚ ਕਰੇਗੀ ? ਕੀ ਸਰਕਾਰ ਐਟ ਪਾਰ ਵਿਦ ਪ੍ਰਾਈਵੇਟ ਸਕੂਲਾਂ ਦੇ ਸਿਲੇਬਸ ਕਰਨ ਲਈ ਤਿਆਰ ਹੈ ? ਗੌਰਮਿੰਟ ਸਕੂਲਜ਼ ਅਤੇ ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲ ਤੁਹਾਡੀ ਮਨਿਸਟਰੀ ਦੇ ਅੰਡਰ ਆਉਂਦੇ ਹਨ ਫਿਰ ਇਨ੍ਹਾਂ ਵਿਚ ਸਿਲੇਬਸ ਇਕੋ ਜਿਹਾ ਕਿਉਂ ਨਾ ਹੋਵੇ ਜਾਂ ਫੇਰ ਪ੍ਰਾਈਵੇਟ ਸਕੂਲਾਂ ਦੇ ਵਿਚ ਸਿਲੇਬਸ ਗੌਰਮਿੰਟ ਸਕੂਲਾਂ ਵਾਲਾ ਕਰ ਦਿਓ।

**ਮੰਤਰੀ** : ਸਪੀਕਰ ਸਾਹਿਬ, ਪੰਜਾਬ ਵਿਚ ਕਈ ਸਕੂਲਜ਼ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਨਾਲ ਸਬੰਧਤ ਹਨ ਅਤੇ ਕਈ ਸਕੂਲਜ਼ ਸੀ.ਬੀ.ਐਸ.ਈ. ਦੇ ਨਾਲ ਸਬੰਧਤ ਹਨ ਅਤੇ ਉਹ ਆਪਣੇ ਸਿਲੇਬਸ ਦੇ ਮੁਤਾਬਿਕ ਐਗਜ਼ਾਮ ਕੰਡਕਟ ਕਰਦੇ ਹਨ। ਇਹ ਬੋਰਡ ਆਪਣਾ ਆਪਣਾ ਸਿਲੇਬਸ ਨਿਰਧਾਰਿਤ ਕਰਦੇ ਹਨ ਅਤੇ ਉਸ ਸਿਲੇਬਸ ਦੇ ਮੁਤਾਬਿਕ ਹੀ ਉਨ੍ਹਾਂ ਸਕੂਲਾਂ ਦੇ ਵਿਚ ਪੜ੍ਹਾਈ ਕਰਵਾਈ ਜਾਂਦੀ ਹੈ। ਅਗਰ ਇਨ੍ਹਾਂ ਦੇ ਨੋਟਿਸ ਵਿਚ ਕੋਈ ਐਸਾ ਸਕੂਲ ਹੈ ਇਹ ਮੇਰੇ ਨੋਟਿਸ ਵਿਚ ਲੈ ਆਉਣ। (ਵਿਘਨ) ਅਗਰ ਕੋਈ ਐਕਸਟਰਾ ਸਬਜੈਕਟ ਪੜ੍ਹਾ ਰਹੇ ਹਨ ਉਸ ਨੂੰ ਵੀ ਵੇਖ ਲਵਾਂਗੇ ਕਿ ਉਸ ਦਾ ਕੋਈ ਫਾਇਦਾ ਹੈ ਜਾਂ ਨਹੀਂ ਹੈ। ਅਸੀਂ ਆਪਣਾ ਬੋਰਡ ਦੇ ਸਿਲੇਬਸ ਮੁਤਾਬਿਕ ਐਗਜ਼ਾਮ ਕੰਡਕਟ ਕਰਵਾਉਂਦੇ ਹਾਂ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਜਿੰਨੇ ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲਜ਼ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਜ਼ ਹਨ ਉਨ੍ਹਾਂ ਦੇ ਵਿਚ ਕੀ ਕੋਈ ਐਸਾ ਸਕੂਲ ਪੰਜਾਬ ਵਿਚ ਹੈ ਜਿਥੇ ਇੰਗਲਿਸ਼ ਪਹਿਲੀ ਜਮਾਤ ਤੋਂ ਨਾ ਪੜ੍ਹਾਈ ਜਾਂਦੀ ਹੋਵੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਨਵਾਂ ਸਵਾਲ ਇਨ੍ਹਾਂ ਨੇ ਕਰ ਦਿੱਤਾ ਹੈ । ਅਗਰ ਕੋਈ ਸਕੂਲ ਐਕਸਟਰਾ ਸਬਜੈਕਟ ਦੀ ਪੜ੍ਹਾਈ ਕਰਵਾਉਂਦੇ ਹਨ ਉਹ ਅਸੀਂ ਵੇਖ ਲਵਾਂਗੇ ਕਿ ਉਸ ਦਾ ਕੋਈ ਫਾਇਦਾ ਹੈ ਜਾਂ ਨਹੀਂ ।

**ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ** : ਸਪੀਕਰ ਸਾਹਿਬ, ਇਹ ਗਲਤ ਜਵਾਬ ਦੇ ਰਹੇ ਹਨ । ਪੰਜਾਬ ਵਿਚ ਕੋਈ ਪ੍ਰਾਈਵੇਟ ਸਕੂਲ ਨਹੀਂ ਹੈ ਜਿਥੇ ਇੰਗਲਿਸ਼ ਪਹਿਲੀ ਜਮਾਤ ਤੋਂ ਨਾ ਪੜ੍ਹਾਈ ਜਾਂਦੀ ਹੋਵੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਦਾ ਜਵਾਬ ਪਹਿਲੇ ਹੀ ਦੇ ਚੁੱਕਾ ਹਾਂ । ਅਗਰ ਕੋਈ ਸਕੂਲ ਐਕਸਟਰਾ ਸਬਜੈਕਟ ਦੀ ਪੜ੍ਹਾਈ ਕਰਵਾਉਂਦੇ ਹਨ ਉਹ ਅਸੀਂ ਵੇਖ ਲਵਾਂਗੇ ਕਿ ਉਸ ਦੀ ਯੂਟੀਲਿਟੀ ਕੀ ਹੈ ?

**ਸ਼੍ਰੀ ਮਦਨ ਮੋਹਨ ਮਿੱਤਲ** : ਸਪੀਕਰ ਸਾਹਿਬ, ਚਾਵਲਾ ਜੀ ਦਾ ਸਵਾਲ ਇਹ ਸੀ ਕਿ ਮਾਨਤਾ ਪ੍ਰਾਪਤ-ਪ੍ਰਾਈਵੇਟ ਸਕੂਲਾਂ ਦੇ ਵਿਚ ਪਹਿਲੀ ਜਮਾਤ ਤੋਂ ਇੰਗਲਿਸ ਪੜ੍ਹਾਈ ਜਾਂਦੀ ਹੈ । ਇਹ ਜਵਾਬ ਦਿੰਦੇ ਹਨ ਕਿ ਅਸੀਂ ਵੇਖ ਲਵਾਂਗੇ । ਇਸ ਦਾ ਮਤਲਬ ਕੀ ਹੈ ? If English is being taught in private schools, why not in Government schools ? Why this discrimination ? This is the primay question of Sardar Dhanwant Singh. ਇਨ੍ਹਾਂ ਨੂੰ ਦੋਨਾਂ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਚ ਪੜ੍ਹਾਈ ਐਟ ਪਾਰ ਕਰ ਦੇਣੀ ਚਾਹੀਦੀ ਹੈ ਤਾਂਕਿ ਕਿਸੇ ਨਾਲ ਡਿਸਕਰੀਮੀਨੇਸ਼ਨ ਨਾ ਹੋਵੇ । ਕੀ ਇਹ ਗੌਰਮਿੰਟ ਦੀ ਪਾਲਿਸੀ ਚੇਂਜ ਕਰਨਗੇ ਜਾਂ ਭਵਿੱਖ ਵਿਚ ਚੇਂਜ ਕਰਨ ਦਾ ਵਿਚਾਰ ਸਰਕਾਰ ਦੇ ਵਿਚਾਰ ਅਧੀਨ ਹੈ ? ਜਿਸ ਤਰ੍ਹਾਂ ਮੋਰਲ ਕਲਚਰ ਦਾ ਵਾਤਾਵਰਣ ਸ਼ੁਰੂ ਹੋ ਰਿਹਾ ਹੈ ਅਤੇ ਕਲਚਰ ਪਾਲਿਊਸ਼ਨ ਹੋ ਰਹੀ ਹੈ । ਕੀ ਸਰਕਾਰ ਮਾਡਰਨ ਐਜੂਕੇਸ਼ਨ ਦੇਣ ਦਾ ਵਿਚਾਰ ਰਖਦੀ ਹੈ ?

**ਸ਼੍ਰੀ ਸਪੀਕਰ** : ਇਹ ਨਵਾਂ ਕੁਐਸਚਨ ਹੈ ।

Original with;
Punjab Vidhan Sabha
Digitized by;
Panjab Digital Library

**Shri Madan Mohan Mittal :** Sir, syllabus is under consideration. I am talking of syllabus. It is not irrelevant because it is out of syllabus and the syllabus is under discussion syllabus in Government and private schools. Therefore, I have asked. Is there any proposal under the consideration of the Government to introduce moral education in the schools in the State ?

**ਸ੍ਰੀ ਸਪੀਕਰ :** ਇਹ ਨਵਾਂ ਕੁਐਸਚਨ ਹੈ । ਮੰਤਰੀ ਜੀ ਕੀ ਸਿਲੇਬਸ ਵਿਚ ਐਜੂਕੇਸ਼ਨ ਦੀ ਚੀਜ਼ ਪਾਉਣੀ ਹੈ ?

**ਮੰਤਰੀ :** ਸਪੀਕਰ ਸਾਹਿਬ, ਜੋ ਸਿਲੇਬਸ ਨਿਰਧਾਰਤ ਕੀਤਾ ਜਾਂਦਾ ਹੈ, ਉਹ ਨੈਸ਼ਨਲ ਪਾਲਿਸੀ 1986 ਦੇ ਮੁਤਾਬਿਕ ਐਨ.ਸੀ.ਈ.ਆਰ.ਟੀ. ਸਾਰੇ ਦੇਸ਼ ਵਿਚ ਸਰਕੂਲੇਟ ਕਰਦੀ ਹੈ । ਸਟੇਟ 70% ਉਸ ਦਾ ਸਿਧਾ ਅਡਾਪਟ ਕਰਦੀ ਹੈ ਅਤੇ 30% ਹਿੱਸਾ ਸਟੇਟ ਆਪਣੇ ਮੁਤਾਬਿਕ, ਅਪਣੇ ਮਾਹੌਲ ਅਤੇ ਆਪਣੇ ਹਾਲਾਤ ਦੇ ਮੁਤਾਬਿਕ ਅਤੇ ਆਪਣੇ ਸਭਿਆਚਾਰ ਦੇ ਮੁਤਾਬਿਕ ਐਡ ਕਰਦੀ ਹੈ । ਪੰਜਾਬ ਸਕੂਲ ਐਜੂਕੇਸ਼ਨ ਬੋਰਡ ਸੈਂਟਰ ਦੀ ਪਾਲਿਸੀ ਅਤੇ ਪੰਜਾਬ ਦੀ ਪਾਲਿਸੀ ਦੇ ਮੁਤਾਬਿਕ ਹੀ ਨਿਰਧਾਰਤ ਕਰਦਾ ਹੈ । ਇਥੇ ਮੌਰਲ ਐਜੂਕੇਸ਼ਨ ਦੀ ਗੱਲ ਕੀਤੀ ਗਈ ਹੈ, ਸਾਡੀ ਬੁੱਕਸ ਵਿਚ ਸਟੋਰੀਜ਼ ਹੁੰਦੀਆਂ ਹਨ । ਇਹ ਚੀਜ਼ ਉਸ ਵਿਚ ਕਵਰ ਹੋ ਜਾਂਦੀ ਹੈ । ਦੇਸ਼ ਭਗਤ ਬਨਣੇ ਵੀ ਜ਼ਰੂਰੀ ਹਨ । ਇਸ ਕਰਕੇ ਇਸ ਪਾਲਿਸੀ ਨੂੰ ਆਧਾਰ ਰਖਿਆ ਜਾਂਦਾ ਹੈ ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਬੇਸਿਕ ਸਵਾਲ ਹੈ ਉਹ ਇਹ ਹੈ ਕਿ ਪ੍ਰਾਈਵੇਟ ਸਕੂਲ ਜਾਂ ਸਰਕਾਰੀ ਸਕੂਲ ਦਾ ਜਿਹੜਾ ਸਲੇਬਸ ਹੈ ਕੀ ਉਹ ਇਸ ਨੀਤੀ ਤੇ ਨਿਰਧਾਰਤ ਕੀਤਾ ਜਾਏਗਾ ? ਅਗਰ ਪਹਿਲਾਂ ਹੀ ਇਕ ਨੀਤੀ ਹੈ ਤਾਂ ਇਸ ਨੀਤੀ ਦੀ ਬਹੁਤ ਵੱਡੇ ਪੈਮਾਨੇ ਤੇ ਵਾਇਓਲੇਸ਼ਨ ਹੁੰਦੀ ਹੈ, ਜੋ ਵਾਇਓਲੇਸ਼ਨ ਕਰਦੇ ਹਨ, ਕੀ ਸਰਕਾਰ ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣ ਲਈ ਕਦਮ ਚੁਕੇਗੀ ? ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਜਿਹੜੇ ਰਿਕੁਗਨਾਈਜ਼ਡ ਸਕੂਲ

Original with;
Punjab Vidhan Sabha
Digitized by;
Panjab Digital Library

[ ਸਰਦਾਰ ਅਵਤਾਰ ਸਿੰਘ ਕਰੀਮਪੁਰੀ ]

ਐਫੀਲੇਟਿਡ ਹਨ । ਉਨ੍ਹਾਂ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਇੰਗਲਿਸ਼ ਪੜ੍ਹਾਈ ਜਾਂਦੀ ਹੈ । ਬਹੁਤ ਵੱਡੇ ਪੈਮਾਨੇ ਤੇ ਪਾਲਿਸੀ ਦੀ ਉਲਘੰਣਾ ਕੀਤੀ ਜਾਂਦੀ ਹੈ । ਕੀ ਮੰਤਰੀ ਜੀ ਹਾਉਸ ਨੂੰ ਅਸ਼ੋਰੈਂਸ ਦੇਣਗੇ ਕਿ ਗੌਰਮਿੰਟ ਸਕੂਲਾਂ ਅਤੇ ਰਿਕੁਗਨਾਈਜ਼ਡ ਸਕੂਲਾਂ ਵਿਚ ਇਕ ਹੀ ਨੀਤੀ ਤੇ ਅਮਲ ਕਰਾਇਆ ਜਾਏਗਾ ?

**ਮੰਤਰੀ :** ਸਪੀਕਰ ਸਾਹਿਬ, ਜਿਹੜੇ ਸਕੂਲ ਰਿਕੁਗਨਾਈਜ਼ਡ ਹਨ ਅਤੇ ਪੰਜਾਬ ਐਜੂਕੇਸ਼ਨ ਬੋਰਡ ਦੇ ਨਾਲ ਐਫੀਲੇਟਿਡ ਹਨ, ਉਨ੍ਹਾਂ ਸਕੂਲਾਂ ਵਿਚ ਇਕੋ ਹੀ ਨੀਤੀ ਲਾਗੂ ਕੀਤੀ ਜਾਏਗੀ ।

---

**ਗੈਸ ਲੀਕ ਹੋਣ ਤੋਂ ਪ੍ਰਭਾਵਿਤ ਫੈਕਟਰੀ ਵਰਕਰਾਂ ਨੂੰ ਮੁਆਵਜ਼ਾ**

*2082 1. **ਕਾਮਰੇਡ ਅਜੈਬ ਸਿੰਘ ਰੌਂਤਾ**
2. **ਸ਼੍ਰੀਮਤੀ ਵਿਮਲਾ ਡਾਂਗ** : ਕੀ ਕਿਰਤ ਅਤੇ ਰੁਜ਼ਗਾਰ ਦੇ ਰਾਜ ਮੰਤਰੀ ਕ੍ਰਿਪਾ ਕਰਕੇ ਦਸੱਣਗੇ ਕਿ --

(ੳ) ਕੀ ਜੂਨ, 1994 ਦੇ ਮਹੀਨੇ ਵਿਚ ਲਾਲੜੂ ਨਜ਼ਦੀਕ ਮਾਨਸਰੋਵਰ ਕੈਮੀਕਲਜ਼ ਪ੍ਰਾਈਵੇਟ, ਲਿਮਟਿਡ ਵਿਚ ਗੈਸ ਲੀਕ ਹੋਣ ਦੀ ਕੋਈ ਘਟਨਾ ਵਾਪਰੀ; ਜੇਕਰ ਅਜਿਹਾ ਹੋਵੇ, ਤਾਂ ਅਜਿਹਾ ਕਿਸ ਮਿਤੀ ਨੂੰ ਹੋਇਆ ਅਤੇ ਇਸ ਤੋਂ ਕਿੰਨੇ ਫੈਕਟਰੀ ਵਰਕਰ ਪ੍ਰਭਾਵਿਤ ਹੋਏ;

(ਅ) ਕੀ ਗੈਸ ਦੇ ਲੀਕ ਹੋਣ ਲਈ ਜ਼ਿੰਮੇਵਾਰੀ ਨਿਸ਼ਚਿਤ ਕਰ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ, ਤਾਂ ਜ਼ਿੰਮੇਵਾਰ ਵਿਅਕਤੀਆਂ ਨੂੰ ਦਿੱਤੀ ਗਈ ਸਜ਼ਾ ਦੇ ਵੇਰਵੇ ਕੀ ਹਨ;

(ੲ) ਕੀ ਪ੍ਰਭਾਵਿਤ ਵਰਕਰਾਂ ਨੂੰ ਕੋਈ ਮੁਆਵਜ਼ਾ ਅਦਾ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ, ਤਾਂ ਉਸ ਦਾ ਵੇਰਵਾ ਕੀ ਹੈ;

Original with;
Punjab Vidhan Sabha
Digitized by;
Panjab Digital Library

(ਸ) ਉਪਰੋਕਤ ਭਾਗ (ੳ) ਵਿਚ ਵਰਣਿਤ ਫੈਕਟਰੀ ਦੇ ਹਿੱਸੇਦਾਰਾਂ/ਮਾਲਕਾਂ ਦੇ ਨਾਂ ਅਤੇ ਪਤੇ ਕੀ ਕੀ ਹਨ ?

**ਸਰਦਾਰ ਜੋਗਿੰਦਰ ਸਿੰਘ ਮਾਨ :**

(ੳ) ਹਾਂ ਜੀ, ਗੈਸ ਲੀਕ ਹੋਣ ਦੀ ਦੁਰਘਟਨਾ ਮਿਤੀ 18 ਜੂਨ, 1994 ਨੂੰ ਹੋਈ ਸੀ, ਪਰੰਤੂ ਕੋਈ ਵੀ ਕਿਰਤੀ ਇਸ ਨਾਲ ਪ੍ਰਭਾਵਿਤ ਨਹੀਂ ਹੋਇਆ ।

(ਅ) ਇਹ ਅਦਾਰਾ ਫੈਕਟਰੀ ਐਕਟ, 1948 ਅਧੀਨ ਰਜਿਸਟਰਡ ਹੈ । ਫੈਕਟਰੀ ਦਾ ਆਕੂਪਾਇਰ ਅਤੇ ਮੈਨੇਜਰ ਇਸ ਦੇ ਜ਼ਿੰਮੇਵਾਰ ਹਨ । ਉਨ੍ਹਾਂ ਦੇ ਵਿਰੁੱਧ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ । ਸ੍ਰੀ ਗੁਰਿੰਦਰਜੀਤ ਸਿੰਘ ਇਸ ਫੈਕਟਰੀ ਦੇ ਆਕੂਪਾਇਰ ਅਤੇ ਮੈਨੇਜਰ ਹਨ ।

(ੲ) ਕਿਉਂ ਜੋ ਕੋਈ ਵੀ ਕਿਰਤੀ ਪ੍ਰਭਾਵਿਤ ਨਹੀਂ ਹੋਇਆ । ਇਸ ਲਈ ਕਿਸੇ ਕਿਰਤੀ ਨੂੰ ਮੁਆਵਜ਼ਾ ਦੇਣਾ ਨਹੀਂ ਬਣਦਾ ।

(ਸ) ਇਹ ਫੈਕਟਰੀ ਇਕ ਕੰਪਨੀ ਹੈ ਜਿਹੜੀ ਕਿ ਕੰਪਨੀ ਐਕਟ, 1956 ਹੇਠ ਇਨਕਾਰਪੋਰੇਟਿਡ ਹੈ । ਕੰਪਨੀ ਦਾ ਕੰਮ-ਕਾਜ ਚਲਾਉਣ ਲਈ ਤਿੰਨ ਡਾਇਰੈਕਟਰ ਹਨ ਜਿਨ੍ਹਾਂ ਦੇ ਨਾਂ ਅਤੇ ਪਤੇ ਇਸ ਪ੍ਰਕਾਰ ਹਨ :--

1. ਸ੍ਰੀ ਗੁਰਿੰਦਰਜੀਤ ਸਿੰਘ, ਮੈਨੇਜਿੰਗ ਡਾਇਰੈਕਟਰ, ਕੋਠੀ ਨੰ: 207, ਸੈਕਟਰ 16ਏ, ਚੰਡੀਗੜ੍ਹ ।

2. ਸ੍ਰੀ ਸੁਰਿੰਦਰਜੀਤ ਸਿੰਘ ਵਿਰਦੀ, ਡਾਇਰੈਕਟਰ, ਕੋਠੀ ਨੰ: 512, ਸੈਕਟਰ 16-ਏ, ਚੰਡੀਗੜ੍ਹ ।

3. ਸ੍ਰੀ ਤੀਰਥ ਸਿੰਘ ਸੋਬਤੀ, ਡਾਇਰੈਕਟਰ, ਸਦਰ ਬਜ਼ਾਰ ਨੇੜੇ ਪੋਸਟ ਆਫਿਸ, ਅੰਬਾਲਾ (ਹਰਿਆਣਾ)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਅਜੈਬ ਸਿੰਘ ਰੌਂਤਾ :** ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਵਿਚ ਦਸਿਆ ਹੈ ਕਿ ਇਸ ਦੁਰਘਟਨਾ ਵਿਚ ਕੋਈ ਵੀ ਮਜ਼ਦੂਰ ਪ੍ਰਭਾਵਿਤ ਨਹੀਂ ਹੋਇਆ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵਿਅਕਤੀ ਪ੍ਰਭਾਵਿਤ ਹੋਏ ਹਨ, ਕੀ ਉਹ ਸਾਧਾਰਨ ਲੋਕ ਹਨ ਔਰ ਕੀ ਉਨ੍ਹਾਂ ਨੂੰ ਮਾਲੀ ਸਹਾਇਤਾ ਦਿਤੀ ਗਈ ਹੈ ? ਦੂਜੀ ਗੱਲ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਫੈਕਟਰੀ ਦਾ ਆਕੂਪਾਇਰ ਅਤੇ ਮੈਨੇਜਰ ਇਸ ਦੇ ਜ਼ਿੰਮੇਵਾਰ ਹਨ ਅਤੇ ਉਨ੍ਹਾਂ ਦੇ ਵਿਰੁਧ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਤੱਕ ਉਨ੍ਹਾਂ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਕੀਤੀ ਗਈ ਔਰ ਕੀ ਹੁਣ ਟਾਈਮ ਬਾਊਂਡ ਕਰਕੇ ਉਨ੍ਹਾਂ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ?

**ਰਾਜ ਮੰਤਰੀ :** ਸਪੀਕਰ ਸਾਹਿਬ, 23 ਅਗਸਤ, 1994 ਨੂੰ ਰਾਜਪੁਰਾ ਵਿਖੇ ਕੇਸ ਦਾਇਰ ਕਰ ਦਿੱਤਾ ਗਿਆ ਹੈ । ਪਿੰਡ ਡਹਿਨ ਕਲਾਂ ਜਿਹੜਾ ਕਿ ਫੈਕਟਰੀ ਤੋਂ ਅੱਧਾ ਕਿਲੋਮੀਟਰ ਦੀ ਦੂਰੀ ਤੇ ਹੈ, ਉਥੇ ਉਸ ਵਕਤ ਕੋਈ ਸਤਿਸੰਗ ਚਲ ਰਿਹਾ ਸੀ । ਉਸ ਵੇਲੇ ਜਿਹੜੀ ਹਵਾ ਦੀ ਡਾਇਰੈਕਸ਼ਨ ਸੀ, ਉਹ ਉੱਤਰ ਤੋਂ ਪੱਛਮ ਵੱਲ ਸੀ ਜਿਸ ਕਰਕੇ ਸਤਿਸੰਗ ਵਾਲੇ ਅਤੇ ਪਿੰਡ ਦੇ ਲੋਕਾਂ ਤੇ ਇਸ ਗੈਸ ਦਾ ਅਸਰ ਹੋਇਆ । ਇਸ ਗੈਸ ਲੀਕੇਜ ਨਾਲ 80 ਵਿਅਕਤੀ ਪ੍ਰਭਾਵਿਤ ਹੋਏ ਸਨ ਜਿਨ੍ਹਾਂ ਵਿਚੋਂ 3 ਵਿਅਕਤੀ ਜ਼ਿਆਦਾ ਸੀਰੀਅਸ ਹੋ ਗਏ । ਉਨ੍ਹਾਂ ਨੂੰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਲਿਜਾਇਆ ਗਿਆ ਅਤੇ ਉਥੋਂ ਉਨ੍ਹਾਂ ਨੂੰ ਮਿਤੀ 21 ਜੂਨ, 1994 ਨੂੰ ਡਿਸਚਾਰਜ ਕਰ ਦਿੱਤਾ ਗਿਆ । ਮਿਤੀ 16 ਅਪ੍ਰੈਲ, 1994 ਨੂੰ ਓਰੀਐਂਟਲ ਇੰਸ਼ੋਰੈਂਸ ਕੰਪਨੀ ਕੋਲੋਂ ਫੈਕਟਰੀ ਨੇ 5 ਲੱਖ ਰੁਪਏ ਦੀ ਇੰਸ਼ੋਰੈਂਸ ਪਾਲਿਸੀ ਲਈ ਹੋਈ ਸੀ ਅਤੇ ਮੈਨੇਜਮੈਂਟ ਕਲੇਮ ਲੈਣ ਵਾਸਤੇ ਉਸ ਇੰਸ਼ੋਰੈਂਸ ਕੰਪਨੀ ਨਾਲ ਲਿਖਾ ਪੜ੍ਹੀ ਕਰ ਰਹੀ ਹੈ ।

## ਇਸਤਰੀਆਂ ਲਈ ਸਟੇਟ ਕਮਿਸ਼ਨ ਦਾ ਗਠਨ

*2075. (1) **ਸ਼੍ਰੀਮਤੀ ਵਿਮਲਾ ਡਾਂਗ**
(2) **ਕਾਮਰੇਡ ਅਜੈਬ ਸਿੰਘ ਰੌਂਤਾ** } : ਕੀ ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਦੇ ਰਾਜ ਮੰਤਰੀ ਕਿਰਪਾ ਕਰਕੇ

Original with;
Punjab Vidhan Sabha
Digitized by;
Panjab Digital Library

ਦੱਸਣਗੇ ਕਿ ਇਸਤਰੀਆਂ ਲਈ ਪੰਜਾਬ ਸਟੇਟ ਕਮਿਸ਼ਨ ਨੂੰ ਉਸਦੇ ਗਠਨ ਦੀ ਮਿਤੀ ਤੋਂ ਮਿਤੀ ਅੰਤ ਤੱਕ ਕਿੰਨੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਅਤੇ ਹਰ ਇਕ ਕੇਸ ਵਿਚ ਸ਼ਿਕਾਇਤ ਕਰਤਾਵਾਂ ਦੇ ਨਾਂ, ਸ਼ਿਕਾਇਤਾਂ ਦੇ ਪ੍ਰਾਪਤ ਹੋਣ ਦੀ ਮਿਤੀ, ਸ਼ਿਕਾਇਤ ਦੀ ਕਿਸਮ ਅਤੇ ਹਰ ਇਕ ਕੇਸ ਵਿਚ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਕੀ ਹਨ ?

**Chaudhary Jagjit Singh :** After the constitution of Punjab State Commission for women 9 complaints have been received till date and the necessary details are given at Annexure.

Original with;
Punjab Vidhan Sabha
Digitized by;
Panjab Digital Library

[Minister of State for Social Security and Women and Children Development]

## ANNEXURE 'A'

DETAIL OF COMPLAINTS RECEIVED BY PUNJAB STATE COMMISSION FOR WOMEN

| SR. No. | Receipt-Date of | Name of the complainant | Nature of complaint | Details of action taken |
|---|---|---|---|---|
| 1. | 22-4-1994 | Sh. S.K. Gupta and Mrs. Snah Gupta Civil Lines Ludhiana. | The complaint was made by the parents of the deceased named Smt. Bandna, wherein it was alleged that the in-laws burnt her alive. It was allegedly a dowry death. | The complaint was considered by the Commission and follow up action was taken asking the District Police Chief Ludhiana to take action against the alleged culprits and keep the Commission informed accordingly. The complainant party was assured to get justice. |
| 2. | 3-6-1994 | Smt. Amarjit Kaur c/o Major Paramjit Kaur, Adarsh Colony, Patiala. | The complainant has alleged that her husband Sh. Rupinder Singh s/o Sh. Mohinder Singh married her without divorcing his first wife. Later on she came to know about the alleged illegal/cheating | The concerned police authorities have been directed and re-commended to provide full protection and to take necessary police action against the defaulters. The complainant was also advised to appear before the police |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| | | | action of her husband resulting into broken marriage. She has requested to restore her property right and 'Istri Dhan' besides taking necessary legal action against her husband and in-laws. | authorities and to intimate the commission accordingly. |
| 3. | 7-6-1994 | 1. Mrs. Amarjit Kaur w/o S. Jagjit Singh, V. Duladi, Teh. Nabha, Distt. Patiala<br>2. Sh. Jagjit Singh s/o S. Sewa Singh, V. Duladi, Teh. Nabha, Distt. Patiala.<br>3. The complaint was strongly recommended and submitted by village Panchayat also. | The complaint was related to the criminally motivated misbehaviour of their daughter in-laws in connivance with her paramour. Further it had been alleged that the local police as well as District Women Cell was also harrassing the complainant party while appeal in the High Court against the judgement of the lower court which was in favour of the complainant party was pending. | The Chairperson of the Commission gave personal hearing to the complainant. Mrs. Amarjit Kaur at the spot who being old weak and handi-capped was not in a position to visit the Commission office. The complainant party and village Panchayat was assured not to be maltreated/harrassed by local police as well as Women Police Cell. The necessary direction in this regard were issued by the Commission to the concerned Police authorities abide law. |

Original with;
Punjab Vidhan Sabha
Digitized by:
Panjab Digital Library

| SR. No. | Receipt-Date of | Name of the complainant | Nature of complaint | Details of action taken |
|---|---|---|---|---|
| 4. | 13-7-1994 | Mrs. Balwinder Kaur W/o S. Gurjant Singh Police Head Constable V. Rurki Kalan, Teh. Malerkotla (now residing Azad Nagar Nandi Colony, Khanna). | The complaint of alleged atrocities against the complainant's in-laws family was made. Further the complainant requested for justice in the hands of concerned authorities. | Mrs. Balwinder Kaur, the complaint submitted in writing and appeared before the Chairperson of the Commission wherein it was alleged that her husband died under mysterious as well as suspicious circumstances as the couple had been victimised due to atrocities by the complainant's in-laws. After the death of Sh. Gurjant Singh the parents want to usurp the whole property rights. Further the complainant alleged that her in-laws were planning to liquidate her from the scene or involve her in the criminal case, putting the whole responsibility of the death of S. Gurjant Singh on her shoulders. Giving patient |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| | | | | hearing to the complainant, the concerned police authorities have been directed to ensure full protection and justice to the complainant and to get the case expedited so that tension of the complainant may be relieved and she may be in a position to get property rights from the family as well as financial service benefits from the Government after her husband's death. |
| 5. | 25-7-1994 | S. Gurcharan Singh President Tehsil Ravi Dass Sabha, Nabha. | A written complaint was lodged against the behaviour and conduct of Distt. Social Welfare Officer, Patiala in this regard a deputation also met the Chairperson of the Commission. | After making the enquiries and examining the matter on the spot the complaint was found to be based on mis-understanding and lack of communication between both the parties. During the discussion both the parties convinced by the Chairperson explaining the whole matter and the hurt |

Original with;
Punjab Vidhan Sabha
Digitized by;
Panjab Digital Library

[Minister of State for Social Security and Women and Children Development]

| SR. No. | Receipt-Date of | Name of the complainant | Nature of complaint | Details of action taken |
|---|---|---|---|---|
| | | | | feeling of the complainant party were fully pacified. Even after that the concerned officer was advised to be more conscious in future while dealing with the destitute, old and needy women. |
| 6. | 9-8-1994 | Smt. Kanchan Chopra w/o S. S.K. Chopra cutter Master, Tailoring Section Punjab Women and Child Development Corporation. | The complaint agree appeared before the Commission and submitted the complaint against the alleged mis-beviour and attrocities of her husband who under the influence of liquor always treats his wife and children cruely and harshly. Under the circumstances the complaint apprehence risk of life and insecure future of her Children | The alleged culprit S. S.K. Chopra had been summoned by the Commission through Executive Director PUNWAC to appear before the Chair-person. The enquiry is in progress and further action will follow. |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 7. | 26-7-1994 | Smt. Parkash Kaur Social Worker Mullanpur, District Ludhiana. | This complaint is against Shri Rupinderjit Singh Project Officer, PUNWAC, Ludhiana. It has been alleged that Project Officer has usurped stipend of ladies of PUNWAC centre at Mullanpur Dakha. The machinery of the Corporation has also been rented out with financial gains to the Project Officer. The jerseys provided to the Police Department are also not upto the mark. | The matter regarding excesses against women is under examination. |
| 8. | 26-7-1994 | S./Shri Panna Singh, Dhanna Singh, House No. 29/2, V.P.O. Gill, Ludhiana. | This complaint is against Shri Rupinderjit Singh, Project Officer,, PUNWAC, Ludhiana against his misbehaviour with Smt. Balbir Kaur, a helper in the Corporation. There are also charges of corruption and misuse of powers by the Project Officer. | --do-- |

Original with;
Punjab Vidhan Sabha
Digitized by;
Panjab Digital Library

| SR. No. | Receipt-Date of | Name of the complainant | Nature of complaint | Details of action taken |
|---|---|---|---|---|
**ਮੰਤਰੀ :** ਸਪੀਕਰ ਸਾਹਿਬ, ਅਸੀਂ ਇਕਨਾਮੀਕਲੀ ਵੀਕਰ ਸੈਕਸ਼ਨ ਵਾਸਤੇ ਵੀ ਮਕਾਨ ਬਣਾਉਂਦੇ ਹਾਂ ਜਿਨ੍ਹਾਂ ਨੂੰ ਈ.ਡਬਲਿਊ.ਐਸ.ਕਹਿੰਦੇ ਹਨ । ਐਲ. ਆਈ. ਜੀ. ਵੀ ਗਰੀਬਾਂ ਲਈ ਹੀ ਬਣਾਏ ਜਾਂਦੇ ਹਨ । ਜਿਹੜੇ ਇਕਨਾਮੀਕਲੀ ਵੀਕਰ ਸੈਕਸ਼ਨ ਹਨ, ਉਨ੍ਹਾਂ ਵਿੱਚ ਸਾਰੀਆਂ ਸ੍ਰੇਣੀਆਂ ਦੇ ਲੋਕ ਆਉਂਦੇ ਹਨ ਪਰ ਜ਼ਿਆਦਾਤਰ ਬੈਕਵਰਡ ਕਲਾਸ ਤੇ ਸ਼ਡਿਊਲਡ ਕਾਸਟ ਦੇ ਲੋਕ

Original with;
Punjab Vidhan Sabha
Digitized by;
Panjab Digital Library

ਹਨ ਔਰ ਉਨ੍ਹਾਂ ਨੂੰ ਅਸੀਂ ਕੈਟਾਗਰੀ ਵਾਈਜ਼ ਦੇਖ ਕੇ, ਉਨ੍ਹਾਂ ਦੀ ਇਨਕਮ ਦੇਖ ਕੇ ਉਸ ਦੇ ਮੁਤਾਬਿਕ ਅਲਾਟਮੈਂਟ ਕਰਦੇ ਹਾਂ ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਇਹ ਪਛੜੇ ਲੋਕ ਹਨ, ਉਨ੍ਹਾਂ ਦਾ ਇਕ ਨਿਸਚਿਤ ਕੋਟਾ ਰੱਖ ਲਿਆ ਜਾਵੇ ਕਿ ਕਿੰਨੀ ਪ੍ਰਸੈਂਟ ਆਕਸ਼ਨ ਇਹ ਕਰ ਸਕਦੇ ਹਨ । ਜਿਸ ਤਰ੍ਹਾਂ ਨਜ਼ੂਲ ਲੈਂਡ ਹੈ, ਪਿੰਡਾਂ ਦੀ ਜ਼ਮੀਨ ਹੈ, ਉਸ ਤੇ ਸ਼ਡਿਊਲਡ ਕਾਸਟ ਹੀ ਬੋਲੀ ਦੇ ਸਕਦੇ ਹਨ, ਇਸੇ ਤਰ੍ਹਾਂ ਮਕਾਨਾਂ ਉਤੇ ਵੀ ਸ਼ਡਿਊਲਡ ਕਾਸਟ ਹੀ ਬੋਲੀ ਦੇਣ ਤਾਂ ਕਿ ਜ਼ਿਆਦਾ ਪੈਸੇ ਵਾਲਿਆਂ ਦੇ ਨਾਲ ਇਨ੍ਹਾਂ ਦਾ ਕੰਪੀਟੀਸ਼ਨ ਨਾ ਹੋ ਸਕੇ ।

**ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਗਰੀਬਾਂ ਵਾਸਤੇ ਸਰਦਾਰ ਬੇਅੰਤ ਸਿੰਘ ਦੀ ਸਰਕਾਰ ਦਾ ਪ੍ਰੋਗਰਾਮ ਹੈ, ਇਹ ਬਹੁਤ ਹੀ ਵਧੀਆ ਅਤੇ ਅੱਛਾ ਪ੍ਰੋਗਰਾਮ ਹੈ, ਇਸ ਨੂੰ ਸਮਝਣ ਦੀ ਲੋੜ ਹੈ । ਅਸੀਂ ਤਾਂ ਐਡਵਰਟਾਈਜ਼ ਵੀ ਕੀਤਾ ਹੈ, ਅਖ਼ਬਾਰਾਂ ਵਿੱਚ ਵੀ ਦਿੱਤਾ ਹੈ । ਅਸੀਂ ਸੋਚਿਆ ਹੈ ਕਿ ਗਰੀਬ ਲੋਕ ਅਗਰ ਆਕਸ਼ਨ ਕਰਕੇ ਲੈਣਗੇ ਤਾਂ ਉਨ੍ਹਾਂ ਨਾਲ ਦੂਸਰੇ ਲੋਕ ਵੀ ਮਿਲ ਸਕਦੇ ਹਨ, ਇਸ ਲਈ ਉਨ੍ਹਾਂ ਵਾਸਤੇ ਆਕਸ਼ਨ ਸਿਸਟਮ ਨਹੀਂ ਕੀਤਾ । ਜਿਹੜੇ ਝੁੱਗੀ ਝੌਂਪੜੀ ਵਿੱਚ ਰਹਿ ਰਹੇ ਹਨ, ਜਿਨ੍ਹਾਂ ਕੋਲ ਮਕਾਨ ਨਹੀਂ ਹੈ, ਉਨ੍ਹਾਂ ਦੇ ਲਈ ਸਪੈਸ਼ੀਅਲੀ ਸਾਡੇ ਚੀਫ਼ ਮਨਿਸਟਰ ਸਾਹਿਬ ਨੇ ਅਨਾਊਂਸਮੈਂਟ ਕੀਤੀ ਹੈ ਕਿ ਪੰਜਾਬ ਵਿੱਚ ਝੁੱਗੀ ਝੌਂਪੜੀ ਵਾਲੇ ਨਹੀਂ ਰਹਿਣ ਦੇਣੇ । ਜਿਹੜੇ ਝੁੱਗੀ ਝੌਂਪੜੀ ਵਾਲੇ ਸ਼ਹਿਰਾਂ ਵਿੱਚ ਰਹਿ ਰਹੇ ਹਨ ਉਨ੍ਹਾਂ ਸਾਰਿਆਂ ਨੂੰ ਸਰਕਾਰ ਨੇ ਪੰਜ ਸਾਲਾਂ ਵਿੱਚ ਮਕਾਨ ਦੇਣ ਦਾ ਟੀਚਾ ਫਿਕਸ ਕੀਤਾ ਹੈ । (ਥੰਪਿੰਗ) ਇਤਨਾ ਵੱਡਾ ਸਰਕਾਰ ਦਾ ਪ੍ਰੋਗਰਾਮ ਹੈ ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਇਕਨਾਮੀਕਲੀ ਵੀਕਰ ਸੈਕਸ਼ਨ ਦੇ ਲੋਕਾਂ ਨੂੰ ਮਕਾਨ ਅਲਾਟ ਕਰਨੇ ਹਨ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਕਨਾਮੀਕਲੀ ਵੀਕਰ ਸੈਕਸ਼ਨ ਜਿਸ ਨੂੰ ਇਨ੍ਹਾਂ ਨੇ ਡਿਕਲੇਅਰ ਕੀਤਾ ਹੈ, ਉਸ ਦੇ ਲਈ ਸਰਕਾਰ ਨੇ ਕੀ ਹੱਦ ਰੱਖੀ ਹੈ ? ਉਨ੍ਹਾਂ ਦੇ ਲਈ ਸਰਕਾਰ ਨੇ ਕੀ ਨੀਤੀ ਨਿਰਧਾਰਤ ਕੀਤੀ ਹੈ ਕਿ ਇਹ ਵੀਕਰ ਸੈਕਸ਼ਨ ਹੈ ?

Original with;
Punjab Vidhan Sabha
Digitized by;
Panjab Digital Library

[ਸਰਦਾਰ ਅਵਤਾਰ ਸਿੰਘ ਕਰੀਮਪੁਰੀ]

ਦੂਸਰਾ, ਇਨ੍ਹਾਂ ਨੇ ਇਹ ਐਸ਼ੋਰੈਂਸ ਦਿੱਤੀ ਹੈ ਕਿ ਝੁੱਗੀ ਝੌਂਪੜੀ ਵਾਲੇ ਰਹਿਣ ਨਹੀਂ ਦੇਣੇ । ਕੀ ਉਨ੍ਹਾਂ ਵਿਚਾਰਿਆਂ ਨੂੰ ਮਾਰ ਦੇਣਾ ਹੈ ਜਾਂ ਮਕਾਨ ਬਣਾ ਕੇ ਦੇਣੇ ਹਨ ? ਲੁਧਿਆਣਾ ਅਤੇ ਹੋਰ ਵੱਡੇ ਵੱਡੇ ਸ਼ਹਿਰਾਂ ਵਿਚ ਝੁੱਗੀ ਝੌਂਪੜੀ ਵਾਲੇ ਬਹੁਤ ਸਾਰੇ ਲੋਕ ਰਹਿੰਦੇ ਹਨ । ਜੇ ਇਨ੍ਹਾਂ ਨੂੰ ਉਹ ਦਿਖਾਈ ਨਹੀਂ ਦਿੰਦੇ ਤਾਂ ਇਨ੍ਹਾਂ ਨੂੰ ਅਸੀਂ ਦੱਸ ਦਿੰਦੇ ਹਾਂ ।

**ਸ਼੍ਰੀ ਸਪੀਕਰ :** ਵਜ਼ੀਰ ਸਾਹਿਬ, ਤੁਸੀਂ ਪਹਿਲੇ ਸਵਾਲ ਦਾ ਜਵਾਬ ਦਿਓ ।

**ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜਿਸ ਦੀ ਇਨਕਮ 1250/- ਰੁਪਏ ਤਕ ਹੈ, ਉਸ ਨੂੰ ਇਕਨਾਮੀਕਲੀ ਵੀਕਰ ਸੈਕਸ਼ਨ ਸਮਝਿਆ ਜਾਵੇਗਾ ਅਤੇ ਉਨ੍ਹਾਂ ਨੂੰ ਸਰਕਾਰ ਨੇ ਮਕਾਨ ਬਣਾ ਕੇ ਦੇਣੇ ਹਨ । ਸਰਕਾਰ ਨੇ ਜਿਹੜਾ ਮਕਾਨ ਇਕਨਾਮੀਕਲ ਵੀਕਰ ਸੈਕਸ਼ਨ ਨੂੰ ਦੇਣਾ ਹੈ ਉਸ ਦੀ ਇਸ ਸਮੇਂ ਬਜ਼ਾਰ ਵਿਚ ਕੀਮਤ ਇਕ ਲੱਖ ਰੁਪਏ ਹੈ ਪਰ ਉਸ ਕੋਲੋਂ ਇਸ ਦੇ ਕੇਵਲ 30,000/- ਰੁਪਏ ਲੈਣੇ ਹਨ । ਇਹ ਰੁਪਿਆ ਉਨ੍ਹਾਂ ਨੇ 20 ਸਾਲਾਂ ਵਿਚ ਕਿਸ਼ਤਾਂ ਵਿੱਚ ਦੇਣਾ ਹੈ ਅਤੇ ਇਕ ਕਿਸ਼ਤ ਤਕਰੀਬਨ 300/- ਰੁਪਏ ਦੀ ਹੈ। 3,000 ਰੁਪਿਆ ਉਨ੍ਹਾਂ ਨੇ ਪਹਿਲਾਂ ਦੇਣਾ ਹੈ ਜਿਹੜਾ ਕਿ 30,000 ਰੁਪਏ ਦਾ 10% ਹੈ । ਲੁਧਿਆਣੇ ਦੇ ਵਿੱਚ ਵੀ ਅਸੀਂ ਮਕਾਨ ਬਣਾਏ ਹਨ ਅਤੇ ਥੋੜ੍ਹੇ ਹੀ ਦਿਨਾਂ ਵਿੱਚ ਚੀਫ਼ ਮਨਿਸਟਰ ਸਾਹਿਬ ਉਨ੍ਹਾਂ ਦਾ ਉਦਘਾਟਨ ਕਰਨਗੇ । ਉਥੇ ਤਿੰਨ ਹਜ਼ਾਰ ਮਕਾਨ ਬਣਾਇਆ ਹੈ । ਟੋਟਲ 4000 ਦੇ ਕਰੀਬ ਉਥੇ ਗਰੀਬ ਹਨ । ਜਿਥੇ ਵੀ ਅਸੀਂ ਇਹ ਸਕੀਮ ਬਣਾਉਂਦੇ ਹਾਂ, ਉਥੇ ਅਸੀਂ ਸਰਵੇ ਕਰਵਾਉਂਦੇ ਹਾਂ ਕਿ ਕਿੰਨੇ ਗਰੀਬ ਹਨ । ਉਸ ਦੇ ਮੁਤਾਬਿਕ ਸਕੀਮ ਬਣਾਈ ਜਾਂਦੀ ਹੈ ।

**ਸਰਦਾਰ ਨਿਰਮਲ ਸਿੰਘ ਨਿੰਮਾ :** ਮਾਣਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਝੁੱਗੀ ਝੌਂਪੜੀ ਵਾਲਿਆਂ ਨੂੰ ਮਕਾਨ ਅਲਾਟ ਕਰਕੇ ਦੇਣੇ ਹਨ । ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿੱਚ ਸੈਸ਼ਨ ਦੇ ਦੌਰਾਨ ਫੇਸ-11, ਮੁਹਾਲੀ ਵਿਚ ਝੁੱਗੀਆਂ ਝੌਂਪੜੀਆਂ ਨੂੰ ਜੋ ਅੱਗ ਲਗ ਗਈ ਸੀ, ਕੀ ਉਨ੍ਹਾਂ ਨੂੰ ਕੋਈ ਸਪੈਸ਼ਲੀ ਯੋਗ ਪ੍ਰਬੰਧ ਕਰਕੇ ਰਾਹਤ ਦੇਣ ਦਾ ਕੋਈ ਪ੍ਰਬੰਧ ਕੀਤਾ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਬੜੀ ਡੀਟੇਲ ਵਿਚ ਦੱਸ ਚੁੱਕਾ ਹਾਂ ਕਿ ਉਹ' ਗਰੀਬ ਜਿਸ ਦੀ 1250/- ਰੁਪਏ ਤੋਂ ਘੱਟ ਇਨਕਮ ਹੈ, ਉਸ ਨੂੰ ਮਕਾਨ ਬਣਾ ਕੇ ਦੇਣਾ ਹੈ। ਉਸ ਦੇ ਬਾਅਦ ਐਲ. ਆਈ. ਜੀ. ਦੀ ਸਕੀਮ ਹੈ ਜਿਸ ਵਿੱਚ 1251/- ਰੁਪਏ ਤੋਂ ਲੈ ਕੇ 2050/- ਰੁਪਏ ਤਕ ਦੀ ਇਨਕਮ ਆਉਂਦੀ ਹੈ। ਸਾਰਾ ਗਰੀਬਾਂ ਵਾਸਤੇ ਹੀ ਪ੍ਰੋਗਰਾਮ ਹੈ।

**ਸ਼੍ਰੀ ਸਪੀਕਰ :** ਉਨ੍ਹਾਂ ਨੇ ਮੁਹਾਲੀ ਬਾਰੇ ਪੁੱਛਿਆ ਹੈ।

**ਮੰਤਰੀ :** ਸਪੀਕਰ ਸਾਹਿਬ, ਮੁਹਾਲੀ ਬਾਰੇ ਸੈਪਰੇਟ ਕੁਐਸਚਨ ਕਰ ਦੇਣ, ਮੈਂ ਜਵਾਬ ਦੇ ਦੇਵਾਂਗਾ।

**ਸਰਦਾਰ ਰਣਜੀਤ ਸਿੰਘ ਛੱਜਲਵੱਡੀ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਤੁਹਾਡੇ ਜ਼ਾਰੀਂ ਪੁੱਛਣਾ ਚਾਹੁੰਦਾਂ ਹਾਂ ਕਿ ਮੈਂ ਸਵਾਲ ਦੇ ਭਾਗ 'ਅ' ਵਿਚ ਪੁੱਛਿਆ ਸੀ ਕਿ ਇਨ੍ਹਾਂ ਮਕਾਨਾਂ ਨੂੰ ਅਲਾਟ ਕਰਨ ਲਈ ਕੀ ਸ਼ਰਤਾਂ ਹਨ ? ਕਿਸ ਤਰ੍ਹਾਂ ਆਈਡੈਂਟੀਫਾਈ ਕਰਦੇ ਹਨ ਕਿ ਇਹ ਵਾਕਈ ਗਰੀਬ ਹੈ, ਉਸ ਨੂੰ ਮਕਾਨ ਅਲਾਟ ਕਰਨ ਲਈ ਕੀ ਸ਼ਰਤਾਂ ਹਨ ?

**ਸ਼੍ਰੀ ਸਪੀਕਰ :** ਇਹ ਤਾਂ ਉਨ੍ਹਾਂ ਨੇ ਪਹਿਲਾਂ ਹੀ ਦੱਸ ਦਿੱਤਾ ਹੈ ਕਿ 1250/- ਰੁਪਏ ਜਿਸ ਦੀ ਆਮਦਨ ਹੈ, ਉਹ ਗਰੀਬ ਸਮਝਿਆ ਜਾਂਦਾ ਹੈ।

---

**ਮੈਡੀਕਲ ਕਾਲਜਾਂ ਦੇ ਅਧਿਕਾਰੀਆਂ ਦੀ ਖ਼ਰਚਾ ਕਰਨ ਦੀ ਸੀਮਾਂ**

***2117. ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ :** ਕੀ ਡਾਕਟਰੀ ਸਿਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਮੈਡੀਕਲ ਕਾਲਜਾਂ ਦੇ ਪ੍ਰਿੰਸੀਪਲਾਂ, ਹੈਡ ਆਫ਼ ਡਿਪਾਰਟਮੈਂਟਸ ਅਤੇ ਹੋਸਟਲ ਸੁਪਰਡੈਂਟਾਂ ਨੂੰ ਸਰਕਾਰੀ ਕੰਮਾਂ ਦੇ ਖ਼ਰਚ ਕਰਨ ਦੀ ਵੱਖੋ ਵੱਖਰੀ ਸੀਮਾਂ ਕੀ ਹੈ ?

**Shri Brahm Mohindera :** Principal of Government Medical College and Medical Superintendents of Hospital attached with these Medical colleges are Head of office and as such are enjoying the Financial Powers as prescribed in the Rule 19.6 of PFR Vol.-I.

2. Besides above Principals have been declared as Controlling Officer of the Hospitals attached with

Original with;
Punjab Vidhan Sabha
Digitized by;
Panjab Digital Library

[Minister for Medical Education and Research]

the Colleges under Sr. No. I of Rule 19.6 of PFR Vol-I only such contingent/purchase expenditure pertaining to Hospitals can be sanctioned by Principal upto Rs. 20,000/- per item per annum.

3. In addition to above, the District Purchase Committee have been empowered to incur expenditure (Both for Colleges & Hospitals) upto Rs. 1 lac per item per annum. The Chairman of this Committee is Principal of the concerned Medical College.

Head of Departments and Hostel Superintendents are working under the Principals of Medical Colleges and have no financial powers.

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਦੇ ਚੌਥੇ ਭਾਗ ਵਿਚ ਦੱਸਿਆ ਹੈ ਕਿ ਹੈਡ ਆਫ਼ ਦੀ ਡਿਪਾਰਟਮੈਂਟ ਅਤੇ ਹੋਸਟਲ ਸੁਪਰਡੰਟ ਨੂੰ ਕੋਈ ਵਿਤੀ ਪਾਵਰ ਨਹੀਂ ਹੈ । ਜੇ ਉਨ੍ਹਾਂ ਨੂੰ ਕੋਈ ਲੋੜ ਪੈ ਜਾਵੇ ਤਾਂ ਕੋਈ ਪੈਸਾ ਉਹ ਖ਼ਰਚ ਨਹੀਂ ਸਕਦੇ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਉਨ੍ਹਾਂ ਨੂੰ ਕੋਈ ਵਿੱਤੀ ਅਧਿਕਾਰ ਦੇਣ ਦਾ ਵਿਚਾਰ ਰੱਖਦੀ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਹੈ ਕਿ ਹੈਡ ਆਫ਼ ਦੀ ਡਿਪਾਰਟਮੈਂਟ ਅਤੇ ਹੋਸਟਲ ਸੁਪਰਡੰਟ ਕੋਲ ਵਿੱਤੀ ਪਾਵਰ ਨਹੀਂ ਹੈ ਪਰ ਜਿਹੜਾ ਪ੍ਰਿੰਸੀਪਲ ਹੈ, ਉਸ ਨੂੰ ਵਿੱਤੀ ਅਧਿਕਾਰ ਮਿਲੇ ਹਨ । ਜੇ ਲੋੜ ਪੈ ਜਾਵੇ ਤਾਂ ਉਹ ਫੰਡਜ਼ ਅਵੇਲੇਬਲ ਕਰਵਾ ਸਕਦਾ ਹੈ । ਹੈਡੱਜ਼ ਆਫ ਡਿਪਾਰਟਮੈਂਟ ਲੋੜ ਪੈਣ ਤੇ ਰਿਕੁਮੈਂਡ ਕਰਕੇ ਕੇਸ ਭੇਜ ਸਕਦੇ ਹਨ ਔਰ ਉਹ ਪ੍ਰਿੰਸੀਪਲ ਪੂਰੇ ਫੰਡ ਮੁਹੱਈਆ ਕਰੇਗਾ ।

ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ : ਸਪੀਕਰ ਸਾਹਿਬ, ਹਸਪਤਾਲ ਵਿਚ ਜਿਹੜਾ ਪੂਰੇ ਡਿਪਾਰਟਮੈਂਟ ਦਾ ਹੈਡੱ ਹੈ, ਉਸ ਨੂੰ ਕੋਈ ਵਿੱਤੀ ਅਧਿਕਾਰ ਨਹੀਂ ਹਨ ਪਰ ਜਿਹੜਾ ਇਕ ਸਕੂਲ ਦਾ ਹੈਡ ਮਾਸਟਰ ਹੈ, ਉਸ ਨੂੰ ਵਿੱਤੀ ਅਧਿਕਾਰ ਦਿੱਤੇ ਹੋਏ ਹਨ । ਜੇ ਕੋਈ ਐਮਰਜੈਂਸੀ ਵਿਚ ਮਸ਼ੀਨ ਵਗੈਰਾ ਠੀਕ ਕਰਾਉਣੀ ਪੈ ਜਾਵੇ ਤਾਂ ਉਹ ਠੀਕ ਨਹੀਂ ਕਰਵਾ ਸਕਦਾ । ਮੈਂ ਦੱਸਣਾ ਚਾਹੁੰਦਾ ਹਾਂ

Original with;
Punjab Vidhan Sabha
Digitized by;
Panjab Digital Library

ਕਿ ਪਿਛੇ ਜਦੋਂ ਸ਼੍ਰੀ ਫਕੀਰ ਚੰਦ ਸ਼ਰਮਾ ਜੀ ਦੀ ਮਿਸਿਜ਼ ਬਿਮਾਰ ਹੋ ਗਈ ਸੀ ਤਾਂ ਹਸਪਤਾਲ ਵਿਚ ਈ. ਸੀ. ਜੀ. ਦੀ ਮਸ਼ੀਨ ਖਰਾਬ ਹੋ ਗਈ ਸੀ । ਹੈਡੱ ਆਫ ਦੀ ਡਿਪਾਰਟਮੈਂਟ ਨੂੰ ਪੁੱਛਣ ਤੇ ਪਤਾ ਲਗਿਆ ਕਿ ਇਸ ਤੇ ਸਿਰਫ 200-300 ਰੁਪਏ ਦਾ ਹੀ ਖਰਚ ਹੈ ਪਰ ਉਸ ਕੋਲ ਇਹ ਅਧਿਕਾਰ ਨਹੀਂ ਹੈ । ਇਸ ਮਸ਼ੀਨ ਨੂੰ ਠੀਕ ਕਰਾਉਣ ਲਈ ਪਹਿਲੇ ਰੋਪੜ ਭੇਜਿਆ ਜਾਵੇਗਾ, ਉਥੋਂ ਐਸਟੀਮੇਟ ਬਣ ਕੇ ਆਏਗਾ ਅਤੇ ਫਿਰ ਡੀ. ਆਰ. ਐਮ. ਆਈ. ਨੂੰ ਲਿਖਾਂਗੇ ਤਾਂ ਜਾਕੇ ਇਹ ਮਸ਼ੀਨ ਠੀਕ ਹੋਵੇਗੀ । ਮੈਂ ਸਮਝਦਾ ਹਾਂ ਕਿ ਅਜਿਹੇ ਹਾਲਾਤ ਵਿਚ ਮਰੀਜ਼ ਦੇ ਬਚਣ ਦੀ ਕੋਈ ਆਸ ਰਹਿ ਨਹੀਂ ਸਕਦੀ ।

**ਸ਼੍ਰੀ ਸਪੀਕਰ :** ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਹੈਡੱ ਆਫ਼ ਦੀ ਡਿਪਾਰਟਮੈਂਟ ਕੋਲ ਪਾਵਰ ਨਹੀਂ ਹੈ । ਜੇ ਤੁਸੀਂ ਉਸ ਸਬੰਧ ਵਿਚ ਕੋਈ ਰਿਕੁਐਸਟ ਕਰਨੀ ਹੈ ਤਾਂ ਲਿਖ ਕੇ ਕਰ ਦੇਣਾ, ਉਹ ਵਿਚਾਰ ਲੈਣਗੇ ।

**ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ :** ਮੈਂ ਪੁੱਛਿਆ ਹੈ ਕਿ ਕੀ ਕੋਈ ਵਿੱਤੀ ਅਧਿਕਾਰ ਦੇਣ ਦਾ ਵਿਚਾਰ ਹੈ ?

**ਸ਼੍ਰੀ ਸਪੀਕਰ :** ਉਨ੍ਹਾਂ ਨੇ ਕਿਹਾ ਹੈ ਕਿ ਕੋਈ ਵਿਚਾਰ ਨਹੀਂ ਹੈ ।

**ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ :** ਅੱਛਾ ਜੀ । (ਹਾਸਾ) ਮੈਂ ਅਗਲੀ ਸਪਲੀਮੈਂਟਰੀ ਇਹ ਕਰਨੀ ਹੈ ਕਿ ਜੇ ਕੋਈ ਮਸ਼ੀਨ ਕਿਸੇ ਹਸਪਤਾਲ ਵਿਚ ਖਰਾਬ ਹੋ ਜਾਂਦੀ ਹੈ ਤਾਂ ਕੀ ਉਸ ਨੂੰ ਲੋਕਲੀ ਠੀਕ ਕਰਾਉਣ ਲਈ ਕੋਈ ਪ੍ਰਬੰਧ ਕੀਤਾ ਜਾ ਸਕਦਾ ਹੈ ? ਕੀ ਇਸ ਵਾਸਤੇ ਕਿਸੇ ਨੂੰ ਕੋਈ ਅਧਿਕਾਰ ਹੈ ?

**ਮੰਤਰੀ :** ਸਪੀਕਰ ਸਾਹਿਬ, ਜਿਹੜੀਆਂ ਹਸਪਤਾਲਾਂ ਵਿਚ ਮਸ਼ੀਨਾਂ ਲੱਗੀਆਂ ਹਨ, ਉਹ ਬੜੀਆਂ ਸੋਫਿਸਟੀਕੇਟਿਡ ਮਸ਼ੀਨਾਂ ਲੱਗੀਆਂ ਹੋਈਆਂ ਹਨ । ਉਹ ਦੋ ਜਗ੍ਹਾ ਤੋਂ ਹੀ ਠੀਕ ਕਰਵਾਈਆਂ ਜਾ ਸਕਦੀਆਂ ਹਨ । ਪਰ ਇਹ ਜਿਹੜਾ ਕੇਸ ਅੱਜ ਮੇਰੇ ਨੋਟਿਸ ਵਿਚ ਲੈ ਕੇ ਆਏ ਹਨ ਕਿ 200-300 ਰੁਪਏ ਵਾਸਤੇ ਮਸ਼ੀਨ ਖਰਾਬ ਪਈ ਰਹੇ, ਐਸੀ ਗੱਲ ਹੋ ਨਹੀਂ ਸਕਦੀ । ਜੇ ਇਹ ਲਿਖ ਕੇ ਦੇਣ ਤਾਂ ਅਸੀਂ ਪਤਾ ਕਰਵਾ ਲਵਾਂਗੇ ਪਰ ਪ੍ਰਿੰਸੀਪਲ ਦੀ ਡਿਸਪੋਜ਼ਲ ਤੇ ਵੀਹ ਹਜ਼ਾਰ ਰੁਪਿਆ ਇਸ ਵਾਸਤੇ ਰੱਖਿਆ ਹੁੰਦਾ ਹੈ । ਹੁਣ ਮੈਂ ਹਾਊਸ ਦੇ ਨੋਟਿਸ ਵਿਚ ਇਹ ਲਿਆਉਣਾ ਚਾਹੁੰਦਾ ਹਾਂ ਕਿ ਇਹ ਮਸ਼ੀਨਾਂ ਠੀਕ ਕਰਨ ਲਈ ਇਕ

Original with;
Punjab Vidhan Sabha
Digitized by;
Panjab Digital Library

[ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ]

ਇੰਜੀਨੀਅਰਿੰਗ ਸੈੱਲ ਤਿਆਰ ਕਰ ਰਹੇ ਹਾਂ ਜੋ ਉਥੇ ਜਾ ਕੇ ਹੀ ਮਸ਼ੀਨਾਂ ਵੇਖੇਗਾ ਔਰ ਠੀਕ ਕਰਦਾ ਰਹੇਗਾ ।

ਸਰਦਾਰ ਅਵਤਾਰ ਸਿੰਘ ਕਰੀਮਪੁਰੀ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਪ੍ਰਿੰਸੀਪਲ ਵੀਹ ਹਜ਼ਾਰ ਰੁਪਏ ਤਕ ਖ਼ਰਚਣ ਲਈ ਆਥੋਰਾਈਜ਼ਡ ਹੈ । ਇਹ ਲਿਮਟ ਕਦੋਂ ਤੋਂ ਨਿਰਧਾਰਤ ਕੀਤੀ ਗਈ ਹੈ ਅਤੇ ਕੀ ਇਹ ਲੋੜ ਮੁਤਾਬਿਕ ਠੀਕ ਹੈ ਜਾਂ ਇਸ ਦੇ ਵਿਚ ਵਾਧਾ ਕਰਨਾ ਚਾਹੀਦਾ ਹੈ ?

ਮੰਤਰੀ : ਸਪੀਕਰ ਸਾਹਿਬ, ਇਸ ਦੇ ਵਿਚ ਇਕ ਲੱਖ ਰੁਪਏ ਦੀ ਪਰਚੇਜ਼ ਕਰਨ ਦੀ ਪਾਵਰ ਡਿਸਟ੍ਰਿਕਟ ਪਰਚੇਜ਼ ਕਮੇਟੀ ਕੋਲ ਹੈ ਅਤੇ ਕਮੇਟੀ ਦਾ ਹੈੱਡ ਕਨਸਰਨਡ ਪ੍ਰਿੰਸੀਪਲ ਨੂੰ 20 ਹਜ਼ਾਰ ਰੁਪਏ ਤੋਂ ਵੱਧ ਪਰਚੇਜ਼ ਕਰਨ ਦੀ ਇਜਾਜ਼ਤ ਦੇ ਸਕਦਾ ਹੈ । ਮੈਡੀਕਲ ਏਡ ਅਧੀਨ/ਮਰੀਜ਼ਾਂ ਦੀ ਕੇਅਰ ਕਰਨ ਲਈ ਵੱਧ ਫੰਡਜ਼ ਦੇਣ ਵਿਚ ਕੋਈ ਬੰਦਸ਼ ਨਹੀਂ ਹੈ ।

## ਪੀ.ਟੀ.ਆਈਜ਼ ਦੀਆਂ ਖਾਲੀ ਅਸਾਮੀਆਂ

*2118. ਸਰਦਾਰ ਸਾਧ ਸਿੰਘ : ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜ਼ਿਲ੍ਹਾ ਫਤਿਹਗੜ੍ਹ ਸਾਹਿਬ ਅਤੇ ਜ਼ਿਲ੍ਹਾ ਰੋਪੜ ਵਿੱਚ ਅਜਿਹੇ ਕੁੱਲ ਕਿਤਨੇ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਹਨ ਜਿਨ੍ਹਾਂ ਵਿਚ ਸਰੀਰਕ ਸਿਖਿਆ ਅਧਿਆਪਕਾਂ (ਪੀ.ਟੀ.ਆਈਜ਼) ਦੀਆਂ ਅਸਾਮੀਆਂ ਖਾਲੀ ਪਈਆਂ ਹਨ ;

(ਅ) ਉਕਤ ਖਾਲੀ ਅਸਾਮੀਆਂ ਨੂੰ ਪੂਰਾ ਕਰਨ ਲਈ ਸਰਕਾਰ ਵਲੋਂ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ ?

ਸਰਦਾਰ ਹਰਨੇਕ ਸਿੰਘ ਘੜੂੰਆਂ : (ੳ) ਫਤਿਹਗੜ੍ਹ ਸਾਹਿਬ ਅਤੇ ਰੋਪੜ ਜ਼ਿਲ੍ਹਿਆਂ ਵਿਚ ਲੜੀ ਵਾਰ ਤੌਰ ਤੇ ਮਿਡਲ, ਹਾਈ ਅਤੇ ਸੀਨੀਅਰ

Original with;
Punjab Vidhan Sabha
Digitized by;
Panjab Digital Library

ਸੈਕੰਡਰੀ ਸਕੂਲਾਂ ਵਿਚ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :--

(i) ਫਤਿਹਗੜ੍ਹ ਸਾਹਿਬ 9 (ਸਰਕਾਰੀ ਸੀਨੀਅਰ ਸੈਕੰਡਰੀ ਸਕੂਲ-ਨਿਲ, ਸਰਕਾਰੀ ਹਾਈ ਸਕੂਲ-2 ਅਤੇ ਸਰਕਾਰੀ ਮਿਡਲ ਸਕੂਲ-7)

(ii) ਰੋਪੜ 13 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ-1, ਸਰਕਾਰੀ ਹਾਈ ਸਕੂਲ-3 ਅਤੇ ਸਰਕਾਰੀ ਮਿਡਲ ਸਕੂਲ-9)

(ਅ) ਵਿਭਾਗੀ ਚੋਣ ਕਮੇਟੀ ਨੇ ਉਹਨਾਂ ਪੋਸਟਾਂ ਵਾਸਤੇ ਚੋਣ ਕਰ ਲਈ ਹੈ ਅਤੇ ਨਿਯੁਕਤੀਆਂ ਜਲਦੀ ਹੀ ਕੀਤੀਆਂ ਜਾ ਰਹੀਆਂ ਹਨ ।

**ਸਰਦਾਰ ਸਾਧੂ ਸਿੰਘ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੋਸਟਾਂ ਕਿੰਨੀ ਤਾਰੀਖ ਤੱਕ ਭਰ ਦਿੱਤੀਆਂ ਜਾਣਗੀਆਂ ।

**ਮੰਤਰੀ :** ਸਪੀਕਰ ਸਾਹਿਬ, ਇਹ 2 ਹਫਤਿਆਂ ਦੇ ਵਿਚ ਪੋਸਟਾਂ ਭਰ ਦਿੱਤੀਆਂ ਜਾਣਗੀਆਂ ।

**ਸ਼੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਵਿਚ ਕਿਹਾ ਹੈ ਕਿ ਇਹ ਪੋਸਟਾਂ 2 ਹਫਤਿਆਂ ਦੇ ਵਿਚ ਭਰ ਦਿੱਤੀਆਂ ਜਾਣਗੀਆਂ । ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਪੋਸਟਾਂ ਦੇ ਲਈ ਇੰਟਰਵਿਊ ਕਦੋਂ ਹੋਈ ਸੀ ਅਤੇ ਬਾਕੀ ਦੀਆਂ ਰਹਿੰਦੀਆਂ ਪੋਸਟਾਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ ਜਾਂ ਇਹ ਇਕੱਠੀਆਂ ਹੀ ਭਰੀਆਂ ਜਾਣਗੀਆਂ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦੇ ਲਈ 1992 ਵਿਚ ਕਮੇਟੀ ਬਣੀ ਸੀ ਅਤੇ ਉਸ ਸਿਲੈਕਸ਼ਨ ਕਮੇਟੀ ਨੇ ਇਹ ਚੋਣ ਕੀਤੀ ਹੈ । ਪਹਿਲੇਂ ਜਿਹੜੀਆਂ ਪੋਸਟਾਂ ਖਾਲੀ ਸਨ, ਉਹ ਸੱਭ ਸਨ [illegible] ਇਕ [illegible] ਸਕੂਲ ਵਿਚ ਸਿਰਫ

Original with;
Punjab Vidhan Sabha
Digitized by;
Panjab Digital Library

[ ਸਿੱਖਿਆ ਅਤੇ ਭਾਸ਼ਾ ਮੰਤਰੀ ]

ਵਿਚ ਅਪਗਰੇਡ ਹੋ ਗਏ ਅਤੇ ਨਵੀਆਂ ਪੋਸਟਾਂ ਕਰੀਏਟ ਹੋ ਗਈਆਂ । ਇਸ ਦੇ ਮੁਤਾਬਿਕ ਪੋਸਟਾਂ ਦੀ ਪੂਰੀ ਗਿਣਤੀ ਦੇਵਾਂਗੇ ਅਤੇ ਇਹ ਜਲਦੀ ਹੀ ਭਰ ਦਿੱਤੀਆਂ ਜਾਣਗੀਆਂ ।

**ਸ਼੍ਰੀ ਮਦਨ ਮੋਹਨ ਮਿੱਤਲ :** ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 1992 ਵਿਚ ਇੰਟਰਵਿਊ ਹੋਈ ਸੀ ਅਤੇ ਉਹ ਪੋਸਟਾਂ ਭਰੀਆਂ ਜਾਣਗੀਆਂ ਪਰ ਜਿਹੜੇ ਸਕੂਲ ਰੋਪੜ ਜ਼ਿਲ੍ਹੇ ਵਿਚ ਅਪਗਰੇਡ ਕੀਤੇ ਗਏ ਹਨ, ਹੁਣ ਉਨ੍ਹਾਂ ਦੀਆਂ 13 ਪੋਸਟਾਂ ਬਣਦੀਆਂ ਹਨ । ਕੀ ਦੂਸਰੀਆਂ ਪੋਸਟਾਂ ਭਰਨ ਵੇਲੇ ਇਹ ਵੀ ਭਰੀਆਂ ਜਾਣਗੀਆਂ ?

**ਮੰਤਰੀ :** ਸਪੀਕਰ ਸਾਹਿਬ, ਰੋਪੜ ਜ਼ਿਲ੍ਹੇ ਦੇ ਵਿਚ ਪਹਿਲੇ 3 ਪੋਸਟਾਂ ਸਨ ਅਤੇ 10 ਨਵੀਆਂ ਪੋਸਟਾਂ ਕਰੀਏਟ ਹੋਈਆਂ ਹਨ । ਇਹ 13 ਪੋਸਟਾਂ ਭਰੀਆਂ ਜਾਣਗੀਆਂ ।

**ਸਰਦਾਰ ਨਿਰਮਲ ਸਿੰਘ ਨਿੰਮਾ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਇਹ ਵਿਭਾਗੀ ਚੋਣ ਕਮੇਟੀ 1992 ਵਿਚ ਬਣੀ ਸੀ ਅਤੇ ਇਨ੍ਹਾਂ ਪੋਸਟਾਂ ਦੀ ਚੋਣ ਉਸ ਵਿਭਾਗੀ ਚੋਣ ਕਮੇਟੀ ਨੇ ਕੀਤੀ ਹੈ । ਕੀ ਸਰਕਾਰ 1992 ਤੋਂ ਬਾਅਦ ਪੀ. ਟੀ. ਆਈ. ਟੀਚਰਜ਼ ਦੀਆਂ ਹੋਰ ਪੋਸਟਾਂ ਕਰੀਏਟ ਕਰਨ ਦਾ ਵਿਚਾਰ ਰੱਖਦੀ ਹੈ ?

**ਮੰਤਰੀ :** ਸਪੀਕਰ ਸਾਹਿਬ, ਨਹੀਂ ਜੀ ।

**ਸਰਦਾਰ ਅਵਤਾਰ ਸਿੰਘ ਕਰੀਮਪੁਰੀ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਭਾਗੀ ਚੋਣ ਕਮੇਟੀ ਨੇ ਹੁਣ ਤੱਕ ਕਿੰਨੇ ਟੀਚਰਜ਼ ਦੀ ਚੋਣ ਕੀਤੀ ਹੈ । ਇਸ ਦਾ ਵੇਰਵਾ ਦਿੱਤਾ ਜਾਵੇ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਨਵਾਂ ਸਵਾਲ ਕਰ ਦਿੱਤਾ ਹੈ ਅਤੇ ਇਹ ਕਾਫੀ ਲੰਮੀ ਇਨਫਰਮੇਸ਼ਨ ਹੈ । ਹਰ ਸਬਜੈਕਟਸ ਦੀ ਵੱਖਰੀ ਇਨਫਰਮੇਸ਼ਨ ਹੈ । ਇਹ ਵਖੱਰਾ ਨੋਟਿਸ ਦੇ ਦੇਣ, ਅਸੀਂ ਇਨ੍ਹਾਂ ਨੂੰ ਪੂਰੀ ਇਨਫਰਮੇਸ਼ਨ ਦੇ ਦੇਵਾਂਗੇ ।

---

Original with;
Punjab Vidhan Sabha
Digitized by;
Panjab Digital Library

## ਪ੍ਰਾਇਮਰੀ ਸਕੂਲਾਂ ਵਿਚ ਸਰੀਰਕ ਸਿਖਿਆ ਦਾ ਵਿਸ਼ਾ ਲਾਗੂ ਕਰਨਾ

*2119. **ਸਰਦਾਰ ਸਾਧੂ ਸਿੰਘ :** ਕੀ ਸਿੱਖਿਆ ਅਤੇ ਭਾਸ਼ਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਬੱਚਿਆਂ ਦੀ ਸਿਹਤ ਦੀ ਸੰਭਾਲ ਅਤੇ ਖੇਡਾਂ ਦਾ ਮਿਆਰ ਮੁੱਢ ਤੋਂ ਹੀ ਉਚਾ ਚੁੱਕਣ ਲਈ ਸਰੀਰਿਕ ਸਿਖਿਆ ਦਾ ਵਿਸ਼ਾ ਪ੍ਰਾਇਮਰੀ ਸਕੂਲਾਂ ਦੇ ਪੱਧਰ ਤੋਂ ਹੀ ਲਾਗੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਜੇਕਰ ਉਕਤ ਭਾਗ (ੳ) ਦਾ ਉਤਰ ਹਾਂ ਵਿਚ ਹੋਵੇ ਤਾਂ ਇਸ ਨੂੰ ਕਦੋਂ ਕੁ ਤੱਕ ਲਾਗੂ ਕੀਤੇ ਜਾਣ ਦੀ ਆਸ ਹੈ ?

**ਸਰਦਾਰ ਲਖਮੀਰ ਸਿੰਘ ਰੰਧਾਵਾ :** (ੳ) ਤੇ (ਅ) ਨਹੀਂ ਜੀ ।

**ਸਰਦਾਰ ਸਾਧੂ ਸਿੰਘ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਆਪਣਾ ਜਵਾਬ ਨਾਂਹ ਵਿਚ ਦਿੱਤਾ ਹੈ । ਮੈਂ ਪੁੱਛਿਆ ਸੀ ਕਿ ਸਰਕਾਰ ਪ੍ਰਾਇਮਰੀ ਸਕੂਲਾਂ ਦੇ ਵਿਚ ਫਿਜ਼ੀਕਲ ਐਜੂਕੇਸ਼ਨ ਨੂੰ ਸਬਜੈਕਟ ਦੇ ਤੌਰ ਤੇ, ਅਗਰ ਇੰਟਰੋਡਿਊਸ ਕਰੇ ਤਾਂ ਇਸ ਦੇ ਨਾਲ ਸਕੂਲਾਂ ਦੇ ਵਿਚ ਬੱਚਿਆਂ ਦੀ ਸਿਹਤ ਵੀ ਠੀਕ ਰਹੇਗੀ ਅਤੇ ਸਪੋਰਟਸ ਦੇ ਵਿਚ ਬੱਚੇ ਅੱਗੇ ਆ ਸਕਣਗੇ । ਇਸ ਨੂੰ ਲਾਗੂ ਕਰਨ ਦੇ ਨਾਲ ਬੱਚਿਆਂ ਦਾ ਸਰੀਰਕ ਵਿਕਾਸ ਪ੍ਰਾਇਮਰੀ ਕਲਾਸਾਂ ਦੇ ਵਿਚ ਹੋ ਜਾਵੇਗਾ ਅਤੇ ਉਹ ਸਪੋਰਟਸ ਦੇ ਵਿਚ ਦਿਲਚਸਪੀ ਵੀ ਲੈਣਗੇ । ਇਸ ਤਰੀਕੇ ਨਾਲ ਆਉਣ ਵਾਲੇ ਭਵਿੱਖ ਵਿਚ ਬੱਚਿਆਂ ਨੂੰ ਸਪੋਰਟਸ ਵਿਚ ਪ੍ਰਾਇਮਰੀ ਲੈਵਲ ਤੋਂ ਹੀ ਹਿੱਸਾ ਲੈਣ ਦੀ ਰੁਚੀ ਵਧ ਜਾਵੇਗੀ ਅਤੇ ਬੱਚਿਆਂ ਦੀ ਸਿਹਤ ਵੀ ਠੀਕ ਰਹੇਗੀ । ਇਸ ਦੇ ਨਾਲ ਦੇਸ਼ ਦਾ ਭਵਿੱਖ ਜੁੜਿਆ ਹੋਇਆ ਹੈ । ਇਹ ਦੇਸ਼ ਦੇ ਹਿੱਤ ਵਿਚ ਵੀ ਹੈ ਅਤੇ ਬੱਚਿਆਂ ਦੇ ਹਿਤ ਵਿਚ ਵੀ ਹੈ । ਕੀ ਸਰਕਾਰ ਇਸ ਬਾਰੇ ਵਿਚਾਰ ਰੱਖਦੀ ਹੈ ।

**ਸ਼੍ਰੀ ਸਪੀਕਰ :** ਇਹ ਤਾਂ ਭਾਸ਼ਣ ਸੀ ।

**ਮੰਤਰੀ :** ਸਪੀਕਰ ਸਾਹਿਬ, ਸਵਾਲ ਇਨ੍ਹਾਂ ਦਾ ਪ੍ਰਾਇਮਰੀ ਸਕੂਲਾਂ ਵਿਚ ਫਿਜ਼ੀਕਲ ਐਜੂਕੇਸ਼ਨ ਦਾ ਵਿਸ਼ਾ ਲਾਗੂ ਕਰਨ ਬਾਰੇ ਸੀ ਪਰ ਇਹ ਵਿਸ਼ਾ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਅਤੇ ਭਾਸ਼ਾ ਮੰਤਰੀ]

ਪੜ੍ਹਾਉਣ ਦਾ ਕੋਈ ਵਿਚਾਰ ਨਹੀਂ ਹੈ । ਬਾਕੀ, ਸਰੀਰਕ ਵਿਕਾਸ ਲਈ ਪੀ.ਟੀ ਆਈ ਸਕੂਲਾਂ ਵਿਚ ਕਸਰਤ ਕਰਾਉਂਦੇ ਹਨ, ਇਸ ਨਾਲ ਬੱਚਿਆਂ ਦਾ ਸਰੀਰਕ ਵਿਕਾਸ ਹੁੰਦਾ ਹੈ । ਅਲੱਗ ਵਿਸ਼ਾ ਪੜ੍ਹਾਉਣ ਦਾ ਵਿਚਾਰ ਨਹੀਂ ਹੈ ਕਿਉਂਕਿ ਪਹਿਲਾਂ ਹੀ ਬੜਾ ਭਾਰੀ ਬੱਚਿਆਂ ਤੇ ਬੋਝ ਹੈ । ਇਸ ਲਈ ਅਸੀਂ ਹੋਰ ਵਿਸ਼ਾ ਇਨਕਰੀਜ਼ ਨਹੀਂ ਕਰਨਾ ਚਾਹੁੰਦੇ ।

**श्रीमती लक्ष्मी कांता चावला** : अध्यक्ष महोदय, एजूकेशन मनिस्टर से मैं यह पूछना चाहती हूं कि पंजाब में जो सरकारी प्राईमरी स्कूल हैं, क्या उनमें फिजीकल एजूकेशन अध्यापकों की पोस्टें हैं ? मेरी जानकारी के मुताबिक नहीं हैं ।

**ਮੰਤਰੀ** : ਸਪੀਕਰ ਸਾਹਿਬ, ਪ੍ਰਾਇਮਰੀ ਸਕੂਲ ਵਿਚ ਪੀ.ਟੀ.ਆਈ. ਦੀ ਪੋਸਟ ਨਹੀਂ ਹੈ ਲੇਕਿਨ ਜੇ.ਬੀ.ਟੀ. ਕੋਰਸ ਵਿਚ ਉਨ੍ਹਾਂ ਨੂੰ ਪੀ.ਟੀ.ਆਈ ਦੇ ਸਬਜੈਕਟ ਦੀ ਟ੍ਰੇਨਿੰਗ ਦਿਤੀ ਜਾਂਦੀ ਹੈ । ਬਲਾਕ ਪੱਧਰ ਤੇ ਬੀ.ਈ.ਓ. ਦੇ ਦਫਤਰ ਹਨ । ਗੌਰਮਿੰਟ ਆਫ ਇੰਡੀਆ ਦਾ ਬਲਾਕ ਪੱਧਰ ਤੇ ਇਕ ਇੰਸਪੈਕਟਰ ਹੈ ।

-----

## ਨਵਾਂ ਪਸ਼ੂ ਚਿਕਿਤਸਾ ਹਸਪਤਾਲ ਖੋਲ੍ਹਣਾ

***2131. ਸਰਦਾਰ ਕਿਰਪਾਲ ਸਿੰਘ ਮਾਖਾ** : ਕੀ ਪਸ਼ੂ ਪਾਲਣ ਅਤੇ ਮੱਛੀ ਪਾਲਣ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ ਨੇੜੇ ਭਵਿੱਖ ਵਿਚ ਜ਼ਿਲ੍ਹਾ ਮਾਨਸਾ ਵਿਚ ਕੋਈ ਨਵਾਂ ਪਸ਼ੂ ਚਿਕਿਤਸਾ ਹਸਪਤਾਲ ਖੋਲ੍ਹਣ ਦੀ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ?

**Sardar Harbans Singh Sidhu** : The Government decided to set-up one Veterinary Hospital in District Mansa during 1994-95. Selection of Village to locate this hospital is, however, under consideration of the Govt.

Original with;
Punjab Vidhan Sabha
Digitized by;
Panjab Digital Library

**ਸਰਦਾਰ ਕਿਰਪਾਲ ਸਿੰਘ ਮਾਖਾ :** ਸਪੀਕਰ ਸਾਹਿਬ, ਕੀ ਮੰਤਰੀ ਜੀ ਜ਼ਿਲ੍ਹਾ ਮਾਨਸਾ ਵਿਚ ਕੋਈ ਹੋਰ ਨਵਾਂ ਪਸ਼ੂ ਚਿਕਿਤਸਾ ਹਸਪਤਾਲ ਬਣਾਉਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਜੋ ਸਰਕਾਰ ਵਲੋਂ ਟਾਰਗੈਟ ਫਿਕਸ ਕੀਤਾ ਗਿਆ ਹੈ, ਉਹ ਜ਼ਰੂਰ ਪੂਰਾ ਕਰਾਂਗੇ ।

**ਸਰਦਾਰ ਕਿਰਪਾਲ ਸਿੰਘ ਮਾਖਾ :** ਠੀਕ ਹੈ ਜੀ ।

**ਸਰਦਾਰ ਸਮਸ਼ੇਰ ਸਿੰਘ ਰਾਏ :** ਸਪੀਕਰ ਸਾਹਿਬ, ਕੀ ਪੰਜਾਬ ਸਰਕਾਰ ਦੀ ਇਹੋ ਜਿਹੀ ਡਿਸਪੈਂਸਰੀ ਕਿਸੇ ਹੋਰ ਜ਼ਿਲ੍ਹੇ ਵਿਚ ਵੀ ਖੋਲ੍ਹਣ ਦੀ ਸਕੀਮ ਹੈ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਸਾਰੇ ਜ਼ਿਲ੍ਹਿਆਂ ਵਿਚ ਡਿਸਪੈਂਸਰੀਆਂ ਨਾਰਮਜ਼ ਦੇ ਮੁਤਾਬਿਕ ਖੋਲ੍ਹ ਰਹੇ ਹਾਂ ।

**ਸਰਦਾਰ ਜਗਤਾਰ ਸਿੰਘ ਮੁਲਤਾਨੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਕੋਈ ਇਹੋ ਜਿਹੀ ਸਕੀਮ ਬਣਾਉਣੀ ਹੈ ਕਿ ਹਰ ਪਿੰਡ ਵਿਚ ਜਿਥੇ ਚਾਰ-ਪੰਜ ਸੌ ਪਸ਼ੂ ਹਨ ਤਾਂ ਉਥੇ ਪਸ਼ੂ ਚਿਕਿਤਸਾ ਹਸਪਤਾਲ ਖੋਲ੍ਹ ਦਿਤਾ ਜਾਏਗਾ ?

**ਰਾਜ ਮੰਤਰੀ :** ਸਪੀਕਰ ਸਾਹਿਬ, ਐਮ.ਐਲ.ਏ., ਸਾਹਿਬ ਨੇ ਪਿਛਲੀ ਵਾਰ ਵੀ ਕੁਐਸਚਨ ਕੀਤਾ ਸੀ ਔਰ ਮੈਂ ਦੱਸਿਆ ਸੀ ਕਿ ਜਿਥੇ ਸਾਢੇ ਪੰਜ ਹਜ਼ਾਰ ਪਸ਼ੂ ਤੋਂ ਘੱਟ ਹੋਣ ਤਾਂ ਉਥੇ ਅਸੀਂ ਪਸ਼ੂ ਚਿਕਿਤਸਾ ਹਸਪਤਾਲ ਖੋਲ੍ਹ ਨਹੀਂ ਸਕਦੇ ।

---

## ਪੰਚਾਇਤੀ ਜ਼ਮੀਨ ਦੀ ਮਾਲਕੀ ਦਾ ਕੇਸ

*2155. **ਸਰਦਾਰ ਨਿਰਮਲ ਸਿੰਘ ਨਿੰਮਾ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਪਿੰਡ ਮੌੜ ਨਾਭਾ ਅਤੇ ਮੌੜ ਪਟਿਆਲਾ, ਬਲਾਕ ਸਹਿਣਾ, ਜ਼ਿਲ੍ਹਾ ਸੰਗਰੂਰ ਦੀਆਂ ਪੰਚਾਇਤਾਂ ਪਾਸ ਕੁੱਲ ਕਿੰਨੀ ਏਕੜ ਅਜਿਹੀ ਜ਼ਮੀਨ ਹੈ ਜੋ ਹਰ ਸਾਲ ਠੇਕੇ ਤੇ ਦਿੱਤੀ ਜਾਂਦੀ ਹੈ ;

Original with;
Punjab Vidhan Sabha
Digitized by;
Panjab Digital Library

[ਸਰਦਾਰ ਨਿਰਮਲ ਸਿੰਘ ਨਿੰਮਾ]

(ਅ) ਕੀ ਉਪਰੋਕਤ ਦਸੀਆਂ ਪੰਚਾਇਤਾਂ ਦਾ ਕਿਸੇ ਵਿਅਕਤੀ ਨਾਲ ਮਾਲਕੀ ਸਬੰਧੀ ਝਗੜੇ ਦਾ ਕੇਸ ਚਲਦਾ ਹੈ, ਜੇਕਰ ਹੈ ਤਾਂ ਉਸ ਦਾ ਵੇਰਵਾ ਦਿੱਤਾ ਜਾਵੇ ?

**ਮਾਸਟਰ ਜਾਗੀਰ ਸਿੰਘ :** (ੳ) ਪਿੰਡ ਮੌੜ ਨਾਭਾ ਦੀ ਸਾਲ 1993-94 ਵਿਚ 44 ਏਕੜ 06 ਕਨਾਲ 05 ਮਰਲੇ ਅਤੇ ਸਾਲ 1994-95 ਵਿਚ 46 ਏਕੜ 05 ਮਰਲੇ ਅਤੇ ਪਿੰਡ ਮੌੜ ਪਟਿਆਲਾ ਦੀ ਇਨ੍ਹਾਂ ਸਾਲਾਂ ਵਿਚ 05 ਏਕੜ 10 ਮਰਲੇ ਸ਼ਾਮਲਾਤ ਜ਼ਮੀਨ ਚਕੋਤੇ ਤੇ ਦਿੱਤੀ ਗਈ ਹੈ ।

(ਅ) ਸਿਰਫ਼ ਗਰਾਮ ਪੰਚਾਇਤ ਮੌੜ ਨਾਭਾ ਦੀ 1 ਏਕੜ 02 ਕਨਾਲ ਸ਼ਾਮਲਾਤ ਜਮੀਨ ਦੀ ਮਾਲਕੀ ਦੇ ਝਗੜੇ ਸਬੰਧੀ ਕੇਸ ਸ਼੍ਰੀ ਤੇਜਾ ਸਿੰਘ ਵਾਸੀ ਪਿੰਡ ਮੌੜ ਨਾਭਾ ਨਾਲ ਸੱਬ-ਜੱਜ, ਬਰਨਾਲਾ ਦੀ ਅਦਾਲਤ ਵਿਚ ਚਲ ਰਿਹਾ ਹੈ ਅਤੇ ਕੇਸ ਦੀ ਸੁਣਵਾਈ ਦੀ ਅਗਲੀ ਮਿਤੀ 19 ਸਤਬੰਰ, 1994 ਨਿਯਤ ਹੈ ।

**ਸਰਦਾਰ ਨਿਰਮਲ ਸਿੰਘ ਨਿੰਮਾ :** ਸਪੀਕਰ ਸਾਹਿਬ, ਮੰਤਰੀ ਜੀ ਨੇ 1993-94 ਵਿਚ 44 ਏਕੜ 6 ਕਨਾਲ ਅਤੇ 5 ਮਰਲੇ ਦਾ ਜ਼ਿਕਰ ਕੀਤਾ ਹੈ ਜਦ ਕਿ 1994-95 ਵਿਚ 46 ਏਕੜ ਅਤੇ 5 ਮਰਲੇ ਦਾ ਜ਼ਿਕਰ ਕੀਤਾ ਹੈ ਇਸ ਦਾ ਮਤਲਬ ਇਹ ਹੋਇਆ ਕਿ 1994-95 ਵਿਚ 2 ਏਕੜ ਅਤੇ 6 ਕਨਾਲ ਦਾ ਵਾਧਾ ਹੋਇਆ ਹੈ । ਮੈਂ ਮੰਤਰੀ ਜੀ ਤੋ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਕੀ ਕਾਰਣ ਹੈ ? ਇਸ ਤੋਂ ਇਲਾਵਾ ਸਾਲ 1993-94 ਅਤੇ ਸਾਲ 1994-95 ਵਿਚ ਇਹ ਜਿਹੜੀ ਜ਼ਮੀਨ ਚਕੋਤੇ ਤੇ ਦਿੱਤੀ ਗਈ, ਉਸ ਤੋਂ ਮਹਿਕਮੇ ਨੂੰ ਕਿੰਨੀ ਅਮਾਊਂਟ ਪ੍ਰਾਪਤ ਹੋਈ ? ਇਸ ਤੋਂ ਅੱਗੇ ਇਸੇ ਜਵਾਬ ਦੇ 'ਅ' ਭਾਗ ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ .....

**ਸ਼੍ਰੀ ਸਪੀਕਰ :** ਪਹਿਲਾਂ ਇਕ ਦਾ ਜਵਾਬ ਹੀ ਪੁੱਛ ਲਓ, ਦੂਸਰੇ ਦਾ ਬਾਅਦ ਵਿਚ ਪੁੱਛ ਲੈਣਾ ।

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਬੜੇ ਵਿਸਥਾਰ ਨਾਲ ਮੈਂਬਰ ਸਾਹਿਬ ਦੇ ਸਵਾਲ ਦਾ ਜਵਾਬ ਦੇ ਦਿੱਤਾ ਹੈ । ਫਿਰ ਵੀ ਜੇਕਰ ਇਹ ਹੋਰ ਵਿਸਥਾਰ ਚਾਹੁੰਦੇ ਹਨ ਤਾਂ ਮੈਂ ਦੱਸ ਦਿੰਦਾ ਹਾਂ । ਸਪੀਕਰ ਸਾਹਿਬ, ਇਲੈਕਸ਼ਨ ਤੋਂ ਪਹਿਲਾਂ ਪਿੰਡ ਮੌੜ ਨਾਭਾ ਦੀ ਇਕੋ ਹੀ ਪੰਚਾਇਤ ਸੀ ਅਤੇ ਉਸ ਦੀ 73 ਏਕੜ ਅਤੇ 5 ਮਰਲੇ ਜ਼ਮੀਨ ਸੀ । ਜਦ ਚੋਣਾਂ ਹੋਇਆਂ ਤਾਂ ਉਸ ਵੇਲੇ ਇਸ ਪਿੰਡ ਦੇ ਅੱਗੇ ਤਿੰਨ ਪਿੰਡ ਬਣ ਗਏ-ਈਸ਼ਰ ਸਿੰਘ ਵਾਲਾ, ਸੰਤਪੁਰਾ ਅਤੇ ਭਗਤਪੁਰਾ । ਇਨ੍ਹਾਂ ਤਿੰਨਾਂ ਪਿੰਡਾਂ ਵਿਚ ਇਹ ਸਾਰੀ ਜ਼ਮੀਨ ਵੰਡੀ ਗਈ । ਗ੍ਰਾਮ ਪੰਚਾਇਤ ਮੌੜ ਨਾਭਾ ਨੂੰ 46 ਏਕੜ ਅਤੇ 5 ਮਰਲੇ ਜ਼ਮੀਨ ਆਈ । ਇਸੇ ਤਰ੍ਹਾਂ ਈਸ਼ਰ ਸਿੰਘ ਵਾਲਾ ਨੂੰ 10 ਏਕੜ, ਸੰਤਪੁਰਾ ਨੂੰ 5 ਏਕੜ ਅਤੇ ਭਗਤਪੁਰਾ ਨੂੰ 12 ਏਕੜ ਜ਼ਮੀਨ ਆਈ । 1993-94 ਵਿਚ ਪਿੰਡ ਮੌੜ ਨਾਭਾ ਦੀ ਜਿਹੜੀ 44 ਏਕੜ 6 ਕਨਾਲ ਅਤੇ 5 ਮਰਲੇ ਸ਼ਾਮਲਾਤ ਜ਼ਮੀਨ ਸੀ, ਇਹ ਰੁਪਏ 63820 .00 ਵਿਚ ਨਿਲਾਮੀ ਤੇ ਗਈ । ਇਸ ਤੋਂ ਬਾਦ 1 ਏਕੜ 2 ਕਨਾਲ ਜਿਹੜੀ ਜ਼ਮੀਨ ਸੀ, ਉਸ ਤੇ ਕਿਸੇ ਦਾ ਨਜਾਇਜ਼ ਕਬਜ਼ਾ ਸੀ । ਉਹ ਨਜਾਇਜ਼ ਕਬਜ਼ਾ ਅਦਾਲਤ ਰਾਹੀਂ ਛੁਡਾਇਆ ਗਿਆ । ਇਹ ਨਜਾਇਜ਼ ਕਬਜ਼ਾ ਛੁਡਾ ਕੇ ਇਹ ਜ਼ਮੀਨ ਵੀ ਬੋਲੀ ਕਰਵਾ ਕੇ ਰੁਪਏ 8000 .00 ਵਿਚ ਦੇ ਦਿੱਤੀ ਗਈ । ਇਹ 1 ਕਿਲਾ ਅਤੇ 2 ਕਨਾਲ ਜ਼ਮੀਨ ਨਾਲ ਰਲਾ ਕੇ ਕੁੱਲ 46 ਏਕੜ ਅਤੇ 5 ਮਰਲੇ ਜ਼ਮੀਨ ਦੀ ਦੁਬਾਰਾ ਬੋਲੀ ਕਰਵਾ ਕੇ ਰੁਪਏ 1,04,695 .00 ਵਿਚ ਲੀਜ਼ ਤੇ ਦੇ ਦਿੱਤੀ ਗਈ । ਇਹ ਸ਼ਾਮਲਾਤ ਦੀ ਜ਼ਮੀਨ ਨਜਾਇਜ਼ ਕਬਜ਼ੇ ਤੋਂ ਛੁਡਾ ਕੇ ਬੜਾ ਬਹਾਦਰੀ ਵਾਲਾ ਕੰਮ ਕੀਤਾ ਗਿਆ ਹੈ । 1 ਏਕੜ ਅਤੇ 2 ਕਨਾਲ ਦਾ ਕੇਸ ਭਾਵੇਂ ਹਾਲੇ ਵੀ ਚਲਦਾ ਹੈ ਪਰੰਤੂ ਉਸ ਦਾ ਕਬਜ਼ਾ ਪੰਚਾਇਤ ਦੇ ਕੋਲ ਹੀ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੜੇ ਵਿਸਥਾਰ ਨਾਲ ਮਾਨਯੋਗ ਮੈਬਰ ਨੂੰ ਦੱਸ ਦਿੱਤਾ ਹੈ । ਜੇਕਰ ਇਹ ਫਿਰ ਵੀ ਸਪਲੀਮੈਂਟਰੀ ਕਰਨ ਤੋਂ ਨਹੀਂ ਹਟਦੇ ਤਾਂ ਕਰ ਲੈਣ । (ਹਾਸਾ) ।

**ਸਰਦਾਰ ਨਿਰਮਲ ਸਿੰਘ ਨਿੰਮਾ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਇਹ ਸਪਲੀਮੈਂਟਰੀ ਕਰਨ ਤੋਂ ਨਹੀਂ ਹਟਦੇ । ਇਨ੍ਹਾਂ ਨੇ ਜਵਾਬ ਤਾਂ ਭਾਵੇਂ ਬੜੇ ਵਿਸਥਾਰ ਵਿਚ ਦਿੱਤਾ ਹੈ ਪਰ ਗੱਲ ਨਹੀਂ ਬਣੀ । ਇਨ੍ਹਾਂ ਨੇ ਕਿਹਾ ਹੈ ਕਿ ਪਿੰਡ ਮੌੜ ਨਾਭਾ ਦੇ ਅੱਗੇ ਹੋਰ ਪਿੰਡ ਬਣ ਗਏ ਅਤੇ ਇਸ ਪਿੰਡ ਨੂੰ ਉਸ ਦੇ ਹਿੱਸੇ ਦੇ ਮੁਤਾਬਿਕ ਜ਼ਮੀਨ ਦਿੱਤੀ ਗਈ ਲੇਕਿਨ ਮੇਰੇ ਕਹਿਣ ਦਾ ਮਤਲਬ ਹੈ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਨਿਰਮਲ ਸਿੰਘ ਨਿੰਮਾ]

ਇਸ ਪਿੰਡ ਦੀ ਜ਼ਮੀਨ ਵਧੀ ਹੈ, ਨਾ ਕਿ ਘਟੀ ਹੈ। 1993-94 ਵਿਚ ਤਾਂ 44 ਏਕੜ 6 ਕਨਾਲ 5 ਮਰਲੇ ਜ਼ਮੀਨ ਚਕੌਤੇ ਤੇ ਦਿੱਤੀ ਗਈ ਜਦ ਕਿ 1994-95 ਵਿਚ 46 ਏਕੜ 5 ਮਰਲੇ ਚਕੌਤੇ ਤੇ ਦਿੱਤੀ ਗਈ। ਇਸ ਤੋਂ ਸਾਫ ਹੈ ਕਿ 2 ਏਕੜ ਅਤੇ 6 ਕਨਾਲ ਦਾ ਵਾਧਾ ਹੋਇਆ। ਮੰਤਰੀ ਜੀ ਨੇ ਕਿਹਾ ਹੈ ਕਿ ਇਸ ਪਿੰਡ ਦੀ ਪੰਚਾਇਤ ਵਿਚੋਂ ਅੱਗੇ 3 ਹੋਰ ਪੰਚਾਇਤਾਂ ਨਿਕਲੀਆਂ ਹਨ ਅਤੇ ਇਨ੍ਹਾਂ ਨੂੰ ਵੰਡ ਵੰਡ ਕੇ ਜ਼ਮੀਨ ਦਿੱਤੀ ਗਈ। ਮੇਰਾ ਖਿਆਲ ਹੈ ਕਿ ਮੰਤਰੀ ਜੀ ਉਤਰ ਗਲਤ ਦੇ ਰਹੇ ਹਨ। ਮੇਰੀ ਬੇਨਤੀ ਹੈ ਕਿ ਇਸ ਨੂੰ ਦੁਬਾਰਾ ਸਪੱਸ਼ਟ ਕੀਤਾ ਜਾਵੇ।

**ਸ਼੍ਰੀ ਸਪੀਕਰ :** ਗਰਮੀ ਨਾਲ ਜ਼ਮੀਨ ਐਕਸਪੈਂਡ ਹੋ ਗਈ ਹੈ। (ਹਾਸਾ)

**ਸਰਦਾਰ ਨਿਰਮਲ ਸਿੰਘ ਨਿੰਮਾ :** ਸਪੀਕਰ ਸਾਹਿਬ, ਮੰਤਰੀ ਜੀ ਦਾ ਜਵਾਬ ਤਸੱਲੀਬਖਸ਼ ਨਹੀਂ ਹੈ। ਅਸੀਂ ਸਰਕਾਰ ਤੋਂ ਜਵਾਬ ਮੰਗ ਰਹੇ ਹਾਂ। ਜੇ ਮੰਤਰੀ ਜੀ ਨੇ ਠੀਕ ਜਵਾਬ ਨਹੀਂ ਦੇਣਾ ਤਾਂ ਫਿਰ ਇਹ ਆਪਣਾ ਕੋਈ ਹੋਰ ਪ੍ਰਬੰਧ ਕਰ ਲੈਣ।

(ਵਿਰੋਧੀ ਧਿਰ ਵਲੋਂ ਇਕ ਆਵਾਜ਼ : ਅਸਤੀਫਾ ਦੇ ਦੇਣ)

**ਸਰਦਾਰ ਹਰਗੋਪਾਲ ਸਿੰਘ :** ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਹਾਊਸ ਦੇ ਵਿਚ ਸਟੇਟਮੈਂਟ ਦਿੱਤੀ ਹੈ ਕਿ ਪਿੰਡ ਦੀ ਸ਼ਾਮਲਾਤ ਪੰਚਾਇਤੀ ਜ਼ਮੀਨ ਤੇ ਜਿਹੜਾ ਨਜਾਇਜ਼ ਕਬਜ਼ਾ ਕੀਤਾ ਹੋਇਆ ਸੀ, ਉਹ ਅਸੀਂ ਛੁਡਵਾ ਲਿਆ ਹੈ। ਕੀ ਮੰਤਰੀ ਜੀ ਨੂੰ ਪਤਾ ਹੈ ਕਿ ਵਿਲੇਜ ਕਾਮਨ ਲੈਂਡ ਐਕਟ ਦੇ ਸੈਕਸ਼ਨ 13-ਬੀ ਥੱਲੇ ਜਿਹੜੇ ਬੰਦੇ ਨੇ ਨਜਾਇਜ਼ ਕਬਜ਼ਾ ਕੀਤਾ ਹੋਵੇ, ਉਹ ਕਬਜ਼ਾ ਵਾਪਸ ਲੈਣ ਤੋਂ ਬਾਅਦ ਸਰਕਾਰ ਨੇ ਉਸ ਦੇ ਖਿਲਾਫ ਕਾਰਵਾਈ ਕਰਨੀ ਹੁੰਦੀ ਹੈ ਅਤੇ ਉਸ ਬੰਦੇ ਨੂੰ ਬਕਾਇਦਾ ਜੁਰਮਾਨਾ ਹੁੰਦਾ ਹੈ, ਸਜ਼ਾ ਹੁੰਦੀ ਹੈ। ਜੇ ਮੰਤਰੀ ਜੀ ਨੂੰ ਇਸ ਐਕਟ ਦੀ ਨਾਲਿਜ ਹੈ ਤਾਂ ਕੀ ਉਸ ਦੇ ਖਿਲਾਫ ਕੋਈ ਕਾਰਵਾਈ ਕੀਤੀ ? ਜੇ ਨਹੀਂ ਕੀਤੀ ਤਾਂ ਕਿਉਂ ਨਹੀ ਕੀਤੀ ?

**ਰਾਜ ਮੰਤਰੀ :** ਸਤਿਕਾਰਯੋਗ ਸਪੀਕਰ ਸਾਹਿਬ, ਮੈਨੂੰ ਸਤਿਕਾਰਯੋਗ ਮੈਂਬਰ ਸਾਹਿਬ ਦਾ ਬੜਾ ਸਤਿਕਾਰ ਹੈ। ਲੇਕਿਨ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

ਪੰਚਾਇਤ ਨੇ ਲੜਾਈ ਲੜ ਕੇ ਨਜਾਇਜ਼ ਕਬਜ਼ਾ ਛੁਡਵਾਇਆ ਹੈ । ਇਸ ਨਾਲ ਪੰਚਾਇਤ ਦੀ ਆਮਦਨ ਵਿਚ ਵਾਧਾ ਹੋਇਆ ਹੈ । ਇਹ ਕਿਹੜੇ ਕਾਨੂੰਨ ਦੀ ਗੱਲ ਕਰਦੇ ਹਨ । ਅਸੀ ਕਬਜਾ ਛੁਡਵਾ ਰਹੇ ਹਾਂ, ਇਹ ਕਬਜ਼ੇ ਕਰਾ ਰਹੇ ਹਨ । (ਹਾਸਾ) ।

**ਸਰਦਾਰ ਹਰਗੋਪਾਲ ਸਿੰਘ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਜੋ ਜ਼ਮੀਨ ਨਜਾਇਜ਼ ਕਬਜ਼ੇ ਵਿਚ ਸੀ, ਉਹ ਛੁਡਵਾ ਲਈ ਹੈ । ਮੈਂ ਸਿਰਫ ਏਨੀ ਗੱਲ ਪੁੱਛੀ ਹੈ ਕਿ ਸੈਕਸ਼ਨ 13-ਬੀ ਥੱਲੇ ਜਿਹੜੇ ਆਦਮੀ ਦਾ ਨਜਾਇਜ਼ ਕਬਜ਼ਾ ਕੀਤਾ ਸਾਬਤ ਹੋਇਆ ਹੈ, ਉਸ ਆਦਮੀ ਦੇ ਖਿਲਾਫ ਕੋਈ ਕਾਰਵਾਈ ਹੋਈ ਜਾਂ ਨਹੀਂ ?

**ਰਾਜ ਮੰਤਰੀ :** ਸਤਿਕਾਰਯੋਗ ਸਪੀਕਰ ਸਾਹਿਬ, ਮੈ ਹੈਰਾਨ ਹਾਂ ਕਿ ਮੈਂਬਰ ਸਾਹਿਬ ਸਮਝਣ ਦਾ ਯਤਨ ਕਿਉਂ ਨਹੀਂ ਕਰਦੇ । ਜਿਹੜੀ ਜ਼ਮੀਨ ਸੀ, ਉਹ ਛੁਡਵਾਈ ਗਈ ਹੈ ਪੰਚਾਇਤ ਦਾ ਕਬਜ਼ਾ ਕਰਵਾਇਆ ਗਿਆ ਹੈ ਔਰ ਜੋ ਉਸ ਦਾ ਠੇਕਾ ਸੀ, ਉਸ ਅਨੁਸਾਰ ਪੰਚਾਇਤ ਦੀ ਆਮਦਨ ਵੀ ਕਾਫੀ ਵੱਧ ਗਈ ਹੈ । ਅਜੇ ਵੀ ਕੋਰਟ ਦੇ ਵਿੱਚ ਕੇਸ ਚੱਲ ਰਿਹਾ ਹੈ, ਸਬ-ਜੱਜ ਬਰਨਾਲਾ ਦਾ ਸਰਦਾਰ ਤੇਜਾ ਸਿੰਘ ਦੀ ਅਦਾਲਤ ਦੇ ਵਿਰੁੱਧ, ਲੇਕਿਨ ਪੈਲੀ ਦਾ ਕਬਜ਼ਾ ਪੰਚਾਇਤ ਦੇ ਕੋਲ ਹੈ । ਜਦੋਂ ਇਸ ਕੇਸ ਦਾ ਕੋਰਟ ਵਲੋਂ ਫੈਸਲਾ ਹੋ ਜਾਵੇਗਾ, ਉਦੋਂ ਇਹ ਮੇਰੇ ਨਾਲ ਗੱਲ ਕਰ ਲੈਣ ।

**ਸਰਦਾਰ ਨਿਰਮਲ ਸਿੰਘ ਨਿੰਮਾ :** ਮਾਨਯੋਗ ਸਪੀਕਰ ਸਾਹਿਬ, ਮੇਰੇ ਕੁਐਸਚਨ ਦਾ ਜਿਹੜਾ ਉੱਤਰ ਹੈ, ਉਹ ਪੂਰਾ ਨਹੀਂ ਆ ਰਿਹਾ । ਮੰਤਰੀ ਜੀ ਹੋਰ ਪਾਸੇ ਨੂੰ ਚਲੇ ਗਏ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਤੇਜਾ ਸਿੰਘ ਦੀ ਅਦਾਲਤ ਦੇ ਵਿਚ ਕੇਸ ਚੱਲ ਰਿਹਾ ਹੈ, ਸਬ-ਜੱਜ ਦੀ ਅਦਾਲਤ ਦੇ ਵਿਚ । ਮੈਨੂੰ ਸਮਝ ਨਹੀਂ ਆਉਂਦੀ ਇਹੋ ਜਿਹੀ ਕਿਹੜੀ ਅਦਾਲਤ ਹੈ ਜਿਸ ਵਿਚ ਸਬ ਜੱਜ ਦਾ ਕੇਸ ਚੱਲ ਰਿਹਾ ਹੈ । ਇਸ ਦੇ ਨਾਲ ਹੀ ਮੇਰੇ ਸਵਾਲ ਦੇ 'ੳ' ਭਾਗ ਦਾ ਉੱਤਰ ਪੂਰਾ ਨਹੀਂ ਆਇਆ ਔਰ ਜਿਨ੍ਹਾਂ ਨੇ ਸਵਾਲ ਦਾ ਜਵਾਬ ਗਲਤ ਦਿੱਤਾ ਹੈ, ਕੀ ਮੰਤਰੀ ਜੀ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕਰਨਗੇ ਔਰ ਸਹੀ ਉੱਤਰ ਦੇਣ ਦੇ ਲਈ ਹੁਣ ਇਹ ਹਾਊਸ ਨੂੰ ਕੀ ਦੱਸਣਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਬੜਾ ਵਿਸਥਾਰ ਦੇ ਨਾਲ ਦੱਸ ਦਿੱਤਾ ਹੈ, ਮੈ ਦੁਬਾਰਾ ਫਿਰ ਦੱਸ ਦਿੰਦਾ ਹਾਂ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਤੁਸੀ ਵਿਸਥਾਰ ਨਾਲ ਨਾ ਦੱਸੋ, ਤੁਸੀਂ ਦੱਸੋ ਕਿ ਜੇ ਲੋੜ ਪਈ ਤਾਂ ਉਨ੍ਹਾਂ ਦੇ ਖ਼ਿਲਾਫ਼ ਐਕਸ਼ਨ ਲਓਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਜੋ ਵੀ ਐਕਸ਼ਨ ਲੈਣਾ ਬਣੇਗਾ ਉਹ ਅਸੀ ਲਵਾਂਗੇ । ਇਹ ਵਕੀਲ ਹਨ, ਮੈਂ ਮਾਸਟਰ ਹਾਂ । ਇਹ ਮੇਰੀ ਗੱਲ ਤਾਂ ਸਮਝਣ । ਅਸੀ ਪੜ੍ਹਾ ਕੇ ਵਕੀਲ ਬਣਾਇਆ ਹੈ । Apart from this, a case regarding 1 Acre 2 Kanal land filed by Shri Teja Singh in the Court of Sub-Judge, Barnala is pending. The land is in the possession of the Gram Panchayat. ਇਸ ਵੇਲੇ ਗਰਾਮ ਪੰਚਾਇਤ ਕੋਲ ਜ਼ਮੀਨ ਦਾ ਕਬਜ਼ਾ ਹੈ ਲੇਕਿਨ ਕੋਰਟ ਦੇ ਵਿੱਚ ਮੁਕੱਦਮਾ ਚੱਲ ਰਿਹਾ ਹੈ । ਇਹ ਵਕੀਲ ਪਤਾ ਨਹੀਂ ਕਿਸ ਤਰਾਂ ਬਣ ਗਏ । ਇਹ ਗੱਲ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ । ਅਸੀਂ ਆਮਦਨ ਵਧਾ ਦਿੱਤੀ ਹੈ । ਜਦੋਂ ਐਕਸ਼ਨ ਲੈਣ ਦਾ ਮੌਕਾ ਆਵੇਗਾ, ਅਸੀਂ ਐਕਸ਼ਨ ਵੀ ਲਵਾਂਗੇ । ਅਸੀਂ ਕਿਤੇ ਛੱਡਣ ਲੱਗੇ ਹਾਂ ।

**ਸ਼੍ਰੀ ਸਪੀਕਰ :** ਜਿਨ੍ਹਾਂ ਨੇ ਪਹਿਲਾਂ ਨਜਾਇਜ਼ ਕਬਜ਼ਾ ਕੀਤਾ ਹੈ, ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣਗੇ ।

**ਸਰਦਾਰ ਨਿਰਮਲ ਸਿੰਘ ਨਿੰਮਾ :** ਮਾਨਯੋਗ ਸਪੀਕਰ ਸਾਹਿਬ, ਮੇਰੇ ਨਾਲ ਤਾਂ ਉਹ ਗੱਲ ਵਾਪਰ ਰਹੀ ਹੈ ਕਿ ਕੱਟੇ ਨੂੰ ਛੱਡਿਆ ਦੁੱਧ ਚੁੰਘਣ ਲਈ ਮੱਝ ਥੱਲੇ ਪਰ ਉਹ ਜਾ ਵੜਿਆ ਗਾਂ ਥੱਲੇ । ਮੈਂ ਸਵਾਲ ਕੁਝ ਕੀਤਾ ਹੈ ਔਰ ਮੰਤਰੀ ਜੀ ਜਵਾਬ ਕੁਝ ਹੋਰ ਹੀ ਦੇਈ ਜਾਂਦੇ ਹਨ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀ ਜ਼ਮੀਨ ਵਧੀ ਹੈ, ਭਾਵੇਂ ਇਹ ਤੁਹਾਡੇ ਕਹਿਣ ਦੇ ਮੁਤਾਬਿਕ ਗਰਮੀ ਨਾਲ ਫੈਲ ਗਈ ਹੈ । ਮੰਤਰੀ ਜੀ ਨੇ ਇਹ ਤਾਂ ਦੱਸ ਦਿੱਤਾ ਹੈ ਕਿ ਮੌੜ ਨਾਭਾ ਦੇ ਸਰਦਾਰ ਤੇਜਾ ਸਿੰਘ ਦਾ ਕੇਸ ਸਬ-ਜੱਜ ਬਰਨਾਲਾ ਦੀ ਅਦਾਲਤ ਵਿੱਚ ਚਲ ਰਿਹਾ ਹੈ । ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਰਤਾਰ ਸਿੰਘ, ਸੰਤਾ ਸਿੰਘ ਪੁੱਤਰ ਗੁਰਦਿੱਤਾ ਸਿੰਘ ਨੇ ਕਿਸੇ ਪੰਚਾਇਤੀ ਜ਼ਮੀਨ ਤੇ ਕਬਜਾ ਕੀਤਾ ਹੋਇਆ ਸੀ ਜਾਂ ਨਹੀਂ ? ਜੇ ਕੀਤਾ ਹੋਇਆ ਸੀ ਤਾਂ ਉਸ ਦੀ ਕੀ ਪੁਜ਼ੀਸ਼ਨ ਹੈ ? ਕੀ ਕਾਰਵਾਈ ਕੀਤੀ ਗਈ ਹੈ, ਉਹ ਜ਼ਮੀਨ ਛੁਡਵਾ ਲਈ ਹੈ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਨਵੀਂ ਗੱਲ ਕੀਤੀ ਹੈ । ਇਹ ਵੱਖਰਾ ਸਵਾਲ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ । ਬਾਕੀ ਜਿਹੜੀ ਕੱਟੇ ਵਾਲੀ ਗੱਲ ਕਹੀ ਗਈ ਹੈ, ਉਹ ਲਫ਼ਜ਼ ਵਾਪਸ ਹੋਣੇ ਚਾਹੀਦੇ ਹਨ ਜਾਂ ਸਾਨੂੰ ਵੀ ਪੂਰਾ ਬੋਲਣ ਦੀ ਛੋਟ ਹੋਣੀ ਚਾਹੀਦੀ ਹੈ ।

**ਸ਼੍ਰੀ ਸਪੀਕਰ :** ਤੁਹਾਨੂੰ ਤਾਂ ਪੂਰੀ ਖੁਲ੍ਹੀ ਛੁੱਟੀ ਦਿੱਤੀ ਹੋਈ ਹੈ । ਤੁਸੀਂ ਸਿਰਫ ਇੰਨਾ ਦੱਸੋ ਕਿ ਜਿਸ ਬੰਦੇ ਦਾ ਨਾਂ ਲਿਆ ਗਿਆ ਹੈ, ਕੀ ਉਸ ਨੇ ਜ਼ਮੀਨ ਤੇ ਨਜ਼ਾਇਜ ਕਬਜ਼ਾ ਕੀਤਾ ਹੋਇਆ ਸੀ ? ਕੀ ਇਹ ਤੁਹਾਡੀ ਨਾਲੇਜ ਵਿੱਚ ਹੈ ? ਜੇ ਹੈ ਤਾਂ ਕੀ ਇਹ ਖਾਲੀ ਕਰਵਾਓਗੇ ?

**ਮੁੱਖ ਸੰਸਦੀ ਸਕੱਤਰ :** ਸਪੀਕਰ ਸਾਹਿਬ, ਮੈਂਬਰ ਸਾਹਿਬ ਵੱਲੋਂ ਕੁਝ ਮੱਝ ਤੇ ਕੱਟਾ ਵਰਗੇ ਅਨ-ਪਾਰਲੀਮੈਂਟਰੀ ਸ਼ਬਦ ਕਹੇ ਗਏ ਹਨ, ਉਹ ਐਕਸਪੰਜ ਹੋਣੇ ਚਾਹੀਦੇ ਹਨ ।

**ਸ਼੍ਰੀ ਸਪੀਕਰ :** ਮੱਝ ਤੇ ਕੱਟਾ ਕਿਸੇ ਨੂੰ ਤਾਂ ਨਹੀਂ ਆਖਿਆ ਗਿਆ । ਇਹ ਤਾਂ ਜਨਰਲ ਗੱਲ ਕੀਤੀ ਹੈ । ਮੰਤਰੀ ਜੀ ਤੁਸੀਂ ਇਹ ਦੱਸੋ ਕਿ ਕੋਈ ਗਲਤ ਗੱਲ ਹੋਈ ਹੈ ? ਕੀ ਪਹਿਲਾਂ ਮਈਅਰਮੈਂਟ ਘੱਟ ਹੋਈ ਸੀ ? ਜਾਂ ਹੁਣ ਕੋਈ ਗਲਤੀ ਹੋਈ ਹੈ ਤਾਂ ਉਸ ਨੂੰ ਠੀਕ ਕਰਵਾ ਦਿਓਗੇ ?

**ਰਾਜ ਮੰਤਰੀ :** ਕੋਈ ਗਲਤੀ ਨਹੀਂ ਹੋਈ ਜੀ । ਸਵਾਲ ਇਕ ਏਕੜ ਅਤੇ 2 ਕਨਾਲ ਦਾ ਹੈ । ਅਸੀਂ ਤਾਂ ਵਾਧਾ ਕੀਤਾ ਹੈ । ਇਹ ਗਲਤ ਕਹਿ ਰਹੇ ਹਨ ।

--------

## ਪਿੰਡ ਗਾਰੂ-ਮੌਰਾ ਵਿਚ ਜਲ ਸਪਲਾਈ ਸਕੀਮ

*2111 . **ਸ਼੍ਰੀ ਰਮੇਸ਼ ਦੱਤ ਸ਼ਰਮਾ :** ਕੀ ਜਨ ਸਿਹਤ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਤਹਿਸੀਲ ਆਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ ਵਿਚ ਪਿੰਡ ਗਾਰੂ-ਮੌਰਾ ਅਤੇ ਇਸ ਦੇ ਨਾਲ ਲਗਾਏ ਪਿੰਡਾਂ ਨੂੰ ਕੀਰਤਪੁਰ ਸਾਹਿਬ ਲਿਫਟ ਸਿੰਚਾਈ ਸਕੀਮ ਤੋਂ ਜਲ ਸਪਲਾਈ ਸਕੀਮ ਨਾਲ ਜੋੜ ਦਿੱਤਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਮੇਸ਼ ਦੱਤ ਸ਼ਰਮਾ]

ਗਿਆ ਹੈ ; ਜੇਕਰ ਅਜਿਹਾ ਹੋਵੇ ਤਾਂ ਉਕਤ ਪਿੰਡ ਕਿਸ ਮਿਤੀ ਤੋਂ ਜੋੜੇ ਗਏ ਹਨ ਅਤੇ ਇਸ ਤੇ ਕੁੱਲ ਕਿੰਨਾ ਖ਼ਰਚਾ ਕੀਤਾ ਗਿਆ ਹੈ ?

**ਸ਼੍ਰੀ ਸੁਰਿੰਦਰ ਕਪੂਰ :** ਹਾਂ ਜੀ । ਇਹ ਪਿੰਡ ਮਿਤੀ 1 ਮਈ, 1994 ਨੂੰ ਜੋੜੇ ਗਏ ਸਨ ਅਤੇ ਇਸ ਤੇ 8.53 ਲੱਖ ਰੁਪਏ ਖ਼ਰਚ ਹੋਏ ਹਨ ।

**ਸ਼੍ਰੀ ਰਮੇਸ਼ ਦੱਤ ਸ਼ਰਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮੰਤਰੀ ਜੀ ਦਾ ਇਸ ਗੱਲ ਲਈ ਧੰਨਵਾਦ ਕਰਦਾ ਹਾਂ ਉਨ੍ਹਾਂ ਨੇ ਸਕੀਮ ਚਾਲੂ ਕਰਵਾ ਦਿੱਤੀ ਹੈ । ਮੇਰੀ ਪਹਿਲੀ ਸਪਲੀਮੈਂਟਰੀ ਇਹ ਹੈ ਕਿ ਜਿਹੜੀ ਪਿੰਡ ਗਾਹੂ-ਮੌਹਾ ਤੇ ਹੋਰ ਪਿੰਡਾਂ ਦੀ ਸਕੀਮ ਮੇਨ ਪਾਈਪ ਲਾਈਨ ਨਾਲ ਜੋੜੀ ਹੈ, ਇਹ ਮੇਨ ਪਾਈਪ ਲਾਈਨ ਬੜੀ ਪੁਰਾਣੀ ਹੈ । ਕਈ ਵਾਰੀ ਜਦੋਂ ਪਰੈਸ਼ਰ ਆਉਂਦਾ ਹੈ ਤਾਂ ਉਹ ਪਾਈਪ ਲਾਈਨ ਕਈ ਥਾਵਾਂ ਤੋਂ ਟੁੱਟ ਜਾਂਦੀ ਹੈ । ਕੀ ਮੰਤਰੀ ਜੀ ਉਸ ਦਾ ਐਸਟੀਮੇਟ ਬਣਵਾ ਕੇ ਪਾਈਪ ਨੂੰ ਬਦਲਣ ਦਾ ਭਰੋਸਾ ਦੇਣਗੇ ਤਾਂ ਕਿ ਉਸ ਇਲਾਕੇ ਵਿੱਚ ਪਾਣੀ ਦੀ ਸਪਲਾਈ ਰੈਗੂਲਰ ਰਿਹਾ ਕਰੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਰਾਜ ਸਰਕਾਰ ਦੀ ਪਾਲਿਸੀ ਹੈ ਕਿ ਲੋਕਾਂ ਦੀ ਪੀਣ ਵਾਲੇ ਪਾਣੀ ਦੀ ਔਕੜ ਨੂੰ ਦੂਰ ਕੀਤਾ ਜਾਵੇ । ਜੋ ਇਨ੍ਹਾਂ ਨੇ ਗੱਲ ਕੀਤੀ ਹੈ, ਮੈਂ ਉਸ ਦਾ ਨਿਰੀਖਣ ਕਰਵਾ ਕੇ ਅਤੇ ਜੇ ਲੋੜ ਪਈ ਤਾਂ ਐਸਟੀਮੇਟ ਬਣਵਾ ਕੇ, ਕਰਵਾ ਦੇਵਾਂਗੇ ।

**ਸ਼੍ਰੀ ਰਮੇਸ਼ ਦੱਤ ਸ਼ਰਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਮਾਨਯੋਗ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਏਰੀਏ ਵਿੱਚ ਬਰਸਾਤਾਂ ਵਿੱਚ ਖੱਡਾਂ ਅਤੇ ਚੋਅ ਪੈਂਦੇ ਹਨ ਅਤੇ ਜਿਹੜੇ ਪਾਣੀ ਦੇ ਪਾਈਪ ਪਾਏ ਹੁੰਦੇ ਹਨ, ਉਹ ਬਰਸਾਤਾਂ ਵਿੱਚ ਰੁੜ੍ਹ ਜਾਂਦੇ ਹਨ । ਕੀ ਮੰਤਰੀ ਜੀ ਹਾਊਸ ਦੇ ਵਿੱਚ ਇਹ ਭਰੋਸਾ ਦੇਣਗੇ ਕਿ ਇਹ ਪਾਈਪਾਂ ਡਾਈਵਰਟ ਕਰਕੇ, ਖੱਡਾਂ ਅਤੇ ਚੋਆਂ ਤੇ ਪਿਲਰ ਬਣਾ ਕੇ ਉਥੋਂ ਦੀ ਪਾਏ ਜਾਣ ਤਾਂ ਕਿ ਹਰ ਸਾਲ ਪਾਈਪ ਨਾ ਰੁੜ੍ਹਣ ਅਤੇ ਲਗਾਤਾਰ ਵਾਟਰ ਸਪਲਾਈ ਚਲਦੀ ਰਿਹਾ ਕਰੇ ।

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਇਨ੍ਹਾਂ ਦੇ ਸੁਝਾਓ ਦਾ ਨਿਰੀਖਣ ਕਰ ਲਿਆ ਜਾਵੇਗਾ ।

---

**ਬਲਾਕ ਨੂਰਪੁਰ ਬੇਦੀ ਵਿਚ 33 ਕੇ. ਵੀ.** ਗਰਿਡ ਸਟੇਸ਼ਨ ਲਗਾਉਣਾ

*2112. **ਸ੍ਰੀ ਰਮੇਸ਼ ਦੱਤ ਸ਼ਰਮਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਤਹਿਸੀਲ ਆਨੰਦਪੁਰ ਸਾਹਿਬ, ਜ਼ਿਲ੍ਹਾ ਰੋਪੜ ਦੇ ਬਲਾਕ ਨੂਰਪੁਰ ਬੇਦੀ ਵਿਚ 33 ਕੇ.ਵੀ. ਗਰਿਡ ਸਟੇਸ਼ਨ ਲਗਾਉਣ ਦੀ ਕੋਈ ਤਜਵੀਜ ਪੰਜਾਬ ਰਾਜ ਬਿਜਲੀ ਬੋਰਡ, ਰੋਪੜ ਸਰਕਲ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਿਥੇ ਲਗਾਇਆ ਜਾ ਰਿਹਾ ਹੈ ਅਤੇ ਇਸ ਦੇ ਕਦੋਂ ਤਕ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ?

**ਸ੍ਰੀ ਸੰਤੋਖ ਸਿੰਘ ਚੌਧਰੀ (ਮੁੱਖ ਸੰਸਦੀ ਸਕੱਤਰ) :** ਨਹੀਂ ਜੀ ।

**ਸ੍ਰੀ ਰਮੇਸ਼ ਦੱਤ ਸ਼ਰਮਾ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਨੰਦਪੁਰ ਸਾਹਿਬ ਤਹਿਸੀਲ, ਜ਼ਿਲ੍ਹਾ ਰੋਪੜ ਵਿੱਚ ਸਾਰੇ ਪੰਜਾਬ ਦੀ 60% ਬਿਜਲੀ ਪੈਦਾ ਕੀਤੀ ਜਾਂਦੀ ਹੈ । ਪਰ ਇਹ ਬਿਜਲੀ ਅਨੰਦਪੁਰ ਸਾਹਿਬ ਤੋਂ ਬਾਹਰ ਦਿੱਤੀ ਜਾਂਦੀ ਹੈ । ਅਨੰਦਪੁਰ ਸਾਹਿਬ ਤਹਿਸੀਲ ਦਾ ਕੁਝ ਏਰੀਆ ਕੰਡੀ ਦਾ ਏਰੀਆ ਹੈ ਅਤੇ ਕੁਝ ਸੈਮੀ-ਹਿੱਲੀ ਏਰੀਆ ਵੀ ਹੈ । ਇਹ ਤਾਂ ਮਲਾਹ ਦੇ ਹੁੱਕੇ ਵਿੱਚ ਪਾਣੀ ਨਾ ਹੋਣ ਵਾਲੀ ਗੱਲ ਹੋ ਗਈ ਹੈ । ਕੀ ਮੰਤਰੀ ਜੀ ਆਉਣ ਵਾਲੇ ਦਿਨਾਂ ਵਿੱਚ ਇਸ ਇਲਾਕੇ ਦਾ ਸਰਵੇ ਕਰਵਾਉਣਗੇ ਅਤੇ ਜੇਕਰ ਵਾਕਈ ਉਥੇ ਬਿਜਲੀ ਦੀ ਸਪਲਾਈ ਘੱਟ ਹੈ ਤਾਂ ਇਕ 33 ਕੇ.ਵੀ. ਦਾ ਗਰਿਡ ਸਟੇਸ਼ਨ ਲਾਉਣ ਦਾ ਪ੍ਰਯਤਨ ਕਰਨਗੇ ?

**ਸ੍ਰੀ ਸੰਤੋਖ ਸਿੰਘ ਚੌਧਰੀ (ਮੁੱਖ ਸੰਸਦੀ ਸਕੱਤਰ) :** ਜਿਸ 33 ਕੇ.ਵੀ. ਗਰਿਡ ਸਟੇਸ਼ਨ ਤੋਂ ਇਸ ਇਲਾਕੇ ਨੂੰ ਸਪਲਾਈ ਦਿੱਤੀ ਜਾਂਦੀ ਹੈ ਉਸ ਦੀ ਸਮਰੱਥਾ 10 ਐਮ. ਵੀ. ਏ. ਹੈ ਪਰ ਜਿਹੜੀ ਉਥੋਂ ਦੀ ਮੰਗ ਹੈ ਉਹ ਕੇਵਲ 7.6 ਐਮ.ਏ.ਵੀ. ਹੈ । ਉਸ ਦੀ ਸਮਰੱਥਾ ਵਧਾ ਸਕਦੇ ਹਾਂ । ਜੇਕਰ ਆਉਣ ਵਾਲੇ ਸਮੇਂ ਵਿੱਚ ਕੋਈ ਪ੍ਰਾਬਲਮ ਆਈ ਤਾਂ ਉਸ ਨੂੰ ਦੂਰ ਕਰਵਾ ਦੇਵਾਂਗੇ ।

Original with;
Punjab Vidhan Sabha
Digitized by;
Panjab Digital Library

MR. SPEAKER : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha.

-------

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

## ਸੈਲਫ ਫਾਇਨਾਂਸ ਸਕੀਮ ਅਧੀਨ ਬਿਜਲੀ ਦੇ ਕੁਨੈਕਸ਼ਨ

*2146. ਸਰਦਾਰ ਇੰਦਰਜੀਤ ਸਿੰਘ ਜ਼ੀਰਾ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਜਨਵਰੀ, 1993 ਤੋਂ ਹੁਣ ਤੱਕ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਚ ਸੈਲਫ ਫਾਈਨਾਂਸ ਸਕੀਮ ਅਧੀਨ ਕਿੰਨੇ ਵਿਅਕਤੀਆਂ ਵਲੋਂ ਬਿਜਲੀ ਦੇ ਕੁਨੈਕਸ਼ਨ ਲੈਣ ਲਈ ਅਰਜ਼ੀਆਂ ਦਿੱਤੀਆਂ ਹਨ ;

(ਅ) ਇਨ੍ਹਾਂ ਅਰਜ਼ੀਆਂ ਰਾਹੀਂ ਉਕਤ ਸਕੀਮ ਅਧੀਨ ਪੰਜਾਬ ਰਾਜ ਬਿਜਲੀ ਬੋਰਡ ਦੇ ਖਾਤੇ ਵਿੱਚ ਕੁੱਲ ਕਿੰਨੀ ਰਾਸ਼ੀ ਜਮ੍ਹਾਂ ਹੋਈ ਅਤੇ ਇਸਦੇ ਵੇਰਵੇ ਕੀ ਹਨ ;

(ੲ) ਇਨ੍ਹਾਂ ਵਿਚੋਂ ਹੁਣ ਤੱਕ ਕਿੰਨੇ ਵਿਅਕਤੀਆਂ ਨੂੰ ਬਿਜਲੀ ਦੇ ਕੁਨੈਕਸ਼ਨ ਦਿੱਤੇ ਗਏ ਹਨ ?

ਸਰਦਾਰ ਬੇਅੰਤ ਸਿੰਘ : (ੳ) 1 (ਇੱਕ)।

(ਅ) ਰੁਪਏ 5000/-

(ੲ) 1 (ਇੱਕ)।

---

Original with;
Punjab Vidhan Sabha
Digitized by;
Panjab Digital Library

WRITTEN ANSWERS TO STARRED QUESTIONS
LAID ON THE TABLE OF THE HOUSE
UNDER RULE 38

## ਸਬਜ਼ੀ ਮੰਡੀ, ਬਟਾਲਾ ਦੀ ਥਾਂ ਬਦਲਣਾ

*2084. (1) ਕਾਮਰੇਡ ਅਜੈਬ ਸਿੰਘ ਰੌਤਾ
(2) ਸ੍ਰੀਮਤੀ ਵਿਮਲਾ ਡਾਂਗ } : ਕੀ ਖੇਤੀਬਾੜੀ ਅਤੇ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਬਟਾਲਾ ਵਿਚ ਮੌਜੂਦਾ ਸਬਜ਼ੀ ਮੰਡੀ ਦੀ ਸਹੀ ਥਾਂ ਕਿਹੜੀ ਹੈ ਅਤੇ ਇਹ ਉਥੇ ਕਦੋਂ ਤੋਂ ਸਥਿਤ ਹੈ ;

(ਅ) ਕੀ ਸਰਕਾਰ ਇਸ ਸਬਜ਼ੀ ਮੰਡੀ ਨੂੰ ਕਿਸੇ ਨਵੀ ਥਾਂ ਤੇ ਬਦਲਣ ਦੀ ਤਜਵੀਜ਼ ਰੱਖਦੀ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਬਦਲੇ ਜਾਣ ਦੀ ਆਸ ਹੈ ?

ਸਰਦਾਰ ਦਿਲਬਾਗ ਸਿੰਘ ਨਵਾਂ ਸ਼ਹਿਰ : (ੳ) ਇਸ ਵੇਲੇ ਬਟਾਲਾ ਵਿਖੇ ਸਬਜ਼ੀ ਅਤੇ ਫਲਾਂ ਦਾ ਵਪਾਰ ਪੁਰਾਣੀ ਸਬਜ਼ੀ ਮੰਡੀ, ਜੋ ਕਿ ਸ਼ਹਿਰ ਦੇ ਵਿਚਕਾਰ ਗੁਰਦੁਆਰਾ ਸਤਿ ਕਰਤਾਰੀਆਂ ਅਤੇ ਸਿਵਲ ਹਸਪਤਾਲ ਦੇ ਨਜ਼ਦੀਕ ਹੈ, ਵਿਖੇ ਮਿਤੀ 9 ਅਗਸਤ, 1963 ਤੋਂ ਚੱਲ ਰਿਹਾ ਹੈ ।

(ਅ) ਜੀ ਹਾਂ ; ਬਟਾਲਾ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਫਲ ਅਤੇ ਸਬਜ਼ੀਆਂ ਦਾ ਵਪਾਰ ਨਵੀਂ ਮੰਡੀ (ਬਟਾਲਾ-ਡੇਰਾ-ਬਾਬਾ ਨਾਨਕ ਰੋਡ) ਜਿਥੇ ਕਿ ਇਸ ਮੰਤਵ ਲਈ ਮਾਰਕੀਟ ਯਾਰਡ ਨਿਸ਼ਚਿਤ ਕੀਤਾ ਗਿਆ ਹੈ, ਵਿਖੇ ਸ਼ੀਘਰ ਸ਼ਿਫਟ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ ।

## ਪੰਚਾਇਤੀ ਜ਼ਮੀਨ ਤੇ ਪ੍ਰਾਈਵੇਟ ਮਕਾਨ ਦੀ ਉਸਾਰੀ

*2165. ਸਰਦਾਰ ਰਣਜੀਤ ਸਿੰਘ ਛੱਜਲਵੱਡੀ : ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਰਾਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਕੀ ਇਹ ਠੀਕ ਹੈ ਕਿ ਪਿੰਡ ਖਡੂਰ ਸਾਹਿਬ ਦੀ ਪੰਚਾਇਤ ਦੇ ਕਿਸੇ ਮੈਂਬਰ ਨੇ ਪੰਚਾਇਤੀ ਜ਼ਮੀਨ ਤੇ ਆਪਣਾ ਮਕਾਨ ਬਣਾਇਆ

Original with;
Punjab Vidhan Sabha
Digitized by;
Panjab Digital Library

[ਸਰਦਾਰ ਰਣਜੀਤ ਸਿੰਘ ਛੱਜਲਵੱਡੀ]

ਹੋਇਆ ਹੈ, ਜੇਕਰ ਅਜਿਹਾ ਹੈ ਤਾਂ ਕੀ ਪੰਚਾਇਤੀ ਜ਼ਮੀਨ ਤੇ ਪ੍ਰਾਈਵੇਟ ਮਕਾਨ ਬਣਾਉਣ ਦੀ ਵਿਭਾਗ ਤੋਂ ਪਹਿਲਾਂ ਮਨਜ਼ੂਰੀ ਲੈਣ ਦੀ ਲੋੜ ਹੁੰਦੀ ਹੈ;

(ਅ) ਜੇਕਰ ਉਪਰੋਕਤ ਭਾਗ(ੳ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ ਸਬੰਧਤ ਮੈਂਬਰ ਨੇ ਵਿਭਾਗ ਤੋਂ ਮਨਜ਼ੂਰੀ ਲੈ ਕੇ ਮਕਾਨ ਬਣਾਇਆ ਹੈ ?

ਮਾਸਟਰ ਜਾਗੀਰ ਸਿੰਘ : (ੳ) ਨਹੀਂ ਜੀ ।

(ਅ) ਉਪਰੋਕਤ 'ੳ' ਦਾ ਉੱਤਰ ਨਾ ਵਿਚ ਹੋਣ ਕਰਕੇ ਵਿਭਾਗ ਦੀ ਪ੍ਰਵਾਨਗੀ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

-------

## ਲਿੰਕ ਸੜਕਾਂ ਦੀ ਮੁਰੰਮਤ ਲਈ ਕਸੌਟੀ

*2126. ਸਰਦਾਰ ਸਮਸ਼ੇਰ ਸਿੰਘ ਰਾਏ : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿਚ ਲਿੰਕ ਸੜਕਾਂ ਦੀ ਮੁਰੰਮਤ ਲਈ ਸਰਕਾਰ ਦੁਆਰਾ ਨਿਰਧਾਰਤ ਕੀਤੀ ਗਈ ਕਸੌਟੀ ਦੇ ਵੇਰਵੇ ਕੀ ਹਨ ?

ਸਰਦਾਰ ਬੇਅੰਤ ਸਿੰਘ : ਲਿੰਕ ਸੜਕਾਂ ਦੀ ਦੁਬਾਰਾ ਮੁਰੰਮਤ ਦਾ ਕੰਮ 6 ਸਾਲਾਂ ਬਾਅਦ ਕੀਤਾ ਜਾਂਦਾ ਹੈ ਬਸ਼ਰਤੇ ਕਿ ਇਸ ਲਈ ਜ਼ਰੂਰੀ ਧਨ ਉਪਲਬਧ ਹੋਵੇ ।

---

Original with;
Punjab Vidhan Sabha
Digitized by;
Panjab Digital Library

**Starred Question No. 2147***

(Extension has been asked for in respect of Starred Question No. 2147)

---

UNSTARRED QUESTIONS AND ANSWERS

ਛੇਹਰਟਾ ਵਿਚ ਸਸਤੇ ਭਾਅ ਦੀਆਂ ਦੁਕਾਨਾਂ ਦੀ ਗਿਣਤੀ

310. ਸ੍ਰੀਮਤੀ ਵਿਮਲਾ ਡਾਂਗ : ਕੀ ਖੁਰਾਕ ਅਤੇ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) 1 ਫਰਵਰੀ, 1992 ਨੂੰ ਅਤੇ ਇਸ ਸਮੇਂ ਸਾਬਕਾ ਮਿਊਂਨਿਸਪਲ ਕਮੇਟੀ, ਛੇਹਰਟਾ ਦੀਆਂ ਹੱਦਾਂ ਅੰਦਰ ਸਸਤੇ ਭਾਅ ਦੀਆਂ ਦੁਕਾਨਾਂ ਦੀ ਕੁੱਲ ਗਿਣਤੀ ਕਿੰਨੀ ਸੀ/ਹੈ ਅਤੇ ਉਨ੍ਹਾਂ ਦੇ ਮਾਲਕਾਂ ਦੇ ਨਾਂ ਕੀ ਕੀ ਹਨ ਅਤੇ ਅਜਿਹੀਆਂ ਦੁਕਾਨਾਂ ਕਿਥੇ ਕਿਥੇ ਸਥਿਤ ਸਨ/ਹਨ ਅਤੇ ਅਜਿਹੀ ਹਰ ਇਕ ਦੁਕਾਨ ਵਿਚ ਦਰਜ ਰਾਸ਼ਨ ਕਾਰਡਾਂ ਦੀ ਗਿਣਤੀ ਕਿੰਨੀ ਕਿੰਨੀ ਹੈ;

(ਅ) ਕੀ ਉਪਰੋਕਤ ਭਾਗ (ੳ) ਵਿਚ ਵਰਣਿਤ ਥਾਵਾਂ ਤੇ ਸਸਤੇ ਭਾਅ ਦੀਆਂ ਦੁਕਾਨਾਂ ਦੀ ਅਲਾਟਮੈਂਟ ਲਈ ਕੋਈ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ; ਜੇਕਰ ਅਜਿਹਾ ਹੋਵੇ, ਤਾਂ ਅਜਿਹੇ ਬਿਨੈਕਾਰਾਂ

---

*For Starred Question No. 2147 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

।ਖੁਰਾਕ ਅਤੇ ਸਪਲਾਈਜ਼ ਮੰਤਰੀ।

| 1 | 2 | 3 | 4 | 5 | 6 | 7 |
|---|---|---|---|---|---|---|
| 3. | ਮੈਸ: ਮਹਿੰਦਰ ਸਿੰਘ ਅਤੇ ਸੁਹਾਗ ਵੰਤੀ, ਮਹਿੰਦਰ ਸਿੰਘ ਭਾਈਵਾਲ ਸੁਹਾਗ ਵੰਤੀ ਵਿਧਵਾ ਭਾਈਵਾਲ | ਸੋਹਨ ਸਿੰਘ ਬਿਹਾਰੀ ਸਿੰਘ | ਧਰਮਪੁਰਾ, ਗਲੀ ਨੰ: 1 ਛੇਹਰਟਾ | ਵਡਾਲੀ ਗੁਰੂ | 589 | 3544 |
| 4. | ਮਨਜਾ ਰਾਮ | ਸਾਉਣੀ ਰਾਮ | ਅਜ਼ਾਦ ਰੋਡ, ਛੇਹਰਟਾ | ਛੇਹਰਟਾ | 492 | 2512 |
| 5. | ਸਤੀਸ਼ ਕੁਮਾਰ | ਗਿਆਨ ਚੰਦ | ਅਜ਼ਾਦ ਰੋਡ, ਛੇਹਰਟਾ | ਛੇਹਰਟਾ | 610 | 3255 |
| 6. | ਹੰਸ ਰਾਜ ਸ਼ਰਮਾ | ਲਾਲਜੀ ਰਾਮ | ਨੇੜੇ ਪੁਲਿਸ ਥਾਣਾ, ਛੇਹਰਟਾ | ਛੇਹਰਟਾ | 488 | 2484 |
| 7. | ਸਤਪਾਲ ਅਰੋੜਾ | ਪਿਆਰਾ ਲਾਲ | ਸ਼ੂਗਰ ਮਿਲਜ਼, ਜੀ.ਟੀ.ਰੋਡ, ਛੇਹਰਟਾ | ਛੇਹਰਟਾ | 515 | 2566 |
| 8. | ਗੁੱਲੀ ਚੰਦ | ਤੋਤਾ ਰਾਮ | ਪਿਸ਼ੌਰੀ ਬਿਲਡਿੰਗ, ਜੀ.ਟੀ.ਰੋਡ, ਛੇਹਰਟਾ | ਘਨੂਪੁਰ | 540 | 3100 |

Original with;
Punjab Vidhan Sabha
Digitized by;
Panjab Digital Library

## ਸੂਚੀ ਨੰ: 1

ਕੇਦਰ : ਛੇਹਰਟਾ — ਮਿਤੀ 1 ਫਰਵਰੀ, 1992 ਨੂੰ ਸਾਬਕਾ ਮਿਊਂਸਪਲ ਕਮੇਟੀ ਛੇਹਰਟਾ ਦੀ ਹੱਦ ਅੰਦਰ ਸਸਤੇ ਭਾਅ ਦੀਆਂ ਅਲਾਟ ਕੀਤੀਆਂ ਦੁਕਾਨਾਂ ਦਾ ਵੇਰਵਾ

ਸਰਕਲ : ਅੰਮ੍ਰਿਤਸਰ

| ਲੜੀ ਨੰ: | ਡੀਪੂ ਹੋਲਡਰ ਦਾ ਨਾਂ | ਪਿਤਾ ਦਾ ਨਾਂ | ਪੂਰਾ ਪਤਾ | ਡਿਪੂ ਦੀ ਜਗ੍ਹਾ | ਦਰਜ ਰਾਸ਼ਨ ਕਾਰਡ (ਮਿਤੀ 1-2-1992 ਤੱਕ) | ਦਰਜ ਯੂਨਿਟ (ਮਿਤੀ 1-2-1992 ਤੱਕ) |
|---|---|---|---|---|---|---|
| 1 | 2 | 3 | 4 | 5 | 6 | 7 |
| 1 | ਹੰਸ ਰਾਜ ਕਪੂਰ | ਬਿਸ਼ਨ ਦਾਸ | ਕਰਤਾਰ ਨਗਰ, ਗਲੀ ਨੰ: 7, ਛੇਹਰਟਾ | ਵਡਾਲੀ ਗੁਰੂ | 394 | 2306 |
| 2. | ਹੰਸ ਰਾਜ ਛਾਬੜਾ | ਹਰਸੁਖ ਲਾਲ | 166/9, ਸੁਭਾਸ਼ ਰੋਡ, ਛੇਹਰਟਾ | ਵਡਾਲੀ ਗੁਰੂ | 465 | 2680 |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 | 6 | 7 |
|---|---|---|---|---|---|---|
| | ਕੁਲਦੀਪ ਰਾਜ ਭਾਈਵਾਲ | ਗੋਪਾਲ ਦਾਸ | | | | |
| 16. | ਤਾਰਾ ਚੰਦ | ਕਰਮ ਚੰਦ | ਨਿਊ ਮਾਡਲ ਟਾਊਨ, ਛੇਹਰਟਾ | ਜੀ.ਟੀ.ਰੋਡ, ਛੇਹਰਟਾ | 528 | 3027 |
| 17. | ਓ.ਸੀ.ਐਮ. ਸਟੋਰ | | ਓ.ਸੀ.ਐਮ. ਕੋਆ-ਪਰੇਟਿਵ ਸਟੋਰ, ਅੰਦਰ ਓ.ਸੀ.ਐਮ. ਮਿਲ, ਛੇਹਰਟਾ | ਛੇਹਰਟਾ | 240 | 1266 |
| 18. | ਰਾਜ ਸਿੰਘ | ਮਹਿੰਦਰ ਸਿੰਘ | ਘਨੂਪੁਰ ਛੇਹਰਟਾ | ਘਨੂਪੁਰ | 300 | 1540 |
| 19. | ਮੈਸ:ਗਿਰਧਾਰੀ ਲਾਲ ਓਮ ਪ੍ਰਕਾਸ਼ | | | | | |
| | ਗਿਰਧਾਰੀ ਲਾਲ ਭਾਈਵਾਲ | ਨਿਰੰਜਨ ਦਾਸ | ਮਜੀਦ ਬਿਲਡਿੰਗ, ਛੇਹਰਟਾ | ਛੇਹਰਟਾ | 458 | 2330 |
| | ਓਮ ਪ੍ਰਕਾਸ਼ ਭਾਈਵਾਲ | ਗਿਰਧਾਰੀ ਲਾਲ | | | | |
| 20. | ਜਗਦੀਸ਼ ਚੰਦਰ ਜੋਸ਼ੀਲਾ | ਕੇਸ਼ੋ ਰਾਮ | -ਉਹੀ- | -ਉਹੀ- | 437 | 2239 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 9. | ਗੁਲਾਬ ਚੰਦ | ਨਿਹਾਲ ਚੰਦ | ਸ਼ੇਰਸ਼ਾਹ ਸੂਰੀ ਰੋਡ, ਛੇਹਰਟਾ | ਘਨੂਪੁਰ | 537 | 3193 |
| 10. | ਰਾਮ ਦਾਸ | ਗਿਰਧਾਰੀ ਲਾਲ | ਚੌਂਕ ਛੇਹਰਟਾ | ਚੌਂਕ ਛੇਹਰਟਾ | 698 | 3700 |
| 11. | ਅੰਮ੍ਰਿਤ ਲਾਲ | ਕਸਤੂਰੀ ਲਾਲ | ਘਨੂਪੁਰ (ਛੇਹਰਟਾ) | ਘਨੂਪੁਰ | 481 | 2759 |
| 12. | ਸੀ.ਏ.ਐਸ.ਐਸ. | | ਅੰਦਰ ਪੁਲਿਸ ਚੌਂਕੀ ਕੋਟ ਖਾਲਸਾ | ਕੋਟ ਖਾਲਸਾ | 357 | 2192 |
| 13. | ਧੰਨੀ ਸਿੰਘ | ਨੱਥਾ ਸਿੰਘ | ਵਿਕਾਸ ਨਗਰ, ਸ਼ਾਪ ਨੰ: 3, ਸ਼ੇਰਸਾਹ ਸੂਰੀ ਰੋਡ, ਘਨੂਪੁਰ | ਘਨੂਪੁਰ | 550 | 2661 |
| 14. | ਮੈਸ: ਸ੍ਰੀ ਰਾਮ, ਸੇਵਾ ਰਾਮ<br>ਸ੍ਰੀ ਰਾਮ, ਭਾਈਵਾਲ<br>ਸੇਵਾ ਰਾਮ ਭਾਈਵਾਲ | ਰਣ ਸਿੰਘ<br>ਰਣ ਸਿੰਘ | ਨਰੈਣਗੜ੍ਹ, ਗਲੀ ਨੰ: 1, ਛੇਹਰਟਾ | ਨਰੈਣਗੜ੍ਹ | 588 | 3114 |
| 15. | ਮੈਸ: ਲਖਵਿੰਦਰ ਸਿੰਘ ਐਂਡ ਕੋ :,<br>ਲਖਵਿੰਦਰ ਸਿੰਘ ਭਾਈਵਾਲ | ਕ੍ਰਿਸ਼ਨ ਸਿੰਘ | ਨਿਊ ਮਾਡਲ ਟਾਊਨ, ਛੇਹਰਟਾ | ਮਾਡਲ ਟਾਊਨ, ਛੇਹਰਟਾ । | 410 | 2080 |

Original with;
Punjab Vidhan Sabha
Digitized by;
Panjab Digital Library

ਸੂਚੀ ਨੰ: 2

ਕੇਂਦਰ : ਛੇਹਰਟਾ ਮਿਤੀ 31-7-1994 ਤੱਕ ਦੇ ਡੀਪੂਆਂ ਦੀ ਸੂਚੀ

ਸਰਕਲ : ਅੰਮ੍ਰਿਤਸਰ

| ਲੜੀ ਨੰ: | ਡੀਪੂ ਹੋਲਡਰ ਦਾ ਨਾਂ | ਪਿਤਾ ਦਾ ਨਾਂ | ਪੂਰਾ ਪਤਾ | ਡੀਪੂ ਦੀ ਜਗ੍ਹਾ | ਦਰਜ ਰਾਸ਼ਨ ਕਾਰਡ (ਮਿਤੀ 31-7-1994 ਤੱਕ) | ਦਰਜ ਯੂਨਿਟ (ਮਿਤੀ 31-7-1994 ਤੱਕ) |
|---|---|---|---|---|---|---|
| 1 | 2 | 3 | 4 | 5 | 6 | 7 |
| 1. | ਹੰਸ ਰਾਜ ਕਪੂਰ | ਬਿਸ਼ਨ ਦਾਸ | ਕਰਤਾਰ ਨਗਰ, ਗਲੀ ਨੰ: 7, ਛੇਹਰਟਾ | ਵਡਾਲੀ ਗੁਰੂ | 442 | 2404 |
| 2. | ਹੰਸ ਰਾਜ ਛਾਬੜਾ | ਹਰਸੁਖ ਲਾਲ | 166/9, ਸੁਭਾਸ਼ ਰੋਡ, ਛੇਹਰਟਾ | ਵਡਾਲੀ ਗੁਰੂ | 604 | 3339 |
| 3. | ਮੈਸ: ਮਹਿੰਦਰ ਸਿੰਘ ਅਤੇ ਸੁਹਾਗ ਵੰਤੀ ਮਹਿੰਦਰ ਸਿੰਘ, ਭਾਈਵਾਲ | ਸੋਹਨ ਸਿੰਘ | ਧਰਮਪੁਰਾ, ਗਲੀ ਨੰ: 1, ਛੇਹਰਟਾ | ਵਡਾਲੀ ਗੁਰੂ | 772 | 4806 |

Original with; Punjab Vidhan Sabha Digitized by; Panjab Digital Library

| | | | | | | |
|---|---|---|---|---|---|---|
| 21. | ਦਰਸ਼ਨ ਲਾਲ ਭਾਟੀਆ | ਚੂਨੀ ਲਾਲ ਭਾਟੀਆ | ਸ਼ੋਰੀ ਨਗਰ, ਛੇਹਰਟਾ | ਸ਼ੋਰੀ ਨਗਰ, ਛੇਹਰਟਾ | 538 | 2837 |
| 22. | ਜਗਤਾਰ ਸਿੰਘ | ਸਿੰਗਾਰਾ ਸਿੰਘ | ਪਿੰਡ ਕਾਲੇ, ਛੇਹਰਟਾ | ਕਾਲੇ | 596 | 3707 |
| 23. | ਗੁਰਮੇਜ਼ ਰਾਮ | ਬਚਨਾ ਰਾਮ | ਜੀ.ਟੀ. ਰੋਡ, ਛੇਹਰਟਾ | ਸੁਭਾਸ਼ ਰੋਡ, ਛੇਹਰਟਾ | 570 | 3150 |
| 24. | ਊਸ਼ਾ ਰਾਣੀ ਵਿਧਵਾ | ਅਸ਼ੋਕ ਕੁਮਾਰ | 12, ਕਰਤਾਰ ਨਿਵਾਸ, ਨੇੜੇ ਪੁਲਿਸ ਥਾਣਾ, ਛੇਹਰਟਾ | ਛੇਹਰਟਾ ਚੌਂਕ | 497 | 2476 |
| 25. | ਓਮ ਪ੍ਰਕਾਸ਼ | ਵਧਾਂਵਾ ਮਲ | ਜਵਾਲਾ ਨਗਰ, ਨਰੈਣਗੜ੍ਹ, ਛੇਹਰਟਾ | ਨਰੈਣਗੜ੍ਹ ਛੇਹਰਟਾ | 540 | 3042 |

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈਜ਼ ਮੰਤਰੀ]

| 1 | 2 | 3 | 4 | 5 | 6 | 7 |
|---|---|---|---|---|---|---|
| 13. | ਧਨੀ ਸਿੰਘ | ਨੱਥਾ ਸਿੰਘ | ਵਿਕਾਸ ਨਗਰ, ਸ਼ਾਪ ਨੰ: 3, ਸ਼ੇਰਸ਼ਾਹ ਸੂਰੀ ਰੋਡ, ਘਨੂਪੁਰ | ਘਨੂਪੁਰ | 809 | 4099 |
| 14. | ਮੈਸ: ਸ਼੍ਰੀ ਰਾਮ, ਸੇਵਾ ਰਾਮ | | | | | |
| | ਸ਼੍ਰੀ ਰਾਮ ਭਾਈਵਾਲ | ਰਣ ਸਿੰਘ | ਨਰੈਣਗੜ੍ਹ, ਗਲੀ ਨੰ: 1, ਛੇਹਰਟਾ | ਨਰੈਣਗੜ੍ਹ | 724 | 3840 |
| | ਸੇਵਾ ਰਾਮ ਭਾਈਵਾਲ | ਰਣ ਸਿੰਘ | | | | |
| 15. | ਮੈਸ: ਲਖਵਿੰਦਰ ਸਿੰਘ ਐਂਡ ਕੋ. | | | | | |
| | ਲਖਵਿੰਦਰ ਸਿੰਘ ਭਾਈਵਾਲ | ਕਿਸ਼ਨ ਸਿੰਘ | ਨਿਊ ਮਾਡਲ ਟਾਊਨ, ਛੇਹਰਟਾ | ਮਾਡਲ ਟਾਊਨ, ਛੇਹਰਟਾ | 674 | 3723 |
| | ਕੁਲਦੀਪ ਰਾਜ, ਭਾਈਵਾਲ | ਗੋਪਾਲ ਦਾਸ | | | | |
| 16. | ਤਾਰਾ ਚੰਦ | ਕਰਮ ਚੰਦ | ਨਿਊ ਮਾਡਲ ਟਾਊਨ, ਛੇਹਰਟਾ | ਜੀ.ਟੀ. ਰੋਡ, ਛੇਹਰਟਾ | 704 | 4013 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| | ਸੁਹਾਗ ਵੰਤੀ ਵਿਧਵਾ ਭਾਈਵਾਲ | ਬਿਹਾਰੀ ਸਿੰਘ | | | | |
| 4. | ਮਨਸਾ ਰਾਮ | ਸਾਉਣੀ ਰਾਮ | ਅਜ਼ਾਦ ਰੋਡ, ਛੇਹਰਟਾ | ਛੇਹਰਟਾ | 519 | 2688 |
| 5. | ਸਤੀਸ਼ ਕੁਮਾਰ | ਗਿਆਨ ਚੰਦ | ਅਜ਼ਾਦ ਰੋਡ, ਛੇਹਰਟਾ | ਛੇਹਰਟਾ | 591 | 2978 |
| 6. | ਹੰਸ ਰਾਜ ਸ਼ਰਮਾ | ਲਾਲਜੀ ਰਾਮ | ਨੇੜੇ ਪੁਲਿਸ ਥਾਣਾ, ਛੇਹਰਟਾ | ਛੇਹਰਟਾ | 682 | 3167 |
| 7. | ਸਤਪਾਲ ਅਰੋੜਾ | ਪਿਆਰਾ ਲਾਲ | ਸ਼ੂਗਰ ਮਿਲਜ਼, ਜੀ.ਟੀ. ਰੋਡ, ਛੇਹਰਟਾ | ਛੇਹਰਟਾ | 583 | 3252 |
| 8. | ਗੁੱਲੀ ਚੰਦ | ਤੋਤਾ ਰਾਮ | ਪਿਸ਼ੌਰੀ ਬਿਲਡਿੰਗ, ਜੀ.ਟੀ. ਰੋਡ, ਛੇਹਰਟਾ | ਘਨੂਪੁਰ | 640 | 3644 |
| 9. | ਗੁਲਾਬ ਚੰਦ | ਨਿਹਾਲ ਚੰਦ | ਸ਼ੇਰਸ਼ਾਹ ਸੂਰੀ ਰੋਡ, ਛੇਹਰਟਾ | ਘਨੂਪੁਰ | 692 | 4110 |
| 10. | ਰਾਮਦਾਸ | ਗਿਰਧਾਰੀ ਲਾਲ | ਚੌਂਕ ਛੇਹਰਟਾ | ਚੌਂਕ ਛੇਹਰਟਾ | 1023 | 5114 |
| 11. | ਅੰਮ੍ਰਿਤ ਲਾਲ | ਕਸਤੂਰੀ ਲਾਲ | ਘਨੂਪੁਰ, ਛੇਹਰਟਾ | ਘਨੂਪੁਰ | 655 | 3682 |
| 12. | ਸੀ.ਏ.ਐਸ.ਐਸ. | | ਅੰਦਰ ਪੁਲਿਸ ਚੌਕੀ, ਕੋਟ ਖਾਲਸਾ | ਕੋਟ ਖਾਲਸਾ | 564 | 3149 |

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈਜ਼ ਮੰਤਰੀ]

| 1 | 2 | 3 | 4 | 5 | 6 | 7 |
|---|---|---|---|---|---|---|
| 24. | ਊਸ਼ਾ ਰਾਣੀ ਵਿਧਵਾ | ਅਸ਼ੋਕ ਕੁਮਾਰ | 12, ਕਰਤਾਰ ਨਿਵਾਸ, ਨੇੜੇ ਪੁਲਿਸ ਥਾਣਾ, ਛੇਹਰਟਾ | ਛੇਹਰਟਾ ਚੌਂਕ | 789 | 3644 |
| 25. | ਸ਼ਕੁੰਤਲਾ ਦੇਵੀ ਵਿਧਵਾ | ਓਮ ਪ੍ਰਕਾਸ਼ | ਜਵਾਲਾ ਨਗਰ, ਨਰੈਣਗੜ੍ਹ, ਛੇਹਰਟਾ | ਨਰੈਣਗੜ੍ਹ, ਛੇਹਰਟਾ | 709 | 3952 |
| 26. | ਹਰਜਿੰਦਰ ਸਿੰਘ | ਰੂੜ ਸਿੰਘ | ਨਵੀਂ ਆਬਾਦੀ, ਘਨੂਪੁਰ | ਛੇਹਰਟਾ | 340 | 1399 |
| 27. | ਓਂਕਾਰ ਸਿੰਘ | ਜੋਗਿੰਦਰ ਸਿੰਘ | ਵੈਸਟ ਦਸ਼ਮੇਸ਼ ਨਗਰ, ਪੁਰਾਣੀ ਚੂੰਗੀ, ਛੇਹਰਟਾ | ਛੇਹਰਟਾ | 343 | 1572 |
| 28. | ਗਿਆਨ ਸਿੰਘ | ਸੇਵਾ ਸਿੰਘ | ਗੁਰੂ ਅਮਰ ਦਾਸ ਕਾਲੋਨੀ, ਨਰੈਣਗੜ੍ਹ | ਨਰੈਣਗੜ੍ਹ | 238 | 1320 |
| 29. | ਕਵਲ ਨੈਣ | ਗੁਰਦਾਸ ਮਲ | ਅਜ਼ਾਦ ਰੋਡ, ਗਲੀ ਨੰ: 1, ਛੇਹਰਟਾ | ਛੇਹਰਟਾ | 266 | 1335 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 17. | ਓ.ਸੀ.ਐਮ. ਸਟੋਰ | | ਓ.ਸੀ.ਐਮ. ਕੋਆਪਰੇਟਿਵ ਸਟੋਰ ਅੰਦਰ ਓ.ਸੀ.ਐਮ. ਮਿਲਜ਼, ਛੇਹਰਟਾ | ਛੇਹਰਟਾ | 285 | 1378 |
| 18. | ਰਾਜ ਸਿੰਘ | ਮਹਿੰਦਰ ਸਿੰਘ | ਘਨੂਪੁਰ, ਛੇਹਰਟਾ | ਘਨੂਪੁਰ | 637 | 3455 |
| 19. | ਮੈਸ: ਗਿਰਧਾਰੀ ਲਾਲ ਓਮ ਪ੍ਰਕਾਸ਼ | | | | | |
| | ਗਿਰਧਾਰੀ ਲਾਲ, ਭਾਈਵਾਲ | ਨਰੰਜਨ ਦਾਸ | ਮਜੀਦ ਬਿਲਡਿੰਗ, ਛੇਹਰਟਾ | ਛੇਹਰਟਾ | 779 | 3650 |
| | ਓਮ ਪ੍ਰਕਾਸ਼ ਭਾਈਵਾਲ | ਗਿਰਧਾਰੀ ਲਾਲ | | | | |
| 20. | ਸਤੀਸ਼ ਕੁਮਾਰ | ਜਗਦੀਸ਼ ਚੰਦਰ ਜੋਸ਼ੀਲਾ | ਮਜੀਦ ਬਿਲਡਿੰਗ, ਛੇਹਰਟਾ | ਛੇਹਰਟਾ | 460 | 2312 |
| 21. | ਦਰਸ਼ਨ ਲਾਲ ਭਾਟੀਆ | ਚੂਨੀ ਲਾਲ ਭਾਟੀਆ | ਸ਼ੇਰੀ ਨਗਰ, ਛੇਹਰਟਾ | ਸ਼ੇਰੀ ਨਗਰ, ਛੇਹਰਟਾ | 820 | 4514 |
| 22. | ਜਗਤਾਰ ਸਿੰਘ | ਸ਼ਿੰਗਾਰਾ ਸਿੰਘ | ਪਿੰਡ ਕਾਲੇ, ਛੇਹਰਟਾ | ਕਾਲੇ | 863 | 5000 |
| 23. | ਗੁਰਮੇਜ ਰਾਮ | ਬਚਨਾ ਰਾਮ | ਜੀ.ਟੀ. ਰੋਡ, ਛੇਹਰਟਾ | ਸ਼ੁਭਾਸ਼ ਰੋਡ, ਛੇਹਰਟਾ | 643 | 3388 |

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈਜ਼ ਮੰਤਰੀ]

11. ਸ਼੍ਰੀ ਹਰਨਾਮ ਸਿੰਘ, ਪੁੱਤਰ ਅਮਰੀਕ ਸਿੰਘ,
ਸੰਧੂ ਕਲੋਨੀ, ਛੇਹਰਟਾ ।

12. ਕੁਲਦੀਪ ਸਿੰਘ, ਪੁੱਤਰ ਗੁਰਮੇਜ ਸਿੰਘ,
ਗੁਰੂ ਅਮਰ ਦਾਸ ਕਲੋਨੀ, ਛੇਹਰਟਾ ।

13. ਸ਼੍ਰੀ ਜਸਪਾਲ ਸਿੰਘ, ਪੁੱਤਰ ਨਰਿੰਦਰ ਸਿੰਘ,
ਪਿੰਡ ਘਣੂਪੁਰ, ਛੇਹਰਟਾ ।

14. ਸ਼੍ਰੀ ਓਮ ਪ੍ਰਕਾਸ਼, ਪੁੱਤਰ ਬਾਬੂ ਰਾਮ,
ਪਿੰਡ ਕਾਲੇ, ਛੇਹਰਟਾ ।

15. ਸ਼੍ਰੀ ਕਸ਼ਮੀਰ ਸਿੰਘ, ਪੁੱਤਰ ਦਲੀਪ ਸਿੰਘ,
ਪਿੰਡ ਕਾਲੇ, ਛੇਹਰਟਾ ।

16. ਸ਼੍ਰੀ ਰਾਜ ਕੁਮਾਰ, ਪੁੱਤਰ ਦੀਵਾਨ ਚੰਦ,
ਕਾਲੇ ਘਣੂਪੁਰ, ਛੇਹਰਟਾ ।

17. ਸ਼੍ਰੀ ਮੋਤੀ ਲਾਲ, ਪੁੱਤਰ ਆਰਿਆ ਰਾਮ,
ਘਣੂਪੁਰ, ਛੇਹਰਟਾ ।

18. ਅਜੇ, ਪੁੱਤਰ ਸ਼੍ਰੀ ਰਾਮ ਪਾਲ,
3266/249, ਗੋਬਿੰਦਪੁਰਾ, ਡਾਕਖਾਨਾ ਰਾਇਲ ਐਂਡ ਮਿਲਕ ਮਿਲਜ਼, ਨੇੜੇ ਛੇਹਰਟਾ ।

19. ਸ਼੍ਰੀਮਤੀ ਵਰਸ਼ਾ ਰਾਣੀ, ਪਤਨੀ ਸ਼੍ਰੀ ਸੁਗਰੀਵ ਰਾਜ,
ਪਿੰਡ ਕਾਲੇ, ਛੇਹਰਟਾ ।

20. ਸ਼੍ਰੀ ਦਵਿੰਦਰ ਦੱਤ, ਪੁੱਤਰ ਨਿਹਾਲ ਚੰਦ,
ਨਵੀਂ ਅਬਾਦੀ, ਹਰਕ੍ਰਿਸ਼ਨ ਨਗਰ, ਘਣੂਪੁਰ ਕਾਲੇ, ਛੇਹਰਟਾ ।

21. ਸ਼੍ਰੀ ਮਹਿੰਦਰ ਸਿੰਘ, ਪੁੱਤਰ ਸ਼੍ਰੀ ਮੋਹਨ ਸਿੰਘ,
ਪਰਤਾਪ ਬਜ਼ਾਰ, ਛੇਹਰਟਾ ।

22. ਸ਼੍ਰੀ ਜਨਕ ਰਾਜ, ਪੁੱਤਰ ਸ਼੍ਰੀ ਜੈ ਚੰਦ,
ਹਰਗੋਬਿੰਦਪੁਰਾ, ਵਡਾਲੀ ਗੁਰੂ ਰੋਡ, ਛੇਹਰਟਾ ।

Original with;
Punjab Vidhan Sabha
Digitized by;
Panjab Digital Library

ਸੂਚੀ ਨੰ: 3

ਭਾਗ (ੳ) ਵਿੱਚ ਵਰਣਿਤ ਥਾਵਾਂ ਤੇ ਸਸਤੇ ਭਾਅ ਦੀਆਂ ਦੁਕਾਨਾਂ ਦੀ ਅਲਾਟਮੈਂਟ ਲਈ ਰੱਦ ਕੀਤੀਆਂ ਅਰਜ਼ੀਆਂ ਦਾ ਵੇਰਵਾ ।

1. ਸ੍ਰੀ ਦੀਪਕ ਕੁਮਾਰ, ਪੁੱਤਰ ਮਨੋਹਰ ਲਾਲ ਮਲਹੋਤਰਾ,
   249, ਮਜੀਦ ਬਿਲਡਿੰਗ, ਜੀ.ਟੀ. ਰੋਡ, ਛੇਹਰਟਾ ।
2. ਸ੍ਰੀ ਮਾਨਵ ਸਰੀਨ, ਪੁੱਤਰ ਵਿਜੈ ਕੁਮਾਰ ਸਰੀਨ,
   227, ਰਣਜੀਤ ਪੁਰਾ, ਛੇਹਰਟਾ, ਅੰਮ੍ਰਿਤਸਰ ।
3. ਸ੍ਰੀ ਨਰਿੰਦਰ ਸਿੰਘ, ਪੁੱਤਰ ਦਰਸ਼ਨ ਸਿੰਘ,
   ਡਾ: ਹੇਤ ਰਾਮ ਕਲੋਨੀ, ਛੇਹਰਟਾ ।
4. ਸ੍ਰੀਮਤੀ ਬਿਮਲਾ ਰਾਣੀ, ਪਤਨੀ ਸ੍ਰੀ ਕਿਸ਼ਨ ਚੰਦ,
   ਨੇੜੇ ਪੁਲਿਸ ਥਾਣਾ, ਛੇਹਰਟਾ ।
5. ਸ੍ਰੀ ਕਿਸ਼ਨ ਲਾਲ, ਪੁੱਤਰ ਸ੍ਰੀ ਲਭਾ ਰਾਮ,
   ਜਪਾਨੀ ਮਿੱਲ, ਛੇਹਰਟਾ ।
6. ਸ੍ਰੀ ਯਸ਼ਪਾਲ, ਪੁੱਤਰ ਜਗਜੀਤ ਚੰਦ,
   ਡਾ: ਹੇਤ ਰਾਮ ਕਲੋਨੀ, ਨਰੈਣਗੜ੍ਹ, ਛੇਹਰਟਾ, ਅੰਮ੍ਰਿਤਸਰ ।
7. ਸ੍ਰੀ ਰਘਵੀਰ ਸਿੰਘ, ਪੁੱਤਰ ਸੂਰਤ ਸਿੰਘ,
   ਗੁਰੂ ਨਾਨਕ ਕਲੋਨੀ, ਕਾਲੇ ਘਨੂਪੁਰ, ਛੇਹਰਟਾ, ਅੰਮ੍ਰਿਤਸਰ ।
8. ਸ੍ਰੀ ਓਮ ਪ੍ਰਕਾਸ਼ ਸ਼ਰਮਾ, ਪੁੱਤਰ ਹੰਸ ਰਾਜ,
   ਪਿੰਡ ਕਾਲੇ ਘਨੂਪੁਰ, ਛੇਹਰਟਾ ।
9. ਸ੍ਰੀਮਤੀ ਬਲਬੀਰ ਕੌਰ, ਪਤਨੀ ਸ: ਦਿਆਲ ਸਿੰਘ,
   ਪਿੰਡ ਕਾਲੇ ਘਨੂਪੁਰ, ਛੇਹਰਟਾ ।
10. ਸ੍ਰੀ ਅਸ਼ਵਨੀ ਕੁਮਾਰ, ਪੁੱਤਰ ਮਿੱਤਰਪਾਲ,
    ਕਰਤਾਰ ਨਗਰ, ਛੇਹਰਟਾ ।

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈਜ਼ ਮੰਤਰੀ]

35. ਸ਼੍ਰੀ ਬਚਿੱਤਰ ਸਿੰਘ, ਪੁੱਤਰ ਭਜਨ ਸਿੰਘ,
ਪਿੰਡ ਕਾਲੇ, ਛੇਹਰਟਾ ।

36. ਸ਼੍ਰੀ ਰਾਮੇਸ਼ ਪਾਲ, ਪੁੱਤਰ ਸ਼ੰਕਰ ਦਾਸ,
ਨੇੜੇ ਰੇਲਵੇ ਫਾਟਕ, ਬਿਲਡਿੰਗ ਸ਼ੰਭੂ ਨਾਥ, ਛੇਹਰਟਾ ।

37. ਸ਼੍ਰੀ ਵਰਿੰਦਰ ਕੁਮਾਰ, ਪੁੱਤਰ ਰਾਮ ਚੰਦ,
ਪਿਛੇ ਛੇਹਰਟਾ ਹਾਈ ਸਕੂਲ, ਛੇਹਰਟਾ ।

38. ਸ਼੍ਰੀਮਤੀ ਹੀਰਾ ਦੇਵੀ, ਵਿਧਵਾ ਦੇਸ ਰਾਜ,
ਛੇਹਰਟਾ ।

39. ਸ਼੍ਰੀ ਰਾਕੇਸ਼ ਕੁਮਾਰ, ਪੁੱਤਰ ਬਿਹਾਰੀ ਲਾਲ,
7-ਏ, ਵਡਾਲੀ ਗੁਰੂ, ਛੇਹਰਟਾ ।

40. ਸ਼੍ਰੀ ਕਸ਼ਮੀਰ ਸਿੰਘ, ਪੁੱਤਰ ਦਲੀਪ ਸਿੰਘ,
ਪਿੰਡ ਕਾਲੇ ਘਨੂਪੁਰ, ਛੇਹਰਟਾ ।

41. ਸ਼੍ਰੀ ਨੱਥਾ ਸਿੰਘ, ਪੁੱਤਰ ਬਿਸ਼ਨ ਸਿੰਘ,
ਕਰਿਸ਼ਨ ਨਗਰ, ਛੇਹਰਟਾ ।

---

## ਐਮ.ਬੀ.ਬੀ.ਐਸ. ਕੋਰਸ ਦੇ ਦਾਖਲੇ ਲਈ ਕਸੌਟੀ

311. ਸ਼੍ਰੀਮਤੀ ਨਿਰਮਲਾ ਡੰਗਾ : ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ--

(ੳ) ਚਾਲੂ ਵਿਦਿਅਕ ਸਾਲ ਅਤੇ ਪਿਛਲੇ ਵਿਦਿਅਕ ਸਾਲਾਂ ਦੇ ਦੌਰਾਨ ਖਿਡਾਰੀਆਂ ਅਤੇ ਖਿਡਾਰਨਾਂ ਲਈ ਰਾਖਵੀਆਂ ਰੱਖੀਆਂ ਗਈਆਂ ਸੀਟਾਂ ਦੇ ਵਿਰੁੱਧ ਰਾਜ ਵਿਚ ਸਰਕਾਰੀ ਮੈਡੀਕਲ ਕਾਲਜਾਂ ਵਿਚ ਐਮ .ਬੀ .ਬੀ .ਐਸ . ਦੇ ਦਾਖਲੇ ਲਈ ਸਰਕਾਰ ਨੇ ਕੀ ਕਸੌਟੀ ਨਿਸ਼ਚਿਤ ਕੀਤੀ ਹੈ ;

(ਅ) ਕੀ ਭਵਿੱਖ ਦੇ ਕੋਰਸਾਂ ਲਈ ਕਿਸੇ ਨਵੀਂ ਕਸੌਟੀ ਦਾ ਪ੍ਰਸਤਾਵ ਰੱਖਿਆ ਜਾਂਦਾ ਹੈ; ਜੇਕਰ ਅਜਿਹਾ ਹੈ, ਤਾਂ ਉਸ ਦੇ ਵੇਰਵੇ ਕੀ ਹਨ ?

Original with;
Punjab Vidhan Sabha
Digitized by;
Panjab Digital Library

23. ਸ਼੍ਰੀ ਅਸਵਨੀ ਕੁਮਾਰ, ਪੁੱਤਰ ਰਾਮ ਗੋਪਾਲ,
ਭੱਲਾ ਗਲੀ, ਪਰਤਾਪ ਬਜ਼ਾਰ, ਛੇਹਰਟਾ ।

24. ਸ਼੍ਰੀ ਸੁਖਦੇਵ ਸਿੰਘ, ਪੁੱਤਰ ਗੁਰਚਰਨ ਸਿੰਘ,
ਗਲੀ ਨੰ: 1, ਸ਼੍ਰੀ ਹਰੀ ਕਿਸ਼ਨ ਨਗਰ, ਜੀ.ਟੀ. ਰੋਡ, ਛੇਹਰਟਾ ।

25. ਸਾਬਕਾ ਸੂਬੇਦਾਰ ਬ੍ਰਿਜ ਮੋਹਨ ਸ਼ਰਮਾ, ਪੁੱਤਰ ਜਗਦੀਸ ਰਾਜ ਸ਼ਰਮਾ,
ਅਜਲਤਾ ਕਲੋਨੀ, ਸੁਭਾਸ਼ ਰੋਡ, ਛੇਹਰਟਾ ।

26. ਸ਼੍ਰੀ ਦਰਸ਼ਨ ਲਾਲ, ਪੁੱਤਰ ਮਲਕ ਰਾਮ,
ਲੇਬਰ ਕਲੋਨੀ, ਸ਼ੂਗਰ ਮਿਲਜ਼, ਛੇਹਰਟਾ ।

27. ਸ਼੍ਰੀ ਸੁਰਿੰਦਰ ਕੁਮਾਰ, ਪੁੱਤਰ ਸ਼੍ਰੀ ਇੰਦਰਜੀਤ,
ਛੇਹਰਟਾ ।

28. ਸ਼੍ਰੀ ਪਵਨ ਕੁਮਾਰ, ਸਪੁੱਤਰ ਸ਼੍ਰੀ ਰਾਮ ਨਰਾਇਣ,
ਮਕਾਨ ਨੰ: 408, ਗਲੀ ਮੰਗਲਪੁਰੀ, ਘਨੂਪੁਰ, ਛੇਹਰਟਾ ।

29. ਸ਼੍ਰੀਮਤੀ ਸੱਤਰਾ ਦੇਵੀ, ਵਿਧਵਾ ਅਮਰ ਚੰਦ,
ਸਮਸ਼ੇਰ ਨਗਰ, ਛੇਹਰਟਾ ।

30. ਸ਼੍ਰੀ ਅਦੀਸ਼ ਕੁਮਾਰ, ਪੁੱਤਰ ਉਂਕਾਰ ਨਾਥ,
ਘਨੂਪੁਰ ਕਾਲੇ, ਛੇਹਰਟਾ ।

31. ਸ਼੍ਰੀਮਤੀ ਸੁਨੀਤਾ ਵੋਹਰਾ, ਪਤਨੀ ਸ਼੍ਰੀ ਅਦੀਸ਼ ਕੁਮਾਰ,
ਸਰਕਾਰੀ ਕਲੋਨੀ, ਸ਼ੂਗਰ ਮਿਲਜ਼, ਛੇਹਰਟਾ ।

32. ਸ਼੍ਰੀ ਸੁਖਦੇਵ ਰਾਜ, ਪੁੱਤਰ ਲੇਟ ਕਿਸ਼ੋਰ ਚੰਦ,
ਮਜੀਦ ਬਿਲਡਿੰਗ, ਭੱਲਾ ਕਲੋਨੀ, ਛੇਹਰਟਾ ।

33. ਓਮ ਪ੍ਰਕਾਸ਼ ਸ਼ਰਮਾ, ਪੁੱਤਰ ਹੰਸ ਰਾਜ,
ਪਿੰਡ ਕਾਲੇ ਘਨੂਪੁਰ, ਛੇਹਰਟਾ ।

34. ਸ਼੍ਰੀਮਤੀ ਸੀਤਾ ਰਾਣੀ, ਵਿਧਵਾ ਬਾਲ ਕ੍ਰਿਸ਼ਨ,
ਘਨੂਪੁਰ ਕਾਲੇ, ਛੇਹਰਟਾ ।

Original with;
Punjab Vidhan Sabha
Digitized by;
Panjab Digital Library

[ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ]

ਸੈਸ਼ਨ 1991 ਲਈ :

ਸਪੋਰਟਸਮੈਨ/ਵੂਮੈਨ ਦੀ ਰਾਖਵੀਂ ਸ਼੍ਰੇਣੀ ਲਈ ਦਾਖਲਾ ਸਪੋਰਟਸ ਵਿਭਾਗ ਪੰਜਾਬ ਵੱਲੋਂ ਕੀਤੀ ਗਈ ਗ੍ਰੇਡੇਸ਼ਨ ਦੇ ਆਧਾਰ ਤੇ ਯੋਗ ਉਮੀਦਵਾਰਾਂ ਵਿਚੋਂ ਕੀਤਾ ਜਾਵੇਗਾ ।

ਸੈਸ਼ਨ 1992 ਲਈ :

ਸਪੋਰਟਸਮੈਨ/ਵੂਮੈਨ ਦੀ ਰਾਖਵੀ ਸ਼੍ਰੇਣੀ ਲਈ ਦਾਖਲਾ ਸਪੋਰਟਸ ਵਿਭਾਗ ਪੰਜਾਬ ਵੱਲੋਂ ਪੰਜਾਬ ਸਰਕਾਰ ਸਿੱਖਿਆ ਵਿਭਾਗ ਦੇ ਪੱਤਰ ਨੰ: 47/26/83-5 ਸਿੱਖਿਆ(ਏ)-5/1'490, ਮਿਤੀ 7 ਜੂਨ, 1991/12 ਜੂਨ, 1991 ਦੀ ਅਨੁਰੂਪਤਾ ਵਿੱਚ ਜਾਰੀ ਕੀਤੇ ਗਏ ਗ੍ਰੇਡੇਸ਼ਨ ਸਰਟੀਫਿਕੇਟ ਦੇ ਆਧਾਰ ਤੇ ਕੀਤਾ ਜਾਵੇਗਾ ।

ਸੈਸ਼ਨ 1993 ਲਈ :

ਖੇਡ ਸ਼੍ਰੇਣੀ ਲਈ ਉਮੀਦਵਾਰਾਂ ਦੀ ਅਨੁਪਾਤੀ ਮੈਰਿਟ ਮੁੱਖ ਸ਼੍ਰੇਣੀਆਂ ਏ,ਬੀ,ਸੀ, ਅਤੇ ਡੀ ਵਿੱਚ ਹਰੇਕ ਉਪ ਸ਼੍ਰੇਣੀ ਦੇ ਆਧਾਰ ਤੇ ਤਹਿ ਕੀਤੀ ਜਾਵੇਗੀ ਅਤੇ ਇਸ ਮੰਤਵ ਲਈ ਸਿਰਫ 10+2 ਕੋਰਸ ਵਿੱਚ ਪ੍ਰਾਪਤੀ ਨੂੰ ਹੀ ਧਿਆਨ ਵਿੱਚ ਰੱਖਿਆ ਜਾਵੇਗਾ । ਸਾਰੇ ਸਰਟੀਫਿਕੇਟ, ਜਿਨ੍ਹਾਂ ਦੇ ਆਧਾਰ ਤੇ ਰਾਖਵਾਂਕਰਨ ਮੰਗਿਆ ਜਾ ਰਿਹਾ ਹੈ, ਪਹਿਲੀ ਵਾਰੀ ਵਿੱਚ ਹੀ ਅਰਜ਼ੀ ਫਾਰਮ ਦੇ ਨਾਲ ਨੱਥੀ ਕੀਤਾ ਜਾਣਾ ਚਾਹੀਦਾ ਹੈ । ਬਾਦ ਵਿੱਚ ਕੋਈ ਦਾਅਵਾ ਕੀਤਾ/ਸਵੀਕਾਰ ਨਹੀਂ ਕੀਤਾ ਜਾਵੇਗਾ । ਇਹ ਫੈਸਲਾ ਕਿਸੇ ਵਾਧੂ ਸਰਟੀਫਿਕੇਟ ਤੇ ਵੀ ਲਾਗੂ ਹੋਵੇਗਾ ਜੋ ਕਿ ਡਾਇਰੈਕਟਰ, ਸਪੋਰਟਸ, ਪੰਜਾਬ ਦੀਆਂ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਪ੍ਰਾਪਤੀਆਂ ਸ਼੍ਰੇਣੀਬੱਧ ਕਰਨ ਲਈ ਲੋੜੀਂਦਾ ਹੈ ।

ਪਰੰਤੂ ਇਹ ਕਸੌਟੀ ਸਾਲ 1993 ਲਈ ਅਪਣਾਈ ਨਹੀਂ ਜਾ ਸਕੀ ਕਿਉਂਕਿ ਮਾਨਯੋਗ ਹਾਈਕੋਰਟ ਵਿੱਚ ਰਿੱਟ ਪਟੀਸ਼ਨਾਂ ਦਾਇਰ ਹੋਣ ਕਾਰਨ ਅਤੇ ਹਾਈਕੋਰਟ ਦੀਆਂ ਹਦਾਇਤਾਂ ਅਨੁਸਾਰ ਦਾਖਲਾ ਸਾਲ 1992 ਲਈ ਪੇਸ਼ ਕੀਤੀ ਕਸੌਟੀ ਅਤੇ 35% ਐਂਟਰੈਂਸ ਟੈਸਟ ਵਿੱਚ ਅੰਕਾਂ ਨਾਲ ਦਾਖਲੇ ਦੀ ਆਖਰੀ ਤਾਰੀਖ 31 ਮਈ, 1994 ਤੱਕ ਸੈਸ਼ਨ 1993 ਲਈ ਵਧਾ ਕੇ ਕੀਤਾ ਗਿਆ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਬ੍ਰਹਮ ਮਹਿੰਦਰਾ :** (ੳ) ਰਾਜ ਦੇ ਸਰਕਾਰੀ ਮੈਡੀਕਲ/ਡੈਂਟਲ/ਆਯੁਰਵੈਦਿਕ ਕਾਲਜਾਂ ਵਿਚ ਐਮ .ਬੀ .ਬੀ .ਐਸ ./ਬੀ .ਡੀ .ਐਸ/ਬੀ .ਏ .ਐਮ .ਐਸ . ਦੇ ਸਪੋਰਟਸ ਸ਼੍ਰੇਣੀ ਦਾ ਦਾਖਲਾ ਸਪੋਰਟਸ ਵਿਭਾਗ ਵੱਲੋਂ ਜਾਰੀ ਕੀਤੇ ਗਏ ਗ੍ਰੇਡੇਸ਼ਨ ਸਰਟੀਫਿਕੇਟ ਦੇ ਆਧਾਰ ਤੇ ਕੀਤਾ ਜਾਂਦਾ ਹੈ । ਸਾਲ 1991 ਤੋਂ 1994 ਤੱਕ ਅਪਣਾਈ ਗਈ ਕਸੌਟੀ ਸਦਨ ਦੀ ਮੇਜ ਤੇ ਰੱਖੀ ਜਾਂਦੀ ਹੈ ।

(ਅ) ਨਹੀਂ ਜੀ । ਮਾਨਯੋਗ ਹਾਈਕੋਰਟ ਦੀਆਂ ਹਦਾਇਤਾਂ ਅਨੁਸਾਰ ਸਾਲ 1993-94 ਦੌਰਾਨ ਅਪਣਾਈ ਗਈ ਕਸੌਟੀ ਨੂੰ ਭਵਿਖ ਵਿੱਚ ਆਉਣ ਵਾਲੇ ਸੈਸ਼ਨ ਵਿੱਚ ਵੀ ਲਾਗੂ ਕੀਤਾ ਜਾਣਾ ਹੈ ।

**ਸੈਸ਼ਨ 1994 ਲਈ :**

ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਐਮ .ਬੀ .ਬੀ .ਐਸ . ਕੋਰਸ ਵਿਚ ਸਧਾਰਨ ਸ਼੍ਰੇਣੀ ਦੇ ਦਾਖਲੇ ਲਈ ਸੈਸ਼ਨ 1994 ਦੌਰਾਨ ਹੇਠ ਦਿੱਤੀ ਗਈ ਕਸੌਟੀ ਤਹਿ ਕੀਤੀ ਗਈ ਹੈ :–

ਉਮੀਦਵਾਰਾਂ ਦੇ ਮੁਕਾਬਲੇ ਦੀ ਪ੍ਰੀਖਿਆ (ਪੀ .ਐਮ .ਟੀ .) ਤੇ ਤਹਿ ਕੀਤੀ ਗਈ ਅਨੁਪਾਤੀ ਮੈਰਿਟ ਦੇ ਆਧਾਰ ਤੇ ਸਹੀ ਦਾਖਲਾ ਕੀਤਾ ਜਾਵੇਗਾ । ਰਾਖਵੀਆਂ ਸੀਟਾਂ ਦੇ ਸਬੰਧ ਵਿੱਚ ਉਮੀਦਵਾਰਾਂ ਦੀ ਅਨੁਪਾਤੀ ਮੈਰਿਟ ਹਰੇਕ ਰਾਖਵੀਂ ਸ਼੍ਰੇਣੀ ਦੇ ਅੰਦਰ ਤਹਿ ਕੀਤੀ ਜਾਵੇਗੀ । ਸਪੋਰਟਸ ਸ਼੍ਰੇਣੀ ਲਈ, ਉਮੀਦਵਾਰਾਂ ਦੀ ਅਨੁਪਾਤੀ ਮੈਰਿਟ ਮੁੱਖ ਸ਼੍ਰੇਣੀਆਂ ਏ .ਬੀ .ਸੀ. ਅਤੇ ਡੀ . ਦੇ ਅੰਦਰ ਹਰੇਕ ਉਪ-ਸ਼੍ਰੇਣੀਆਂ ਦੇ ਆਧਾਰ ਤੇ ਤਹਿ ਕੀਤੀ ਜਾਵੇਗੀ ਅਤੇ ਉਮੀਦਵਾਰਾਂ ਨੇ ਪੀ .ਐਮ .ਟੀ . ਵਿਚੋ ਘੱਟੋ ਘੱਟ 35% ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ । ਸਾਰੇ ਸਰਟੀਫਿਕੇਟ ਜਿਨ੍ਹਾਂ ਦੇ ਆਧਾਰ ਤੇ ਰਾਖਵਾਂਕਰਨ ਲਿਆ ਜਾ ਰਿਹਾ ਹੈ, ਪਹਿਲਾਂ ਹੀ ਅਰਜ਼ੀ ਦੇ ਨਾਲ ਨੱਥੀ ਕੀਤੇ ਜਾਣੇ ਚਾਹੀਦੇ ਹਨ । ਬਾਅਦ ਵਿੱਚ ਕੋਈ ਦਾਅਵਾ ਕੀਤਾ/ਸਵੀਕਾਰ ਨਹੀਂ ਕੀਤਾ ਜਾਵੇਗਾ । ਇਹ ਫੈਸਲਾ, ਕਿਸੇ ਵਾਧੂ ਸਰਟੀਫਿਕੇਟ ਤੇ ਵੀ ਲਾਗੂ ਹੋਵੇਗਾ ਜੋ ਕਿ ਡਾਇਰੈਕਟਰ ਸਪੋਰਟਸ, ਪੰਜਾਬ ਦੀਆਂ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਪ੍ਰਾਪਤੀਆਂ ਸ਼੍ਰੇਣੀਬੱਧ ਕਰਨ ਲਈ ਲੋੜੀਂਦਾ ਹੈ ।

Original with;
Punjab Vidhan Sabha
Digitized by;
Panjab Digital Library

[ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ]

ਸੈਸ਼ਨ 1991 ਲਈ :

ਸਪੋਰਟਸਮੈਨ/ਵੂਮੈਨ ਦੀ ਰਾਖਵੀਂ ਸ਼੍ਰੇਣੀ ਲਈ ਦਾਖਲਾ ਸਪੋਰਟਸ ਵਿਭਾਗ ਪੰਜਾਬ ਵੱਲੋਂ ਕੀਤੀ ਗਈ ਗ੍ਰੇਡੇਸ਼ਨ ਦੇ ਆਧਾਰ ਤੇ ਯੋਗ ਉਮੀਦਵਾਰਾਂ ਵਿਚੋਂ ਕੀਤਾ ਜਾਵੇਗਾ ।

ਸੈਸ਼ਨ 1992 ਲਈ :

ਸਪੋਰਟਸਮੈਨ/ਵੂਮੈਨ ਦੀ ਰਾਖਵੀ ਸ਼੍ਰੇਣੀ ਲਈ ਦਾਖਲਾ ਸਪੋਰਟਸ ਵਿਭਾਗ ਪੰਜਾਬ ਵੱਲੋਂ ਪੰਜਾਬ ਸਰਕਾਰ ਸਿੱਖਿਆ ਵਿਭਾਗ ਦੇ ਪੱਤਰ ਨੰ: 47/26/83-5 ਸਿੱਖਿਆ(ਏ)-5/1'490, ਮਿਤੀ 7 ਜੂਨ, 1991/12 ਜੂਨ, 1991 ਦੀ ਅਨੁਰੂਪਤਾ ਵਿਚ ਜਾਰੀ ਕੀਤੇ ਗਏ ਗ੍ਰੇਡੇਸ਼ਨ ਸਰਟੀਫਿਕੇਟ ਦੇ ਆਧਾਰ ਤੇ ਕੀਤਾ ਜਾਵੇਗਾ ।

ਸੈਸ਼ਨ 1993 ਲਈ :

